ਬੰਦਾ ਬਹਾਦਰ

ਆਪਣੇ ਹੀ ਨਾਇਬਾਂ ਦੀ ਗਦਾਰੀ ਦਾ ਸ਼ਿਕਾਰ



ਐਮ. ਐਸ. ਚਾਂਦਲਾ

ਅਨੁਵਾਦਕ: ਪਰਮਜੀਤ ਸਿੰਘ ਸ਼ਾਹੀ

1

ਬੰਦਾ ਬਹਾਦਰ

ਆਪਣੇ ਹੀ ਨਾਇਬਾਂ ਦੀ ਗਦਾਰੀ ਦਾ ਸ਼ਿਕਾਰ

2

ਬੰਦਾ ਬਹਾਦਰ

ਆਪਣੇ ਹੀ ਨਾਇਬਾਂ ਦੀ ਗਦਾਰੀ ਦਾ ਸ਼ਿਕਾਰ

ਮੂਲ ਲੇਖਕ
ਸ: ਐਮ. ਐਸ. ਚਾਂਦਲਾ

ਅਨੁਵਾਦਕ
ਪਰਮਜੀਤ ਸਿੰਘ ਸ਼ਾਹੀ

G

Sikh History / Banda Bahadur / Biography / Punjab History

Banda Bahadar

Betrayed by his lievtinents

by

S.M.S Chandla

Translated by

Parmjit Singh Shahi

125-Narotam Nagar, Khanna (Ludhiana)

Mob: 98159-48125

Third Edition : 2015
Lokgeet Parkashan
S.C.O. 26-27, Sector 34 A, Chandigarh-160022
India
Ph. +91-172-5077427, 5077428
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

© *2015*

Produced and bound in India

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.

5

ਸਮਰਪਤ

ਜ਼ੁਲਮ ਵਿਰੁਧ ਜੂਝਣ ਵਾਲੇ ਯੋਧਿਆਂ ਨੂੰ

ਅਤੇ

ਉਹਨਾਂ ਦਾ ਨਾਂ ਜਿਉਦਾਂ ਰੱਖਣ ਵਾਲਿਆਂ ਨੂੰ

ਤਤਕਰਾ

ਭੂਮਿਕਾ

ਪਿਛਲੀ ਇਕ ਸਦੀ ਤੋਂ ਵੀ ਵੱਧ ਸਮੇਂ ਤੋਂ ਬੰਦਾ ਬਹਾਦਰ ਦੀ ਪਛਾਣ ਸਬੰਧੀ ਵਿਵਾਦ ਮੁੱਕਣ ਦਾ ਨਾਂ ਹੀ ਨਹੀਂ ਲੈ ਰਿਹਾ । ਉਹ ਕੌਣ ਸੀ – ਕੀ ਉਹ ਹਿੰਦੂ ਬੈਰਾਗੀ ਸੀ ਜਿਸਨੇ ਜ਼ਾਲਮ ਮੁਗਲਾਂ ਨੂੰ ਸਬਕ ਸਿੱਖਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨਾਲ ਸਾਂਝ ਪਾ ਲਈ ਜਾਂ ਫਿਰ ਉਹ ਖਾਲਸਾ ਪੰਥ ਦਾ ਤਿਆਰ–ਬਰ–ਤਿਆਰ ਅੰਮ੍ਰਿਤਧਾਰੀ ਸਿੰਘ ਸੀ । ਕੀ ਉਹ ਇਕ ਰਾਜਪੂਤ ਸੀ ਜਾਂ ਫਿਰ ਮੋਹਿਆਲ ਬ੍ਰਾਹਮਣ ਜਾਂ ਸੋਢੀ ਖੱਤਰੀ ਜਾਂ ਕਪੂਰ ਤੇ ਜਾਂ ਫਿਰ ਦੱਖਣ ਭਾਰਤ ਦਾ ਇਕ ਮਰਾਠਾ। ਉਹ ਕਿੱਥੇ ਜੰਮਿਆ– ਰਾਜੌਰੀ ਵਿੱਚ ਜਾਂ ਫਿਰ ਪੁੰਛ ਵਿਚ ਜਾਂ ਤੱਛਲ, ਮੇਂਧਰ, ਜੌਰੇ ਕੇ ਗੱੜ, ਸਿਰਮੋਰ, ਪੰਡੋਰੀ ਜਾਂ ਪਠਾਨਕੋਟ ਵਿਚ । ਉਸ ਵੱਲੋਂ ਸਥਾਪਤ ਰਾਜ, ਜੋ ਭਾਵੇਂ ਥੋੜੇ ਸਮੇਂ ਲਈ ਹੀ ਜੀਵਤ ਰਿਹਾ, ਕੀ ਸਿੱਖ ਹਕੂਮਤ ਸੀ ਜਾਂ ਹਿੰਦੂ ਰਾਜ। ਇਸ ਵਿਵਾਦ ਨੇ ਇਕ ਨਿਵੇਕਲੀ ਦਿਸ਼ਾ ਉਦੋਂ ਅਖਤਿਆਰ ਕਰ ਲਈ ਜਦੋਂ ਵਿਨਾਇਕ ਦਮੋਦਰ ਸਾਵਰਕਰ ਨੇ ਆਪਣੀ ਪੁਰਜ਼ੋਰ ਹਿਮਾਇਤ ਇਸ ਵਿਚਾਰਧਾਰਾ ਨੂੰ ਬੱਖਸ਼ ਦਿਤੀ ਕਿ ਬੰਦਾ ਬਹਾਦਰ ਇਕ ਹਿੰਦੂ ਬੈਰਾਗੀ ਸੀ ਤੇ ਉਸਨੇ ਕੇਵਲ ਹਿੰਦੂ ਔਰਤਾਂ ਦੀ ਬੇਅਦਬੀ ਦਾ ਬਦਲਾ ਲੈਣ ਲਈ ਹੀ ਮੁਸਲਮਾਨ ਬੱਸਤੀਆਂ ਨੂੰ ਲਾਂਬੂ ਲਾਏ, ਮੁਸਲਮਾਨ ਮਰਦ ਔਰਤਾਂ ਅਤੇ ਬੱਚਿਆਂ ਨੂੰ ਨੰਗੇ ਪੈਰੀਂ ਧੁੱਪੇ ਤੋਰਿਆ ਅਤੇ ਆਖਿਰ ਨੂੰ ਸਾਰੇ ਪੰਜਾਬ ਵਿਚ ਇਕ ਹਿੰਦੂ ਰਾਜ ਦੀ ਸਥਾਪਨਾ ਦਾ ਐਲਾਨ ਕਰ ਦਿਤਾ । ਭਾਈ ਪਰਮਾਨੰਦ ਨੇ, ਜੋ ਕਿ ਖੁਦ ਇਕ ਮੋਹਿਆਲ ਬ੍ਰਾਹਮਣ ਸਨ ਅਤੇ ਭਾਈ ਮਤੀ ਦਾਸ (ਸ਼ਹੀਦ) ਦੀ ਕੁਲ ਚੋਂ ਸਨ, ਵੀਰ ਸਾਵਰਕਰ ਦੇ ਪੱਖ ਨੂੰ ਅੱਗੇ ਵਧਾਉਂਦੇ ਹੋਏ ਇਕ ਕਿਤਾਬ ਵੀਰ ਬੰਦਾ ਬੈਰਾਗੀ ਲਿਖ ਧਰੀ । ਇਸ ਕਿਤਾਬ ਵਿਚ ਉਹਨਾਂ ਨੇ ਇਸ ਵਿਚਾਰ ਨੂੰ ਜ਼ੋਰ ਨਾਲ ਪ੍ਰਚਾਰਿਆ ਕਿ ਬੰਦਾ ਬਹਾਦਰ ਅੰਮ੍ਰਿਤਧਾਰੀ ਸਿੱਖ ਨਹੀਂ ਸੀ ਸਗੋਂ ਇਕ ਹਿੰਦੂ ਬੈਰਾਗੀ ਸੀ ਅਤੇ ਉਸ ਨੇ ਮੁਗਲ ਰਾਜ ਦੇ ਵਿਰੁੱਧ ਉਠੇ ਹਿੰਦੂ ਵਿਦਰੋਹ ਦੀ ਅਗਵਾਈ ਕੀਤੀ ਤਾਂ ਜੋ ਬੇਸਹਾਰਾ ਅਤੇ ਮਜਲੂਮ ਹਿੰਦੂਆਂ ਉਤੇ ਹੁੰਦੇ ਜ਼ੁਲਮ ਦਾ ਬਦਲਾ ਲਿਆ ਜਾ ਸਕੇ। ਲਾਲਾ ਲਾਜਪਤ ਰਾਏ ਅਤੇ ਕਈ ਹੋਰ ਹਿੰਦੂ ਮਹਾਂਸਭਾਈਆਂ ਨੇ ਵੀ ਇਸ ਵਿਚਾਰ ਦਾ ਸੱਮਰਥਨ ਕੀਤਾ ਅਤੇ ਇਸ ਵਿਵਾਦ ਨੂੰ ਹੋਰ ਭਖਾਉਂਦੇਂ ਹੋਏ, ਗੁਰਬਖ਼ਸ਼ ਸਿੰਘ ਉਰਫ ਬੰਦਾ ਬਹਾਦਰ ਨੂੰ ਕੇਵਲ ਇਕ ਹਿੰਦੂ ਬੈਰਾਗੀ ਦਰਸਾਇਆ।

ਦੂਜੇ ਬੰਨੇ ਸਿੱਖ ਇਤਿਹਾਸਕਾਰਾਂ ਅਤੇ ਬੁੱਧੀਜੀਵੀਆਂ ਨੇ ਬੰਦਾ ਬਹਾਦਰ ਨੂੰ ਇਕ ਅੰਮ੍ਰਿਤਧਾਰੀ ਸਿੰਘ ਸਾਬਤ ਕਰਨ ਅਤੇ ਸਾਵਰਕਰ ਦੇ ਵਿਚਾਰਾਂ ਨੂੰ ਗਲਤ ਸਾਬਤ ਕਰਨ ਲਈ ਭਰਪੂਰ ਜ਼ੋਰ ਲਾਇਆ । ਉਹਨਾਂ ਇਹ ਵੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਬਹਾਦਰ ਨੂੰ ਆਪਣਾ ਨਾਇਬ ਥਾਪ ਕੇ

ਪੰਜਾਬ ਭੇਜਿਆ ਤਾਂ ਜੋ ਉਹ ਉਥੇ ਉਠ ਰਹੇ ਕਿਰਸਾਨੀ ਵਿਦਰੋਹ ਦੀ ਅਗਵਾਈ ਕਰੇ ਅਤੇ ਉਸਨੂੰ ਦਿਸ਼ਾ ਦੇਵੇ । ਸਿੱਖ ਸੰਗਤ ਨੂੰ ਇਹ ਯਕੀਨ ਦਿਵਾਉਣ ਲਈ ਕਿ ਬੰਦਾ ਬਹਾਦਰ ਨੂੰ ਗੁਰੂ ਸਾਹਿਬ ਨੇ ਥਾਪਿਆ ਹੈ, ਗੁਰੂ ਸਾਹਿਬ ਨੇ ਮਾਲਵੇ, ਮਾਝੇ ਅਤੇ ਦੁਆਬੇ ਦੀ ਸੰਗਤ ਨੂੰ ਹੁਕਮਨਾਮੇ ਭੇਜ ਕੇ ਆਗਿਆ ਕੀਤੀ ਕਿ ਉਹ ਬੰਦੇ ਦਾ ਹੁਕਮ ਉਵੇਂ ਹੀ ਮੰਨਣ ਜਿਵੇਂ ਆਪਣੇ ਗੁਰੂ ਦਾ ਮੰਨਦੇ ਹਨ। ਪ੍ਰੰਤੂ ਇਤਿਹਾਸਕਾਰਾਂ ਅਤੇ ਬੁੱਧੀਜੀਵੀਆਂ ਦੇ ਇਹ ਸਾਰੇ ਯਤਨ ਸਾਵਰਕਰ ਦੇ ਵਿਚਾਰਾਂ ਦੁਆਰਾ ਇਸ ਮਾਮਲੇ ਤੇ ਭੱਖ ਉਠੇ ਵਿਵਾਦ ਨੂੰ ਠੰਢਾ ਕਰਨ ਵਿਚ ਨਾਕਾਮਯਾਬ ਰਹੇ । ਹਿੰਦੂ ਬੈਰਾਗੀ ਅਤੇ ਅਖਿਲ-ਭਾਰਤੀ ਬੰਦਈ ਸੰਪਰਦਾ ਅਖਵਾਉਣ ਵਾਲੀ ਇਕ ਸੰਸਥਾ ਵੀ ਬੰਦਾ ਬਹਾਦਰ ਤੇ ਆਪਣਾ ਏਕਾ ਅਧਿਕਾਰ ਜਮਾਉਣ ਦੀ ਲੜਾਈ ਦੀ ਅਗਵਾਈ ਕਰ ਰਹੇ ਹਨ । ਅਜਿਹਾ ਕਰਕੇ ਉਹਨਾਂ ਨੇ ਆਪਣੇ ਮੁਰਸ਼ਦਾਂ ਦੀ ਘਾਟ ਦੂਰ ਕਰਨ ਲਈ ਬੰਦਾ ਬਹਾਦਰ ਨੂੰ ਆਪਣੇ ਮੁਰਸ਼ਦੀ ਸੰਸਾਰ ਦਾ ਚਮਕਦਾਰ ਸਿਤਾਰਾ ਬਣਾ ਲਿਆ ਹੈ ।

ਇਹ ਵਿਵਾਦ ਇਕ ਦਿਨ ਪੈਦਾ ਹੋਣਾ ਹੀ ਸੀ ਕਿਉਂ ਜੋ ਨਾਮਨਿਹਾਦ ਤੱਤ-ਖਾਲਸਾ ਨੇ ਆਪਣੀਆਂ ਲੂੰਬੜ ਚਾਲਾਂ ਨਾਲ ਅਣਜਾਣੇ ਹੀ ਇਸਦੇ ਬੀਜ ਬੀਜੇ ਸਨ ਅਤੇ ਕੁਦਰਤ ਦਾ ਨਿਯਮ ਹੈ ਜੋ ਬੀਜਿਆ ਹੈ ਉਹ ਸਮਾਂ ਪਾ ਕੇ ਪੁੰਗਰੇਗਾ। ਲਗਭਗ ਦੋ ਸਦੀਆਂ ਤੀਕਰ ਤੱਤ ਖਾਲਸਾ ਬੰਦਾ ਬਹਾਦਰ ਨੂੰ ਸ਼ਹੀਦਾਂ ਦੇ ਬੁਲੰਦ ਸੰਸਾਰ ਵਿਚ ਉਸਦਾ ਬਣਦਾ ਸਤਿਕਾਰਤ ਸਥਾਨ ਦੇਣ ਤੋਂ ਨਾ ਕੇਵਲ ਇਨਕਾਰੀ ਹੀ ਰਿਹਾ ਸਗੋਂ ਉਹਨਾਂ ਬੰਦੇ ਨੂੰ ਗੁੰਮਨਾਮੀ ਦੀ ਹਨੇਰੀ ਕੋਠੜੀ ਵਿਚ ਵੀ ਸੁੱਟ ਦਿਤਾ। ਸੋ ਅਜਿਹੀ ਹਾਲਤ ਵਿਚ ਕਿਸੇ ਨਾ ਕਿਸੇ ਨੇ ਤਾਂ ਬੰਦੇ ਤੇ ਆਪਣਾ ਹੱਕ ਜਤਾਉਣਾ ਹੀ ਸੀ। ਤੱਤ ਖਾਲਸਾ ਅਤੇ ਇਸਦੇ ਭਾੜੇ ਦੇ ਟੱਟੂ ਬੰਦਾ ਬਹਾਦਰ ਦੇ ਵਿਰੁੱਧ ਭੰਡੀ ਪ੍ਰਚਾਰ ਕਰਕੇ ਰਾਖ਼ਸ਼ੀ ਖ਼ੁਸ਼ੀ ਮਹਿਸੂਸ ਕਰਦੇ ਸਨ।ਇਹਨਾਂ ਬੰਦਾ ਬਹਾਦਰ ਦੀ, ਜੋ ਕਿ ਦੁਨੀਆਂ ਦੇ ਮੰਨੇ ਪ੍ਰਮੰਨੇ ਯੋਧਿਆਂ ਦੀ ਕਤਾਰ ਵਿਚ ਖੜਨ ਦਾ ਹੱਕ ਰਖਦਾ ਹੈ, ਲਾਸਾਨੀ ਕੁਰਬਾਨੀ ਨੂੰ ਨਕਾਰਦੇ ਹੋਏ ਉਸਨੂੰ ਕੇਵਲ ਗੁਰੂ ਦਾ ਗੁਲਾਮ ਅਤੇ ਅਜਿਹਾ ਸਿੱਖ ਜੋ ਅੰਮ੍ਰਿਤਧਾਰੀ ਨਹੀਂ ਸੀ, ਪ੍ਰਚਾਰਿਆ। ਅਜਿਹੀ ਸਥਿਤੀ ਵਿਚ ਉਹਨਾਂ ਲੋਕਾਂ ਨੇ ਜੋ ਉਸਦੀ ਕੁਰਬਾਨੀ ਦਾ ਮੁਲ ਪਾਉਂਦੇ ਸਨ ਉਸਨੂੰ ਅਪਣਾਇਆ ਤੇ ਆਪਣਾ ਆਖ ਉਸਦੀ ਵੱਡਿਆਈ ਕੀਤੀ ।

ਬੱਹਰ ਹਾਲ ਇਸ ਭੱਖਵੇਂ ਵਿਵਾਦ ਦੇ ਚੱਲਦੇ ਉਸ ਜਿਉਂਦੇ ਜਾਗਦੇ ਤੇ ਚੱਲਦੇ ਫਿਰਦੇ ਬੰਦੇ, ਬੰਦਾ ਬਹਾਦਰ ਦੇ ਅਸਲੀ ਜੀਵਨ ਨੂੰ ਭਾਲਣ ਲਈ ਕੋਈ ਠੋਸ ਅਤੇ ਲੱਕ ਬੱਝਵੇਂ ਉਪਰਾਲੇ ਨਹੀਂ ਕੀਤੇ ਗਏ। ਦੁਖਦਾਈ ਪਹਿਲੂ ਇਹ ਹੈ ਕਿ ਅਸੀਂ ਬੰਦਾ ਬਹਾਦਰ ਦੇ ਜੀਵਨ ਦੇ ਪਹਿਲੇ ਚਾਲੀ ਸਾਲਾਂ ਬਾਰੇ-ਕਿ ਉਹ ਕਿਸ ਸਥਾਨ ਤੇ ਕਿਸ ਕੁਨਬੇ ਵਿਚ ਜੰਮਿਆ, ਕਿਵੇਂ ਮੁਢਲੀ ਜ਼ਿੰਦਗੀ ਗੁਜ਼ਾਰੀ-ਕੁੱਝ ਨਹੀਂ ਜਾਣਦੇ। ਚਾਲੀ ਸਾਲਾਂ ਦੇ ਲੰਬੇ ਵਕਫੇ ਵਿਚ ਉਸਨੇ ਕਿਹੜੇ-ਕਿਹੜੇ ਤਣ-ਪੱਤਣ ਗਾਹੇ,ਕਿਹੜੇ ਨਦੀ-ਨਾਲੇ, ਪਹਾੜ-ਥਲ ਗਾਹੇ, ਕੀ ਖ਼ੁਸ਼ੀਆਂ-ਗਮੀਆਂ ਭੋਗੀਆਂ, ਅਸੀਂ ਕੁਝ ਨਹੀਂ ਜਾਣਦੇ। ਇਹਨਾਂ ਸਾਰੇ ਤੱਥਾਂ ਨੂੰ ਜਾਣ ਕੇ ਹੀ ਉਸਦੇ ਅਸਲੀ ਕਿਰਦਾਰ, ਉਸਦੀ ਸ਼ਖਸੀਅਤ ਨੂੰ ਜਾਣ ਸਕਦੇ ਹਾਂ। ਤਦ ਹੀ ਸਾਨੂੰ ਪਤਾ ਲਗ ਸਕਦਾ ਹੈ ਕਿ ਕਿਹੜੇ

ਕਾਰਨਾਂ ਨੇ ਉਸਨੂੰ ਬੁਲੰਦੀ ਤੇ ਪਹੁੰਚਾਇਆ ਅਤੇ ਫਿਰ ਮਿੱਟੀ ਵਿਚ ਰੋਲ ਦਿਤਾ।

ਇਸ ਕਿਤਾਬ ਵਿਚ ਯਤਨ ਕੀਤਾ ਗਿਆ ਹੈ ਕਿ ਬੰਦੇ ਬਹਾਦਰ ਦੇ ਜੀਵਨ ਅਤੇ ਸ਼ਖਸੀਅਤ ਦੀ ਨਿਕਾਸ਼ੀ ਇਮਾਨਦਾਰਾਨਾ ਢੰਗ ਨਾਲ ਕੀਤੀ ਜਾਵੇ ਤਾਂ ਕਿ ਉਸਤੋਂ ਉਭਰਨ ਵਾਲੀ ਤਸਵੀਰ ਚ ਨਿਰੋਲ ਸਚਾਈ ਹੋਵੇ ਅਤੇ ਉਸਦੀ ਜ਼ਿੰਦਗੀ ਦਾ ਹਰ ਪਹਿਲੂ, ਹਰ ਰੰਗ ਖੁਲ ਕੇ ਨਜ਼ਰ ਆਵੇ । ਉਸਦੇ ਕੰਮਾਂ ਦੀ ਬਣਦੀ ਪ੍ਰਸੰਸਾ ਅਤੇ ਅਲੋਚਨਾ ਵੀ ਹੋਵੇ ਪਰ ਕਿਸੇ ਇਕ ਪੱਖ ਵੱਲ ਗੈਰਜ਼ਰੂਰੀ ਉਲਾਰ ਤੋਂ ਬਚਿਆ ਵੀ ਜਾਵੇ। ਬੰਦਾ ਵੀ ਆਖਰ ਇਕ ਮਨੁੱਖ ਸੀ ਅਤੇ ਆਮ ਮਨੁੱਖਾਂ ਵਾਲੀਆਂ ਕੁੱਝ ਕਮਜ਼ੋਰੀਆਂ ਉਸ ਵਿਚ ਵੀ ਹੋ ਸਕਦੀਆਂ ਹਨ । ਪਰ ਫਿਰ ਵੀ ਪ੍ਰਮਾਤਮਾ ਨੇ ਉਸਨੂੰ ਦਿਲ ਅਤੇ ਦਿਮਾਗ ਦੀਆਂ ਕੁਝ ਅਜਿਹੀਆਂ ਖ਼ੂਬੀਆਂ ਬਖਸ਼ੀਆਂ ਸਨ ਜਿਹੜੀਆਂ ਉਸਨੂੰ ਦੁਨੀਆਂ ਦੇ ਮਹਾਨ ਮਨੁੱਖਾਂ ਵਿਚ ਸ਼ਾਮਿਲ ਕਰਦੀਆਂ ਹਨ। ਇੰਜ ਮਹਿਸੂਸ ਹੁੰਦਾ ਹੈ ਕਿ ਉਸ ਦੀ ਜ਼ਿੰਦਗੀ ਦਾ ਮੱਕਸਦ ਇਸ ਰਾਜਸਥਾਨੀ ਦੋਹੇ ਅਨੁਸਾਰ ਸੀ:

ਐਸੜੋ ਲਿਖੋ ਲੇਖ ਜਾਂ ਅਜਬ ਕਰਮ ਕਮਾਵੋ ਭਾਈ ਰੇ
ਪਾਛੜੋ ਲੋਕ ਗਾਵੇਂ ਥਾਰੇ ਗੀਤ ਅੱਮਰਪਦ ਪਾਵੋ ਭਾਈ ਰੇ ।

ਭਾਵ ਜੇਕਰ ਤੂੰ ਚਾਹੁੰਦਾ ਕਿ ਇਸ ਫਾਨੀ ਸੰਸਾਰ ਤੋਂ ਚਲੇ ਜਾਣ ਉਪਰੰਤ ਲੋਕੀ ਤੈਨੂੰ ਜਲਦੀ ਨਾ ਭੁਲਣ ਤਾਂ ਅਜਿਹੇ ਕਰਮ ਕਰ ਜਿਹਨਾਂ ਬਾਰੇ ਕੁੱਝ ਲਿਖਿਆ ਜਾ ਸਕੇ ਜਾਂ ਫਿਰ ਅਜਿਹੇ ਕਰਮਾਂ ਬਾਰੇ ਲਿਖ ਤਾਂ ਜੋ ਲੋਕ ਉਹਨਾਂ ਨੂੰ ਪੜਨ ਤੇ ਯਾਦ ਕਰਨ।

ਬੰਦਾ ਬਹਾਦਰ ਦੀ ਇਹ ਜੀਵਨੀ ਨਾ ਤਾਂ ਸੰਪੂਰਨ ਅਤੇ ਨਾ ਹੀ ਅੰਤਮ ਤੇ ਨਿਰਣਾਂਤਮਕ ਹੋਣ ਦਾ ਕੋਈ ਦਾਅਵਾ ਕਰਨ ਦੀ ਗੁਸਤਾਖੀ ਕਰਦੀ ਹੈ ਸਗੋਂ ਇਹ ਤਾਂ ਉਸਦੇ ਜੀਵਨ ਦੇ ਅਜਿਹੇ ਪਹਿਲੂਆਂ ਤੇ ਰੋਸ਼ਨੀ ਪਾਉਣ ਦਾ ਇਕ ਨਿਮਾਣਾ ਜਿਹਾ ਯਤਨ ਹੈ ਜਿਹਨਾਂ ਬਾਰੇ ਬਹੁਤਾ ਲਿਖਿਆ ਨਹੀਂ ਗਿਆ ਜਾਂ ਜਿਹਨਾਂ ਨੂੰ ਇਤਿਹਾਸ ਅਤੇ ਉਸਦੀਆਂ ਜੀਵਨੀਆਂ ਵਿਚ ਛੂਹਿਆ ਹੀ ਨਹੀਂ ਗਿਆ । ਇਤਿਹਾਸ ਦੀਆਂ ਬਹੁਤੀਆਂ ਲਿਖਤਾਂ ਵਿਚ ਉਸਦੇ ਜੀਵਨ ਦੇ ਪਹਿਲੇ ਚਾਲੀ ਸਾਲਾਂ ਨੂੰ ਚੰਦ ਸਫਿਆਂ ਵਿਚ ਹੀ ਨਿਬੇੜ ਦਿਤਾ ਗਿਆ ਅਤੇ ਉਸਦੇ ਜੀਵਨ ਨੂੰ ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤ ਹੋਣ ਉਪਰੰਤ ਦੇ ਸਮੇਂ ਵਿਚ ਹੀ ਵਾਚਿਆ ਗਿਆ । ਇਸ ਲਈ ਹੀ ਅਜੋਕੀ ਪੁਸਤਕ ਵਿਚ ਬੰਦਾ ਬਹਾਦਰ ਦੇ ਜੀਵਨ ਨਾਲ ਸਬੰਧਤ ਹੇਠਾਂ ਲਿਖੇ ਵਿਸ਼ਿਆਂ ਬਾਰੇ ਵਿਸਥਾਰ ਪੂਰਵਕ ਵਿਚਾਰ ਚਰਚਾ ਕੀਤੀ ਗਈ ਹੈ।

1. ਮਾਧੋ ਦਾਸ ਬੈਰਾਗੀ ਕੌਣ ਸੀ, ਉਹ ਕਿਥੇ ਜੰਮਿਆ, ਉਸਦੇ ਪੁਰਖੇ ਕੌਣ ਸਨ ਅਤੇ ਉਸਨੇ ਆਪਣਾ ਮੁਢਲਾ ਜੀਵਨ ਕਿਵੇਂ ਗੁਜ਼ਾਰਿਆ ।

2. ਉਹ ਕਿਹੜੇ ਖਾਸ ਹਾਲਾਤ ਸਨ ਜਿਹੜੇ ਉਸਨੂੰ ਪਹਿਲਾਂ ਨਾਸਿਕ ਅਤੇ ਫਿਰ ਨਾਦੇੜ ਲੈ ਗਏ ।

3. ਮਾਧੋਦਾਸ ਦੀ ਸ਼ਖਸੀਅਤ ਵਿਚ ਉਹ ਕਿਹੜੀਆਂ ਵਿਲੱਖਣ ਅਤੇ ਕਰਿਸ਼ਮਈ ਖ਼ੂਬੀਆਂ ਸਨ ਜਿਨ੍ਹਾਂ ਨੇ ਗੁਰੂ ਜੀ ਨੂੰ ਅਜਿਹਾ ਪ੍ਰਭਾਵਿਤ ਕੀਤਾ ਕਿ ਨਾ ਸਿਰਫ ਉਹਨਾਂ

ਨੇ ਬੰਦੇ ਨੂੰ ਖਾਲਸਾ ਪੰਥ ਵਿਚ ਹੀ ਸ਼ਾਮਿਲ ਕੀਤਾ ਸਗੋਂ ਉਸਨੂੰ ਇਸ ਦੀ ਅਗਵਾਈ ਵੀ ਸੌਂਪ ਦਿੱਤੀ ।

4. ਗੁਰੂ ਜੀ ਦਾ ਬੰਦੇ ਨੂੰ ਅਸਲੀ ਫਰਮਾਨ ਕੀ ਸੀ - ਮੁਗਲਾ ਵੱਲੋਂ ਕੀਤੇ ਜ਼ੁਲਮਾਂ ਦਾ ਬਦਲਾ ਲੈਣਾ (ਜਿਵੇਂ ਕਿ ਵੀਰ ਸਾਵਰਕਰ ਅਤੇ ਭਾਈ ਪਰਮਾਨੰਦ ਨੇ ਜ਼ੋਰ ਸ਼ੋਰ ਨਾਲ ਪ੍ਰਚਾਰਿਆ ਹੈ) ਜਾਂ ਫਿਰ ਪੰਜਾਬ ਵਿਚ ਉਭਰ ਰਹੇ ਕਿਰਸਾਨੀ ਵਿਦਰੋਹ ਨੂੰ ਦਿਸ਼ਾ ਅਤੇ ਅਗਵਾਈ ਦੇਣੀ ।

5. ਕਿਉਂ ਬਾਬਾ ਬਿਨੋਦ ਸਿੰਘ ਅਤੇ ਉਸਦੇ ਪੁੱਤਰ ਬਾਬਾ ਕਾਹਨ ਸਿੰਘ ਨੇ ਬੰਦਾ ਬਹਾਦਰ ਨਾਲ ਗਦਾਰੀ ਕੀਤੀ? ਕਿਉਂ ਖਾਲਸਾ, ਤੱਤ ਖਾਲਸਾ ਅਤੇ ਬੰਦਈ ਖਾਲਸਾ ਵਿਚ ਵੰਡਿਆ ਗਿਆ ?

6. ਬੰਦੇ ਦੀ ਸਿੱਠ ਧਰਮ ਅਤੇ ਸਿੱਖ ਸੋਚ ਨੂੰ ਸਭ ਤੋਂ ਵੱਡੀ ਦੇਣ ਕੀ ਸੀ ।

ਬੰਦਾ ਬਹਾਦਰ ਦੇ ਸਮੇਂ ਅਤੇ ਜੀਵਨ ਦੇ ਇਹਨਾਂ ਪੱਖਾਂ ਪ੍ਰਤੀ, ਜਿਥੋਂ ਤੱਕ ਸੰਭਵ ਹੋਵੇ, ਤਰਕਸ਼ੀਲ ਅਤੇ ਪ੍ਰਮਾਣਿਕ ਪਹੁੰਚ ਅਪਨਾਉਣ ਹਿੱਤ ਪ੍ਰਾਪਤ ਸਾਰੇ ਹਵਾਲਿਆਂ, ਪ੍ਰਮਾਣਾਂ ਅਤੇ ਟੁਕੜਿਆਂ ਵਿਚ ਮਿਲਦੀਆਂ ਗਵਾਹੀਆਂ ਦੀ ਪੂਰੀ ਮੁਸਤੇਦੀ ਨਾਲ ਘੋਖ ਅਤੇ ਪੁਣ-ਛਾਣ ਕੀਤੀ ਗਈ ਹੈ। ਅਜਿਹਾ ਕਰਦੇ ਸਮੇਂ ਪੂਰਵ ਨਿਰਧਾਰਤ ਧਾਰਨਾਵਾਂ ਤੋਂ ਵੀ ਆਪਣੀ ਸੋਚ ਨੂੰ ਸਾਫ ਰੱਖਿਆ ਗਿਆ ਹੈ। ਪਰ ਇਥੇ ਇਹ ਗੱਲ ਵੀ ਅੱਖੋਂ ਪਰੋਖੇ ਨਹੀਂ ਕੀਤੀ ਜਾ ਸਕਦੀ ਕਿ ਸਤਾਰਵੀਂ ਅਤੇ ਅਠਾਰਵੀਂ ਸਦੀ ਵਿਚ ਵਾਪਰੀਆਂ ਇਹਨਾਂ ਘਟਨਾਵਾਂ ਦਾ ਇਕ ਨਿਸ਼ਚਿਤ ਅਤੇ ਅੰਤਿਮ ਵੇਰਵਾ ਨਹੀਂ ਦਿਤਾ ਜਾ ਸਕਦਾ ਕਿਉਂਕਿ ਸਮਾਜ ਦੇ ਕਿਸੇ ਵੀ ਵਰਗ ਵੱਲੋਂ ਉਸ ਸਮੇਂ ਦੇ ਇਤਿਹਾਸ ਨੂੰ ਪ੍ਰਮਾਣਿਕ ਰੂਪ ਵਿਚ ਲਿਖ ਕੇ ਸੰਭਾਲਿਆ ਨਹੀਂ ਗਿਆ। ਸ਼੍ਰੀ ਐਨ.ਵੀ. ਗਾਡਗਿਲ ਜੋ ਪੰਜਾਬ ਦੇ ਗਵਰਨਰ ਰਹਿ ਚੁੱਕੇ ਹਨ ਲਿਖਦੇ ਹਨ "ਅਜੋਕੇ ਸਮੇਂ ਵਿਚ ਵੀ, ਜਦੋਂ ਕਿ ਸਰੋਤ ਬਹੁ ਗਿਣਤੀ ਵਿਚ ਅਤੇ ਆਮ ਉਪਲੱਬਧ ਹਨ, ਚਲੰਤ ਘਟਨਾਵਾਂ ਦੇ ਸਬੰਧ ਵਿਚ ਕੋਈ ਇਹ ਨਹੀਂ ਕਹਿ ਸਕਦਾ ਕਿ ਉਸਦੀ ਜਾਣਕਾਰੀ ਸਹੀ ਅਤੇ ਸੰਪੂਰਨ ਹੈ । ਸੋ ਕਰੀਬ ਦੋ ਸੌ ਸਾਲ ਪਹਿਲਾਂ ਵਾਪਰੀਆਂ ਘਟਨਾਵਾਂ ਬਾਰੇ ਸਹੀ ਜਾਣਕਾਰੀ ਮਿਲਣਾ, ਜਦੋਂ ਕਿ ਅਖਬਾਰ ਅਤੇ ਛਾਪਾਖਾਨਾ ਮੌਜੂਦ ਨਹੀਂ ਸੀ, ਬਹੁਤ ਮੁਸ਼ਕਲ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸਤਾਰਵੀਂ ਅਤੇ ਅਠਾਰਵੀਂ ਸਦੀ ਦਾ ਕੋਈ ਵੀ ਰਾਜ ਪ੍ਰਬੰਧ ਰਿਕਾਰਡ ਨੂੰ ਤਰਤੀਬ ਬੱਧ ਤਰੀਕੇ ਨਾਲ ਸਾਂਭਣ ਵੱਲ ਕੋਈ ਧਿਆਨ ਨਹੀਂ ਦਿੰਦਾ ਸੀ - ਚਲੰਤ ਅਤੇ ਭੂਤਕਾਲ ਦੀਆਂ ਘਟਨਾਵਾਂ ਬਾਰੇ ਲਿਖਣ ਲਈ ਉਤਸ਼ਾਹਿਤ ਕਰਨ ਦਾ ਤਾਂ ਸਵਾਲ ਹੀ ਨਹੀਂ ਪੈਦਾ ਹੁੰਦਾ ਸੀ।" ਇਥੇ ਇਹ ਗੱਲ ਵੀ ਦ੍ਰਿਸ਼ਟੀ ਗੋਚਰੇ ਕਰਨ ਵਾਲੀ ਹੈ ਕਿ ਜਨਮਸਾਖੀ (ਖਰੜਾ ਨੰਬਰ ਬੀ-40) ਲਿਖਣ ਵਾਲਾ ਦਿਆ ਰਾਮ ਅਬਰੋਲ, ਜਿਸਨੇ ਇਹ ਲਿਖਤ ਸੰਨ 1733 ਵਿਚ ਮੁਕੰਮਲ ਕੀਤੀ, ਜਦੋਂ ਕਿ ਬੰਦੇ ਦੀ ਸ਼ਹਾਦਤ ਨੂੰ ਕੇਵਲ 17 ਸਾਲ ਹੀ ਹੋਏ ਸਨ, ਬੰਦਾ ਬਹਾਦਰ ਬਾਰੇ ਜਾਂ ਉਸ ਸਮੇਂ ਦੇ ਪੰਜਾਬ ਦੇ ਗੜਬੜੀ ਦੇ ਹਾਲਾਤ ਬਾਰੇ ਇਕ ਸ਼ਬਦ ਵੀ ਨਹੀਂ ਲਿਖਦਾ।

ਇਹ ਇਕ ਹੈਰਾਨੀਜਨਕ ਅਤੇ ਅਫਸੋਸਨਾਕ ਪਹਿਲੂ ਹੈ ਕਿ ਮਨ ਦੀ ਮੌਜ

ਲਈ ਘੱੜੀਆਂ ਕਲਪਤ ਕਥਾਵਾਂ ਸਮਾਂ ਪਾ ਕੇ ਇਤਿਹਾਸ ਦਾ ਰੂਪ ਧਾਰਨ ਕਰ ਲੈਂਦੀਆਂ ਹਨ ਅਤੇ ਸ਼ੋਸ਼ੇ ਪਵਿੱਤਰਤਾ ਦਾ। ਇਤਿਹਾਸ ਅਜਿਹੀਆਂ ਗੱਲਾਂ ਨਾਲ ਭਰਿਆ ਪਿਆ ਹੈ ਅਤੇ ਇਹਨਾਂ ਨੂੰ ਬੇਸ਼ੁਮਾਰ ਵਾਰ ਇਤਿਹਾਸਕ ਹਵਾਲੇ ਦੇ ਤੌਰ ਤੇ ਵਰਤਿਆ ਵੀ ਜਾਂਦਾ ਹੈ । ਸੋ ਪਾਠਕਾਂ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ ਜੇਕਰ ਇਥੇ ਪੜਚੋਲ ਕੇ ਦਿਤਾ ਬਿਰਤਾਂਤ ਕੁਝ ਪ੍ਰਚੱਲਤ ਦੰਦ ਕਥਾਵਾਂ, ਧਾਰਨਾਵਾਂ ਅਤੇ ਘਟਨਾਵਾਂ ਦੇ, ਜੋ ਕਿ ਇਤਿਹਾਸ ਦਾ ਰੂਪ ਧਾਰ ਚੁੱਕੀਆਂ ਹਨ, ਪੱਰਖਚੇ ਉਡਾ ਦੇਵੇ।

ਅੰਤ ਵਿਚ ਬੰਦਾ ਬਹਾਦਰ ਦੇ ਇਸ ਜੀਵਨ ਬਿਰਤਾਂਤ ਵਿਚ ਉਸਨੂੰ ਹਿੰਦੂ ਬੈਰਾਗੀ ਜਾਂ ਅੰਮ੍ਰਿਤਧਾਰੀ ਸਿੰਘ ਹੋਣ ਦੀ ਸਕੀਰਣ ਦ੍ਰਿਸ਼ਟੀ ਤੋਂ ਨਹੀਂ ਵੇਖਿਆ ਗਿਆ। ਬੰਦਾ ਅਜਿਹੇ ਉਚੇ ਧਰਾਤਲ ਤੇ ਬਿਰਾਜਮਾਨ ਹੈ ਜਿਥੇ ਅਜਿਹੀਆਂ ਧਾਰਨਾਵਾਂ ਨਿਗਣੀਆਂ ਹੋ ਜਾਂਦੀਆਂ ਹਨ। ਚੜ੍ਹਦੀ ਜਵਾਨੀ ਦੇ ਦਿਨਾਂ ਤੋਂ ਹੀ ਉਸਦੀ ਤੀਬਰ ਲਾਲਸਾ, (ਭਾਵੇਂ ਉਹ ਕਿਥੇ ਵੀ ਅਤੇ ਕਿਵੇਂ ਵੀ ਰਿਹਾ) ਮਹਾਰਾਣਾ ਪ੍ਰਤਾਪ ਜਾਂ ਦੁਰਗਾਦਾਸ ਵਰਗਾ ਜੀਵਨ ਜਿਉਣ ਅਤੇ ਅਜਿਹੀ ਭਿਅੰਕਰ ਮੌਤ ਮਰਨ ਦੀ ਸੀ ਜਿਸ ਦੀਆਂ ਕਿ ਆਉਣ ਵਾਲੀਆਂ ਨਸਲਾਂ ਵਾਰਾਂ ਗਾਉਣ ਅਤੇ ਉਹ ਆਪਣੇ ਦੇਸ਼ ਵਾਸੀਆਂ ਦੇ ਮਨਾਂ ਵਿਚ ਅਮਰ ਹੋ ਜਾਵੇ। ਆਪਣੇ ਜੀਵਨ ਦੇ ਸ਼ੁਰੂ ਤੋਂ ਹੀ ਬਹੁਤ ਦੁਖ ਤਕਲੀਫਾਂ ਦਾ ਸਾਹਮਣਾ ਕਰਨ ਕਰਕੇ ਉਹ ਆਪਣੇ ਬਾਅਦ ਦੇ ਜੀਵਨ ਵਿਚ ਸਰੀਰਕ ਦੁਖਾਂ ਅਤੇ ਮਾਨਸਿਕ ਕਸ਼ਟਾਂ ਤੋਂ ਉਪਰ ਉਠ ਗਿਆ ਸੀ। ਇਸੇ ਗੁਣ ਕਾਰਨ ਉਹ ਆਪਣੀ ਜ਼ਿੰਦਗੀ ਦੇ ਖੁਦ ਵੱਲੋਂ ਹੀ ਨਿਰਧਾਰਤ ਮਿਸ਼ਨ ਦੀ ਪ੍ਰਾਪਤੀ ਕਰਨ ਵਿਚ ਕਾਮਯਾਬ ਵੀ ਰਿਹਾ। ਸਾਰੇ ਉਪਲੱਬਧ ਸਬੂਤਾਂ ਤੋਂ ਇਹੀ ਪ੍ਰਤੀਤ ਹੁੰਦਾ ਹੈ ਕਿ ਬੰਦਾ ਕੋਈ ਬਹੁਤਾ ਧਾਰਮਿਕ ਇਨਸਾਨ ਨਹੀਂ ਸੀ ਪਰ ਉਸਦੀ ਪ੍ਰਭਤਾ ਇਕ ਉਚ ਦਰਜੇ ਦੇ ਤਾਂਤਰਿਕ ਦੀ ਸੀ। ਅਧਿਆਤਮਕਵਾਦ ਵਿਚ ਉਸਦੀ ਰੁਚੀ ਪੇਤਲੀ ਹੀ ਸੀ । ਉਹ ਤਾਂ ਸਗੋਂ ਇਤਿਹਾਸ-ਘਾੜਾ ਬਣਨਾ ਚਾਹੁੰਦਾ ਸੀ। ਉਹ ਇਕ ਚਟਾਨੀ ਇਰਾਦੇ ਵਾਲਾ ਸੱਚਾ ਸਮਾਜਵਾਦੀ ਸੀ। ਉਸ ਦੀ ਡੂੰਘੀ ਹਮਦਰਦੀ ਉਹਨਾਂ ਮਿਹਨਤਕਸ਼ ਮਜ਼ਦੂਰ ਜਮਾਤਾਂ ਨਾਲ ਸੀ ਜਿਹਨਾਂ ਨੂੰ ਸਮਾਜ ਦੇ ਉਚ ਸ਼੍ਰੇਣੀ ਲੋਕਾਂ ਵੱਲੋਂ ਯੋਜਨਾਬੱਧ ਤਰੀਕੇ ਨਾਲ ਲੁੱਟਿਆ ਜਾਂਦਾ ਸੀ। ਅਜਿਹੇ ਲੋਕਾਂ ਦੇ ਦੁੱਖ ਹਰਨ ਲਈ ਅਤੇ ਉਹਨਾਂ ਵਿਚ ਸਵੈਮਾਣ ਅਤੇ ਗੌਰਵ ਭਰਨ ਲਈਂ ਉਸਨੇ ਭਰਪੂਰ ਯਤਨ ਕੀਤੇ ।

ਭਾਵੇਂ ਨਾਮਨਿਹਾਦ ਤੱਤ-ਖਾਲਸਾ ਵਾਲਿਆਂ ਦੀਆਂ ਕਲਹਿਣੀਆਂ ਚਾਲਾਂ ਨਾਲ ਬੰਦੇ ਦੀ ਸ਼ਖਸੀਅਤ ਗ੍ਰਹਿਣੀ ਗਈ ਸੀ ਪਰ ਗ੍ਰਹਿਣ ਸਦੀਵੀ ਨਹੀਂ ਹੁੰਦਾ। ਯਕੀਨਨ ਉਹ ਜਲਦੀ ਹੀ ਪੂਰੀ ਚਮਕ ਦਮਕ ਵਿਚ ਪ੍ਰਗਟ ਹੋ ਕੇ ਨਾ ਕੇਵਲ ਦੁਨੀਆਂ ਦੇ ਇਕ ਮਹਾਨ ਯੋਧੇ ਦੇ ਰੂਪ ਵਿਚ ਹੀ ਸਗੋਂ ਦੱਬੇ ਕੁਚਲੇ ਗਰੀਬਾਂ ਦੇ ਇਕ ਮਸੀਹੇ ਦੇ ਰੂਪ ਵਿਚ ਵੀ ਆਪਣਾ ਬਣਦਾ ਸਥਾਨ ਪ੍ਰਾਪਤ ਕਰ ਲਵੇਗਾ। ਉਸ ਦੁਆਰਾ ਦਰਸਾਏ ਮਾਰਗ ਤੇ ਚੱਲਦਿਆਂ ਹੀ ਸਮਾਜ ਦੇ ਦੱਬੇ ਕੁਚਲੇ ਇਹਨਾਂ ਲੋਕਾਂ ਨੇ ਮੁਗਲਾਂ ਤੋਂ ਰਾਜ ਸ਼ਕਤੀ ਖੋਹ ਕੇ ਇਕ ਪ੍ਰਭਾਵਸ਼ਾਲੀ ਸੱਲਤਨਤ ਕਾਇਮ ਕਰ ਲਈ ਸੀ ਭਾਵੇਂ ਕਿ ਇਹ ਬਹੁਤਾ ਲੰਬਾ ਸਮਾਂ ਕਾਇਮ ਨਾ ਰਹਿ ਸਕੀ। ਪ੍ਰੰਤੂ ਇਸ ਮਹਾਨ ਯੋਧੇ ਦੁਆਰਾ

ਇਹਨਾਂ ਲੋਕਾਂ ਦੇ ਦਿਲਾਂ ਅੰਦਰ ਜਗਾਈ ਗਈ ਆਜ਼ਾਦੀ ਅਤੇ ਸਵੈਮਾਣ ਦੀ ਅੱਗ ਨਾ ਹੀ ਸਮੇਂ ਨਾਲ ਠੰਢੀ ਹੋਈ ਅਤੇ ਨਾ ਹੀ ਹਾਲਾਤ ਦੀ ਵਿਰੋਧਤਾ ਨਾਲ। ਰਾਜ ਕਰੇਗਾ ਖਾਲਸਾ ਦਾ ਸ਼ਾਂਤੀ ਅਤੇ ਯੁੱਧ ਦੋਹਾਂ ਸਮਿਆਂ ਦਾ ਨਾਅਰਾ ਉਹਨਾਂ ਦੀ ਇਸ ਅਭਿਲਾਸ਼ਾ ਦੇ ਜਿਉਂਦੇ ਹੋਣ ਦਾ ਸਬੂਤ ਹੈ ।

ਹੁਣ ਸੂਝਵਾਨ ਪਾਠਕ ਲਈ ਪੇਸ਼ ਹਨ ਬੰਦਾ ਬਹਾਦਰ ਦੇ ਬੁਲੰਦੀ ਤੇ ਪਹੁੰਚਣ ਅਤੇ ਹੈਰਾਨਕੁਨ ਤਰੀਕੇ ਨਾਲ ਗਰਕਣ ਦੀ ਕਹਾਣੀ ਦੇ ਕੁਝ ਹੁਣ ਤੱਕ ਦੇ ਗੁਆਚੇ ਅੰਸ਼।

ਅਨੁਵਾਦਕ ਵੱਲੋਂ

ਕਿਤਾਬਾਂ ਪੜ੍ਹਨ ਦੇ ਆਪਣੇ ਸ਼ੌਕ ਦੇ ਬਾਵਜੂਦ, ਬੰਦਾ ਬਹਾਦਰ ਬਾਰੇ ਮੇਰੀ ਜਾਣਕਾਰੀ ਸਿਰਫ ਉਨੀ ਕੁ ਹੀ ਸੀ ਜਿੰਨੀ 'ਕ ਸਕੂਲ ਦੇ ਸਲੇਬਸ ਦੀਆਂ ਕਿਤਾਬਾਂ ਵਿੱਚੋਂ ਮਿਲਦੀ ਹੈ- ਹਿਰਨੀ ਦੇ ਸ਼ਿਕਾਰ ਤੋਂ ਸ਼ੁਰੂ ਹੋ ਕੇ ਚੱਪੜ ਚਿੜੀ ਦੀ ਲੜਾਈ, ਗੁਰਦਾਸ ਨੰਗਲ ਦਾ ਘੇਰਾ ਅਤੇ ਦਿੱਲੀ ਵਿੱਚ ਬੰਦਾ ਬਹਾਦਰ ਦੀ ਦਿਲ-ਕੰਬਾਊ ਸ਼ਹਾਦਤ। ਜਦੋਂ ਅੰਗਰੇਜੀ ਵਿਚ ਲਿਖੀ ਪੁਸਤਕ 'ਬੰਦਾ ਬਹਾਦਰ- ਬਿੱਟਰੇਡ ਬਾਈ ਹਿੱਜ ਓਨ ਲੈਫਟੀਨੈਟਸ' ਮੈਂ ਕਿਤਾਬਾਂ ਦੀ ਦੁਕਾਨ ਤੇ ਪਈ ਵੇਖੀ ਅਤੇ ਉਸ ਦੇ ਲੇਖਕ ਦਾ ਨਾਂ ਸ੍ਰੀ ਐਮ.ਐਸ. ਚਾਂਦਲਾ ਪੜ੍ਹਿਆ ਤਾਂ ਮੇਰੀ ਇਸ ਵਿੱਚ ਦਿਲਚਸਪੀ ਜਾਗ ਪਈ। ਜਦੋਂ ਮੈਂ ਕਿਤਾਬ ਪੜ੍ਹੀ ਤੇ ਇਸ ਤੋਂ ਬੰਦਾ ਬਹਾਦਰ ਦੀ ਜੋ ਸ਼ਖ਼ਸ਼ੀਅਤ ਮੇਰੇ ਜ਼ਿਹਨ ਵਿਚ ਉਭਰੀ ਤਾਂ ਮੈਂ ਤਾਂ ਭੁੱਚਕਾ ਹੀ ਰਹਿ ਗਿਆ ਕਿ ਸ਼ਹੀਦਾਂ ਦੀ ਵੱਡੀ ਕਤਾਰ ਵਿਚ ਚਾਨਣ ਮੁਨਾਰੇ ਵਰਗੇ ਅਜਿਹੇ ਸਿਰਲੱਥ ਯੋਧੇ ਤੇ ਮਹਾਨ ਸ਼ਹੀਦ ਬਾਰੇ ਸਾਨੂੰ ਕਿੰਨੀ ਨਿਗੂਣੀ ਜਾਣਕਾਰੀ ਹੈ।

ਕਿਤਾਬ ਪੜ੍ਹਨ ਉਪਰੰਤ ਮੈਂ ਲੇਖਕ ਨੂੰ ਮਿਲਣ ਗਿਆ ਜੋ ਕਿ ਮੇਰੀ ਤਹਿਸੀਲ ਸਮਰਾਲਾ ਦੇ ਐਸ.ਡੀ. ਐਮ. ਰਹਿ ਚੁੱਕੇ ਹਨ ਅਤੇ ਮੇਰੇ ਮੌਜੂਦਾ ਰਿਹਾਇਸ਼ ਵਾਲੇ ਸ਼ਹਿਰ ਖੰਨਾ ਵਿਚ ਉਨ੍ਹਾਂ ਦੇ ਲਾਂ ਤੇ 'ਚਾਂਦਲਾ ਮਾਰਕੀਟ' ਵੀ ਹੈ। ਇਸ ਤੋਂ ਇਲਾਵਾ ਉਹ ਮੇਰੇ ਮੈਨੇਜਿੰਗ ਡਾਇਰੈਕਟਰ ਵੀ ਰਹਿ ਚੁੱਕੇ ਹਨ। ਗੱਲ ਬਾਤ ਦੌਰਾਨ ਪਤਾ ਚੱਲਿਆ ਕਿ ਕਿਤਾਬਾਂ ਪੜ੍ਹਨਾ ਉਹਨਾਂ ਦਾ ਸ਼ੌਕ ਹੈ। ਇਤਿਹਾਸ ਦਾ ਮੁਲੰਕਣ ਕਰਦੇ ਹੋਏ। ਉਹਨਾਂ ਮਹਿਸੂਸ ਕੀਤਾ ਕਿ ਇਤਿਹਾਸਕਾਰਾਂ ਨੇ ਬੰਦਾ ਬਹਾਦਰ ਨਾਲ ਇਨਸਾਫ ਨਹੀਂ ਕੀਤਾ। ਪੰਜਾਬ ਦੇ ਇਤਿਹਾਸ ਦੇ ਅਹਿਮ ਪੜਾਅ ਤੇ ਉਸ ਵੱਲੋਂ ਪਾਏ ਯੋਗਦਾਨ ਨੂੰ ਉਸਦੀ ਕੁਰਬਾਨੀ ਅਤੇ ਅਦੁੱਤੀ ਸ਼ਹਾਦਤ ਨੂੰ ਜਾਣ ਬੁੱਝ ਕੇ ਅੱਖੋਂ ਪਰੋਖੇ ਕੀਤਾ ਗਿਆ। ਇਸ ਤੋਂ ਵੀ ਅੱਗੇ ਵਧ ਉਸ ਨੂੰ ਛੁਟਿਆਇਆ ਗਿਆ ਅਤੇ ਬਦਨਾਮ ਤੱਕ ਕੀਤਾ ਗਿਆ। ਸੋ ਚਾਂਦਲਾ ਸਾਹਿਬ ਨੇ ਬੰਦੇ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਅਤੇ ਇਤਿਹਾਸ ਵਿਚ ਉਸ ਨੂੰ ਬਣਦਾ ਸਤਿਕਾਰਤ ਥਾਂ ਦੁਆਉਣ ਲਈ ਕਲਮ ਚੁੱਕਣ ਦਾ ਫੈਸਲਾ ਕੀਤਾ। ਅੰਗਰੇਜੀ ਵਿਚ ਬੰਦਾ ਬਹਾਦਰ ਬਾਰੇ ਡੂੰਘੀ ਖੋਜ ਪੜਤਾਲ ਉਪਰੰਤ ਉਹਨਾਂ ਵੱਲੋਂ ਲਿਖੀ ਕਿਤਾਬ ਇਸੇ ਦਾ ਨਤੀਜਾ ਹੈ।

ਉਹਨਾਂ ਵੱਲੋਂ ਲਿਖੀ ਕਿਤਾਬ ਤੋਂ ਜੋ ਸ਼ਖਸ਼ੀਅਤ ਬੰਦਾ ਬਹਾਦਰ ਦੀ ਪ੍ਰਗਟ ਹੁੰਦੀ ਹੈ ਅਤੇ ਜੋ ਅਸਲੀਅਤ ਦੇ ਬਹੁਤ ਨੇੜੇ ਹੈ, ਉਸ ਤੋਂ ਇਕ ਅਜਿਹਾ ਇਨਸਾਨ ਨਜਰੀਂ ਆਉਂਦਾ ਹੈ ਜਿਹੋ ਜਿਹਾ ਨੌਵੇ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੋਰਠਿ ਰਾਗ ਵਿਚ ਉਚਾਰੇ ਹੇਠਾਂ ਦਿੱਤੇ ਸ਼ਬਦ ਵਿਚ ਚਿਤਵਿਆ ਹੈ।

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।

ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ।੧। ਰਹਾਓ।
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ।।
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ।੧।
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ।।
ਕਾਮੁ ਕ੍ਰੋਧੁ ਜਿਹ ਪਰਸੈ ਨਾਹਿਨ ਤਿਹ ਘਟ ਬ੍ਰਹਮੁ ਨਿਵਾਸਾ।੨।
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ।
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ।੩।

(ਪੰਨਾ 633)

ਚਾਂਦਲਾ ਸਾਹਿਬ ਅਤੇ ਸ਼੍ਰੀ ਮਨਮੋਹਨ ਬਾਵਾ ਜੀ ਦੀ ਦਿਲੀ ਇੱਛਾ ਸੀ ਕਿ ਅੰਗਰੇਜੀ ਵਿਚ ਲਿਖੀ ਕਿਤਾਬ ਦਾ ਪੰਜਾਬੀ ਵਿੱਚ ਅਨੁਵਾਦ ਹੋ ਕੇ ਛਾਪਿਆ ਜਾਵੇ ਤਾਂ ਜੋ ਇਕੱਲੀ ਪੰਜਾਬੀ ਜਾਣਨ ਵਾਲੇ ਪਾਠਕਾਂ ਤੱਕ ਵੀ ਬੰਦਾ ਬਹਾਦਰ ਬਾਰੇ ਸਹੀ ਜਾਣਕਾਰੀ ਪਹੁੰਚ ਸਕੇ। ਇਸ ਤਰ੍ਹਾਂ ਹੀ ਬੰਦਾ ਬਹਾਦਰ ਨੂੰ ਇਤਿਹਾਸ ਵਿਚ ਉਸ ਦਾ ਬਣਦਾ ਸਤਿਕਾਰਤ ਸਥਾਨ ਦਿਵਾਉਣ ਦਾ ਉਪਰਾਲਾ ਸਾਰਥਿਕ ਹੋ ਸਕੇਗਾ।

ਚਾਂਦਲਾ ਸਾਹਿਬ ਨੇ ਮੈਨੂੰ ਅਨੁਵਾਦ ਦੇ ਕੰਮ ਨੂੰ ਹੱਥ ਵਿਚ ਲੈਣ ਲਈ ਆਖਿਆ। ਉਹਨਾਂ ਦੀ ਰਹਿਨੁਮਾਈ, ਅਗਵਾਈ ਅਤੇ ਸਰਪ੍ਰਸਤੀ ਹੇਠਾਂ ਇਹ ਕੰਮ ਕੀਤਾ ਗਿਆ ਅਤੇ ਉਹਨਾਂ ਦੇ ਥਾਪੜੇ ਸਹਾਰੇ ਮੁਕੰਮਲ ਵੀ ਹੋ ਗਿਆ। ਪੰਜਾਬੀ ਐਡੀਸ਼ਨ ਵਿੱਚ ਲੋੜੀਂਦੇ ਵਾਧੇ ਘਾਟੇ ਵੀ ਉਹਨਾਂ ਦੀ ਸਰਪ੍ਰਸਤੀ ਹੇਠ ਹੀ ਕੀਤੇ ਗਏ ਹਨ।

ਭਰਪੂਰ ਕੋਸ਼ਿਸ਼ ਦੇ ਬਾਵਜੂਦ ਵੀ ਅਨੁਵਾਦ ਵਿਚ ਕੁਝ ਕਮੀਆਂ ਰਹਿ ਗਈਆਂ ਹੋਣਗੀਆਂ ਜਿਹਨਾਂ ਦੀ ਜ਼ਿੰਮੇਵਾਰੀ ਮੈਂ ਨਿਮਰਤਾ ਸਹਿਤ ਕਬੂਲਦਾ ਹਾਂ। ਕੇਵਲ ਪੰਜਾਬੀ ਪੜ੍ਹਨ ਵਾਲੇ ਪਾਠਕਾਂ ਤੀਕਰ ਬੰਦਾ ਬਹਾਦਰ ਦੀ ਜ਼ਿੰਦਗੀ ਦੇ ਹੁਣ ਤੱਕ ਗੁੱਝੇ ਰਹੇ ਪੱਖਾਂ ਬਾਰੇ ਜੋ ਜਾਣਕਾਰੀ ਇਸ ਕਿਤਾਬ ਰਾਹੀਂ ਪਹੁੰਚੇਗੀ ਉਸ ਲਈ ਉਹਨਾਂ ਨੂੰ ਸ੍ਰੀ ਮਨੋਹਰ ਸਿੰਘ ਚਾਂਦਲਾ ਜੀ ਦੇ ਧੰਨਵਾਦੀ ਹੋਣਾ ਚਾਹੀਦਾ ਹੈ।

ਅਨੁਵਾਦ ਦੇ ਕੰਮ ਵਿਚ ਮਿਲੀ ਜਹਿਨੁਮਾਈ, ਅਗਵਾਈ, ਸਰਪ੍ਰਸਤੀ ਅਤੇ ਥਾਪੜੇ ਲਈ ਮੈਂ ਚਾਂਦਲਾ ਸਾਹਿਬ ਦਾ ਸ਼ੁਕਰਗੁਜ਼ਾਰ ਹਾਂ ਅਤੇ ਅਨੁਵਾਦ ਦੇ ਕੰਮ ਦਾ ਮੈਨੂੰ ਪਹਿਲਾ ਤਜਰਬਾ ਕਰਨ ਦਾ ਮੌਕਾ ਦੇਣ ਲਈ ਉਹਨਾਂ ਦਾ ਰਿਣੀ ਹਾਂ।

ਸ੍ਰੀ ਸੁਖਦੇਵ ਮਾਦਪੁਰੀ ਜੀ ਵੱਲੋਂ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢਕੇ ਪੜ੍ਹਨ, ਸੋਧਣ, ਸ਼ਬਦ ਜੋੜਾਂ ਦੀ ਗਲਤੀਆਂ ਠੀਕ ਕਰਨ ਅਤੇ ਸੁਝਾਵਾਂ ਲਈ ਮੈਂ ਬਹੁਤ ਧੰਨਵਾਦੀ ਹਾਂ।

ਸ੍ਰੀ ਅਵਤਾਰ ਸਿੰਘ ਸੈਣੀ, ਮੇਰੇ ਪਰਮ ਮਿੱਤਰ ਜੀ ਨੇ ਨਾ ਕੇਵਲ ਖਰੜਾ ਟਾਇਪ ਕੀਤਾ ਅਤੇ ਬਾਰ ਬਾਰ ਸੋਧਿਆ ਬਲਕਿ ਮੇਰੀ ਦਿਨ ਪ੍ਰਤੀ ਦਿਨ ਹੌਸਲਾ ਅਫਜਾਈ ਵੀ ਕਰਦੇ ਰਹੇ। ਇਸ ਕਾਰਜ ਨੂੰ ਨੇਪਰੇ ਚੜ੍ਹਾਉਣ ਵਿਚ ਉਹਨਾਂ ਦਾ ਬਹੁਤ ਵੱਡਾ ਯੋਗਦਾਨ ਹੈ। ਮੈ ਤਹਿ-ਦਿਲੋਂ ਉਹਨਾਂ ਦਾ ਸ਼ੁਕਰਗੁਜ਼ਾਰ ਹਾਂ।

ਸ੍ਰੀ ਹਰੀਸ਼ ਜੈਨ ਜੀ ਵੱਲੋਂ ਇਸ ਕਿਤਾਬ ਨੂੰ ਬਹੁਤ ਖ਼ੂਬਸੂਰਤ ਦਿਖ ਕੇ ਛਾਪਣ ਲਈ ਮੈਂ ਉਹਨਾਂ ਦਾ ਬਹੁਤ ਸ਼ੁਕਰਗੁਜ਼ਾਰ ਹਾਂ।

ਉਮੀਤ ਹੈ ਜਿਸ ਆਸ਼ੇ ਦੀ ਪੂਰਤੀ ਲਈ–ਭਾਵ ਬੰਦਾ ਬਹਾਦਰ ਦੀ ਸਖਸ਼ੀਅਤ ਦੀ ਵਾਜਿਬ ਤਸਵੀਰ ਖਿੱਚਣ ਲਈ, ਉਸ ਤੇ ਪਏ ਕੂੜ ਦੇ ਮਲੰਮੇ ਨੂੰ ਲਾਹੁਣ ਲਈ ਅਤੇ ਉਸ ਨੂੰ ਸਿੱਖ ਇਤਿਹਾਸ ਵਿਚ ਉਸਦਾ ਬਣਦਾ ਰੁਤਬਾ ਦੁਆਉਣ ਲਈ–ਚਾਂਦਲਾ ਸਾਹਿਬ ਨੇ ਕਿਤਾਬ ਲਿਖੀ ਹੈ ਉਸ ਆਸ਼ੇ ਦੀ ਪੂਰਤੀ ਵਿੱਚ ਇਹ ਪੰਜਾਬੀ ਅਨੁਵਾਦ ਨਿੱਗਰ ਯੋਗਦਾਨ ਪਾ ਸਕੇਗਾ।

ਮਿਤੀ 10–10–2008

ਪਰਮਜੀਤ ਸਿੰਘ ਸ਼ਾਹੀ,
125–ਨਰੋਤਮ ਨਗਰ,
ਖੰਨਾ (ਲੁਧਿਆਣਾ)

ਅਸਲੀ ਬੈਰਾਗੀ

ਕੌਣ ਸੀ ਇਹ ਬੈਰਾਗੀ ਜਿਸ ਨੂੰ ਆਮ ਵਿਅਕਤੀ ਬੰਦਾ ਬਹਾਦਰ ਦੇ ਨਾਂ ਨਾਲ ਜਾਣਦਾ ਹੈ ? ਸੰਭਵਤਾ ਇਹ ਭਾਰਤੀ ਇਤਿਹਾਸ ਦੀ ਇਕ ਸਭ ਤੋਂ ਵੱਡੀ ਅਣਸੁੱਲਝੀ ਪਹੇਲੀ ਹੈ । ਬੰਦਾ ਬਹਾਦਰ ਦੇ ਇਸ ਮਸ਼ਹੂਰ ਨਾਂ ਤੋਂ ਇਲਾਵਾ ਉਸਨੂੰ ਹੋਰ ਵੀ ਬਹੁਤ ਸਾਰੇ ਨਾਵਾਂ, ਜਿਵੇਂ ਕਿ ਲਛਮਣ ਬਾਲਾ, ਲਛਮਣ ਦੇਵ, ਨਰਾਇਣ ਦਾਸ, ਮਾਧੋਦਾਸ, ਗੁਰਬਖਸ਼ ਸਿੰਘ ਵਗੈਰਾ ਵਗੈਰਾ ਨਾਲ ਵੀ ਜਾਣਿਆ ਜਾਂਦਾ ਹੈ। ਇਹਨਾਂ ਨਾਵਾਂ ਦੀ ਹੀ ਤਰ੍ਹਾਂ ਕਿਸੇ ਨੇ ਉਸਨੂੰ ਇਕ ਬੈਰਾਗੀ ਆਖਿਆ, ਕਿਸੇ ਨੇ ਇਕ ਮਰਾਠਾ ਸਿਪਾਹੀ, ਕਿਸੇ ਨੇ ਤਾਂਤਰਿਕ, ਕਿਸੇ ਨੇ ਗਰੀਬਾਂ ਦਾ ਹਮਦਰਦ ਡਾਕੂ, ਕਿਸੇ ਨੇ ਬਹਾਦਰ ਸ਼ਾਹ ਦੀ ਮੁਗਲ ਫੌਜ ਦਾ ਇਕ ਕਮਾਂਡਰ, ਕਿਸੇ ਨੇ ਖਾਲਸਾ, ਕਿਸੇ ਨੇ ਨਾਨਕ ਪੰਥੀਆਂ ਦਾ ਇਕ ਅਜਿਹਾ ਹੀਰੋ ਜਿਸ ਨੂੰ ਪੰਜਾਬ ਵਿਚ ਉਠੇ ਕਿਰਸਾਨੀ ਵਿਦਰੋਹ ਨੇ ਅੱਗੇ ਲਿਆ ਧਰਿਆ, ਆਖਿਆ। ਇਵੇਂ ਹੀ ਉਸ ਦੇ ਜਨਮ ਅਸਥਾਨ ਬਾਰੇ ਵੀ ਭੰਬਲਭੂਸਾ ਹੈ: ਕੀ ਇਹ ਅਸਥਾਨ ਰਜੌਰੀ, ਪੁੰਛ, ਤੱਛਲ, ਜੋਰੇ-ਕੇ-ਗੜ, ਮੇਂਧਰ, ਜਲੰਧਰ ਦੁਆਬ ਵਿਚ ਪੰਡੋਰੀ, ਪਠਾਨਕੋਟ ਜਾਂ ਸਿਰਮੌਰ (ਨਾਹਨ) ਆਦਿ ਹੈ । ਉਸ ਦੇ ਪਿਛੋਕੜ, ਪੁਰਖਿਆਂ ਅਤੇ ਉਮਰ ਦੇ ਮੁਢਲੇ ਸਾਲਾਂ ਬਾਰੇ ਵੀ ਕੋਈ ਪ੍ਰਮਾਣਿਕ ਲਿਖਤੀ ਜਾਂ ਜ਼ਬਾਨੀ ਗਵਾਹੀ ਨਹੀਂ ਮਿਲਦੀ । ਬੰਦਾ ਬਾਰੇ ਜੋ ਵੀ ਜਾਣਕਾਰੀ ਛੱਣ-ਛੱਣ ਕੇ ਸਾਡੇ ਤੱਕ ਪਹੁੰਚੀ ਹੈ ਉਹ ਜਾਂ ਤਾਂ ਤੱਤ ਖਾਲਸਾ ਦੇ ਹਿਮਾਇਤੀਆਂ ਜਾਂ ਰਤਨ ਸਿੰਘ ਭੰਗੂ ਵਰਗੇ ਭਾੜੇ ਦੇ ਲੇਖਕਾਂ ਦੁਆਰਾ ਲਿਖੀ ਗਈ ਹੈ। ਇਹ ਲਿਖਤਾਂ ਐਨੀਆਂ ਇਕ ਪਾਸੜ ਹਨ ਕਿ ਇਹਨਾਂ ਨੂੰ ਸੱਚ ਮੰਨ ਲੈਣਾ ਬਹੁਤ ਔਖਾ ਹੈ । ਇੰਝ ਲਗਦਾ ਹੈ ਕਿ ਕਿਸੇ ਲੁਕਵੇਂ ਮੰਤਵ ਨੂੰ ਮੁੱਖ ਰਖਦਿਆਂ ਜਾਣ ਬੁੱਝ ਕੇ ਸਾਰੇ ਮਾਮਲੇ ਨੂੰ ਰਹੱਸਮਈ ਬਣਾ ਦਿੱਤਾ ਗਿਆ ਹੈ।"

ਗਣੇਸ਼ ਦਾਸ ਵਢੇਰਾ, ਜਿਸ ਦੀ ਲਿਖਤ ਦਾ ਹਵਾਲਾ ਡਾ. ਗੰਡਾ ਸਿੰਘ ਆਪਣੀ ਪੰਜਾਬੀ ਵਿਚ ਲਿਖੀ ਕਿਤਾਬ 'ਬੰਦਾ ਸਿੰਘ ਬਹਾਦਰ' ਵਿਚ ਸਤਿਕਾਰ ਸਹਿਤ ਬਾਰ-ਬਾਰ ਦੇਂਦਾ ਹੈ, ਗੁਰੂ ਸਾਹਿਬ ਨੂੰ ਮਿਲਣ ਤੋਂ ਪਹਿਲਾਂ ਬੰਦੇ ਵਿਚ ਕੋਈ ਖੂਬੀ ਨਹੀਂ ਦੇਖਦਾ । ਉਹ ਫਾਰਸੀ ਜ਼ੁਬਾਨ ਵਿਚ ਲਿਖਦਾ ਹੈ (ਅਸਲ ਲਿਖਤ) "ਗੁਰੂ ਗੋਬਿੰਦ ਸਿੰਘ ਗੋਦਾਵਰੀ ਨੂੰ ਜਾ ਰਹੇ ਸਨ ਕਿ ਉਹਨਾਂ ਨੂੰ ਇਕ ਅਜਿਹਾ ਸ਼ਖਸ ਮਿਲਿਆ ਜਿਸ ਨੂੰ ਨਾ ਕੋਈ ਬਹੁਤਾ ਜਾਣਦਾ ਸੀ, ਨਾ ਹੀ ਉਸਦੀ ਕੋਈ ਵਿਸ਼ੇਸ਼ਤਾਈ ਹੀ ਸੀ, ਨਾ ਹੀ ਉਸਦੇ ਪਿਛੋਕੜ ਦਾ ਪਤਾ ਸੀ । ਗੁਰੂ ਸਾਹਿਬ ਨੇ ਉਸਨੂੰ ਆਪਣੇ ਨਵੇਂ ਧਰਮ ਵਿਚ ਸ਼ਾਮਿਲ ਕਰ ਕੇ ਆਪਣਾ ਨਾਇਬ ਥਾਪ ਮਾਖੋਵਾਲ (ਭਾਵ ਆਨੰਦਪੁਰ ਸਾਹਿਬ) ਨੂੰ ਤੋਰ ਦਿਤਾ।" ਵਢੇਰਾ ਦਾ ਇਹ ਬ੍ਰਿਤਾਂਤ ਗੁਰੂ ਜੀ ਦੀ ਸਿਆਣਪ ਨਾਲ ਇਨਸਾਫ ਕਰਦਾ ਨਹੀਂ ਦਿੱਸਦਾ । ਕੌਣ ਮੰਨੇਗਾ ਕਿ ਗੁਰੂ ਜੀ ਨੇ ਇਕ ਅਜਿਹੇ ਵਿਅਕਤੀ ਨੂੰ ਜਿਸ ਨੂੰ ਕੋਈ ਜਾਣਦਾ ਹੀ ਨਹੀਂ ਸੀ ਬਿਨਾਂ ਪਰਖਿਆਂ ਹੀ ਆਪਣਾ

ਨਾਇਬ ਥਾਪ ਦਿੱਤਾ ।ਇਵੇਂ ਹੀ ਬਟਾਲੇ ਦੇ ਅਹਿਮਦ ਸ਼ਾਹ ਅਤੇ ਅਲੀਉਦ-ਦੀਨ ਮੁਫਤੀ ਦੇ ਅਜਿਹੇ ਬ੍ਰਿਤਾਂਤਾਂ ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ।

ਐਮ.ਏ. ਮੈਕਾਲਿਫ, ਜਿਸ ਨੇ ਕਿ ਆਪਣੀ ਬਹੁਤ ਉਚ ਪਦਵੀ ਵਾਲੀ ਨੌਕਰੀ ਨੂੰ ਲੱਤ ਮਾਰ ਕੇ ਸੋਲਾਂ ਸਾਲ ਸਿੱਖ ਧਰਮ ਅਤੇ ਇਤਿਹਾਸ ਦੀਆਂ ਪਰਤਾਂ ਫ੍ਰੋਲਦਿਆਂ ਛੇ ਜਿਲਦਾਂ ਵਿਚ ਆਪਣਾ ਸ਼ਾਹਕਾਰ 'ਦ ਸਿੱਖ ਰਿਲੀਜਨ' ਲਿਖਿਆ, ਬੰਦੇ ਬਾਰੇ ਇਹ ਕਹਾਣੀ ਦੱਸਦਾ ਹੈ "ਬੰਦਾ ਜਿਸ ਦਾ ਮੁਢਲਾ ਨਾਂ ਲਛਮਣ ਦੇਵ ਸੀ ਨਿਚਲੇ ਹਿਮਾਲਿਆ (ਸ਼ਿਵਾਲਿਕ) ਦੇ ਪਹਾੜੀ ਰਾਜ ਪੁੰਛ ਦੇ ਰਜੌਰੀ ਪਿੰਡ ਦੇ ਰਾਮ ਦੇਵ ਰਾਜਪੂਤ ਦਾ ਪੁੱਤਰ ਸੀ ।ਭੱਗਵਾਂ ਭੇਸ ਧਾਰਨ ਕਰਨ ਤੋਂ ਪਹਿਲਾਂ ਉਹ ਖੇਤੀ ਬਾੜੀ ਕਰਦਾ ਸੀ ।ਸ਼ੁਰੂ ਦੇ ਸਾਲਾਂ ਵਿਚ ਉਹ ਬੰਦੂਕ ਚਲਾਉਣ ਅਤੇ ਸ਼ਿਕਾਰ ਖੇਡਣ ਦਾ ਸ਼ੌਕੀਨ ਸੀ ।ਇਕ ਵੇਰਾਂ ਜਦੋਂ ਉਸਨੇ ਇਕ ਹਿਰਨੀ ਦਾ ਸ਼ਿਕਾਰ ਕੀਤਾ ਤਾਂ ਉਸ ਦੇ ਪੇਟ ਵਿਚੋਂ ਦੋ ਬੱਚੇ ਨਿਕਲੇ ।ਇਸ ਕਾਰੇ ਤੋਂ ਉਹ ਬਹੁਤ ਨਿਰਾਸ਼ ਹੋਇਆ ।ਉਸਨੇ ਸੰਸਾਰ ਨੂੰ ਤਿਆਗ ਕੇ ਜਾਨਕੀ ਦਾਸ ਫਕੀਰ ਦਾ ਚੇਲਾ ਬਣਨ ਦਾ ਫੈਸਲਾ ਕਰ ਲਿਆ। ਫਕੀਰੀ ਵੇਸ ਵਿਚ ਭ੍ਰਮਣ ਕਰਦਾ-ਕਰਦਾ ਉਹ ਨਾਸਿਕ (ਮਹਾਰਾਸ਼ਟਰ), ਜਿਥੇ ਗੋਦਾਵਰੀ ਨਦੀ ਸ਼ੁਰੂ ਹੁੰਦੀ ਹੈ, ਪਹੁੰਚ ਗਿਆ ।ਉਥੇ ਉਸਨੇ ਕੁੱਲੀ ਪਾ ਲਈ ਅਤੇ ਤਪੱਸਿਆ ਕਰਨ ਲੱਗਿਆ ।ਉਥੇ ਲੂਣੀ ਨਾਂ ਦਾ ਇਕ ਜੋਗੀ ਅਚਾਨਕ ਉਸ ਕੋਲ ਆਇਆ ਅਤੇ ਉਸ ਨੇ ਮਾਧੋਦਾਸ ਨੂੰ ਯੋਗ ਅਤੇ ਜਾਦੂ ਟੂਣੇ ਦੇ ਗਿਆਨ ਦੀ ਸਿੱਖਿਆ ਦਿਤੀ । ਇਸ ਗਿਆਨ ਦੀ ਪ੍ਰਾਪਤੀ ਅਤੇ ਇਸ ਵਿਚ ਕਮਾਲ ਹਾਸਲ ਕਰਨ ਤੋਂ ਬਾਅਦ ਉਹ ਗੋਦਾਵਰੀ ਨਦੀ ਦੇ ਨਾਲ ਨਾਲ ਚੱਲਦਾ ਨਾਦੇੜ ਪਹੁੰਚ ਗਿਆ ।ਉਥੇ ਉਹ ਇਕ ਅਜਿਹੇ ਸੰਤ ਦੇ ਰੂਪ ਵਿਚ ਮਸ਼ਹੂਰ ਹੋ ਗਿਆ ਜਿਸ ਦੇ ਵੱਸ ਵਿਚ ਅਧਿਆਤਮਕ ਅਤੇ ਦੁਨਿਆਵੀ ਦੋਵੇਂ ਸ਼ਕਤੀਆਂ ਸਨ। ਉਹ ਗੋਦਾਵਰੀ ਦੇ ਕੰਢੇ ਇਕ ਟਿੱਲੇ ਤੇ ਬੈਠ ਕੇ ਧਿਆਨ ਸਾਧਨਾ ਕਰਦਾ ਅਤੇ ਗਾਹੇ ਬਗਾਹੇ ਜਦੋਂ ਗੋਦਾਵਰੀ ਵੱਲ ਵੇਖਦਾ ਤਾਂ ਉਸਨੂੰ ਇੰਞ ਲਗਦਾ ਜਿਵੇਂ ਗੋਦਾਵਰੀ ਅਤਿ ਢਿੱਲੀ ਰਫਤਾਰ ਨਾਲ ਵੱਗ ਰਹੀ ਹੋਵੇ ਅਤੇ ਉਸ ਦਾ ਮਨ ਸਮੁੰਦਰ ਵਿਚ ਖੋ ਜਾਣ ਨੂੰ ਨਾ ਕਰਦਾ ਹੋਵੇ।

ਸੰਨ 1707 ਦੇ ਸਾਉਣ ਮਹੀਨੇ (ਜੁਲਾਈ-ਅਗਸਤ) ਗੁਰੂ ਜੀ (ਗੋਬਿੰਦ ਸਿੰਘ) ਨਾਦੇੜ ਪਹੁੰਚੇ ਤਾਂ ਉਹਨਾਂ ਨਾਲ ਦੋ-ਤਿੰਨ ਸੌ ਘੋੜ ਸਵਾਰ ਸੈਨਿਕ ਅਤੇ ਕੁੱਝ ਪੈਦਲ ਸੈਨਿਕ ਵੀ ਸਨ।ਗੁਰੂ ਜੀ ਜਦੋਂ ਮਾਧੋਦਾਸ ਬੈਰਾਗੀ ਦੇ ਡੇਰੇ ਤੇ ਪਹੁੰਚੇ ਤਾਂ ਬੈਰਾਗੀ ਉਥੇ ਨਹੀਂ ਸੀ। ਗੁਰੂ ਜੀ ਨੇ ਜਦੋਂ ਇਹ ਸੁਣਿਆਂ ਕਿ ਮਾਧੋਦਾਸ ਕੋਲ ਅਜਿਹੀ ਅਦਭੁਤ ਜਾਦੂਈ ਸ਼ਕਤੀ ਹੈ ਕਿ ਜਿਹੜਾ ਵੀ ਉਸ ਦੀ ਗੱਦੀ ਤੇ ਬੈਠ ਜਾਵੇ ਉਸਨੂੰ ਉਹ ਉਲਟਾ ਦਿੰਦਾ ਹੈ ਤਾਂ ਉਹ ਅਰਾਮ ਨਾਲ ਉਸਦੀ ਗੱਦੀ ਤੇ ਬਿਰਾਜਮਾਨ ਹੋ ਗਏ। ਉਹਨਾਂ ਦੀ ਟੋਲੀ ਨੇ ਬੈਰਾਗੀ ਦਾ ਇੱਕ ਬੱਕਰਾ ਝੱਟਕਿਆ ਅਤੇ ਰਿੰਨ ਪੱਕਾ ਕੇ ਛੱਕਿਆ । ਬੈਰਾਗੀ ਦਾ ਇਕ ਚੇਲਾ ਬੈਰਾਗੀ ਨੂੰ ਜੋ ਕੁਝ ਉਥੇ ਵਾਪਰਿਆ ਸੀ, ਦੱਸਣ ਲਈ ਚਲਾ ਗਿਆ । ਬੈਰਾਗੀ ਦੇ ਡੇਰੇ ਤੇ ਜਾਨਵਰ ਦਾ ਮਾਰਨਾ ਅਤੇ ਉਸਦੀ ਗੱਦੀ ਤੇ, ਜਿਹੜੀ ਉਸ ਲਈ ਤਖਤ ਸਮਾਨ ਸੀ, ਬੈਠਣਾ ਉਸਦੀ ਬੇਹੁਰਮਤੀ ਸੀ। ਬੈਰਾਗੀ ਜੱਬਰੀ ਦਾਖਲ ਹੋਏ ਵਿਅਕਤੀ ਦੇ ਅਜੀਬ ਵਿਹਾਰ ਦੀ ਪੜਤਾਲ ਲਈ ਉਥੇ ਪਹੁੰਚਿਆ ।ਬੈਰਾਗੀ ਨੇ ਕਿਹਾ ਕਿ ਇਹ ਗੱਦੀ ਪਹਿਲਾਂ ਉਸਦੇ ਗੁਰੂ ਦੀ ਸੀ ਅਤੇ ਹੁਣ ਉਸਦੀ ਹੈ ਅਤੇ ਉਹ ਨਹੀਂ ਚਾਹੁੰਦਾ ਕਿ ਕੋਈ ਅਜਨਬੀ ਉਥੇ ਆ ਕੇ ਹਿੰਸਾ ਜਾਂ

ਬੇਹੁਰਮਤੀ ਕਰੇ ਅਤੇ ਜਬਰੀ ਕਬਜ਼ਾ ਕਰੇ । ਗੁਰੂ ਜੀ ਨੇ ਜਵਾਬ ਦਿਤਾ ਕਿ ਉਹ ਨਾਦੇੜ ਤੋਂ ਥੱਕੇ ਹੋਏ ਆਏ ਸਨ ਅਤੇ ਜਦੋਂ ਉਹਨਾਂ ਨੂੰ ਉਸਦੀ ਉਦਾਰਤਾ, ਪ੍ਰੇਮ ਅਤੇ ਪ੍ਰਾਹੁਣਚਾਰੀ ਵਾਲੇ ਸੁਭਾਅ ਦਾ ਪਤਾ ਲੱਗਿਆ ਤਾਂ ਉਹਨਾਂ ਉਸਦੇ ਇਹਨਾਂ ਚੰਗੇ ਗੁਣਾਂ ਨੂੰ ਪੱਰਖਣ ਦਾ ਮਨ ਬਣਾ ਲਿਆ। ਬੈਰਾਗੀ ਗੁਰੂ ਜੀ ਦੀ ਇਸ ਗੱਲਬਾਤ ਤੋਂ ਸੰਤੁਸ਼ਟ ਹੋ ਗਿਆ ਅਤੇ ਉਹਨਾਂ ਦੀ ਗੱਲਬਾਤ ਅਤੇ ਵਿਹਾਰ ਤੋਂ ਇਹ ਵੀ ਜਾਣ ਗਿਆ ਕਿ ਉਹ ਕੋਈ ਮਹਾਨ ਆਤਮਾ ਹੈ। ਬੈਰਾਗੀ ਨੇ ਗੁਰੂ ਸਾਹਿਬ ਨੂੰ ਆਖਿਆ ਕਿ ਉਹ ਤਾਂ ਉਹਨਾਂ ਦਾ ਬੰਦਾ ਹੈ। ਫਿਰ ਇਹੀ ਨਾਂ ਉਸ ਨਾਲ ਹਮੇਸ਼ਾਂ ਲਈ ਜੁੜ ਗਿਆ ਅਤੇ ਉਹ ਇਸੇ ਨਾਂ ਨਾਲ ਜਾਣਿਆ ਜਾਣ ਲੱਗਿਆ।"

ਆਓ ਹੁਣ ਦੇਖੀਏ ਕਿ 'ਪੰਜਾਬ ਅਤੇ ਨਾਰਥ ਵੈਸਟ ਫਰੰਟੀਅਰ ਪਰੋਵਿੰਸ ਦੇ ਕਬੀਲਿਆਂ ਅਤੇ ਜਾਤਾਂ ਦਾ ਕੋਸ਼' ਦੇ ਲੇਖਕ ਐਚ.ਏ.ਰੋਜ਼ ਦਾ ਇਸ ਬਾਰੇ ਕੀ ਕਹਿਣਾ ਹੈ। ਉਸਨੇ ਵੀ ਉਪਰੋਕਤ ਕਹਾਣੀ, ਥੋੜ੍ਹੀ ਜਿਹੀ, ਪਰ ਮਹੱਤਵਪੂਰਨ, ਵਾਧ-ਘਾਟ ਨਾਲ ਦੁਹਰਾਈ ਹੈ। ਉਹ ਲਿਖਦਾ ਹੈ "ਇਸ ਆਦਮੀ (ਬੈਰਾਗੀ) ਦਾ ਇਤਿਹਾਸ ਨਿਆਰਾ ਹੈ। ਕਸ਼ਮੀਰ ਵਿਚ ਸਥਿਤ ਰਜੌਰੀ ਵਾਸੀ ਰਾਜਪੂਤਾਂ ਦੇ ਇਸ ਮੁੰਡੇ ਨੇ ਸੰਨ 1686 ਵਿਚ ਜ਼ਿਲਾ ਲਹੌਰ ਵਿਚ ਕਸੂਰ ਨੇੜੇ ਸਥਿਤ ਬਾਬਾ ਰਾਮ ਥੰਮਨ (ਗੁਰੂ ਨਾਨਕ ਦੇਵ ਜੀ ਦਾ ਚਚੇਰਾ ਭਰਾ) ਦੀ ਦਰਗਾਹ ਤੇ ਪਹੁੰਚ ਕੇ ਆਪਣਾ ਜਨਮ ਦਾ ਨਾਂ ਲਛਮਣ ਬਾਲਾ ਤਿਆਗ ਨਰੈਣ ਦਾਸ ਦਾ ਨਾਂ ਧਾਰਨ ਕਰ ਲਿਆ। ਫਿਰ ਸੰਨ 1691 ਵਿਚ ਉਸਨੇ ਜੋਗੀ ਬਣ ਤਾਂਤਰਿਕ ਮੱਤ ਅਪਣਾ ਲਿਆ ਅਤੇ ਆਪਣਾ ਨਾਂ ਬਦਲ ਕੇ ਮਾਧੋਦਾਸ ਰੱਖ ਲਿਆ। ਸੰਭਵਤਾ ਉਹ ਨਾਦੇੜ ਵਿਖੇ ਗੁਰੂ ਸਾਹਿਬ ਨੂੰ ਮਿਲਿਆ ਜਿਹਨਾਂ ਨੇ ਉਸ ਦੁਆਰਾ ਖੁਦ ਅਪਣਾਏ ਬੰਦੇ ਦੇ ਨਾਂ ਨਾਲ ਬਹਾਦਰ ਦਾ ਲਕਬ, ਪੰਜ ਤੀਰਾਂ ਅਤੇ ਕੁੱਝ ਸ਼ਸ਼ਤਰਾਂ ਸਮੇਤ ਉਸਨੂੰ ਬਖਸ਼ਿਆ।"

ਇੰਝ ਲਗਦਾ ਹੈ ਕਿ ਮਾਧੋਦਾਸ ਦੇ ਪੁਰਖਿਆਂ ਬਾਰੇ ਮਿਲਦੀ ਆਪਾ ਵਿਰੋਧੀ ਜਾਣਕਾਰੀ ਕਾਰਨ ਰੋਜ਼ ਕੁੱਝ ਭੰਬਲਭੂਸੇ ਵਿਚ ਪੈ ਗਿਆ ਸੀ ਅਤੇ ਉਹ ਇਸ ਸਥਿਤੀ ਵਿਚ ਨਹੀਂ ਸੀ ਕਿ ਉਹ ਯਕੀਨ ਨਾਲ ਕਹਿ ਸਕੇ ਕਿ ਲਛਮਣ ਠੀਕ ਰਜੌਰੀ ਦਾ ਹੀ ਰਹਿਣ ਵਾਲਾ ਅਤੇ ਜਨਮ ਤੋਂ ਰਾਜਪੂਤ ਸੀ । ਉਪਰੋਕਤ ਕਹਾਣੀ ਦੇ ਫੁੱਟ-ਨੋਟ ਵਿਚ (ਕੋਸ਼ ਜਿਲਦ 1 ਪੰਨਾ 698) ਵਿਚ ਉਸਨੇ ਦਰਜ ਕੀਤਾ "ਇਕ ਹੋਰ ਬ੍ਰਿਤਾਂਤ ਉਸਨੂੰ ਸਿਆਲਕੋਟ ਜ਼ਿਲੇ ਦਾ ਇਕ ਪੰਜਾਬੀ ਖੱਤਰੀ, ਸ਼ਾਇਦ ਕਪੂਰ ਗੋਤਰ ਦਾ ਦਰਸਾਉਂਦਾ ਹੈ । ਹਾਕਿਮ ਰਾਏ ਦੇ 'ਅਹਿਵਾਲ ਲਛਮਨ ਦਾਸ ਉਰਫ ਬੰਦਾ ਸਾਹਿਬ ਚੇਲਾ ਗੁਰੂ ਗੋਬਿੰਦ ਸਿੰਘ ਸਾਹਿਬ' ਵਿਚ ਦਰਜ ਸਤਰਾਂ ਉਸਨੂੰ ਸੋਢੀ ਗੋਤ ਦਾ ਖੱਤਰੀ ਦਸਦੀਆਂ ਹਨ। ਉਸ ਦੀ ਸ਼ਾਦੀ ਮਹਿਰਾ ਜਾਂ ਮਰਵਾਹਾ ਪ੍ਰੀਵਾਰ ਵਿਚ ਹੋਈ। ਪੰਜਾਬ ਵਿਚ ਉਸ ਸਮੇਂ ਦੇ ਚਲੰਤ ਰੀਤੀ ਰਿਵਾਜਾਂ ਅਨੁਸਾਰ ਮਹਿਰਾ ਗੋਤ ਉਸਨੂੰ ਖੰਨਾਂ ਜਾਂ ਕਪੂਰ ਖੱਤਰੀ ਬਣਾਉਂਦਾ ਹੈ ਅਤੇ ਮਰਵਾਹਾ ਗੋਤ ਸੋਢੀ ਖੱਤਰੀ।" ਇਸ ਤਰ੍ਹਾਂ ਕਰਕੇ ਰੋਜ਼ ਨੇ ਪਾਠਕ ਸਾਹਮਣੇ ਉਸ ਸਮੇਂ ਪ੍ਰਾਪਤ ਵੱਖੋ-ਵੱਖ ਜਾਣਕਾਰੀਆ ਰੱਖ ਕੇ ਫੈਸਲਾ ਉਸੇ ਦੀ ਸਮਝ ਸੋਚ ਤੇ ਛੱਡ ਦਿਤਾ। ਇਸ ਫੁੱਟ ਨੋਟ ਰਾਹੀਂ ਰੋਜ਼ ਨੇ ਉਸ ਭੰਬਲਭੂਸੇ ਤੇ ਤਿਖੀ ਰੋਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਬੰਦੇ ਦੇ ਪੁਰਖਿਆਂ ਅਤੇ ਜਨਮ ਸਥਾਨ ਬਾਰੇ ਉਨੀਵੀਂ ਸਦੀ ਦੇ ਸ਼ੁਰੂ ਵਿਚ ਵੀ ਮੌਜੂਦ ਸੀ।

ਡਾ. ਗੰਡਾ ਸਿੰਘ ਨੇ ਉਪਰੋਕਤ ਦਿੱਤੇ ਮੈਕਾਲਿਫ ਅਤੇ ਰੋਜ਼ ਦੇ ਵਿਚਾਰਾਂ ਦਾ ਗੱਠ-ਜੋੜ ਕਰਕੇ ਆਪਣੀ ਕਿਤਾਬ 'ਬੰਦਾ ਸਿੰਘ ਬਹਾਦਰ' ਵਿਚ ਥੋੜ੍ਹਾ ਜਿਹਾ ਵੱਧ ਵਿਸਤਾਰ

ਪੇਸ਼ ਕੀਤਾ ਹੈ। ਉਹ ਲਿਖਦਾ ਹੈ "ਬਚਪਨ ਵਿਚ ਬੰਦਾ ਸਿੰਘ ਦਾ ਨਾਉਂ ਲਛਮਨ ਦੇਵ ਸੀ। ਇਸ ਦਾ ਜਨਮ ਕੱਤਕ ਸੁਦੀ 13 ਸੰਮਤ 1727 ਬਿਕ੍ਰਮੀ, ਐਤਵਾਰ, 16 ਅਕਤੂਬਰ ਸੰਨ 1670 ਈਸਵੀ ਪੁਣਛ (ਕਸ਼ਮੀਰ) ਦੇ ਪਿੰਡ ਰਾਜੌਰੀ ਵਿਚ ਹੋਇਆ। ਇਸ ਦਾ ਪਿਓ ਰਾਮ ਦੇਵ ਭਾਰਦਵਾਜ ਗੋਤ ਦਾ ਰਾਜਪੂਤ ਸੀ ਤੇ ਵਾਹੀ ਦਾ ਕੰਮ ਕਰਦਾ ਸੀ। ਉਨ੍ਹਾਂ ਮਨੁੱਖਾਂ ਦੀ ਹੀ ਤਰ੍ਹਾਂ ਜਿਨ੍ਹਾਂ ਨੇ ਗਰੀਬ ਘਰਾਣਿਆਂ ਵਿਚ ਜਨਮ ਲਿਆ ਅਤੇ ਜੀਵਨ ਦੇ ਆਖਰੀ ਦਿਨੀਂ ਮਸ਼ਹੂਰੀ ਪਾਈ, ਲਛਮਨ ਦੇਵ ਦੇ ਬਾਲਪਨ ਦਾ ਕੁੱਝ ਪਤਾ ਨਹੀਂ। ਪਿੰਡਾਂ ਦੇ ਹਲਵਾਹਾਂ ਦੇ ਆਮ ਮੁੰਡਿਆਂ ਵਾਂਗ ਇਸ ਦੇ ਹੱਡ ਨਰੋਏ, ਜੁੱਸਾ ਛੋਹਲਾ ਤੇ ਆਦਤ ਮਿਹਨਤੀ ਸੀ। ਸ਼ਿਕਾਰ ਅਤੇ ਘੋੜ-ਸਵਾਰੀ ਦਾ ਸ਼ੌਕੀਨ ਸੀ। ਕਹਿੰਦੇ ਹਨ ਕਿ ਇਕ ਵਾਰੀ ਸ਼ਿਕਾਰ ਵਿਚ ਲਛਮਨ ਦੇਵ ਨੇ ਇਕ ਹਰਨੀ ਨੂੰ ਤੀਰ ਮਾਰਿਆ। ਉਹ ਘਾਇਲ ਹੋ ਕੇ ਭੋਇੰ ਤੇ ਡਿਗ ਪਈ। ਜਦ ਲਛਮਨ ਦੇਵ ਲਾਗੇ ਪੁੱਜਾ ਤਾਂ ਮਰ ਰਹੀ ਹਰਨੀ ਦੇਖ ਕੇ ਉਸ ਦੇ ਦਿਲ ਵਿਚ ਕੁਝ ਤਰਸ ਜਿਹਾ ਆ ਗਿਆ। ਪਰ ਇਸ ਤੋਂ ਬਾਅਦ ਇਕ ਹੋਰ ਨਜ਼ਾਰੇ ਨੇ ਉਸ ਦੇ ਮਨ ਉਤੇ ਬਹੁਤ ਡੂੰਘਾ ਅਸਰ ਕੀਤਾ। ਆਪਣੇ ਮਨ ਨੂੰ ਕਰੜਾ ਕਰ ਕੇ ਜਦ ਉਸ ਨੇ ਮਾਰੀ ਹੋਈ ਹਰਨੀ ਸਾਫ ਕਰਨ ਲਈ ਉਸ ਦਾ ਪੇਟ ਚੀਰਿਆ ਤਾਂ ਵਿਚੋਂ ਦੋ ਬੱਚੇ ਨਿਕਲੇ ਜੋ ਲਛਮਨ ਦੇਵ ਦੀਆਂ ਅੱਖੀਆਂ ਦੇ ਸਾਮ੍ਹਣੇ ਤੜਫ-ਤੜਫ ਕੇ ਮਰ ਗਏ। ਇਸ ਨਾਲ ਉਸ ਦੇ ਨਰਮ ਦਿਲ ਨੂੰ ਇਕ ਕੰਬਣੀ ਜਿਹੀ ਛਿੜ ਗਈ ਅਤੇ ਮਨ ਸ਼ਿਕਾਰ ਤੋਂ ਖੱਟਾ ਹੋ ਗਿਆ। ਮਨ ਨੂੰ ਕੁੱਝ ਐਸਾ ਪਛਤਾਵਾ ਲੱਗਾ ਅਤੇ ਵੈਰਾਗ ਆਇਆ ਕਿ ਦਿਲ ਇਕ ਦਮ ਸੰਸਾਰ ਅਤੇ ਸੰਸਾਰੀ ਜੀਵਨ ਤੋਂ ਉਚਾਟ ਹੋ ਗਿਆ। ਹੁਣ ਲਛਮਨ ਦੇਵ ਰਾਜਪੂਤ ਨਹੀਂ ਸੀ ਰਿਹਾ ਤੇ ਉਸ ਦੀ ਰੁਚੀ ਸੰਸਾਰ-ਤਿਆਗੀ ਸਾਧੂਆਂ ਵਲ ਮੋੜਾ ਖਾ ਗਈ ਸੀ। ਉਮਰ ਤਾਂ ਭਾਵੇਂ ਪੰਦਰਾਂ ਕੁ ਵਰ੍ਹਿਆਂ ਦੀ ਹੀ ਸੀ, ਪਰ ਉਹ ਘਰ ਦੇ ਕੰਮ ਕਾਜ ਛਡ ਕੇ ਰੱਮਤੇ ਸਾਧੂਆਂ ਦੀ ਸੰਗਤ ਕਰਨ ਲੱਗ ਪਿਆ ਜੋ ਕਸ਼ਮੀਰ ਦੇ ਤੀਰਥਾਂ ਦੀ ਯਾਤਰਾ ਲਈ ਰਸਤੇ ਵਿਚ ਰਾਜੌਰੀ ਆ ਟਿਕਦੇ ਸਨ। ਛੇਤੀ ਹੀ ਇਨ੍ਹੀਂ ਦਿਨੀਂ ਜਾਨਕੀ ਪਰਸਾਦ ਨਾਮੀ ਇਕ ਬੈਰਾਗੀ ਯਾਤਰਾ ਕਰਦਾ ਹੋਇਆ ਰਾਜੌਰੀ ਆ ਗਿਆ। ਉਸ ਦੇ ਉਪਦੇਸ਼ਾਂ ਨੇ ਲਛਮਨ ਦੇਵ ਨੂੰ ਕੁਝ ਐਸਾ ਕੀਲਿਆ ਕਿ ਉਹ ਘਰ ਘਾਟ ਛਡ ਕੇ ਬੈਰਾਗੀ ਦਾ ਚੇਲਾ ਬਣ ਗਿਆ ਅਤੇ ਮੰਡਲੀ ਵਿਚ ਰਲ ਕੇ ਉਸ ਦੇ ਨਾਲ ਹੀ ਤੁਰ ਗਿਆ। ਬੈਰਾਗੀਆਂ ਦੀ ਪ੍ਰਥਾ ਅਨੁਸਾਰ ਜਾਨਕੀ ਪਰਸਾਦ ਨੇ ਇਸ ਦਾ ਨਾਉਂ ਬਦਲ ਕੇ ਮਾਧੋਦਾਸ ਰੱਖ ਦਿਤਾ। ਬੈਰਾਗੀ ਮੰਡਲੀ ਵਿਚ ਇਹ ਅਨੇਕ ਥਾਈਂ ਭੰਵਿਆ। ਸੰਨ 1686 ਈਸਵੀ ਮੁਤਾਬਕ ਸੰਮਤ 1743 ਬਿਕ੍ਰਮੀ ਦੀ ਵਿਸਾਖੀ ਦੇ ਮੇਲੇ ਤੇ ਇਨ੍ਹਾਂ ਦੀ ਮੰਡਲੀ ਕਸੂਰ ਦੇ ਲਾਗੇ ਬਾਬਾ ਰਾਮ ਥੰਮਣ ਦੇ ਡੇਰੇ ਆ ਪੁੱਜੀ। ਇਥੇ ਹੋਰ ਕਈ ਸਾਧੂ ਮੰਡਲੀਆਂ ਵੀ ਆਈਆਂ ਹੋਈਆਂ ਸਨ। ਇਨ੍ਹਾਂ ਵਿਚ ਹੀ ਇਕ ਰਾਮ ਦਾਸ ਬੈਰਾਗੀ ਭੀ ਸੀ। ਮਾਧੋਦਾਸ ਇਥੇ ਰਾਮ ਦਾਸ ਦੀ ਮੰਡਲੀ ਵਿਚ ਰਲ ਗਿਆ ਅਤੇ ਕਈ ਵਰ੍ਹੇ ਇਨ੍ਹਾਂ ਦੇ ਨਾਲ ਤੀਰਥਾਂ ਦੀ ਯਾਤਰਾ ਕਰਦਾ ਰਿਹਾ। ਇਕ ਵਾਰੀ ਜਦ ਗੋਦਾਵਰੀ ਦੇ ਕੰਢੇ ਨਾਸਕ ਦੇ ਦਰਸ਼ਨ ਕੀਤੇ ਤਾਂ ਇਹ ਇਥੇ ਹੀ ਟਿਕ ਗਿਆ। ਇਥੇ ਹੀ ਮਾਧੋਦਾਸ ਦਾ ਮੇਲ ਜੋਗੀ ਔਘੜ ਨਾਥ ਨਾਲ ਹੋਇਆ ਜੋ ਆਪਣੀਆਂ ਰਿਧੀਆਂ ਸਿੱਧੀਆਂ ਅਤੇ ਤਾਂਤਰਿਕ ਵਿਦਿਆ ਲਈ ਬੜਾ ਪ੍ਰਸਿੱਧ ਸੀ। ਮਾਧੋਦਾਸ ਨੂੰ ਯੋਗ ਵਿਦਿਆ ਅਤੇ ਜੰਤਰ ਮੰਤਰ ਸਿੱਖਣ ਦਾ ਇੰਨਾ ਸ਼ੌਕ ਪੈਦਾ ਹੋਇਆ ਕਿ ਇਹ ਔਘੜ ਨਾਥ ਦਾ ਅਨਿੰਨ ਭਗਤ ਅਤੇ ਸਿਰਲੱਥ ਸੇਵਕ ਬਣ ਗਿਆ। ਉਹ ਜਾਣਦਾ ਸੀ ਕਿ ਸੇਵਾ ਨਾਲ ਹੀ ਮੇਵਾ ਮਿਲਦਾ ਹੈ। ਖ਼ਾਸ ਕਰਕੇ ਪ੍ਰਾਚੀਨ ਸਾਧੂਆਂ

ਪਾਸੋਂ ਕੁਝ ਗੁਣ ਜਾਂ ਕੋਈ ਗੋਝ-ਵਿੱਦਿਆ ਪ੍ਰਾਪਤ ਕਰਨ ਵਾਸਤੇ ਚੇਲੇ ਲਈ ਗੁਰੂ ਦੀ ਸੇਵਾ ਹੀ ਇਕ ਵਿਸ਼ੇਸ਼ ਸਾਧਨ ਸਮਝਿਆ ਜਾਂਦਾ ਸੀ। ਅੰਤ ਮਾਧੋਦਾਸ ਦੀ ਸੇਵਾ ਉਤੇ ਔਘੜ ਨਾਥ ਦਾ ਮਨ ਪਸੀਜ ਗਿਆ ਅਤੇ ਉਸ ਨੇ ਯੋਗ ਦੇ ਗੁੱਝੇ ਸਾਧਨ ਅਤੇ ਜਾਦੂ ਦੇ ਭੇਤ ਉਸਨੂੰ ਬਖ਼ਸ਼ ਦਿਤੇ। ਹੁਣ ਔਘੜ ਨਾਥ ਬਹੁਤ ਬਿਰਧ ਹੋ ਚੁੱਕਾ ਸੀ। ਉਸ ਦੇ ਜੀਵਨ ਦੇ ਅੰਤਲੇ ਦਿਨ ਨੇੜੇ ਸਨ। ਮਾਧੋਦਾਸ ਦੀ ਸੇਵਾ ਉਤੇ ਉਹ ਬਹੁਤ ਪ੍ਰਸੰਨ ਸੀ। ਇਸ ਲਈ ਅੰਤ ਸਮੇਂ ਉਸ ਨੇ ਯੋਗ-ਵਿਦਿਆ ਦਾ ਆਪਣਾ ਇਕ ਬਹੁ-ਮੁੱਲਾ ਗ੍ਰੰਥ ਭੀ ਉਸਨੂੰ ਦੇ ਦਿਤਾ । ਇਹ ਗੱਲ ਸੰਮਤ 1748 (ਸੰਨ 1691 ਈ.) ਦੀ ਹੈ। ਇਸ ਤੋਂ ਛੇਤੀ ਹੀ ਬਾਅਦ ਜੋਗੀ ਔਘੜ ਨਾਥ ਦਾ ਦੇਹਾਂਤ ਹੋ ਗਿਆ। ਇਸ ਤਰ੍ਹਾਂ ਨਿਪੁੰਨ ਹੋ ਜਾਣ ਪਰ ਮਾਧੋਦਾਸ ਨੇ ਆਪਣਾ ਇਕ ਨਿਜੀ ਮਠ ਥਾਪਣ ਦੀ ਧਾਰ ਲਈ ਅਤੇ ਪੰਚਵਟੀ ਤੋਂ ਚੜਦੀ ਵੱਲ ਗੋਦਾਵਰੀ ਦੇ ਕੰਢੇ ਕੰਢੇ ਤੁਰ ਪਿਆ। ਨਾਦੇੜ ਦੇ ਨਜ਼ਦੀਕ ਦੀ ਰਮਣੀਕ ਥਾਂ ਮਾਧੋਦਾਸ ਨੂੰ ਭਾਅ ਗਈ ਅਤੇ ਉਸਨੇ ਇਥੇ ਹੀ ਟਿਕ ਜਾਣ ਲਈ ਮਨ ਬਣਾ ਲਿਆ। ਸ਼ਹਿਰੋਂ ਬਾਹਰ ਕੁਝ ਵਿੱਥ ਉਤੇ ਦਰਿਆ ਦੇ ਕੰਢੇ ਸੰਘਣੇ ਬਿਰਛਾਂ ਵਿਚ ਇਕ ਉਚੀ ਥਾਂ ਉਤੇ ਉਸਨੇ ਆਪਣੀ ਕੁਟੀਆ ਬਣਾ ਲਈ ਅਤੇ ਇਕਾਂਤ ਵਿਚ ਤਪੱਸਵੀ ਦਾ ਜੀਵਨ ਬਤੀਤ ਕਰਨ ਲਗ ਪਿਆ। ਅੰਤ ਸੰਮਤ 1765 ਬਿਕਰਮੀ (ਸੰਨ 1708 ਈ.) ਦੀ ਪੱਤਝੜ ਦੀ ਰੁੱਤੇ ਇਕ ਸ਼ੱਸ਼ਤਰ-ਧਾਰੀ ਘੋੜ-ਚੜੇ ਸੰਤ-ਸਿਪਾਹੀ ਦੇ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਉਥੇ ਆ ਪੁੱਜੇ ਜਿਨ੍ਹਾ ਨੇ ਇਸ ਬੈਰਾਗੀ ਸਾਧੂ ਦੀਆਂ ਕੁਰਾਹੇ ਅਤੇ ਵਿਅਰਥ ਜਾ ਰਹੀਆਂ ਮਾਨਸਿਕ ਅਤੇ ਸਰੀਰਕ ਸ਼ਕਤੀਆਂ ਦਾ ਰੁਖ ਮੋੜ ਕੇ ਪੰਥ ਖਾਲਸਾ ਰਾਹੀ ਉਨ੍ਹਾਂ ਨੂੰ ਜ਼ਮਾਨੇ ਦੀ ਸਤਾਈ ਹੋਈ ਦੁਖੀ ਜਨਤਾ ਦੀ ਸੇਵਾ ਵੱਲ ਲਾ ਦਿਤਾ।"

'ਮੋਹਾਲਾਂ ਦਾ ਇਤਿਹਾਸ' ਦਾ ਕਰਤਾ ਪੀ.ਐਨ.ਬਾਲੀ, ਜੋ ਕਿ ਖੁਦ ਇਕ ਮੋਹਿਆਲ ਬ੍ਰਾਹਮਣ ਹੈ ਇਹ ਮੰਨਣ ਨੂੰ ਤਿਆਰ ਨਹੀਂ ਕਿ ਬੰਦਾ ਰਜੌਰੀ ਵਿਖੇ ਜਨਮਿਆ ਜਾਂ ਕਿ ਉਹ ਰਾਜਪੂਤ ਵੰਸ਼ ਵਿਚੋਂ ਸੀ। ਬਾਕੀ ਪੱਖਾਂ ਤੇ ਉਸਦਾ ਇਸ ਮਾਮਲੇ ਤੇ ਡਾ. ਗੰਡਾ ਸਿੰਘ ਨਾਲ ਕੋਈ ਖਾਸ ਮੱਤਭੇਦ ਨਹੀਂ ਹੈ। ਉਹ ਲਿਖਦਾ ਹੈ "ਜੰਮੂ ਕਸ਼ਮੀਰ ਦੀਆਂ ਸ਼ਿਵਾਲਿਕ ਪਹਾੜੀਆਂ ਵਿਚ ਵਸੇ ਪਿੰਡ ਮੇਂਧੜ ਵਿਚ, ਜਿਹੜਾ ਕਿ ਜ਼ਿਲਾ ਪੁੰਛ ਵਿਚ ਹੈ, ਛਿੱਬੜ ਪਰਿਵਾਰ (ਮੋਹਿਆਲ ਬ੍ਰਾਹਮਣ) ਵਿਚ ਮਾਧੋਦਾਸ ਦਾ ਜਨਮ 27 ਅਕਤੂਬਰ 1670 ਨੂੰ ਹੋਇਆ। ਉਸਦਾ ਬਚਪਨ ਦਾ ਨਾਂ ਲਛਮਣ ਦੇਵ ਸੀ। ਬਚਪਨ ਤੋਂ ਹੀ ਉਸਦਾ ਝੁਕਾਅ ਫਕੀਰੀ ਅਤੇ ਭ੍ਰਮਣ ਵੱਲ ਸੀ। ਸ਼ਿਕਾਰ ਕਰਦੇ ਸਮੇਂ ਉਸਨੇ ਮੇਂਧੜ ਤੋਂ ਕਰੀਬ ਇੱਕ ਮੀਲ ਦੀ ਦੂਰੀ ਤੇ ਇਕ ਹਿਰਨੀ ਮਾਰੀ। ਇਸ ਸਥਾਨ ਤੇ ਹਿਰਨੀ ਨਾਂ ਦਾ ਪਿੰਡ ਹਾਲੇ ਵੀ ਮੌਜੂਦ ਹੈ।" ਬੰਦੇ ਦੇ ਮੋਹਿਆਲ ਹੋਣ ਤੇ ਜ਼ੋਰ ਦਿੰਦਿਆਂ ਬਾਲੀ ਲਿਖਦਾ ਹੈ "ਬੰਦੇ ਦੇ ਮੋਹਿਆਲ ਹੋਣ ਤੇ ਕੋਈ ਸ਼ੰਕਾ ਨਹੀਂ ਹੋਣੀ ਚਾਹੀਦੀ। ਇਸ ਗੱਲ ਦਾ ਨਿਬੇੜਾ ਕਰਦਾ ਪ੍ਰਮਾਣ ਰਾਜਸਥਾਨ ਦੇ ਅਲਵਰ ਜ਼ਿਲੇ ਦੇ ਪਿੰਡ ਬਨਾਲੀ ਵਾਸੀ ਇਕ ਮੋਹਿਆਲ ਸਰਦਾਰ ਬਹਾਦਰ ਕੈਪਟਨ ਮਹਿਤਾ ਮੰਗਤ ਰਾਮ ਛਿੱਬੜ, ਆਰਡਰ ਆਫ ਬ੍ਰਿਟਿਸ ਇੰਮਪਾਇਰ, ਜੋ ਦੋਵੇਂ ਸੰਸਾਰ ਯੁਧਾਂ ਵਿਚ ਸ਼ਾਮਿਲ ਰਿਹਾ ਸੀ ਨੇ ਦਿਤਾ ਹੈ। ਜੰਮੂ ਵਿਖੇ ਸੰਨ 1977 ਵਿਚ ਹੋਈ ਛਿਆਲਵੀ ਮੋਹਿਆਲ ਕਾਨਫਰੰਸ ਉਪਰੰਤ ਉਹਨਾਂ 10 ਤੋਂ 12 ਅਕਤੂਬਰ 1977 ਤੱਕ ਤਿੰਨ ਦਿਨ ਪਿੰਡ ਮੇਂਧੜ ਦਾ ਦੌਰਾ ਕੀਤਾ। ਇਤਿਹਾਸਕ ਦਸਤਾਵੇਜ਼ਾਂ ਦੀ ਘੋਖ ਅਤੇ ਸਥਾਨਕ ਬਜ਼ੁਰਗਾਂ ਨਾਲ ਗੱਲਬਾਤ ਕਰਨ ਉਪਰੰਤ ਉਹਨਾਂ ਨੂੰ ਇਸ ਗੱਲ ਦਾ ਪੂਰਾ ਯਕੀਨ ਹੋ ਗਿਆ ਕਿ ਬੰਦਾ ਛਿੱਬੜ ਗੋਤ ਦਾ ਮੋਹਿਆਲ ਸੀ। ਇਸੇ

ਤੱਥ ਦੀ ਪ੍ਰੋੜਤਾ ਸ੍ਰੀ ਬੀ.ਐਸ. ਬਾਲੀ ਪੀ.ਬੀ.ਐਸ.ਓ. (ਰਿਟਾਇਰਡ) ਨੇ ਵੀ ਕੀਤੀ ਜਿਨ੍ਹਾਂ ਨੇ ਆਪਣੀ ਚਾਲੀ ਸਾਲ ਦੀ ਭਾਰਤੀ ਫੌਜ ਦੀ ਨੌਕਰੀ ਦਾ ਜ਼ਿਆਦਾ ਸਮਾਂ ਜੰਮੂ ਕਸ਼ਮੀਰ ਵਿਚ ਗੁਜ਼ਾਰਿਆ ਅਤੇ ਇਸ ਰਾਜ ਦਾ ਲੇਹ ਤੀਕਰ ਦੂਰ ਦੂਰ ਦਾ ਭ੍ਰਮਣ ਕੀਤਾ, ਸਿੱਖ ਇਤਿਹਾਸਕ ਪੁਸਤਕਾਂ ਅਤੇ ਬੰਦੇ ਬਾਰੇ ਸਿੱਖਾਂ ਅਤੇ ਵਿਦੇਸ਼ੀਆਂ ਦੁਆਰਾ ਲਿਖੀਆਂ ਕਿਤਾਬਾਂ ਦਾ ਅਧਿਅਨ ਕੀਤਾ। ਆਪਣੇ ਵਿਚਾਰ ਦੀ ਪੁਸ਼ਟੀ ਲਈ ਉਹ ਗਵਾਹੀ ਪੇਸ਼ ਕਰਦਾ ਲਿਖਦਾ ਹੈ ਬੰਦੇ ਦੇ ਮੋਹਿਆਲ ਹੋਣ ਦਾ ਜ਼ੋਰਦਾਰ ਸਮੱਰਥਨ ਸ੍ਰੀ ਅਮਰੀਕ ਸਿੰਘ ਭੀਮਵਾਲ ਵੀ ਕਰਦਾ ਹੈ ਜੋ ਕਿ ਅਕੈਡਮੀ ਆਫ ਆਰਟਸ, ਕਲਚਰ ਐਂਡ ਲੈਂਗੁਏਜ਼ਜ, ਜੰਮੂ ਦਾ ਇਕ ਇਨਾਮ ਵਿਜੇਤਾ ਲਿਖਾਰੀ ਅਤੇ ਐਡੀਟਰ ਰਿਹਾ ਹੈ ਅਤੇ ਹੁਣ ਇਕ ਅਜ਼ਾਦ ਪੱਤਰਕਾਰ ਦੇ ਤੌਰ ਤੇ ਕੰਮ ਕਰਦਾ ਹੈ। ਵਿਜਨ ਬੁਕਸ ਦੁਆਰਾ 1982 ਵਿਚ ਛਪੀ ਕਿਤਾਬ 'ਰਿਲੀਜਨਜ਼ ਐਂਡ ਕਮਿਊਨਟੀਜ ਆਫ ਇੰਡੀਆ' ਦਾ ਲੇਖਕ ਸ੍ਰੀ ਪੀ ਐਨ ਚੋਪੜਾ ਵੀ ਆਪਣੀ ਇਸ ਕਿਤਾਬ ਦੇ ਪੰਨਾ 68 ਤੇ ਮੋਹਿਆਲ ਕਮਿਊਨਟੀ ਦੇ ਸਿਰਲੇਖ ਹੇਠਾਂ ਲਿਖਦਾ ਹੈ ਕਿ "ਬੰਦਾ ਬੈਰਾਗੀ ਇਕ ਮੋਹਿਆਲ ਹੀਰੋ ਸੀ।" ਬਾਲੀ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਕਿ ਬੰਦਾ ਭਾਰਦਵਾਜ ਗੋਤ ਦਾ ਬ੍ਰਾਹਮਣ ਸੀ। ਭਾਰਦਵਾਜ ਰਾਜਪੂਤ ਹੋਣ ਦੀ ਤਾਂ ਗੱਲ ਹੀ ਨਾ ਕਰੋ। 'ਅਹਿਵਾਲ ਲਛਮਣ ਦਾਸ ਉਰਫ ਬੰਦਾ ਸਾਹਿਬ ਚੇਲਾ ਗੁਰੂ ਗੋਬਿੰਦ ਸਿੰਘ ਸਾਹਿਬ' ਦਾ ਕਰਤਾ ਹਾਕਿਮ ਰਾਏ ਲਿਖਦਾ ਹੈ ਕਿ ਬੰਦਾ ਪੰਜਾਬੀ ਖੱਤਰੀਆਂ ਦੇ ਸੋਢੀ ਵੰਸ਼ ਵਿਚ ਪੈਦਾ ਹੋਇਆ ਸੀ। ਇਥੇ ਇਹ ਗੱਲ ਧਿਆਨ ਮੰਗਦੀ ਹੈ ਕਿ ਹਾਕਿਮ ਰਾਏ ਕਿਧਰੇ ਵੀ ਬੰਦੇ ਦਾ ਨਾਂ ਮਾਧੋਦਾਸ ਨਹੀਂ ਦਸਦਾ। ਇਸ ਕਿਤਾਬ ਦਾ ਅਰੰਭ ਹੇਠਾਂ ਲਿਖੇ ਦੋਹੇ ਤੋਂ ਹੁੰਦਾ ਹੈ:

ਖੱਤਰੀ ਸੋਢੀ ਵੰਸ਼ ਸੁਣ ਭਿਉ ਬੈਰਾਗੀ ਆਏ,
ਅਬਚਲ ਨਗਰੀ ਗੰਗਾ ਤੱਟ ਸਾਧੇ ਤੱਪ ਕੋ ਜਾਏ।

ਇਸ ਤੋਂ ਵਧੇਰੇ ਬੰਦੇ ਦੇ ਪਿਛੋਕੜ ਬਾਰੇ ਲੇਖਕ ਕੁਝ ਨਹੀਂ ਦੱਸਦਾ। ਪਰ ਉਸਦੇ ਇਸ ਵਿਚਾਰ ਦਾ ਸਮਰਥਨ ਹਰਿਦੁਆਰ ਦੇ ਪਾਂਡੇ ਭਗਵਾਨ ਦਾਸ ਦੀ ਬਹੀ ਦਾ ਇਹ ਇੰਦਰਾਜ ਬਾਖੂਬੀ ਕਰਦਾ ਹੈ "ਭਾਈ ਫਤਿਹ ਸਿੰਘ ਭਰਾ ਸੁਚੇਤ ਸਿੰਘ ਦਾ ਪੁਤਰ ਸਾਹਿਬ ਜੁਝਾਰ ਸਿੰਘ ਪੋਤਰਾ ਸਾਹਿਬ ਰਣਜੀਤ ਸਿੰਘ ਅਤੇ ਪੜਪੋਤਰਾ ਸਾਹਿਬ ਬੰਦਾ ਸਿੰਘ ਖਾਨਦਾਨ ਗੁਰੂ ਗੋਬਿੰਦ ਸਿੰਘ ਕਾ ਆਪਣੇ ਪਿਤਾ ਸਾਹਿਬ ਜੁਝਾਰ ਸਿੰਘ ਦੇ ਫੁੱਲ ਲੇ ਕਰ ਆਇਆ। ਬਿਕ੍ਰਮੀ 1880" (ਸੰਨ 1823)।

ਮੁਨਸ਼ੀ ਬੁਧ ਸਿੰਘ (ਰਿਸਾਲਾ ਨਾਨਕ ਸ਼ਾਹ) ਵੀ ਆਖਦਾ ਹੈ ਕਿ ਬੰਦਾ (ਲਛਮਣ ਦਾਸ) ਪਠਾਨਕੋਟ ਦਾ ਇਕ ਸੋਢੀ ਖੱਤਰੀ ਸੀ।

ਡੇਰਾ ਬਾਬਾ ਬੰਦਾ ਬਹਾਦਰ ਰਿਆਸੀ, ਜੰਮੂ ਦੀ ਮਾਤਾ ਜੋਗਿੰਦਰ ਕੌਰ ਸਤੰਬਰ 1964 ਵਿਚ ਛਾਪੇ ਆਪਣੇ ਕਿਤਾਬਚੇ ਵਿਚ ਇਹਨਾਂ ਦੋਹਾਂ, ਹਾਕਿਮ ਰਾਏ ਅਤੇ ਮੁਨਸ਼ੀ ਬੁਧ ਸਿੰਘ ਨਾਲ ਆਪਣੀ ਅਸਹਿਮਤੀ ਪ੍ਰਗਟਾਉਂਦੀਂ ਲਿਖਦੀ ਹੈ "1947 ਵਿਚ ਭਾਰਤ ਦੀ ਵੰਡ ਤੋਂ ਪਹਿਲਾਂ ਪੁੰਛ ਇਕ ਅਜ਼ਾਦ ਰਿਆਸਤ ਸੀ। ਪੀਰ ਪੰਜਾਲ ਲੜੀ ਤੋਂ ਹੇਠਾਂ ਦੀਆਂ ਸ਼ਿਵਾਲਿਕ ਪਹਾੜੀਆਂ ਵਿਚ ਇਕ ਬਹੁਤ ਹੀ ਰਮਣੀਕ ਸਥਾਨ ਤੇ ਛੋਟਾ ਜਿਹਾ ਪਿੰਡ ਜੋਰੇ-ਕੇ-ਗੱੜ ਹੈ ਜਿਥੇ ਕਿ 13 ਕੱਤਕ ਬਿਕਰਮੀ ਸੰਮਤ 1727 (27 ਅਕਤੂਬਰ 1670) ਰਾਮ ਦੇਵ ਭਾਰਦਵਾਜ, ਜੋ ਕਿ ਇਕ ਰਾਜਪੂਤ ਸੀ, ਦੇ ਘਰ ਇਕ ਪੁੱਤਰ ਨੇ ਜਨਮ ਲਿਆ। ਇਸ ਬੱਚੇ

ਦਾ ਨਾਂ ਲਛਮਣ ਦੇਵ ਰੱਖਿਆ ਗਿਆ। ਉਸ ਵੇਲੇ ਕਿਸ ਨੂੰ ਪਤਾ ਸੀ ਕਿ ਇਹ ਲਛਮਣ ਦੇਵ ਵੱਡਾ ਹੋ ਕੇ ਇਤਨਾ ਮਹਾਨ ਅਤੇ ਸ਼ਕਤੀਸ਼ਾਲੀ ਬਣ ਜਾਵੇਗਾ ਕਿ ਉਸਦਾ ਨਾਂ ਹੀ ਮੁਗਲਾਂ ਨੂੰ ਕਾਂਬਾ ਛੇੜ ਦੇਵੇਗਾ। ਲਛਮਣ ਦੇਵ ਦਾ ਪਿਤਾ ਇਕ ਕਿਰਸਾਨ ਸੀ। ਜਿਵੇਂ ਕਿ ਉਸ ਵੇਲੇ ਦਾ ਰਿਵਾਜ ਸੀ ਬਚਪਨ ਤੋਂ ਹੀ ਲਛਮਣ ਦੇਵ ਘਰ ਦੇ ਕੰਮ ਵਿਚ ਆਪਣੇ ਪਿਤਾ ਦਾ ਹੱਥ ਵਟਾਉਣ ਲੱਗ ਪਿਆ। ਆਪਣੀ ਉਮਰ ਦੇ ਬਾਕੀ ਬੱਚਿਆਂ ਵਾਂਗ ਉਹ ਵੀ ਪਹਿਲਵਾਨੀ, ਤੀਰ ਅੰਦਾਜ਼ੀ, ਸ਼ਿਕਾਰ ਆਦਿ ਖੇਡਾਂ ਵਿਚ ਹਿਸਾ ਲੈਣ ਲਗ ਪਿਆ। ਉਹ ਘੋੜ ਸਵਾਰੀ ਅਤੇ ਨਿਸ਼ਾਨੇਬਾਜ਼ੀ ਦਾ ਵੀ ਸ਼ੌਕੀਨ ਸੀ।"

ਮਾਤਾ ਜੋਗਿੰਦਰ ਕੌਰ ਨੂੰ ਇਹ ਵੀ ਅਹਿਸਾਸ ਸੀ ਕਿ ਉਸਦੇ ਡੇਰੇ ਦੇ ਗੱਦੀ ਨਸ਼ੀਨ ਬਾਬੇ, ਬੰਦਾ ਬਹਾਦਰ ਦੀ ਕੁੱਲ (ਉਸਦੇ ਪੁਤਰ ਰਣਜੀਤ ਸਿੰਘ ਦੇ ਜਾਨਸ਼ੀਨ) ਵਿਚੋਂ ਅਖਵਾਉਂਦੇ ਸਨ ਅਤੇ ਆਪਣਾ ਗੋਤਰ ਸੋਢੀ ਲਿਖਦੇ ਸਨ। ਸੋ ਇਸ ਮਸਲੇ ਦਾ ਹੱਲ ਉਸਨੇ ਇੰਝ ਕੱਢਿਆ "ਜਦੋਂ ਬੰਦੇ ਬਹਾਦਰ ਦੇ ਪੁਤਰ ਰਣਜੀਤ ਸਿੰਘ ਦੀ ਸੁਪਤਨੀ ਮਾਤਾ ਰਾਮਦੇਵੀ ਆਪਣੇ ਪਤੀ ਦੇ ਫੁੱਲ ਜਲ ਪ੍ਰਵਾਹ ਕਰਨ ਲਈ ਹਰਦੁਵਾਰ ਲੈ ਕੇ ਗਈ ਤਾਂ ਜਗਤ ਰਾਮ ਪਾਂਡੇ ਨੇ ਆਪਣੀ ਬਹੀ ਵਿਚ ਇੰਦਰਾਜ ਦਰਜ ਕਰਨ ਲਈ ਮਰਨ ਵਾਲੇ ਦਾ ਜਾਤ ਗੋਤ ਅਤੇ ਕੁਨਬੇ ਬਾਰੇ ਪੁਛਿਆ, ਜਿਹਾ ਕਿ ਕੇਵਲ ਉਸ ਸਮੇਂ ਦਾ ਹੀ ਰਿਵਾਜ ਨਹੀਂ ਸੀ ਬਲਕਿ ਹੁਣ ਵੀ ਇਹੀ ਰਿਵਾਜ ਹੈ। ਉਸ ਸਮੇਂ ਮਾਤਾ ਰਾਮ ਦੇਵੀ ਨੇ ਦੱਸਿਆ ਕਿ ਮਰਨ ਵਾਲਾ ਬਾਬਾ ਬੰਦਾ ਬਹਾਦਰ ਦਾ ਪੁੱਤਰ ਸੀ ਜੋ ਕਿ ਸੋਢੀ ਵੰਸ਼ ਦੇ ਗੁਰੂ ਗੋਬਿੰਦ ਸਿੰਘ ਦਾ ਸਪੁੱਤਰ ਸੀ। ਇਹ ਸੁਣ ਕੇ ਪਾਂਡਾ ਬਹੁਤ ਹੈਰਾਨ ਹੋਇਆ ਅਤੇ ਮਾਤਾ ਤੇ ਵਿਸ਼ਵਾਸ ਨਾ ਕਰਦਾ ਹੋਇਆ ਆਖਣ ਲੱਗਿਆ ਮਾਤਾ ਜੀ ਕੀ ਕਹਿੰਦੇ ਹਨ ? ਗੁਰੂ ਗੋਬਿੰਦ ਸਿੰਘ ਦੇ ਤਾਂ ਕੇਵਲ ਚਾਰ ਪੁੱਤਰ ਸਨ, ਜਿਨ੍ਹਾਂ ਵਿਚੋਂ ਦੋ ਚਮਕੌਰ ਦੇ ਯੁੱਧ ਵਿਚ ਸ਼ਹੀਦੀ ਪਾ ਗਏ ਅਤੇ ਦੋ ਨੂੰ ਸਰਹਿੰਦ ਵਿਚ ਸ਼ਹੀਦ ਕਰ ਦਿਤਾ ਗਿਆ ਸੀ। ਇਹ ਪੰਜਵਾਂ ਪੁੱਤਰ ਕਿੱਥੋਂ ਆ ਗਿਆ। ਮਾਤਾ ਜੀ ਨੇ ਸਹਿਜ ਨਾਲ ਆਖਿਆ ਥੋੜਾ ਸੰਤੋਖ ਕਰੋ ਅਤੇ ਜੋ ਮੈਂ ਆਖਿਆ ਹੈ ਸੋਈ ਵਹੀ ਵਿਚ ਲਿਖੋ। ਮਾਤਾ ਨੇ ਫਿਰ ਉਸਨੂੰ ਸਮਝਾਂਦਿਆਂ ਹੋਇਆਂ ਦੱਸਿਆ ਕਿ ਗੁਰੂ ਜੀ ਦੇ ਘਰ ਸਰੀਰਕ ਸੰਬੰਧ ਨਾਲ ਚਾਰ ਪੁੱਤਰ ਜਨਮੇ ਸਨ ਪਰ ਇਹ ਪੰਜਵਾਂ ਉਨ੍ਹਾਂ ਦਾ ਧਰਮ ਦਾ ਪੁੱਤਰ ਸੀ। ਇਹੀ ਤੱਥ ਪਾਂਡੇ ਦੀ ਵਹੀ ਵਿਚ ਲਿਖੇ ਮਿਲਦੇ ਹਨ।"

ਇਸ ਭੰਬਲ ਭੂਸੇ ਵਿਚ ਨਾ ਜਾਣੇ ਕਿਉਂ ਜੰਮੂ ਕਸ਼ਮੀਰ ਰਾਜ ਦੇ ਸਿੱਖਾਂ ਨੇ ਪਿਛੇ ਜਿਹੇ ਇਕ ਹੋਰ ਬਾਬ ਜੋੜ ਦਿਤਾ। ਉਹਨਾਂ ਦਾ ਦਾਅਵਾ ਹੈ ਕਿ ਰਾਜੌਰੀ ਤੋਂ ਲਗਭਗ ਪੰਜਾਹ ਕਿਲੋਮੀਟਰ ਦੂਰ ਤੱਛਲ ਵਿਚ ਉਹਨਾਂ ਨੂੰ ਉਸ ਬਰਬਾਦ ਕਿਲ੍ਹੇ ਦੇ ਨਿਸ਼ਾਨ ਮਿਲੇ ਨੇ ਜਿਥੇ ਕਿ ਬੰਦੇ ਦਾ ਜਨਮ ਹੋਇਆ ਸੀ। ਉਹਨਾਂ ਅਨੁਸਾਰ ਬੰਦੇ ਦਾ ਪਿਤਾ ਇਕ ਪਹਾੜੀ ਰਾਜਾ ਸੀ ਜੋ ਕਿ ਤੱਛਲ ਦੇ ਆਲੇ ਦੁਆਲੇ ਦੇ ਇਲਾਕੇ ਤੇ ਰਾਜ ਕਰਦਾ ਸੀ। ਮਾਸਿਕ ਰਸਾਲੇ 'ਕੌਮੀ ਏਕਤਾ ਇੰਟਰਨੈਸ਼ਨਲ' ਦੇ ਜੁਲਾਈ 1994 ਦੇ ਅੰਕ ਵਿਚ ਗਿਆਨੀ ਭਜਨ ਸਿੰਘ ਲਿਖਦੇ ਹਨ "ਹੁਣੇ ਜਿਹੇ ਜੰਮੂ ਅਤੇ ਕਸ਼ਮੀਰ ਦੇ ਸਿੱਖਾਂ ਨੇ ਸਰਕਾਰੀ ਦਸਤਾਵੇਜ਼ਾਂ ਦੇ ਅਧਾਰ ਤੇ ਤੱਛਲ ਪਿੰਡ ਦੇ ਨੇੜੇ ਉਸ ਕਿਲੇ ਦੇ ਖੰਡਰਾਤ ਭਾਲ ਲਏ ਹਨ ਜਿੱਥੇ ਬੰਦਾ ਬਹਾਦਰ ਦਾ ਜਨਮ ਹੋਇਆ ਸੀ। ਇਸ ਜਗਾ ਤੇ ਉਹ ਬੰਦੇ ਬਹਾਦਰ ਦੀ ਯਾਦ ਵਿਚ ਇਕ ਗੁਰਦੁਆਰਾ ਉਸਾਰਨਾ ਚਾਹੁੰਦੇ ਹਨ। ਸੋ ਇਸ ਲਈ ਉਹਨਾਂ ਇਥੇ ਨਿਸ਼ਾਨ ਸਾਹਿਬ ਸਥਾਪਤ ਕਰਨ ਦੀ ਰਸਮ

ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ (ਬੰਗਲਾ ਦੇਸ਼ ਦੀ ਮੁਕਤੀ ਦੀ ਲੜਾਈ ਦਾ ਹੀਰੋ) ਦੇ ਹੱਥੋਂ ਕਰਵਾਈ। ਸੰਭਵਤਾ ਬੰਦੇ ਦੀ 1716 'ਚ ਹੋਈ ਸ਼ਹਾਦਤ ਉਪਰੰਤ ਮੁਗਲਾਂ ਵੱਲੋਂ ਇਸ ਕਿਲ੍ਹੇ ਨੂੰ ਢਾਹ ਦਿਤਾ ਗਿਆ ਸੀ। ਹੁਣ ਢਾਹ ਦਿਤੇ ਗਏ ਕਿਲ੍ਹੇ ਦੀਆਂ ਨੀਹਾਂ ਦੇ ਕੁੱਝ ਅੰਸ਼ ਹੀ ਦਿਸਦੇ ਹਨ।"

ਭਾਵੇਂ ਕਿ ਜੰਮੂ ਅਤੇ ਕਸ਼ਮੀਰ ਦੇ ਸਿੱਖਾਂ ਦੀ ਇਸ ਲੱਭਤ ਨੂੰ ਕੁੱਝ ਲਾਈਲੱਗ ਲੋਕਾਂ ਵੱਲੋਂ ਜੋਸ਼ ਦੇ ਵੱਲਵਲੇ ਵਿਚ ਐਵੇਂ ਨਿਸ਼ਾਨੀਆਂ ਭਾਲਦੇ ਫਿਰਨਾ ਆਖ ਕੇ ਖਾਰਜ ਕੀਤਾ ਜਾ ਸਕਦਾ ਸੀ ਪ੍ਰੰਤੂ ਅਖਿਲ ਭਾਰਤੀ ਬੰਦਈ ਸਿੱਖ ਸੰਪ੍ਰਦਾ ਦੇ ਸਕੱਤਰ ਸ਼੍ਰੀ ਵੇਦ ਪ੍ਰਕਾਸ਼ ਮੱਕੜ ਵੱਲੋਂ ਇਸ ਵਿਚਾਰ ਦਾ ਸਮੱਰਥਨ ਹੈਰਾਨਕੁਨ ਹੈ। ਜਲੰਧਰ ਤੋਂ ਛੱਪਦੇ ਪੰਜਾਬ ਕੇਸਰੀ ਵਿਚ ਸ਼੍ਰੀ ਮੱਕੜ ਲਿਖਦੇ ਹਨ ਕਿ ਬੰਦਾ ਜੰਮੂ ਅਤੇ ਕਸ਼ਮੀਰ ਰਾਜ ਦੇ ਰਾਜੌਰੀ ਜ਼ਿਲੇ ਦੇ ਪਿੰਡ ਤੱਛਲ ਵਿਚ 16 ਅਕਤੂਬਰ 1670 ਨੂੰ ਸ਼੍ਰੀ ਰਾਮਦੇਵ ਭਾਰਦਵਾਜ ਦੇ ਘਰ ਜਨਮਿਆ। ਪਰ ਸ਼੍ਰੀ ਮੱਕੜ ਸਪਸ਼ਟ ਨਹੀਂ ਕਰਦੇ ਕਿ ਸ਼੍ਰੀ ਰਾਮਦੇਵ ਭਾਰਦਵਾਜ ਬ੍ਰਾਹਮਣ ਸੀ ਜਾਂ ਰਾਜਪੂਤ। ਕੁਝ ਵੀ ਹੋਵੇ ਬੰਦੇ ਦੇ ਜਨਮ ਅਸਥਾਨਾਂ ਦੀ ਲੰਬੀ ਸੂਚੀ ਵਿਚੋਂ ਹੁਣ ਤੱਛਲ ਨੂੰ ਖਾਰਿਜ ਨਹੀਂ ਕੀਤਾ ਜਾ ਸਕਦਾ।

ਜੇ.ਡੀ.ਕਨਿੰਘਮ 'ਹਿਸਟਰੀ ਆਫ ਦਾ ਸਿੱਖਜ਼' (ਪਹਿਲੀ ਛਾਪ 1849) ਦਾ ਮਸ਼ਹੂਰ ਲੇਖਕ ਲਿਖਦਾ ਹੈ ਕਿ ਬੰਦਾ ਦੱਖਣ ਭਾਰਤ ਦਾ ਬਸ਼ਿੰਦਾ ਸੀ। ਪ੍ਰੰਤੂ ਉਸਨੂੰ ਅਜਿਹਾ ਯਕੀਨ ਕਿਵੇਂ ਹੋਇਆ, ਇਸ ਦਾ ਕੀ ਅਧਾਰ ਸੀ ? ਇਸ ਬਾਰੇ ਉਹ ਉੱਕਾ ਹੀ ਖਾਮੋਸ਼ ਹੈ। ਉਸਨੇ ਆਪਣੀ ਇਸ ਜਾਣਕਾਰੀ ਦਾ ਕੋਈ ਹਵਾਲਾ ਜਾਂ ਪ੍ਰਮਾਣ ਦੇਣ ਦੀ ਖੇਚਲ ਨਹੀਂ ਕੀਤੀ। ਸ਼ਾਇਦ ਇਸ ਲਈ ਉਸ ਪਾਸ ਨਾ ਸਮਾਂ ਸੀ ਅਤੇ ਨਾ ਹੀ ਥਾਂ। ਇਸ ਲਈ ਉਸਨੇ ਸਭ ਕੁਝ ਪਾਠਕ ਦੀ ਆਪਣੀ ਸੋਚ ਸਮਝ ਜਾਂ ਮਰਜੀ ਤੇ ਹੀ ਛੱਡ ਦਿਤਾ ਜਾਪਦਾ ਹੈ। ਮੇਜਰ ਏ.ਈ. ਬਰਸਟੋਅ ਵੀ ਆਪਣੀ ਪੁਸਤਕ 'ਹੈਂਡਬੁੱਕ ਆਨ ਸਿੱਖਸ' ਵਿਚ ਬੰਦਾ ਬਹਾਦਰ ਨੂੰ ਦੱਖਣ ਭਾਰਤ ਦਾ ਬਸ਼ਿੰਦਾ ਹੀ ਮੰਨਦਾ ਹੈ ਅਤੇ ਕਹਿੰਦਾ ਹੈ ਕਿ ਉਹ ਭਗੌੜਾ ਪੇਸ਼ਵਾ ਸੀ। ਭਾਵੇਂ ਕੁਝ ਵੀ ਹੋਵੇ ਪਰ ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਬੰਦੇ ਦੀ ਬੋਲ ਬਾਣੀ ਵਿਚ ਮਰਾਠੀ ਸ਼ਬਦਾਂ ਦੀ ਭਰਮਾਰ ਸੀ ਅਤੇ ਲਹਿਜਾ ਵੀ ਪੰਜਾਬੋਂ ਬਾਹਰ ਦਾ ਸੀ। ਉਸਦੇ ਹੋਰ ਵਚਿਤਰ ਗੁਣਾਂ ਵਿਚ ਗੁਰੀਲਾ ਯੁੱਧ ਵਿਚ ਮੁਹਾਰਤ ਵੀ ਸ਼ਾਮਲ ਸੀ ਅਤੇ ਇਹ ਯੁੱਧ ਕਲਾ ਮੈਦਾਨਾਂ ਅਤੇ ਉਤਰ-ਪੱਛਮੀਂ ਭਾਰਤ ਦੇ ਪਹਾੜੀ ਇਲਾਕੇ ਵਿਚ ਉਕਾ ਹੀ ਅਲੋਪ ਸੀ। ਇਤਿਹਾਸ ਵਿਚ ਕਿਤੇ ਵੀ ਐਸੀ ਗਵਾਹੀ ਨਹੀਂ ਮਿਲਦੀ ਕਿ ਬੰਦਾ ਬਹਾਦਰ ਤੋਂ ਪਹਿਲਾਂ ਇਸ ਇਲਾਕੇ ਵਿਚ ਕਿਸੇ ਸਮੇਂ ਭੀ ਗੁਰੀਲਾ ਯੁੱਧ ਕਲਾ ਦਾ ਇਸਤੇਮਾਲ ਹੋਇਆ ਹੋਵੇ।

ਮੇਜਰ ਜੇਮਜ਼ ਬਰਾਉਨ (ਇੰਡੀਆ ਟਰੈਕਟਸ -....... 9) ਦਾ ਮੱਤ ਹੈ ਕਿ ਬੰਦਾ ਜਲੰਧਰ ਦੁਆਬ ਦੇ ਪਿੰਡ ਪੰਡੋਰੀ ਦਾ ਵਸਨੀਕ ਸੀ। ਡਾ. ਗੰਡਾ ਸਿੰਘ ਲਿਖਦਾ ਹੈ ਕਿ ਭਰਪੂਰ ਯਤਨਾਂ ਦੇ ਬਾਵਜੂਦ ਉਹ ਇਸ ਪੰਡੋਰੀ ਪਿੰਡ ਨੂੰ ਨਹੀਂ ਲੱਭ ਸਕਿਆ ਕਿਉਂਜੋ ਇਸੇ ਨਾਂ ਦੇ ਕਾਫੀ ਸਾਰੇ ਪਿੰਡ ਜਲੰਧਰ ਦੁਆਬ ਵਿਚ ਹਨ। ਪਰ ਆਪਣੀ ਇਸ ਭਾਲ ਦੌਰਾਨ ਉਸਨੂੰ ਇਹ ਜ਼ਰੂਰ ਪਤਾ ਲੱਗਿਆ ਕਿ ਪਿੰਡ ਬਰਸਾਮਪੁਰ, ਜੋ ਕਿ ਜਲੰਧਰ ਸ਼ਹਿਰ ਤੋਂ ਚੜ੍ਹਦੀ ਵੱਲ ਅਤੇ ਜਲੰਧਰ ਛਾਉਣੀ ਦੇ ਪੂਰਵ-ਉਤਰ 'ਚ ਹੈ, ਦੇ ਵਸਨੀਕ ਬੰਦੇ ਨੂੰ ਆਪਣੇ ਪਿੰਡ ਦਾ ਹੋਣਾ ਦੱਸਦੇ ਹਨ। ਪਿੰਡ ਵਿਚ ਇਕ ਵੱਡਾ ਪਿਪਲ ਹੈ ਜਿਸਦੀ ਸਥਾਨਕ ਲੋਕਾਂ ਵਿਚ

ਬਹੁਤ ਮਾਨਤਾ ਹੈ। ਉਹਨਾਂ ਦਾ ਵਿਸ਼ਵਾਸ ਹੈ ਕਿ ਇਹ ਉਸੇ ਥਾਂ ਤੇ ਖੜਾ ਹੈ ਜਿਥੇ ਲਛਮਣ ਦਾਸ (ਭਾਵ ਬੰਦਾ) ਦਾ ਜਨਮ ਹੋਇਆ ਸੀ। ਉਸਨੂੰ ਇਹ ਵੀ ਪਤਾ ਲੱਗਿਆ ਕਿ ਮੇਜਰ ਜੇਮਜ਼ ਬਰਾਉਨ ਦੇ ਕਥਨ ਤੋਂ ਪ੍ਰਭਾਵਿਤ ਹੋ ਕੇ ਪਾਤੜਾਂ ਪਿੰਡ ਦੇ ਮਾਸਟਰ ਮੋਤਾ ਸਿੰਘ ਨੇ ਬੰਦੇ ਦੇ ਇਸ ਕਥਿਤ ਜਨਮ ਸਥਾਨ ਤੇ ਇਲਾਕੇ ਦੇ ਪਤਵੰਤੇ ਲੋਕਾਂ ਦੇ ਸਹਿਯੋਗ ਨਾਲ ਮਾਇਆ ਇਕੱਠੀ ਕਰ ਕੇ ਗੁਰਦੁਆਰਾ ਉਸਾਰਨ ਹਿੱਤ ਯਤਨ ਕੀਤਾ। ਡਾ. ਗੰਡਾ ਸਿੰਘ ਲਿਖਦਾ ਹੈ "ਪਰ ਮੁਸ਼ਕਿਲ ਇਹ ਹੈ ਕਿ ਮਾਸਟਰ ਮੋਤਾ ਸਿੰਘ ਦੇ ਇਸ ਵਿਸ਼ਵਾਸ ਦੀ ਪ੍ਰੋੜਤਾ ਲਈ ਆਂਢ ਗੁਆਂਢ ਵਿਚ ਪੰਡੋਰੀ ਨਾਂ ਦਾ ਕੋਈ ਪਿੰਡ ਨਹੀਂ ਹੈ।" ਸੋ ਇਸ ਹਾਲਾਤ ਵਿਚ ਡਾ. ਗੰਡਾ ਸਿੰਘ ਕੋਲ ਬੰਦੇ ਦੇ ਜਨਮ ਸਥਾਨ ਬਾਰੇ ਪੁਰਾਣੀ ਅਤੇ ਮਕਬੂਲ ਧਾਰਨਾ, ਕਿ ਉਹ ਪੱਛਮੀ ਕਸ਼ਮੀਰ ਦੀ ਪੁੰਛ ਰਾਜ ਦੇ ਪਿੰਡ ਰਾਜੌਰੀ ਦਾ ਜੰਮਪਲ ਸੀ, ਨੂੰ ਮੰਨਣ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿ ਗਿਆ ਸੀ।

ਡਾ. ਹਰੀ ਰਾਮ ਗੁਪਤਾ (ਹਿਸਟਰੀ ਆਫ ਸਿੱਖਜ਼ ਭਾਗ 2) ਬੰਦੇ ਦੇ ਜਨਮ ਸਥਾਨ ਬਾਰੇ ਉਪਰੋਕਤ ਕਿਸੇ ਵੀ ਧਾਰਨਾ ਨੂੰ ਮੰਨਣ ਤੋਂ ਇਨਕਾਰੀ ਹੈ। ਉਸ ਅਨੁਸਾਰ ਬੰਦਾ ਨਾਹਨ ਦੀ ਪਹਾੜੀ ਰਿਆਸਤ ਸਿਰਮੌਰ ਤੋਂ ਬਿਨਾਂ ਹੋਰ ਕਿਧਰੇ ਵੀ ਜਨਮਿਆ ਨਹੀਂ ਹੋ ਸਕਦਾ। ਆਪਣੇ ਇਸ ਵਿਚਾਰ ਦੀ ਪ੍ਰੋੜਤਾ ਲਈ ਉਸ ਨੇ ਦਸ ਦਲੀਲਾਂ ਦਿਤੀਆਂ ਹਨ ਜਿਨ੍ਹਾਂ ਚੋਂ ਕੁਝ ਇਕ ਮਹੱਤਵਪੂਰਨ ਹੇਠਾਂ ਦਿਤੀਆਂ ਜਾਂਦੀਆਂ ਹਨ।

1. ਗੁਰੂ ਗੋਬਿੰਦ ਸਿੰਘ ਜੀ ਦੀਆਂ ਸਰਗਰਮੀਆਂ ਸਤਲੁਜ ਅਤੇ ਜਮਨਾ ਨਦੀਆਂ ਦੇ ਦਰਮਿਆਨ ਪੈਂਦੇ ਇਲਾਕੇ ਵਿਚ ਹੀ ਸੀਮਿਤ ਰਹੀਆਂ ਸਨ ਅਤੇ ਉਹ 1685 ਤੋਂ ਲੈ ਕੇ 1688 ਤੀਕਰ ਹਿਮਾਚਲ ਪ੍ਰਦੇਸ਼ ਦੇ ਨਾਹਨ ਜ਼ਿਲੇ ਵਿਚ ਪੈਂਦੇ ਪਾਉਂਟਾ ਸਾਹਿਬ ਵਿਚ ਰਹੇ ਸਨ। ਗੁਰੂ ਜੀ ਪਾਉਂਟਾ ਸਾਹਿਬ ਦੇ ਆਲੇ ਦੁਆਲੇ ਅਤੇ ਪਾਉਂਟਾ ਤੇ ਨਾਹਨ ਦੇ ਦੱਖਣ ਵਿਚ ਅਕਸਰ ਹੀ ਸ਼ਿਕਾਰ ਖੇਡਣ ਜਾਂਦੇ ਸਨ। ਬੰਦਾ ਖੁਦ ਵੀ ਇਕ ਤਕੜਾ ਸ਼ਿਕਾਰੀ ਸੀ। ਇੰਝ ਲਗਦਾ ਹੈ ਕਿ ਸ਼ਿਕਾਰ ਖੇਡਦੇ ਸਮੇਂ ਗੁਰੂ ਜੀ ਦੀ ਬੰਦੇ ਨਾਲ ਕਈ ਵੇਰ ਮੁਲਾਕਾਤ ਹੋਈ ਸੀ। ਇਹ ਨਹੀਂ ਹੋ ਸਕਦਾ ਕਿ ਬਿਨਾਂ ਕਿਸੇ ਪੁਰਾਣੀ ਜਾਣ ਪਹਿਚਾਣ ਤੋਂ ਹੀ ਗੁਰੂ ਜੀ ਕਰੀਬ ਦੋ ਹਜ਼ਾਰ ਕਿਲੋਮੀਟਰ ਦੀ ਲੰਬੀ ਯਾਤਰਾ ਕਰਕੇ ਕੇਵਲ ਦੋ ਹਫਤੇ ਦੇ ਤਜਰਬੇ ਦੇ ਅਧਾਰ ਤੇ ਹੀ ਨਾਦੇੜ ਵਿਖੇ ਆਪਣੇ ਪਿਆਰੇ ਖਾਲਸੇ ਦੀ ਅਗਵਾਈ ਲਈ ਵਾਗਡੋਰ ਬੰਦੇ ਨੂੰ ਆਪਣਾ ਨਾਇਬ ਥਾਪ ਕੇ ਸੰਭਾਲ ਦੇਣ।

2. ਗੁਰੂ ਗੋਬਿੰਦ ਸਿੰਘ ਜੀ ਦੀ ਬੋਲੀ ਹਿੰਦੀ ਅਤੇ ਪੰਜਾਬੀ ਦਾ ਮਿਲਗੋਭਾ ਸੀ। ਬੰਦਾ ਵੀ ਅਜਿਹੀ ਹੀ ਬੋਲੀ ਬੋਲਦਾ ਹੋਵੇਗਾ ਨਹੀਂ ਤਾਂ ਸਿੱਖ ਇੰਨੀ ਜਲਦੀ ਉਸ ਨਾਲ ਨਾ ਜੁੜਦੇ। ਇਸੇ ਕਾਰਨ ਹੀ ਸਿੱਖਾਂ ਅਤੇ ਹਿੰਦੂਆਂ ਨੇ ਬੰਦੇ ਨੂੰ ਆਪਣੇ ਵਿਚੋਂ ਹੀ ਸਮਝਿਆ। ਇਹ ਭਾਸ਼ਾ ਹੁਣ ਵੀ ਅੰਬਾਲਾ ਜ਼ਿਲੇ ਵਿਚ ਅਤੇ ਨਾਹਨ ਜ਼ਿਲੇ ਦੇ ਦੱਖਣੀ ਭਾਗਾਂ ਵਿਚ ਬੋਲੀ ਜਾਂਦੀ ਹੈ।

3. ਇਸੇ ਖਿੱਤੇ ਵਿਚ ਬੰਦੇ ਦੀਆਂ ਕਾਰਵਾਈਆਂ ਵੀ ਸਾਫ ਤੌਰ ਤੇ ਇਹੀ ਦਸਦੀਆਂ ਹਨ ਕਿ ਉਹ ਇਸ ਖਿਤੇ ਦੇ ਚੱਪੇ-ਚੱਪੇ ਤੋਂ ਵਾਕਿਫ ਸੀ।

4. ਆਪਣੀ ਰਾਜਧਾਨੀ ਮੁਖਲਿਸਗੜ ਬਣਾਉਣਾ ਵੀ ਇਹੀ ਦਰਸਾਉਂਦਾ ਹੈ ਕਿ ਉਹ ਇਸ ਖਿਤੇ ਤੋਂ ਭਲੀਭਾਂਤ ਵਾਕਿਫ ਸੀ।

5. ਸ਼ਿਵਾਲਿਕ ਦੀਆਂ ਇਹਨਾਂ ਪਹਾੜੀਆਂ ਵਿਚ ਅਲੋਪ ਹੋ ਕੇ ਇਕੋ ਦਿਨ 'ਚ ਕੀਰਤਪੁਰ ਆ ਨਿਕਲਣਾ ਵੀ ਉਸਦੀ ਇਸ ਇਲਾਕੇ ਦੇ ਚੱਪੇ-ਚੱਪੇ ਬਾਰੇ ਚੰਗੀ ਵਾਕਫੀਅਤ ਦਾ ਸਬੂਤ ਹੈ।

6. ਦਸੰਬਰ 1710 ਵਿਚ ਜਦੋਂ ਬੰਦਾ ਮੁਖਲਿਸਗੜ ਉਰਫ ਲੋਹਗੜ ਦੇ ਕਿਲੇ ਵਿਚੋਂ ਬਚ ਨਿਕਲਿਆ ਤਾਂ ਨਾਹਨ ਦੇ ਰਾਜਾ ਭੂਪ ਪ੍ਰਕਾਸ਼ ਨੂੰ ਗ੍ਰਿਫਤਾਰ ਕਰਕੇ ਲੋਹੇ ਦੇ ਪਿੰਜਰੇ 'ਚ ਪਾ ਦਿੱਲੀ ਭੇਜ ਦਿਤਾ ਗਿਆ ਸੀ। ਪਰ ਬੰਦਾ ਕੇਵਲ ਨਾਹਨ ਹੀ ਨਹੀਂ ਬਲਕਿ ਨਾਲਾਗੜ੍ਹ, ਬਿਲਾਸਪੁਰ, ਕਾਂਗੜਾ ਅਤੇ ਚੰਬੇ ਦੀਆਂ ਰਿਆਸਤਾਂ ਵਿਚੋਂ ਵੀ ਲੰਘ ਕੇ ਕੀਰਤਪੁਰ ਪੁੱਜਾ ਸੀ ਪਰ ਹੋਰ ਕਿਸੇ ਵੀ ਰਿਆਸਤ ਦੇ ਮੁਖੀ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਇੰਝ ਲੱਗਦਾ ਹੈ ਕਿ ਰਾਜਾ ਨਾਹਨ ਨੂੰ ਸਜ਼ਾ ਇਸ ਕਰਕੇ ਨਹੀਂ ਦਿੱਤੀ ਗਈ ਕਿ ਬੰਦਾ ਉਸ ਦੀ ਰਿਆਸਤ ਵਿਚੋਂ ਬਚ ਨਿਕਲਿਆ ਸਗੋਂ ਇਸ ਕਰਕੇ ਦਿਤੀ ਗਈ ਕਿ ਬੰਦਾ ਉਸ ਦੀ ਰਿਆਸਤ ਦਾ ਬਸ਼ਿੰਦਾ ਸੀ ਤੇ ਉਸਨੂੰ ਗ੍ਰਿਫਤਾਰ ਕਰਨਾ ਉਸਦੀ ਜ਼ਿੰਮੇਵਾਰੀ ਸੀ।

7. ਬੰਦੇ ਵੱਲੋਂ ਜ਼ਿਮੀਂਦਾਰੀ ਪ੍ਰਥਾ ਦਾ ਖਾਤਮਾ ਇਸ ਭੂਗੋਲਿਕ ਖਿਤੇ ਬਾਰੇ ਉਸਦੀ ਜਾਣਕਾਰੀ ਨੂੰ ਦਰਸਾਉਂਦਾ ਹੈ। ਜਗੀਰਦਾਰੀ ਪ੍ਰਥਾ ਅਧੀਨ ਇਥੋਂ ਦੀ ਜ਼ਮੀਨ ਦੀ ਮਾਲਕੀ ਜ਼ਿਮੀਂਦਾਰ ਕੋਲ ਹੁੰਦੀ ਸੀ ਤੇ ਅਸਲੀ ਹੱਲਵਾਹਕ ਉਸਦਾ ਮੁਜ਼ਾਰਾ ਹੁੰਦਾ ਸੀ। ਅਜਿਹਾ ਪ੍ਰਬੰਧ ਕੇਵਲ ਨਾਹਨ ਰਿਆਸਤ ਤੱਕ ਹੀ ਸੀਮਤ ਨਹੀਂ ਸੀ ਸਗੋਂ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿਚ ਪੈਂਦੇ ਅੰਬਾਲਾ ਜ਼ਿਲ੍ਹੇ ਦੇ ਇਲਾਕੇ ਵਿਚ ਵੀ ਪ੍ਰਚੱਲਤ ਸੀ। ਇਸ ਇਲਾਕੇ ਦੇ ਜ਼ਿਮੀਂਦਾਰ ਜ਼ਿਆਦਾਤਰ ਮੁਸਲਮਾਨ ਸਨ ਅਤੇ ਮੁਜ਼ਾਰੇ ਹਿੰਦੂ, ਜੱਟ ਅਤੇ ਗੁੱਜਰ।

'ਸਿੱਖਾਂ ਦੇ ਮਹਾਨ ਗੁਰੂ' ਦੇ ਲਿਖਾਰੀ ਡਾ. ਓ.ਪੀ. ਰੱਲਹਨ ਨੇ ਵੀ ਬੰਦੇ ਨੂੰ ਸਿਰਮੌਰ ਰਿਆਸਤ ਦਾ ਵਸਨੀਕ ਦਰਸਾਉਣ ਲਈ ਡਾ. ਗੁਪਤਾ ਦੀਆਂ ਦਲੀਲਾਂ ਨੂੰ ਲਗਭਗ ਹੂਬਹੂ ਦੁਹਰਾਇਆ ਹੈ। ਉਸ ਨੇ ਹੋਰ ਕੋਈ ਵੀ ਨਵੀਂ ਜਾਣਕਾਰੀ ਨਹੀਂ ਦਿਤੀ।

'ਹਿਸਟਰੀ ਆਫ ਦ ਸਿੱਖ ਪੀਪਲਜ਼' ਕਿਤਾਬ ਦੇ ਲਿਖਾਰੀ ਡਾ. ਗੋਪਾਲ ਸਿੰਘ ਨੂੰ ਡਾ. ਗੁਪਤਾ ਦੀਆਂ ਬੰਦੇ ਦੇ ਸਿਰਮੌਰ ਦੇ ਵਸਨੀਕ ਹੋਣਾ ਸਿੱਧ ਕਰਨ ਲਈ ਦਿੱਤੀਆਂ ਦਲੀਲਾਂ ਥੋਥੀਆਂ ਜਾਪਦੀਆਂ ਹਨ। ਉਹ ਲਿਖਦਾ ਹੈ " .... ਇਹ ਕੋਈ ਨਿਰਣਾਇਕ ਸਬੂਤ ਨਹੀਂ ਹੈ। ਯੋਧੇ ਅਕਸਰ ਆਪਣੇ ਮੁਖਬਰਾਂ ਜਾਂ ਪੈਰੋਕਾਰਾਂ ਪਾਸੋਂ ਅਣਜਾਣ ਖਿਤੇ ਵਿਚ ਹਮਲਾ ਕਰਨ ਅਤੇ ਬਚ ਨਿਕਲਣ ਦੇ ਰਾਹਾਂ ਦੀ ਜਾਣਕਾਰੀ ਪ੍ਰਾਪਤ ਕਰ ਲੈਂਦੇ ਹਨ।" ਮੁਕਦੀ ਗੱਲ, ਡਾ. ਗੋਪਾਲ ਸਿੰਘ ਲਈ ਬੰਦੇ ਦਾ ਸ਼ਿਵਾਲਿਕ ਅਤੇ ਹਿਮਾਲਿਆ ਦੀਆਂ ਹੇਠਲੀਆਂ ਪਹਾੜੀਆਂ ਦਾ ਚੰਗਾ ਜਾਣਕਾਰ ਹੋਣਾ ਉਸਦੇ ਸਿਰਮੌਰ ਦੇ ਵਾਸੀ ਹੋਣ ਦਾ ਕੋਈ ਵੱਡਾ ਪੁਖਤਾ ਸਬੂਤ ਨਹੀਂ ਹੈ।

ਪੰਜਾਬੀ ਸਾਹਿਤ ਦੇ ਬਾਬਾ ਬੋਹੜ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਇਕ ਨਵਾਂ ਹੀ ਤੀਰ ਕੱਢ ਮਾਰਿਆ ਕਿ ਬੰਦਾ ਬਹਾਦਰ ਕੋਈ ਹੋਰ ਨਹੀਂ ਸਗੋਂ ਗੁਰੂ ਗੋਬਿੰਦ ਸਿੰਘ ਹੀ ਇਕ ਵੱਖਰੇ ਭੇਸ ਵਿਚ ਸਨ। ਹੋ ਸਕਦਾ ਬਾਅਦ ਦੇ ਦਿਨਾਂ ਦੀ ਇਹ ਪ੍ਰਚਲਤ ਗੱਲ ਕਿ ਗੁਰੂ ਗੋਬਿੰਦ ਸਿੰਘ ਅਤੇ ਬੰਦੇ ਦਾ ਮੁਹਾਂਦਰਾ ਏਨਾ ਮਿਲਦਾ ਸੀ ਕਿ ਪਹਿਚਾਣ ਕਰਨੀ ਔਖੀ ਸੀ, ਨੇ ਸੇਖੋਂ ਨੂੰ ਪ੍ਰਭਾਵਿਤ ਕੀਤਾ ਸੀ। ਡਾ. ਹਰੀ ਰਾਮ ਗੁਪਤਾ ਵੀ ਲਿਖਦਾ ਹੈ "ਇਹ ਨਿਆਰੀ ਗੱਲ ਹੈ ਕਿ ਬੰਦੇ ਦਾ ਮੁਹਾਂਦਰਾ ਗੁਰੂ ਗੋਬਿੰਦ ਸਿੰਘ ਨਾਲ ਬਹੁਤ ਮਿਲਦਾ ਸੀ। ਉਹੋ ਜਿਹਾ ਹੀ

ਦਰਮਿਆਨਾ ਕੱਦ, ਭਰਵਾਂ ਸਰੀਰ ਅਤੇ ਉਹੀ ਚਿਹਰੇ ਦਾ ਰੰਗ। ਸਿਰ ਤੇ ਲੰਬੇ ਵਾਲ ਅਤੇ ਚਿਹਰੇ ਦੀ ਭਰਵੀਂ ਦਾੜ੍ਹੀ ਤੇ ਮੁੱਛਾਂ ਨਾਲ ਨੈਣ ਨਕਸ਼ ਵੀ ਉਹੋ ਹੀ ਲਗਦੇ ਸਨ। ਇਸ ਤੋਂ ਇਲਾਵਾ ਦੋਹਾਂ ਦੀ ਬੋਲੀ ਵੀ ਇਕੋ ਸੀ – ਹਿੰਦੀ ਪੰਜਾਬੀ ਦਾ ਮਿਲਗੋਭਾ।" ਅਜਿਹਾ ਤਾਂ ਹੀ ਸੰਭਵ ਹੈ ਜੇਕਰ ਖ਼ਾਫੀ ਖਾਂ ਦੇ ਕਹਿਣ ਮੁਤਾਬਿਕ ਬੰਦੇ ਵਿਚ ਕਾਇਆ ਪਲਟ ਕਰਕੇ ਕੋਈ ਵੀ ਰੂਪ, ਆਦਮੀ ਅਤੇ ਜਾਨਵਰ ਕਿਸੇ ਦਾ ਵੀ, ਧਾਰਨ ਕਰਨ ਦੀ ਸਮਰੱਥਾ ਸੀ। ਨਹੀਂ ਤਾਂ ਫਿਰ ਇਹ ਲੋਕਾਂ ਦੀ ਅਫੀਮ ਦੇ ਨਸ਼ੇ 'ਚ ਘੜੀ ਹੋਈ ਕਹਾਣੀ ਤੋਂ ਵਧੇਰੇ ਕੁਝ ਵੀ ਨਹੀਂ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਡਾ. ਸੁਖਦਿਆਲ ਸਿੰਘ ਆਪਣੀ ਕਿਤਾਬ 'ਖਾਲਸਾ ਰਾਜ ਦਾ ਬਾਨੀ ਬੰਦਾ ਸਿੰਘ ਬਹਾਦੁਰ' ਵਿਚ ਬਹੁਤ ਹੈਰਾਨੀਜਨਕ ਕਹਾਣੀ ਦਸਦਾ ਹੋਇਆ ਕਹਿੰਦਾ ਹੈ "ਬੰਦਾ ਸਿੰਘ ਬਹਾਦਰ ਬਾਦਸ਼ਾਹ ਬਹਾਦੁਰ ਸ਼ਾਹ ਦੀ ਸ਼ਾਹੀ ਫੌਜ ਵਿਚ ਉਸ ਸਿੱਖ ਰਜਮੈਂਟ ਦਾ ਕਮਾਂਡਰ ਸੀ ਜਿਹੜੀ ਬੜੇ ਚਿਰ ਤੋਂ ਗੁਰੂ ਜੀ ਦੀ ਆਗਿਆ ਨਾਲ ਸਿੱਖਾਂ ਨੂੰ ਭਰਤੀ ਕਰਕੇ ਕਾਇਮ ਕੀਤੀ ਗਈ ਸੀ।" ਉਸਦੇ ਵਿਚਾਰ ਅਨੁਸਾਰ "ਬੰਦਾ ਸਿੰਘ ਬਹਾਦਰ ਨਾ ਹੀ ਤਾਂ ਹੰਕਾਰੀ ਸਾਧੂ ਸੀ ਅਤੇ ਨਾ ਹੀ ਗੁਰੂ ਜੀ ਨੇ ਉਸਦੇ ਡੇਰੇ ਵਿਚ ਬੱਕਰੇ ਝਟਕਾਏ ਸਨ। ਅਤੇ ਇਹ ਸਭ ਕਹਾਣੀਆਂ ਮਨਘੜਤ ਹਨ।" ਉਹ ਅੱਗੇ ਲਿਖਦਾ ਹੈ "ਬੰਦਾ ਸਿੰਘ ਦੀਆਂ ਸਾਰੀਆਂ ਕਾਰਵਾਈਆਂ ਆਪਣੇ ਆਪ ਦਸਦੀਆਂ ਹਨ ਕਿ ਉਸ ਨੂੰ ਜੰਗਾਂ-ਯੁੱਧਾਂ ਦੀ ਨੀਤੀ ਦਾ ਹੀ ਗਿਆਨ ਨਹੀਂ ਸੀ ਬਲਕਿ ਉਸਨੂੰ ਉਸ ਸਮੇਂ ਦੇ ਮੁਲਕ ਦੀ ਸਮੁੱਚੀ ਰਾਜਨੀਤੀ ਅਤੇ ਜੁਗਰਾਫੀਏ ਦੀ ਵੀ ਪੂਰੀ ਸਮਝ ਸੀ। ਉਸ ਵੱਲੋਂ ਲਏ ਗਏ ਰਾਜਨੀਤਿਕ ਫੈਸਲੇ ਆਪਣੇ ਆਪ ਦਸਦੇ ਹਨ ਕਿ ਬੰਦਾ ਸਿੰਘ ਉਚ ਕੋਟੀ ਦਾ ਰਾਜਨੀਤੀਵਾਨ ਵੀ ਸੀ। ਅਜਿਹਾ ਕੰਮ ਕੋਈ ਸ਼ਰਾਰਤੀ ਸਾਧ ਜਾਂ ਬੈਰਾਗੀ ਸਾਧ ਨਹੀਂ ਕਰ ਸਕਦਾ।" ਇਹ ਇਕ ਮੂਲੋਂ ਹੀ ਨਵਾਂ ਨਜ਼ਰੀਆ ਹੈ ਅਤੇ ਕਮਜ਼ੋਰੀਆਂ ਦੇ ਬਾਵਜੂਦ ਗੰਭੀਰ ਵਿਚਾਰ ਦੀ ਮੰਗ ਕਰਦਾ ਹੈ। ਸੰਖੇਪ ਵਿਚ ਆਖਿਆਂ ਬੰਦਾ ਇਕ ਅਜਿਹੀ ਬੁਝਾਰਤ ਹੈ ਜਾਂ ਰਹੱਸ ਵਿਚ ਲਿਪਟੀ ਅੜਾਉਣੀ ਹੈ ਜੋ ਸੌਖਿਆਂ ਹੱਲ ਨਹੀਂ ਕੀਤੀ ਜਾ ਸਕਦੀ ਅਤੇ ਇਹੀ ਕਾਰਨ ਹੈ ਕਿ ਉਸ ਦੀਆਂ ਜੜ੍ਹਾਂ ਅਤੇ ਮੁੱਢਲੇ ਸਾਲਾਂ ਬਾਰੇ ਇਤਨਾ ਭੰਬਲ ਭੂਸਾ ਹੈ।

ਪ੍ਰੀਵਾਰਕ ਪਿਛੋਕੜ

ਬੰਦੇ ਦੇ ਜਨਮ ਅਸਥਾਨ ਅਤੇ ਪ੍ਰੀਵਾਰਕ ਪਿਛੋਕੜ ਬਾਰੇ ਪ੍ਰਮਾਣਿਕ ਲਿਖਤੀ ਇਤਿਹਾਸ ਅਤੇ ਭਰੋਸੇ ਯੋਗ ਮੌਖਿਕ ਗਵਾਹੀਆਂ ਦੀ ਅਣਹੋਂਦ ਕਾਰਨ ਇਸ ਮਸਲੇ ਦੇ ਹੱਲ ਲਈ ਇਕੋ ਰਾਹ ਬਚਦਾ ਹੈ ਕਿ ਪ੍ਰਾਪਤ ਸਾਰੇ ਬ੍ਰਿਤਾਂਤਾਂ ਦੀ ਡੂੰਘਾਈ ਨਾਲ ਪੜਚੋਲ ਕਰਕੇ ਜੋ ਮੇਲਯੋਗ ਤੇ ਤਰਕਸੰਗਤ ਨਹੀਂ ਉਸਨੂੰ ਨਕਾਰਦੇ ਜਾਈਏ। ਇਹ ਇਕ ਮੁਸ਼ਕਲ ਅੜਾਉਣੀ ਜ਼ਰੂਰ ਹੈ ਪਰ ਫਿਰ ਵੀ ਇਤਿਹਾਸ ਦੀ ਤੋਟ ਦੇ ਬਾਵਜੂਦ ਕਾਫੀ ਕੁਝ ਲੱਭਿਆ ਜ਼ਰੂਰ ਜਾ ਸਕਦਾ ਹੈ ਅਤੇ ਇਸ ਲਈ ਭਰਪੂਰ ਯਤਨ ਕੀਤਾ ਜਾਣਾ ਬਣਦਾ ਹੈ। ਸੋ ਆਓ ਉਸ ਦੇ ਜਨਮ ਅਸਥਾਨ ਨੂੰ ਨਿਸ਼ਚਤ ਕਰਨ ਤੋਂ ਪਹਿਲਾਂ ਉਸਦੇ ਪ੍ਰੀਵਾਰਕ ਪਿਛੋਕੜ ਦੀ ਪੁਣ-ਛਾਣ ਕਰ ਲਈਏ।

ਕੀ ਬੰਦਾ ਸੋਢੀ ਵੰਸ਼ ਵਿਚੋਂ ਸੀ ?

ਹਾਕਿਮ ਰਾਏ ਦੀ ਲਿਖੀ ਮਹਾਂਕਾਵਿ ਕਿਤਾਬ 'ਅਹਿਵਾਲ ਲਛਮਣ ਦਾਸ ਉਰਫ ਬੰਦਾ ਸਾਹਿਬ ਚੇਲਾ ਗੁਰੂ ਗੋਬਿੰਦ ਸਿੰਘ ਸਾਹਿਬ' ਦੇ ਲਹਿਜੇ ਅਤੇ ਤਰਜ ਤੋਂ ਇੰਝ ਮਹਿਸੂਸ

ਹੁੰਦਾ ਹੈ ਕਿ ਲੇਖਕ ਜਾਂ ਤਾਂ ਬੰਦਈ ਸਿੱਖ ਹੈ ਜਾਂ ਫਿਰ ਰਿਆਸੀ ਸਥਿਤ ਡੇਰਾ ਬਾਬਾ ਬੰਦਾ ਬਹਾਦਰ ਸਾਹਿਬ ਦਾ ਸ਼ਰਧਾਲੂ ਸਿੱਖ ਹੈ। ਉਸਦਾ ਦਾਅਵਾ ਕਿ ਲਛਮਣ ਦਾਸ (ਬੰਦਾ ਬਹਾਦਰ) ਸੋਢੀ ਵੰਸ਼ ਵਿਚੋਂ ਸੀ ਪ੍ਰਤੱਖ ਰੂਪ ਵਿਚ ਡੇਰੇ ਦੇ ਬਾਬਿਆਂ ਵਲੋਂ ਕੀਤੇ ਜਾਂਦੇ ਪ੍ਰਚਾਰ, ਕਿ ਬੰਦਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰੀਵਾਰ ਨਾਲ ਸਬੰਧਤ ਹੋਣ ਕਾਰਨ ਸੋਢੀ ਸੀ, ਤੇ ਹੀ ਅਧਾਰਤ ਹੈ। ਲੇਖਕ ਦੇ ਬੰਦਈ ਹੋਣ ਦੀ ਪੁਸ਼ਟੀ ਉਕਤ ਦੱਸੀ ਕਾਵਿ ਦੀਆਂ ਹੇਠਾਂ ਦਿਤੀਆਂ ਸਤਰਾਂ ਤੋਂ ਹੁੰਦੀ ਹੈ।

ਬਾਦਸ਼ਾਹ ਦਸਵਾਂ ਭਿਓ ਗੁਰੂ ਗੋਬਿੰਦ ਸਿੰਘ ਆਏ,
ਇਕਾਦਸ ਬੰਦਾ ਸਾਹਿਬ ਜੀ ਤੇਰੋ ਸਿੱਖ ਸੁਹਾਏ,
ਢੋਲ, ਮਰਦੰਗ, ਪਖਾਵਜ ਸੰਗ ਬਜਾਵਤ ਬਾਜੇ, ਸ਼ਬਦ ਜੋ ਗਾਵੇ,
ਉਤਰ ਦੇਸ ਨਿਵਾਸ ਕੀਓ, ਜੋ ਨਾਮ ਜਪੇ ਮੁਕਤੀ ਫਲ ਪਾਵੇ,
ਸ੍ਰੀ ਗੁਰੂ ਬੰਦਾ ਸਾਹਿਬ ਕੋ ਧਾਰੋ ਪਰਮ ਸੁਹਾਏ,
ਉਜਲ ਹਾਕਿਮ ਰਾਏ ਨੇ ਸੋਭਾ ਕਹੀ ਬਨਾਏ ॥

ਦੂਸਰੀ ਸਭ ਤੋਂ ਪ੍ਰਮੁੱਖ ਕਮਜ਼ੋਰੀ ਇਸ ਲਿਖਤ ਵਿਚ ਇਹ ਹੈ ਕਿ ਲੇਖਕ ਬੰਦੇ ਦੀ ਸ਼ਹਾਦਤ ਬਾਰੇ ਕੋਈ ਗੱਲ ਹੀ ਨਹੀਂ ਕਰਦਾ। ਅਜਿਹਾ ਉਹ ਇਸ ਮਿੱਥ ਨੂੰ ਦ੍ਰਿੜ ਕਰਨ ਲਈ ਕਰਦਾ ਜਾਪਦਾ ਹੈ ਕਿ ਭਾਵੇ ਜਲਾਦਾਂ ਨੇ ਤਸੀਹੇ ਦੇ ਦੇ ਕੇ ਬੰਦੇ ਨੂੰ ਕਤਲ ਕਰ ਦਿਤਾ ਪਰ ਉਸ ਨੇ ਆਪਣੀ ਸਮਾਧੀ ਦੀ ਸ਼ਕਤੀ ਨਾਲ ਜੱਲਾਦਾਂ ਦੇ ਉਥੋਂ ਜਾਣ ਉਪਰੰਤ ਆਪਣੇ ਆਪ ਨੂੰ ਜੀਵਤ ਕਰ ਲਿਆ ਸੀ। ਇਹ ਮਿੱਥ ਅੱਗੇ ਇਉਂ ਚਲਦੀ ਹੈ ਕਿ ਇਸ ਉਪਰੰਤ ਬੰਦੇ ਨੇ ਮੁੜ ਸਿੱਖਾਂ ਦੀ ਅਗਵਾਈ ਸਾਂਭਣ ਤੋਂ ਨਾਂਹ ਕਰ ਦਿਤੀ ਅਤੇ ਜੰਮੂ ਦੇ ਰਿਆਸੀ ਪਰਗਣੇ ਵਿਚ ਚਨਾਬ ਦੇ ਕੰਢੇ ਭਵਾਰ ਵਿਖੇ ਜਾ ਵੱਸਿਆ। ਉਥੇ ਉਸਦੇ ਇਕ ਹੋਰ ਪੁੱਤਰ ਪੈਦਾ ਹੋਇਆ ਅਤੇ ਉਹ ਇਥੇ ਹੀ ਸੰਨ 1741 ਵਿਚ ਸਵਰਗਵਾਸ ਹੋਇਆ। ਉਸਦੇ ਇਸ ਅਸਥਾਨ ਦਾ ਪ੍ਰਬੰਧ ਅੱਜ ਵੀ ਉਸਦੇ ਜਾਨਸ਼ੀਨਾਂ ਕੋਲ ਹੈ। ਇਸੇ ਕਾਰਨ ਕਰਕੇ ਹਾਕਿਮ ਰਾਏ ਦੀ ਲਿਖਤ ਭਰੋਸੇਯੋਗ ਨਹੀਂ।

ਬਾਬਾ ਫਤਿਹ ਸਿੰਘ ਜਦੋਂ ਆਪਣੇ ਪਿਤਾ ਜੁਝਾਰ ਸਿੰਘ ਦੀਆਂ ਅਸਥੀਆਂ ਗੰਗਾ ਪ੍ਰਵਾਹ ਲਈ ਹਰਿਦੁਆਰ ਲੈ ਕੇ ਗਿਆ ਤਾਂ ਉਸ ਵੱਲੋਂ ਪਾਂਡੇ ਭਗਵਾਨ ਦਾਸ ਦੀ ਵਹੀ ਵਿਚ ਜੋ ਇੰਦਰਾਜ ਕਰਵਾਇਆ ਗਿਆ ਉਹ ਮਰਨ ਵਾਲੇ ਦੇ ਅਸਲੀ ਜਾਤ-ਗੋਤਰ ਬਾਰੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਦਿੰਦਾ। ਲਿਖਿਆ ਹੈ 'ਵੰਸ਼ ਗੁਰੂ ਗੋਬਿੰਦ ਸਿੰਘ ਜੀ ਕਾ'। ਕਿਉਂਜੋ ਗੁਰੂ ਗੋਬਿੰਦ ਸਿੰਘ ਜੀ ਸੋਢੀ ਵੰਸ਼ ਵਿਚੋਂ ਸਨ ਸੋ ਨਤੀਜਾ ਕੱਢ ਲਿਆ ਗਿਆ ਕਿ ਜੁਝਾਰ ਸਿੰਘ ਵੀ ਸੋਢੀ ਵੰਸ਼ ਵਿਚੋਂ ਹੀ ਹੈ। ਆਮ ਹਾਲਾਤ ਵਿਚ ਵੰਸ਼ ਗੁਰੂ ਗੋਬਿੰਦ ਸਿੰਘ ਜੀ ਕਾ ਦਾ ਮਤਲਬ ਸੋਢੀ ਵੰਸ਼ ਹੀ ਬਣਦਾ ਹੈ ਪਰ ਇਥੇ ਹਾਲਾਤ ਅਸਾਧਾਰਨ ਹਨ। ਇਥੇ 'ਵੰਸ਼ ਗੁਰੂ ਗੋਬਿੰਦ ਸਿੰਘ ਜੀ ਕਾ' ਦਾ ਇਕ ਵਿਸ਼ੇਸ਼ ਮਤਲਬ ਨਿਕਲਦਾ ਹੈ ਅਤੇ ਇਥੇ ਉਹ ਉਸ ਪਰਿਵਾਰ ਦੀ ਗੱਲ ਕਰਦਾ ਹੈ ਜੋ ਸੰਨ 1699 ਵਿਚ ਖਾਲਸਾ ਪੰਥ ਦੀ ਸਾਜਣਾ ਉਪਰੰਤ ਹੋਂਦ ਵਿਚ ਆਇਆ। ਖਾਲਸਾ ਜਾਤ-ਪਾਤ ਤੋਂ ਨਿਰਲੇਪ ਅੰਮ੍ਰਿਤਧਾਰੀ ਸਿੰਘਾਂ ਦਾ ਸਮੂਹ ਹੈ। ਇਸ ਪੰਥ ਵਿਚ ਸ਼ਾਮਿਲ ਹੋਣ ਵਾਲੇ ਦਾ ਅੰਮ੍ਰਿਤ ਛੱਕਣ ਵੇਲੇ ਪਹਿਲਾਂ ਦਾ ਕਰਮ ਨਾਸ, ਕੁਲ ਨਾਸ, ਕ੍ਰਿਤ ਨਾਸ ਅਤੇ ਧਰਮ ਨਾਸ ਹੋ ਜਾਂਦਾ ਹੈ। ਉਸ ਦਾ ਪਿਤਾ ਗੁਰੂ ਗੋਬਿੰਦ ਸਿੰਘ ਜੀ

ਅਤੇ ਮਾਤਾ ਸਾਹਿਬ ਦੇਵਾ ਬਣ ਜਾਂਦੇ ਹਨ ਅਤੇ ਉਹ ਵਾਸੀ ਅਨੰਦਪੁਰ ਦਾ ਹੋ ਜਾਂਦਾ ਹੈ। ਪਰ ਇਸ ਦਾ ਇਹ ਮਤਲਬ ਨਹੀਂ ਕਿ ਉਸਦਾ ਵੰਸ਼ ਸੋਢੀ ਬਣ ਜਾਂਦਾ ਹੈ।

ਬੰਦੇ ਦੇ ਸੋਢੀ ਵੰਸ਼ ਵਿਚ ਪੈਦਾ ਹੋਣ ਦੇ ਸਪੱਸ਼ਟ ਪ੍ਰਮਾਣ ਦੀ ਅਣਹੋਂਦ ਕਾਰਨ ਹਾਕਿਮ ਰਾਏ ਦੀ ਲਿਖਤ ਅਤੇ ਭਗਵਾਨ ਦਾਸ ਪਾਂਡੇ ਦੀ ਵਹੀ ਦੇ ਇੰਦਰਾਜ ਦਾ ਕੋਈ ਮਤਲਬ ਹੀ ਨਹੀਂ ਰਹਿ ਜਾਂਦਾ। ਇਸੇ ਤਰ੍ਹਾਂ ਹੀ ਵਾਰਾਂ ਲਿਖਣ ਵਾਲਿਆਂ ਨੇ ਵੀ ਬੰਦੇ ਨੂੰ ਖੱਤਰੀ ਸ਼ਾਇਦ ਇਸ ਗੱਲ ਨੂੰ ਅਧਾਰ ਬਣਾ ਕੇ ਆਖਿਆ ਹੈ ਕਿ ਉਸਦਾ ਵਿਆਹ ਵਜੀਰਾਬਾਦ ਦੇ ਸ਼ਿਵਰਾਮ ਦੀ ਪੁਤਰੀ ਨਾਲ ਹੋਇਆ ਸੀ ਜੋ ਕਿ ਮਹਿਰਾ ਜਾਂ ਮਰਵਾਹਾ ਖੱਤਰੀ ਸੀ। ਜੇਕਰ ਅਜਿਹੀਆਂ ਲੋਕ ਕਥਾਵਾਂ ਨੂੰ ਘੜੀ ਦੀ ਘੜੀ ਸੱਚ ਮੰਨ ਵੀ ਲਿਆ ਜਾਵੇ ਤਾਂ ਵੀ ਬੰਦੇ ਦਾ ਖੱਤਰੀ ਹੋਣ ਦਾ ਪ੍ਰਮਾਣ ਨਹੀਂ ਬਣਦਾ ਕਿਉਂਕਿ ਇਹ ਵਿਆਹ ਉਸ ਵੇਲੇ ਦੀਆਂ ਕੱਟੜ ਜਾਤੀ ਬੰਦਸ਼ਾਂ ਤੋਂ ਬਾਹਰ ਸੀ। ਇਸ ਵਿਆਹ ਦਾ ਫੈਸਲਾ ਤਾਂ ਬੀਬੀ ਸਾਹਿਬ ਕੌਰ ਦਾ ਆਪਣੇ ਮਾਪਿਆਂ ਦੀ ਮਰਜ਼ੀ ਤੋਂ ਬਗੈਰ ਖੁਦ ਦਾ ਫੈਸਲਾ ਸੀ ਕਿ ਉਹ ਸਿਰਫ ਤੇ ਸਿਰਫ ਬੰਦੇ ਨਾਲ ਹੀ ਵਿਆਹ ਕਰਵਾਏਗੀ ਕਿਉਂਕਿ ਉਸਨੇ ਅੰਤਰ ਆਤਮੇਂ ਬੰਦੇ ਨੂੰ ਆਪਣਾ ਪਤੀ ਮੰਨ ਲਿਆ ਸੀ। ਕਿਸੇ ਔਰਤ ਦੀ ਜਾਤ-ਗੋਤ ਦੇ ਅਧਾਰ ਤੇ ਉਸਦੇ ਪਤੀ ਦੇ ਜਾਤ-ਗੋਤ ਨਿਸ਼ਚਤ ਕਰਨਾ ਕੋਈ ਠੋਸ ਦਲੀਲ ਨਹੀਂ ਹੈ। ਖਾਸ ਤੌਰ ਤੇ ਉਦੋਂ ਜਦੋਂ ਕਿ ਇਹ ਸ਼ਾਦੀ ਗੰਧਰਵ ਕਿਸਮ ਦੀ ਹੋਵੇ। ਇਸ ਲੋਕ-ਕਥਾ ਦਾ ਉਦੇਸ਼ ਤਾਂ ਕੇਵਲ ਬੰਦੇ ਨੂੰ ਉਚ ਜਾਤ ਦਾ ਦਰਸਾਉਣਾ ਹੀ ਲਗਦਾ ਹੈ।

ਭਾਵੇਂ ਦੇਰ ਨਾਲ ਹੀ ਸਹੀ, ਡੇਰਾ ਬਾਬਾ ਬੰਦਾ ਬਹਾਦਰ ਰਿਆਸੀ ਦੀ ਮਾਤਾ ਜੋਗਿੰਦਰ ਕੌਰ ਨੇ ਆਪਣੀ ਲਿਖਤ (ਸੰਖੇਪ ਜੀਵਨ ਬਾਬਾ ਬੰਦਾ ਬਹਾਦਰ, 1964) ਵਿਚ ਸਪੱਸ਼ਟ ਰੂਪ ਵਿਚ ਇਹ ਗੱਲ ਸਵੀਕਾਰੀ ਹੈ ਕਿ ਬੰਦਾ ਸੋਢੀ ਵੰਸ਼ ਵਿਚੋਂ ਨਹੀਂ ਸੀ।

ਸੋ ਸਪੱਸ਼ਟ ਹੋ ਜਾਂਦਾ ਹੈ ਕਿ ਬੰਦੇ ਦਾ ਜਨਮ ਸੋਢੀ ਵੰਸ਼ ਵਿਚ ਨਹੀਂ ਹੋਇਆ ਸੀ ਅਤੇ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਕੇਵਲ ਧਰਮ - ਪੁੱਤਰ ਸੀ।

ਕੀ ਬੰਦਾ ਰਾਜਪੂਤ ਸੀ ?

ਕੇਵਲ ਮੈਕਾਲਿਫ ਅਤੇ ਰੋਜ਼ ਹੀ ਨਹੀਂ ਸਗੋਂ ਬਹੁਤੇ ਸਿੱਖ ਇਤਿਹਾਸਕਾਰ ਵੀ, ਜਿਨ੍ਹਾਂ ਵਿਚ ਕਰਮ ਸਿੰਘ ਅਤੇ ਡਾ. ਗੰਡਾ ਸਿੰਘ ਵੀ ਸ਼ਾਮਿਲ ਹਨ, ਇਸ ਵਿਚਾਰ ਨਾਲ ਸਹਿਮਤ ਨਜ਼ਰ ਆਉਂਦੇਂ ਹਨ ਕਿ ਬੰਦਾ ਰਾਜੌਰੀ ਦਾ ਰਾਜਪੂਤ ਸੀ। ਡੇਰਾ ਬਾਬਾ ਬੰਦਾ ਬਹਾਦਰ ਦੀ ਮਾਤਾ ਜੋਗਿੰਦਰ ਕੌਰ ਵੀ ਇਸ ਵਿਚਾਰ ਨਾਲ ਸਿਰਫ ਇਕ ਵਖਰੇਵੇਂ ਨਾਲ ਕਿ ਉਹ ਜੋਰੇ-ਕੇ-ਗੜ ਦਾ ਨਿਵਾਸੀ ਸੀ ਸਹਿਮਤ ਹੁੰਦੀ ਹੈ। ਪਰ ਅੱਜ ਤੱਕ ਰਾਜੌਰੀ ਜਾਂ ਇਸ ਦੇ ਆਸ ਪਾਸ ਦੇ ਕਿਸੇ ਵੀ ਰਾਜਪੂਤ ਪਰਿਵਾਰ ਨੇ ਇਸ ਯੋਧੇ ਤੇ ਆਪਣਾ ਹੱਕ ਨਹੀਂ ਜਤਾਇਆ। ਇਥੇ ਇਕ ਹੋਰ ਤੱਥ ਵੀ ਵਿਚਾਰਨ ਵਾਲਾ ਹੈ। ਬੰਦਾ ਲੰਬੇ ਸਮੇ ਲਈ ਜੰਮੂ ਦੇ ਨੇੜੇ ਭਬਾਰ ਵਿਖੇ ਡੇਰਾ ਲਾ ਕੇ ਬੈਠਾ ਰਿਹਾ ਅਤੇ ਆਲੇ ਦੁਆਲੇ ਦੇ ਪਹਾੜੀ ਰਾਜਿਆਂ ਅਤੇ ਜ਼ਿਮੀਂਦਾਰਾਂ ਤੋਂ ਨਜ਼ਰਾਨੇ ਅਤੇ ਲਗਾਨ ਵਸੂਲਦਾ ਰਿਹਾ। ਇਸੇ ਜਗ੍ਹਾ ਉਸਨੇ ਸ਼ਿਵਰਾਮ ਦੀ ਪੁੱਤਰੀ ਸਾਹਿਬ ਕੌਰ ਨਾਲ ਵਿਆਹ ਕਰਵਾਇਆ। ਪਰ ਉਹ ਕਦੇ ਵੀ ਰਾਜੌਰੀ ਨਹੀਂ ਗਿਆ। ਜੇਕਰ ਉਹ ਸੱਚੀ ਹੀ ਰਾਜੌਰੀ ਤੋਂ ਸੀ ਤਾਂ ਫਿਰ ਆਪਣੇ ਕੁਨਬੇ ਤੋਂ ਅਜ਼ਿਹੀ ਉਪਰਾਮਤਾ ਕਿਉਂ ? ਬੰਦੇ ਦੇ ਭੰਬਾਰ ਵਿਖੇ ਡੇਰਾ ਲਾਉਣ ਦਾ ਸਪੱਸ਼ਟ ਪ੍ਰਮਾਣ ਹਾਕਿਮ ਰਾਏ ਦੇ ਇਸ ਦੋਹੇ ਤੋਂ ਮਿਲਦਾ ਹੈ:

ਚੰਦਰ ਭਾਗਾ ਨਦੀ ਕਿਨਾਰੇ ਬੰਦਾ ਤਪ ਕੋ ਆਇਓ ਹੈ,
ਮਹਾਂ ਪਵਿਤਰ ਭੂਮੀ ਕੋ ਦੇਖ ਬੈਠ ਕਹੀਂ ਸੁਖ ਪਾਇਓ ਹੈ,
ਧੂਤਾ ਗੋਤ ਲੁਬਾਣਾ ਗੁਰੂ ਦੇ ਆਗੇ ਸੀਸ ਲਗਾਇਓ ਹੈ।

ਭੰਬਾਰ ਵਿਖੇ ਬੰਦੇ ਦਾ ਡੇਰਾ ਲਾ ਬੈਠਣ ਦੀ ਸ਼ਾਹਦੀ ਕਨਿੰਘਮ ਵੀ ਭਰਦਾ ਹੈ। ਕਨਿੰਘਮ ਲਿਖਦਾ ਹੈ "ਕੁਝ ਕਾਮਯਾਬ ਯੁੱਧਾਂ ਉਪਰੰਤ ਬੰਦੇ ਨੇ ਲਹੌਰ ਦੇ ਉਤਰ ਵਿਚ ਜੰਮੂ ਨੇੜੇ (ਭਾਵ ਭਬਾਰ) ਆਪਣੇ ਆਪ ਨੂੰ ਸਥਾਪਤ ਕਰ ਲਿਆ। ਪੰਜਾਬ ਦਾ ਕਾਫੀ ਹਿਸਾ ਉਸਨੂੰ ਲਗਾਨ ਦਿੰਦਾ ਸੀ।" ਐਚ.ਏ.ਰੋਜ਼ ਕੁਝ ਹੋਰ ਵਿਸਤਾਰ ਦਿੰਦਾ ਹੋਇਆ ਲਿਖਦਾ ਹੈ "ਇਹਨਾਂ ਘਟਨਾਵਾਂ ਉਪਰੰਤ (ਭਾਵ ਗੁਰਦਾਸਪੁਰ, ਪਠਾਨਕੋਟ ਅਤੇ ਬਟਾਲੇ ਨੂੰ ਜਿੱਤਣ ਪਿਛੋਂ) ਕਾਂਗੜੇ ਦੇ ਰਾਜਿਆਂ ਨੇ ਵੀ ਈਨ ਮੰਨ ਹੀ ਲਈ। ਚੰਬੇ ਦੇ ਰਾਜੇ ਉਦੇ ਸਿੰਘ ਨੇ ਇਸ ਗੱਲੋਂ ਡਰਦਿਆਂ ਕਿ ਕਿਧਰੇ ਬੰਦਾ ਉਸ ਦੀ ਰਿਆਸਤ ਤੇ ਹਮਲਾ ਕਰਕੇ ਇਸ ਨੂੰ ਲੁਟ ਹੀ ਨਾ ਲਵੇ ਆਪਣੀ ਭਤੀਜੀ ਦਾ ਵਿਆਹ ਬੰਦੇ ਨਾਲ ਕਰ ਦਿਤਾ ਤਾਂ ਜੋ ਬੰਦਾ ਉਸ ਤੇ ਮਿਹਰਬਾਨ ਰਹੇ।" ਮੈਕਾਲਿਫ ਵੀ ਲਿਖਦਾ ਹੈ "ਤਦ ਬੰਦੇ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਛੋਹ ਪ੍ਰਾਪਤ ਸਥਾਨਾਂ ਦੀ ਤੀਰਥ ਯਾਤਰਾ ਕੀਤੀ। ਚੰਬੇ ਦੇ ਰਾਜੇ ਨੇ ਬੰਦੇ ਨੂੰ ਖੁਸ਼ ਕਰਨ ਦੀ ਨੀਅਤ ਨਾਲ ਇਕ ਬਹੁਤ ਹੀ ਖੂਬਸੂਰਤ ਲੜਕੀ ਉਸਨੂੰ ਭੇਜੀ। ਉਸ ਦੀਆਂ ਵੱਡੀਆਂ ਵੱਡੀਆਂ ਅੱਖਾਂ ਅਤੇ ਸੋਹਣੇ ਨੈਣ ਨਕਸ਼ ਸਨ। ਉਸ ਸਮੇਂ ਦੇ ਲਿਖਣ ਵਾਲੇ ਨੇ ਤਾਂ ਉਸਨੂੰ ਸਾਕਾਰ ਪਿਆਰ ਦੀ ਦੇਵੀ ਦੀ ਮੂਰਤ ਕਿਹਾ ਹੈ।" ਇਹਨਾਂ ਸਾਰੀਆਂ ਗੱਲਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਬੰਦੇ ਨੇ ਭਬਾਰ ਵਿਖੇ ਤੱਪ ਕਰਨ, ਅਰਾਮ ਕਰਨ ਅਤੇ ਭਵਿੱਖ ਦੇ ਮਨਸੂਬਿਆਂ ਲਈ ਦੌਲਤ ਇਕੱਠੀ ਕਰਨ ਲਈ ਡੇਰਾ ਲਾਇਆ ਸੀ।

ਆਪਣੀ ਭਬਾਰ ਦੀ ਠਹਿਰ ਦੌਰਾਨ ਬੰਦੇ ਨੇ ਆਪਣੇ ਪਰਿਵਾਰ ਨੂੰ ਮਿਲਣ ਦੀ ਕੋਸ਼ਿਸ਼ ਵੀ ਕੀਤੀ ਹੋਵੇ ਇਸ ਦੀ ਕਿਧਰੋਂ ਅੰਸ਼ਕ ਮਾਤਰ ਵੀ ਗਵਾਹੀ ਨਹੀਂ ਮਿਲਦੀ। ਉਸਦਾ ਪਰਿਵਾਰ ਉਸਨੂੰ ਆਪ ਆ ਕੇ ਮਿਲਿਆ ਹੋਵੇ ਅਜਿਹਾ ਵੀ ਕੋਈ ਪ੍ਰਮਾਣ ਨਹੀਂ ਮਿਲਦਾ। ਬੰਦੇ ਦੀ ਆਪਣੇ ਪਰਿਵਾਰ ਪ੍ਰਤੀ ਇਸ ਬੇਰੁਖੀ ਤੇ ਪੱਥਰ-ਦਿਲੀ ਨੂੰ ਕੀ ਆਖੋਂਗੇ ? ਭਜਨ ਸਿੰਘ ਦੀ ਕੌਮੀ ਏਕਤਾ ਵਿਚ ਛਪੀ ਰਿਪੋਰਟ ਵਿਚ ਤਾਂ ਉਹ ਆਖਦਾ ਹੈ ਕਿ ਬੰਦੇ ਦਾ ਪਿਤਾ ਕੋਈ ਸਧਾਰਨ ਕਿਸਾਨ ਨਾ ਹੋ ਕੇ ਤੱਛਲ ਦੇ ਆਲੇ ਦੁਆਲੇ ਦੇ ਇਲਾਕੇ ਦਾ ਇਕ ਹਾਕਮ ਸੀ। ਜੇਕਰ ਅਜਿਹਾ ਸੀ ਤਾਂ ਬੰਦੇ ਦਾ ਆਪਣੇ ਪਰਿਵਾਰ ਨੂੰ ਮਿਲ ਕੇ ਉਹਨਾਂ ਦੀ ਮੱਦਦ ਪ੍ਰਾਪਤ ਕਰਨਾ ਹੋਰ ਵੀ ਜ਼ਰੂਰੀ ਬਣ ਜਾਂਦਾ ਸੀ।

ਇਥੇ ਇਕ ਹੋਰ ਮੁੱਦਾ ਵੀ ਵਿਚਾਰਨਾ ਬਣਦਾ ਹੈ। ਆਮ ਧਾਰਨਾ ਹੈ ਕਿ ਬੰਦੇ ਨੇ ਜਦੋਂ ਘਰ ਛੱਡਿਆ ਤਾਂ ਉਹ 16 ਸਾਲਾਂ ਦੀ ਉਮਰ ਦਾ ਸੀ। ਉਸ ਸਮੇਂ ਦੇ ਛੋਟੀ ਉਮਰ ਵਿਚ ਹੀ ਵਿਆਹ ਦੇ ਰਿਵਾਜ ਅਨੁਸਾਰ ਉਸ ਉਮਰ ਤੱਕ ਬੰਦਾ ਸ਼ਾਦੀ ਸ਼ੁਦਾ ਹੋਣਾ ਚਾਹੀਦਾ ਸੀ ਅਤੇ ਉਸਦੇ ਬੱਚੇ ਵੀ ਹੋ ਸਕਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਹਿਲੀ ਸ਼ਾਦੀ 16 ਸਾਲ ਦੀ ਉਮਰ ਵਿਚ ਹੀ ਹੋ ਗਈ ਦੱਸੀ ਜਾਂਦੀ ਹੈ। ਜਦੋਂ ਇਸ ਵਿਆਹ ਚੋਂ ਕੋਈ ਬੱਚਾ ਪੈਦਾ ਨਾ ਹੋਇਆ ਤਾਂ ਉਹਨਾਂ ਦੀ ਦੂਸਰੀ ਸ਼ਾਦੀ 23 ਸਾਲ ਦੀ ਉਮਰ ਪੂਰੀ ਕਰਨ ਤੋਂ ਵੀ ਪਹਿਲਾਂ ਕਰ ਦਿਤੀ ਗਈ ਸੀ। ਜੇਕਰ ਸੰਨਿਆਸੀ ਬਣਨ ਸਮੇਂ ਬੰਦੇ ਲਈ ਆਪਣੀ ਪਹਿਲੀ ਪਤਨੀ ਨੂੰ ਤਿਆਗਣਾ ਜ਼ਰੂਰੀ ਵੀ ਮੰਨ ਲਈਏ ਤਾਂ ਜਦੋਂ ਉਸਨੇ ਸੰਨਿਆਸ ਤਿਆਗ, ਦੋ ਵਿਆਹ

ਕਰਵਾਏ ਤਾਂ ਉਹ ਜ਼ਰੂਰ ਆਪਣੀ ਪਹਿਲੀ ਪਤਨੀ ਨੂੰ ਵਾਪਿਸ ਲਿਆਉਣ ਬਾਰੇ ਸੋਚਦਾ। ਪਰ ਕਿਧਰੋਂ ਕਿਣਕਾ ਮਾਤਰ ਵੀ ਗਵਾਹੀ ਨਹੀਂ ਲੱਭਦੀ ਕਿ ਉਸਨੇ ਆਪਣੀ ਪਹਿਲੀ ਪਤਨੀ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਜਾਂ ਉਸ ਬਾਰੇ ਕੋਈ ਪੜਤਾਲ ਕੀਤੀ ਹੋਵੇ ਕਿ ਉਹ ਜਿਉਂਦੀ ਵੀ ਹੈ ਜਾਂ ਨਹੀਂ।

ਇਹ ਕੋਈ ਬਹੁਤ ਮਹੱਤਵ ਪੂਰਨ ਮੁੱਦਾ ਨਹੀਂ ਹੈ। ਸਭ ਤੋਂ ਮੁੱਖ ਮੁੱਦਾ ਤਾਂ ਇਹ ਹੈ ਕਿ ਕੀ ਬੰਦੇ ਦੇ ਸੁਭਾਅ ਵਿਚ, ਚਰਿਤਰ ਵਿਚ ਅਤੇ ਵਰਤੋਂ ਵਿਹਾਰ ਵਿਚ ਰਾਜਪੂਤਾਂ ਵਾਲੇ ਉਹ ਗੁਣ ਸਨ ਜਿਹੋ ਜਿਹੇ ਉਸ ਸਮੇਂ ਦੇ ਰਾਜਪੂਤਾਂ ਵਿਚ ਪ੍ਰਚੱਲਤ ਸਨ । ਇਹ ਆਮ ਪ੍ਰਚੱਲਤ ਹੈ ਕਿ ਰਾਜਪੂਤਾਂ ਨੂੰ ਆਪਣੀ ਜਾਤ ਦੇ ਉਤਮ ਹੋਣ ਦਾ ਬਹੁਤ ਮਾਣ ਹੁੰਦਾ ਹੈ। ਉਹਨਾਂ ਨੂੰ ਆਪਣੀ ਕੁਲ ਦੀ ਹਉਮੈਂ ਦਾ ਹੰਕਾਰ ਬਹੁਤ ਹੈ ਅਤੇ ਬਾਕੀ ਸਭ ਨੂੰ ਆਪਣੇ ਤੋਂ ਨੀਵਾਂ ਸਮਝਦੇ ਹਨ। ਡੇਨਜਿਲ ਇਬਟਸਨ ਵਲੋਂ ਦਿਤਾ ਰਾਜਪੂਤਾਂ ਦਾ ਬ੍ਰਿਤਾਂਤ ਇਥੇ ਦੇਣਾ ਬਣਦਾ ਹੈ। ਉਹ ਕਹਿੰਦਾ ਹੈ "ਪੰਜਾਬ ਦੇ ਰਾਜਪੂਤ ਬਹੁਤ ਬਹਾਦਰ ਹਨ। ਕਮੀਣਾਂ ਨੂੰ ਛੱਡ ਕੇ ਬਾਕੀ ਜਾਤਾਂ ਵਿਚੋਂ ਵੀ ਉਹਨਾਂ ਦੀਆਂ ਜਗੀਰੂ ਰੁਚੀਆਂ ਬਹੁਤ ਕਠੋਰ ਹਨ। ਉਹਨਾਂ ਦੇ ਕਬੀਲੇ ਦੇ ਚੌਧਰੀ ਬਹੁਤ ਸ਼ਕਤੀਸ਼ਾਲੀ ਹੁੰਦੇ ਹਨ। ਪਿੰਡਾਂ ਵਿਚਲੀ ਆਪਣੀ ਜਾਇਦਾਦ ਨੂੰ ਉਹ ਕਿਸੇ ਗੈਰ ਰਾਜਪੂਤ ਨੂੰ ਨਹੀਂ ਦਿੰਦੇ। ਆਪਣੀ ਰਾਜਪੂਤ ਕੁਲ ਦਾ ਮਾਣ ਉਹਨਾਂ ਦੇ ਸੁਭਾਅ ਦਾ ਸਭ ਤੋਂ ਤਕੜਾ ਗੁਣ ਹੈ ਅਤੇ ਇਹੀ ਉਹਨਾਂ ਦੀ ਭਾਈਚਾਰਕ ਸਾਂਝ ਦੀ ਮੁੱਖ ਤੰਦ ਹੈ। ਉਹ ਸੁਭਾਅ ਤੋਂ ਨਿਕੰਮੇ ਆਦਮੀ ਹਨ ਅਤੇ ਚੰਗੇ ਪਤੀ ਵੀ ਨਹੀਂ। ਖੇਤੀ ਕਰਨ ਨਾਲੋਂ ਪਸ਼ੂ ਪਾਲਣ ਨੂੰ ਚੰਗਾ ਸਮਝਦੇ ਹਨ। ਹੱਥੀਂ ਕੰਮ ਕਰਨ ਨੂੰ ਘਟੀਆ ਸਮਝਦੇ ਨੇ ਅਤੇ ਹੱਥੀਂ ਹਲ ਵਾਹੁਣਾ ਆਪਣੀ ਹੱਤਕ ਮੰਨਦੇ ਨੇ ਇਸੇ ਲਈ ਕੋਈ ਬੇਹੱਦ ਗਰੀਬ ਰਾਜਪੂਤ ਹੀ ਹੱਥੀਂ ਹਲ ਵਾਹੇਗਾ।" ਸੰਖੇਪ ਵਿਚ ਆਖੀਏ – ਉਹ ਸ਼ਾਹ-ਖਰਚ ਅਯਾਸ਼ ਨੇ ਜੋ ਕਿ ਖਾਣ ਪੀਣ ਅਤੇ ਭੋਗ ਵਿਲਾਸ ਦੇ ਸ਼ੌਕੀਨ ਨੇ। ਸ਼ਿਕਾਰ ਕਰਨਾ, ਮੀਟ ਖਾਣਾ, ਸ਼ਰਾਬ ਪੀਣਾ ਤੇ ਨਸ਼ੇ ਕਰਨੇ ਤਾਂ ਉਹ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਹਨ। ਇਹਨਾਂ ਆਦਤਾਂ ਕਾਰਨ ਤਾਂ ਉਹਨਾਂ ਦੇ ਕਈ ਸ਼ਹਿਜ਼ਾਦੇ ਮਰੇ ਵੀ ਪਰ ਫਿਰ ਵੀ ਇਹਨਾਂ ਆਦਤਾਂ ਵਿਚ ਕੋਈ ਸੁਧਾਰ ਨਹੀਂ ਹੋਇਆ। ਖੁਸ਼ੀ ਦੇ ਮੌਕਿਆਂ ਤੇ ਅਫੀਮ ਵਰਤਾਉਣੀ ਉਹਨਾਂ ਵਿਚ ਜ਼ਰੂਰੀ ਸੀ। ਇਕ ਤੋਂ ਵੱਧ ਵਿਆਹ ਕਰਵਾਉਣੇ, ਰਖੇਲਾਂ ਰੱਖਣੀਆਂ ਅਤੇ ਜ਼ਨਾਨੀਬਾਜ਼ ਹੋਣਾ ਇਕ ਮਾਣ ਵਾਲੀ ਗੱਲ ਸਮਝੀ ਜਾਂਦੀ ਸੀ। ਬਲਾਤਕਾਰ ਤੇ ਵਿਆਹੋਂ ਬਾਹਰੇ ਸਬੰਧ ਕਿਸੇ ਰਾਜਪੂਤ ਲਈ ਕੋਈ ਨਮੋਸ਼ੀ ਨਹੀਂ ਸੀ।

ਬੰਦੇ ਦੇ ਚਰਿਤਰ ਅਤੇ ਸੁਭਾਅ ਦਾ ਲੇਖਾ ਜੋਖਾ ਇਸੇ ਪਿਛੋਕੜ ਨੂੰ ਮੁੱਖ ਰੱਖ ਕੇ ਕਰਨਾ ਬਣਦਾ ਹੈ।

ਬੰਦੇ ਬਾਰੇ ਜੋ ਵੀ ਜਾਣਕਾਰੀ ਸਾਡੇ ਤਕ ਪਹੁੰਚਦੀ ਹੈ ਉਸ ਤੋਂ ਪਤਾ ਲਗਦਾ ਹੈ ਕਿ ਉਹ ਲੋਕ ਉਪਕਾਰੀ, ਦਰਿਆ ਦਿਲ, ਦਰਦਮੰਦ ਅਤੇ ਗਰੀਬਾਂ, ਨਿਮਾਣਿਆਂ, ਨਿਤਾਣਿਆਂ ਦਾ ਪਾਲਕ ਸੀ। ਉਹ ਕਮੀਣਾਂ, ਕੰਮੀਆਂ, ਗਰੀਬਾਂ, ਝਿਊਰਾਂ, ਭੰਗੀਆਂ ਅਤੇ ਹੋਰ ਅਖੌਤੀ ਨੀਵੀਆਂ ਜਾਤਾਂ ਵਾਲਿਆਂ ਦਾ ਵੀ ਸਤਿਕਾਰ ਕਰਦਾ ਸੀ। ਉਹ ਜਾਤ-ਪਾਤ ਤੇ ਊਚ-ਨੀਚ ਰਹਿਤ ਸਰਬ ਸਾਂਝੇ ਸਮਾਜ ਨੂੰ ਸਿਰਜਣ ਦੀ ਸੋਚ ਦਾ ਧਾਰਨੀ ਸੀ, ਜਿਥੇ ਵੰਡ ਕੇ ਛਕਿਆ

ਜਾਵੇ ਅਤੇ ਹਰ ਕੋਈ ਦੂਸਰੇ ਦੇ ਦੁਖ-ਸੁਖ ਦਾ ਸਾਂਝੀ ਹੋਵੇ। ਬੰਦੇ ਦੇ ਇਸ ਸੁਭਾਅ ਦਾ ਵਰਨਣ ਰਤਨ ਸਿੰਘ ਭੰਗੂ ਇਉਂ ਕਰਦਾ ਹੈ:

ਪੂਤ ਮੰਗੇ ਤਿਸ ਦੇਵੇ ਪੂਤ, ਦੁਧ ਮੰਗੇ ਤਿਸ ਦੇ ਦੁਧ ਬਹੁਤ,
ਜੇਕਰ ਕੋਈ ਦੁਖੀਆ ਆਵੇ, ਕਰ ਅਰਦਾਸ ਤਿਸ ਦੁਖ ਮਿਟਾਵੇ,
ਵਾਹਿਗੁਰੂ ਦਾ ਜਾਪ ਜਪਾਵੇ, ਜੋ ਮਾਂਗੇ ਤਿਸ ਸੋ ਦਿਵਾਵੇ,
ਐਸੀ ਜੱਗ ਮੇਂ ਪੜ ਗਈ ਧਾਂਕ, ਆਏ ਮਿਲੇ ਰਾਣਾ ਔਰ ਰੰਕ,
ਦੂਰ ਤੇ ਜੋ ਨਿੰਦਕ ਆਵੇ, ਹੋਏ ਨੇੜ ਵੋਹੀ ਚਰਨੀ ਪਵੇ,
ਜਹਾਂ ਬੰਦਾ ਆ ਡੇਰਾ ਕਰੇ, ਕੱਢ ਮੋਹਰ ਸੋ ਤਾਹੋ ਧਰੇ,
ਦੀਵੇ ਪਾਏ ਤੇਲੀ ਤੇਲ, ਇਕ ਮੋਹਰ ਤਹਿ ਦੇਵੇ ਮੇਲ,
ਠੂਠੀ ਭਾਂਡਾ ਲਿਆਵੇ ਘੁਮਿਆਰ, ਦੇਵੇ ਮੋਹਰ ਕੱਢ ਖੀਸਿਓ ਦਾਰ,
ਲੱਕੜੀ ਚੂਹੜੋ ਲਿਆਵੇ ਜੋਈ, ਮੋਹਰ ਖੀਸਿਓ ਦੇਵੇ ਉਹੀ।

ਅਖੌਤੀ ਨੀਵੀਆਂ ਜਾਤਾਂ, ਕੰਮੀਆਂ, ਕਮੀਣਾਂ, ਕਿਰਸਾਨਾਂ, ਚਮਾਰਾਂ ਅਤੇ ਭੰਗੀਆਂ ਪ੍ਰਤੀ ਬੰਦੇ ਦਾ ਬੇਹੱਦ ਪਿਆਰ, ਸਤਿਕਾਰ ਅਤੇ ਅਮੀਰਾਂ, ਜ਼ੋਰਾਵਰਾਂ, ਉਚੀਆਂ ਜਾਤਾਂ ਵਾਲਿਆਂ, ਜਗੀਰਦਾਰਾਂ ਅਤੇ ਮਨਸਬਦਾਰਾਂ ਪ੍ਰਤੀ ਤਿਸਕਾਰ ਉਸਦੇ ਸੁਭਾਅ ਦਾ ਇਕ ਅਨਿਖੜਵਾਂ ਗੁਣ ਸੀ। ਸਦੀਆਂ ਤੋਂ ਇਹਨਾਂ ਗਰੀਬਾਂ ਅਤੇ ਕੰਮੀਆਂ ਦੇ ਖ਼ੂਨ ਪਸੀਨੇ ਦੀ ਕਮਾਈ ਇਹ ਜ਼ੋਰਾਵਰ ਲੁਟ ਕੇ ਖਾਂਦੇ ਰਹੇ ਅਤੇ ਜੋਕਾਂ ਵਾਂਗ ਉਹਨਾਂ ਦਾ ਲਹੂ ਚੂਸ ਕੇ ਪਲਦੇ ਆਫਰਦੇ ਰਹੇ। ਇਹਨਾਂ ਮਿਹਨਤਕਸ਼ਾਂ ਨੂੰ ਸ਼ੂਦਰ ਸਮਝਦੇ ਰਹੇ। ਇਹੀ ਹਾਲ ਮਰਾਠਿਆਂ ਅਤੇ ਉਹਨਾਂ ਦੇ ਨੇਤਾ ਸ਼ਿਵਾਜੀ ਦਾ ਸੀ। ਡਾ. ਗੋਪਾਲ ਸਿੰਘ ਆਪਣੀ ਕਿਤਾਬ 'ਹਿਸਟਰੀ ਆਫ ਦ ਸਿੱਖ ਪੀਪਲਜ਼' ਵਿਚ ਲਿਖਦਾ ਹੈ "ਮਰਹੱਟਿਆਂ ਦੇ ਹੀਰੋ ਸ਼ਿਵਾਜੀ ਨੇ ਜਦੋਂ ਸੰਨ 1674 ਵਿਚ ਹਿੰਦੂ ਰਾਜੇ ਦੇ ਤੌਰ ਤੇ ਤਾਜ ਪਹਿਨਣਾ ਚਾਹਿਆ ਤਾਂ ਕੋਈ ਵੀ ਬ੍ਰਾਹਮਣ ਪੁਜਾਰੀ ਉਸਦਾ ਰਾਜ ਤਿਲਕ ਕਰਨ ਲਈ ਤਿਆਰ ਨਾ ਹੋਇਆ ਕਿਉਂਕਿ ਉਹ ਇਕ ਕਿਰਸਾਨ ਦਾ ਪੁਤਰ ਸੀ। ਉਹ ਵੈਸ਼ ਸੀ ਅਤੇ ਕਸ਼ੱਤਰੀ ਨਹੀਂ ਸੀ। ਕਰੀਬ ਛੇ ਮਹੀਨੇ ਤਕ ਸ਼ਿਵਾਜੀ ਨੇ ਹਜ਼ਾਰਾਂ ਬ੍ਰਾਹਮਣਾਂ ਦੀ ਆਉ ਭਗਤ ਕੀਤੀ, ਮਣਾਂ ਮੂਹੀ ਸੋਨਾ ਚਾਂਦੀ ਦਾਨ ਕੀਤਾ। ਉਹ ਦਾਨ ਦੱਕਸ਼ਣਾ ਤਾਂ ਸਵੀਕਾਰ ਕਰਦੇ ਰਹੇ ਪਰ ਉਸਦੀ ਬੇਨਤੀ ਨਾ ਮੰਨੀ। ਆਖਿਰ ਬਨਾਰਸ ਦਾ ਇਕ ਮਸ਼ਹੂਰ ਪਾਂਡਾ ਗੰਗਾ ਭੱਟ ਭਾਰੀ ਰਕਮ ਰਿਸ਼ਵਤ ਵੱਜੋਂ ਲੈ ਕੇ ਇਸ ਕੰਮ ਲਈ ਸ਼ਰਤਾਂ ਸਹਿਤ ਰਾਜ਼ੀ ਹੋਇਆ। ਉਸਨੇ ਸ਼ਰਤ ਲਾਈ ਕਿ ਤਾਜਪੋਸ਼ੀ ਸਮੇਂ ਉਹ ਵੇਦਾਂ ਦਾ ਪਾਠ ਇਸ ਢੰਗ ਨਾਲ ਕਰੇਗਾ ਕਿ ਸ਼ਿਵਾਜੀ ਦੇ ਪੱਲੇ ਕੁਝ ਨਾ ਪਵੇ ਕਿਉਂਜੋ ਨੀਵੀਆਂ ਜਾਤੀਆਂ ਲਈ ਵੇਦਾਂ ਦਾ ਪਾਠ ਸੁਣਨਾ ਵਰਜਿਤ ਸੀ।" ਕੇਵਲ ਸ਼ਿਵਾਜੀ ਹੀ ਨਹੀਂ ਸੰਤ ਤੁਕਾ ਰਾਮ ਨੂੰ ਵੀ, ਜਿਹੜਾ ਕਿ ਅਮੀਰ ਕਿਰਸਾਨ-ਵਪਾਰੀਆਂ ਦੇ ਟੱਬਰ ਵਿਚ ਪੈਦਾ ਹੋਇਆ ਸੀ, ਬ੍ਰਾਹਮਣਾਂ ਵੱਲੋਂ ਸ਼ੂਦਰ ਹੀ ਸਮਝਿਆ ਜਾਂਦਾ ਸੀ। ਰੂਸੀ ਦਾਰੂਵਾਲਾ ਲਿਖਦਾ ਹੈ "ਤੁਕਾ ਰਾਮ ਦੇ ਜੀਵਨ ਦੇ ਗੁਝੇ ਰਹਿਣ ਅਤੇ ਉਸ ਦੀਆਂ ਲਿਖਤਾਂ ਦਾ ਮੂਲ ਰੂਪ ਵਿਚ ਸਾਂਭੇ ਨਾ ਜਾਣ ਦਾ ਇਕ ਕਾਰਨ ਉਸਦਾ ਸ਼ੂਦਰ ਪਰਿਵਾਰ ਵਿਚ ਪੈਦਾ ਹੋਣਾ ਵੀ ਹੈ। ਤੁਕਾ ਰਾਮ ਦੇ ਸਮੇਂ ਮਹਾਰਾਸ਼ਟਰ ਦੇ ਰੂੜੀਵਾਦੀ ਬ੍ਰਾਹਮਣ ਆਪਣੇ ਅਤੇ ਕਸ਼ੱਤਰੀਆਂ ਤੋਂ ਬਿਨਾਂ ਬਾਕੀ ਸਭ

ਵਰਨਾਂ ਨੂੰ ਸ਼ੂਦਰ ਹੀ ਸਮਝਦੇ ਸਨ ...... ਸ਼ਿਵਾਜੀ ਦੀ ਚੜ੍ਹਤ ਤੋਂ ਬਾਅਦ ਹੀ ਇਸ ਦੋ ਪਰਤੀ ਜਾਤੀ ਸਿਸਟਮ ਵਿਚ ਬਦਲਾਅ ਲਿਆਂਦਾ ਗਿਆ ਜਿਸ ਰਾਹੀਂ ਰਾਜਿਆਂ ਅਤੇ ਸੂਰਬੀਰ ਚੌਧਰੀਆਂ ਨੂੰ ਅਤੇ ਉਹਨਾਂ ਕੁਨਬਿਆਂ ਨੂੰ ਜਿਨ੍ਹਾਂ ਨਾਲ ਉਹ ਸਬੰਧਤ ਸਨ ਕਸ਼ੱਤਰੀਆਂ ਦੇ ਤੌਰ ਤੇ ਮਾਨਤਾ ਮਿਲੀ।"

ਪਰ ਬੰਦੇ ਨੂੰ ਕਿਸੇ ਨੂੰ ਰਿਸ਼ਵਤ ਦੇਣ ਦੀ ਲੋੜ ਨਾ ਪਈ। ਉਸਨੇ ਖੁਦ ਹੀ ਨਾਇਨਸਾਫੀ ਵਾਲੇ ਸਮਾਜਕ ਢਾਂਚੇ ਨੂੰ ਤਹਿਸ ਨਹਿਸ ਕਰ ਦਿਤਾ ਅਤੇ ਸਾਰੇ ਸਮਾਜਕ ਪ੍ਰਬੰਧ ਦੀ ਹੇਠਲੀ ਉਤੇ ਕਰ ਦਿਤੀ। ਵਿਲੀਅਮ ਇਰਵਿਨ ਲਿਖਦਾ ਹੈ "ਸਿੱਖਾਂ ਦੇ ਕਬਜ਼ੇ ਹੇਠ ਆਏ ਸਾਰੇ ਪਰਗਣਿਆਂ ਵਿਚ ਪੁਰਾਣੇ ਰਿਵਾਜਾਂ ਤੇ ਪ੍ਰਥਾ ਦਾ ਉਲਟਾਊ ਸੰਪੂਰਨ ਅਤੇ ਚਮਤਕਾਰੀ ਸੀ। ਇਕ ਭੰਗੀ ਜਾਂ ਚਮਾਰ ਨੂੰ, ਜਿਸ ਨੂੰ ਕਿ ਭਾਰਤੀਆਂ ਦੀਆਂ ਨਜ਼ਰਾਂ ਵਿਚ ਸਭ ਤੋਂ ਨੀਵਾਂ ਸਮਝਿਆ ਜਾਂਦਾ ਹੈ, ਕੇਵਲ ਆਪਣਾ ਘਰ ਛੱਡ ਕੇ ਗੁਰੂ (ਭਾਵ ਬੰਦਾ ਬਹਾਦਰ) ਦੇ ਦਲ 'ਚ ਸ਼ਾਮਿਲ ਹੋਣ ਦੀ ਲੋੜ ਸੀ। ਥੋੜ੍ਹੇ ਸਮੇਂ ਬਾਅਦ ਹੀ ਉਹ ਆਪਣੀ ਜਨਮ ਭੋਏਂ ਦੇ ਹਾਕਮ ਹੋਣ ਦਾ ਸ਼ਾਹੀ ਪ੍ਰਵਾਨਾ ਹਾਸਲ ਕਰ ਲੈਂਦਾ ਹੈ ਅਤੇ ਜਿਉਂ ਹੀ ਉਹ ਜਨਮ ਭੋਏਂ ਤੇ ਪੈਰ ਪਾਉਂਦਾ ਉਥੋਂ ਦੇ ਅਮੀਰ ਅਤੇ ਕੁਲੀਨ ਵਰਗ ਦੇ ਲੋਕ ਉਸ ਦਾ ਸਵਾਗਤ ਕਰਨ ਤੇ ਉਸਨੂੰ ਘਰ ਪਹੁੰਚਾਉਣ ਲਈ ਅੱਗੇ ਹੋ ਮਿਲਦੇ। ਕੋਈ ਵੀ ਉਸ ਦੀ ਹੁਕਮ-ਅਦੂਲੀ ਦੀ ਜੁਰਅਤ ਨਹੀਂ ਸੀ ਕਰ ਸਕਦਾ। ਉਹ ਵਿਅਕਤੀ ਵੀ ਜੋ ਕਿ ਯੁੱਧ ਦੇ ਮੈਦਾਨ ਵਿਚ ਅਕਸਰ ਆਪਣੀ ਜਾਨ ਜੋਖਮ ਵਿਚ ਪਾਉਣ ਤੋਂ ਵੀ ਨਹੀਂ ਸਨ ਡਰਦੇ, ਇਤਨੇ ਡਰਪੋਕ ਹੋ ਗਏ ਸਨ ਕਿ ਉਹ ਵੀ ਕੋਈ ਹੁਜਤ ਨਾ ਕਰਦੇ।" ਕੀ ਇਹ ਕਿਸੇ ਚਮਤਕਾਰ ਤੋਂ ਘੱਟ ਸੀ।

ਬੰਦੇ ਨੇ ਹਲ ਵਾਹਕ ਨੂੰ ਹੀ ਜ਼ਮੀਨ ਦਾ ਮਾਲਕ ਥਾਪ ਦਿਤਾ। ਇਹ ਇਕ ਹੈਰਾਨਕੁਨ ਇਨਕਲਾਬੀ ਤਬਦੀਲੀ ਸੀ ਜਿਸ ਨੇ ਕਿ ਸਥਾਪਤ ਨਿਜ਼ਾਮ ਦੀਆਂ ਜੜ੍ਹਾਂ ਹੀ ਉਖਾੜ ਦਿੱਤੀਆਂ। ਗਰੀਬ ਹਲ ਵਾਹਕਾਂ ਦੀ ਖੂਨ ਪਸੀਨੇ ਦੀ ਕਮਾਈ ਤੇ ਪਲਣ ਵਾਲੇ ਜਗੀਰਦਾਰਾਂ ਲਈ ਤਾਂ ਅਚਿੰਤੇ ਬਾਜ ਪਏ ਸਨ। ਇਸ ਨਵੇਂ ਸਥਾਪਤ ਨਿਜ਼ਾਮ ਨੇ ਸਭ ਤੋਂ ਵੱਧ ਨੁਕਸਾਨ ਰਾਜਪੂਤਾਂ ਦਾ ਕੀਤਾ ਕਿਉਂਕਿ ਹਲ ਦੇ ਮੁੰਨੇ ਨੂੰ ਹੱਥ ਲਾਉਣਾ ਉਹ ਆਪਣੀ ਹੇਠੀ ਸਮਝਦੇ ਸਨ। ਉਹਨਾਂ ਕੋਲ ਦੋ ਹੀ ਰਸਤੇ ਬਚੇ ਸਨ ਜਾਂ ਤਾਂ ਭੁਖ ਨਾਲ ਮਰ ਜਾਣਾ ਜਾਂ ਫੇਰ ਹਲ ਦਾ ਮੁੰਨਾ ਫੜ ਸਮਾਜਿਕ ਤੌਰ ਤੇ ਨੀਵੇਂ ਪੱਧਰ ਤੇ ਡਿਗ ਜਾਣਾ। ਇਸ ਤੋਂ ਵੀ ਨਮੋਸ਼ੀ ਵਾਲੀ ਗੱਲ ਇਹ ਹੋਈ ਕਿ ਉਹਨਾਂ ਨੂੰ ਹੁਣ ਉਹਨਾਂ ਲੋਕਾਂ ਦਾ ਹੁਕਮ ਮੰਨਣਾ ਪੈਂਦਾ ਸੀ ਜਿਹਨਾਂ ਨੂੰ ਉਹ ਸਦੀਆਂ ਤੋਂ ਤ੍ਰਿਸਕਾਰ ਅਤੇ ਨਫਰਤ ਕਰਦੇ ਆਏ ਸਨ। ਵੱਡੇ ਵੱਡੇ ਜਗੀਰਦਾਰਾਂ ਅਤੇ ਵਿਸ਼ੇਸ਼ ਤੌਰ ਤੇ ਰਾਜਪੂਤਾਂ ਤੇ ਪਈ ਇਸ ਬਿੱਜ ਲਈ ਕੇਵਲ ਬੰਦਾ ਹੀ ਜ਼ਿਮੇਵਾਰ ਸੀ।

ਬੰਦੇ ਦੇ ਚਰਿਤਰ ਦੀ ਨਿਰਪੱਖ ਅਤੇ ਬੇਲਾਗ ਪੜਚੋਲ ਸਪਸ਼ਟ ਤੌਰ ਤੇ ਦਰਸਾਉਂਦੀ ਹੈ ਕਿ ਉਸ ਵਿਚ ਰਾਜਪੂਤਾਂ ਦੇ ਕੁਦਰਤੀ ਜਾਂ ਪ੍ਰਚਲਤ ਗੁਣਾਂ ਵਾਲੀ ਕੋਈ ਗੱਲ ਨਹੀਂ ਸੀ। ਜਾਤ-ਪਾਤ ਅਧਾਰਤ ਸਥਾਪਤ ਨਿਜ਼ਾਮ ਦਾ ਖਾਤਮਾ ਅਤੇ ਨੀਵੀਆਂ ਜਾਤਾਂ ਨੂੰ ਉਪਰ ਚੁਕਣ ਲਈ ਉਸ ਦੀ ਦ੍ਰਿੜਤਾ ਰਾਜਪੂਤਾਂ ਦੇ ਅਖੌਤੀ ਜਾਤੀ ਅਭਿਮਾਨ (ਹੰਕਾਰ) ਦੇ ਬਿਲਕੁਲ ਉਲਟ ਸੀ। ਰਾਜਪੂਤਾਂ ਦਾ ਇਹ ਜਾਤੀ ਅਭਿਮਾਨ ਹੀ ਇਕੋ ਇਕ ਕਾਰਨ ਹੈ ਜਿਸ ਕਾਰਨ ਪਹਾੜੀ ਹਿੰਦੂ ਰਾਜਿਆਂ ਅਤੇ ਸ਼ਿਵਾਲਿਕ ਅਤੇ ਨਿਚਲੇਂ ਹਿਮਾਲਿਆ ਦੇ ਜ਼ਿਮੀਂਦਾਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਵਿਰੁਧ ਲੜਾਈ ਛੇੜੀ। ਉਹਨਾਂ ਨੂੰ ਇਹੀ ਡਰ ਸਤਾਉਂਦਾ ਸੀ ਕਿ

ਗੁਰੂ ਜੀ ਆਪਣੀ ਜਾਤ-ਪਾਤ ਰਹਿਤ ਸਮਾਜ ਸਿਰਜਣ ਦੀ ਸਿਖਿਆ ਕਾਰਨ ਉਹਨਾਂ ਦੇ ਜਾਤ-ਪਾਤ ਅਧਾਰਤ ਸਥਾਪਤ ਸਮਾਜ ਲਈ ਖਤਰਾ ਹਨ। ਭਾਵੇਂ ਗੁਰੂ ਜੀ ਦੇ ਸ਼ਰਧਾਲੂਆਂ ਦੀ ਗਿਣਤੀ ਕਾਫੀ ਸੀ ਪਰ ਫਿਰ ਵੀ ਇਹ ਲੋਕ ਇਕ ਛੋਟੇ ਜਿਹੇ ਰਾਜੇ ਜਾਂ ਮੱਨਸਬਦਾਰ ਦੇ ਮੁਕਾਬਲੇ ਗੁਰੂ ਜੀ ਨੂੰ ਇਕ ਆਮ ਵਿਅਕਤੀ ਹੀ ਸਮਝਦੇ ਸਨ। ਇਹ ਗੱਲ ਇਸ ਘਟਨਾ ਨਾਲ ਹੋਰ ਵੀ ਸਪਸ਼ਟ ਹੋ ਜਾਂਦੀ ਹੈ। ਕਹਿਲੂਰ ਦੇ ਰਾਜੇ ਭੀਮ ਚੰਦ ਨੂੰ ਉਸਦੇ ਵਜੀਰ ਨੇ ਸਿੱਖ ਬਣਨ ਦੀ ਜਦੋਂ ਸਲਾਹ ਦਿਤੀ ਤਾਂ ਉਸਦਾ ਕਹਿਣਾ ਸੀ "ਮੈਂ ਮੂਰਤੀ ਪੂਜਕ ਹਾਂ। ਮੈਂ ਆਪਣਾ ਧਰਮ ਛੱਡ ਕੇ ਗੁਰੂ ਦਾ ਸਿੱਖ ਕਿਵੇਂ ਬਣ ਸਕਦਾ ਹਾਂ ? ਉਚੀ ਜਾਤ ਦਾ ਕੋਈ ਵੀ ਵਿਅਕਤੀ ਗੁਰੂ ਨਾਲ ਨਹੀਂ ਜੁੜਿਆ। ਉਸਦੇ ਸ਼ਰਧਾਲੂ ਤਾਂ ਝਿਊਰ, ਨਾਈ, ਮਾਛੀ, ਧੋਬੀ ਆਦਿ ਨੀਵੀਆਂ ਜਾਤਾਂ ਵਾਲੇ ਹਨ। ਮੈਂ ਰਾਜਪੂਤ ਕੁਲ ਦਾ ਮਹਾਨ ਰਾਜਾ ਹਾਂ।" ਪਰ ਜਦੋਂ ਬੰਦਾ ਇਹਨਾਂ ਪਹਾੜੀਆਂ ਵਿਚ ਪੁੱਜਾ ਤਾਂ ਉਸਨੇ ਉਗਰਾਹੀ ਕਰਨ ਸਮੇਂ ਇਹਨਾਂ ਰਾਜਪੂਤਾਂ ਦਾ ਕੋਈ ਲਿਹਾਜ਼ ਨਹੀਂ ਕੀਤਾ। ਉਸਨੇ ਉਹਨਾਂ ਤੋਂ ਈਨ ਮਨਾਈ ਤੇ ਉਹਨਾਂ ਦੇ ਖਜ਼ਾਨੇ ਲੁੱਟੇ।

ਥੋੜ੍ਹੇ ਸ਼ਬਦਾਂ ਵਿਚ ਆਖਿਆਂ ਬੰਦੇ ਦਾ ਗਰੀਬ ਗੁਰਬਿਆਂ ਪ੍ਰਤੀ ਲਗਾਅ ਰਾਜਪੂਤਾਂ ਦੇ ਫੋਕੇ ਜਾਤੀ ਅਭੀਮਾਨ ਅਤੇ ਕੰਮੀਆਂ ਪ੍ਰਤੀ ਘ੍ਰਿਣਤ ਵਤੀਰੇ ਵਾਲੇ ਸੁਭਾਅ ਦੇ ਬਿਲਕੁਲ ਉਲਟ ਸੀ। ਜਾਤ-ਪਾਤ ਅਧਾਰਤ ਸਮਾਜਕ ਵਿਵਸਥਾ ਵਿਰੁਧ ਉਸਦਾ ਪ੍ਰਚੰਡ ਹਮਲਾ ਤਾਂ ਇਹ ਮੰਨਣਾ ਲਗਭਗ ਅਸੰਭਵ ਹੀ ਬਣਾ ਦਿੰਦਾ ਹੈ ਕਿ ਬੰਦਾ ਰਾਜਪੂਤ ਸੀ ਸਗੋਂ ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਉਸਦੀਆਂ ਜੜ੍ਹਾਂ ਕਿਰਤੀ ਜਮਾਤ ਵਿਚ ਸਨ।

ਤਾਂ ਕੀ ਫਿਰ ਬੰਦਾ ਮੋਹਿਆਲ ਬ੍ਰਾਹਮਣ ਸੀ ?

ਜਦੋਂ ਤੋਂ ਸ਼੍ਰੀ ਵਿਨਾਇਕ ਦਮੋਦਰ ਸਾਵਰਕਰ ਨੇ (ਜੋ ਕਿ ਖੁਦ ਇਕ ਚਿੱਤਪਾਵਣ ਬ੍ਰਾਹਮਣ ਸੀ) ਬੰਦਾ ਬਹਾਦਰ ਨੂੰ ਇਕ ਅਜਿਹਾ ਹਿੰਦੂ ਬੈਰਾਗੀ ਸਰੂਪ ਦੇਣ ਦੀ ਕੋਸ਼ਿਸ਼ ਕੀਤੀ ਜਿਸ ਨੇ ਸਿਰਫ ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨਾਲ ਸਾਂਝ ਪਾਈ ਕਿ ਉਹ ਮੁਸਲਮਾਨਾਂ ਦੁਆਰਾ ਹਿੰਦੂ ਜਨਤਾ ਉਤੇ ਕੀਤੇ ਜ਼ੁਲਮਾਂ ਦਾ ਬਦਲਾ ਲੈ ਸਕੇ, ਉਦੋਂ ਤੋਂ ਬੰਦੇ ਬਹਾਦੁਰ ਨੂੰ ਇਕ ਬ੍ਰਾਹਮਣ ਦਰਸਾਉਣ ਦੀਆਂ ਕੋਸ਼ਿਸ਼ਾਂ ਨੂੰ ਨਵਾਂ ਜੋਸ਼ ਮਿਲਿਆ। ਇਸ ਕੋਸ਼ਿਸ਼ ਵਿਚ ਮੋਹਿਆਲ ਬ੍ਰਾਹਮਣਾਂ ਦੀ ਲਾਬੀ ਬਾਕੀ ਬ੍ਰਾਹਮਣਾਂ ਨੂੰ ਪਛਾੜਨ ਵਿਚ ਕਾਫੀ ਹੱਦ ਤੱਕ ਕਾਮਯਾਬ ਵੀ ਹੋ ਗਈ। ਇਸ ਚ ਕੋਈ ਸ਼ੱਕ ਨਹੀਂ ਕਿ ਧਾਰਮਿਕ ਗ੍ਰੰਥਾਂ ਦਾ ਪਾਠ ਕਰ ਦੱਕਸ਼ਣਾਂ ਲੈ ਕੇ ਗੁਜ਼ਾਰਾ ਕਰਨ ਵਾਲੇ ਬ੍ਰਾਹਮਣਾਂ ਦੇ ਮੁਕਾਬਲੇ ਮੋਹਿਆਲ ਬ੍ਰਾਹਮਣਾਂ (ਉਹਨਾਂ ਚੋਂ ਕੁਝ ਆਪਣਾ ਗੋਤਰ ਆਮ ਤੌਰ ਤੇ ਭਾਰਦਵਾਜ ਦਸਦੇ ਹਨ) ਦਾ ਮੁੱਖ ਕਿੱਤਾ ਖੇਤੀ-ਬਾੜੀ ਅਤੇ ਫੌਜ ਦੀ ਨੌਕਰੀ ਹੈ। ਇਸੇ ਕਾਰਨ ਭੱਟਾਂ ਨੇ ਉਹਨਾਂ ਦੇ ਬਹੁਤ ਸੋਹਲੇ ਗਾਏ ਨੇ ਜਿਵੇਂ ਕਿ

ਦੱਤ ਦਾਤਾ, ਲਾਓ ਮੰਗਤੇ, ਛਿਬੜ ਵਿਚ ਸਰਦਾਰ,
ਵੈਦਾਂ ਹੱਥ ਕਟਾਰੀਆਂ, ਚਲਦੇ ਪੱਬਾਂ ਭਾਰ,
ਬਿਭੋ ਖਾਂਦੇ ਬਿੰਭ ਫਲ, ਮੋਹਨ ਬਾਲੀ ਚੱਕਦਾਰ ॥

ਇਸ ਬਿਰਾਦਰੀ ਨੇ ਕਈ ਉਚੇ ਅਹੁਦੇ ਵਾਲੇ ਅਫਸਰ, ਕਾਮਯਾਬ ਵਿਉਪਾਰੀ ਅਤੇ ਬਹਾਦਰ ਅਤੇ ਉਤਮ ਦਰਜੇ ਦੇ ਫੌਜੀ ਵੀ ਪੈਦਾ ਕੀਤੇ ਹਨ। ਇਹਨਾਂ ਵਿਚੋਂ ਵਿਲੱਖਣ ਹਨ

ਦੱਤ ਗੋਤ ਦੇ ਲੈਫਟੀਨੈਂਟ ਜਨਰਲ ਸ਼੍ਰੀ ਕੁਲਵੰਤ ਸਿੰਘ ਅਤੇ ਲੈਫਟੀਨੈਂਟ ਜਨਰਲ ਸ਼੍ਰੀ ਬੀ.ਕੇ.ਐਨ. ਛਿੱਬਰ, ਜੋ ਕਿ ਪੰਜਾਬ ਦੇ ਗਵਰਨਰ ਵੀ ਰਹਿ ਚੁਕੇ ਹਨ। ਇਸ ਤੋਂ ਇਲਾਵਾ ਮੋਹਿਆਲ ਬ੍ਰਾਹਮਣ ਆਪਣੇ ਆਪ ਨੂੰ ਉਸ ਭਾਈ ਮਤੀ ਦਾਸ ਦੇ ਵੰਸ਼ਜ ਵੀ ਦਸਦੇ ਹਨ ਜਿਸ ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਤੇ ਨੌਵੇਂ ਗੁਰੂ ਸ਼੍ਰੀ ਤੇਗ ਬਹਾਦੁਰ ਜੀ ਦੇ ਨਾਲ ਹੀ ਦਿੱਲੀ ਵਿਚ ਰੂੰ ਵਿਚ ਲਪੇਟ ਕੇ ਜਿੰਦਾ ਜਲਾ ਦਿਤਾ ਗਿਆ ਸੀ।

ਸ਼੍ਰੀ ਪੀ.ਐਨ. ਬਾਲੀ ਆਪਣੀ ਕਿਤਾਬ 'ਮੋਹਿਆਲਾਂ ਦਾ ਇਤਿਹਾਸ' ਵਿਚ ਕਹਿੰਦਾ ਹੈ ਕਿ ਬੰਦਾ ਮੋਹਿਆਲ ਬ੍ਰਾਹਮਣਾਂ ਦੇ ਪ੍ਰੀਵਾਰ ਵਿਚ ਪੈਦਾ ਹੋਇਆ ਅਤੇ ਉਹ ਭਾਈ ਮਤੀ ਦਾਸ ਦੇ ਵੰਸ਼ ਵਿਚੋਂ ਸੀ। ਆਉ ਤਿਥਾਂ ਅਨੁਸਾਰ ਬਾਲੀ ਦੇ ਇਸ ਕਥਨ ਨੂੰ ਵਿਚਾਰ ਵੇਖੀਏ। ਭਾਈ ਮਤੀ ਦਾਸ ਜੀ ਨਵੰਬਰ 1675 ਵਿਚ ਸ਼ਹੀਦ ਹੋਏ। ਆਮ ਧਾਰਨਾ ਹੈ ਕਿ ਬੰਦਾ ਅਕਤੂਬਰ 1670 ਵਿਚ ਰਾਮ ਦੇਵ ਦੇ ਘਰ ਪੈਦਾ ਹੋਇਆ। ਤਾਂ ਫਿਰ ਉਮਰ ਅਨੁਸਾਰ ਬੰਦਾ ਭਾਈ ਮੱਤੀ ਦਾਸ ਦਾ ਪੋਤਰਾ ਹੀ ਹੋ ਸਕਦਾ ਹੈ ਜਾਂ ਉਹਨਾਂ ਦੇ ਭਰਾ ਦਾ ਪੋਤਰਾ। ਪਰ ਬਾਲੀ ਵੀ ਬਾਕੀ ਲਿਖਾਰੀਆਂ ਵਾਂਗ ਰਾਮ ਦੇਵ ਦੇ ਪਿਤਾ ਦਾ ਨਾਂ ਨਹੀਂ ਦਸਦਾ ਇਸ ਲਈ ਇਹ ਮਾਮਲਾ ਸਪੱਸ਼ਟ ਰੂਪ ਵਿਚ ਕਿਸੇ ਤਣ ਪੱਤਣ ਨਹੀਂ ਲਗਦਾ। ਜੇਕਰ ਬਾਲੀ ਦੇ ਇਸ ਕਥਨ ਵਿਚ ਕੁਝ ਸਚਾਈ ਹੁੰਦੀ ਤਾਂ ਇਹ ਗੱਲ ਭਾਈ ਕਾਹਨ ਸਿੰਘ ਨਾਭਾ ਦੀ ਘੋਖਵੀਂ ਨਜ਼ਰ ਤੋਂ ਨਾ ਬਚਦੀ। ਕੇਸਰ ਸਿੰਘ ਛਿੱਬਰ ਨੇ ਸੰਨ 1769 ਦੇ ਨੇੜੇ ਤੇੜੇ 'ਬੰਸਾਵਲੀਨਾਮਾ ਦਸਾਂ ਗੁਰੂਆਂ ਕਾ' ਲਿਖਿਆ ਅਤੇ ਬੰਦਾ ਬਹਾਦਰ ਦੇ ਜੀਵਨ ਬਾਰੇ ਥੋੜ੍ਹੀ ਬਹੁਤੀ ਜਾਣਕਾਰੀ ਦੇਣ ਵਾਲਾ ਉਹ ਪਹਿਲਾ ਲੇਖਕ ਹੈ। ਜਦੋਂ ਬੰਦੇ ਦੀ ਸ਼ਹੀਦੀ ਹੋਈ ਉਸ ਸਮੇਂ ਛਿੱਬਰ ਚੜ੍ਹਦੀ ਜਵਾਨੀ ਵਿਚ ਸੀ। ਜੇਕਰ ਬੰਦਾ ਮੋਹਿਆਲ ਬ੍ਰਾਮਣ ਹੁੰਦਾ ਤਾਂ ਛਿੱਬਰ ਇਹ ਗੱਲ ਜ਼ਰੂਰ ਹੁੱਬ ਕੇ ਦੱਸਦਾ ਕਿਉਂਕਿ ਉਹ ਖੁਦ ਮੋਹਿਆਲ ਸੀ ਪਰ ਉਸਨੇ ਬੰਦੇ ਦੇ ਮੋਹਿਆਲ ਬ੍ਰਾਹਮਣ ਹੋਣ ਬਾਰੇ ਕੁਝ ਨਹੀਂ ਦੱਸਿਆ।

ਬੰਦੇ ਦਾ ਬ੍ਰਾਹਮਣ ਵੰਸ਼ ਵਿਚੋਂ ਹੋਣਾ ਸਿੱਧ ਕਰਨ ਲਈ ਉਸਦੇ ਵੈਸ਼ਨੂੰ ਆਹਾਰ, ਤਾਂਤਰਿਕ ਹੋਣ ਅਤੇ ਵੈਸ਼ਨਵ ਮੱਤ ਨੂੰ ਮੰਨਣ ਵਾਲਾ ਹੋਣ ਦੀ ਦਲੀਲ ਦਿਤੀ ਜਾ ਸਕਦੀ ਹੈ। ਪਰ ਇਤਿਹਾਸਕ ਪਰੀਪੇਖ ਵਿਚ ਵਿਚਾਰਿਆਂ ਇਹ ਦਲੀਲ ਥੋਥੀ ਹੀ ਜਾਪਦੀ ਹੈ। ਪਹਿਲੀ ਗੱਲ ਤਾਂ ਇਹ ਹੈ ਬੰਦੇ ਦੇ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਣ ਦੀ ਗੱਲ ਵੀਰ ਦਮੋਦਰ ਸਾਵਰਕਰ ਅਤੇ ਭਾਈ ਪ੍ਰਮਾਨੰਦ ਨੇ ਪਹਿਲੀ ਵੇਰਾਂ ਵੀਹਵੀਂ ਸਦੀ ਵਿਚ ਉਭਾਰੀ ਸੀ।

ਦੂਸਰੇ ਹਿੰਦੂਤਵ ਵਾਲੇ ਮਹਾਂਸਭਾਈਆਂ ਨੂੰ ਹਿੰਦੂਆਂ ਵਿਚ ਮਸਨੂਈ ਢੰਗ ਨਾਲ ਉਤਸ਼ਾਹ ਪੈਦਾ ਕਰਨ ਲਈ ਕਿਸੇ ਅਜਿਹੀ ਚਾਨਣ ਮੁਨਾਰੇ ਵਰਗੀ ਸ਼ਖਸ਼ੀਅਤ ਦੀ ਲੋੜ ਸੀ ਜਿਸ ਨੂੰ ਪ੍ਰਤੀਕਆਤਮਕ ਤੌਰ ਤੇ ਵਰਤਿਆ ਜਾ ਸਕੇ। ਬਿੱਲੀ ਭਾਗੀਂ ਛਿੱਕਾ ਟੁੱਟਾ, ਤੱਤ ਖਾਲਸਾ ਦੁਆਰਾ ਬੰਦੇ ਵਿਰੁੱਧ ਬਦਨੀਤੀ ਨਾਲ ਕੀਤੇ ਕੂੜ ਪ੍ਰਚਾਰ ਨੇ ਉਹਨਾਂ ਦੇ ਥੀਸਜ਼ ਨੂੰ ਤਾਕਤ ਬਖਸ਼ੀ। ਉਹਨਾਂ ਨੇ ਬੰਦੇ ਨੂੰ ਅਪਣਾ ਲਿਆ ਕਿਉਂਕਿ ਉਹ ਮਹਾਂਸਭਾਈਆਂ ਦੀ ਉਪਰੋਕਤ ਲੋੜ ਪੂਰੀ ਕਰਦਾ ਸੀ।

ਤੀਸਰੀ ਗੱਲ ਇਹ ਹੈ ਕਿ ਬੰਦੇ ਨੇ ਆਪਣਾ ਤਾਂਤਰਿਕ ਅਭਿਆਸ ਕਦੇ ਭੀ ਨਹੀਂ ਸੀ ਤਿਆਗਿਆ ਕਿਉਂਕਿ ਇਹ ਉਸਨੂੰ ਅਸਚਰਜ ਸ਼ਕਤੀ ਬਖਸ਼ਦਾ ਸੀ ਅਤੇ ਇਹੀ ਸ਼ਕਤੀ ਉਸਦੀ ਮਸ਼ਹੂਰੀ ਅਤੇ ਮਕਬੂਲੀਅਤ ਦਾ ਮੁੱਖ ਕਾਰਨ ਸੀ। ਆਪਣੀਆਂ ਇਹਨਾਂ ਸ਼ਕਤੀਆਂ

ਨੂੰ ਤਰੋ-ਤਾਜ਼ਾ ਕਰਨ ਲਈ ਉਹ ਅਕਸਰ ਹੀ ਜੰਗਲਾਂ ਪਹਾੜਾਂ ਵਿਚ ਦੂਰ ਨਿਕਲ ਜਾਂਦਾ ਤਾਂ ਜੋ ਉਹ ਕੁਦਰਤ ਦੇ ਇਕਾਂਤ ਅਤੇ ਸ਼ਾਂਤ ਮਾਹੌਲ ਵਿਚ ਬੈਠਕੇ ਤੱਪ ਕਰ ਸਕੇ। ਪਰ ਇਹ ਸਭ ਕੁਝ ਉਸਦਾ ਬ੍ਰਾਹਮਣ ਹੋਣਾ ਸਿੱਧ ਨਹੀਂ ਕਰਦਾ। ਇਸ ਪੱਖ ਨੂੰ ਵਿਚਾਰਦੇ ਸਮੇਂ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਲੜਕਪਣ ਦੀ ਉਮਰ ਤੋਂ ਹੀ ਉਹ ਜ਼ਾਨਕੀ ਪ੍ਰਸਾਦ, ਜੋ ਕਿ ਇਕ ਬ੍ਰਾਹਮਣ ਬੈਰਾਗੀ ਸੀ ਦਾ ਚੇਲਾ ਬਣ ਗਿਆ ਸੀ। ਅਜਿਹੇ ਹਾਲਾਤ ਵਿਚ ਤਾਮਸਿਕ ਭੋਜਨ, ਮੀਟ ਅਤੇ ਸ਼ਰਾਬ ਤੋਂ ਉਸਦੀ ਘ੍ਰਿਣਾ ਕੁਦਰਤੀ ਸੀ। ਇਸ 'ਚ ਕੋਈ ਸ਼ੱਕ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਾਹੁਲ ਛੱਕ ਚੁੱਕੇ ਸਿਰਲੱਥ ਸੂਰਮਿਆਂ ਨੂੰ ਅਜਿਹੇ ਖਾਣ ਪੀਣ ਤੋਂ ਨਹੀਂ ਵਰਜਿਆ ਸੀ। ਪਰ ਇਹ ਵੀ ਨਾਕਾਬਲੇ ਤਰਦੀਦ ਸੱਚ ਹੈ ਕਿ ਉਹਨਾਂ ਨੇ ਅਜਿਹਾ ਕਰਨਾ ਖਾਲਸੇ ਲਈ ਲਾਜ਼ਮੀ ਕਰਾਰ ਨਹੀਂ ਕੀਤਾ ਸੀ ਅਤੇ ਇਹ ਵਿਅਕਤੀਗਤ ਮਰਜ਼ੀ ਉਪਰ ਹੀ ਨਿਰਭਰ ਸੀ। ਅਸਲ ਵਿਚ ਅਜਿਹਾ ਉਹਨਾਂ ਨੂੰ ਆਪਣੇ ਜੱਟ ਸ਼ਰਧਾਲੂਆਂ ਲਈ, ਖਾਸ ਕਰਕੇ ਬਰਾੜਾਂ ਲਈ, ਕਰਨਾ ਪਿਆ ਜਿਹੜੇ ਕਿ ਅਜਿਹੇ ਖਾਣ ਪੀਣ ਦੇ ਆਪਣੇ ਕਬਾਇਲੀ ਪਿਛੋਕੜ ਕਾਰਨ ਆਦੀ ਸਨ। ਉਹਨਾਂ ਦੇ ਜੰਗਜੂ ਸੁਭਾਅ ਕਾਰਨ ਉਹਨਾਂ ਨੂੰ ਇਸ ਬਾਦੀ ਸਮੇਤ ਹੀ ਸਵੀਕਾਰ ਕਰਨਾ ਸਮੇਂ ਦੀ ਲੋੜ ਸੀ। ਅਜਿਹੇ ਹਾਲਾਤ ਵਿਚ ਬੰਦੇ ਦਾ ਆਪਣੇ ਖਾਣ-ਪੀਣ ਦੀ ਉਸ ਪੁਰਾਣੀ ਆਦਤ ਤੇ ਹੀ ਕਾਇਮ ਰਹਿਣਾ ਹੈਰਾਨੀਜਨਕ ਨਹੀਂ ਹੈ ਅਤੇ ਇਸ ਆਦਤ ਨੂੰ ਬਦਲਣ ਦੀ ਕੋਈ ਮਜਬੂਰੀ ਵੀ ਨਹੀਂ ਸੀ। ਅੱਜ ਵੀ ਬਹੁਤ ਸਾਰੇ ਅੰਮ੍ਰਿਤਧਾਰੀ ਸਿੱਖ ਸ਼ਰਾਬ ਅਤੇ ਮੀਟ ਤੋਂ ਪ੍ਰਹੇਜ ਕਰਦੇ ਹਨ ਭਾਵੇਂ ਕਿ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਵਾਣਤ ਰਹਿਤ-ਮਰਿਯਾਦਾ ਵਿਚ ਅੰਮ੍ਰਿਤਧਾਰੀ ਸਿੰਘਾਂ ਲਈ ਮੀਟ ਨਾ ਖਾਣ ਦੀ ਕੋਈ ਹਦਾਇਤ ਨਹੀਂ ਹੈ। ਸਿੱਖ ਸੰਤ ਬਾਬੇ ਜ਼ਰੂਰ ਤਾਮਸਿਕ ਭੋਜਨ ਵਿਰੁਧ ਪ੍ਰਚਾਰ ਕਰਦੇ ਹਨ।

ਕਿਸੇ ਵੀ ਵਿਅਕਤੀ ਦੀ ਅਸਲੀਅਤ ਉਸਦੇ ਵਿਚਾਰਾਂ ਅਤੇ ਚਰਿਤਰ ਤੋਂ ਪਤਾ ਲਗਦੀ ਹੈ ਨਾ ਕਿ ਉਸਦੇ ਭੋਜਨ ਅਤੇ ਭਾਸ਼ਾ ਤੋਂ। ਬੰਦੇ ਦੀ ਸ਼ਖਸੀਅਤ ਦਾ ਪ੍ਰਗਟਾਵਾ ਤਾਂ ਉਸਦੇ ਦੱਬੇ ਕੁਚਲੇ ਅਤੇ ਨੀਵੀਆਂ ਜਾਤਾਂ ਵਾਲਿਆਂ ਪ੍ਰਤੀ ਅਥਾਹ ਪਿਆਰ ਤੋਂ ਹੁੰਦਾ ਹੈ। ਦੂਸਰੇ ਬੰਨੇ ਬ੍ਰਾਹਮਣੀ ਮੱਤ ਦਾ ਕਰਮ ਸਿਧਾਂਤ ਤਾਂ ਇਹ ਕਹਿੰਦਾ ਹੈ ਕਿ ਆਪਣੇ ਪੂਰਵਲੇ ਜਨਮਾਂ ਦੇ ਕਰਮਾਂ ਦਾ ਫਲ ਭੁਗਤਣ ਲਈ ਹੀ ਕੋਈ ਇਨਸਾਨ ਗਰੀਬ ਅਤੇ ਹੇਠਲੀਆਂ ਜਾਤਾਂ ਵਿਚ ਪੈਦਾ ਹੁੰਦਾ ਹੈ। ਸੋ ਉਸਨੂੰ ਅਜਿਹੀ ਸਥਿਤੀ ਵਿਚੋਂ ਕੱਢਣ ਦੀ ਕੋਸ਼ਿਸ਼ ਵੀ ਇਕ ਪਾਪ ਹੀ ਹੈ। ਪ੍ਰਤੱਖ ਤੌਰ ਤੇ ਬੰਦਾ ਇਸ ਕਰਮ ਦੇ ਸਿਧਾਂਤ ਨੂੰ ਨਹੀਂ ਮੰਨਦਾ ਸੀ। ਉਸਦਾ ਸਿਧਾਂਤ ਤਾਂ ਇਹ ਸੀ 'ਕੋਓ ਕਿਸੀ ਕੋ ਰਾਜ ਨਾ ਦੇ ਹੈ, ਜੋ ਲੇ ਹੈ ਨਿੱਜ ਬੱਲ ਸੇ ਲੇ ਹੈ।' ਇਸ ਸਿਧਾਂਤ ਅਨੁਸਾਰ ਪ੍ਰਾਪਤ ਕੀਤੇ ਰਾਜ ਭਾਗ ਦਾ ਅਨੰਦ ਮਾਨਣ ਦਾ ਗਰੀਬ-ਗੁਰਬਿਆਂ ਨੂੰ ਵੀ ਬਰਾਬਰ ਦਾ ਹੱਕ ਹੈ। ਬੰਦੇ ਦੁਆਰਾ ਚਿਤਵੇ ਪ੍ਰਬੰਧ ਵਿਚ ਬ੍ਰਾਹਮਣ ਲਈ ਕੋਈ ਥਾਂ ਹੀ ਨਹੀਂ ਸੀ। ਹਥਿਆਰਾਂ ਦੀ ਪੂਜਾ ਉਸ ਲਈ ਕੋਈ ਨਵੀਂ ਗੱਲ ਨਹੀਂ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਨਾਲ ਉਸਦੀ ਮੁਲਾਕਾਤ ਨੇ ਉਸਨੂੰ ਦ੍ਰਿੜ ਕਰਵਾ ਦਿਤਾ ਕਿ ਮਨੁਖਤਾ ਦੇ ਭਲੇ ਲਈ ਸ਼ਕਤੀ ਦਾ ਹੋਣਾ ਜ਼ਰੂਰੀ ਹੈ। ਤਲਵਾਰ ਜੋ ਕਿ ਸ਼ਕਤੀ ਦੀ ਪ੍ਰਤੀਕ ਹੈ, ਉਸ ਸਰਬ ਸ਼ਕਤੀਮਾਨ ਦਾ ਹੀ ਪ੍ਰਗਟ ਰੂਪ ਹੈ ਬਾਕੀ ਸਭ ਝੱਖਣਾਂ ਝਾੜ ਹੈ, ਕਮਜ਼ੋਰ ਮਨਾਂ ਦਾ ਡਫਾਂਗ।

ਬਿਨਾਂ ਸ਼ੱਕ ਮੋਹਿਆਲ ਬ੍ਰਾਹਮਣ ਜੰਗਜੂ ਸਨ ਅਤੇ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਦੇ ਸਮਰੱਥ ਵੀ ਸਨ। ਪਰ ਅਜਿਹਾ ਕੋਈ ਪ੍ਰਮਾਣ ਨਹੀਂ ਮਿਲਦਾ ਕਿ ਉਹਨਾਂ ਨੇ ਆਪਣੀ

ਇਸ ਸਮਰੱਥਾ ਨੂੰ ਗਰੀਬਾਂ ਤੇ ਲਿਤਾੜੇ ਹੋਇਆਂ ਦੀ ਦਸ਼ਾ ਸੁਧਾਰਨ ਲਈ ਜਾਂ ਉਹਨਾਂ ਨੂੰ ਮਾਣ ਸਨਮਾਨ ਦਿਵਾਉਣ ਲਈ ਵਰਤਿਆ ਹੋਵੇ। ਪਰ ਬੰਦੇ ਦੁਆਰਾ ਚਿਤਵਿਆ ਸਮਾਜਿਕ ਪ੍ਰਬੰਧ ਤਾਂ ਮੋਹਿਆਲ ਬ੍ਰਾਹਮਣਾਂ ਦੇ ਸਮਾਜ ਦੇ ਬਿਲਕੁਲ ਉਲਟ ਸੀ ਕਿਉਂਕਿ ਜਾਤ-ਪਾਤ ਅਧਾਰਤ ਪੱਖਪਾਤੀ ਸਮਾਜਕ ਪ੍ਰਬੰਧ ਨੂੰ ਨਕਾਰਦਿਆਂ ਉਸਨੇ ਰਾਜ ਸੱਤਾ ਚਮਾਰਾਂ-ਚੂਹੜਿਆਂ ਅਤੇ ਪਿਛੜੇ ਵਰਗਾਂ ਦੇ ਹੱਥ ਦੇ ਦਿਤੀ ਸੀ। ਇਸੇ ਸ਼ਕਤੀ ਨੇ ਉਹਨਾਂ ਨੂੰ ਅਮੀਰਾਂ ਜਗੀਰਦਾਰਾਂ ਉਤੇ ਆਪਣਾ ਹੁਕਮ ਚਲਾਉਣ ਦੇ ਸਮਰੱਥ ਕਰ ਦਿਤਾ ਸੀ। ਮੋਹਿਆਲਾਂ ਨਾਲ ਉਸਦੀ ਸਾਂਝ ਕੇਵਲ ਜੰਗਜੂ ਸੁਭਾਅ ਦੀ ਹੀ ਹੈ। ਜੱਟ ਅਤੇ ਸਹਿੰਸੀ ਵੀ ਚੰਗੇ ਯੋਧੇ ਸਨ। ਮਹਾਰਾਜਾ ਰਣਜੀਤ ਸਿੰਘ ਵੀ ਸਹਿੰਸੀ ਸੀ ਅਤੇ ਸੰਭਵਤਾ ਉਸਦੇ ਸੰਧਾਵਾਲੀਏ ਅਤੇ ਮਜੀਠੀਏ ਸਰਦਾਰ ਵੀ ਇਸੇ ਜਾਤ ਦੇ ਸਨ।

ਇਸ ਪੜਚੋਲ ਤੋਂ ਸਪਸ਼ੱਟ ਹੈ ਕਿ ਬੰਦੇ ਨੂੰ ਬ੍ਰਾਹਮਣ ਸਿੱਧ ਕਰਨ ਵਿਚ ਨਾ ਤਾਂ ਇਤਿਹਾਸ ਸਹਾਈ ਹੋਇਆ ਹੈ ਅਤੇ ਨਾ ਹੀ ਤਰਕ।

ਬੰਦਾ ਫਿਰ ਕੌਣ ਹੋ ਸਕਦਾ ਹੈ ?

ਜਿਵੇਂ ਅਸੀਂ ਉਪਰ ਵੇਖਿਆ ਹੈ ਕਿ ਬੰਦਾ ਨੀਵੀਆਂ ਜਾਤਾਂ ਵਾਲਿਆ ਨੂੰ ਦਿਲੋਂ ਪਿਆਰ ਕਰਦਾ ਸੀ ਅਤੇ ਉਹਨਾਂ ਪ੍ਰਤੀ ਆਪਣਾ ਆਦਰ ਪ੍ਰਗਟ ਕਰਨ ਲਈ ਉਹਨਾਂ ਨੂੰ 'ਸਿੰਘ' ਆਖ ਕੇ ਮੁਖਾਤਿਬ ਹੁੰਦਾ ਸੀ। ਵਿਲੀਅਮ ਇਰਵਿਨ ਦਸਦਾ ਹੈ ਕਿ ਚੂਹੜੇ ਅਤੇ ਚਮਾਰ ਨੂੰ ਉਨ੍ਹਾਂ ਦੇ ਪਿੰਡਾਂ ਦੇ ਚੌਧਰੀ ਬਣਾ ਕੇ ਬੰਦਾ ਬਹਾਦਰ ਨੇ ਸਥਾਪਤ ਸਮਾਜਿਕ ਢਾਂਚੇ ਨੂੰ ਪੂਰੀ ਤਰ੍ਹਾਂ ਉਲਟਾ ਦਿਤਾ ਸੀ। ਅਮੀਰਾਂ ਅਤੇ ਜਾਗੀਰਦਾਰਾਂ ਕੋਲ ਉਹਨਾਂ ਦਾ ਹੁਕਮ ਮੰਨਣ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿ ਗਿਆ ਸੀ। ਜਾਤ-ਪਾਤ ਅਧਾਰਤ ਹਿੰਦੂ ਸਮਾਜ ਵਿਚ, ਜਿਥੇ ਕਿ ਚੂਹੜੇ ਦਾ ਪਰਛਾਵਾਂ ਉਚ ਜਾਤ ਵਾਲਿਆਂ ਨੂੰ ਪਲੀਤ ਕਰ ਦਿੰਦਾ ਸੀ, ਇਹ ਤਬਦੀਲੀ ਅਲੋਕਾਰੀ ਸੀ ਅਤੇ ਰੂੜੀਵਾਦੀ ਬ੍ਰਾਹਮਣਾਂ ਲਈ ਬਹੁਤ ਦੁਖਦਾਈ ਵੀ ਸੀ। ਪਰ ਇਹ ਬੰਦੇ ਦੀਆਂ ਭਾਵਨਾਵਾਂ ਅਤੇ ਧਾਰਨਾਵਾਂ ਦਾ ਇਕ ਦਰਪਣ ਜ਼ਰੂਰ ਹੈ। ਜਿਹੋ ਜਿਹੀ ਜਲਾਲਤ ਅਤੇ ਜ਼ੁਲਮ ਉਸ ਸਮੇਂ ਜੱਟਾਂ, ਸਹਿੰਸੀਆਂ, ਗੁਜਰਾਂ ਅਤੇ ਹੋਰ ਨੀਵੀਆਂ ਜਾਤਾਂ ਨੂੰ ਉਚ ਜਾਤਾਂ, ਜਗੀਰਦਾਰਾਂ ਵਗੈਰਾਂ ਤੋਂ ਅਕਸਰ ਸਹਿਣੀ ਪੈਂਦੀ ਸੀ, ਬੰਦਾ ਜ਼ਰੂਰ ਹੀ ਇਹੋ ਜਿਹੀ ਸਥਿਤੀ ਵਿਚੋਂ ਲੰਘਿਆ ਹੋਵੇਗਾ ਨਹੀਂ ਤਾਂ ਉਹ ਅਜਿਹੇ ਢਾਂਚੇ ਦਾ ਕੱਟੜ ਵੈਰੀ ਨਾ ਹੁੰਦਾ।

ਬੰਦਾ ਕੋਈ ਸਮਾਜ ਸੁਧਾਰਕ ਜਾਂ ਧਰਮ ਪ੍ਰਚਾਰਕ ਨਹੀਂ ਸੀ। ਉਹ ਤਾਂ ਇਕ ਯੋਧਾ ਸੀ। ਜੋ ਵੀ ਉਸਨੂੰ ਠੀਕ, ਉਚਿੱਤ ਅਤੇ ਨਿਆਂ ਸੰਗਤ ਲਗਦਾ ਉਸਨੂੰ ਉਹ ਦਲੀਲ ਦੇ ਜ਼ੋਰ ਨਾਲ ਨਹੀਂ ਸਗੋਂ ਆਪਣੇ ਹੁਕਮ ਦੇ ਜ਼ੋਰ ਨਾਲ ਲਾਗੂ ਕਰਦਾ। ਆਪਣੀਆਂ ਸਕੀਮਾਂ ਲਾਗੂ ਕਰਨ ਲਈ ਉਹ ਪੱਥਰ ਦਿਲ ਹੋਣ ਦੀ ਹੱਦ ਤੱਕ ਦ੍ਰਿੜ ਸੀ ਅਤੇ ਚੀਕ ਪੁਕਾਰ ਤੇ ਲੋਕਾਂ ਦੇ ਦੁਖ ਤਕਲੀਫ ਉਸਦੇ ਕੰਮ ਵਿਚ ਕੋਈ ਰੁਕਾਵਟ ਨਹੀਂ ਸੀ ਬਣਦੇ। ਸੋ ਉਸ ਦੁਆਰਾ ਚਮਾਰਾਂ ਚੂਹੜਿਆਂ ਨੂੰ ਪਿੰਡਾਂ ਦੇ ਚੌਧਰੀ ਥਾਪਣਾ ਕੋਈ ਅਚਨਚੇਤੀ ਵਾਪਰੀ ਘਟਨਾ ਨਹੀਂ ਸੀ ਸਗੋਂ ਉਸਦਾ ਸੋਚਿਆ ਸਮਝਿਆ ਫੈਸਲਾ ਸੀ। ਖੱਤਰੀਆਂ, ਰਾਜਪੂਤਾਂ ਤੇ ਬ੍ਰਾਹਮਣਾਂ ਵਰਗੀਆਂ ਕੁਲੀਨ ਜਾਤਾਂ ਪ੍ਰਤੀ ਉਸਦਾ ਬਦਲਾ-ਲਊ ਵਿਹਾਰ ਇਹੋ ਦਰਸਾਉਂਦਾ ਹੈ ਕਿ ਉਹ ਯਕੀਨਨ

ਅਖੌਤੀ ਨੀਵੀਆਂ ਜਾਤਾਂ ਵਿਚੋਂ ਸੀ। ਉਸ ਦੀ ਸਰੀਰਕ ਬਣਤਰ ਗੁਜਰਾਂ ਵਰਗੀ ਸੀ। ਦੱਸਿਆ ਜਾਂਦਾ ਹੈ ਕਿ ਉਹ ਦਰਮਿਆਨੇ ਕੱਦ ਅਤੇ ਪਤਲੇ ਸਰੀਰ ਦਾ ਸੀ ਅਤੇ ਰੰਗ ਕਣਕਭਿੰਨਾ ਸੀ। ਐਚ.ਏ. ਰੋਜ਼ ਲਿਖਦਾ ਹੈ "ਆਖਿਆ ਜਾਂਦਾ ਹੈ ਕਿ ਉਸਦੇ ਮੁਹਾਂਦਰੇ ਤੋਂ ਝੱਲਕਦਾ ਸਾਊਪੁਣਾ ਅਤੇ ਉਸਦੀਆਂ ਤੇਜ਼ ਅਤੇ ਚਮਕਦਾਰ ਅੱਖਾਂ ਉਸਦੇ ਕਟੜ ਦੁਸ਼ਮਣਾਂ ਤੇ ਵੀ ਉਸਦੀ ਮਹਾਨਤਾ ਦਾ ਪ੍ਰਭਾਵ ਪਾਉਂਦੇ ਸਨ। ਭਾਵੇਂ ਉਸਦਾ ਕੱਦ-ਬੁੱਤ ਕੋਈ ਬਹੁਤਾ ਵੱਡਾ ਨਹੀਂ ਸੀ ਪਰ ਉਹ ਇੰਨਾ ਚੁੱਸਤ ਅਤੇ ਫੁਰਤੀਲਾ ਸੀ ਕਿ ਲੜਾਈ ਦੇ ਮੈਦਾਨ ਵਿਚ ਆਪਣੇ ਤੋਂ ਬਹੁਤ ਤਕੜੇ ਬੰਦੇ ਨੂੰ ਵੀ ਆਪਣੇ ਨੇੜੇ ਨਹੀਂ ਸੀ ਫੱਟਕਣ ਦਿੰਦਾ। ਉਹ ਇਕ ਤਕੜਾ ਨਿਸ਼ਾਨਚੀ ਸੀ ਅਤੇ ਤੋੜੇਦਾਰ ਬੰਦੂਕ ਉਸਦਾ ਪਸੰਦੀਦਾ ਹਥਿਆਰ ਸੀ। ਉਹ ਇਕ ਚੰਗਾ ਘੋੜਸਵਾਰ ਸੀ ਅਤੇ ਕਈ ਦਿਨਾਂ ਤਕ ਬਿਨਾਂ ਥੱਕਿਆਂ ਘੋੜੇ ਤੇ ਸਵਾਰੀ ਕਰ ਸਕਦਾ ਸੀ। ਬਿਨਾਂ ਸ਼ੱਕ ਉਹ ਇਕ ਬਹਾਦਰ ਸੂਰਮਾ ਸੀ।"

ਗੁਜਰਾਂ ਦੀ ਸਰੀਰਕ ਬਣਤਰ ਬਿਆਨ ਕਰਦਾ ਐਚ.ਏ. ਰੋਜ਼ ਲਿਖਦਾ ਹੈ "ਗੁਜਰ ਖੂਬਸੂਰਤ ਅਤੇ ਵਿਲੱਖਣ ਤਰ੍ਹਾਂ ਦੇ ਨੈਣ ਨਕਸ਼ਾਂ ਵਾਲੀ ਇਕ ਬਹਾਦਰ ਨਸਲ ਹੈ। ਇਹ ਲੋਕ ਜੰਗਲਾਂ ਦੇ ਲਾਗੇ ਰਹਿੰਦੇ ਹਨ ਅਤੇ ਆਪਣਾ ਗੁਜ਼ਾਰਾ ਆਪਣੇ ਪਸ਼ੂਆਂ ਦਾ ਦੁਧ ਘੀ ਵੇਚ ਕੇ ਕਰਦੇ ਹਨ। ਇਹਨਾਂ ਦੇ ਮਰਦ ਅਕਸਰ ਹਫਤਿਆਂ ਬੱਧੀ ਜੰਗਲਾਂ ਵਿਚ ਆਪਣੇ ਪਸ਼ੂ ਚਾਰਦੇ ਅਤੇ ਉਹਨਾਂ ਦੀ ਸੰਭਾਲ ਕਰਦੇ ਰਹਿੰਦੇ ਹਨ। ਗਰਮੀਆਂ ਦੇ ਦਿਨਾਂ ਵਿਚ ਉਹ ਅਕਸਰ ਆਪਣੇ ਵੱਗਾਂ ਨੂੰ ਹੱਕ ਪਹਾੜਾਂ ਵੱਲ ਲੈ ਜਾਂਦੇ ਹਨ। ਸ਼ਹਿਰਾਂ ਵਿਚ ਰਹਿਣ ਵਾਲੇ ਲੋਕ ਅਕਸਰ ਆਪਣੇ ਬੱਚਿਆਂ ਨੂੰ ਸਾਲ ਦੋ ਸਾਲ ਲਈ ਹੁਸ਼ਿਆਰਪੁਰ ਜ਼ਿਲ੍ਹੇ ਦੀਆਂ ਗੁਜਰ ਔਰਤਾਂ ਕੋਲ ਪਾਲਣ ਪੋਸਣ ਲਈ ਛੱਡ ਦਿੰਦੇ ਹਨ ਤਾਂ ਜੋ ਉਹ ਤਕੜੇ ਹੋ ਜਾਣ।"

ਬੰਦਾ ਚਿਹਰੇ ਮੋਹਰੇ ਅਤੇ ਸਰੀਰਕ ਬਣਤਰ ਤੋਂ ਇਕ ਮਿਸਾਲੀ ਗੁਜਰ ਵਰਗਾ ਦਿਸਦਾ ਸੀ।

ਦੂਸਰੇ - ਬੰਦੇ ਵੱਲੋਂ ਮੁਗਲ ਸੱਲਤਨਤ ਵਿਰੁੱਧ ਪੰਜਾਬ ਵਿਚ ਆਪਣਾ ਸੰਘਰਸ਼ ਬੁੜੀਆ ਤੋਂ ਸ਼ੁਰੂ ਕਰਨਾ ਵੀ ਇਕ ਸੋਚਿਆ ਸਮਝਿਆ ਕਦਮ ਸੀ। ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿਚ ਦਰਿਆ ਜਮਨਾਂ ਦੇ ਪਾਰ ਅਤੇ ਇਸ ਦੇ ਕੰਢਿਆਂ ਤੇ ਸਹਾਰਨਪੁਰ ਜ਼ਿਲੇ ਵਿਚ ਅਤੇ ਜਗਾਧਰੀ ਅਤੇ ਬੁੜੀਆਂ ਦੇ ਨੇੜੇ ਤੇੜੇ ਗੁਜਰ ਵੱਡੀ ਗਿਣਤੀ ਵਿਚ ਆਬਾਦ ਸਨ। ਇਹਨਾਂ ਲੋਕਾਂ ਨਾਲ ਉਸਦਾ ਅਸਾਨੀ ਨਾਲ ਰਾਬਤਾ ਕਾਇਮ ਕਰ ਲੈਣਾ ਇਹ ਦਰਸਾਉਂਦਾ ਹੈ ਕਿ ਉਹ ਗੁਜਰਾਂ ਦੀ ਆਪਣੀ ਵਿਸ਼ੇਸ਼ ਭਾਸ਼ਾ ਗੋਜਰੀ ਵਿਚ ਪ੍ਰਬੀਨ ਸੀ। ਗੋਜਰੀ ਭਾਸ਼ਾ ਦੇ ਆਪਣੇ ਅਜਿਹੇ ਵਿਸ਼ੇਸ਼ ਸ਼ਬਦ ਹਨ ਜਿਨ੍ਹਾਂ ਨੂੰ ਗੁਜਰਾਂ ਤੋਂ ਬਿਨਾਂ ਹੋਰ ਕੋਈ ਨਹੀਂ ਸਮਝ ਸਕਦਾ। ਕਿਉਂਕਿ ਗੁੱਜਰ ਅਕਸਰ ਚੋਰੀਆਂ ਅਤੇ ਲੁਟਾਂ ਵਿਚ ਸ਼ਾਮਲ ਰਹਿੰਦੇ ਸਨ ਸੋ ਅਜਿਹੀ ਭਾਸ਼ਾ ਵਿਕਸਤ ਕਰਨਾ ਉਹਨਾਂ ਦੀ ਮਜਬੂਰੀ ਸੀ। ਰੋਜ਼ ਲਿਖਦਾ ਹੈ "ਪੰਜਾਬ ਦੇ ਇਤਿਹਾਸ ਵਿਚ ਗੁਜਰ ਹਮੇਸ਼ਾਂ ਹੀ ਖਰੂਦੀ ਰਹੇ ਨੇ। ਉਹ ਦਿੱਲੀ ਦੇ ਬਾਦਸ਼ਾਹਾਂ ਨੂੰ ਹਮੇਸ਼ਾਂ ਹੀ ਕੰਡੇ ਵਾਂਗ ਚੁਭਦੇ ਰਹੇ ਨੇ ਅਤੇ ਜਦੋਂ ਵੀ ਰਾਜ ਪ੍ਰਬੰਧ ਵੱਲੋਂ ਥੋੜ੍ਹੀ ਢਿੱਲ ਹੁੰਦੀ ਉਹ ਆਪਣੇ ਨੇੜੇ ਤੇੜੇ ਲੁੱਟ ਮਾਰ ਲਈ ਹਮੇਸ਼ਾਂ ਤੱਤਪਰ ਰਹਿੰਦੇ।" ਸੋ ਮੁਗਲ ਸੱਲਤਨਤ ਵਿਰੁੱਧ ਜਿਹਾਦ ਛੇੜਨ ਲਈ ਇਹ ਸਾਰਾ ਇਲਾਕਾ ਢੁੱਕਵਾਂ ਅਤੇ ਅਨੁਕੂਲ ਸੀ। 23 ਜਨਵਰੀ 1710 ਦੇ ਅਖਬਾਰੇ-ਦਰਬਾਰੇ-ਮੁਅੱਲਾ ਵਿਚ ਦਰਜ ਹੈ "ਵੱਡੀ ਗਿਣਤੀ ਵਿਚ ਗੁਜਰ ਆਪਣੀ ਲੁਟ ਮਾਰ ਦੀ ਲਾਲਸਾ ਪੂਰੀ ਕਰਨ ਲਈ ਬੰਦੇ ਦੀ ਅਗਵਾਈ ਹੇਠ ਆ ਗਏ ਨੇ।"

ਤੀਜਾ – ਮੁਗਲ ਸਲਤਨਤ ਵਿਰੁੱਧ ਆਪਣੇ ਸੰਘਰਸ਼ ਦੌਰਾਨ ਬੰਦਾ ਹਮੇਸ਼ਾਂ ਪੂਰੀ ਦ੍ਰਿੜਤਾ ਨਾਲ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨੇੜੇ ਤੇੜੇ ਰਿਹਾ। ਇਸ ਇਲਾਕੇ ਵਿਚ ਗੁਜਰ ਵੱਡੀ ਗਿਣਤੀ ਵਿਚ ਅਬਾਦ ਸਨ। ਕਦੇ ਕਦਾਈਂ ਹੀ ਉਹ ਮੈਦਾਨਾਂ 'ਚ ਦੂਰ ਅੰਦਰ ਤੱਕ ਗਿਆ ਅਤੇ ਉਹ ਵੀ ਥੋੜ੍ਹੇ ਸਮੇਂ ਲਈ ਹੀ। ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿਚ ਇਕ ਸਿਧੀ ਖੜੀ ਪਹਾੜੀ ਉਤੇ ਬਣੇ ਕਿਲੇ ਮੁਖਲਿਸਗੜ ਨੂੰ ਆਪਣੀ ਰਾਜਧਾਨੀ ਬਣਾਉਣ ਲਈ ਚੁਣਿਆ ਅਤੇ ਇਸ ਦਾ ਨਾਂ ਲੋਹਗੜ੍ਹ ਰੱਖਿਆ। ਜਦੋਂ ਵੀ ਕਦੇ ਉਸ ਤੇ ਮੁਗਲ ਫੌਜਾਂ ਦਾ ਦਬਾਅ ਵਧ ਜਾਂਦਾ ਉਹ ਹਮੇਸ਼ਾਂ ਪਿਛੇ ਹੱਟ ਕੇ ਸਿਰਮੋਰ, ਗੜਵਾਲ ਜਾਂ ਜੰਮੂ ਦੀਆਂ ਪਹਾੜੀਆਂ ਵਿਚ ਅਲੋਪ ਹੋ ਜਾਂਦਾ। ਇਹੀ ਕਾਰਨ ਹੈ ਕਿ ਪੰਜਾਬ ਦੇ ਮੈਦਾਨੀ ਇਲਾਕਿਆਂ ਵਿਚ ਬੰਦਾ ਬਹਾਦਰ ਅਤੇ ਉਸ ਦੀਆਂ ਮੁਗਲ ਹਕੂਮਤ ਵਿਰੁੱਧ ਲੜਾਈਆਂ ਬਾਰੇ ਲੋਕਾਂ ਨੂੰ ਬਹੁਤੀ ਜਾਣਕਾਰੀ ਨਹੀਂ ਸੀ। ਗੁਜਰਾਂਵਾਲੇ (ਜਾਂ ਗੁਜਰਾਤ,ਪਾਕਿਸਤਾਨ) ਦੇ ਰਹਿਣ ਵਾਲੇ ਇਕ ਖੱਤਰੀ ਦਯਾ ਰਾਮ ਅਬਰੋਲ ਨੇ ਸੰਨ 1733 (ਸੰਮਤ 1790) ਵਿਚ ਲਿਖੀਆਂ ਜਨਮ ਸਾਖੀਆਂ ਵਿਚ ਕਿਧਰੇ ਵੀ ਬੰਦੇ ਦਾ ਜਾਂ ਖਾਲਸੇ ਦਾ ਜ਼ਿਕਰ ਤਕ ਨਹੀਂ ਕੀਤਾ। ਡਬਲਯੂ ਐਚ. ਮੈਕਲਿਉਡ ਆਪਣੀ ਪੁਸਤਕ (ਅਰਲੀ ਸਿੱਖ ਟਰੈਡੀਸ਼ਨ) ਵਿਚ ਲਿਖਦਾ ਹੈ "ਇਸ ਵਿਚ ਗੜਬੜ ਵਾਲੇ ਹਾਲਾਤ ਦਾ ਕੋਈ ਇਸ਼ਾਰਾ ਮਾਤਰ ਵੀ ਨਹੀਂ ਹੈ, ਨਾ ਹੀ ਬੰਦੇ ਦਾ ਕੋਈ ਜ਼ਿਕਰ ਹੈ, ਨਾ ਹੀ ਜ਼ਿਆਦਤੀਆਂ ਦਾ ਅਤੇ ਨਾ ਹੀ ਖਾਲਸੇ ਦੀ ਹੋਂਦ ਜਾਂ ਇਸਦੀਆਂ ਫੌਜੀ ਕਾਰਵਾਈਆਂ ਦਾ ਜਾਂ ਇਸਦੇ ਅਸੂਲਾਂ ਦਾ ਕੋਈ ਜ਼ਿਕਰ ਹੈ।"

ਚੌਥਾ – ਸਾਰੇ ਗੁਜਰਾਂ ਵਾਂਗ ਬੰਦਾ ਵੀ ਇਕ ਥਾਂ ਟਿਕ ਕੇ ਬੈਠਣ ਵਾਲਾ ਨਹੀਂ ਸੀ ਅਤੇ ਉਹ ਜੰਗਲਾਂ ਪਹਾੜਾਂ ਵਿਚ ਘੁੰਮਣ ਫਿਰਨ ਦਾ ਆਦੀ ਸੀ। ਸਰਹਿੰਦ ਅਤੇ ਇਸ ਦੇ ਆਲੇ ਦੁਆਲੇ ਨੂੰ ਫਤਹਿ ਕਰਨ ਅਤੇ ਵਜੀਰ ਖਾਨ ਅਤੇ ਸੁਚਾ ਨੰਦ ਨੂੰ ਖਤਮ ਕਰਨ ਉਪਰੰਤ ਉਹ ਧਿਆਨ ਸਾਧਨਾ ਕਰਨ ਲਈ ਜਾਂ ਫਿਰ ਅਰਾਮ ਕਰਨ ਅਤੇ ਤਰੋ–ਤਾਜਾ ਹੋਣ ਲਈ ਗੜਵਾਲ ਦੀਆਂ ਪਹਾੜੀਆਂ 'ਚ ਜੋਨਸਰ (ਕਬਾਇਲੀ ਇਲਾਕੇ) ਨੂੰ ਨਿਕਲ ਗਿਆ। ਕੁਝ ਸਾਲਾਂ ਬਾਅਦ ਅਜਿਹੇ ਹੀ ਮੰਤਵ ਲਈ ਉਹ ਜੰਮੂ ਦੇ ਇਲਾਕੇ ਵਿਚ ਰਿਆਸੀ ਨੇੜੇ ਭਬਾਰ ਵਿਚ ਜਾ ਬੈਠਿਆ। ਬਾਕੀ ਗੁਜਰਾਂ ਵਾਂਗ ਹੀ ਜੰਗਲਾਂ ਪਹਾੜਾਂ ਵਿਚ ਭਰਮਣ ਕਰਦੇ ਰਹਿਣਾ ਉਸਦੇ ਸੁਭਾਅ ਦਾ ਅਨਿਖੜਵਾਂ ਅੰਗ ਸੀ ਅਤੇ ਜਿਤੇ ਹੋਏ ਇਲਾਕਿਆਂ ਦੇ ਪ੍ਰਬੰਧ ਵਿਚ ਉਸਦੀ ਕੋਈ ਦਿਲਚਸਪੀ ਨਹੀਂ ਸੀ।

ਪੰਜਵਾਂ ਜਿਵੇਂ ਕਿ ਡਾ. ਹਰੀ ਰਾਮ ਗੁਪਤਾ ਅਤੇ ਓ.ਪੀ. ਰਲਹਨ ਨੇ ਵੀ ਇਸ਼ਾਰਾ ਕੀਤਾ ਹੈ ਕਿ ਬੰਦੇ ਦੁਆਰਾ ਜਿਤੇ ਹੋਏ ਇਲਾਕਿਆਂ ਵਿਚ ਜ਼ਿਮੀਂਦਾਰਾ ਸਿਸਟਮ ਦੇ ਖਾਤਮੇ ਦਾ ਸਭ ਤੋਂ ਵੱਧ ਲਾਭ ਜੱਟਾਂ ਅਤੇ ਗੁਜਰਾਂ ਨੂੰ ਹੀ ਹੋਇਆ। ਉਸ ਸਮੇਂ ਜ਼ਿਮੀਂਦਾਰਾਂ ਅਤੇ ਮਨਸਬਦਾਰਾਂ ਦੇ, ਜੋ ਕਿ ਜ਼ਿਆਦਾਤਰ ਮੁਸਲਮਾਨ ਸਨ, ਲਾਲਚੀ ਅਤੇ ਲੁਚੇ ਸੁਭਾਅ ਕਾਰਨ ਗੁਜਰਾਂ ਅਤੇ ਜੱਟਾਂ, ਜੋ ਕਿ ਹਲਵਾਹਕ ਸਨ, ਦੀ ਹਾਲਤ ਤਾਂ ਭੁੱਖਮਰੀ ਵਾਲੀ ਸੀ।

ਛੇਵਾਂ – ਉਸਦੇ ਪਰਿਵਾਰ ਦਾ ਖਾਨਾਬਦੋਸ਼ ਹੋਣਾ ਹੀ ਇਕੋ–ਇਕ ਕਾਰਨ ਹੋ ਸਕਦਾ ਹੈ ਕਿ ਪੰਜਾਬ ਦੇ ਵੱਡੇ ਹਿਸੇ ਉਤੇ ਜਿਤਾਂ ਪ੍ਰਾਪਤ ਕਰਨ ਉਪਰੰਤ ਵੀ ਕਿਸੇ ਪਰਿਵਾਰ ਨੇ ਉਸ ਤੇ ਆਪਣਾ ਹੱਕ ਨਾ ਜਤਾਇਆ। ਜਦੋਂ ਉਹ ਆਪਣੇ ਪਰਿਵਾਰ ਨਾਲੋਂ ਵਿਛੜ ਗਿਆ ਤਾਂ ਪਰਿਵਾਰ ਨੇ ਵੀ ਉਸਨੂੰ ਵਿਸਾਰ ਦਿਤਾ ਅਤੇ ਪਰਿਵਾਰ ਨਵੀਆਂ ਚਰਾਂਦਾਂ ਦੀ ਭਾਲ ਵਿਚ ਥਾਂ

ਥਾਂ ਘੁੰਮਦਾ ਰਿਹਾ ਹੋਵੇਗਾ। ਖ਼ਾਨਾਬਦੋਸ਼ ਕਬੀਲੇ, ਭਾਵੇਂ ਆਰੀਆ ਹੋਣ ਜਾਂ ਕੋਈ ਹੋਰ, ਕਿਸੇ ਵੀ ਵਸਤੂ, ਸਥਾਨ ਜਾਂ ਵਿਅਕਤੀ ਨਾਲ ਬੇਲੋੜਾ ਲਗਾਅ ਨਹੀਂ ਰੱਖਦੇ। ਪਿਛੇ ਰਹਿ ਗਏ ਸਥਾਨਾਂ ਜਾਂ ਵਿਅਕਤੀਆਂ ਵਲ ਵੀ ਉਹ ਮੁੜ ਕੇ ਨਹੀਂ ਵੇਖਦੇ। ਆਰੀਆ ਲੋਕ ਆਪਣੇ ਆਪ ਨੂੰ ਬੇਲੋੜੇ ਦੁਨਿਆਵੀ ਅਤੇ ਅਧਿਆਤਮਕ ਬੰਧਨਾਂ ਤੋਂ ਮੁਕਤ ਰੱਖਣ ਲਈ ਆਪਣੇ ਮੁਰਦਿਆਂ ਨੂੰ ਅੱਗਨ ਭੇਟ ਕਰ ਦਿੰਦੇ ਸਨ ਅਤੇ ਉਹਨਾਂ ਦੀ ਯਾਦ ਵਿਚ ਕੋਈ ਸਮਾਧ ਜਾਂ ਹੋਰ ਯਾਦਗਾਰ ਵੀ ਨਹੀਂ ਸਨ ਉਸਾਰਦੇ। ਉਹਨਾਂ ਦਾ ਵਿਸ਼ਵਾਸ ਸੀ ਕਿ ਦਰਿਆ ਹਮੇਸ਼ਾ ਅੱਗੇ ਵੱਲ ਹੀ ਤੁਰਦੇ ਹਨ ਕਦੇ ਪਿਛੇ ਆਪਣੇ ਸਰੋਤ ਵੱਲ ਨਹੀਂ ਮੁੜਦੇ।

ਆਖਰ ਵਿਚ, ਗੁਜਰ ਵੀ ਆਮ ਤੌਰ ਤੇ ਆਪਣੇ ਆਪ ਨੂੰ ਰਾਜਪੂਤਾਂ ਦਾ ਹੀ ਵੰਸ਼ ਦੱਸਦੇ ਹਨ। ਸ਼੍ਰੀ ਭੰਡਾਰਕਰ ਨੇ ਦਰਸਾਇਆ ਹੈ ਅਗਨੀ ਕੁਲ ਦੇ ਚਾਰ ਰਾਜਪੂਤ ਸੋਲੰਕੀ, ਪਰਿਹਾਰ, ਪਰਮਾਰ ਅਤੇ ਚੌਹਾਨ ਦਰਅਸਲ ਗੁਜਰਾਂ ਦੇ ਹੀ ਚਾਰ ਵਰਗ ਹਨ। ਨੌਵੀਂ ਸਦੀ ਵਿਚ ਉਤਰ ਭਾਰਤ ਵਿਚ ਇਕ ਖ਼ੁਸ਼ਹਾਲ ਗੁਜਰ ਰਾਜ ਸੀ ਜਿਸਦੀ ਰਾਜਧਾਨੀ ਕਨੌਜ ਸੀ ਅਤੇ ਭੋਜ ਪਹਿਲਾ ਇਸ ਦਾ ਅਤਿ ਪ੍ਰਸਿਧ ਰਾਜਾ ਸੀ। ਉਸਦੀ ਮੌਤ ਉਪਰੰਤ ਇਹ ਰਾਜ ਹਮੇਸ਼ਾਂ ਲਈ ਖਤਮ ਹੋ ਗਿਆ। ਸੋ ਇਹ ਆਮ ਧਾਰਨਾਂ ਕਿ ਗੁਜਰਾਂ ਅਤੇ ਰਾਜਪੂਤਾਂ ਦਾ ਪਿਛੋਕੜ ਇਕੋ ਹੀ ਹੈ ਕੋਈ ਅਨਹੋਣੀ ਵੀ ਨਹੀਂ ਹੈ। ਰਾਜਸੀ ਤਾਕਤ ਖੁਸਣ ਉਪਰੰਤ ਗੁਜਰ ਗੁਰਬਤ 'ਚ ਧੱਸ ਗਏ ਅਤੇ ਉਹਨਾਂ ਦਾ ਸਮਾਜਕ ਰੁਤਬਾ ਵੀ ਕਾਫੀ ਥੱਲੇ ਖਿਸਕ ਗਿਆ ਸੀ। ਸ਼ਾਇਦ ਇਸੇ ਕਾਰਨ ਬੰਦੇ ਨੂੰ ਗੁਜਰ ਕਹਿਣ ਦੀ ਥਾਂ ਰਾਜਪੂਤ ਆਖਿਆ ਜਾਣ ਲਗ ਪਿਆ।

ਕੁਝ ਵੀ ਹੋਵੇ ਬੰਦੇ ਦਾ ਚਿਹਰਾ ਮੋਹਰਾ, ਸਰੀਰਕ ਬਣਤਰ, ਨੈਣ ਨਕਸ਼, ਫੁਰਤੀਲਾਪਣ, ਫਿਰਤੂ ਸੁਭਾਅ, ਲੁਟਮਾਰ ਦਾ ਸ਼ੌਕ ਅਤੇ ਹੋਰ ਬਹੁਤ ਸਾਰੇ ਕਾਰਨ ਉਸਦੇ ਗੁਜਰ ਹੋਣ ਦੀ ਗਵਾਹੀ ਭਰਦੇ ਹਨ।

ਜਨਮ ਅਸਥਾਨ

ਬੈਰਾਗੀ ਮਹਾਂਮੰਡਲ ਪੰਜਾਬ ਅਤੇ ਅਖਿਲ ਭਾਰਤੀ ਬੰਦਈ ਸਿੱਖ ਸੰਪਰਦਾ ਦਾ ਵਿਸ਼ਵਾਸ ਹੈ ਕਿ ਬੰਦੇ ਦਾ ਜਨਮ 16 ਅਕਤੂਬਰ 1670 ਨੂੰ ਤੱਛਲ ਦੇ ਸਥਾਨ ਤੇ ਹੋਇਆ। ਡਾ. ਗੰਡਾ ਸਿੰਘ ਦਾ ਵਿਚਾਰ ਹੈ ਕਿ ਬੰਦੇ ਦਾ ਜਨਮ ਕੱਤਕ ਸੁਦੀ 15 ਸੰਮਤ 1727 ਬਿਕ੍ਰਮੀ (ਭਾਵ 27 ਅਕਤੂਰਬ 1670) ਨੂੰ ਪੱਛਮੀ ਕਸ਼ਮੀਰ ਦੇ ਪੁੰਛ ਜ਼ਿਲੇ ਵਿਚ ਰਾਜੌਰੀ ਵਿਖੇ ਹੋਇਆ। 'ਮੋਹਿਆਲਾਂ ਦਾ ਇਤਿਹਾਸ' ਦਾ ਕਰਤਾ ਪੀ.ਐਨ. ਬਾਲੀ ਕਹਿੰਦਾ ਹੈ ਕਿ ਬੰਦਾ ਪੁੰਛ ਜ਼ਿਲੇ ਵਿਚ ਮੇਂਧੜ ਵਿਖੇ ਜਨਮਿਆਂ ਪਰ ਜਨਮ ਮਿਤੀ ਬਾਰੇ ਉਹ ਡਾ. ਗੰਡਾ ਸਿੰਘ ਨਾਲ ਸਹਿਮਤ ਹੈ। ਡੇਰਾ ਬਾਬਾ ਬੰਦਾ ਬਹਾਦੁਰ, ਰਿਆਸੀ, ਜੰਮੂ ਦੀ ਮਾਤਾ ਜੋਗਿੰਦਰ ਕੌਰ ਦਾ ਕਹਿਣਾ ਹੈ ਕਿ ਬੰਦੇ ਦਾ ਜਨਮ ਪੀਰ ਪੰਜਾਲ ਦੀਆਂ ਸ਼ਿਵਾਲਿਕ ਪਹਾੜੀਆਂ ਦੇ ਇਕ ਸੁੰਦਰ ਰਮਣੀਕ ਪਿੰਡ ਜੋਰੇ-ਕੇ-ਗੜ ਵਿਖੇ ਹੋਇਆ। ਪਰ ਕਸ਼ਮੀਰ ਦੇ ਨਕਸ਼ੇ ਵਿਚ ਇਹ ਅਸਥਾਨ ਲੱਭਣਾ ਮੁਸ਼ਕਿਲ ਹੈ। ਸਿੱਖ ਇਤਿਹਾਸ ਦਾ ਮਸ਼ਹੂਰ ਲੇਖਕ ਜੇ.ਡੀ ਕਨਿੰਘਮ ਦਾ ਅਤੇ ਉਸ ਪਿੱਛੋਂ ਮੇਜਰ ਏ.ਈ. ਬਾਰਸਟੋਅ ਦਾ ਕਹਿਣਾ ਹੈ ਕਿ ਬੰਦਾ ਦੱਖਣ ਭਾਰਤ ਤੋਂ ਸੀ। ਪਰ ਇਹਨਾਂ ਵਿਚੋਂ ਕਿਸੇ ਨੇ ਵੀ ਇਹ ਨਹੀਂ ਦਸਿਆ ਕਿ ਉਹ ਕਿਸ ਅਧਾਰ ਤੇ ਇਕ

ਨਿਸ਼ਚਤ ਅਸਥਾਨ ਅਤੇ ਨਿਸ਼ਚਤ ਤਰੀਕ ਨੂੰ ਬੰਦੇ ਦੇ ਜਨਮ ਨਾਲ ਜੋੜ ਰਹੇ ਹਨ। ਡਾ. ਹਰੀ ਰਾਮ ਗੁਪਤਾ, ਜੋ ਕਿ ਬੰਦੇ ਨੂੰ ਸਿਰਮੌਰ ਰਾਜ ਨਾਲ ਜੋੜਦਾ ਹੈ ਜੋ ਕਿ ਮੌਜੂਦਾ ਹਿਮਾਚਲ ਪ੍ਰਦੇਸ਼ ਦਾ ਨਾਹਨ ਜ਼ਿਲਾ ਹੈ। ਆਪਣੇ ਇਸ ਕਥਨ ਦੀ ਪ੍ਰੋੜਤਾ ਲਈ ਉਹ ਕਈ ਕਾਰਨ ਵੀ ਦਸਦਾ ਹੈ ਭਾਵੇਂ ਇਹਨਾਂ ਵਿਚੋਂ ਜ਼ਿਆਦਾ ਕਾਰਨ ਤਾ ਥੋਥੇ ਹੀ ਹਨ। ਪਰ ਕਈ ਗੌਰ ਕਰਨ ਯੋਗ ਵੀ ਹਨ। ਉਸ ਦੁਆਰਾ ਦੱਸੇ ਕਾਰਨ ਹਨ: ਪਹਿਲਾ ਬੰਦੇ ਨੂੰ ਸ਼ਿਵਾਲਿਕ ਦੇ ਇਸ ਨੀਮ ਪਹਾੜੀ ਖੇਤਰ ਦੀ ਭਰਪੂਰ ਜਾਣਕਾਰੀ ਹੋਣਾ ਜਿਸਦਾ ਪ੍ਰਮਾਣ ਉਸਦੇ ਲੋਹਗੜ ਕਿਲੇ ਵਿਚੋਂ ਬਚਕੇ ਨਿਕਲ ਜਾਣ ਉਪਰੰਤ ਇਕੋ ਦਿਨ ਵਿਚ ਹੀ ਕੀਰਤਪੁਰ ਪਹੁੰਚ ਜਾਣਾ। ਦੂਸਰਾ – ਉਸਦੇ ਸਿਰਮੌਰ ਰਾਜ ਵਿਚੋਂ ਦੀ ਬਚਕੇ ਨਿਕਲ ਜਾਣ ਉਪਰੰਤ ਨਾਹਨ ਦੇ ਰਾਜਾ ਭੂਪ ਪ੍ਰਕਾਸ਼ ਨੂੰ ਗ੍ਰਿਫਤਾਰ ਕਰ ਲੋਹੇ ਦੇ ਪਿੰਜਰੇ ਵਿਚ ਪਾ ਦਿੱਲੀ ਭੇਜਣਾ। ਲੋਹਗੜ ਤੋਂ ਬੱਚਕੇ ਨਿਕਲ ਜਾਣ ਸਮੇਂ ਬੰਦਾ ਸਿਰਮੌਰ ਤੋਂ ਇਲਾਵਾ ਨਾਲਾਗੜ, ਬਿਲਾਸਪੁਰ, ਕਾਂਗੜਾ ਅਤੇ ਚੰਬੇ ਦੀਆਂ ਰਿਆਸਤਾਂ ਰਾਹੀਂ ਵੀ ਗੁਜ਼ਰਿਆ ਸੀ ਪਰ ਸਿਰਮੌਰ ਦੇ ਰਾਜੇ ਤੋਂ ਬਿਨਾਂ ਕਿਸੇ ਹੋਰ ਰਾਜੇ ਵਿਰੁੱਧ ਅਜਿਹੀ ਕਾਰਵਾਈ ਨਹੀਂ ਕੀਤੀ ਗਈ। ਇਸਦਾ ਇਕੋ ਹੀ ਕਾਰਣ ਬਣਦਾ ਹੈ ਕਿ ਬੰਦਾ ਨਾਹਨ ਦੇ ਰਾਜੇ ਦੀ ਪ੍ਰਜਾ ਚੋਂ ਸੀ ਅਤੇ ਉਸਨੂੰ ਕਾਬੂ ਕਰਨਾ ਉਸਦਾ ਫਰਜ਼ ਸੀ।

ਪੂਰਬ ਵਿਚ ਜਮਨਾ ਤੋਂ ਲੈ ਕੇ ਉਤਰ ਪੱਛਮ ਵਿਚ ਚਨਾਬ ਤੀਕਰ ਸ਼ਿਵਾਲਿਕ ਦੇ ਨੀਮ ਪਹਾੜੀ ਇਲਾਕੇ ਦੇ ਭੂਗੋਲ ਦੀ ਬੰਦੇ ਨੂੰ ਭਰਪੂਰ ਜਾਣਕਾਰੀ ਹੋਣ ਤੇ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ। ਇਥੇ ਵਿਚਾਰਨਯੋਗ ਮਹੱਤਵਪੂਰਨ ਮੁੱਦਾ ਤਾਂ ਇਹ ਹੈ ਕਿ ਬੰਦੇ ਨੇ ਇਹ ਜਾਣਕਾਰੀ ਕਦੋਂ ਅਤੇ ਕਿਵੇਂ ਪ੍ਰਾਪਤ ਕੀਤੀ। ਮਿਲਦੀ ਸਾਰੀ ਜਾਣਕਾਰੀ ਅਨੁਸਾਰ ਲੱਛਮਣ ਦਾਸ (ਭਾਵ ਬੰਦਾ) ਤਾਂ ਸੋਲਾਂ ਸਾਲਾਂ ਦਾ ਵੀ ਨਹੀਂ ਸੀ ਹੋਇਆ ਜਦੋਂ ਉਸਨੇ ਬੈਰਾਗ ਧਾਰਨ ਕਰ ਲਿਆ ਅਤੇ ਜਾਨਕੀ ਦਾਸ ਜਾਂ ਸਵਾਮੀ ਰਾਮ ਦਾਸ ਨਾਲ ਮਹਾਰਾਸ਼ਟਰ ਵੱਲ ਨਿਕਲ ਗਿਆ। ਇਹ ਕਲਪਨਾ ਕਰਨਾ ਮੁਸ਼ਕਿਲ ਲਗਦਾ ਹੈ ਕਿ ਬੰਦੇ ਨੇ ਆਪਣੀ ਇਤਨੀ ਛੋਟੀ ਉਮਰ ਵਿਚ ਆਪਣੇ ਫਿਰਤੂ ਸੁਭਾਅ ਦੇ ਹੁੰਦਿਆਂ ਵੀ, ਇਨੇ ਵਿਸ਼ਾਲ ਇਲਾਕੇ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਕਰ ਲਈ ਸੀ। ਜੇਕਰ ਦਲੀਲ ਦੇ ਤੌਰ ਤੇ ਅਸੀਂ ਡਾ. ਗੁਪਤਾ ਦੇ ਇਸ ਕਥਨ ਨਾਲ ਕਿ ਬੰਦੇ ਦਾ ਜਨਮ ਸਿਰਮੌਰ ਵਿਚ ਹੋਇਆ ਸੀ ਘੜੀ ਦੀ ਘੜੀ ਸਹਿਮਤ ਵੀ ਹੋ ਜਾਈਏ ਤਾਂ ਵੀ ਇਹ ਮੰਨਣਾ ਮੁਸ਼ਕਿਲ ਹੈ ਕਿ ਉਹ ਸ਼ਿਕਾਰ ਖੇਡਦਾ-ਖੇਡਦਾ ਹੀ ਇੰਨੀ ਦੂਰ ਤੱਕ ਦੇ ਇਲਾਕਿਆਂ ਦਾ ਜਾਣਕਾਰ ਹੋ ਗਿਆ ਸੀ। ਬੰਦਾ ਉਸ ਉਮਰ ਵਿਚ ਕੋਈ ਸ਼ੇਰ ਦਾ ਸ਼ਿਕਾਰ ਤਾਂ ਕਰਦਾ ਨਹੀਂ ਹੋਵੇਗਾ ਸਗੋਂ ਛੋਟੇ ਜਾਨਵਰਾਂ ਅਤੇ ਪੰਛੀਆਂ ਦਾ ਹੀ ਸ਼ਿਕਾਰ ਕਰਦਾ ਹੋਵੇਗਾ। ਇਹੋ ਜਿਹੇ ਸ਼ਿਕਾਰ ਲਈ ਉਸਨੂੰ ਆਪਣੇ ਠਿਕਾਣੇ ਤੋਂ ਕੋਈ ਬਹੁਤੀ ਦੂਰ ਜਾਣਾ ਵੀ ਨਹੀਂ ਪੈਂਦਾ ਹੋਵੇਗਾ।   ਸੋ ਡਾ. ਗੁਪਤਾ ਦਾ ਸਿਰਫ ਸ਼ਿਵਾਲਿਕ ਦੀਆਂ ਨੀਮ ਪਹਾੜੀਆਂ ਅਤੇ ਇਸਦੇ ਨਾਲ ਜੁੜਵੇਂ ਮੈਦਾਨੀ ਇਲਾਕੇ ਦੀ ਜਾਣਕਾਰੀ ਦੇ ਅਧਾਰ ਤੇ ਹੀ ਬੰਦੇ ਨੂੰ ਸਿਰਮੌਰ 'ਚ ਜਨਮਿਆਂ ਸਿਧ ਕਰਨਾ ਕੋਈ ਫੈਸਲਾਕੁਨ ਦਲੀਲ ਨਹੀਂ ਹੈ। ਦਰਅਸਲ ਡਾ. ਗੁਪਤਾ ਦੀ ਇਹ ਮਜਬੂਰੀ ਸੀ ਕਿ ਉਸ ਦੇ ਥੀਸਜ਼ ਅਨੁਸਾਰ ਬੰਦਾ ਬਹਾਦਰ ਨੇ ਮੁਗਲਾਂ ਖਿਲਾਫ ਲੜਾਈ ਹਿਸਾਰ ਪਾਸ ਪੰਜਾਬ 'ਚ ਦਾਖਲ ਹੁੰਦੇ ਸਾਰ ਹੀ ਸ਼ੁਰੂ ਕਰ ਦਿਤੀ ਸੀ। ਅਤੇ ਇਸ ਲਈ ਪੰਜਾਬ 'ਚ ਦਾਖਲ ਹੋਣ ਤੋਂ ਬਾਅਦ ਉਸ ਪਾਸ ਵਿਹਲ ਹੀ ਨਹੀਂ ਸੀ ਕਿ ਉਹ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਸਰਵੇਖਣ ਕਰ ਸਕਦਾ। ਇਸ ਕਰਕੇ ਉਸ ਨੇ ਤਸੱਵਰ ਕਰ ਲਿਆ ਕਿ ਨਾਦੇੜ ਤੋਂ ਤੁਰਨ ਤੋਂ ਪਹਿਲਾਂ ਹੀ ਬੰਦੇ ਨੂੰ ਇਸ ਇਲਾਕੇ ਦੀ ਭਰਪੂਰ

ਜਾਣਕਾਰੀ ਸੀ। ਪਰ ਬੰਦੇ ਨੇ ਤਾਂ ਇਸ ਇਲਾਕੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਕਰੀਬ ਇਕ ਸਾਲ ਰੈਕੀ ਕੀਤੀ। ਉਸਨੇ ਬਰੀਕੀ ਨਾਲ ਲੋਹਗੜ੍ਹ ਤੋਂ ਉਤਰ-ਪੱਛਮ ਵਿਚ ਜੰਮੂ ਤਕ ਸੁੱਰਖਿਅਤ ਲਾਂਘਿਆਂ ਦਾ ਨਿਰੀਖਣ ਕੀਤਾ। ਇਸ ਤਰ੍ਹਾਂ ਕਮਾਉਂ ਅਤੇ ਗੜ੍ਹਵਾਲ ਦੀਆਂ ਪਹਾੜੀਆਂ ਤੋਂ ਮੁਰਾਦਾਬਾਦ ਅਤੇ ਬਰੇਲੀ ਤੱਕ ਦੇ ਰਸਤਿਆਂ ਦਾ ਜਾਇਜ਼ਾ ਲਿਆ। ਇਸ ਕੰਮ ਲਈ ਉਸਨੇ ਕੇਵਲ ਗੁਜਰਾਂ ਨਾਲ ਹੀ ਸੰਪਰਕ ਨਹੀਂ ਬਣਾਇਆ ਸਗੋਂ ਵਣਜਾਰਿਆਂ ਤੋਂ ਵੀ ਭਰਪੂਰ ਮੱਦਦ ਲਈ, ਜਿਨ੍ਹਾਂ ਨੂੰ ਜੰਗਲਾਂ ਅਤੇ ਪਹਾੜੀਆਂ ਵਿਚਲੇ ਸੁਰੱਖਿਅਤ ਅਤੇ ਘੱਟ ਲੰਬਾਈ ਵਾਲੇ ਰਸਤਿਆਂ ਬਾਰੇ ਭਰਪੂਰ ਜਾਣਕਾਰੀ ਹੁੰਦੀ ਹੈ। ਡਾ. ਸੁਖਦਿਆਲ ਸਿੰਘ ਤਾਂ ਲਿਖਦਾ ਹੈ ਕਿ ਬੰਦਾ ਸਿੰਘ ਦੀ ਖਾਲਸਾ ਫੌਜ ਵਿਚ ਵਣਜਾਰੇ ਸਿੱਖਾਂ ਦਾ ਇਕ ਵੱਡਾ ਜੱਥਾ ਵੀ ਸ਼ਾਮਿਲ ਸੀ। ਬੰਦੇ ਨੇ ਇਕੱਲੇ ਨੇ ਹੀ ਬਹੁਤ ਵੱਡੀ ਗਿਣਤੀ ਵਿਚ ਲੁਬਾਣਿਆਂ, ਗੁਜਰਾਂ, ਵਣਜਾਰਿਆਂ, ਬੋਰੀਏ ਅਤੇ ਸਹਿੰਸੀਆਂ ਨੂੰ ਸਿੱਖ ਪੰਥ ਵਿਚ ਸ਼ਾਮਿਲ ਕੀਤਾ। ਸੋ ਡਾ. ਗੁਪਤਾ ਦੀ ਉਪਰੋਕਤ ਕਲਪਨਾ ਪੁਖਤਾ ਨਹੀਂ ਹੈ।

ਇਸੇ ਤਰ੍ਹਾਂ ਹੀ ਡਾ. ਗੁਪਤਾ ਦੀ ਦੂਸਰੀ ਦਲੀਲ ਜੋ ਕਿ ਬੰਦੇ ਦੇ ਲੋਹਗੜ੍ਹ ਦੇ ਕਿਲੇ ਵਿਚੋਂ ਸਿਰਮੌਰ ਰਿਆਸਤ ਰਾਹੀਂ ਬਚ ਨਿਕਲਣ ਉਪਰੰਤ ਰਾਜਾ ਭੂਪ ਪ੍ਰਕਾਸ਼ ਨੂੰ ਗ੍ਰਿਫਤਾਰ ਕਰ ਲੋਹੇ ਦੇ ਪਿੰਜਰੇ 'ਚ ਪਾ ਦਿੱਲੀ ਦੇ ਸਲੀਮਗੜ੍ਹ ਕਿਲੇ ਵਿਚ ਕੈਦ ਕਰਨ ਦੇ ਕਾਰਨ ਬਾਰੇ ਹੈ, ਵੀ ਨਿਰੋਲ ਪਤੰਗਬਾਜ਼ੀ ਹੈ। ਜੇਕਰ ਅਖਬਾਰੇ-ਦਰਬਾਰੇ-ਮੁਅੱਲਾ ਵਿਚ ਬੰਦੇ ਬਾਰੇ ਦਰਜ ਸਮਾਚਾਰਾਂ ਉਪਰ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਸ਼ਾਹੀ ਗੁਪਤਚਰਾਂ ਨੂੰ ਬੰਦੇ ਦੇ ਪਿਛੋਕੜ ਬਾਰੇ ਕੋਈ ਜਾਣਕਾਰੀ ਹੀ ਨਹੀਂ ਸੀ ਅਤੇ ਉਹ ਹਰ ਥਾਂ ਉਸਨੂੰ ਨਾਨਕ ਪੂਜਾਂ ਦਾ ਗੁਰੂ ਹੀ ਦਸਦੇ ਹਨ। ਸੋ ਇਸ ਹਾਲਤ ਵਿਚ ਰਾਜੇ ਭੂਪ ਪ੍ਰਕਾਸ਼ ਨੂੰ ਦਿਤੀ ਸਜ਼ਾ ਬੰਦੇ ਦੇ ਉਸਦੀ ਪਰਜਾ ਵਿਚੋਂ ਹੋਣ ਕਾਰਨ ਕਿਵੇਂ ਹੋ ਸਕਦੀ ਹੈ? ਉਸਦੇ ਵਿਰੁੱਧ ਦੋਸ਼ ਤਾਂ ਇਹ ਸੀ ਕਿ ਉਸਦੇ ਰਾਜ ਵਿਚੋਂ ਦੀ ਬੰਦੇ ਦੇ ਬਚ ਨਿਕਲਣ ਦੀ ਸੰਭਾਵਨਾ ਦੀ ਪੂਰਵ ਚੇਤਾਵਨੀ ਦੇਣ ਦੇ ਬਾਵਜੂਦ ਜਦੋਂ ਬੰਦਾ ਸੋਨੇ ਅਤੇ ਹੋਰ ਕੀਮਤੀ ਵਸਤਾਂ ਨਾਲ ਲੱਦੇ 40 ਊਠਾਂ ਦੇ ਕਾਫਲੇ ਸਮੇਤ ਉਸਦੇ ਰਾਜ ਵਿਚੋਂ ਗੁਜਰਿਆ ਤਾਂ ਉਸਨੇ ਬੰਦੇ ਨੂੰ ਗ੍ਰਿਫਤਾਰ ਕਿਉਂ ਨਾ ਕੀਤਾ। ਮੰਨਿਆ ਇਹ ਗਿਆ ਕਿ ਉਸਨੇ ਬੰਦੇ ਕੋਲੋਂ ਭਾਰੀ ਰਕਮ ਪ੍ਰਾਪਤ ਕਰਕੇ ਬਾਦਸ਼ਾਹ ਦੀ ਹੁਕਮ ਅਦੂਲੀ ਕੀਤੀ ਸੀ। ਰਾਜੇ ਦੀ ਮਾਂ ਵੱਲੋਂ ਬਾਦਸ਼ਾਹ ਕੋਲ ਕੀਤੀਆਂ ਗਈਆਂ ਫਰਿਆਦਾ ਵਿਚ ਕਿਧਰੇ ਵੀ ਇਸ ਗੱਲ ਦਾ ਇਸ਼ਾਰਾ ਤੱਕ ਵੀ ਨਹੀਂ ਮਿਲਦਾ ਕਿ ਉਸਨੇ ਬੰਦੇ ਦੇ ਪਰਿਵਾਰ ਵਿਰੁੱਧ ਕਾਰਵਾਈ ਕਰਨ ਦਾ ਬਾਦਸ਼ਾਹ ਨੂੰ ਭਰੋਸਾ ਦਿਤਾ ਹੋਵੇ। ਜੇਕਰ ਬੰਦਾ ਸਿਰਮੌਰ ਰਾਜ ਦਾ ਬਸ਼ਿੰਦਾ ਹੁੰਦਾ ਤਾਂ ਉਸ ਦੇ ਪੁਰਖਿਆਂ ਅਤੇ ਪਿਛੋਕੜ ਬਾਰੇ ਸਿਰਮੌਰ ਰਾਜ ਲਈ ਭੇਦ ਨਾ ਬਣਿਆ ਰਹਿੰਦਾ। ਸਿਰਮੌਰ ਰਾਜ ਦੇ ਗਜ਼ਟੀਅਰ ਵਿਚ ਭੰਗਾਣੀ ਦੇ ਯੁਧ ਦਾ ਵੇਰਵਾ ਦਰਜ ਹੈ। ਸੋ ਜੇਕਰ ਬੰਦਾ, ਉਸਦੇ ਪਰਿਵਾਰ ਅਤੇ ਪਿਛੋਕੜ ਬਾਰੇ ਸਿਰਮੌਰ ਰਾਜ ਕੋਲ ਕੋਈ ਠੋਸ ਅਤੇ ਸੱਚੀ ਜਾਣਕਾਰੀ ਹੁੰਦੀ ਤਾਂ ਉਹ ਵੀ ਇਸ ਗਜਟੀਅਰ ਵਿਚ ਜ਼ਰੂਰ ਦਰਜ ਹੁੰਦੀ।

ਜੇ.ਡੀ. ਕਨਿੰਘਮ ਅਤੇ ਏ.ਈ.ਬਾਰਸਟੋਅ ਤਾਂ ਬੰਦੇ ਨੂੰ ਦੱਖਣ ਭਾਰਤੀ ਦਸਦੇ ਹਨ। ਭਾਵੇਂ ਇਹ ਆਮ ਧਾਰਨਾ ਸੀ ਕਿ ਬੰਦਾ ਭਗੋੜਾ ਹੋਇਆ ਪੇਸ਼ਵਾ ਹੈ ਪਰ ਫਿਰ ਵੀ ਇਨ੍ਹਾਂ ਲੇਖਕਾਂ ਦੀ ਇਹ ਗੱਲ ਠੀਕ ਨਹੀਂ ਲਗਦੀ। ਮੋਰੋਪੰਤ ਪੇਸ਼ਵਾ ਸ਼ਿਵਾਜੀ ਮਰਾਠੇ ਦੀ ਫੌਜ ਦਾ ਇਕ ਜਰਨੈਲ ਸੀ ਅਤੇ ਸ਼ਿਵਾਜੀ ਦੇ ਰਾਜ ਦੇ ਉਤਰੀ ਭਾਗ ਦਾ ਗਵਰਨਰ ਵੀ ਸੀ। ਕਿਹਾ

ਜਾਂਦਾ ਹੈ ਕਿ ਮੋਰੋਪੰਤ ਬੰਦੇ ਦੀ ਦਿੱਖ, ਤੇਜ ਅਤੇ ਚਮਕਦਾਰ ਅੱਖਾਂ, ਫੁਰਤੀ ਅਤੇ ਬਹਾਦਰੀ ਤੋਂ ਇਨਾ ਪ੍ਰਭਾਵਿਤ ਹੋਇਆ ਕਿ ਉਸਨੇ ਬੰਦੇ ਨੂੰ ਆਪਣੀ ਨਿਜੀ ਘੋੜ-ਸਵਾਰ ਫੌਜ ਖਾਸਗੀ-ਪਾਗਾ ਵਿਚ ਸ਼ਾਮਿਲ ਕਰ ਲਿਆ। ਇਸ ਤਰ੍ਹਾਂ ਬੰਦੇ ਵਾਸਤੇ ਕਈ ਲੜਾਈਆਂ ਦੇ ਨਾਇਕ ਦੀ ਕਮਾਂਨ ਹੇਠ ਗੁਰੀਲਾ ਯੁਧ ਦੇ ਤੌਰ ਤਰੀਕੇ ਸਿੱਖਣ ਦਾ ਸਬੱਬ ਬਣ ਗਿਆ। ਮਰਾਠਿਆਂ ਵਿਚ ਲੰਮਾ ਅਰਸਾ ਰਹਿਣ ਕਾਰਨ ਬੰਦਾ ਉਹਨਾਂ ਦੀ ਬੋਲੀ ਅਤੇ ਲਹਿਜਾ ਵੀ ਸਿੱਖ ਗਿਆ। ਕਣਕ ਵੰਨੇ ਰੰਗ, ਦਰਮਿਆਨੇ ਕੱਦ ਅਤੇ ਪਤਲੇ ਸਰੀਰ ਕਾਰਨ ਬੰਦਾ ਮਰਾਠੇ ਸਿਪਾਹੀ ਦਾ ਭੁਲੇਖਾ ਪਾਉਂਦਾ ਸੀ। ਪਰ ਇਹ ਗੱਲ ਕਿਵੇਂ ਵੀ ਮੰਨਣਯੋਗ ਨਹੀਂ ਕਿ ਗੁਰੂ ਗੋਬਿੰਦ ਸਿੰਘ ਜੀ ਕਿਸੇ ਦੱਖਣ ਭਾਰਤੀ ਨੂੰ ਆਪਣਾ ਨਾਇਬ ਥਾਪ ਆਪਣੇ ਨਵੇਂ ਸਾਜੇ ਖਾਲਸਾ ਪੰਥ ਦੀ ਵਾਗਡੋਰ ਸੰਭਾਲ ਦੇਂਦੇ। ਦੂਸਰੇ ਬੰਨੇ ਜੇਕਰ ਬੰਦੇ ਦੀਆਂ ਜੜਾਂ ਪੰਜਾਬ ਵਿਚ ਨਾ ਹੁੰਦੀਆਂ ਤਾਂ ਉਹ ਕਿਉ ਨਾਦੇੜ ਵਿਚਲਾ ਆਪਣਾ ਅਰਾਮਦਾਇਕ ਅਤੇ ਸੁਖਾਲਾ ਜੀਵਨ ਤਿਆਗ ਕੇ ਸਿੱਖਾਂ ਤੇ ਪੰਜਾਬ ਲਈ ਨਿਰਦਈ ਲੜਾਈਆਂ ਵਿਚ ਸ਼ਾਮਿਲ ਹੁੰਦਾ। ਸੋ ਬੰਦੇ ਦਾ ਦੱਖਣ ਭਾਰਤੀ ਹੋਣਾ ਅਸੰਭਵ ਹੈ।

ਬਹੁਤੇ ਸਿੱਖ ਇਤਿਹਾਸਕਾਰਾਂ ਨੇ ਬੰਦੇ ਨੂੰ ਪੱਛਮੀ ਕਸ਼ਮੀਰ ਦਾ ਬਾਸ਼ਿੰਦਾ ਦੱਸਿਆ ਹੈ ਭਾਵੇਂ ਕਿ ਕਿਸੇ ਨੇ ਉਸਨੂੰ ਰਾਜੌਰੀ ਦਾ, ਕਿਸੇ ਨੇ ਮੇਧੜ ਦਾ ਅਤੇ ਕਿਸੇ ਨੇ ਜੋਰੇ-ਕੇ-ਗੱੜ ਦਾ ਦੱਸਿਆ ਹੈ। ਪਰ ਕਿਸੇ ਨੇ ਵੀ, ਸਿਵਾਏ ਡਾ. ਗੁਪਤਾ ਦੇ, ਇਸ ਦਾ ਕਾਰਨ ਨਹੀਂ ਦੱਸਿਆ। ਉਹਨਾਂ ਇਹ ਵੀ ਕਿਧਰੇ ਨਹੀਂ ਦੱਸਿਆ ਕਿ ਬੰਦੇ ਨੇ ਗੁਰੀਲਾ ਯੁਧ ਦੇ ਸ਼ਾਨਦਾਰ ਦਾਅ-ਪੇਚ ਕਿੱਥੇ ਸਿੱਖੇ। ਡਾ. ਸੁਖਦਿਆਲ ਸਿੰਘ ਨੇ ਇਸ ਮੁਦੇ ਨੂੰ ਬਾ-ਖੂਬੀ ਉਠਾਇਆ ਹੈ ਕਿ ਇਕ ਗਰੀਬ-ਤਿਆਗੀ ਵਿਚ ਦੁਨੀਆਂ ਦੇ ਬੇਹਤਰੀਨ ਯੋਧਿਆਂ ਵਾਲੀਆਂ ਖੂਬੀਆਂ ਕਿਥੋਂ ਆ ਗਈਆਂ ? ਡਾ. ਗੁਪਤਾ ਦੀ ਨਜ਼ਰ ਵਿਚ ਬੰਦਾ ਦੁਨੀਆਂ ਦੇ ਮਹਾਨ ਯੋਧਿਆਂ ਸਿਕੰਦਰ ਮਹਾਨ, ਚੰਗੇਜ ਖਾਂ, ਅਹਿਮਦ ਸ਼ਾਹ ਅਬਦਾਲੀ ਅਤੇ ਨਾਦਿਰ ਸ਼ਾਹ ਦੇ ਬਰਾਬਰ ਖੜਦਾ ਹੈ। ਡਾ. ਸੁਖਦਿਆਲ ਸਿੰਘ ਲਿਖਦਾ ਹੈ "ਬੰਦਾ ਸਿੰਘ ਇਕ ਉਚ-ਕੋਟੀ ਦਾ ਯੁਧਨੀਤਕ ਅਤੇ ਬਹਾਦਰ ਜਰਨੈਲ ਸੀ। ਉਸਦੀ ਸ਼ੁਰੂਆਤ ਹੀ ਇਸ ਗੱਲ ਨੂੰ ਸਾਬਤ ਕਰਦੀ ਹੈ ਕਿ ਉਸਨੂੰ ਸਾਰੇ ਉਤਰ ਭਾਰਤ ਦੀ ਭੂਗੋਲਿਕ ਸਥਿਤੀ ਦਾ ਗਿਆਨ ਸੀ।" ਡਾ. ਸੁਖਦਿਆਲ ਸਿੰਘ ਅੱਗੇ ਲਿਖਦਾ ਹੈ "ਪੋਰਸ ਤੋਂ ਬਾਅਦ ਬੰਦਾ ਸਿੰਘ ਬਹਾਦੁਰ ਹੀ ਪਹਿਲਾ ਐਸਾ ਨੇਤਾ ਸੀ ਜਿਸ ਨੇ ਪੰਜਾਬ ਨੂੰ ਸੁਤੰਤਰ ਤੌਰ ਤੇ ਸਥਾਪਤ ਕੀਤਾ ਸੀ।" ਇਹ ਮੁਆਫ ਕਰਨ ਯੋਗ ਛੋਟੀ ਜਿਹੀ ਅੱਤਕਥਨੀ ਹੈ। ਪਰ ਇਥੇ ਮੁੱਖ ਮੁਦਾ ਤਾਂ ਇਹੋ ਹੈ ਕਿ ਕਿਸ ਅਧਾਰ ਤੇ ਬੰਦੇ ਨੂੰ ਪੱਛਮੀ ਕਸ਼ਮੀਰ ਦਾ ਬਸ਼ਿੰਦਾ ਦਰਸਾਇਆ ਗਿਆ ਹੈ। ਡਾ.ਗੁਪਤਾ ਨੂੰ ਇਹਨਾਂ ਕਥਨਾਂ ਨੂੰ ਸਾਬਤ ਕਰਨ ਲਈ ਰੱਤੀ ਭਰ ਵੀ ਪ੍ਰਮਾਣ ਜਾਂ ਗਵਾਹੀ ਕਿਧਰੋਂ ਪ੍ਰਾਪਤ ਨਹੀਂ ਹੋਈ ਇਸੇ ਲਈ ਉਸਨੇ ਆਪਣੇ ਕਾਰਨ ਦਸਦੇ ਹੋਏ ਬੰਦੇ ਨੂੰ ਸਿਰਮੌਰ ਨਾਲ ਜੋੜ ਦਿਤਾ।

ਮੇਜਰ ਜੇਮਜ ਬਰਾਉਨ ਲੱਛਮਣ ਦੇਵ (ਭਾਵ ਬੰਦਾ ਬਹਾਦਰ) ਦਾ ਜਨਮ ਅਸਥਾਨ ਜਲੰਧਰ ਦੁਆਬ ਵਿਚ ਪੰਡੋਰੀ ਪਿੰਡ ਦਸਦਾ ਹੈ। ਕਿਉਂਜੋ ਜਲੰਧਰ ਦੁਆਬ ਵਿਚ ਪੰਡੋਰੀ ਨਾਂ ਦੇ ਕਈ ਪਿੰਡ ਹਨ ਸੋ ਬਾਅਦ ਦਾ ਕੋਈ ਵੀ ਇਤਿਹਾਸਕਾਰ ਇਹ ਨਹੀਂ ਦੱਸ ਸਕਿਆ ਕਿ ਮੇਜਰ ਕਿਸ ਪੰਡੋਰੀ ਦੀ ਗੱਲ ਕਰਦਾ ਹੈ। ਹੁਣ ਇਕ ਵਿਚਾਰ ਇਹ ਉਭਰਿਆ ਹੈ ਕਿ ਇਹ ਪੰਡੋਰੀ ਗੁਰਦਾਸਪੁਰ ਜ਼ਿਲੇ ਵਿਚ ਪਠਾਨਕੋਟ ਨੇੜੇ ਸਥਿਤ ਮੋਹਿਆਲ ਬ੍ਰਾਹਮਣ ਦੀ ਮਲਕੀਅਤ

ਵਾਲੀ ਪੰਡੋਰੀ ਬ੍ਰਾਹਮਣਾਂ ਹੈ। ਪਰ ਜੇਮਜ ਬਰਾਉਨ ਨੂੰ ਜਲੰਧਰ ਦੁਆਬ ਦੀਆਂ ਹੱਦਾਂ ਦੀ ਜਾਣਕਾਰੀ ਸੀ ਅਤੇ ਉਹ ਅਜਿਹੀ ਗਲਤੀ ਨਹੀਂ ਸੀ ਕਰ ਸਕਦਾ।

ਜੇਕਰ ਮੰਨ ਲਿਆ ਜਾਏ ਕਿ ਲੱਛਮਣ ਦੇਵ (ਭਾਵ ਬੰਦਾ) ਨੇ ਬੈਰਾਗੀ ਮੱਤ ਕਸੂਰ ਨੇੜੇ ਸਥਿਤ ਬਾਬਾ ਰਾਮ ਥੱਮਣ ਦੇ ਅਸਥਾਨ ਤੇ ਧਾਰਨ ਕੀਤਾ ਤਾਂ ਇਸ ਗੱਲ ਦੀ ਸੰਭਾਵਨਾ ਜ਼ਿਆਦਾ ਲਗਦੀ ਹੈ ਕਿ ਉਸਦਾ ਜਨਮ ਅਸਥਾਨ, ਜੇਮਜ ਬਰਾਉਨ ਦੇ ਕਥਨ ਅਨੁਸਾਰ, ਜਲੰਧਰ ਦੁਆਬ ਵਿਚ ਸੀ। ਜੇਕਰ ਮੌਜੂਦਾ ਪ੍ਰਮਾਣਾਂ ਨੂੰ ਇਕੱਠੇ ਰੱਖ ਕੇ ਵੇਖਿਆ ਜਾਵੇ ਤਾਂ ਬੰਦੇ ਦੇ ਊਨੇ ਨੇੜੇ (ਹੁਣ ਹਿਮਾਚਲ ਦਾ ਇਕ ਜ਼ਿਲ੍ਹਾ) ਸਥਿਤ ਪੰਡੋਰੀ ਵਿਚ ਜਨਮੇਂ ਹੋਣ ਦੀ ਸੰਭਾਵਨਾ ਜ਼ਿਆਦਾ ਲਗਦੀ ਹੈ। ਇਹ ਪਿੰਡ ਹੁਸ਼ਿਆਰਪੁਰ ਦੇ ਨੀਮ ਪਹਾੜੀ ਖੇਤਰ ਵਿਚ ਪੈਂਦਾ ਹੈ। ਇਸਦੇ ਦੋ ਕਾਰਨ ਨੇ, ਪਹਿਲਾ ਇਹ ਕਿ ਇਸ ਇਲਾਕੇ ਵਿਚ ਗੁਜਰ ਭਾਈਚਾਰਾ ਵੱਡੀ ਗਿਣਤੀ ਵਿਚ ਅਬਾਦ ਹੈ ਭਾਵੇਂ ਕਿ ਇਹ ਲੋਕ ਹਮੇਸ਼ਾਂ ਘੁੰਮਦੇ ਫਿਰਦੇ ਹੀ ਰਹਿੰਦੇ ਨੇ। ਦੂਸਰਾ ਇਸ ਇਲਾਕੇ ਵਿਚ ਬੈਰਾਗੀਆਂ ਦੇ ਤਿੰਨ ਵੱਡੇ ਕੇਂਦਰ ਨੇ। ਕਲਾਧਾਰੀ ਜੋ ਕਿ ਬੇਦੀ ਸੀ ਅਤੇ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦੀ ਕੁਲ ਵਿਚੋਂ ਦਸਦਾ ਸੀ, ਊਨੇ ਅਤੇ ਇਸ ਦੇ ਆਲੇ ਦੁਆਲੇ ਦੇ ਸਿੱਖਾਂ ਅਤੇ ਬੈਰਾਗੀਆਂ ਦੋਹਾਂ ਦਾ ਗੁਰੂ ਸੀ। ਧਰਮਸਾਲ ਬ੍ਰਾਹਮਣਾਂ ਕਲਾਧਾਰੀ ਬੈਰਾਗੀਆਂ ਦਾ ਇਕ ਵੱਡਾ ਕੇਂਦਰ ਹੈ। ਇਸ ਇਲਾਕੇ ਚ ਬੈਰਾਗੀਆਂ ਨੂੰ ਇਸ ਮੱਤ ਵਿਚ ਸ਼ਾਮਿਲ ਕਰਨ ਦੀ ਰਸਮ ਜ਼ਿਆਦਾਤਰ ਬਾਬਾ ਰਾਮ ਥੱਮਣ ਦੇ ਅਸਥਾਨ ਤੇ ਹੀ ਕੀਤੀ ਜਾਂਦੀ ਸੀ। ਬਾਬਾ ਥੱਮਣ ਖੁਦ ਵੀ ਬੇਦੀ ਅਤੇ ਨਾਨਕ ਪੰਥੀ ਬੈਰਾਗੀ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਉਹ ਗੁਰੂ ਨਾਨਕ ਦੇਵ ਜੀ ਦਾ ਚਚੇਰਾ ਭਰਾ ਸੀ। ਰਾਮ ਥੱਮਣ ਦੇ ਅਸਥਾਨ ਦੀ ਵੱਖ ਵੱਖ ਮੱਤਾਂ ਦੇ ਬੈਰਾਗੀਆਂ 'ਚ ਬਹੁਤ ਮਾਨਤਾ ਸੀ ਅਤੇ ਉਹ ਵੱਡੀ ਗਿਣਤੀ ਵਿਚ ਇਥੇ ਜੁੜਦੇ ਵੀ ਸਨ।

ਡਾ. ਗੁਪਤਾ ਵਲੋਂ ਪੇਸ਼ ਦਲੀਲਾਂ ਤੋਂ ਵੀ ਇਸ ਵਿਚਾਰ ਨੂੰ ਮੱਦਦ ਮਿਲਦੀ ਹੈ। ਜੇਕਰ ਬੰਦਾ ਪੰਡੋਰੀ (ਨੇੜੇ ਊਨਾਂ) ਦਾ ਬਾਸ਼ਿੰਦਾ ਸੀ ਤਾਂ ਉਸ ਨੂੰ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਸਥਿਤ ਵੱਖ ਵੱਖ ਧਾਰਮਿਕ ਅਸਥਾਨਾਂ ਜਿਵੇਂ ਕਿ ਨੈਣਾਂ ਦੇਵੀ, ਚਿੰਤਪੂਰਨੀ, ਜਵਾਲਾਜੀ, ਵੈਸ਼ਨੂਦੇਵੀ, ਰੇਣੁਕਾ, ਕਪਾਲ ਮੋਚਨ ਆਦਿ ਦੀ ਯਾਤਰਾ ਕਰਨ ਦਾ ਕਾਫੀ ਮੌਕਾ ਮਿਲਿਆ ਹੋਵੇਗਾ। ਇਸੇ ਤਰ੍ਹਾਂ ਹੀ ਉਸ ਨੂੰ ਇਸ ਇਲਾਕੇ ਦੇ ਭੂਗੋਲ ਬਾਰੇ ਗਿਆਨ ਵੀ ਹੋ ਗਿਆ ਹੋਵੇਗਾ। ਡਾ. ਗੋਪਾਲ ਸਿੰਘ ਦੇ ਇਸ ਕਥਨ ਨੂੰ ਨਕਾਰਿਆ ਨਹੀਂ ਜਾ ਸਕਦਾ ਕਿ "ਅਣਜਾਣ ਇਲਾਕਿਆਂ ਵਿਚ ਹਮਲਾ ਕਰਨ ਅਤੇ ਬੱਚ ਨਿਕਲਣ ਦੇ ਰਸਤੇ ਪਤਾ ਕਰਨ ਲਈ ਯੋਧੇ ਅਕਸਰ ਆਪਣੇ ਅਨੁਯਾਈਆਂ ਅਤੇ ਮੁੱਖਬਰਾ ਤੋਂ ਮੱਦਦ ਲੈਂਦੇ ਹਨ।" ਪਰ ਇਹ ਰਵਾਇਤੀ ਫੌਜੀ ਚੜ੍ਹਾਈ ਕਰਨ ਸਮੇਂ ਹੀ ਸੱਚ ਹੈ। ਗੁਰੀਲਾ ਯੁੱਧ ਦੇ ਆਪਣੇ ਵੱਖਰੇ ਨਿਯਮ ਨੇ ਅਤੇ ਇਸ ਵਿਚ ਬਿਖੜੇ ਧਰਾਤਲ ਅਤੇ ਇਸ ਦੀ ਗੂੜ੍ਹ ਜਾਣਕਾਰੀ ਬਹੁਤ ਮਹੱਤਵ ਪੂਰਨ ਹੁੰਦੀ ਹੈ। ਸੋ ਇਸ ਗੱਲ ਦੀ ਸੰਭਾਵਨਾ ਬਹੁਤ ਜ਼ਿਆਦਾ ਲਗਦੀ ਹੈ ਕਿ ਬੰਦੇ ਦਾ ਜਨਮ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਊਨਾ ਦੇ ਨੇੜੇ ਪੰਡੋਰੀ ਪਿੰਡ ਵਿਚ ਹੋਇਆ ਸੀ।

****

ਲਛਮਣ ਵੱਲੋਂ ਘਰ ਦਾ ਤਿਆਗ

ਵਿਚਾਰਨ ਵਾਲੀ ਗੱਲ ਇਹ ਹੈ ਕਿ ਲਛਮਣ ਨੇ ਚੜ੍ਹਦੀ ਉਮਰੇ ਹੀ ਘਰ-ਬਾਰ ਦਾ ਤਿਆਗ ਕਿਉਂ ਕੀਤਾ ? ਕਿਹੜੇ ਅਜਿਹੇ ਹਾਲਾਤ ਸਨ ਜਿਨ੍ਹਾਂ ਨੇ ਉਸਨੂੰ ਅਜਿਹਾ ਕਰਨ ਲਈ ਮਜਬੂਰ ਕੀਤਾ ? ਕੀ ਉਸਨੂੰ ਵੀ ਬੁਧ ਧਰਮ ਦੇ ਬਾਨੀ ਸਿਧਾਰਥ ਵਰਗਾ ਕੋਈ ਕੌੜਾ ਤਜਰਬਾ ਹੋਇਆ ਜਾਂ ਉਸਦੇ ਧੁਰ ਅੰਦਰ ਹੀ ਅਜਿਹੀ ਪ੍ਰਬਲ ਇਛਾ ਸੀ ? ਐਚ.ਏ. ਰੋਜ਼ ਇਕੱਲਾ ਹੀ ਅਜਿਹਾ ਲਿਖਾਰੀ ਹੈ ਜਿਸ ਨੇ ਲਛਮਣ ਵੱਲੋਂ ਘਰ ਤਿਆਗ ਕੇ ਬੈਰਾਗੀ ਮੱਤ ਵਿਚ ਸ਼ਾਮਿਲ ਹੋਣ ਦੇ ਕਾਰਨਾਂ ਬਾਰੇ ਕੁੱਝ ਨਹੀਂ ਦੱਸਿਆ। ਬਾਕੀ ਸਾਰੇ ਲਿਖਾਰੀਆਂ ਨੇ ਪ੍ਰਚੱਲਤ ਲੋਕ-ਕਥਾ ਨੂੰ ਹੀ, ਥੋੜ੍ਹੀ-ਬਹੁਤ ਭੰਨ ਘੜਤ ਕਰਕੇ, ਇਸ ਦਾ ਕਾਰਨ ਦੱਸਿਆ ਹੈ। ਪ੍ਰਚੱਲਤ ਲੋਕ-ਕਥਾ ਇਹ ਹੈ ਕਿ ਚੜ੍ਹਦੀ ਜਵਾਨੀ ਦੇ ਦਿਨਾਂ ਵਿਚ ਲਛਮਣ ਨੇ ਇਕ ਦਿਨ ਸ਼ਿਕਾਰ ਖੇਡਦਿਆਂ ਇਕ ਹਿਰਨੀ ਦਾ ਸ਼ਿਕਾਰ ਕੀਤਾ ਜਿਸ ਦੇ ਪੇਟ ਵਿਚ ਦੋ ਬੱਚੇ ਸਨ। ਜਦੋਂ ਹਿਰਨੀ ਮਰ ਰਹੀ ਸੀ ਤਾਂ ਦੋਵੇਂ ਬੱਚੇ ਉਸਦੇ ਪੇਟ ਵਿਚੋਂ ਬਾਹਰ ਆ ਗਏ ਅਤੇ ਉਹ ਵੀ ਹਿਰਨੀਂ ਦੇ ਨਾਲ ਹੀ ਤੜਫ-ਤੜਫ ਕੇ ਮਰ ਗਏ। ਇਹ ਸਭ ਦੇਖ ਲਛਮਣ ਦੀ ਅੰਤਰ ਆਤਮਾ ਝੰਜੋੜੀ ਗਈ ਅਤੇ ਉਸ ਦਾ ਮਨ ਦੁਨੀਆਂ ਤੋਂ ਉਚਾਟ ਹੋ ਗਿਆ। ਉਸੇ ਵਕਤ ਲਛਮਣ ਨੇ ਦੁਨੀਆਂ ਤਿਆਗ ਕੇ ਕੀਤੇ ਪਾਪ ਦਾ ਪ੍ਰਾਸ਼ਚਿਤ ਕਰਨ ਦਾ ਫੈਸਲਾ ਕਰ ਲਿਆ। ਉਸਨੇ ਮੀਟ ਖਾਣਾ ਤਿਆਗ ਦਿਤਾ ਅਤੇ ਘਰ ਨੂੰ ਤਿਆਗ ਕਿਸੇ ਸਾਧੂ ਦਾ ਸੰਗ ਪਾਉਣ ਲਈ ਮੌਕੇ ਦੀ ਉਡੀਕ ਕਰਨ ਲੱਗਾ। ਇਕ ਫਕੀਰ ਜਾਨਕੀ ਪ੍ਰਸਾਦ ਦੇ ਉਥੇ ਆਉਣ ਨਾਲ ਲਛਮਣ ਨੂੰ ਇਹ ਮੌਕਾ ਮਿਲ ਗਿਆ ਅਤੇ ਇਸ ਸਾਧੂ ਨੇ ਉਸਨੂੰ ਆਪਣੀ ਸ਼ਰਨ ਵਿਚ ਲੈ ਲਿਆ। ਇਸ ਤਰ੍ਹਾਂ ਲਛਮਣ ਘਰ-ਘਾਟ ਤਿਆਗ ਬੈਰਾਗੀ ਬਣ ਗਿਆ। ਸੰਖੇਪ ਵਿਚ ਦੱਸੀ ਇਸ ਕਹਾਣੀ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਸਿੱਧਾਰਥ ਵਰਗਾ ਤਜਰਬਾ ਹੀ ਲਛਮਣ ਨੂੰ ਬੈਰਾਗੀ ਬਣਾਉਣ ਦਾ ਕਾਰਨ ਬਣਿਆ।

ਐਮ.ਏ. ਮੈਕਾਲਿਫ ਅਤੇ ਜ਼ਿਆਦਾਤਰ ਸਿੱਖ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਇਹ ਘਟਨਾ ਹਿਮਾਲਿਆ ਦੀਆਂ ਪਹਾੜੀਆਂ 'ਚ ਸਥਿਤ ਰਾਜੌਰੀ ਨੇੜੇ ਵਾਪਰੀ ਜਿਹੜਾ ਕਿ ਪੁੰਛ ਵਿਚ ਮੇਂਧੜ ਦੇ ਨੇੜੇ ਹੈ। ਕੁੱਝ ਹੋਰ ਦਾ ਕਹਿਣਾ ਹੈ ਕਿ ਇਹ ਘਟਨਾ ਰਾਜੌਰੀ ਤੋਂ 50 ਕਿਲੋਮੀਟਰ ਦੂਰ ਤੱਛਲ ਦੇ ਸਥਾਨ ਤੇ ਵਾਪਰੀ। ਸੋ ਘਟਨਾ ਭਾਵੇਂ ਕਿਧਰੇ ਵੀ ਵਾਪਰੀ ਹੋਵੇ ਪਰ ਲਛਮਣ ਦੀ ਜ਼ਿੰਦਗੀ ਦਾ ਪ੍ਰਵਾਹ ਕਥਿਤ ਹਿਰਨੀ ਦੇ ਸ਼ਿਕਾਰ ਵਾਲੀ ਦਰਦਨਾਕ ਘਟਨਾ ਨੇ ਹੀ ਬਦਲਿਆ ਮੰਨ ਲਿਆ ਗਿਆ ਹੈ। ਬਦਕਿਸਮਤੀ ਨਾਲ ਕਿਸੇ ਵੀ ਲਿਖਾਰੀ ਨੇ ਇਹ ਦੱਸਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਲਛਮਣ ਦੇ ਪਿਤਾ ਰਾਮਦੇਵ (ਜਾਂ ਜੋ ਵੀ ਉਸ ਦਾ ਨਾਂ ਸੀ) ਤੇ ਭੈਣਾਂ-ਭਰਾਵਾਂ ਨੇ ਗੁੰਮ ਹੋਏ ਲਛਮਣ ਦੀ ਭਾਲ ਕਿਉਂ ਨਹੀਂ ਕੀਤੀ ? ਤੇ ਕਿਉਂ ਉਹਨਾਂ ਲਛਮਣ ਦੇ ਭਬਾਰ ਵਿਖੇ ਠਹਿਰਾਉ ਦੌਰਾਨ, ਜਿਹੜਾ ਕਿ ਰਾਜੌਰੀ ਅਤੇ

ਤੱਛਲ ਤੋਂ ਬਹੁਤੀ ਦੂਰ ਨਹੀਂ, ਉਸ ਨਾਲ ਸੰਪਰਕ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਅਜਿਹਾ ਵਰਤਾਰਾ ਸਧਾਰਣ ਮਨੁੱਖੀ ਭਾਵਨਾਵਾਂ ਅਤੇ ਵਿਹਾਰ ਦੇ ਅਨੁਕੂਲ ਨਹੀਂ ਹੈ।

ਪਰ ਇਹ ਇਕ ਹਿਰਨੀ ਦੇ ਸ਼ਿਕਾਰ ਵਾਲੀ ਕਹਾਣੀ ਕਾਰਨ ਹੀ ਇਕ ਚੜ੍ਹਦੀ ਜਵਾਨੀ ਵਾਲੇ ਲੜਕੇ ਵੱਲੋਂ ਘਰ ਦਾ ਸੁਖ ਅਰਾਮ ਅਤੇ ਮਾਪਿਆਂ ਤੇ ਭੈਣਾਂ ਭਰਾਵਾਂ ਦਾ ਪਿਆਰ ਤਿਆਗ ਕੇ ਉਹਨਾਂ ਨੂੰ ਉਕਾ ਹੀ ਵਿਸਾਰ ਬੈਰਾਗੀ ਬਣਨ ਜਿਹਾ ਬਹੁਤ ਵੱਡਾ ਫੈਸਲਾ ਕਰ ਲੈਣਾ ਮੰਨਣ ਵਿਚ ਨਹੀਂ ਆਉਂਦਾ ਤੇ ਦਿਲ ਨਹੀਂ ਲਗਦਾ। ਇਸ ਕਹਾਣੀ ਵਿਚ ਮੌਤ ਕਾਰਨ ਜਿੰਨੀ ਸੰਵੇਦਨਸ਼ੀਲਤਾ ਉਸ ਵਿਚ ਦਰਸਾਈ ਗਈ ਹੈ ਉਸ ਦੀ ਪ੍ਰੋੜਤਾ ਉਸ ਦੇ ਬਾਕੀ ਦੇ ਜੀਵਨ ਦੀਆਂ ਘਟਨਾਵਾਂ ਨਹੀਂ ਕਰਦੀਆਂ। ਬਿਨਾਂ ਸ਼ੱਕ ਉਹ ਮੌਤ ਅਤੇ ਤਬਾਹੀ ਪ੍ਰਤੀ ਬੇਪਰਵਾਹ ਸੀ ਅਤੇ ਮਾਸੂਮ ਬੱਚਿਆਂ ਅਤੇ ਔਰਤਾਂ ਦੀਆਂ ਚੀਕਾਂ ਅਤੇ ਹੰਝੂਆਂ ਤੋਂ ਉਹ ਅਭਿੱਜ ਸੀ। ਡਾ. ਗੋਪਾਲ ਸਿੰਘ ਲਿਖਦਾ ਹੈ "ਸੀਅਰੁਲ-ਮੁਤਾਖਿਰੀਨ ਅਨੁਸਾਰ ਮੁਹੰਮਦ ਅਮੀਨ ਖਾਨ ਨੇ, ਜੋ ਕਿ ਇਹਨਾਂ ਸਿੰਘਾਂ ਨੂੰ ਕਤਲ ਕਰਨ ਲਈ ਨਿਯੁਕਤ ਜੁੰਡਲੀ ਦਾ ਮੈਂਬਰ ਸੀ, ਬੰਦੇ ਦੇ ਚਿਹਰੇ ਦੀ ਪ੍ਰਭਤਾ ਵੇਖ ਹੈਰਾਨ ਹੁੰਦਿਆਂ ਉਸਨੂੰ ਪੁਛਿਆ ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਉਹ ਮਨੁੱਖ ਜਿਸਦੇ ਚਿਹਰੇ-ਮੋਹਰੇ ਤੇ ਇਤਨੀ ਸਿਆਣਪ ਝਲਕਦੀ ਹੈ ਅਤੇ ਜਿਸਦੇ ਵਰਤੋਂ ਵਿਹਾਰ ਵਿਚ ਇਤਨੀ ਯੋਗਤਾ ਦਿਸਦੀ ਹੈ ਅਜਿਹੇ ਘਿਨਾਉਣੇ ਕਰਮਾਂ ਦਾ ਦੋਸ਼ੀ ਹੋਵੇ। ਬੰਦੇ ਨੇ ਬਹੁਤ ਹੀ ਸਹਿਜ ਨਾਲ ਉਤਰ ਦਿਤਾ ਜਦੋਂ ਮਨੁੱਖ ਅਜਿਹੇ ਦੁਸ਼ਟ ਅਤੇ ਪਾਪੀ ਹੋ ਜਾਣ ਕਿ ਇਨਸਾਫ ਦਾ ਰਾਹ ਹੀ ਛੱਡ ਦੇਣ ਅਤੇ ਹਰ ਤਰ੍ਹਾਂ ਦੀਆਂ ਜ਼ਿਆਦਤੀਆਂ ਕਰਨ ਤਾਂ ਅਜਿਹੇ ਦੁਸ਼ਟਾਂ ਨੂੰ ਸੋਧਣ ਲਈ ਪ੍ਰਮਾਤਮਾ, ਜਿਸਨੇ ਆਖਰੀ ਇਨਸਾਫ ਕਰਨਾ ਹੁੰਦਾ ਹੈ ਮੇਰੇ ਜਿਹੇ ਇਨਸਾਨ ਪੈਦਾ ਕਰਦਾ ਹੈ। ਜਦੋਂ ਇਹਨਾਂ ਦੁਸ਼ਟਾਂ ਦੀ ਸਜਾ ਪੂਰੀ ਹੋ ਜਾਵੇ ਤਾਂ ਉਹ ਸਜ਼ਾ ਦੇਣ ਵਾਲੇ ਇਨਸਾਨ ਦੇ ਕਰਮਾਂ ਦੇ ਲੇਖੇ-ਜੋਖੇ ਲਈ ਤੇਰੇ ਜਿਹੇ ਵਿਅਕਤੀ ਪੈਦਾ ਕਰ ਦਿੰਦਾ ਹੈ।" ਹੋ ਸਕਦਾ ਹੈ ਕਹਾਣੀ ਕੁਝ ਵਧਾ-ਚੜ੍ਹਾ ਕੇ ਕਹੀ ਗਈ ਹੋਵੇ ਪਰ ਸਮਾਣਾ, ਸਢੌਰਾ ਅਤੇ ਸਰਹਿੰਦ ਵਰਗੇ ਸ਼ਹਿਰਾਂ ਲਈ ਤਾਂ ਬੰਦਾ ਇਕ ਅਤਿਆਚਾਰੀ ਹੀ ਸੀ। ਡਾ. ਗੋਪਾਲ ਸਿੰਘ ਅੱਗੇ ਲਿਖਦਾ ਹੈ "ਇਹ ਸੱਚ ਹੈ ਕਿ ਇਸ ਕਾਰਵਾਈ ਦੌਰਾਨ ਪਿੰਡਾਂ ਅਤੇ ਕਸਬਿਆਂ ਦੀ ਬਹੁਤ ਬਰਬਾਦੀ ਹੋਈ। ਡਰ ਦੇ ਮਾਰੇ ਲੋਕ ਆਪਣਾ ਘਰ-ਘਾਟ ਛੱਡ ਦੌੜ ਗਏ। ਲਹੂ ਦੇ ਦਰਿਆ ਵੱਗੇ। ਇਕ ਸਦੀ ਤੋਂ ਜ਼ੁਲਮ ਅਤੇ ਜਲਾਲਤ, ਜੋ ਕੇਵਲ ਸਿੱਖਾਂ ਨੇ ਹੀ ਨਹੀਂ ਸੀ ਝੱਲੀ ਸਗੋਂ ਜ਼ਿਆਦਾਤਰ ਹਿੰਦੂਆਂ ਅਤੇ ਥੋੜੀ ਗਿਣਤੀ ਵਿਚ ਖੁਲ੍ਹੇ ਵੀਚਾਰਾਂ ਵਾਲੇ ਮੁਸਲਮਾਨਾਂ, ਸੂਫੀਆਂ ਅਤੇ ਸ਼ੀਆ ਮੁਸਲਮਾਨਾਂ ਨੇ ਵੀ ਝੱਲੀ ਸੀ, ਦਾ ਹਿਸਾਬ ਬਰਾਬਰ ਕਰਨ ਵੇਲੇ ਬੰਦਾ ਅਤੇ ਉਸਦੇ ਆਦਮੀਆਂ ਕੋਲੋਂ ਜ਼ਿਆਦਤੀਆਂ ਜ਼ਰੂਰ ਹੋ ਗਈਆਂ ਹੋਣਗੀਆਂ।" ਜ਼ਿਆਦਤੀਆਂ ਲਈ ਬੰਦੇ ਦੀ ਨਿੰਦਾ ਕਰਨ ਵਿਚ ਸੱਯਦ ਮੁਹੰਮਦ ਲਤੀਫ ਜ਼ਿਆਦਾ ਮੂੰਹ ਫੱਟ ਹੈ ਅਤੇ ਲਿਖਦਾ ਹੈ "ਬੰਦੇ ਦੀਆਂ ਕੀਤੀਆਂ ਦਾ ਇਨਸਾਫ ਉਸਨੂੰ ਸੰਨ 1716 ਵਿਚ ਮਿਲਿਆ। ਬਹਾਦਰੀ ਦੇ ਗੁਣ ਦੀ ਸਿਫਤ ਆਉਣ ਵਾਲੀਆਂ ਨਸਲਾਂ ਨੂੰ ਇਕ ਬਹੁਮੁਲੇ ਗੁਣ ਦੇ ਤੌਰ ਤੇ ਦੱਸੀ ਜਾਂਦੀ ਹੈ ਪਰ ਇਸ ਰਾਖਸ਼ਸ਼ ਦੀ ਦਲੇਰੀ ਦੇ ਗੁਣ ਨਾਲ ਪ੍ਰਾਪਤ ਜਿੱਤਾਂ ਸਿਫਤਾਂ ਦੇ ਘੇਰੇ ਵਿਚ ਨਹੀਂ ਆਉਂਦੀਆਂ। ਉਸ ਦੀਆਂ ਜਿੱਤਾਂ ਸੂਰਬੀਰਤਾ ਨਹੀਂ ਸਗੋਂ ਬੇ-ਰਹਿਮ ਜ਼ਿਆਦਤੀਆਂ ਹਨ। ਉਸ ਦਾ ਹੁਕਮ ਅਤੇ ਸ਼ੌਕ ਤਾਂ ਮੁਸਲਮਾਨਾਂ ਦਾ ਖ਼ੂਨ ਵਹਾਉਣਾ ਸੀ। ਅੱਜ ਭਾਰਤ ਦੇ ਕਿਸੇ ਵੀ ਖਿੱਤੇ ਵਿਚ ਉਸਦਾ ਨਾਂ ਉਸਦੇ ਵਹਿਸ਼ੀ ਅਤੇ ਖ਼ੂਨ ਦੇ ਪਿਆਸੇ ਸੁਭਾਅ ਪ੍ਰਤੀ ਲਾਅਨਤ

ਪਾ ਕੇ ਹੀ ਯਾਦ ਕੀਤਾ ਜਾਂਦਾ ਹੈ।" ਬੇਸ਼ੱਕ ਕਿਹਾ ਜਾ ਸਕਦਾ ਹੈ ਕਿ ਇਹ ਬਿਆਨ ਪਹੁੰਚੇ ਦੁਖ ਕਾਰਨ ਵਧਾ-ਚੜ੍ਹਾ ਕੇ ਕੀਤਾ ਗਿਆ ਹੋਵੇ ਪਰ ਇਸ ਗੱਲ ਤੋਂ ਇਨਕਾਰ ਵੀ ਨਹੀਂ ਕੀਤਾ ਜਾ ਸਕਦਾ ਕਿ ਬੰਦੇ ਅਤੇ ਉਸਦੇ ਸਾਥੀਆਂ ਵਲੋਂ ਜੋ ਖ਼ੂਨ ਵਹਾਇਆ ਗਿਆ ਉਹ ਉਸ ਜ਼ਮਾਨੇ ਦੀ ਕਸਵੱਟੀ ਅਨੁਸਾਰ ਵੀ ਬਹੁਤ ਜ਼ਿਆਦਾ ਅਤੇ ਬੇ-ਇਨਸਾਫੀ ਭਰਿਆ ਸੀ। ਡਾ. ਹਰੀ ਰਾਮ ਗੁਪਤਾ ਨੇ ਠੀਕ ਹੀ ਲਿਖਿਆ ਹੈ "ਬੰਦੇ ਨੇ ਲਗਭਗ ਪੰਜਾਹ ਹਜ਼ਾਰ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰਿਆ। ਇਸ ਵਹਿਸ਼ੀਪੁਣੇ ਨੂੰ ਕਿਸੇ ਵੀ ਜ਼ਮਾਨੇ ਵਿਚ ਕੋਈ ਵੀ ਵਾਜਿਬ ਨਹੀਂ ਠਹਿਰਾ ਸਕਦਾ।"

ਸਬੰਧਤ ਘਟਨਾਵਾਂ ਦਾ ਮੁਲਾਂਕਣ, ਬਿਨਾਂ ਕਿਸੇ ਪੂਰਵ ਧਾਰਨਾ ਦੇ ਜਾਂ ਸੌਖੇ ਜਵਾਬਾਂ ਦੀ ਉਮੀਦ ਦੇ, ਖੁਲ੍ਹੇ ਮਨ ਨਾਲ ਨਵੇਂ ਸਿਰਿਉਂ ਕੀਤਾ ਜਾਣਾ ਹੀ ਵਾਜਿਬ ਪ੍ਰਤੀਤ ਹੈ।

ਕਿਸੇ ਵੀ ਪ੍ਰੌੜ ਸ਼ਖਸ ਦੇ ਵਰਤੋਂ ਵਿਹਾਰ ਦੀ ਸ਼ੈਲੀ ਨੂੰ ਵੇਖ ਕੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਸਦਾ ਬਚਪਨ ਕਿਹੋ ਜਿਹਾ ਗੁਜ਼ਰਿਆ ਹੋਵੇਗਾ ਅਤੇ ਉਸਦੇ ਬਚਪਨ ਦੇ ਤਜਰਬਿਆਂ ਨੇ ਉਸ ਦੇ ਮਨ ਤੇ ਕਿਹੋ ਜਿਹੀ ਅਮਿਟ ਛਾਪ ਛੱਡੀ ਹੈ। ਇਸ ਲਈ ਜੇਕਰ ਬੰਦੇ ਦੀ ਸ਼ਖਸੀਅਤ ਅਤੇ ਉਸਦੇ ਵਰਤੋਂ ਵਿਹਾਰ ਦੀ ਵਾਸਤਵਿਕ ਪੜਚੋਲ ਕਰੀਏ ਤਾਂ ਉਸ ਬਾਰੇ ਕਾਫੀ ਸਚਾਈ ਬਾਹਰ ਆ ਸਕਦੀ ਹੈ। ਇਸ ਤਰ੍ਹਾਂ ਪ੍ਰਾਪਤ ਜਾਣਕਾਰੀ ਬੰਦੇ ਬਾਬਤ ਪ੍ਰਚੱਲਤ ਸਾਰੀਆਂ ਕਹਾਣੀਆਂ, ਦੰਦ-ਕਥਾਵਾਂ ਅਤੇ ਮਿੱਥਾਂ ਨਾਲੋਂ ਜ਼ਿਆਦਾ ਲਾਭਕਾਰੀ ਹੋਵੇਗੀ।

ਬੰਦੇ ਬਾਬਤ ਜੋ ਜਾਣਕਾਰੀ ਸਾਨੂੰ ਮਿਲਦੀ ਹੈ ਉਸ ਤੋਂ ਉਸਦੀ ਸ਼ਖਸੀਅਤ ਦੇ ਜੋ ਪੱਖ ਉਭਰਦੇ ਹਨ ਉਹ ਇੰਝ ਹਨ। ਉਹ ਸ਼ਰਮੀਲਾ, ਖੁਦ ਵਿਚ ਮਸਤ ਅਤੇ ਇਕੱਲ ਪਸੰਦ ਸੀ; ਉਹ ਪੱਥਰ ਦਿਲ, ਬਦਲਾ ਲਊ ਅਤੇ ਜ਼ਾਲਮ ਸੀ। ਉਹ ਮਹਾਨ ਯੋਧਾ ਤੇ ਯੁਧ-ਨੀਤੀ ਵਿਚ ਨਿਪੁੰਨ ਸੀ ਪਰ ਲੀਡਰਸ਼ਿਪ ਦੇ ਗੁਣਾਂ ਵਿਚ ਕੰਮਜੋਰ ਸੀ। ਉਹ ਪਰਉਪਕਾਰੀ ਅਤੇ ਰੱਜ ਕੇ ਖੁਲ-ਦਿਲਾ ਸੀ। ਉਹ ਦ੍ਰਿੜ, ਸੰਜਮੀ ਅਤੇ ਆਤਮ ਤਿਆਗੀ ਸੀ, ਜੋ ਦੁਖ-ਦਰਦ ਅਤੇ ਖੁਸ਼ੀਆਂ ਤੋਂ ਨਿਰਲੇਪ ਸੀ। ਸੋ ਵੇਖਣਾ ਹੋਵੇਗਾ ਕਿ ਅਜਿਹੇ ਗੁਣ-ਔਗਣਾਂ ਵਾਲੇ ਮਨੁੱਖ ਨੇ ਕਿਹੋ ਜਿਹਾ ਬਚਪਨ ਗੁਜ਼ਾਰਿਆ ਹੋਵੇਗਾ। ਕਿਹੋ ਜਿਹਾ ਉਹ ਬਚਪਨ ਹੋਵੇਗਾ ਜਿਸ ਨੇ ਬੰਦੇ ਦੀ ਅਜਿਹੀ ਸ਼ਖਸੀਅਤ ਘੜੀ ਕਿ ਉਹ ਗੁੰਮ-ਨਾਮੀਂ ਦੀਆਂ ਹਨੇਰੀਆਂ ਖਾਈਆਂ 'ਚੋਂ ਨਿਕਲ ਹਿੰਦੋਸਤਾਨ ਦੇ ਆਸਮਾਨ ਤੇ ਧਰੂ ਤਾਰੇ ਵਾਂਗਰ ਚਮਕਿਆ।

ਬੰਦੇ ਦਾ ਇਕੱਲ ਪਸੰਦ, ਸ਼ਰਮਾਕਲ ਅਤੇ ਬਦਲਾ ਲਉ ਸੁਭਾਅ ਦਾ ਹੋਣਾ ਪ੍ਰਤੱਖ ਰੂਪ 'ਚ ਦਰਸਾਉਂਦਾ ਹੈ ਕਿ ਉਸਦਾ ਬਚਪਨ ਨਾ-ਖੁਸ਼ਗਵਾਰ ਸੀ। ਅਜਿਹੀ ਮਾਨਸਿਕ ਭਰਿਸ਼ਟ ਸਥਿਤੀ ਪੈਦਾ ਨਹੀਂ ਹੋ ਸਕਦੀ ਸੀ ਜੇਕਰ ਉਸਦਾ ਬਚਪਨ ਕਿਸੇ ਕਦਰ ਸੁਖਮਈ ਅਤੇ ਖੁਸ਼ਗਵਾਰ ਹੁੰਦਾ। ਕਿਉਂਕਿ ਇਹ ਬੀਮਾਰ ਮਾਨਸਿਕ ਸਥਿਤੀ ਉਦੋਂ ਹੀ ਪੈਦਾ ਹੁੰਦੀ ਹੈ ਜਦੋਂ ਦੁਖ, ਡਰ, ਗੁੱਸਾ, ਫਿਕਰ-ਮੰਦੀ, ਬੇਇਜਤੀ ਅਤੇ ਈਰਖਾ ਦਾ ਮਹੌਲ ਹੋਵੇ ਅਤੇ ਮਨੁੱਖ ਆਪਣੇ ਆਪ ਨੂੰ ਸਿਰਫ ਮਜਬੂਰ, ਬੇਸਹਾਰਾ ਅਤੇ ਘੁਟਿਆ ਘੁਟਿਆ ਹੀ ਨਾ ਸਮਝੇ ਬਲਕਿ ਉਹ ਆਪਣੀਆਂ ਹੀ ਨਜ਼ਰਾਂ ਵਿਚ ਗਿਰ ਜਾਵੇ। ਸਤਾਰਵੀਂ ਸਦੀ ਦੇ ਦੂਜੇ ਅੱਧ ਵਿਚ ਜਦੋਂ ਉਸਦਾ ਜਨਮ ਅਤੇ ਪਾਲਣ ਪੋਸ਼ਣ ਹੋਇਆ ਉਸ ਸਮੇਂ ਵਿਚ ਅਜਿਹੀ ਭਰਿਸ਼ਟ ਪਰਸਥਿਤੀ ਦੇ ਪੈਦਾ ਹੋਣ ਦੇ ਕੋਈ ਬਹੁਤੇ ਕਾਰਨ ਨਹੀਂ ਹੋ ਸਕਦੇ ਸੀ। ਅੱਜ ਵਾਂਗ ਜ਼ਿੰਦਗੀ ਬਹੁਤ ਗੁੰਝਲਦਾਰ ਨਹੀਂ ਸੀ। ਗਿਣੇ ਮਿਣੇ ਹੀ ਕਾਰਨ ਹੋ ਸਕਦੇ ਸਨ। ਸੰਭਵਤਾ ਉਹ ਬਚਪਨ ਵਿਚ

ਹੀ ਯਤੀਮ ਹੋ ਗਿਆ ਸੀ ਅਤੇ ਤਾਇਆਂ-ਚਾਚਿਆਂ ਦੇ ਰਹਿਮੋਂ ਕਰਮ ਤੇ ਹੀ ਪਲਿਆ। ਇਰਾਕ ਦੇ ਸਦਾਮ ਹੁਸੈਨ ਵਾਂਗ ਉਸਦੇ ਪਾਲਣਹਾਰਾਂ ਨੇ ਆਪਣੇ ਬੱਚਿਆਂ ਦੇ ਮੁਕਾਬਲੇ ਉਸ ਨਾਲ ਜਲਾਲਤ ਭਰਿਆ ਭੇਦ-ਭਾਵ ਵਾਲਾ ਸਲੂਕ ਕੀਤਾ ਹੋਵੇਗਾ। ਇਹ ਕੋਈ ਅਨਹੋਣੀ ਗੱਲ ਨਹੀਂ ਸੀ ਕਿਉਂਕਿ ਮਨੁੱਖੀ ਸੁਭਾਅ ਦੀ ਇਹ ਕਮਜ਼ੋਰੀ ਤਾਂ ਮੁੱਢ ਤੋਂ ਹੀ ਹੈ। ਸ੍ਰੀ ਰਾਮ ਚੰਦਰ ਜੀ ਦੀ ਮਤਰੇਈ ਮਾਂ ਕੈਕਈ ਨੇ ਵੀ ਆਪਣੇ ਪੁੱਤਰ ਨੂੰ ਰਾਜੇ ਦਸਰਥ ਦੀ ਰਾਜਗੱਦੀ ਦਾ ਵਾਰਸ ਬਣਾਉਣ ਦੀ ਮਨਸ਼ਾ ਨਾਲ ਸ੍ਰੀ ਰਾਮ ਚੰਦਰ ਜੀ ਅਤੇ ਉਹਨਾਂ ਦੀ ਸੁਪਤਨੀ ਸੀਤਾ ਜੀ ਨੂੰ ਚੌਦਾਂ ਸਾਲ ਦਾ ਬਨਵਾਸ ਦਿਵਾ ਦਿਤਾ ਸੀ। ਇਹ ਬਨਵਾਸ ਸ੍ਰੀ ਰਾਮ ਚੰਦਰ ਜੀ ਦੇ ਪਿਤਾ ਦਸਰਥ ਨੇ ਆਪਣੀ ਸਭ ਤੋਂ ਛੋਟੀ ਖ਼ੂਬਸੂਰਤ ਨੌਜਵਾਨ ਰਾਣੀ ਨੂੰ ਖ਼ੁਸ਼ ਕਰਨ ਲਈ ਦਿਤਾ ਸੀ। ਸ੍ਰੀ ਰਾਮ ਚੰਦਰ ਜੀ ਭਾਵੇਂ ਰਾਜ ਕੁਮਾਰ ਸਨ ਪਰ ਉਹਨਾਂ ਨੂੰ ਥਾਂ ਥਾਂ ਠੋਕਰਾਂ ਖਾਣੀਆਂ ਪਈਆਂ ਤੇ ਰਾਵਣ ਨਾਲ ਯੁੱਧ ਵੀ ਕਰਨਾ ਪਿਆ।

ਸ੍ਰੀ ਰਾਮ ਚੰਦਰ ਜੀ ਲਈ ਤਾਂ ਬਨਵਾਸ ਦੇ ਸਮੇਂ ਦੌਰਾਨ ਵੀ ਇਕ ਆਸ ਦੀ ਕਿਰਣ ਮੌਜੂਦ ਸੀ ਕਿ ਬਨਵਾਸ ਦਾ ਸਮਾਂ ਖਤਮ ਹੋਣ ਉਪਰੰਤ ਰਾਜ ਗੱਦੀ ਉਹਨਾਂ ਨੂੰ ਮਿਲ ਜਾਣੀ ਸੀ। ਪਰ ਇਥੇ ਤਾਂ ਲਛਮਣ (ਬੰਦੇ) ਲਈ ਚਾਰ ਚੁਫੇਰੇ ਹਨੇਰਾ ਹੀ ਸੀ ਤੇ ਕੋਈ ਵੀ ਆਸ ਦੀ ਕਿਰਣ ਨਹੀਂ ਸੀ ਦਿਸਦੀ। ਇਸ ਮਾਯੂਸੀ ਦੀ ਹਾਲਤ ਨੇ ਉਸਦੇ ਉਪਰੋਕਤ ਮਾਨਸਿਕ ਵਿਕਾਰਾਂ ਦੀ ਨੀਹ ਰੱਖੀ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਲਛਮਣ ਦਾ ਮੇਲ ਜਾਨਕੀ ਪ੍ਰਸਾਦ ਨਾਲ ਕਿਵੇਂ ਹੋਇਆ ਜੋ ਕਿ ਵਿਰੱਕਤ ਸੰਪ੍ਰਦਾਇ ਦਾ ਦਾਦੂ ਪੰਥੀ ਬੈਰਾਗੀ ਸੀ। ਜਾਨਕੀ ਪ੍ਰਸਾਦ ਭਾਵੇਂ ਜਨਮ ਜਾਤ ਬ੍ਰਾਹਮਣ ਸੀ ਪਰ ਵਿਰੱਕਤ ਬੈਰਾਗੀ ਹੋਣ ਕਾਰਨ ਉਹ ਆਪਣਾ ਗੁਜਾਰਾ ਭਿਖਿਆ ਮੰਗ ਕੇ ਕਰਦਾ ਸੀ, ਗੇਰੂਆ ਰੰਗ ਦੇ ਵਸਤਰ ਪਹਿਨਦਾ ਸੀ ਅਤੇ ਭ੍ਰਮਣ ਕਰਦਾ ਰਹਿੰਦਾ ਸੀ। ਘਰ ਵਿਚ ਰਹਿਣ ਦੀ ਉਸਨੂੰ ਮਨਾਹੀ ਸੀ। ਉਹ ਆਪਣੇ ਆਪ ਨੂੰ ਫਕੀਰ ਦੱਸਦਾ ਸੀ ਅਤੇ ਤੀਰਥ ਯਾਤ੍ਰਾ ਲਈ ਤੁਰਿਆ ਹੀ ਰਹਿੰਦਾ ਸੀ। ਪਰ ਇਹ ਯਕੀਨ ਨਾਲ ਦੱਸਣਾ ਮੁਸ਼ਕਿਲ ਹੈ ਕਿ ਜਾਨਕੀ ਪ੍ਰਸਾਦ ਅਤੇ ਲਛਮਣ ਦਾ ਮੇਲ ਕਿਸ ਸਮੇਂ ਅਤੇ ਕਿਸ ਸਥਾਨ ਤੇ ਹੋਇਆ। ਕੇਵਲ ਤਰਕਸੰਗਤ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ। ਇੰਝ ਲਗਦਾ ਹੈ ਕਿ ਜਦੋਂ ਬਾਲਕ ਲਛਮਣ ਲਈ ਆਪਣੇ ਤਾਏ-ਚਾਚੇ ਅਤੇ ਉਹਨਾਂ ਦੇ ਪਰਿਵਾਰਾਂ ਵੱਲੋਂ ਹੁੰਦਾ ਨਾ-ਇਨਸਾਫੀ ਤੇ ਜਲਾਲਤ ਭਰਿਆ ਵਿਹਾਰ ਨਾ-ਸਹਾਰਣਯੋਗ ਹੋ ਗਿਆ ਤਾਂ ਉਸਨੇ ਇਸ ਜਲਾਲਤ ਭਰੀ ਜ਼ਿੰਦਗੀ ਨਾਲੋਂ ਭੁਖਾ ਮਰਨਾ ਬਿਹਤਰ ਸਮਝਦੇ ਹੋਏ ਘਰ ਤਿਆਗ ਦਿਤਾ। ਉਸਨੇ ਮਹਿਸੂਸ ਕੀਤਾ ਕਿ ਮੌਤ ਵੀ ਇਹਨਾਂ ਲੋਕਾਂ ਨਾਲੋਂ ਰਹਿਮ ਦਿਲ ਹੀ ਹੋਵੇਗੀ। ਛੋਟੀ ਉਮਰ ਦੇ ਬੱਚੇ ਲਈ ਅਜਿਹਾ ਫੈਸਲਾ ਬਹੁਤ ਦੁਖਦਾਈ ਹੋਵੇਗਾ ਪਰ ਇਹ ਅਸੰਭਵ ਨਹੀਂ ਕਿ ਹਾਲਾਤ ਦੀ ਮਜਬੂਰੀ ਨੇ ਉਸਨੂੰ ਅਜਿਹਾ ਕਰਨ ਲਈ ਮਜਬੂਰ ਕਰ ਦਿਤਾ ਹੋਵੇਗਾ। ਆਪਣੇ ਇਸ ਦੁਖਦਾਇਕ ਜੀਵਨ ਤੋਂ ਛੁਟਕਾਰਾ ਪਾਉਣ ਲਈ ਉਹ ਜੰਗਲ ਵੱਲ ਦੌੜ ਗਿਆ ਹੋਵੇਗਾ ਤਾਂ ਜੋ ਕੋਈ ਮਾਸ ਖੋਰਾ ਜੰਗਲੀ ਜਾਨਵਾਰ ਉਸਦਾ ਅੰਤ ਕਰ ਦੇਵੇ।

ਪਰ ਲਗਦਾ ਹੈ ਕਿ ਤਕਦੀਰ ਨੇ ਤਾਂ ਉਸ ਲਈ ਕੋਈ ਵੱਖਰੀ ਹੀ ਯੋਜਨਾ ਉਲੀਕੀ ਹੋਈ ਸੀ। ਜਿਹੜੇ ਕਠੋਰ ਹਾਲਾਤ ਨਾਲ ਉਸਨੂੰ ਜੂਝਣਾ ਪਿਆ ਉਹ ਤਾਂ ਉਸਦੇ ਤਨ-ਮਨ ਨੂੰ ਮਜ਼ਬੂਤ ਕਰਨ ਲਈ ਸਨ ਤਾਂ ਜੋ ਭਵਿਖ ਵਿਚ ਜੋ ਮਹਾਨ, ਮੁਸ਼ਕਿਲ ਅਤੇ ਸ਼ੁੱਭ ਕਾਰਜ

ਉਸਨੇ ਕਰਨੇ ਸਨ ਉਹਨਾਂ ਲਈ ਉਹ ਤਿਆਰ ਹੋ ਸਕੇ। ਜੰਗਲ ਵਿਚ ਆਦਮ-ਖੋਰ ਜਾਨਵਰ ਦੀ ਜਗ੍ਹਾ ਉਸਨੂੰ ਜਾਨਕੀ ਪ੍ਰਸਾਦ ਟੱਕਰ ਗਿਆ। ਫਕੀਰ ਨੇ ਉਸਦੀ ਦੁਖਾਂ ਭਰੀ ਜ਼ਿੰਦਗੀ ਦੀ ਕਹਾਣੀ ਹਮਦਰਦੀ ਨਾਲ ਸੁਣੀ ਅਤੇ ਉਸਨੂੰ ਆਪਣੀ ਸਰਪ੍ਰਸਤੀ 'ਚ ਲੈ ਲਿਆ। ਕਿਉਂਕਿ ਬੱਚੇ ਨੂੰ ਨਾ ਤਾਂ ਆਪਣੇ ਪਿਤਾ ਦੇ ਨਾਂ ਬਾਰੇ ਪੱਕਾ ਪਤਾ ਸੀ ਤੇ ਨਾ ਹੀ ਜਨਮ ਸਥਾਨ ਤੇ ਜਨਮ ਮਿਤੀ ਬਾਰੇ ਸੋ ਇਹ ਸਾਰਾ ਵੇਰਵਾ ਜਾਨਕੀ ਪ੍ਰਸਾਦ ਨੂੰ ਹੀ ਘੜਨਾ ਪਿਆ। ਪਿਤਾ ਦਾ ਨਾਂ ਉਸ ਰਾਮ ਦੇਵ ਮਿੱਥਿਆ। ਰਾਜਸਥਾਨ ਵਿਚ ਜਿਹੜੇ ਪੰਜ ਪੀਰਾਂ ਦੀ ਮਾਨਤਾ ਹੈ ਉਹਨਾਂ ਵਿਚੋਂ ਇਕ ਰਾਮ ਦੇਵ ਹੈ ਅਤੇ ਮਕਬੂਲੀਅਤ ਪੱਖੋਂ ਉਹ ਗੁੱਗੇ ਪੀਰ ਤੋਂ ਦੂਜੇ ਨੰਬਰ ਤੇ ਹੈ। ਰਾਮ ਦੇਵ ਰੱਣਛਲ ਦਾ ਇਕ ਰਾਜਪੂਤ ਸੀ। ਜਨਮ ਮਿਤੀ ਜਾਨਕੀ ਪ੍ਰਸਾਦ ਨੇ ਉਹੀ ਮਿੱਥ ਲਈ ਜਿਸ ਦਿਨ ਲਛਮਣ ਦਾ ਉਸ ਨਾਲ ਮੇਲ ਹੋਇਆ ਸੀ ਤੇ ਇਹ ਦਿਨ ਦੁਰਗਾ ਅਸ਼ਟਮੀ (ਦੁਸਹਿਰੇ) ਜਾਂ ਉਸ ਦੇ ਨੇੜੇ-ਤੇੜੇ ਦਾ ਹੀ ਸੀ (ਭਾਵ ਅਕਤੂਬਰ 1670)। ਜਨਮ-ਸਥਾਨ ਵੀ ਉਹੀ ਮਿੱਥ ਲਿਆ ਜਿਥੇ ਉਹਨਾਂ ਦਾ ਮੇਲ ਹੋਇਆ ਸੀ ਅਤੇ ਇਹ ਸਥਾਨ ਧਰਮਸਾਲ ਬ੍ਰਾਹਮਣਾਂ (ਜ਼ਿਲ੍ਹਾ ਊਨਾ ਹਿਮਾਚਲ ਪ੍ਰਦੇਸ) ਅਤੇ ਚਿੰਤਪੂਰਨੀ (ਕਾਂਗੜਾ) ਦੇ ਵਿਚਕਾਰ ਕਿਧਰੇ ਸੀ – ਸ਼ਾਇਦ ਇਹ ਪੰਡੋਰੀ ਸੀ ਜਾਂ ਇਸ ਦੇ ਆਸਪਾਸ। ਹੁਣ ਫੈਸਲਾ ਕਰਨਾ ਸੀ ਕਿ ਦੀਕਸ਼ਾ ਦੇਣ ਸਮੇਂ ਕੀ ਨਾਂ ਰੱਖਿਆ ਜਾਵੇ ? ਇਸ ਲਈ ਜਾਨਕੀ ਪ੍ਰਸਾਦ ਨੇ ਨਰੈਣਪੁਰ (ਦਾਦੂਵਾੜਾ) ਦੇ ਅਧਾਰ ਤੇ ਨਾਂ ਨਰਾਇਣ ਦਾਸ ਚੁਣਿਆ। ਇਹ ਸਭ ਵੇਰਵੇ ਉਸਨੇ ਆਪਣੇ ਮੰਨ ਦੀ ਮੌਜ ਲਈ ਨਹੀਂ ਸਨ ਨਿਸ਼ਚਿਤ ਕੀਤੇ ਸਗੋਂ ਇਹ ਸਭ ਵੇਰਵੇ ਸੰਪ੍ਰਦਾਇ ਦੇ ਨਿਯਮਾਂ ਅਨੁਸਾਰ ਜ਼ਰੂਰੀ ਸਨ। ਦਾਦੂ ਪੰਥ ਵਿਚ ਸਿਰਫ ਬੱਚੇ ਹੀ ਸ਼ਾਮਿਲ ਕੀਤੇ ਜਾਂਦੇ ਨੇ ਤੇ ਅਜਿਹਾ ਕਰਨ ਲਈ ਉਹਨਾਂ ਦੇ ਮਾਪਿਆਂ ਦੀ ਸਪਸ਼ਟ ਸਹਿਮਤੀ ਜ਼ਰੂਰੀ ਹੈ। ਜਿਵੇਂ ਕਿ ਐਚ.ਏ.ਰੋਜ਼ ਦਸਦਾ ਹੈ ਇਸ ਸੰਪ੍ਰਦਾਇ ਵਿਚ ਸਿਰਫ ਬ੍ਰਾਹਮਣਾਂ, ਕਸ਼ੱਤ੍ਰੀਆਂ ਅਤੇ ਰਾਜਪੂਤਾਂ ਨੂੰ ਹੀ ਸ਼ਾਮਿਲ ਹੋਣ ਦਾ ਅਧਿਕਾਰ ਸੀ, ਨੀਵੀਆਂ ਜਾਤਾਂ ਵਾਲਿਆਂ ਨੂੰ ਨਹੀਂ। ਸੋ ਇਸ ਲਈ ਪਿਤਾ ਦੇ ਥਾਂ ਪੀਰ ਰਾਮ ਦੇਵ ਦਾ ਮਿੱਥਣਾ ਜ਼ਰੂਰੀ ਸੀ ਕਿਉਂਕਿ ਉਹ ਰਾਜਪੂਤ ਸੀ। ਇਸ ਘਾੜਤ ਨਾਲ ਮਾਪਿਆਂ ਦੀ ਸਹਿਮਤੀ ਦਾ ਮਸਲਾ ਵੀ ਹੱਲ ਹੋ ਗਿਆ ਕਿਉਂਜੋ ਨਿਸ਼ਚਿਤ ਤਰੀਕੇ ਨਾਲ ਪ੍ਰਾਰਥਨਾ ਕਰਕੇ ਪੀਰ ਦੀ ਸਹਿਮਤੀ ਹੋ ਜਾਣਾ ਕਿਆਸ ਕੀਤਾ ਜਾ ਸਕਦਾ ਸੀ। ਇਸ ਤਰ੍ਹਾਂ ਕਰਕੇ ਲਛਮਣ ਨੂੰ ਸੰਪ੍ਰਦਾਇ ਵਿਚ ਇਕ ਨਵਾਂ ਨਾਂ ਤੇ ਨਵੇਂ ਮਾਪੇ ਦੇ ਕੇ ਸ਼ਾਮਿਲ ਕਰ ਲਿਆ ਗਿਆ। ਹੁਣ ਰੱਮਤਾ ਜਾਨਕੀ ਪ੍ਰਸਾਦ ਉਸਦਾ ਗੁਰੂ ਸੀ।

ਨਰਾਇਣ ਦਾਸ (ਲਛਮਣ ਦਾ ਨਵਾਂ ਨਾਂ) ਨੇ ਫਕੀਰ ਦੇ ਨਾਲ ਸ਼ਿਵਾਲਿਕ ਦੀਆਂ ਪਹਾੜੀਆਂ, ਪੰਜਾਬ ਦੇ ਮੈਦਾਨਾਂ ਅਤੇ ਰਾਜਸਥਾਨ ਦੇ ਮਾਰੂਥਲਾਂ ਦਾ ਦੂਰ ਦੂਰ ਤੀਕਰ ਭਰਮਣ ਕੀਤਾ। ਬਾਲਕ ਨਰਾਇਣ ਦਾਸ ਹਰ ਗੱਲ ਨੂੰ ਚੰਗੀ ਤਰ੍ਹਾਂ ਸਮਝਦਾ ਸੀ ਅਤੇ ਉਸਦੀ ਯਾਦਦਾਸ਼ਤ ਵੀ ਚੰਗੀ ਸੀ। ਜਿਹੜੇ ਜਿਹੜੇ ਇਲਾਕਿਆਂ ਦਾ ਦੌਰਾ ਤੇ ਭਰਮਣ ਕੀਤਾ ਉਹਨਾਂ ਦੇ ਭੁਗੋਲਿਕ ਵੇਰਵੇ ਫੋਟੋ ਦੀ ਤਰ੍ਹਾਂ ਬਾਲਕ ਦੇ ਮਨ ਵਿਚ ਉਕਰੇ ਗਏ। ਉਹਨਾਂ ਬਹੁਤ ਸਾਰੇ ਧਾਰਮਿਕ ਅਸਥਾਨਾਂ ਦੀ ਯਾਤਰਾ ਕੀਤੀ ਅਤੇ ਇਸ ਲਈ ਉਹਨਾਂ ਨੂੰ ਜੰਗਲਾਂ, ਪਹਾੜਾਂ, ਦਰਿਆਵਾਂ, ਨਦੀਆਂ-ਨਾਲਿਆਂ ਅਤੇ ਰੇਤ ਦੇ ਟਿੱਬਿਆਂ ਰਾਹੀਂ ਗੁਜਰਨਾ ਪਿਆ ਅਤੇ ਸ਼ਰਧਾਲੂਆਂ ਦੁਆਰਾ ਦਿਤੀ ਭਿਖਿਆ ਤੇ ਗੁਜ਼ਾਰਾ ਕਰਨਾ ਪਿਆ।

ਜਿਵੇਂ ਪਹਿਲਾਂ ਦੱਸ ਆਏ ਹਾਂ ਅਕਤੂਬਰ 1670 ਦੀ ਦੁਰਗਾ ਅਸ਼ਟਮੀ ਲਛਮਣ ਦੇ

ਦਾਦੂ ਪੰਥ ਵਿਚ ਸ਼ਾਮਿਲ ਹੋਣ ਦੀ ਮਿਤੀ ਹੈ ਨਾ ਕਿ ਪੈਦਾ ਹੋਣ ਦੀ। ਉਸਦਾ ਜਨਮ ਸੰਨ 1661 ਦੇ ਆਸ ਪਾਸ ਹੋਇਆ ਲਗਦਾ ਹੈ। ਕਰਮ ਸਿੰਘ ਹਿਸਟੋਰੀਅਨ ਲਿਖਦਾ ਹੈ ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨੇ ਵਿਚ ਹੋਇਆ ਕਰੀਬ ਉਸੇ ਸਮੇਂ ਬੰਦੇ ਦਾ ਜਨਮ ਰਾਜੌਰੀ ਵਿਚ ਹੋਇਆ। ਹੁਣ ਨਿਰਣਾਇਕ ਤੌਰ ਤੇ ਪ੍ਰਮਾਣਤ ਹੋ ਚੁਕਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਸੰਬਰ 1661/ਜਨਵਰੀ 1662 ਵਿਚ ਹੋਇਆ ਸੀ। ਇਸ ਲਈ ਜਦੋਂ ਲਛਮਣ ਬੈਰਾਗੀ ਸੰਪ੍ਰਦਾਇ ਵਿਚ ਸ਼ਾਮਿਲ ਹੋਇਆ ਤਾਂ ਉਸ ਦੀ ਉਮਰ ਕਰੀਬ 9 ਸਾਲ ਦੀ ਸੀ।

ਖੁਲ੍ਹੇ ਵਿਚਾਰਾਂ ਦਾ ਹੋਣ ਕਾਰਨ ਜਾਨਕੀ ਪ੍ਰਸਾਦ ਜੰਮੂ ਵਿਚ ਰਿਆਸੀ ਨੂੰ ਜਾਂਦਿਆਂ ਅਕਸਰ ਹੀ ਪੰਡੋਰੀ ਬ੍ਰਾਹਮਣਾਂ ਸਥਿਤ ਬੈਰਾਗੀ ਡੇਰੇ ਵੀ ਜਾਂਦਾ ਸੀ। ਪੰਡੋਰੀ ਬ੍ਰਾਹਮਣਾਂ ਪੰਜਾਬ ਦੇ ਗੁਰਦਾਸਪੁਰ ਜ਼ਿਲੇ ਦੇ ਸ਼ਹਿਰ ਕਾਹਨੂੰਵਾਣ ਤੋਂ ਕਰੀਬ 16 ਕਿਲੋਮੀਟਰ ਉਤਰ ਵੱਲ ਨੂੰ ਸਥਿਤ ਹੈ। ਇਹ ਸਥਾਨ ਮੋਹਿਆਲ ਬ੍ਰਾਹਮਣਾਂ ਦੀ ਜਗੀਰ ਸੀ ਤੇ ਉਹ ਹਾਲੇ ਵੀ ਇਥੇ ਰਹਿੰਦੇ ਨੇ। ਇਸ ਸਥਾਨ ਦੀ ਖਾਸੀਅਤ ਇਹ ਹੈ ਕਿ ਇਥੋਂ ਦਾ ਧਾਰਮਿਕ ਅਸਥਾਨ ਮੁਸਲਮਾਨਾਂ ਦੇ ਮਕਬਰੇ ਦੀ ਤਰਜ਼ ਤੇ ਬਣਿਆ ਹੋਇਆ ਹੈ ਅਤੇ ਕਿਹਾ ਜਾਂਦਾ ਹੈ ਕਿ ਇਸ ਦੀ ਤਾਮੀਰ ਮੁਗਲ ਬਾਦਸ਼ਾਹ ਜਹਾਂਗੀਰ ਨੇ ਕਰਵਾਈ ਸੀ। ਕਹਾਣੀ ਇਉਂ ਦੱਸੀਂਦੀ ਹੈ ਕਿ ਜਦੋਂ ਬਾਦਸ਼ਾਹ ਜਹਾਂਗੀਰ ਕਾਹਨੂੰਵਾਣ ਆਇਆ ਤਾਂ ਉਸਨੇ ਨਾਮੀ ਬੈਰਾਗੀ ਫਕੀਰ ਭਗਵਾਨ ਜੀ ਨੂੰ ਮਿਲਣਾ ਚਾਹਿਆ ਪਰ ਫਕੀਰ ਇਸ ਮੁਲਾਕਾਤ ਤੋਂ ਬਚਣ ਲਈ ਧਰਤੀ 'ਚ ਸੁਰੰਗ ਖੋਦ ਪੰਡੋਰੀ ਚਲਾ ਗਿਆ ਅਤੇ ਫਿਰ ਚੱਕੀ ਦਰਿਆ ਦੇ ਪਾਰ ਧਾਮਤਾਲ (ਕਾਂਗੜਾ) ਚਲਿਆ ਗਿਆ। ਕਾਹਨੂੰਵਾਣ ਅਤੇ ਪੰਡੋਰੀ ਵਿਚ ਧਰਤੀ 'ਚ ਹੋਏ ਇਹ ਸੁਰਾਖ ਅੱਜ ਵੀ ਦਿਖਾਈ ਦਿੰਦੇ ਨੇ। ਪੰਡੋਰੀ ਵਿਖੇ ਜਹਾਂਗੀਰ ਨੂੰ ਭਗਵਾਨ ਜੀ ਦਾ ਸ਼ਾਗਿਰਦ ਨਰੈਣ ਮਿਲ ਗਿਆ ਪਰ ਮੋਨ ਵਰਤ ਤੇ ਹੋਣ ਕਾਰਨ ਉਹ ਜਹਾਂਗੀਰ ਨਾਲ ਨਾ ਬੋਲਿਆ। ਇਸ ਤੋਂ ਗੁੱਸੇ ਵਿਚ ਆ ਜਾਹਾਂਗੀਰ ਉਸਨੂੰ ਫੜ ਕੇ ਲਾਹੌਰ ਲੈ ਗਿਆ ਅਤੇ ਉਥੇ ਉਸਨੂੰ ਪੀਣ ਲਈ ਜ਼ਹਿਰ ਦੇ ਸੱਤ ਪਿਆਲੇ ਦਿਤੇ। ਹਰ ਇਕ ਪਿਆਲੇ ਵਿਚ ਇਤਨੀ ਕੁ ਜ਼ਹਿਰ ਸੀ ਕਿ ਉਸ ਨਾਲ ਹਾਥੀ ਵੀ ਮਰ ਜਾਂਦਾ ਪਰ ਨਰੈਣ ਤੇ ਇਸ ਦਾ ਕੋਈ ਅਸਰ ਨਾ ਹੋਇਆ। ਬਾਅਦ ਵਿਚ ਨਰੈਣ ਨਾਲ ਗੱਲਬਾਤ ਕਰਕੇ ਬਾਦਸ਼ਾਹ ਦੀ ਤਸੱਲੀ ਹੋ ਗਈ ਅਤੇ ਉਸਨੇ ਨਰੈਣ ਦੇ ਆਖਣ ਤੇ ਮੁਸਲਮਾਨਾਂ ਦੇ ਮਕਬਰੇ ਦੇ ਨਮੂਨੇ ਦਾ ਇਕ ਮੰਦਰ ਪੰਡੋਰੀ 'ਚ ਬਣਵਾ ਦਿਤਾ ਜੋ ਹੁਣ ਵੀ ਮੌਜੂਦ ਹੈ। ਇਸ ਅਸਥਾਨ ਦੀਆਂ ਸਾਰੇ ਭਾਰਤ ਵਿਚ 50-60 ਸ਼ਾਖਾਵਾਂ ਹਨ। ਪਰ ਮੌਜੂਦਾ ਵਿਸ਼ਾਲ ਕੰਪਲੈਕਸ ਅਤੇ ਇਸ ਵਿਚਲਾ ਪ੍ਰਭਾਵਸ਼ਾਲੀ ਰਘੂਨਾਥ ਮੰਦਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੋਂਦ ਵਿਚ ਆਏ ਕਿਉਂਕਿ ਉਸਦੀਆਂ ਦੋ ਰਾਜਪੂਤ ਰਾਣੀਆਂ ਗੁਡੋ ਅਤੇ ਰਾਜਬੰਸੋ, ਜੋ ਕਿ ਕਾਂਗੜੇ ਦੇ ਰਾਜਾ ਸੰਸਾਰ ਚੰਦ ਦੀਆਂ ਧੀਆਂ ਸਨ, ਇਸ ਡੇਰੇ ਦੀਆਂ ਪੱਕੀਆਂ ਸ਼ਰਧਾਲੂ ਸਨ। ਇਹਨਾਂ ਰਾਣੀਆਂ ਨੇ ਇਸ ਅਸਥਾਨ ਲਈ ਦਿਲ ਖੋਲ੍ਹ ਕੇ ਦਾਨ ਦਿੱਤਾ।

ਪਰ ਇੰਝ ਲਗਦਾ ਹੈ ਕਿ ਜਾਨਕੀ ਪ੍ਰਸਾਦ ਨੂੰ ਰਿਆਸੀ (ਜੰਮੂ) ਦੀ ਖਿੱਚ ਜ਼ਿਆਦਾ ਸੀ ਕਿਉਂਕਿ ਉਹ ਇਕ ਮਨਮੋਹਕ ਦ੍ਰਿਸ਼ ਵਾਲਾ ਰਮਣੀਕ ਸਥਾਨ ਸੀ। ਇਸ ਤੋਂ ਇਲਾਵਾ ਉਥੇ ਸਿਕਲੀਗਰਾਂ ਦੀ ਕਾਫੀ ਅਬਾਦੀ ਸੀ ਤੇ ਇਹਨਾਂ ਨੂੰ ਯੁੱਧ ਦਾ ਸਮਾਨ ਜਿਵੇਂ ਕਿ ਤਲਵਾਰਾਂ, ਨੇਜੇ, ਭਾਲੇ ਆਦਿ ਬਣਾਉਣ ਵਿਚ ਬਹੁਤ ਮੁਹਾਰਤ ਸੀ। ਨਰਾਇਣ ਦਾਸ ਨੂੰ ਆਪਣੀ ਉਮਰ ਦੇ ਸਿਕਲੀਗਰ ਮੁੰਡਿਆਂ ਦਾ ਸਾਥ ਬਹੁਤ ਚੰਗਾ ਲਗਦਾ ਸੀ। ਉਹ ਉਹਨਾਂ ਨਾਲ ਵੱਖ

ਵੱਖ ਤਰ੍ਹਾਂ ਦੀਆਂ ਖੇਡਾਂ ਖੇਡਦਾ ਸੀ ਜਿਸ ਵਿਚ ਕਿ ਖੁੰਢੇ ਹਥਿਆਰਾਂ ਨਾਲ ਝੂਠ-ਮੂਠ ਦਾ ਯੁੱਧ ਵੀ ਸ਼ਾਮਿਲ ਸੀ। ਆਪਣੇ ਤੋਂ ਵੱਡੀ ਉਮਰ ਦੇ ਮੁੰਡਿਆਂ ਤੋਂ ਉਸਨੇ ਮਹਾਰਾਣਾ ਪਰਤਾਪ ਅਤੇ ਹੋਰ ਰਾਜਪੂਤ ਯੋਧਿਆਂ ਦੀਆਂ ਮਸ਼ਹੂਰ ਲੜਾਈਆਂ ਦਾ ਹਾਲ ਸੁਣਿਆ। ਇਹਨਾਂ ਕਹਾਣੀਆਂ ਵਿਚ ਹਲਦੀ ਘਾਟੀ ਦੀ ਲੜਾਈ ਦੀ ਕਹਾਣੀ ਵੀ ਸ਼ਾਮਿਲ ਸੀ। ਇਹਨਾਂ ਮੁੰਡਿਆਂ ਤੋਂ ਉਸਨੂੰ ਇਹ ਵੀ ਪਤਾ ਲੱਗਿਆ ਕਿ ਕਈ ਰਾਜਪੂਤ ਕਬੀਲਿਆਂ ਨੇ, ਜਿਹੜੇ ਮਹਾਰਾਣਾ ਪ੍ਰਤਾਪ ਦੀ ਧਿਰ ਬਣ ਇਹਨਾਂ ਲੜਾਈਆਂ ਵਿਚ ਸ਼ਾਮਿਲ ਸਨ, ਮੁਗਲਾਂ ਦੀ ਅਧੀਨਗੀ ਨਾ ਮੰਨੀ। ਉਹ ਰਾਜਸਥਾਨ ਚੋਂ ਆਪਣੇ ਘਰ-ਘਾਟ ਛੱਡ ਪਹਾੜਾਂ ਵੱਲ ਆ ਗਏ ਸਨ ਤੇ ਆਪਣਾ ਗੁਜ਼ਾਰਾ ਹਥਿਆਰ ਬਣਾ ਕੇ ਜਾਂ ਅਜਿਹੇ ਹੀ ਹੋਰ ਕੰਮ ਕਰਕੇ ਕਰਦੇ ਸਨ। ਇਹਨਾਂ ਮੁੰਡਿਆਂ ਨੇ ਉਸਨੂੰ ਇਹ ਵੀ ਆਗਾਹ ਕੀਤਾ ਕਿ ਮੁਗਲਾਂ ਖਿਲਾਫ ਹਥਿਆਰ ਚੁੱਕਣ ਦਾ ਹਾਲੇ ਉਚਿਤ ਸਮਾਂ ਨਹੀਂ ਹੈ ਕਿਉਂਕਿ ਇਕ ਤਾਂ ਇਹ ਸੱਲਤਨਤ ਹਾਲੇ ਬਹੁਤ ਮਜ਼ਬੂਤ ਹੈ ਅਤੇ ਦੂਜੇ ਗਦਾਰ ਹਿੰਦੂ ਰਾਜਪੂਤ ਅਤੇ ਜਾਟ ਇਸ ਦੀ ਮੱਦਦ ਕਰਦੇ ਹਨ। ਜਿੰਨੀ ਦੇਰ ਤੱਕ ਗੱਦੀ ਪ੍ਰਾਪਤੀ ਲਈ ਮੁਗਲ ਸ਼ਹਿਜ਼ਾਦਿਆਂ ਦੀਆਂ ਆਪਸੀ ਲੜਾਈਆਂ ਇਸ ਨੂੰ ਅੰਦਰੋਂ ਕਮਜ਼ੋਰ ਨਹੀਂ ਕਰ ਦਿੰਦੀਆਂ ਉਨੀ ਦੇਰ ਤੱਕ ਇਸ ਹਕੂਮਤ ਖਿਲਾਫ ਹਥਿਆਰਬੰਦ ਸੰਘਰਸ਼ ਕਾਮਯਾਬ ਨਹੀਂ ਹੋ ਸਕਦਾ। ਉਹਨਾਂ ਇਹ ਵੀ ਦੱਸਿਆ ਕਿ ਕਦੇ ਕਦਾਈਂ ਹੁੰਦੇ ਹਥਿਆਰਬੰਦ ਸੰਘਰਸ਼ ਤਾਂ ਖੁਦਕਸ਼ੀ ਦੇ ਹੀ ਬਰਾਬਰ ਨੇ ਤੇ ਇਹਨਾਂ ਨਾਲ ਮੁਗਲ ਸੱਲਤਨਤ ਦਾ ਕੋਈ ਨੁਕਸਾਨ ਨਹੀਂ ਹੁੰਦਾ।

ਬਹਾਦਰੀ, ਸੂਰਮਗਤੀ ਅਤੇ ਹੌਂਸਲੇ ਦੀਆਂ ਵਧਾ-ਚੜ੍ਹਾ ਕੇ ਸੁਣਾਈਆਂ ਇਹਨਾਂ ਕਹਾਣੀਆਂ ਦਾ ਨਰਾਇਣ ਦਾਸ ਤੇ ਇੰਨਾ ਡੂੰਘਾ ਪ੍ਰਭਾਵ ਪਿਆ ਕਿ ਉਸ ਅੰਦਰ ਸੈਨਿਕ ਬਣ ਦੁਰਗਾਦਾਸ, ਅਮਰ ਸਿੰਘ ਰਾਠੌਰ ਅਤੇ ਦੂਸਰੇ ਸੂਰਬੀਰਾਂ ਦੇ ਕਾਰਨਾਮੇਂ ਦੁਹਰਾਉਣ ਦੀ ਤੀਬਰ ਇਛਾ ਪੈਦਾ ਹੋ ਗਈ। ਉਹ ਚਾਹੁੰਦਾ ਸੀ ਕਿ ਉਹ ਬਹਾਦਰੀ ਨਾਲ ਲੜਦਾ ਐਸੀ ਭਿਅੰਕਰ ਮੌਤ ਮਰੇ ਕਿ ਉਸਦੀ ਮੌਤ ਉਪਰੰਤ ਉਸਦੀ ਸੂਰਮਗਤੀ ਦੀਆਂ ਵਾਰਾਂ ਲਿਖੀਆਂ ਅਤੇ ਗਾਈਆਂ ਜਾਣ ਜਿਵੇਂ ਕਿ ਮਹਾਰਾਣਾ ਪ੍ਰਤਾਪ, ਰਾਣਾ ਸੰਗ੍ਰਾਮ ਸਿੰਘ ਅਤੇ ਪ੍ਰਿਥਵੀ ਰਾਜ ਚੌਹਾਨ ਦੀਆਂ ਗਾਈਆਂ ਜਾਂਦੀਆਂ ਹਨ। ਉਸਨੇ ਆਪਣੀ ਇਹ ਇੱਛਾ ਆਪਣੇ ਮੁਰਸ਼ਦ ਨਾਲ ਕਈ ਵੇਰਾਂ ਸਾਂਝੀ ਕੀਤੀ ਅਤੇ ਸਿਕਲੀਗਰ ਮੁੰਡਿਆਂ ਤੋਂ ਸਿਖਿਆ ਇਹ ਰਾਜਸਥਾਨੀ ਦੋਹਾ ਵੀ ਕਈ ਵੇਰਾਂ ਦੋਹਰਾਇਆ।

ਐਸੜੋ ਲਿਖੋ ਲੇਖ ਜਾ ਅਜਬ ਕਰਮ ਕਮਾਵੋ ਭਾਈ ਰੇ
ਪਾਛੜੋ ਲੋਕ ਗਾਵਾਂ ਥਾਰੇ ਗੀਤ ਅਮਰ ਪਦ ਪਾਵੋ ਭਾਈ ਰੇ।

ਫਕੀਰ ਭਾਵੇਂ ਦੋਹੇ ਵਿਚ ਪ੍ਰਗਟਾਏ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਸੀ ਪਰ ਉਹ ਨਰਾਇਣ ਦਾਸ ਨੂੰ ਸਬਰ ਕਰਨ ਲਈ ਕਹਿੰਦਾ ਤੇ ਨਾਲ ਇਹ ਵੀ ਸਮਝਾਉਂਦਾ ਕਿ ਹਾਲੇ ਉਸਦੀ ਉਮਰ ਸੈਨਿਕ ਬਣਨ ਦੀ ਨਹੀਂ ਹੈ ਇਸ ਲਈ ਉਹ ਇਸ ਬਾਰੇ ਸੋਚਣਾ ਛੱਡ ਦੇਵੇ। ਉਸ ਵੇਲੇ ਨਰਾਇਣ ਦਾਸ ਮਸੀਂ 13-14 ਸਾਲ ਦਾ ਹੀ ਸੀ। ਪਰ ਨਰਾਇਣ ਦਾਸ ਨੂੰ ਇਹ ਸੁਣ ਦੁੱਖ ਹੁੰਦਾ ਕਿਉਂਕਿ ਉਹ ਸਮਝਦਾ ਸੀ ਕਿ ਉਹ ਹੁਣ ਬਾਲਕ ਨਹੀਂ ਰਿਹਾ ਅਤੇ ਲੜਾਈ ਵਿਚ ਸ਼ਾਮਿਲ ਹੋਣ ਦੇ ਯੋਗ ਹੈ। ਅਸਹਾਇ, ਸਾਧਨ ਹੀਣ, ਲਾਚਾਰ ਮਹਿਸੂਸ ਕਰਦਾ ਆਪਣੇ ਅੰਦਰ ਦੇ ਗੁੱਸੇ ਸਾਹਮਣੇ ਬੇਬਸ ਹੋਇਆ ਉਹ ਦਰਿਆ ਚੰਦਰ-ਭਾਗਾ (ਚਨਾਬ) ਵੱਲ ਨਿਕਲ

ਜਾਂਦਾ ਅਤੇ ਕਿਸੇ ਪੱਥਰ ਤੇ ਬੈਠ ਕੇ ਘੰਟਿਆਂ ਬੱਧੀ ਸੈਨਿਕ ਬਣ ਜਾਲਮ-ਮੁਗਲਾਂ ਨਾਲ ਜੂਝਣ ਦੇ ਸੁਪਨੇ ਵੇਖਦਾ ਰਹਿੰਦਾ। ਪਰ ਇਹ ਇਕ ਛੇਤੀ ਪੂਰਾ ਨਾ ਹੋਣ ਵਾਲਾ ਸੁਪਨਾ ਹੀ ਸੀ ਅਤੇ ਮੌਜੂਦਾ ਸਮੇਂ ਦੌਰਾਨ ਤਾਂ ਉਹ ਆਪਣੇ ਸੰਗੀ-ਸਾਥੀਆਂ ਨਾਲ ਝੂਠ-ਮੂਠ ਦੀਆਂ ਲੜਾਈਆਂ ਦਾ ਹੀ ਅਨੰਦ ਮਾਣ ਸਕਦਾ ਸੀ।

ਸੰਨ 1675 ਦੇ ਨੇੜੇ-ਤੇੜੇ ਜਾਨਕੀ ਪ੍ਰਸਾਦ ਅਚਨਚੇਤ ਪ੍ਰਾਣ ਤਿਆਗ ਗਿਆ ਤੇ ਨਰਾਇਣ ਦਾਸ ਇਕ ਵੇਰਾਂ ਫੇਰ ਯਤੀਮ ਹੋ ਗਿਆ। ਉਸਨੂੰ ਆਪਣੇ ਮੁਰਸ਼ਦ ਨਾਲ ਬਹੁਤ ਲਗਾਉ ਸੀ ਕਿਉਂਕਿ ਮਾਪਿਆਂ ਦੀ ਮੌਤ ਤੋਂ ਬਾਅਦ ਜਿਸ ਪਿਆਰ ਅਤੇ ਸਨੇਹ ਤੋਂ ਉਸਦੇ ਆਪਣਿਆਂ ਨੇ ਉਸਨੂੰ ਵਾਂਝਾ ਰੱਖਿਆ ਉਸ ਦੀ ਭਰਪੂਰ ਦਾਤ ਉਸਨੂੰ ਫਕੀਰ ਤੋਂ ਮਿਲੀ ਸੀ। ਆਪਣੇ ਮੁਰਸ਼ਦ ਦੀ ਮੌਤ ਨਾਲ ਇਕ ਨਿਘਾ ਟਿਕਾਣਾ ਉਸ ਤੋਂ ਖੁਸ ਗਿਆ ਸੀ ਅਤੇ ਉਸਦੀ ਦੁਨੀਆਂ ਹੀ ਵਿਰਾਨ ਹੋ ਗਈ ਸੀ। ਉਹ ਬਰਬਾਦ ਹੋ ਗਿਆ ਸੀ ਤੇ ਇੱਕਲਾ ਰਹਿ ਗਿਆ ਸੀ। ਉਸਨੂੰ ਸਮਝ ਨਹੀਂ ਆ ਰਿਹਾ ਸੀ ਕਿ ਉਹ ਕੀ ਕਰੇ ਅਤੇ ਕਿੱਥੇ ਜਾਵੇ। ਉਸ ਦੀ ਉਮਰ ਮਸੀਂ 14-15 ਸਾਲ ਦੀ ਸੀ ਅਤੇ ਆਪਣੇ ਬਾਰੇ ਫੈਸਲਾ ਕਰਨ ਲਈ ਵੀ ਭਾਵੇਂ ਉਸਦੀ ਉਮਰ ਛੋਟੀ ਸੀ ਪਰ ਉਸ ਕੋਲ ਕੋਈ ਹੋਰ ਚਾਰਾ ਵੀ ਨਹੀਂ ਸੀ। ਉਸਨੂੰ ਆਪਣੇ ਪੈਰਾਂ ਤੇ ਖੜਾ ਹੋ ਕੋਈ ਨਵਾਂ ਟਿਕਾਣਾ ਤਾਂ ਲੱਭਣਾ ਹੀ ਪੈਣਾ ਸੀ। ਉਸਦੇ ਮੁਰਸ਼ਦ ਦੇ ਸਿਆਣਪ ਭਰਪੂਰ ਇਹ ਸ਼ਬਦ ਉਸਦੇ ਕੰਨਾਂ ਵਿੱਚ ਗੂੰਜਣ ਲੱਗੇ "ਇਕ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਆਪਣੀ ਜ਼ਿੰਦਗੀ ਦੀਆਂ ਸ਼ਰਤਾਂ ਅਸੀਂ ਖੁਦ ਤਹਿ ਨਹੀਂ ਕਰਦੇ। ਜਦੋਂ ਸਾਨੂੰ ਇਹ ਜਨਮ ਮਿਲਦਾ ਹੈ ਉਸ ਵਿਚ ਸਾਡੀ ਕੋਈ ਮਰਜ਼ੀ ਨਹੀਂ ਹੁੰਦੀ। ਪਰ ਸਾਨੂੰ ਆਪਣੀ ਤਕਦੀਰ ਸਿਆਣਪ ਅਤੇ ਹੌਸਲੇ ਨਾਲ ਖੁਦ ਹੀ ਘੜਨੀ ਚਾਹੀਦੀ ਹੈ। ਪਛਤਾਵੇ ਅਤੇ ਤਰਸ ਦੀ ਭਾਵਨਾਂ ਤੇ ਕਾਬੂ ਪਾਉਣਾ ਚਾਹੀਦਾ ਹੈ।"

ਭਾਵੇਂ ਸਿਕਲੀਗਰ ਉਸ ਦੀ ਚੰਗੀ ਦੇਖ-ਭਾਲ ਕਰ ਰਹੇ ਸਨ ਪਰ ਨਰਾਇਣ ਦਾਸ ਬੇਚੈਨ ਸੀ। ਫਕੀਰ ਦੀ ਮੌਤ ਨੇ ਉਸਦੇ ਸਿਰ ਤੋਂ ਕੇਵਲ ਇਕ ਰਹਿਮ ਦਿਲ ਪਾਲਕ ਪਿਤਾ ਹੀ ਨਹੀਂ ਸੀ ਖੋਹਿਆ ਬਲਕਿ ਉਸਦੀ ਜ਼ਿੰਦਗੀ ਦਾ ਅਧਾਰ ਹੀ ਖਤਮ ਕਰ ਦਿਤਾ ਸੀ। ਉਸਦੀ ਜਿਉਂਦੇ ਰਹਿਣ ਦੀ ਚਾਹ ਹੀ ਖਤਮ ਹੋ ਗਈ ਸੀ। ਕੋਈ ਹੋਰ ਵਿਅਕਤੀ ਉਸਦੀ ਰੋਟੀ, ਕਪੜੇ ਅਤੇ ਰਿਹਾਇਸ਼ ਦੀ ਸਮੱਸਿਆ ਤਾਂ ਹੱਲ ਕਰ ਸਕਦਾ ਸੀ ਪਰ ਉਸ ਦੇ ਮੁਰਸ਼ਦ ਦੀ ਅੰਗਮੀ ਪਿਆਰ ਅਤੇ ਹਮਦਰਦੀ ਵਾਲੀ ਤੱਕਣੀ ਉਸਨੂੰ ਮੁੜ ਨਸੀਬ ਨਹੀਂ ਸੀ ਕਰਾ ਸਕਦਾ।

ਨਰਾਇਣ ਦਾਸ ਨੇ ਸਿਆਲ ਦਾ ਮੌਸਮ ਆਪਣੇ ਆਪ ਨਾਲ ਜੂਝਦੇ ਹੋਏ ਰਿਆਸੀ ਵਿਚ ਹੀ ਬਿਤਾਇਆ ਪਰ ਉਸਨੂੰ ਆਪਣੀਆਂ ਮੁਸ਼ਕਲਾਂ ਦਾ ਕੋਈ ਹੱਲ ਨਜ਼ਰੀਂ ਨਾ ਆਇਆ। ਜਿਉਂ ਹੀ ਸਿਆਲ ਦਾ ਮੌਸਮ ਖਤਮ ਹੋਣ ਤੇ ਆਇਆ ਨਰਾਇਣ ਦਾਸ ਨੇ ਰਿਆਸੀ ਛੱਡਣ ਦਾ ਮਨ ਬਣਾ ਲਿਆ। ਪਰ ਉਹ ਜਾਵੇ ਤਾਂ ਜਾਵੇ ਕਿਥੇ ? ਜਾਂ ਤਾਂ ਉਹ ਰਾਜਸਥਾਨ ਵਿਚ ਦਾਦੂਵਾੜੇ (ਨਰੈਣਪੁਰ) ਜਾ ਸਕਦਾ ਸੀ ਜਾਂ ਫਿਰ ਪੰਡੋਰੀ ਬ੍ਰਾਹਮਣਾ (ਪਠਾਣਕੋਟ ਦੇ ਨੇੜੇ)। ਦਾਦੂਵਾੜੇ ਦੇ ਮੌਜੂਦਾ ਮਹੰਤ ਤੋਂ ਬਾਅਦ ਉਥੋਂ ਦਾ ਬਣਨ ਵਾਲਾ ਮਹੰਤ ਜੈਤ ਉਸਦੀ ਆਪਣੀ ਉਮਰ ਦਾ ਹੀ ਸੀ ਅਤੇ ਉਸ ਅਸਥਾਨ ਦੀਆਂ ਸਲਾਨਾ ਯਾਤ੍ਰਾਵਾਂ ਦੌਰਾਨ ਉਹ ਉਸਦਾ ਚੰਗਾ ਮਿੱਤਰ ਵੀ ਬਣ ਗਿਆ ਸੀ। ਸੋ ਉਸ ਦਾ ਦਾਦੂਵਾੜੇ ਵਿਚ ਚੰਗਾ ਸਮਾਂ ਲੰਘ ਸਕਦਾ ਸੀ। ਪਰ ਮੁਸ਼ਕਲ ਇਹ ਸੀ ਕਿ ਇਹ ਦੂਰ ਬਹੁਤ ਸੀ। ਭਾਵੇਂ ਉਸਦਾ ਆਪਣਾ ਮਨ ਕਿਸੇ ਫੈਸਲੇ ਤੇ

ਨਹੀਂ ਪਹੁੰਚਿਆ ਸੀ ਫਿਰ ਵੀ ਇਕ ਦਿਨ ਸਵੱਖਤੇ ਹੀ ਨਰਾਇਣ ਦਾਸ ਨੇ ਰਿਆਸੀ ਤੋਂ ਪਠਾਣਕੋਟ ਨੂੰ ਵਾਇਆ ਜੰਮੂ ਚਾਲੇ ਪਾ ਦਿਤੇ। ਇਹ ਯਾਤਰਾ ਵਾਹਵਾ ਲੰਬੀ ਅਤੇ ਕਠੋਰ ਹੋ ਨਿਬੜੀ।

ਪਠਾਣਕੋਟ ਪਹੁੰਚ ਕੇ ਉਸਨੂੰ ਆਪਣੇ ਭਵਿੱਖ ਬਾਰੇ ਸਪਸ਼ਟ ਫੈਸਲਾ ਕਰਨਾ ਜ਼ਰੂਰੀ ਹੋ ਗਿਆ। ਉਹ ਸੌਖਿਆਂ ਹੀ ਪੰਡੋਰੀ ਪਹੁੰਚ ਸਕਦਾ ਸੀ ਜਿਥੇ ਹਰ ਕੋਈ ਉਸਨੂੰ ਜਾਣਦਾ ਸੀ। ਪਰ ਉਸਨੂੰ ਅੰਤਰ-ਆਤਮਾ ਚੋਂ ਅਜਿਹਾ ਅਹਿਸਾਸ ਹੋ ਰਿਹਾ ਸੀ ਕਿ ਚੈਨ ਉਸਨੂੰ ਪੰਡੋਰੀ ਵੀ ਨਹੀਂ ਮਿਲਣਾ। ਅਚਾਨਕ ਹੀ ਨਰਾਇਣ ਦਾਸ ਨੂੰ ਖਿਆਲ ਆਇਆ ਕਿ ਵਿਸਾਖੀ ਆਉਣ ਵਾਲੀ ਹੈ ਅਤੇ ਇਸ ਮੌਕੇ ਤੇ ਲਹੌਰ ਦੇ ਨੇੜੇ ਕਸੂਰ 'ਚ ਬਾਬਾ ਰਾਮ ਥੱਮਣ ਦੇ ਅਸਥਾਨ ਤੇ ਸਾਰੇ ਭਾਰਤ ਚੋਂ ਸਾਧੂ ਇਕੱਠੇ ਹੁੰਦੇ ਹਨ। ਇਕ ਉਮੀਦ ਉਸਦੇ ਮਨ ਵਿਚ ਜਾਗੀ ਕਿ ਹੋ ਸਕਦਾ ਹੈ ਉਥੇ ਉਸਨੂੰ ਜਾਨਕੀ ਪ੍ਰਸਾਦ ਵਰਗਾ ਨੇਕ ਦਿਲ ਤੇ ਮਿਹਰਬਾਨ ਕੋਈ ਹੋਰ ਗੁਰੂ ਲੱਭ ਜਾਏ। ਭਾਰਤ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਬਾਬਾ ਰਾਮ ਥੰਮਣ ਦੇ ਅਸਥਾਨ ਤੇ ਵਿਸਾਖੀ ਦਾ ਮੇਲਾ ਬਹੁਤ ਭਰਦਾ ਸੀ ਅਤੇ ਵੱਖ ਵੱਖ ਸੰਪ੍ਰਦਾਵਾਂ ਤੇ ਅਖਾੜਿਆਂ ਦੇ ਬੈਰਾਗੀ ਸਾਧੂ ਤੇ ਸੰਤ ਗੋਸ਼ਟੀ ਲਈ ਇਕੱਠੇ ਹੁੰਦੇ ਸਨ। ਐਚ.ਏ. ਰੋਜ਼ ਲਿਖਦਾ ਹੈ "ਕਲਾਧਾਰੀ ਤੋਂ ਇਲਾਵਾ ਇਕ ਹੋਰ ਬੈਰਾਗੀ ਰਾਮ ਥੱਮਣ ਵੀ ਹੋਇਆ ਹੈ। ਕੁਝ ਉਸਨੂੰ ਗੁਰੂ ਨਾਨਕ ਦਾ ਚਚੇਰਾ ਭਰਾ ਕਹਿੰਦੇ ਨੇ ਤੇ ਕੁਝ ਹੋਰ ਉਸਦਾ ਚੇਲਾ। ਲਾਹੌਰ ਦੇ ਨੇੜੇ ਉਸਦਾ ਇਕ ਤਲਾਅ ਹੈ ਜਿਥੇ ਕਿ ਹਰ ਸਾਲ ਵੈਸਾਖੀ ਦਾ ਮੇਲਾ ਭਰਦਾ ਹੈ। ਬੈਰਾਗੀ ਸਾਧੂਆਂ ਦੇ ਇਕਠੇ ਹੋਣ ਦਾ ਇਹ ਇਕ ਮਹੱਤਵਪੂਰਨ ਸਥਾਨ ਹੈ।"

ਆਪਣੀ ਚੜਤ ਸਮੇਂ ਬੈਰਾਗੀ ਵਿਚਾਰਧਾਰਾ ਨੇ ਪੰਜਾਬ ਵਿਚਲੇ ਹਰ ਧਰਮ, ਫਿਰਕੇ ਤੇ ਸੰਪ੍ਰਦਾ ਦੀਆਂ ਧਾਰਮਿਕ ਸਿਖਿਆਵਾਂ ਤੇ ਆਪਣਾ ਪ੍ਰਭਾਵ ਪਾਇਆ ਹੈ ਚਾਹੇ ਉਹ ਸਿੱਖ ਸੀ, ਹਿੰਦੂ ਸੀ ਜਾਂ ਮੁਸਲਮਾਨ ਅਤੇ ਆਪਣੇ ਆਪ ਨੂੰ ਸਥਾਪਤ ਅਤੇ ਮਕਬੂਲ ਕਰਨ ਲਈ ਇਹਨਾਂ ਨੇ ਆਪਣੀ ਲੋੜ ਅਨੁਸਾਰ ਬੈਰਾਗੀ ਵਿਚਾਰਧਾਰਾ ਤੋਂ ਕੁਝ ਨਾ ਕੁਝ ਜ਼ਰੂਰ ਲਿਆ ਹੈ। ਹੈਰਾਨੀ ਹੁੰਦੀ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬੇਦੀ ਕੁਲ ਦੇ ਕਈ ਮਸ਼ਹੂਰ ਪਰਿਵਾਰ ਨਾਨਕ ਪੰਥੀ ਵੀ ਸਨ ਤੇ ਬੈਰਾਗੀ ਵੀ। ਅਜਿਹੇ ਬੇਦੀਆਂ ਵਿਚੋਂ ਬਾਬਾ ਕਲਾਧਾਰੀ, ਅਤੇ ਬਾਬਾ ਰਾਮ ਥੱਮਣ ਦੋ ਮਸ਼ਹੂਰ ਹਸਤੀਆਂ ਸਨ। ਗੁਰੂ ਨਾਨਕ ਦੇਵ ਜੀ ਦੇ ਪੁੱਤਰ ਸ੍ਰੀ ਚੰਦ ਜੀ ਨੇ ਉਦਾਸੀ ਪੰਥ ਦੀ ਨੀਂਹ ਰੱਖੀ ਜੋ ਕਿ ਬੈਰਾਗੀ ਵਿਚਾਰਧਾਰਾ ਅਤੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਚੰਗਾ ਸੁਮੇਲ ਸੀ। ਇਸਨੇ ਬੈਰਾਗੀਆਂ ਅਤੇ ਨਾਨਕ ਪੰਥੀਆਂ ਵਿਚਕਾਰ ਇਕ ਪੁਲ ਦਾ ਕੰਮ ਕੀਤਾ। ਉਦਾਸੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਦੇ ਨੇ ਪਰ ਬੈਰਾਗੀਆਂ ਵਾਂਗ ਜਟਾਂ ਰੱਖਦੇ ਨੇ, ਭੱਗਵੇਂ ਕਪੜੇ ਪਾਉਂਦੇ ਨੇ ਅਤੇ ਉਹਨਾਂ ਵਾਂਗ ਹੀ ਤਪੱਸਿਆ ਕਰਦੇ ਨੇ। ਮਾਤਰਾ ਗੁਰੂ ਨਾਨਕ ਦੇਵ ਜੀ, ਦਾ ਜੋ ਕਿ ਹੇਠਾਂ ਦਿਤਾ ਜਾ ਰਿਹਾ ਹੈ, ਨਾਨਕ ਪੰਥੀਆਂ, ਬੈਰਾਗੀਆਂ ਅਤੇ ਉਦਾਸੀਆਂ ਦੇ ਆਪਸੀ ਸਬੰਧਾਂ ਨੂੰ ਬਾ-ਖੂਬੀ ਪ੍ਰਗਟ ਕਰਦਾ ਹੈ।

ਰਹਿਤ ਉਦਾਸੀ ਕੀ ਜੋ ਲਏ ਬੈਰਾਗੀ, ਤਿਸ ਕੀ ਲਿਵ ਏਕ ਸੰਗ ਲਾਗੀ।
ਏਕੋ ਏਕ ਸਰਵ ਮੇਂ ਜਾਨਾ, ਬ੍ਰਹੱਮ ਤੱਤ ਸਭ ਮੇਂ ਸਮਾਨਾਂ।
ਬ੍ਰਹਮ ਦ੍ਰਿਸਟੀ ਜਾਂ ਕੇ ਮਨ ਆਈ, ਤਾਂ ਕੀ ਉਸਤਤੀ ਕਹੀ ਨਾ ਜਾਈ।
ਐਸੀ ਭਗਤੀ ਕਮਾਵੇ ਕੋਈ, ਨਾਨਕ ਜਾਣ ਉਦਾਸੀ ਸੋਈ।(12)

ਉਦਾਸੀ ਬਿਨਾਂ ਬੈਰਾਗ ਨਾ ਹੋਏ, ਅਨਿਕ ਜਤਨ ਕਰੇ ਜੇ ਕੋਏ।

ਉਦਾਸ ਭਇਆ ਜਬ ਗਿਆਨ ਮਨ ਆਵੇ,

ਤਬ ਮਾਰਗ ਅਗਿਆਨ, ਅੰਧਕਾਰ ਗਵਾਵੇ

ਗਿਆ ਅੰਧੇਰ ਸੱਮ ਦਰਸ਼ੀ ਭਈਆ, ਨਾਨਕ ਸੋਹਮ ਪ੍ਰਕਾਸ ਨਿਰੰਜਨ ਥੀਆ।(13)

ਗੁਰੂ ਨਾਨਕ ਦੇਵ ਜੀ ਵੀ ਬੈਰਾਗੀਆਂ, ਉਦਾਸੀਆਂ ਅਤੇ ਨਾਨਕ ਪੰਥੀਆਂ ਵਿਚ ਕੋਈ ਵਖਰੇਵਾਂ ਨਹੀਂ ਸਨ ਵੇਖਦੇ। ਗਿਆਨ ਰਤਨਾਵਲੀ ਦੀ ਪਹਿਲੀ ਵਾਰ ਵਿਚ ਲਿਖਿਆ ਹੈ ਕਿ ਆਪਣੀਆਂ ਉਦਾਸੀਆਂ ਦੌਰਾਨ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਵਾਲਾ ਹੀ ਬਾਣਾ ਪਹਿਨਿਆ ਹੋਇਆ ਸੀ ਤੇ ਉਹਨਾਂ ਵਾਂਗ ਹੀ ਉਹ ਵਿਹਾਰ ਕਰਦੇ ਸਨ। ਲਿਖਿਆ ਹੈ:

ਫਿਰ ਆਇਆ ਬਾਬਾ ਨਾਨਕ ਕਰਤਾਰਪੁਰ, ਭੇਖ ਉਦਾਸੀ ਸਗਲ ਉਤਾਰਾ

ਪਹਿਨ ਸੰਸਾਰੀ ਕਪੜੇ, ਮੰਜੀ ਬੈਠਾ ਕੀਆ ਅਵਤਾਰਾ।

ਸੋ ਸਪਸ਼ਟ ਹੈ ਕਿ ਉਹਨਾਂ ਸਮਿਆਂ ਵਿਚ ਸਿੱਖਾਂ, ਉਦਾਸੀਆਂ ਅਤੇ ਬੈਰਾਗੀਆਂ ਵਿਚ ਕੋਈ ਬਹੁਤਾ ਵਖਰੇਵਾਂ ਨਹੀਂ ਸੀ ਅਤੇ ਉਹ ਆਪਸ ਵਿਚ ਘੁਲੇ ਮਿਲੇ ਹੋਏ ਸਨ। ਤੀਸਰੇ ਗੁਰੂ ਅਮਰਦਾਸ ਜੀ ਨੇ ਸਿੱਖਾਂ ਅਤੇ ਉਦਾਸੀਆਂ ਦਰਮਿਆਨ ਨਿਖੇੜਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਾ ਹੋ ਸਕੇ। ਛੇਵੇਂ ਗੁਰੂ ਹਰਗੋਬਿੰਦ ਜੀ ਨੇ ਆਪਣਾ ਸਭ ਤੋਂ ਵੱਡਾ ਪੁੱਤਰ ਬਾਬਾ ਗੁਰਦਿਤਾ ਉਦਾਸੀ ਪੰਥ ਦੇ ਸੰਸਥਾਪਕ ਬਾਬਾ ਸ੍ਰੀ ਚੰਦ ਜੀ ਨੂੰ ਭੇਟ ਕਰ ਦਿਤਾ ਸੀ ਤਾਂ ਜੋ ਉਹ ਉਸਨੂੰ ਆਪਣਾ ਜਾਨਸ਼ੀਨ ਥਾਪ ਸਕਣ। ਸੰਨ 1638 ਵਿਚ ਬਾਬਾ ਗੁਰਦਿਤਾ ਦੀ ਮੌਤ ਉਪਰੰਤ ਸ੍ਰੀ ਗੁਰੂ ਹਰਗੋਬਿੰਦ ਜੀ ਨਾਨਕ ਪੰਥੀ ਸਿੱਖਾਂ ਅਤੇ ਉਦਾਸੀਆਂ ਦੋਹਾਂ ਦੇ ਹੀ ਗੁਰੂ ਬਣ ਗਏ। ਉਦਾਸੀਆਂ ਦੇ ਮੁਖੀ ਦੀ ਹੈਸੀਅਤ 'ਚ ਹੀ ਉਹ ਉਦਾਸੀ ਫਕੀਰ ਅਲਮਸਤ ਨੂੰ ਉਸਦੇ ਡੇਰੇ ਦਾ ਕਬਜ਼ਾ ਨਾਥ ਜੋਗੀਆਂ ਤੋਂ ਦਿਵਾਉਣ ਲਈ ਨਾਨਕਮਤੇ ਗਏ ਸਨ। ਪਹਿਲਾਂ ਨਾਥ ਜੋਗੀਆਂ ਨੇ ਜਬਰਨ ਅਲਮਸਤ ਨੂੰ ਉਸਦੇ ਡੇਰੇ ਵਿਚੋਂ ਕੱਢ ਉਸ ਤੇ ਕਬਜ਼ਾ ਕਰ ਲਿਆ ਸੀ। ਗੁਰੂ ਤੇਗ ਬਹਾਦਰ ਜੀ ਵੀ ਗੁਰਗੱਦੀ ਤੇ ਬੈਠਣ ਤੋਂ ਪਹਿਲਾਂ ਸ਼ਰਧਾਵਾਨ ਉਦਾਸੀ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਕਾਫੀ ਵੱਡੀ ਗਿਣਤੀ ਵਿਚ ਉਦਾਸੀ ਤੇ ਬੈਰਾਗੀ ਰਹਿੰਦੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ (ਉਦੋਂ ਮਾਖੋਵਾਲ) ਤੋਂ ਸਿਰਮੌਰ ਰਾਜ ਵਿਚ ਪਾਉਂਟੇ ਗਏ ਸਨ ਤਾਂ ਮਹੰਤ ਕ੍ਰਿਪਾਲ ਦੀ ਅਗਵਾਈ 'ਚ ਕੋਈ 500 ਉਦਾਸੀਆਂ ਦਾ ਜੱਥਾ ਵੀ ਉਹਨਾਂ ਦੇ ਨਾਲ ਸੀ। ਡਾ. ਗੋਪਾਲ ਸਿੰਘ ਲਿਖਦਾ ਹੈ "ਇਤਿਹਾਸ ਦੇ ਔਝੜ ਸਮਿਆਂ 'ਚ ਉਦਾਸੀਆਂ ਨੇ ਸਿੱਖ ਧਰਮ ਦੇ ਪ੍ਰਚਾਰ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਪਰ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਤੇ ਕਬਜ਼ਾ ਕਰਨ ਲਈ ਵੀਹਵੀਂ ਸਦੀ ਵਿਚ ਚੱਲੀ ਅਕਾਲੀ ਲਹਿਰ ਨੇ ਸਿੱਖਾਂ ਅਤੇ ਉਦਾਸੀਆਂ ਦਰਮਿਆਨ ਚਿਰ ਸਥਾਪਤ ਨਿੱਘੇ ਸਬੰਧਾਂ ਨੂੰ ਲੱਗਭੱਗ ਪੱਕੇ ਤੌਰ ਤੇ ਹੀ ਖਤਮ ਕਰ ਦਿਤਾ ਭਾਵੇਂ ਕਿ ਸਾਰੇ ਉਦਾਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਆਪਣਾ ਇਸ਼ਟ ਮੰਨਦੇ ਹਨ।"

ਆਖਿਰ ਨਰਾਇਣ ਦਾਸ ਬਾਬਾ ਰਾਮ ਥੱਮਣ ਦੇ ਅਸਥਾਨ ਨੂੰ ਚੱਲ ਪਿਆ।

ਨਰਾਇਣ ਦਾਸ ਦਾ ਸਵਾਮੀ ਰਾਮਦਾਸ ਜੀ ਨਾਲ ਮੇਲ

ਵੈਸਾਖੀ ਦਾ ਤਿਉਹਾਰ ਕਿਸੇ ਇਕ ਧਰਮ ਜਾਂ ਫਿਰਕੇ ਨਾਲ ਜੁੜਿਆ ਹੋਇਆ ਨਹੀਂ ਹੈ। ਇਸ ਮੌਕੇ ਤੇ ਕਣਕਾਂ ਪੱਕ ਕੇ ਸੁਨਹਿਰੀ ਹੋ ਜਾਂਦੀਆਂ ਹਨ ਅਤੇ ਇਹ ਮੌਕਾ ਹੁੰਦਾ ਹੈ ਖੇਤਾਂ ਵਿਚ ਪੱਸਰੇ ਇਸ ਸੋਨੇ ਨੂੰ ਸਮੇਟ ਕੇ ਘਰ ਲਿਆਉਣ ਦਾ । ਖੇਤੀ ਅਧਾਰਤ ਅਰਥਚਾਰੇ ਵਿਚ ਕਣਕ ਸੋਨਾ ਹੀ ਹੈ। ਵੈਸਾਖੀ ਬਿਕਰਮੀ ਸੰਮਤ ਦੇ ਸਾਲ ਦਾ ਪਹਿਲਾ ਦਿਨ ਹੈ। ਜਿਸ ਜੋਸ਼-ਓ-ਖਰੋਸ਼ ਨਾਲ ਪੱਛਮੀ ਦੇਸ਼ਾਂ ਵਿਚ ਨਵਾਂ ਸਾਲ ਮਨਾਇਆ ਜਾਂਦਾ ਹੈ ਉਸੇ ਹੁਲਾਸ ਨਾਲ ਵੈਸਾਖੀ ਭਾਰਤ ਵਿਚ ਮਨਾਈ ਜਾਂਦੀ ਹੈ। ਇਸ ਦਿਨ ਬੈਰਾਗੀ ਸਾਧੂ ਬੈਰਾਗੀਆਂ ਦੇ ਪ੍ਰਮੁੱਖ ਡੇਰਿਆਂ ਤੇ ਧਰਮ ਚਰਚਾ ਅਤੇ ਆਪਣੇ ਫਿਰਕੇ ਲਈ ਨਵੇਂ ਚੇਲਿਆਂ ਦੀ ਭਰਤੀ ਲਈ ਇਕੱਠੇ ਹੁੰਦੇ ਹਨ। ਵੈਸਾਖੀ ਦਾ ਤਿਉਹਾਰ ਉਸ ਸਮੇਂ ਬਾਬਾ ਰਾਮ ਥੰਮਣ ਦੇ ਅਸਥਾਨ ਤੇ ਬਹੁਤ ਧੂਮ-ਧਾਮ ਨਾਲ ਮਨਾਇਆ ਜਾਂਦਾ ਸੀ । ਉਥੇ ਵੱਖ-ਵੱਖ ਫਿਰਕਿਆਂ ਦੇ ਬੈਰਾਗੀ ਸਾਰੇ ਭਾਰਤ ਦੇਸ਼ ਤੋਂ ਧਰਮ ਚਰਚਾ ਲਈ ਇਕੱਠੇ ਹੁੰਦੇ ਸਨ। ਉਧਰ ਇਸ ਇਲਾਕੇ ਦੇ ਜੱਟਾਂ ਲਈ ਇਹ ਮੌਕਾ ਮੌਜ-ਮਸਤੀ ਵਾਲਾ ਹੁੰਦਾ ਸੀ ਅਤੇ ਅਕਸਰ ਉਹ ਸ਼ਰਾਬ ਪੀ ਕੇ ਖਰਮਸਤੀਆਂ ਕਰਦੇ ਅਤੇ ਹੜਦੁੰਗ ਮਚਾਉਂਦੇ। ਅਜਿਹੇ ਮੇਲਿਆਂ ਦਾ ਇਹ ਵੀ ਇਕ ਪੱਖ ਸੀ।

ਐਚ.ਏ.ਰੋਜ਼ ਲਿਖਦਾ ਹੈ "ਭਾਰਤ ਦੇ ਧਰਮਾਂ ਵਿਚ ਬੈਰਾਗੀ ਇਕ ਪ੍ਰਾਚੀਨ ਪੱਖ ਦੀ ਨੁਮਾਇੰਦਗੀ ਕਰਦੇ ਨੇ। ਬੈਰਾਗੀਆਂ ਦਾ ਇਤਿਹਾਸ ਗਿਆਰਵੀਂ ਅਤੇ ਬਾਰਵੀਂ ਸਦੀ ਵਿਚ ਦੱਖਣੀ ਭਾਰਤ ਦੇ ਧਰਮ ਪ੍ਰਚਾਰਕ ਰਾਮਾਨੁਜ ਤੋਂ ਸ਼ੁਰੂ ਹੋਇਆ। ਪਰ ਉਤਰੀ ਭਾਰਤ ਵਿਚ ਉਹਨਾਂ ਦੀ ਚੜ੍ਹਤ ਸੰਤ ਕਬੀਰ ਦੇ ਗੁਰੂ ਰਾਮਾਨੰਦ ਦੇ ਸਮੇਂ ਚੌਦਵੀਂ ਸਦੀ ਵਿਚ ਹੀ ਹੋਈ। ਬੈਰਾਗੀ ਅਕਸਰ ਆਪਣੇ ਨਾਂ ਨਾਲ ਬਾਵਾ, ਸਵਾਮੀ, ਵੈਸ਼ਨਵ ਜਾਂ ਬੈਰਾਗੀ ਦਾ ਸੰਪਰਦਾਏ ਚਿੰਨ ਜੋੜਦੇ ਹਨ।"

ਨਰਾਇਣ ਦਾਸ ਵੈਸਾਖੀ ਮੇਲੇ ਤੋਂ ਦੋ ਦਿਨ ਪਹਿਲਾਂ ਹੀ ਬਾਬਾ ਰਾਮ ਥੰਮਣ ਦੇ ਅਸਥਾਨ ਤੇ ਪਹੁੰਚ ਗਿਆ। ਉਸ ਸਮੇਂ ਤੱਕ ਬਹੁਤ ਸਾਰੀਆਂ ਬੈਰਾਗੀ ਮੰਡਲੀਆਂ ਨੇ ਉਥੇ ਪਹੁੰਚ ਕੇ ਬਹੁਤ ਵੱਡੇ ਇਲਾਕੇ ਵਿਚ ਆਪਣੇ ਤੰਬੂ ਗੱਡ ਲਏ ਸਨ। ਨਰਾਇਣ ਦਾਸ ਨੇ ਕਈ ਅਖਾੜਿਆਂ ਵਿਚ ਪਹੁੰਚ ਕੇ ਪੂਰੇ ਧਿਆਨ ਅਤੇ ਦਿਲਚਸਪੀ ਨਾਲ ਧਾਰਮਿਕ ਪ੍ਰਵਚਨ ਸੁਣੇ। ਪਰ ਰੂਹਾਨੀ ਜਾਂ ਆਤਮਿਕ ਸਕੂਨ ਦੇਣ ਵਾਲਾ ਕੋਈ ਗੁਰੂ ਉਸ ਨੂੰ ਨਾ ਮਿਲਿਆ। ਉਸਨੂੰ ਚੁਸਤ ਦਲੀਲਾਂ, ਬੌਧਿਕ ਕਲਾਬਾਜ਼ੀਆਂ ਅਤੇ ਝੂਠੀਆਂ ਤਸੱਲੀਆਂ ਦੇਣ ਵਾਲਾ ਸਨਿਆਸੀ ਜੀਵਨ ਪਸੰਦ ਨਾ ਆਇਆ। ਉਸਨੂੰ ਤਾਂ ਅਜਿਹੇ ਗੁਰੂ ਦੀ ਤਲਾਸ਼ ਸੀ ਜੋ ਗਤੀਸ਼ੀਲ, ਸਪਸ਼ਟ ਅਤੇ ਇਮਾਨਦਾਰ ਵੀ ਹੋਵੇ ਅਤੇ ਆਮ ਆਦਮੀ ਦੀਆਂ ਸਮੱਸਿਆਵਾਂ ਨੂੰ ਵੀ ਸਮਝਦਾ ਹੋਵੇ ਅਤੇ ਜਿਹੜਾ ਉਸਨੂੰ ਕੁਝ ਅਜਿਹਾ ਕਰਨ ਦਾ ਮੌਕਾ ਦੇਵੇ ਜਿਸ ਕਾਰਨ ਲੋਕ ਉਸਨੂੰ ਮਰਨ ਤੋਂ ਬਾਅਦ ਵੀ ਯਾਦ ਰੱਖਣ ਤੇ ਜਿਸ ਬਾਰੇ ਲਿਖਿਆ ਜਾਵੇ। ਸ਼ਾਇਦ ਉਸਦੇ

ਅੰਦਰ ਸੁਲਘਦੀ ਇਸੇ ਅੱਗ ਨੇ ਉਸਨੂੰ ਵਾਪਿਸ ਆਪਣੇ ਪਿੰਡ ਪੰਡੋਰੀ ਨਹੀਂ ਪਰਤਣ ਦਿਤਾ ਜਿਥੇ ਕਿ ਜ਼ਿੰਦਗੀ ਸਿਰਫ ਕੰਮ ਅਤੇ ਰੋਟੀ ਸੀ। ਜਾਂ ਫਿਰ ਉਸਦਾ ਮੁਕੱਦਰ ਉਸਨੂੰ ਸਵਾਮੀ ਰਾਮਦਾਸ ਨਾਲ ਮਿਲਾਉਣ ਲਈ ਬਾਬਾ ਰਾਮ ਥੱਮਣ ਦੇ ਅਸਥਾਨ ਤੇ ਧੱਕ ਲਿਆਇਆ ਸੀ।

ਭਰੋਸੇਯੋਗ ਦਸਤਾਵੇਜ਼ੀ ਸਰੋਤਾਂ ਤੋਂ ਪਤਾ ਲਗਦਾ ਹੈ ਕਿ ਸਵਾਮੀ ਰਾਮਦਾਸ ਸਮਰੱਥ (1608-1682) ਕੋਈ ਸਧਾਰਨ ਬੈਰਾਗੀ ਜਾਂ ਰਾਮ ਭਗਤ ਨਹੀਂ ਸੀ ਜੋ ਕਿ ਕੇਵਲ ਆਪਣੇ ਇਸ਼ਟ ਦੀ ਪ੍ਰਸੰਸਾ ਦੇ ਭਜਨ ਲਿਖਦਾ ਅਤੇ ਗਾਉਂਦਾ ਹੋਵੇ। ਉਹ ਤਾਂ ਇਕ ਅਜਿਹਾ ਸੰਤ ਸੀ ਜਿਸ ਵਿਚ ਦੇਸ਼ ਭਗਤੀ ਦਾ ਜਜ਼ਬਾ ਬਹੁਤ ਪ੍ਰਬਲ ਸੀ। ਉਸਦੇ ਲਈ ਭਗਤੀ ਦਾ ਮਤਲਬ ਸਭ ਕੁਝ ਤਿਆਗ ਕੇ ਆਪਣੀਆਂ ਨੈਤਿਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਤੋਂ ਭੱਜ ਕਿਸੇ ਜੰਗਲ ਜਾਂ ਪਹਾੜ ਦੀ ਗੁਫਾ ਵਿਚ ਬੈਠ ਪੂਜਾ ਅਤੇ ਭਗਤੀ ਵਿਚ ਲੀਨ ਹੋ ਦੁਨੀਆਂ ਅਤੇ ਇਸ ਦੀਆਂ ਮੁਸ਼ਕਲਾਂ ਤੋਂ ਅੱਖਾਂ ਮੀਟਣਾ ਨਹੀਂ ਸੀ। ਉਸ ਲਈ ਭਗਤੀ ਦਾ ਮਤਲਬ ਆਪਣੇ ਇਸ਼ਟ ਲਈ ਸੰਪੂਰਨ ਸ਼ਰਧਾ ਅਤੇ ਸਮਰਪਣ ਸੀ ਪਰ ਬਿਨਾਂ ਆਪਣੇ ਮਾਨ ਸਨਮਾਨ ਅਤੇ ਅਜ਼ਾਦੀ ਨੂੰ ਖੋਇਆਂ। ਉਸਦਾ ਦ੍ਰਿੜ ਵਿਸ਼ਵਾਸ ਸੀ ਕਿ ਗੁਲਾਮੀ, ਭਾਵੇਂ ਇਕ ਮਿਹਰਬਾਨ ਰਾਜੇ ਦੀ ਹੀ ਹੋਵੇ, ਮੌਤ ਤੋਂ ਵੀ ਬੁਰੀ ਹੈ। ਅਤੇ ਤਨ ਤੇ ਮਨ ਦੀ ਅਜ਼ਾਦੀ ਤੋਂ ਬਿਨਾਂ ਭਗਤੀ ਤਾਂ ਇਕ ਅਜਿਹੇ ਸੁਕੇ ਦਰਖਤ ਵਾਂਗ ਹੈ ਜਿਸ ਨੂੰ ਕਦੇ ਵੀ ਫੱਲ ਨਹੀਂ ਪੈਣਾ - ਇਕ ਫਜ਼ੂਲ ਕੋਸ਼ਿਸ਼। ਕੁਦਰਤ ਵੀ ਕਮਜ਼ੋਰਾਂ ਨੂੰ ਖਤਮ ਕਰ ਦਿੰਦੀ ਹੈ ਅਤੇ ਉਹੀ ਜਿਉਂਦੇ ਹਨ ਜਿਹਨਾਂ ਵਿਚ ਮੁਕਾਬਲਾ ਕਰਨ ਦੀ ਸਮਰੱਥਾ ਹੁੰਦੀ ਹੈ।

ਭਾਵੇਂ ਸਵਾਮੀ ਰਾਮਦਾਸ ਸਵਾਮੀ ਰਾਮਾਨੰਦ ਦਾ ਸ਼ਾਗਿਰਦ ਇਕ ਵੈਸ਼ਨਵ ਬੈਰਾਗੀ ਸੀ ਪਰ ਤੁਅੱਸਬੀ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮ ਵਿਰੁਧ ਉਸਦੇ ਅੰਦਰ ਗੁੱਸੇ ਦੇ ਭਾਂਬੜ ਬਲਦੇ ਸਨ। ਉਹ ਚਾਹੁੰਦਾ ਸੀ ਕਿ ਸਾਰਾ ਮੁਲਕ, ਖਾਸ ਤੌਰ ਤੇ ਹਿੰਦੂ, ਇਕ ਤੁਫਾਨ ਦੀ ਤਰ੍ਹਾਂ ਉਠ ਖੜੋਣ ਅਤੇ ਇਸ ਜ਼ਾਲਮ ਰਾਜ ਦਾ ਖਾਤਮਾ ਕਰ ਦੇਣ। ਉਹ ਇਸ ਰਾਜ ਨੂੰ, ਜਿਸ ਦੇ ਜ਼ਾਲਮ ਤੇ ਬਿਫਰੇ ਹੋਏ ਅਧਿਕਾਰੀ ਬੇ-ਕਸੂਰ, ਬੇ-ਸਹਾਰਾ ਜਨਤਾ ਨੂੰ ਅਣਆਈ ਮੌਤੇ ਮਾਰਕੇ ਅਤੇ ਉਹਨਾਂ ਦੇ ਧਾਰਮਕ ਅਸਥਾਨਾਂ ਨੂੰ ਬਰਬਾਦ ਕਰਕੇ ਚਾਂਬੜਾਂ ਪਾਉਂਦੇ ਸਨ, ਨਸ਼ਟ ਕਰ ਦੇਣਾ ਚਾਹੁੰਦਾ ਸੀ। ਸਵਾਮੀ ਨੇ ਕਈ ਸਾਲ ਮਹਾਂਰਾਸ਼ਟਰ ਵਿਚ ਨਾਸਿਕ ਦੇ ਨੇੜੇ ਨੰਦੀ ਅਤੇ ਗੋਦਾਵਰੀ ਨਦੀਆਂ ਦੇ ਸੰਗਮ ਤੇ ਇਕ ਗੁਫਾ ਵਿਚ ਸਾਧਨਾ ਕੀਤੀ ਸੀ। ਇਸ ਸਾਧਨਾ ਨਾਲ ਉਸਨੂੰ ਕਾਫੀ ਤਾਂਤਰਿਕ ਅਤੇ ਕਰਾਮਾਤੀ ਸ਼ਕਤੀਆਂ ਪ੍ਰਾਪਤ ਹੋ ਗਈਆਂ ਸਨ। ਪਰ ਉਸਨੂੰ ਇਸ ਗੱਲ ਦਾ ਭਲੀ-ਭਾਂਤ ਗਿਆਨ ਸੀ ਕਿ ਇਹ ਤਾਕਤਾਂ ਮਜ਼ਬੂਤ ਅਤੇ ਸ਼ਕਤੀਸ਼ਾਲੀ ਮੁਗਲ ਸਲਤਨਤ ਨੂੰ ਖਤਮ ਕਰਨ ਦੇ ਸਮਰੱਥ ਨਹੀਂ। ਉਹ ਸਮਝਦਾ ਸੀ ਕਿ ਇਸ ਸਲਤਨਤ ਦਾ ਖਾਤਮਾ ਤਾਂ ਆਮ ਜਨਤਾ ਦਾ ਇਸ ਸਲਤਨਤ ਵਿਰੁਧ ਵਿਦਰੋਹ ਹੀ ਕਰ ਸਕਦਾ ਹੈ ਕੇਵਲ ਭਗਤੀ ਜਾਂ ਨਾਮ ਜਪਣਾ ਨਹੀਂ।

ਆਪਣੇ ਲੋਕਾਂ ਵਿਚ ਸਵੈਮਾਣ, ਦੇਸ਼ ਭਗਤੀ ਅਤੇ ਅਜ਼ਾਦੀ ਦੀ ਉਮੰਗ ਜਗਾਉਣ ਲਈ ਸਵਾਮੀ ਨੇ ਦੂਰ ਦੂਰ ਤਕ ਭਰਮਣ ਕੀਤਾ। ਭਾਵੇਂ ਸ਼ੁਰੂ ਵਿਚ ਸਵਾਮੀ ਦਾ ਇਹ ਭਰਮਣ ਕੇਵਲ ਮੱਧ ਅਤੇ ਦੱਖਣ ਭਾਰਤ ਤਕ ਹੀ ਸੀਮਤ ਸੀ ਪਰ ਬਾਅਦ ਵਿਚ ਉਸ ਨੇ ਉਤਰ ਭਾਰਤ ਵਿਚ ਕੇਦਾਰ ਨਾਥ ਅਤੇ ਬੱਦਰੀ ਨਾਥ ਦੀ ਵੀ, ਜੋ ਕਿ ਹਿਮਾਲਿਆ ਦੀਆਂ ਉਚੀਆਂ ਚੋਟੀਆਂ ਤੇ ਸਥਿਤ ਨੇ ਦੀ ਵੀ, ਯਾਤਰਾ ਕੀਤੀ । ਪ੍ਰਾਚੀਨ ਸ਼ੰਕਰਚਾਰੀਆਂ ਵਾਂਗ ਉਸ ਨੇ

ਭਾਰਤ ਦੇ ਵੱਖ ਵੱਖ ਸਥਾਨਾਂ ਤੇ ਮੱਠਾਂ ਦੀ ਸਥਾਪਨਾ ਕੀਤੀ ਜਿਨ੍ਹਾਂ 'ਚ ਮਸ਼ਹੂਰ ਸਨ ਜੰਬ, ਚਾਫਲ, ਪਾਰਲੀ (ਸਾਜਨਗੜ), ਤਫਲੀ, ਤਕਲੀ (ਨਾਸਿਕ), ਤਨਜੋਰ, ਡੋਮਾਗਾਨੂ, ਮਨਪਦਲੀ, ਮਿਰਾਜ, ਰਾਸੀਬਾਰੀ, ਪਾਂਧਰਪੁਰ, ਪਰਿਯਾਗ, ਕਾਸ਼ੀ (ਨਾਰਸ), ਅਯੁਧਿਆ, ਮੱਥਰਾ, ਦਵਾਰਕਾ, ਬਦਰੀ ਨਾਥ, ਕੈਦਾਰ ਨਾਥ, ਰਮੇਸ਼ਵਰ ਅਤੇ ਗੰਗਾਸਰ। ਸੰਨ 1640 ਦੇ ਨੇੜੇ ਤੇੜੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਨੈਨੀਤਾਲ ਦੇ ਨੇੜੇ ਸਥਿੱਤ ਨਾਨਕਮਤੇ (ਜਿਸ ਨੂੰ ਪਹਿਲਾਂ ਗੋਰਖਮਤਾ ਕਿਹਾ ਜਾਂਦਾ ਸੀ) ਦੀ ਯਾਤਰਾ ਕਰਨੀ ਪਈ ਸੀ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸੇ ਅਸਥਾਨ ਤੇ ਗੁਰੂ ਨਾਨਕ ਦੇਵ ਜੀ ਨੇ ਇਕ ਪਿੱਪਲ ਦੇ ਦਰਖਤ ਥੱਲੇ ਨਾਥਾਂ ਨਾਲ ਗੋਸ਼ਟ ਕੀਤੀ ਸੀ। ਇਸ ਅਸਥਾਨ ਤੇ ਇਕ ਉਦਾਸੀ ਫਕੀਰ ਅੱਲਮਸਤ ਨੇ, ਜੋ ਕਿ ਨਾਨਕ ਪੰਥੀ ਉਦਾਸੀ ਸੀ, ਇਕ ਡੇਰਾ ਸਥਾਪਤ ਕੀਤਾ ਹੋਇਆ ਸੀ। ਨਾਥ ਜੋਗੀਆਂ ਨੇ ਧੱਕੇ ਨਾਲ ਉਸ ਫਕੀਰ ਨੂੰ ਉਥੋਂ ਕੱਢ ਕੇ ਡੇਰੇ ਤੇ ਕਬਜ਼ਾ ਕਰ ਲਿਆ ਅਤੇ ਉਥੇ ਖੜੇ ਉਸ ਵਿਸ਼ੇਸ਼ ਪਿੱਪਲ ਦੇ ਦਰੱਖਤ ਨੂੰ ਵੀ ਸਾੜ ਦਿਤਾ ਸੀ। ਛੇਵੇਂ ਗੁਰੂ ਸਾਹਿਬ ਫਕੀਰ ਅੱਲਮਸਤ ਨੂੰ ਮੁੜ ਉਸ ਡੇਰੇ ਤੇ ਸਥਾਪਤ ਕਰਨ ਲਈ ਨਾਨਕਮਤੇ ਗਏ ਸਨ। ਇਸੇ ਯਾਤਰਾ ਦੌਰਾਨ ਸ੍ਰੀਨਗਰ (ਗੜਵਾਲ) ਦੇ ਨੇੜੇ ਗੁਰੂ ਸਾਹਿਬ ਦੀ ਮੁਲਾਕਾਤ ਸਵਾਮੀ ਰਾਮਦਾਸ ਸਮਰੱਥ ਨਾਲ ਹੋਈ। ਇਸ ਮੁਲਾਕਾਤ ਦਾ ਵੇਰਵੇ ਸਹਿਤ ਵਰਨਣ ਡਾ. ਗੋਪਾਲ ਸਿੰਘ ਨੇ ਆਪਣੀ ਕਿਤਾਬ 'ਹਿਸਟਰੀ ਆਫ ਸਿੱਖ ਪੀਪਲ' ਵਿਚ ਕੀਤਾ ਹੈ। ਉਹ ਲਿਖਦਾ ਹੈ "ਸ੍ਰੀਨਗਰ, ਜੋ ਗੜਵਾਲ 'ਚ ਹੈ, ਦੇ ਸਥਾਨ ਤੇ ਗੁਰੂ ਜੀ ਦੀ ਮੁਲਾਕਾਤ ਸਵਾਮੀ ਰਾਮਦਾਸ ਸਮਰੱਥ ਨਾਲ ਹੋਈ ਜੋ ਕਿ ਮਹਾਰਾਸ਼ਟਰ ਦਾ ਇਕ ਅਧਿਆਤਮਕ ਗੁਰੂ ਸੀ ਅਤੇ ਮਰਾਠਾ ਰਾਜ ਦੇ ਬਾਨੀ ਸ਼ਿਵਾਜੀ ਦਾ ਵੀ ਉਹ ਗੁਰੂ ਸੀ। ਗੁਰੂ ਸਾਹਿਬ ਸ਼ਾਹੀ ਪਹਿਰਾਵੇ 'ਚ ਸ਼ਾਹੀ ਠਾਠ-ਬਾਠ ਨਾਲ ਘੋੜੇ ਤੇ ਸਵਾਰ ਸਨ ਅਤੇ ਵੱਡੀ ਗਿਣਤੀ ਵਿਚ ਆਪਣੇ ਹਥਿਆਰਬੰਦ ਸਿੱਖਾਂ ਨਾਲ ਸ਼ਿਕਾਰ ਖੇਡ ਰਹੇ ਸਨ। ਇਹ ਸਭ ਦੇਖ ਸਵਾਮੀ ਜੀ ਬਹੁਤ ਅਚੰਬਤ ਹੋਏ ਅਤੇ ਗੁਰੂ ਜੀ ਨੂੰ ਕਹਿਣ ਲੱਗੇ ਤੁਸੀਂ ਮਹਾਨ ਸੰਤ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਹੋ, ਕੀ ਇਹ ਠਾਠ-ਬਾਠ ਤੁਹਾਨੂੰ ਸ਼ੋਭਾ ਦਿੰਦਾ ਹੈ ? ਗੁਰੂ ਸਾਹਿਬ ਨੇ ਜਵਾਬ ਦਿਤਾ 'ਜਾਹਿਰਾ ਅਮੀਰੀ, ਬਾਤਨ ਫਕੀਰੀ, ਗੁਰੂ ਨਾਨਕ ਨੇ ਮਾਇਆ ਤਿਆਗੀ ਥੀ ਸੰਸਾਰ ਨਹੀਂ ਤਿਆਗਿਆ ਥਾ'। ਇਹ ਸੁਣ ਸਵਾਮੀ ਜੀ ਖੁਸ਼ ਹੋ ਗਏ ਅਤੇ ਕਹਿੰਦੇ 'ਯਹ ਬਾਤ ਹਮਾਰੇ ਮਨ ਭਾਵਤੀ ਹੈ।" ਇਸ ਵਾਰਤਾਲਾਪ ਨਾਲ ਸਵਾਮੀ ਜੀ ਨੂੰ ਤਿਆਗ ਦੇ ਅਸਲੀ ਅਰਥਾਂ ਦਾ ਗਿਆਨ ਹੋ ਗਿਆ ਅਤੇ ਇਸੇ ਅਨੁਸਾਰ ਉਹਨਾਂ ਆਪਣੇ ਚੇਲਿਆਂ ਨੂੰ ਦਿਤੀ ਜਾਂਦੀ ਸਿਖਿਆ ਨੂੰ ਵੀ ਬਦਲ ਲਿਆ। ਮਹਾਰਾਸ਼ਟਰ ਵਾਪਿਸ ਪਹੁੰਚਣ ਤੇ ਉਹਨਾਂ ਆਪਣੇ ਸ਼ਾਗਿਰਦ ਸ਼ਿਵਾਜੀ ਨੂੰ ਸਮਝਾਇਆ ਕਿ ਹਿੰਦੂਆਂ ਨੇ ਆਪਣੇ ਪੁਰਾਣੇ ਰਿਸ਼ੀਆਂ-ਮੁਨੀਆਂ ਦੇ ਤਿਆਗ ਦੇ ਸੰਕਲਪ ਦਾ ਗਲਤ ਅਰਥ ਕੱਢਿਆ ਅਤੇ ਇਸੇ ਕਾਰਨ ਉਹ ਵਿਦੇਸ਼ੀ ਹਮਲਾਵਰਾਂ ਦੀ ਰਾਜਨੀਤਿਕ ਅਤੇ ਧਾਰਮਿਕ ਗੁਲਾਮੀ ਭੁਗਤ ਰਹੇ ਨੇ।

ਸਵਾਮੀ ਜੀ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਉਹਨਾਂ ਨੂੰ ਪਤਾ ਲੱਗਿਆ ਕਿ ਗੁਰੂ ਜੀ ਦੇ ਅੱਸਤਬਲ ਵਿਚ 600 ਘੋੜੇ ਹਨ ਅਤੇ ਉਹ ਹਮੇਸ਼ਾਂ 300 ਘੋੜ-ਸਵਾਰ ਸੈਨਿਕ ਅਤੇ 60 ਨਿਸ਼ਾਨਚੀ ਆਪਣੇ ਨਾਲ ਰੱਖਦੇ ਹਨ। ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੋਤਰੇ ਸ੍ਰੀ ਹਰ ਰਾਇ ਜੀ ਨੂੰ, ਜੋ ਕਿ ਬਾਅਦ ਵਿਚ ਉਹਨਾਂ ਦੇ ਜਾਨਸ਼ੀਨ ਬਣੇ, ਧਾਰਮਿਕ ਅਤੇ ਦੁਨਿਆਵੀ ਸਿਖਿਆ ਦੇ ਨਾਲ ਨਾਲ ਦਿਤੀ ਜਾਂਦੀ ਫੌਜੀ ਸਿੱਖਲਾਈ ਵੀ ਸਵਾਮੀ ਜੀ ਨੇ ਵੇਖੀ। ਇਹ

ਸਭ ਕੁਝ ਵੇਖ ਸਵਾਮੀ ਜੀ ਸਮਝ ਗਏ ਕਿ ਇਹ ਸਿੱਖ ਗੁਰੂ ਰੁਹਾਨੀ ਸ਼ਕਤੀਆਂ ਅਤੇ ਦੁਨਿਆਵੀ ਸ਼ਕਤੀਆਂ ਦਾ ਸੁਮੇਲ ਹੈ, ਇਹ ਸੰਤ ਸਿਪਾਹੀ ਹੈ। ਸੰਤ ਸਿਪਾਹੀ ਦਾ ਇਹ ਸੰਕਲਪ ਸਵਾਮੀ ਜੀ ਲਈ ਬਿਲਕੁਲ ਨਵਾਂ ਸੀ ਅਤੇ ਉਹਨਾਂ ਦੇ ਮਨ ਵਿਚ ਵਸੇ ਰੁਹਾਨੀ ਗੁਰੂ ਦੇ ਸੰਕਲਪ ਤੋਂ ਬਿਲਕੁਲ ਵੱਖਰਾ। ਪਰ ਜਦੋਂ ਸਵਾਮੀ ਜੀ ਨੇ ਇਸ ਸੰਕਲਪ ਨੂੰ ਡੂੰਘੀ ਤਰ੍ਹਾਂ ਵਿਚਾਰਿਆ ਤਾਂ ਉਹਨਾਂ ਨੂੰ ਯਕੀਨ ਹੋ ਗਿਆ ਕਿ ਸਮੇਂ ਦੀ ਮੰਗ ਇਕ ਅਜਿਹੇ ਸੰਤ ਦੀ ਹੀ ਹੈ ਜੋ ਕਿ ਸੰਤ ਦੇ ਨਾਲ ਨਾਲ ਸਿਪਾਹੀ ਵੀ ਹੋਵੇ। ਸਵਾਮੀ ਜੀ ਪਹਿਲਾਂ ਹੀ ਇਸ ਸੋਚ ਦੇ ਧਾਰਨੀ ਸਨ ਕਿ ਕਰਮ ਸਿਧਾਂਤ ਅਨੁਸਾਰ ਸੱਭ ਕੁਝ ਕਿਸਮਤ ਦੇ ਆਸਰੇ ਛੱਡ ਕੇ ਬਹਿ ਜਾਣਾ ਮੂਰਖਤਾ ਹੈ ਅਤੇ ਇਸ ਦਾ ਸੁਧਾਰ ਧਰਮ ਦੇ ਨਾਲ ਨਾਲ ਸੈਨਿਕ ਰੁਚੀਆਂ ਦਾ ਸੰਚਾਰ ਕਰਕੇ ਹੀ ਕੀਤਾ ਜਾ ਸਕਦਾ ਹੈ ਤਾਂ ਜੋ ਜ਼ੁਲਮ ਅਤੇ ਅਨਿਆਂ ਦਾ ਟਾਕਰਾ ਵੀ ਕੀਤਾ ਜਾ ਸਕੇ ਅਤੇ ਲੋੜ ਪੈਣ ਤੇ ਇਸ ਵਿਰੁਧ ਜੂਝਦਿਆਂ ਸ਼ਹਾਦਤ ਪ੍ਰਾਪਤ ਕਰਨ ਦਾ ਹੌਸਲਾ ਵੀ ਹੋਵੇ। ਸਵਾਮੀ ਜੀ ਨੇ ਆਪਣੇ ਮੱਠਾਂ ਵਿਚ ਇਸੇ ਵਿਚਾਰ ਅਨੁਸਾਰ ਆਪਣੇ ਚੇਲਿਆਂ ਅਤੇ ਸ਼ਰਧਾਲੂਆਂ ਨੂੰ ਸਿਖਿਅਤ ਕਰਨ ਦਾ ਫੈਸਲਾ ਕੀਤਾ।

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸ਼ਿਵਾਜੀ ਮਰਹੱਟੇ (1627–1680) ਦੀ ਮੁਲਾਕਾਤ ਸਵਾਮੀ ਜੀ ਨਾਲ ਸੰਨ 1649 ਵਿਚ ਛਪਾਲ ਦੇ ਸਥਾਨ ਤੇ ਹੋਈ। ਸਵਾਮੀ ਜੀ ਨੂੰ ਸ਼ਿਵਾਜੀ ਵਿਚ ਉਹ ਜੁਝਾਰੂ ਗੁਣ ਨਜਰੀਂ ਪਏ ਜੋ ਕਿ ਉਹਨਾਂ ਦੇ ਇਕ ਆਜ਼ਾਦ ਹਿੰਦੂ ਕੌਮ ਦੇ ਸੁਪਨੇ ਨੂੰ ਸਾਕਾਰ ਕਰ ਸਕਦੇ ਸਨ। ਸ਼ਿਵਾਜੀ ਦੇ ਪਿਤਾ ਸ਼ਾਹਜੀ ਭੌਂਸਲੇ ਨੇ ਵੱਖ ਵੱਖ ਦੱਖਣੀ ਸੁਲਤਾਨਾਂ ਅਤੇ ਮੁਗਲਾਂ ਕੋਲ ਨੌਕਰੀ ਕੀਤੀ ਸੀ। ਸ਼ਿਵਾਜੀ ਦੇ ਸ਼ਿਵਨੈਰੀ ਵਿਖੇ ਜਨਮ ਸਮੇਂ ਉਹ ਦੌਲਤਾਬਾਦ ਦੇ ਨਿਜਾਮਸ਼ਾਹ ਦੀ ਫੌਜ ਵਿਚ ਸੀ। ਸ਼ਿਵਾਜੀ ਦੀ ਮਾਂ ਜੀਜਾਬਾਈ ਅਤੇ ਇਕ ਸੁਯੋਗ ਪ੍ਰਬੰਧਕ ਦਾਦਾਜੀ ਕੋਂਡ–ਦਿਉ ਨੇ ਸ਼ਿਵਾਜੀ ਦਾ ਪਾਲਣ ਪੋਸਣ ਰਾਜ ਕੁਮਾਰਾਂ ਵਾਂਗ ਕੀਤਾ। ਕਰਨਲ ਆਰ ਡੀ ਪਲਸੋਕਰ ਲਿਖਦਾ ਹੈ "ਸ਼ਿਵਾਜੀ ਨੂੰ ਪੜ੍ਹਨ ਲਿਖਣ ਅਤੇ ਗਣਿਤ ਦੀ ਸਿਖਿਆ ਦਾਦਾਜੀ ਕੋਂਡ–ਦਿਉ ਅਤੇ ਜੀਜਾਬਾਈ ਦੀ ਸੁਯੋਗ ਅਗਵਾਈ 'ਚ ਦਿਤੀ ਗਈ। ਰਮਾਇਣ ਅਤੇ ਮਹਾਂਭਾਰਤ ਦੀਆਂ ਕਹਾਣੀਆਂ ਉਸਨੇ ਆਪਣੀ ਮਾਂ ਤੋਂ ਸੁਣੀਆਂ ਅਤੇ ਇਸੇ ਤਰ੍ਹਾਂ ਉਹ ਪੁਰਾਣਾਂ ਅਤੇ ਸ਼ਾਸਤਰਾਂ ਤੋਂ ਜਾਣੂ ਹੋਇਆ। ਜਦੋਂ ਉਹ ਕੁਝ ਵੱਡਾ ਹੋਇਆ ਤਾਂ ਉਸਨੇ ਕੁਟੱਲਿਆ ਦੇ ਅਰਥ–ਸ਼ਾਸਤਰ ਦਾ ਵੀ ਗਿਆਨ ਪ੍ਰਾਪਤ ਕੀਤਾ। ਰਾਜੇ ਦੀਆਂ ਜ਼ਿੰਮੇਵਾਰੀਆਂ ਦਾ ਪਾਠ ਵੀ ਉਸਨੂੰ ਪੜ੍ਹਾਇਆ ਗਿਆ। ਦਾਦਾਜੀ ਉਸ ਦੇ ਸਰੀਰਕ ਅਭਿਆਸ ਵੱਲ ਵਿਸ਼ੇਸ਼ ਧਿਆਨ ਦਿੰਦੇ ਸਨ ਅਤੇ ਛੇਤੀ ਹੀ ਇਹ ਨੌਜਵਾਨ ਘੋੜਸਵਾਰੀ, ਤਲਵਾਰਬਾਜ਼ੀ ਅਤੇ ਨੇਜਾਬਾਜ਼ੀ ਵਿਚ ਨਿਪੁੰਨ ਹੋ ਗਿਆ। ਹੱਥੋ–ਹੱਥੀ ਦੀ ਲੜਾਈ ਵਿਚ ਹਥਿਆਰਾਂ ਨਾਲ ਅਤੇ ਖਾਲੀ ਹੱਥ ਵੀ ਆਪਣੇ ਬਚਾਅ ਕਰਨ ਦੀ ਸਿਖਲਾਈ ਉਸਨੂੰ ਦਿਤੀ ਗਈ। ਇਨਸਾਫ ਕਿਵੇਂ ਕਰਨਾ ਹੈ ਇਸ ਦੀ ਸਿਖਲਾਈ ਵੀ ਸ਼ਿਵਾਜੀ ਨੂੰ ਦਿਤੀ ਗਈ। ਜਦੋਂ ਵੀ ਸਥਾਨਕ ਝਗੜੇ ਦਾਦਾਜੀ ਕੋਂਡ–ਦਿਉ ਸਾਹਮਣੇ ਪੇਸ਼ ਕੀਤੇ ਜਾਂਦੇ ਤਾਂ ਸ਼ਿਵਾਜੀ ਨੂੰ ਵੀ ਉਥੇ ਸੱਦਿਆ ਜਾਂਦਾ ਤਾਂ ਜੋ ਉਹ ਵੀ ਸਮਝ ਸਕੇ ਕਿ ਇਨਸਾਫ ਕਿਵੇਂ ਕਰਨਾ ਹੈ। ਪਰ ਜਦੋਂ ਸ਼ਿਵਾਜੀ ਦਾ ਵਾਹ ਗਰੀਬ ਅਤੇ ਬੇ–ਸਹਾਰਾ ਕਿਸਾਨਾਂ ਨਾਲ ਪਿਆ ਤਾਂ ਉਹਨਾਂ ਦੀ ਤਰਸਯੋਗ ਹਾਲਤ ਨਾਲ ਉਹ ਇੰਜ ਝੰਜੋੜਿਆ ਗਿਆ ਕਿ ਉਸ ਦੀ ਜ਼ਿੰਦਗੀ ਦਾ ਰਸਤਾ ਹੀ ਬਦਲ ਗਿਆ।

ਦੱਖਣ ਭਾਰਤ ਦੀ ਜ਼ਮੀਨ ਦੇ ਉਪਜਾਊ ਹੋਣ ਦੇ ਬਾਵਜੂਦ ਹਿੰਦੂਆਂ ਦੀ ਆਰਥਿਕ ਹਾਲਤ ਬਹੁਤ ਹੀ ਤਰਸਯੋਗ ਸੀ। ਮੁਸਲਮਾਨ ਹੁਕਮਰਾਨ ਐਸ਼-ਓ-ਅਰਾਮ ਅਤੇ ਅਯਾਸ਼ੀ ਦੀ ਜ਼ਿੰਦਗੀ ਬਤੀਤ ਕਰਦੇ ਸਨ। ਹਿੰਦੂ ਰਾਜਿਆਂ ਨੇ ਵੀ ਉਹਨਾਂ ਦੀ ਨਕਲ ਕਰਨੀ ਸ਼ੁਰੂ ਕਰ ਦਿਤੀ ਸੀ। ਖਮਿਆਜਾ ਆਮ ਹਿੰਦੂ ਨੂੰ ਹੀ ਭੁਗਤਣਾਂ ਪੈ ਰਿਹਾ ਸੀ। ਉਹ ਇਤਨਾ ਨਿਤਾਣਾ ਬਣ ਗਿਆ ਸੀ ਕਿ ਉਸਨੇ ਸਮਾਜ ਵਿਚ ਆਪਣੀ ਅਧੋਗਤੀ ਨੂੰ ਸਵੀਕਾਰ ਹੀ ਕਰ ਲਿਆ ਸੀ। ਇਸ ਦਾ ਕਾਰਨ ਉਹ ਆਪਣੇ ਪਿਛਲੇ ਜਨਮ ਦੇ ਪਾਪਾਂ ਨੂੰ ਮੰਨਦਾ ਸੀ। ਸੋ ਇਸ ਜਨਮ ਵਿਚ ਉਸਨੂੰ ਚੰਗਾ ਬਣਨਾ ਚਾਹੀਦਾ ਹੈ ਅਤੇ ਆਪਣੀ ਮੌਜੂਦਾ ਸਥਿਤੀ ਅਨੁਸਾਰ ਹੀ ਵਿਹਾਰ ਕਰਨਾ ਚਾਹੀਦਾ ਹੈ। ਇਸ ਜਨਮ ਵਿਚ ਆਪਣੀ ਸਥਿਤੀ ਨੂੰ ਬਿਹਤਰ ਬਣਾਉਣਾ ਲਗਭਗ ਅਸੰਭਵ ਹੀ ਸੀ। ਟੇਕ ਕੇਵਲ ਪ੍ਰਮਾਤਮਾ ਤੇ ਹੀ ਰੱਖੀ ਜਾ ਸਕਦੀ ਸੀ ਅਤੇ ਕੇਵਲ ਉਹੀ ਉਸਦਾ ਬਚਾਅ ਕਰ ਸਕਦਾ ਸੀ। ਇਸ ਲਈ ਉਹਨਾਂ ਨੂੰ ਪ੍ਰਮਾਤਮਾ ਦੀ ਯਾਦ ਅਤੇ ਪੂਜਾ ਵਿਚ ਵੱਧ ਤੋਂ ਵੱਧ ਸਮਾਂ ਲਾਉਣਾ ਚਾਹੀਦਾ ਹੈ। ਉਸਦੀ ਮੂਰਤੀ ਦੀ ਪੂਜਾ ਅਰਚਨਾ ਕਰਨੀ ਚਾਹੀਦੀ ਹੈ ਅਤੇ ਜੋਦੜੀਆਂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਉਹ ਖੁਸ਼ ਹੋ ਕੇ ਉਸਦੇ ਬਚਾਅ ਲਈ ਪ੍ਰਗਟ ਹੋਵੇ।"

ਭਾਵੇਂ ਸਵਾਮੀ ਰਾਮਦਾਸ ਜੀ ਨੂੰ ਪੂਰਾ ਯਕੀਨ ਸੀ ਕਿ ਕੇਵਲ ਜੋਦੜੀਆਂ ਕਰਨ ਨਾਲ ਹੀ ਮਨੁੱਖ ਦੀ ਤਕਦੀਰ ਨਹੀਂ ਬਦਲਦੀ ਪਰ ਇਹ ਸਿਖਿਆ ਉਹਨਾਂ ਨੂੰ ਗੁਰੂ ਹਰਗੋਬਿੰਦ ਸਾਹਿਬ ਤੋਂ ਹੀ ਮਿਲੀ ਕਿ ਸ਼ਕਤੀ (ਤਲਵਾਰ) ਦੀ ਜ਼ਰੂਰਤ ਵੀ ਭਗਤੀ (ਜੋਦੜੀ) ਜਿੰਨੀ ਹੀ ਹੈ। ਦੋਵਾਂ ਵਿਚੋਂ ਕਿਸੇ ਦੀ ਅਣਹੋਂਦ ਜ਼ਿੰਦਗੀ ਨੂੰ ਨਰਕ ਬਣਾ ਦੇਵੇਗੀ। ਆਪਣਾ ਇਹ ਸੁਨੇਹਾ ਉਹਨਾਂ ਨੇ ਦੇਸ਼ ਦੇ ਵੱਖ ਵੱਖ ਹਿਸਿਆਂ ਵਿਚ ਸਥਾਪਤ ਆਪਣੇ ਮੱਠਾਂ ਰਾਹੀਂ ਆਪਣੇ ਚੇਲਿਆਂ ਅਤੇ ਸ਼ਰਧਾਲੂਆਂ ਤੱਕ ਪਹੁੰਚਾਇਆ ਅਤੇ ਬਿਨਾ ਜਾਤ-ਪਾਤ ਦੇ ਭੇਦ ਭਾਵ ਦੇ ਉਹਨਾਂ ਨੂੰ ਸ਼ਸ਼ਤਰ ਵਿਦਿਆ ਪ੍ਰਾਪਤ ਕਰਨ ਲਈ ਪ੍ਰੇਰਿਆ। ਜਦੋਂ ਸ਼ਿਵਾਜੀ ਛਪਾਲ ਦੇ ਸਥਾਨ ਤੇ ਸਵਾਮੀ ਜੀ ਨੂੰ ਮਿਲੇ ਤਾਂ ਉਸ ਤੋਂ ਪਹਿਲਾਂ ਹੀ ਸਵਾਮੀ ਜੀ ਆਪਣੇ ਇਸ ਵਿਚਾਰ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਾਰਵਾਈ ਅਰੰਭ ਕਰ ਚੁਕੇ ਸਨ। ਸੋ ਉਹਨਾਂ ਨੇ ਮਾਰੂਤੀ (ਦੇਵਤਾ) ਦੇ ਨਾਂ ਤੇ ਸ਼ਿਵਾਜੀ ਨੂੰ ਇਹ ਕਸਮ ਖਾਣ ਲਈ ਕਿਹਾ ਕਿ ਉਹ ਹਿੰਦੂਆਂ ਦੀ ਮੁਕਤੀ ਲਈ ਆਖਰੀ ਦਮ ਤਕ ਸੰਘਰਸ਼ ਕਰੇਗਾ, ਯੁੱਧ ਦੌਰਾਨ ਵੀ ਧਰਮ ਦਾ ਪਾਲਣ ਕਰੇਗਾ ਅਤੇ ਕਦੇ ਵੀ ਗੈਰ ਇਖਲਾਕੀ ਅਤੇ ਕਾਮਨਾ ਗ੍ਰਸਤ ਹੋ ਕੇ ਕੋਈ ਕੰਮ ਨਹੀਂ ਕਰੇਗਾ। ਸ਼ਿਵਾਜੀ ਨੂੰ ਸਮਝਾਇਆ ਕਿ ਲੜਾਈ ਜ਼ੁਲਮ ਅਤੇ ਅੰਨਿਆਂ ਵਿਰੁਧ ਹੈ ਕਿਸੇ ਵਿਅਕਤੀ ਜਾਂ ਉਸ ਦੇ ਧਰਮ ਵਿਰੁਧ ਨਹੀਂ। ਸ਼ਿਵਾਜੀ ਨੇ ਦਾਦਾਜੀ ਨਾਰਸੀ ਪ੍ਰਭੂ ਨੂੰ ਲਿਖੇ ਆਪਣੇ ਖੱਤ ਵਿਚ ਲਿਖਿਆ "ਅਸੀ ਸ਼ਾਹ (ਆਦਿਲਸ਼ਾਹ) ਤੋਂ ਬਾਗੀ ਨਹੀਂ ਹਾਂ। ਭਗਵਾਨ ਨੇ ਹੀ, ਜਿਸ ਦਾ ਨਿਵਾਸ ਤੁਹਾਡੀ ਵਾਦੀ ਦੇ ਉਚਿਆਂ ਪਰਬਤਾਂ ਵਿਚ ਹੈ, ਸਾਨੂੰ ਇਹ ਪ੍ਰੇਰਨਾ ਦਿਤੀ ਹੈ ਅਤੇ ਉਹੀ ਸਾਡੇ ਸਾਰਿਆਂ ਦੀ ਆਪਣਾ ਰਾਜ ਸਥਾਪਤ ਕਰਨ ਦੀ ਇੱਛਾ ਦੀ ਪੂਰਤੀ ਕਰੇਗਾ। ਤੁਸੀਂ ਅਤੇ ਮੈਂ ਵਫਾਦਾਰੀ ਦੀ ਕਸਮ ਦਾਦਾਜੀ ਕੋਡ-ਦਿਉ ਅਤੇ ਭਗਵਾਨ ਦੀ ਮੂਰਤੀ ਸਾਹਮਣੇ ਖਾਧੀ ਸੀ। ਇਹ ਕਸਮ ਤਾਂ ਹਮੇਸ਼ਾਂ ਵਾਸਤੇ ਹੈ। ਇਹ ਪ੍ਰਮਾਤਮਾ ਦੀ ਇਛਾ ਹੈ ਕਿ ਅਸੀਂ ਸੁਤੰਤਰ ਹੋਈਏ ਅਤੇ ਆਪਣਾ ਰਾਜ ਸਥਾਪਤ ਕਰੀਏ।"

ਜਦੋਂ ਸਨ 1666 ਵਿਚ ਬਾਦਸ਼ਾਹ ਔਰੰਗਜ਼ੇਬ ਅਤੇ ਉਸ ਦੇ ਸੈਨਾਪਤੀਆਂ ਰਾਜਾ ਮਿਰਜ਼ਾ ਜੈ ਸਿੰਘ ਅਤੇ ਉਸ ਦੇ ਪੁੱਤਰ ਰਾਜਾ ਰਾਮ ਸਿੰਘ ਨੇ ਫਰੇਬ ਨਾਲ ਸ਼ਿਵਾ ਜੀ ਨੂੰ ਆਗਰੇ ਵਿਖੇ ਜਲੀਲ ਕਰਕੇ ਕੈਦਖਾਨੇ ਵਿਚ ਸੁੱਟ ਦਿਤਾ ਸੀ ਤਾਂ ਉਥੋਂ ਸ਼ਿਵਾਜੀ ਦੇ ਬੱਚ ਨਿਕਲਣ ਵਿਚ ਸਵਾਮੀ ਜੀ ਦੇ ਮੱਥਰਾ ਸਥਿੱਤ ਮੱਠ ਨੇ ਅਹਿਮ ਭੂਮਿਕਾ ਨਿਭਾਈ ਸੀ। ਮੱਠ ਦੇ ਬਹੁਤ ਉਤਮ ਯੋਧਿਆਂ ਨੇ ਹੀ ਕੈਦ ਦੇ ਪਹਿਰੇਦਾਰਾਂ ਨੂੰ ਰਿਸ਼ਵਤ ਦੇ ਕੇ, ਫੁਸਲਾ ਕੇ ਅਤੇ ਨਸ਼ਾ ਖਵਾ ਕੇ ਸ਼ਿਵਾਜੀ ਨੂੰ ਕੈਦ ਵਿਚੋਂ ਕੱਢ ਲਿਆ ਸੀ ਅਤੇ ਬਚਦੇ ਬਚਾਉਂਦੇ ਉਸਨੂੰ ਰਾਜਗੜ ਪਹੁੰਚਾ ਦਿਤਾ ਸੀ। ਇਸ ਕੰਮ ਲਈ ਉਹਨਾਂ ਨੂੰ ਕਰੀਬ ਇਕ ਮਹੀਨਾ ਲੱਗਿਆ। ਇਹ ਇਕ ਬਹੁਤ ਖਤਰਨਾਕ ਯੋਜਨਾ ਸੀ ਪਰ ਉਹਨਾਂ ਆਪਣੀ ਮੁਹਾਰਤ ਨਾਲ ਇਸ ਨੂੰ ਕਾਮਯਾਬ ਕਰ ਲਿਆ। ਸ਼ਿਵਾਜੀ ਮਰਹੱਟੇ ਦੀਆਂ ਜਿੱਤਾਂ ਅਤੇ ਕਾਮਯਾਬੀਆਂ ਵਿਚ ਮੱਠਾਂ ਦੁਆਰਾ ਪਾਏ ਯੋਗਦਾਨ ਦਾ ਜ਼ਿਕਰ ਮਰਹੱਟਿਆਂ ਦੇ ਇਤਿਹਾਸ ਅਤੇ ਮਿਥਿਹਾਸ ਵਿਚ ਕਾਫੀ ਆਉਂਦਾ ਹੈ। ਮੱਠਾਂ ਦੇ ਇਸ ਯੋਗਦਾਨ ਦਾ ਮੁਖ ਆਧਾਰ ਉਹਨਾਂ ਦੁਆਰਾ ਦਿਤੀ ਜਾਂਦੀ ਫੌਜੀ ਸਿਖਲਾਈ ਹੀ ਸੀ।

ਮੱਠਾਂ ਵਿਚ ਭਗਵਾਨ ਰਾਮ ਤੋਂ ਬਾਅਦ ਦੂਸਰੇ ਨੰਬਰ ਤੇ ਹਨੂਮਾਨ ਨੂੰ ਮਾਣ ਸਤਿਕਾਰ ਦਿਤਾ ਜਾਂਦਾ ਸੀ ਕਿਉਂਕਿ ਪੁਰਾਣਕ ਕਥਾ ਅਨੁਸਾਰ ਉਹ ਯੁਧ ਵਿਚ ਇਕ ਬਹਾਦਰ ਤੇ ਅਜਿੱਤ ਯੋਧੇ ਦੇ ਤੌਰ ਤੇ ਮਸ਼ਹੂਰ ਸੀ। ਉਸਨੂੰ ਦੁਸ਼ਮਣਾਂ ਦਾ ਨਾਸ ਕਰਨ ਵਾਲਾ ਅਤੇ ਸੰਕਟ-ਮੋਚਨ ਮੰਨਿਆ ਜਾਂਦਾ ਹੈ। ਡਰ ਅਤੇ ਖਤਰੇ ਦੇ ਸਮੇਂ ਹਿੰਦੂ ਇਸ ਸਥਿਤੀ ਤੋਂ ਬਚਣ ਲਈ ਹਨੂਮਾਨ ਚਾਲੀਸਾ ਦਾ ਪਾਠ ਕਰਦੇ ਹਨ। ਕਿਹਾ ਜਾਂਦਾ ਹੈ ਕਿ ਸਵਾਮੀ ਜੀ ਨੇ ਆਪਣੇ ਹਿੰਦੂ ਸ਼ਰਧਾਲੂਆਂ ਵਿਚ ਵੀਰ-ਰਸ ਪੈਦਾ ਕਰਨ ਦੇ ਉਦੇਸ਼ ਨਾਲ ਆਪਣੇ ਸਾਰੇ ਮੁੱਖ ਮੱਠਾਂ ਵਿਚ ਮਾਰੂਤੀ ਦੇਵਤੇ ਦੀਆਂ ਮੂਰਤੀਆਂ ਸਥਾਪਤ ਕਰ ਦਿਤੀਆਂ ਸਨ। ਮੂਰਤੀ ਸਥਾਪਨਾ ਦੀ ਰਸਮ, ਜਿਸ ਨੂੰ ਪ੍ਰਤਿਸ਼ਠਾ ਆਖਿਆ ਜਾਂਦਾ ਸੀ, ਸਾਧੂਆਂ ਸੰਤਾਂ ਅਤੇ ਸ਼ਰਧਾਲੂਆਂ ਦੇ ਵੱਡੇ ਇੱਕਠ ਵਿਚ ਮੰਤ੍ਰਾਂ ਦੇ ਜਾਪ ਨਾਲ ਨਿਭਾਈ ਜਾਂਦੀ ਸੀ। ਸਮਝਿਆ ਜਾਂਦਾ ਸੀ ਕਿ ਅਜਿਹਾ ਕਰਨ ਨਾਲ ਮੂਰਤੀ ਵਿਚ ਜੀਵਨ ਸ਼ਕਤੀ ਆ ਜਾਂਦੀ ਹੈ। ਹੁਣ ਬਜਰੰਗ ਬਲੀ ਹੀ ਉਹਨਾਂ ਦਾ ਆਦਰਸ਼ਕ ਚਿੰਨ ਸੀ, ਚਾਨਣ ਮੁਨਾਰਾ ਸੀ।

ਅਗਸਤ 1672 ਵਿਚ ਸ਼ਿਵਾਜੀ ਮਰਹੱਟਾ ਇਕ ਵਾਰ ਫਿਰ ਸਵਾਮੀ ਜੀ ਨੂੰ ਆਪਣੀ ਸ਼ਰਧਾ ਪ੍ਰਗਟ ਕਰਨ ਲਈ ਅਤੇ ਹਿੰਦੂ ਰਾਜ ਦੀ ਸਥਾਪਨਾ ਲਈ ਅਸ਼ੀਰਵਾਦ ਲੈਣ ਲਈ ਮਿਲਿਆ। ਇਸ ਮੌਕੇ ਉਸਨੇ ਸਵਾਮੀ ਜੀ ਨੂੰ ਬੇਨਤੀ ਕੀਤੀ ਕਿ ਉਹ ਉਤਰੀ ਭਾਰਤ ਵਿਚ ਆਪਣੀਆਂ ਕਾਰਵਾਈਆਂ ਤੇਜ਼ ਕਰ ਦੇਣ ਤਾਂ ਜੋ ਔਰੰਗਜ਼ੇਬ ਅਤੇ ਉਸਦੀ ਫੌਜ ਆਪਣਾ ਸਾਰਾ ਧਿਆਨ ਦੱਖਣ ਵੱਲ ਨਾ ਲਾ ਸਕਣ। ਸਵਾਮੀ ਜੀ ਨੇ ਉਸਦੀ ਬੇਨਤੀ ਸਵੀਕਾਰ ਕਰਦੇ ਹੋਏ ਉਤਰੀ ਭਾਰਤ ਦਾ ਤੂਫਾਨੀ ਦੌਰਾ ਕੀਤਾ ਤਾਂ ਜੋ ਉਹ ਲੋਕਾਂ ਨੂੰ ਮੁਗਲ ਹਕੂਮਤ ਵਿਰੁਧ ਉਕਸਾ ਸਕਣ। ਸਵਾਮੀ ਜੀ ਦੀ ਇਛਾ ਗੁਰੂ ਤੇਗ ਬਹਾਦਰ ਜੀ ਨੂੰ ਮਿਲਣ ਦੀ ਵੀ ਸੀ ਤਾਂ ਜੋ ਉਹਨਾਂ ਦੀ ਵੀ ਮਦਦ ਲਈ ਜਾ ਸਕੇ। ਪਰ ਪੰਜਾਬ ਪਹੁੰਚ ਕੇ ਸਵਾਮੀ ਜੀ ਨੂੰ ਪਤਾ ਲੱਗਿਆ ਕਿ ਗੁਰੂ ਜੀ ਤਾਂ ਸਰਹੰਦ ਵਿਖੇ ਕੈਦ ਵਿਚ ਨੇ ਅਤੇ ਛੇਤੀ ਹੀ ਉਹਨਾਂ ਨੂੰ ਮੁਗਲ ਬਾਦਸ਼ਾਹ ਅੱਗੇ ਪੇਸ਼ ਕਰਨ ਲਈ ਦਿਲੀ ਲਿਜਾਇਆ ਜਾਵੇਗਾ। ਸਵਾਮੀ ਜੀ ਨੂੰ ਇਹ ਵੀ ਪਤਾ ਲਗਿਆ ਕਿ ਗੁਰੂ ਜੀ ਦੇ ਪਰਿਵਾਰ ਨੇ ਵੀ ਅਨੰਦਪੁਰ ਛੱਡ ਦਿਤਾ ਹੈ ਅਤੇ ਇਸ ਵੇਲੇ

ਅੰਬਾਲੇ ਦੇ ਨੇੜੇ ਲਖਨੌਰ ਵਿਖੇ ਬਿਰਾਜਮਾਨ ਹੈ। ਸੋ ਸਵਾਮੀ ਜੀ ਨੇ ਮਾਖੋਵਾਲ (ਅਨੰਦਪੁਰ ਸਾਹਿਬ) ਜਾਣ ਦਾ ਵਿਚਾਰ ਤਿਆਗ ਦਿਤਾ। ਉਹ ਵੱਖ-ਵੱਖ ਬੈਰਾਗੀ ਡੇਰਿਆਂ ਦਾ ਭ੍ਰਮਣ ਕਰਦੇ ਕਰਦੇ ਵੈਸਾਖੀ ਦੇ ਮੇਲੇ ਮੌਕੇ ਰਾਮ ਥੱਮਣ (ਕਸੂਰ ਦੇ ਨੇੜੇ-ਮੌਜੂਦਾ ਪੱਛਮੀ ਪੰਜਾਬ) ਜਾ ਪਹੁੰਚੇ ਤਾਂ ਜੋ ਉਹ ਉਥੇ ਇਕੱਠੇ ਹੋਏ ਬੈਰਾਗੀ ਮੁਖੀਆਂ ਨਾਲ ਵਿਚਾਰ ਵਟਾਂਦਰਾ ਕਰ ਸਕਣ।

ਸਵਾਮੀ ਜੀ ਦਾ ਕੱਦ-ਕਾਠ ਤਾਂ ਭਾਵੇਂ ਦਰਮਿਆਨਾ ਹੀ ਸੀ ਪਰ ਮੱਥਾ ਚੌੜਾ ਅਤੇ ਅੱਖਾਂ ਵੱਡੀਆਂ ਤੇ ਪ੍ਰਭਾਵਸ਼ਾਲੀ ਸਨ। ਬੁਢਾਪੇ ਵਿਚ ਵੀ ਉਹਨਾਂ ਦਾ ਚਿਹਰਾ ਉਹਨਾਂ ਦੇ ਨਿਘੇ ਸੁਭਾਅ ਅਤੇ ਆਤਮਕ ਸ਼ਕਤੀ ਕਾਰਨ ਚਮਕਦਾ ਸੀ।ਆਪਣੇ ਨੂਰਾਨੀ ਵਿਅਕਤਿਤਵ ਅਤੇ ਪ੍ਰਭਾਵਸ਼ਲੀ ਬਾਣੀ ਨਾਲ ਉਹ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੰਦੇ ਸਨ। ਉਹਨਾਂ ਦਾ ਸੰਦੇਸ਼ ਸਿਧਾ ਅਤੇ ਸਪਸ਼ਟ ਸੀ। ਬੈਰਾਗ ਦਾ ਮਤਲਬ ਮੰਗਤਿਆਂ ਵਾਂਗ ਹੱਥ ਵਿਚ ਠੂਠਾ ਫੜ ਕੇ ਥਾਂ ਥਾਂ ਮੰਗਦੇ ਫਿਰਨਾ ਨਹੀਂ ਹੈ। ਇਸ ਦਾ ਮਤਲਬ ਹੈ ਦੁਨਿਆਵੀ ਵਸਤਾਂ ਦੇ ਮੋਹ ਦਾ ਤਿਆਗ। ਪਰ ਆਪਣੀਆਂ ਸਮਾਜਿਕ ਅਤੇ ਨੈਤਿਕ ਜਿੰਮੇਵਾਰੀਆਂ ਤੋਂ ਭੱਜਣਾ ਇਸਦਾ ਮਤਲਬ ਬਿਲਕੁਲ ਨਹੀਂ ਹੈ। ਅਸਲੀ ਬੈਰਾਗੀ ਉਹ ਹੈ ਜੋ ਦੁਨਿਆਵੀ ਬੰਧਨਾਂ ਤੋਂ ਅਜ਼ਾਦ ਹੋਵੇ ਅਤੇ ਆਪਣੇ ਦੇਸ਼ ਕੌਮ ਦੇ ਮਾਣ ਸਤਿਕਾਰ ਅਤੇ ਅਜ਼ਾਦੀ ਲਈ ਲੜ ਮਰਨ ਲਈ ਤਿਆਰ ਹੋਵੇ। ਜੇਕਰ ਉਹ ਅਜਿਹਾ ਨਹੀਂ ਹੈ ਤਾਂ ਫਿਰ ਉਹ ਦੂਸਰਿਆਂ ਦੀ ਕਮਾਈ ਤੇ ਪਲਣ ਵਾਲੀ ਜੋਕ ਹੈ। ਇਹ ਸੁਨੇਹਾ ਨਰਾਇਣ ਦਾਸ (ਬੰਦਾ ਬਹਾਦਰ) ਦੀਆਂ ਆਪਣੀਆਂ ਭਾਵਨਾਵਾਂ ਦੀ ਵੀ ਸੰਪੂਰਨ ਰੂਪ ਵਿਚ ਤਰਜਮਾਨੀ ਕਰਦਾ ਸੀ। ਸੋ ਨਰਾਇਣ ਦਾਸ ਨੇ ਸਵਾਮੀ ਜੀ ਦੇ ਤੰਬੂ ਵਿਚ ਪਹੁੰਚ ਕੇ ਬੇਨਤੀ ਕੀਤੀ ਕਿ ਸਵਾਮੀ ਜੀ ਉਸ ਨੂੰ ਆਪਣਾ ਸ਼ਿਸ਼ ਬਣਾ ਲੈਣ। ਪਰਖ-ਪੜਚੋਲ ਉਪਰੰਤ ਸਵਾਮੀ ਜੀ ਨੇ ਨਰਾਇਣ ਦਾਸ ਦੀ ਬੇਨਤੀ ਸਵੀਕਾਰ ਕਰ ਲਈ। ਸਵਾਮੀ ਜੀ ਨੇ ਨਰਾਇਣ ਦਾਸ ਨੂੰ, ਜੋ ਕਿ ਉਸ ਸਮੇਂ 16 ਸਾਲਾਂ ਦਾ ਸੀ, ਦੀਕਸ਼ਾ ਦੇ ਕੇ ਆਪਣੀ ਸੰਪਰਦਾ ਵਿਚ ਸ਼ਾਮਿਲ ਕਰ ਲਿਆ ਅਤੇ ਉਸਦਾ ਨਾਂ ਮਾਧੋਦਾਸ ਰੱਖ ਦਿੱਤਾ। ਡਾ. ਗੰਡਾ ਸਿੰਘ ਇਹ ਘਟਨਾ ਸੰਨ 1686 ਦੀ ਵੈਸਾਖੀ ਨੂੰ ਹੋਈ ਦੱਸਦਾ ਹੈ ਕਿਉਂਜੋ ਉਹ ਬੰਦਾ ਬਹਾਦਰ ਦਾ ਜਨਮ ਅਕਤੂਬਰ 1670 ਦਾ ਮੰਨਦਾ ਹੈ। ਪਰ 1686 ਦੀ ਵੈਸਾਖੀ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਕਿਉਂਕਿ ਸਵਾਮੀ ਜੀ 1682 ਵਿਚ ਹੀ ਪਰਲੋਕ ਸੁਧਾਰ ਗਏ ਸਨ। ਇਹ ਮੇਲ ਸੰਨ 1676 ਦੀ ਵੈਸਾਖੀ ਨੂੰ ਹੋਇਆ।

****

ਨਾਸਿਕ ਵਿਖੇ

ਰਾਮ ਥੰਮਣ ਦੇ ਅਸਥਾਨ ਤੇ ਇੱਕਠੇ ਹੋਏ ਬੈਰਾਗੀ, ਫਕੀਰ ਅਤੇ ਤਿਆਗੀ, ਸਭ ਦੇ ਸਭ, ਵਿਸਾਖੀ ਮੇਲਾ ਮੁਕਣ ਤੇ ਆਪੋ ਆਪਣੇ ਠਿਕਾਣਿਆਂ ਨੂੰ ਤੁਰ ਪਏ। ਉਥੇ ਲੱਗੇ ਬਜ਼ਾਰ ਦੇ ਦੁਕਾਨਦਾਰਾਂ ਨੇ ਵੀ ਆਪਣੀ ਟਿੰਡ-ਫੌਹੜੀ ਇਕੱਠੀ ਕਰ ਬਚਿਆ ਸਾਮਾਨ ਖੱਚਰਾਂ, ਘੋੜਿਆਂ ਅਤੇ ਗੱਡਿਆਂ ਤੇ ਲੱਦ ਲਿਆ। ਉਥੇ ਲੱਗੇ ਟੈਂਟ-ਸ਼ਾਮਿਆਨੇ ਵੀ ਪੁੱਟ ਕੇ ਬੰਨ੍ਹੇ ਜਾ ਚੁਕੇ ਸਨ। ਵੈਸਾਖੀ ਮੇਲੇ ਕਾਰਨ ਜੋ ਇਕ ਵੱਡਾ ਜੀਵਨ-ਭਰਪੂਰ ਸ਼ਹਿਰ ਅਚਾਨਕ ਹੀ ਹੋਂਦ ਵਿਚ ਆ ਗਿਆ ਸੀ ਅਤੇ ਜਿਥੇ ਭਾਂਤ ਭਾਂਤ ਦੀਆਂ ਵਸਤੂਆਂ ਤੇ ਖਾਣ ਪੀਣ ਦਾ ਸਾਮਾਨ ਵਿਕ ਰਿਹਾ ਸੀ ਹੁਣ ਉਜੜ ਚੁੱਕਾ ਸੀ ਅਤੇ ਪਿਛੇ ਰਹਿ ਗਈ ਸੀ ਵੀਰਾਨੀ ਅਤੇ ਗੰਦਗੀ। ਨਰਾਇਣ ਦਾਸ ਜੋ ਕਿ ਹੁਣ ਮਾਧੋਦਾਸ ਬਣ ਚੁੱਕਾ ਸੀ ਇਕ ਮੁੰਡੇਰ ਨਾਲ ਢੋਹ ਲਾਈ ਖਲੋਤਾ ਸੋਚ ਰਿਹਾ ਸੀ ਕਿ ਸਚਾਈ ਕੀ ਹੈ-ਜ਼ਿੰਦਗੀ ਜਾਂ ਮੌਤ । ਕੁਝ ਦੇਰ ਪਹਿਲਾਂ ਇਥੇ ਭਾਰੀ ਭੀੜ-ਭੜੱਕਾ ਤੇ ਚਹਿਲ-ਪਹਿਲ ਸੀ। ਹਰ ਕੋਈ ਆਪਣੀ ਮੰਜ਼ਿਲ ਤੇ ਪਹੁੰਚਣ ਲਈ ਦੂਜਿਆਂ ਨੂੰ ਧੱਕ ਕੇ ਅੱਗੇ ਲੰਘਣ ਦੀ ਕੋਸ਼ਿਸ਼ ਵਿਚ ਸੀ। ਸਾਮਾਨ ਵੇਚਣ ਵਾਲੇ ਦੁਕਾਨਦਾਰਾਂ ਦੇ ਹੋਕੇ ਤੇ ਸ਼ੋਰ ਸ਼ਰਾਬਾ ਸੀ। ਹਲਵਾਈਆਂ ਵੱਲੋਂ ਤਰ੍ਹਾਂ ਤਰ੍ਹਾਂ ਦੇ ਪਕਵਾਨ ਤਿਆਰ ਕੀਤੇ ਜਾ ਰਹੇ ਸਨ ਜਿਹਨਾਂ ਨੂੰ ਵੇਖ ਸੁੰਘ ਕੇ ਮੂੰਹ ਵਿਚ ਪਾਣੀ ਭਰ ਆਉਂਦਾ ਸੀ। ਪਰ ਹੁਣ ਸਭ ਕੁਝ ਖਤਮ ਹੋ ਗਿਆ ਸੀ, ਲੋਕ ਜਾ ਚੁੱਕੇ ਸਨ। ਹੁਣ ਸਿਰਫ ਕੁਝ ਅਵਾਰਾ ਕੁੱਤੇ ਹੀ ਬਚੇ ਸਨ ਜੋ ਕਿ ਕੁਝ ਖਾਣ ਲਈ ਲੱਭਣ ਵਾਸਤੇ ਥਾਂ ਥਾਂ ਸੁੰਘਦੇ ਫਿਰਦੇ ਸਨ। ਉਥੇ ਮੌਤ ਵਰਗਾ ਸੰਨਾਟਾ ਸੀ।

ਮਾਧੋਦਾਸ ਦੀਆਂ ਸੋਚਾਂ ਦੀ ਤੰਦ ਉਸ ਸਮੇਂ ਟੁੱਟੀ ਜਦੋਂ ਇਕ ਸਾਧੂ ਨੇ ਆ ਕੇ ਉਸਨੂੰ ਹਲੂਣਿਆਂ ਅਤੇ ਆਖਿਆ ਕਿ ਸਵਾਮੀ ਜੀ ਨੇ ਸਾਮਾਨ ਬੰਨ ਕੇ ਕੂਚ ਕਰਨ ਦੀ ਤਿਆਰੀ ਦੀ ਆਗਿਆ ਕੀਤੀ ਹੈ।

ਦੱਖਣ ਵਿਚ ਸਵਾਮੀ ਜੀ ਦੀ ਗੈਰ-ਮੌਜੂਦਗੀ ਦੌਰਾਨ ਕਾਫੀ ਕੁਝ ਵਾਪਰ ਚੁੱਕਾ ਸੀ। ਬਨਾਰਸ ਦੇ ਪੰਡਤ ਗੰਗਾ ਭੱਟ ਨੇ ਮੋਟੀ ਰਕਮ ਲੈ ਕੇ ਝਿੱਜਕਦੇ ਝਿੱਜਕਦੇ ਸ਼ਿਵਾਜੀ ਦੀ ਤਾਜਪੋਸ਼ੀ 6 ਜੂਨ 1674 ਨੂੰ ਕਰ ਦਿਤੀ ਸੀ। ਸ਼ਿਵਾਜੀ ਹੁਣ ਪ੍ਰਮਾਣਤ ਰੂਪ 'ਚ ਇਕ ਹਿੰਦੂ ਰਾਜਾ ਬਣ ਗਿਆ ਸੀ। ਇਹ ਆਮ ਧਾਰਨਾ ਹੈ ਕਿ ਗੰਗਾ ਭੱਟ ਤੋਂ ਪਹਿਲਾਂ ਪੰਡਤਾਂ ਨੂੰ ਤਾਜਪੋਸ਼ੀ ਲਈ ਰਾਜੀ ਕਰਨ ਲਈ ਸ਼ਿਵਾਜੀ ਨੇ ਡੇਢ ਕਰੋੜ ਹੋਨ ਖਰਚ ਕਰ ਦਿਤੇ ਸਨ ਪਰ ਉਹਨਾਂ ਤਾਜਪੋਸ਼ੀ ਕਰਨ ਤੋਂ ਇਸ ਅਧਾਰ ਤੇ ਇਨਕਾਰ ਕਰ ਦਿਤਾ ਸੀ ਕਿ ਸ਼ਿਵਾਜੀ ਕਸ਼ੱਤਰੀ ਵੰਸ਼ ਚੋਂ ਨਹੀਂ ਹੈ ਅਤੇ ਇਸ ਲਈ ਹਿੰਦੂ ਸ਼ਾਸਤਰਾਂ ਅਨੁਸਾਰ ਉਸਨੂੰ ਰਾਜ ਤਿਲਕ ਨਹੀਂ ਦਿਤਾ ਜਾ ਸਕਦਾ। ਜੌਹਨ ਕੀਅ ਲਿਖਦਾ ਹੈ "ਤਾਜਪੋਸ਼ੀ ਨੇ (ਭਾਵੇਂ ਕਿ ਇਸ ਰਸਮ ਲਈ ਕੋਈ ਤਾਜ ਨਹੀਂ ਵਰਤਿਆ ਗਿਆ ਸੀ) ਉਹੋ ਜਿਹੀ ਹੀ ਮੁਸ਼ਕਲ ਖੜੀ ਕੀਤੀ ਜਿਹੋ

ਜਿਹੀ ਕਿ ਪੁਰਾਣੇ ਸਮਿਆਂ ਵਿਚ ਪਿਤਾ ਪੁਰਖੀ ਰਾਜ ਦੀ ਇਛਾ ਰੱਖਣ ਵਾਲਿਆਂ ਨੂੰ ਦਰਪੇਸ਼ ਹੁੰਦੀ ਸੀ। ਕਿਉਕਿ ਮਰਾਠਿਆਂ ਨੂੰ ਕਸ਼ੱਤਰੀਆਂ ਦੇ ਬਰਾਬਰ ਨਹੀਂ ਮੰਨਿਆ ਜਾਂਦਾ ਸੀ ਇਸ ਲਈ ਸ਼ਿਵਾਜੀ ਭੋਂਸਲੇ ਦਾ ਇਕ ਫਰਜੀ ਕੁਰਸੀਨਾਮਾ ਤਿਆਰ ਕੀਤਾ ਗਿਆ ਤਾਂ ਜੋ ਉਸਦਾ ਪਿਛੋਕੜ ਮੇਵਾੜ ਦੇ ਮਸ਼ਹੂਰ ਸਸੋਦੀਆਂ ਰਾਜਪੂਤਾਂ ਨਾਲ ਜੋੜਿਆ ਜਾ ਸਕੇ । ਫੇਰ ਵੀ ਇਸ ਮੌਕੇ ਤੇ ਘੋੜੇ ਦੀ ਬਲੀ ਦੇਣ ਦੀ ਰਵਾਇਤੀ ਰਸਮ ਨਹੀਂ ਨਿਭਾਈ ਗਈ ਸੀ। ਸਿਰਫ ਰਸਮੀ ਤੌਰ ਤੇ ਸ਼ਿਵਾਜੀ ਦਿਗਵਿਜੇ ਯਾਤਰਾ ਤੇ ਨਿਕਲੇ ਸਨ ਅਤੇ ਉਹਨਾਂ ਇਕ ਮੁਗਲ ਚੌਕੀ ਤੇ ਹਮਲਾ ਕੀਤਾ ਅਤੇ ਖਾਨਦੇਸ਼ ਤੇ ਬੇਰਾੜ ਦੇ ਇਲਾਕਿਆਂ ਵਿਚ ਇਕਾ ਦੁੱਕਾ ਲੁੱਟਾਂ ਖੋਹਾਂ ਕੀਤੀਆਂ ਸਨ।"

ਜੌਹਨ ਕੀਅ ਠੀਕ ਹੀ ਲਿਖਦਾ ਹੈ ਕਿ ਸ਼ਿਵਾਜੀ ਦਾ ਰਾਜੇ ਦਾ ਖਿਤਾਬ ਪਾਉਣ ਦੀ ਕਿਰਿਆ ਮੁਗਲਾਂ ਨੂੰ ਦਿਖਾਉਣ ਲਈ ਨਹੀਂ ਸੀ ਸਗੋਂ ਘਰੇਲੂ ਕਾਰਨਾਂ ਕਰਕੇ ਸੀ। ਭਵਿਖ ਨੂੰ ਵਿਚਾਰਦਿਆਂ ਸ਼ਿਵਾਜੀ ਆਪਣੇ ਸਾਥੀ ਮਰਾਠਿਆਂ ਦੇ ਮੁਕਾਬਲੇ ਮਾਲੀਆ ਅਤੇ ਸੇਵਾਵਾਂ ਪ੍ਰਾਪਤੀ ਉਪਰ ਆਪਣੇ ਪਹਿਲ ਦੇ ਅਧਿਕਾਰ ਨੂੰ ਕਾਨੂੰਨੀ ਮਾਨਤਾ ਦੇਣੀ ਚਾਹੁੰਦਾ ਸੀ। ਪਹਿਲਾਂ ਇਹ ਸਭ ਕੁਝ ਉਹ ਫੌਜੀ ਤਾਕਤ ਅਤੇ ਨਿਜੀ ਚੜ੍ਹਤ ਕਾਰਨ ਪ੍ਰਾਪਤ ਕਰਦਾ ਸੀ। ਇਸ ਤਾਜਪੋਸ਼ੀ ਦਾ ਦੂਜਾ ਅਨਿਖੜਵਾਂ ਲਾਭ ਇਹ ਸੀ ਕਿ ਮੁਕਾਮੀ ਰਾਜੇ ਅਤੇ ਖਤਮ ਹੋ ਚੁੱਕੇ ਵਿਜੇ ਨਗਰ ਦੀ ਹਿੰਦੂ ਸਲਤਨਤ ਦੇ ਅਧਿਕਾਰੀ ਉਸਨੂੰ ਆਪਣਾ ਰਾਜਾ ਮੰਨ ਸਕਦੇ ਸਨ ਕਿਉਂਕਿ ਸ਼ਿਵਾਜੀ ਹਿੰਦੂ ਰਸਮਾਂ ਅਨੁਸਾਰ ਠੀਕ ਤਰ੍ਹਾਂ ਰਾਜਾ ਬਣਿਆ ਸੀ। ਵਿਜੇ ਨਗਰ ਦੀ ਸਲਤਨਤ ਦੇ ਖਾਤਮੇਂ ਉਪਰੰਤ ਪਹਿਲਾਂ ਉਹਨਾਂ ਨੇ ਬੀਜਾਪੁਰ ਦੇ ਮੁਸਲਮਾਨ ਸ਼ਾਸ਼ਕ ਦੀ ਅਧੀਨਗੀ ਕਬੂਲ ਕਰ ਲਈ ਸੀ। ਜੌਹਨ ਕੀਅ ਲਿਖਦਾ ਹੈ "ਸ਼ਿਵਾਜੀ ਹੁਣ ਇਕ ਅਜ਼ਾਦ ਅਤੇ ਖੁਦਮੁਖਤਿਆਰ ਰਾਜਾ ਸੀ ਅਤੇ ਨੇੜੇ ਦੇ ਭਵਿੱਖ ਵਿਚ ਉਸਨੂੰ ਮੁਗਲਾਂ ਤੋਂ ਵੀ ਕੋਈ ਖਤਰਾ ਨਹੀ ਸੀ। ਸੋ ਉਸਨੇ ਆਪਣਾ ਧਿਆਨ ਦੱਖਣ ਵੱਲ ਕੀਤਾ। ਉਸਨੇ ਗੋਲਕੁੰਡਾ ਸਲਤਨਤ ਨਾਲ ਮਿਲ ਕੇ ਤਾਮਿਲਨਾਡੂ ਦੇ ਦੱਖਣ ਵਿਚ ਦੂਰ ਸਥਿਤ ਬੀਜਾਪੁਰ ਤੇ ਸਾਂਝਾ ਹੱਲਾ ਬੋਲਿਆ।" ਸ਼ਿਵਾਜੀ ਨੂੰ ਪਤਾ ਸੀ ਕਿ ਧੁਰ ਦੱਖਣ ਦੇ ਇਸ ਸੰਘਰਸ਼ ਵਿਚ ਬਹੁਤ ਸਮਾਂ ਅਤੇ ਵੱਡੇ ਪੱਧਰ ਤੇ ਸਾਧਨਾਂ ਦੀ ਲੋੜ ਪਵੇਗੀ ਇਸ ਲਈ ਉਹ ਆਪਣੇ ਰਾਜ ਦੀ ਸੁਰੱਖਿਆ ਅਤੇ ਮਾਲੀਏ ਦੀ ਵਸੂਲੀ ਯਕੀਨੀ ਬਣਾਉਣਾ ਚਾਹੁੰਦਾ ਸੀ। ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਉਸ ਨੇ ਰਾਏਗੜ ਤੋਂ ਉਤਰ ਦਾ ਇਲਾਕਾ ਮੋਰੋਪੰਤ ਪੇਸ਼ਵਾ ਨੂੰ ਸੰਭਾਲ ਦਿਤਾ, ਦੱਖਣ ਵਿਚ ਪੰਨਹੱਲਾਂ ਤੱਕ ਦਾ ਇਲਾਕਾ ਅੰਨਾਜੀ ਦਾਤੋਂ ਨੂੰ, ਪੰਨਹੱਲਾਂ ਤੋਂ ਅੱਗੇ ਕਾਰਵਾੜ ਤੱਕ ਦਾ ਦਾਤਾਜੀ ਤਰਿੰਮਬਕ ਨੂੰ ਸੰਭਾਲ ਦਿੱਤਾ। ਰਾਏਗੜ ਦੀ ਕਮਾਨ ਰਾਉਜੀ ਸੋਮਨਾਥ ਨੂੰ ਸੰਭਾਲ ਦਿਤੀ ਸੀ। ਸੰਖੇਪ ਵਿਚ ਆਖ ਸਕਦੇ ਹਾਂ ਕਿ ਸ਼ਿਵਾਜੀ ਨੇ ਆਪਣੇ ਰਾਜ ਦਾ ਉਤਰੀ ਭਾਗ ਆਪਣੇ ਸਭ ਤੋਂ ਵੱਧ ਭਰੋਸੇ ਯੋਗ ਲਫਟੈਣ ਮੋਰੋਪੰਤ ਪੇਸ਼ਵਾ ਨੂੰ ਸੰਭਾਲ ਦਿਤਾ ਸੀ।

ਸੰਨ 1676 ਦੀ ਪਤਝੜ ਦੀ ਰੁੱਤੇ ਸਵਾਮੀ ਜੀ ਦੀ ਮੰਡਲੀ, ਰਾਜਸਥਾਨ ਦੇ ਵੱਖ ਵੱਖ ਸਥਾਨਾਂ ਤੇ ਵਿਸ਼ਰਾਮ ਕਰਦੀ ਹੋਈ ਕਤਲੀ (ਨਾਸਿਕ) ਪਹੁੰਚ ਗਈ ਸੀ । ਇਸ ਅਸਥਾਨ ਤੇ ਸਵਾਮੀ ਜੀ ਦਾ ਮੱਠ ਇਕ ਨੀਵੀਂ ਪਹਾੜੀ ਤੇ ਸਥਿਤ ਸੀ ਅਤੇ ਉਥੋਂ ਗੋਦਾਵਰੀ ਦਰਿਆ ਵੀ ਨੇੜੇ ਹੀ ਵਹਿੰਦਾ ਸੀ। ਇਹ ਇਕ ਹਰਿਆ ਭਰਿਆ ਅਤੇ ਸਾਫ ਸੁਥਰਾ ਅਸਥਾਨ ਸੀ। ਇਥੋਂ ਦੇ ਰਹਿਣ ਵਾਲਿਆਂ ਦਾ ਜੀਵਨ ਨਿਯਮਬੱਧ, ਸਾਦਾ, ਸੰਜਮੀ ਅਤੇ ਘਾਲਣਾ ਵਾਲਾ ਸੀ।

ਉਥੇ ਸਾਦਾ ਵੈਸ਼ਨੂੰ ਭੋਜਨ ਪਰੋਸਿਆ ਜਾਂਦਾ ਸੀ ਜੋ ਕਿ ਚੱਟਪਟਾ ਤਾਂ ਨਹੀਂ ਸੀ ਪਰ ਤਾਕਤ ਵਧਾਉ ਜ਼ਰੂਰ ਸੀ। ਸਾਧਨਾ ਅਤੇ ਦੇਸ਼ ਭਗਤੀ ਦੀ ਸਿਖਿਆ ਤੋਂ ਇਲਾਵਾ ਵਰਜਿਸ਼, ਘੋੜ ਸਵਾਰੀ ਅਤੇ ਯੁਧਕਲਾ ਦਾ ਅਭਿਆਸ ਇਸ ਮੱਠ ਦਾ ਨਿੱਤ ਦਾ ਨਿਯਮ ਸੀ। ਇਹ ਨਿੱਤ ਦਾ ਕਾਰਜ ਕ੍ਰਮ ਛੇਵੇਂ ਸਿੱਖ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਉਸ ਚਲਦੇ ਨਿੱਤ ਕਰਮ ਦੀ ਹੂ-ਬ-ਹੂ ਨਕਲ ਸੀ ਜਿਹੜਾ ਸਵਾਮੀ ਜੀ ਨੇ ਗੁਰੂ ਜੀ ਨਾਲ ਮੁਲਾਕਾਤ ਸਮੇਂ ਸ੍ਰੀਨਗਰ ਗੜ੍ਹਵਾਲ ਵਿਚ ਵੇਖਿਆ ਸੀ। ਸਵਾਮੀ ਜੀ ਸਿੱਖ ਫਿਲਾਸਫੀ ਤੋਂ ਬਹੁਤ ਪ੍ਰਭਾਵਤ ਹੋਏ ਸੀ ਕਿਉਂਕਿ ਇਹ ਬੈਰਾਗੀ ਫਿਲਾਸਫੀ ਅਤੇ ਧਰਮ ਤੋਂ ਬਹੁਤ ਉਤਮ ਸੀ। ਭਾਵੇਂ ਅੰਤਮ ਹਕੀਕਤ ਸ਼ਿਵ ਹੈ ਅਤੇ ਦੁਨੀਆਂ ਵਿਚ ਮੌਜੂਦ ਹਰ ਵਸਤੂ ਵਿਚ ਵੀ ਇਹੀ ਅੰਤਮ ਹੈ ਪਰ ਸ਼ਕਤੀ ਵੀ ਇਸੇ ਸ਼ਿਵ ਦਾ ਪ੍ਰਗਟ ਰੂਪ ਹੈ। ਇਹ ਸ਼ਕਤੀ ਸ਼ਿਵ ਦੇ ਵਿਚਾਰ ਜਿੰਨੀ ਹੀ ਮਹੱਤਵਪੂਰਨ ਅਤੇ ਪੂਜਣਯੋਗ ਹੈ। ਸ਼ਾਂਤ ਸਨਮਾਨਯੋਗ ਜੀਵਨ ਲਈ ਇਹ ਦੋਵੇਂ, ਮੀਰੀ-ਪੀਰੀ ਜ਼ਰੂਰੀ ਨੇ ।

ਮਾਧੋਦਾਸ ਨੂੰ ਬਚਪਨ ਤੋਂ ਹੀ ਜੰਗਲਾਂ ਅਤੇ ਪਹਾੜਾਂ ਨਾਲ ਲਗਾਉ ਹੋਣ ਕਾਰਨ ਇਹ ਜਗ੍ਹਾ ਬਹੁਤ ਪਸੰਦ ਆਈ। ਪੰਚਵਟੀ ਵੀ ਇਥੋਂ ਨੇੜੇ ਹੀ ਸੀ । ਰਮਾਇਣ ਅਨੁਸਾਰ ਜਦੋਂ ਰਾਜਾ ਦਸਰਥ ਨੇ ਆਪਣੀ ਖੂਬਸੂਰਤ ਮੁਟਿਆਰ ਰਾਣੀ ਕੈਕਈ ਨੂੰ, ਜੋ ਕਿ ਪੱਛਮੀ ਕਸ਼ਮੀਰ ਦੀ ਸੀ, ਖੁਸ਼ ਕਰਨ ਲਈ ਆਪਣੇ ਪੁਤਰ ਰਾਮ ਚੰਦਰ ਜੀ ਨੂੰ ਲੰਬਾ ਬਨਵਾਸ ਦੇ ਦਿਤਾ ਸੀ ਤਾਂ ਉਹ ਆਪਣੀ ਸੁਪਤਨੀ ਸੀਤਾ ਜੀ ਨਾਲ ਲੰਬੇ ਸਮੇਂ ਲਈ ਇਸੇ ਪੰਚਵਟੀ ਦੇ ਸਥਾਨ ਤੇ ਰਹੇ ਸਨ। ਇਹ ਇਕ ਖੂਬਸੂਰਤ ਰਮਣੀਕ ਸਥਾਨ ਸੀ। ਸ਼ਾਂਤ ਅਤੇ ਸਹਿਜ ਵਾਤਾਵਰਨ ਕਾਰਨ ਤਪੱਸਵੀਆਂ ਨੂੰ ਸਾਧਨਾ ਕਰਨ ਲਈ ਇਹ ਸਥਾਨ ਬਹੁਤ ਪਸੰਦ ਸੀ।

ਰਾਜਸਥਾਨ ਦੇ ਤਪਦੇ ਮਾਰੂਥਲਾਂ ਵਿਚੋਂ ਦੀ ਕੀਤੀ ਔਖੀ ਅਤੇ ਲੰਬੀ ਯਾਤਰਾ ਉਪਰੰਤ ਕਤਲੀ ਦਾ ਵਾਤਾਵਰਨ ਅਤੇ ਮੌਸਮ ਬਹੁਤ ਸੁਖਾਵਾਂ ਪ੍ਰਤੀਤ ਹੁੰਦਾ ਸੀ। ਕਹਿੰਦੇ ਨੇ ਇਕ ਵੇਰਾਂ ਸੰਤ ਕਬੀਰ ਜੀ ਨੂੰ ਜੈਸਲਮੇਰ ਦੇ ਨੇੜੇ ਕਬੀਰ-ਕੀ-ਪਾਠਸਾਲ ਦੇ ਸਥਾਨ ਤੇ ਕੁਝ ਸਮਾਂ ਗੁਜ਼ਾਰਨਾ ਪਿਆ। ਇਸ ਠਹਿਰਾਉ ਦੇ ਬਹੁਤ ਤਕਲੀਫਦੇਹ ਅਤੇ ਕੌੜੇ ਤਜਰਬੇ ਨੂੰ ਪ੍ਰਗਟਾਉਂਦਾ ਇਹ ਦੋਹਾ ਕਬੀਰ ਜੀ ਨੇ ਰਚਿਆ :

ਬਾਂਗਰ ਦੇਸ ਲੂਬਨ ਕਾ ਘਰ ਹੈ, ਜਹਾਂ ਜਿਨ ਜਾਇਆ ਦਾਜਨ ਕਾ ਡਰ ਹੈ
ਸਭ ਜੱਗ ਦੇਖੀ ਕੋਈ ਨਾ ਧੀਰਾ, ਪੱੜਤ ਧੂਲ ਸਿਰ ਕਹਿਤ ਆਭੀਰਾ
ਨਾ ਤਹਾਂ ਸਰੋਵਰ ਨਾ ਤਹਾਂ ਪਾਨੀ, ਨਾ ਤਹਾਂ ਸਾਧੂ ਸਤਿਗੁਰ ਬਾਨੀ ॥

ਭੱਭਾਰ (ਰਿਆਸੀ) ਦੀਆਂ ਠੰਡੀਆਂ ਹਵਾਵਾਂ ਅਤੇ ਖੂਬਸੂਰਤ ਨਜ਼ਾਰਿਆਂ ਦੇ ਮੁਕਾਬਲੇ ਭਾਵੇਂ ਨਾਸਿਕ ਕੁਝ ਵੀ ਨਹੀਂ ਸੀ ਪਰ ਪੰਜਾਬ ਦੇ ਮੈਦਾਨਾਂ ਅਤੇ ਰਾਜਸਥਾਨ ਦੇ ਮਾਰੂਥਲਾਂ ਦੇ ਮੁਕਾਬਲੇ ਬਹੁਤ ਚੰਗਾ ਸੀ। ਮਾਧੋਦਾਸ ਇਥੇ ਅਨੰਦ ਵਿਚ ਸੀ। ਪਰ ਉਸ ਨੂੰ ਸਭ ਤੋਂ ਵੱਧ ਖੁਸ਼ੀ ਤਾਂ ਇਸ ਗੱਲ ਦੀ ਸੀ ਕਿ ਇਥੇ ਉਹ ਘੋੜ ਸਵਾਰੀ ਅਤੇ ਗੁਰੀਲਾ ਯੁੱਧ ਦੀ ਸਿਖਿਆ ਪ੍ਰਾਪਤ ਕਰ ਸਕਦਾ ਸੀ। ਹੁਣ ਉਸਦਾ ਸੁਪਨਾ ਹਕੀਕਤ ਦਾ ਰੂਪ ਧਾਰਨ ਕਰਨ ਲੱਗਿਆ ਸੀ।

ਜਿਵੇਂ ਉਪਰ ਦੱਸ ਆਏ ਹਾਂ ਨਵੰਬਰ 1675 ਤੋਂ ਸ਼ਿਵਾਜੀ ਦੇ ਰਾਜ ਦੇ ਉਤਰੀ ਭਾਗ ਦਾ ਪ੍ਰਬੰਧ ਮੋਰੋਪੰਤ ਪੇਸ਼ਵਾ ਦੇ ਹੱਥ ਸੀ। ਨਵੰਬਰ 1678 ਵਿਚ ਉਸ ਦੀਆਂ ਫੌਜਾਂ ਨਾਸਿਕ ਦੇ ਇਲਾਕੇ ਵਿਚ ਕਾਰਵਾਈ ਕਰ ਰਹੀਆਂ ਸਨ। ਉਸ ਸਮੇਂ ਅੰਦੇਸ਼ਾ ਸੀ ਕਿ ਉਸ ਦੀਆਂ ਫੌਜਾਂ ਅੰਗਰੇਜ਼ਾਂ ਹੱਥੋਂ ਖੰਡੇਰਬੀ ਅਤੇ ਉਡੇਰੀ ਵਿਚ ਮਾਰੇ ਗਏ ਉਸ ਦੇ ਬੰਦਿਆਂ ਦਾ ਬਦਲਾ ਲੈਣ

ਲਈ ਸੂਰਤ ਅਤੇ ਬੰਬਈ ਤੇ ਹਮਲਾ ਕਰ ਸਕਦੀਆਂ ਸਨ। ਉਸ ਸਮੇਂ ਮੋਰੋਪੰਤ ਪੇਸ਼ਵਾ ਨੇ ਮੱਠ ਦੀ ਯਾਤਰਾ ਕੀਤੀ ਅਤੇ ਉਥੇ ਸਵਾਮੀ ਜੀ ਦੇ ਚੇਲਿਆਂ ਨੂੰ ਨਕਲੀ ਲੜਾਈ ਲੜਦਿਆਂ ਤੱਕਿਆ। ਉਹ ਮਾਧੋਦਾਸ ਦੀ ਫੁਰਤੀ, ਦਿੱਖ ਅਤੇ ਸਰੀਰਕ ਬਣਤਰ ਤੋਂ ਬਹੁਤ ਪ੍ਰਭਾਵਤ ਹੋਇਆ। ਉਸ ਨੇ ਸਵਾਮੀ ਜੀ ਦੀ ਆਗਿਆ ਨਾਲ ਮਾਧੋਦਾਸ ਨੂੰ ਆਪਣੀ ਫੌਜ ਵਿਚ ਭਰਤੀ ਕਰਕੇ ਆਪਣੀ ਨਿੱਜੀ ਟੁਕੜੀ 'ਖਾਸਗੀ ਪਾਗਾ' ਵਿਚ ਸ਼ਾਮਿਲ ਕਰ ਲਿਆ। ਮਰਾਠਾ ਫੌਜ ਵਿਚ 'ਖਾਸਗੀ ਪਾਗਾ' ਚੋਣਵੇਂ ਫੌਜੀਆਂ ਦੀ ਇਕ ਅਜਿਹੀ ਬੇਹਤਰੀਨ ਟੁਕੜੀ ਸੀ ਜਿਹਨਾਂ ਦੀ ਤਨਖਾਹ, ਹਥਿਆਰ ਤੇ ਗੋਲੀ ਸਿੱਕਾ ਸਿਧਾ ਰਾਜ ਵਲੋਂ ਦਿਤਾ ਜਾਂਦਾ ਸੀ। 'ਖਾਸਗੀ ਪਾਗਾ' ਦਰਅਸਲ ਮੁਗਲ 'ਫੌਜੇ ਖਾਸ' ਦਾ ਅਨੁਵਾਦ ਹੈ।

****

ਪੇਸ਼ਵਾ ਫੌਜ 'ਚ

ਬਚਪਨ ਤੋਂ ਹੀ ਮਾਧੋਦਾਸ ਨੂੰ ਬਹਾਦਰਾਂ, ਯੋਧਿਆਂ ਅਤੇ ਲੜਾਈ ਦੀਆਂ ਕਹਾਣੀਆਂ ਬਹੁਤ ਚੰਗੀਆਂ ਲਗਦੀਆਂ ਸਨ। ਸਭਾਸੱਦ ਭਾਖੜ ਵਿਚ ਬਿਆਨ ਕੀਤੀ ਰਾਵਲਗੜ ਦੀ ਲੜਾਈ ਦੀ ਕਹਾਣੀ ਤਾਂ ਉਸਦੇ ਮਨ ਤੇ ਉਕਰੀ ਹੀ ਗਈ ਸੀ, ਖਾਸ ਕਰਕੇ ਸਭਾਸੱਦ ਭਾਖੜ ਵਿਚ ਦਰਸਾਈ ਮਨੁੱਖੀ ਦਲੇਰੀ ਅਤੇ ਦ੍ਰਿੜਤਾ ਕਾਰਨ। ਇਹ ਕਹਾਣੀ ਮਹਾਰਾਸ਼ਟਰ ਦੇ ਇਤਿਹਾਸ ਨਾਲ ਸਬੰਧਤ ਹੈ। ਕਹਾਣੀ ਇਉਂ ਹੈ। ਰਾਵਲਗੜ ਦੇ ਸਥਾਨ ਤੇ ਮੁਗਲ ਜਰਨੈਲ ਦਲੇਰ ਖਾਨ ਨੇ ਵੇਖਿਆ ਕਿ ਰਾਮਜੀ ਪੰਗਾੜਾ ਦੀ ਅਗਵਾਈ ਥੱਲੇ ਕੇਵਲ ਹਜ਼ਾਰ ਕੁ ਹੀ ਫੌਜੀ ਹਨ। ਉਹਨਾਂ ਦੀ ਥੋੜੀ ਗਿਣਤੀ ਦਾ ਲਾਹਾ ਲੈਂਦਿਆਂ ਦਲੇਰ ਖਾਨ ਨੇ ਤੁਰੰਤ ਉਹਨਾਂ ਤੇ ਹੱਲਾ ਕਰਨ ਦਾ ਫੈਸਲਾ ਕਰ ਲਿਆ। ਰਾਮਜੀ ਪੰਗਾੜਾ ਨੇ ਸੱਤ ਸੌ ਬੰਦਿਆਂ ਨੂੰ ਛਾਂਟਕੇ ਦੁਸ਼ਮਣ ਦਾ ਮੁਕਾਬਲਾ ਕਰਨ ਦਾ ਫੈਸਲਾ ਕੀਤਾ। ਦਲੇਰ ਖਾਨ ਦੀ ਫੌਜ ਨੇ, ਜੋ ਘੋੜਿਆਂ ਉਤੇ ਸੀ, ਇਹਨਾਂ ਸੂਰਬੀਰਾਂ ਨੂੰ ਘੇਰ ਲਿਆ ਅਤੇ ਉਹਨਾਂ ਉਪਰ ਟੁੱਟ ਪਏ। ਰਾਮਜੀ ਦੇ ਬੰਦੇ ਢਾਈ ਘੰਟੇ ਤਕ ਇੰਜ ਲੜੇ ਜਿਵੇਂ ਹੋਲੀ ਤੇ ਸੋਟੀਆਂ ਨਾਲ ਨਾਚ ਕੀਤਾ ਜਾਂਦਾ ਹੈ। ਰਾਮਜੀ ਅਤੇ ਉਸਦੇ ਯੋਧੇ ਨੰਗੇ ਧੜ ਹੋ ਕੇ ਲੜੇ ਅਤੇ ਥੋੜੇ ਸਮੇਂ ਵਿਚ ਹੀ ਉਹਨਾਂ 1200 ਪਠਾਣਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ। ਹਰ ਇਕ ਯੋਧੇ ਦੇ ਸਰੀਰ ਤੇ ਵੀਹ-ਵੀਹ, ਤੀਹ-ਤੀਹ ਫੱਟ ਸਨ ਜੋ ਤਲਵਾਰਾਂ ਅਤੇ ਤੀਰਾਂ ਨੇ ਕੀਤੇ ਸਨ। ਕਾਫੀ ਸਾਰੇ ਇਹਨਾਂ ਜ਼ਖਮਾਂ ਕਾਰਨ ਮੌਤ ਨੂੰ ਪਿਆਰੇ ਹੋ ਗਏ। ਮਰਾਠਿਆਂ ਦੀ ਬਹਾਦਰੀ ਵੇਖ ਦਲੇਰ ਖਾਨ ਨੇ ਮੂੰਹ ਵਿਚ ਉਂਗਲੀਆਂ ਪਾ ਲਈਆਂ।

ਰਾਮਜੀ ਪੰਗਾਰੇ ਦੀ ਇਸ ਸੂਰਮਗਤੀ ਦਾ ਮਾਧੋਦਾਸ ਤੇ ਏਨਾ ਡੂੰਘਾ ਅਸਰ ਹੋਇਆ ਕਿ ਉਸ ਨੇ ਰਾਮਜੀ ਨੂੰ ਆਪਣੀ ਜ਼ਿੰਦਗੀ ਦਾ ਆਦਰਸ਼ ਮਿਥ ਲਿਆ। ਉਸ ਦੀ ਦਿਲੀ ਇੱਛਾ ਸੀ ਕਿ ਜੇਕਰ ਉਹ ਰਾਮਜੀ ਪੰਗਾੜਾ ਨਹੀਂ ਵੀ ਬਣ ਸਕਦਾ ਤਾਂ ਘੱਟੋ ਘੱਟ ਉਸਦੇ ਸੰਗੀ ਯੋਧਿਆਂ ਵਰਗਾ ਤਾਂ ਜ਼ਰੂਰ ਹੀ ਬਣਕੇ ਰਹੇਗਾ। ਇਸ ਵਿਚਾਰ ਨਾਲ ਉਸਦੇ ਧੁਰ ਅੰਦਰ ਪਿਆ ਕੋਈ ਬੀਜ ਪੁੰਗਰ ਪਿਆ ਸੀ ਜਿਸ ਨੇ ਉਸਦੇ ਪੂਰੇ ਦੇ ਪੂਰੇ ਵਜੂਦ ਨੂੰ ਹਲੂਣ ਦਿਤਾ। ਉਹ ਕੁਝ ਅਜਿਹਾ ਕਰਨਾ ਲੋਚਦਾ ਸੀ ਕਿ ਉਸਦੀ ਬਹਾਦਰੀ ਦੀਆਂ ਵਾਰਾਂ ਗਾਈਆਂ ਜਾਣ ਤੇ ਉਸਦੀ ਸੂਰਮਗਤੀ ਦੀਆਂ ਕਹਾਣੀਆਂ ਲੋਕੀ ਸੁਣਨ-ਸੁਣਾਣ। ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਉਹ ਕੋਈ ਵੀ ਕੀਮਤ ਦੇਣ ਨੂੰ ਤਿਆਰ ਸੀ।

ਮੋਰੋਪੰਤ ਪੇਸ਼ਵਾ ਦੀ ਨੌਕਰੀ ਦੌਰਾਨ ਮਾਧੋਦਾਸ ਨੇ ਇਕ ਮਹੱਤਵਪੂਰਨ ਸਿਖਿਆ ਵੀ ਗ੍ਰਹਿਣ ਕੀਤੀ। ਉਸ ਸਮੇਂ ਭਾਵੇਂ ਬਹੁ-ਪਤਨੀ ਪਰਿਵਾਰਾਂ ਦਾ ਰਿਵਾਜ ਸੀ ਪਰ ਇਸਦਾ ਨਤੀਜਾ ਅਕਸਰ ਹੀ ਤਬਾਹਕੁਨ ਹੁੰਦਾ ਸੀ। ਪਿਛੋਂ ਵਿਆਹੀਆਂ ਨੌਜਵਾਨ ਪਤਨੀਆਂ

ਅਕਸਰ ਹੀ ਆਪਣੇ ਪਤੀਆਂ ਤੇ ਹਕੂਮਤ ਕਰਦੀਆਂ ਅਤੇ ਇਸ ਦਾ ਨਤੀਜਾ ਪਰਿਵਾਰ ਦੀ ਤਰੱਕੀ ਅਤੇ ਸ਼ਾਂਤੀ ਲਈ ਘਾਤਕ ਹੁੰਦਾ। ਭਾਵੇਂ ਇਹ ਰਮਾਇਣ ਵਾਲੇ ਰਾਜਾ ਦਸਰਥ ਦੀ ਨੌਜਵਾਨ ਖ਼ੂਬਸੂਰਤ ਪਤਨੀ ਕੈਕਈ ਸੀ ਜਾਂ ਸ਼ਿਵਾਜੀ ਦੀ ਸੋਯਰਬੀ, ਤਰੀਕਾ ਅਤੇ ਨਿਸ਼ਾਨਾ ਇਕੋ ਹੀ ਸੀ– ਵੱਡੇ ਪੁੱਤਰ ਦਾ ਜਾਨਸ਼ੀਨੀ ਦਾ ਜਾਇਜ਼ ਹੱਕ ਮਾਰ ਕੇ ਰਾਜ ਆਪਣੇ ਪੁੱਤਰ ਲਈ ਪ੍ਰਾਪਤ ਕਰਨਾ। ਸ਼ਿਵਾਜੀ ਦੇ ਵੱਡੇ ਪੁੱਤਰ ਸੰਭਾਜੀ ਦੇ ਮਾਮਲੇ ਵਿਚ ਵੀ ਹੂ-ਬ-ਹੂ ਅਜਿਹਾ ਹੀ ਵਾਪਰਿਆ। ਜਦੋਂ ਸੰਭਾਜੀ ਦੀ ਮਾਂ ਦੀ ਮੌਤ 1659 ਵਿਚ ਹੋਈ ਉਸ ਸਮੇਂ ਉਹ 4–5 ਸਾਲ ਦਾ ਸੀ। ਉਸਦੀ ਮਤ੍ਰੇਈ ਮਾਂ ਨੇ ਉਸਨੂੰ ਮਾਂ ਵਾਲਾ ਪਿਆਰ ਨਾ ਦਿਤਾ। ਸ਼ਿਵਾਜੀ ਦੇ ਦੂਸਰੇ ਪੁੱਤਰ ਰਾਜਾਰਾਮ ਦਾ ਜਨਮ 24 ਫਰਵਰੀ 1670 ਨੂੰ ਹੋਇਆ। ਸੋਯਰਬੀ ਦੀ ਤਮੰਨਾ ਸੀ ਕਿ ਉਸਦਾ ਪੁੱਤਰ ਰਾਜਗੱਦੀ ਸਾਂਭੇ। ਸੰਭਾਜੀ ਆਪਣਾ ਬਣਦਾ ਹਕ ਪ੍ਰਾਪਤ ਕਰਨਾ ਚਾਹੁੰਦਾ ਸੀ ਇਸੇ ਲਈ ਮਤ੍ਰੇਈ ਮਾਂ ਨਾਲ ਉਸਦੀ ਬਣਦੀ ਨਹੀਂ ਸੀ। ਬੀਜਾਪੁਰ ਵਲ ਕੂਚ ਕਰਨ ਤੋਂ ਪਹਿਲਾਂ ਜਦ ਰਾਏਗੜ ਦੀ ਕਮਾਨ ਰਾਉਜੀ ਸੋਮਨਾਥ ਨੂੰ ਦਿਤੀ ਗਈ ਉਸ ਸਮੇਂ ਇਨਸਾਫ ਦੀ ਮੰਗ ਤਾਂ ਇਹੋ ਸੀ ਕਿ ਰਾਏਗਡ ਸੰਭਾਜੀ ਨੂੰ ਸੰਭਾਲ ਦਿਤਾ ਜਾਂਦਾ ਜਿਸ ਦੀ ਉਮਰ ਉਸ ਸਮੇਂ 20 ਸਾਲ ਸੀ। ਸ਼ਿਵਾਜੀ ਦੀ ਗੈਰ ਹਾਜ਼ਰੀ 'ਚ ਰਾਜ ਕਰਨ ਦਾ ਹੱਕ ਉਸੇ ਦਾ ਬਣਦਾ ਸੀ । ਲੇਕਿਨ ਘਰੇਲੂ ਝਗੜਿਆਂ ਕਾਰਨ ਸੰਭਾਜੀ ਨੂੰ ਰਾਏਗੜ੍ਹ ਤੋਂ ਬਾਹਰ ਰਖਿਆ ਗਿਆ। ਦਰਅਸਲ ਸੰਭਾਜੀ ਦੀ ਮਾਤਾ ਦੀ ਮੌਤ 1659 ਵਿਚ ਹੋ ਗਈ ਸੀ ਅਤੇ ਉਦੋਂ ਤੋਂ ਹੀ ਸੋਯਰਬੀ (ਸੰਭਾਜੀ ਦੀ ਮਤ੍ਰੇਈ ਮਾਂ) ਸ਼ਿਵਾਜੀ ਤੇ ਹਾਵੀ ਹੋ ਗਈ ਸੀ। ਇਸੇ ਕਾਰਨ 1674 'ਚ ਜਦੋਂ ਸ਼ਿਵਾਜੀ ਨੂੰ ਰਾਜ ਤਿਲਕ ਦਿਤਾ ਗਿਆ ਉਸ ਸਮੇਂ ਨਾਲ ਦੀ ਨਾਲ ਸੋਯਰਬੀ ਨੂੰ ਭੀ ਰਾਣੀ ਦੇ ਤੌਰ ਤੇ ਤਿਲਕ ਦੇ ਦਿਤਾ ਗਿਆ। ਇਸ ਵਿਚ ਸੋਯਰਬੀ ਦੀ ਚਾਲ ਇਹ ਸੀ ਕਿ ਚਾਹੇ ਉਸਦਾ ਪੁੱਤਰ ਬਹੁਤ ਛੋਟਾ ਹੈ ਪਰ ਸ਼ਿਵਾਜੀ ਦੇ ਬਾਅਦ ਤਖਤ ਦਾ ਹਕ ਉਸਦਾ ਬਣ ਜਾਵੇ। ਇਸ ਘਰੇਲੂ ਕਲੇਸ਼ ਦਾ ਤਬਾਹਕੁਨ ਨਤੀਜਾ ਇਹ ਨਿਕਲਿਆ ਕਿ ਦਸੰਬਰ 1678 ਵਿਚ ਸੰਭਾਜੀ ਆਪਣੀ ਪਤਨੀ ਅਤੇ ਛੋਟੇ ਬੱਚੇ ਨੂੰ ਨਾਲ ਲੈ ਕੇ ਸੱਜਣਗੜ ਛੱਡ ਮੁਗਲ ਜਰਨੈਲ ਦਲੇਰ ਖਾਨ ਦੇ ਖੇਮੇ ਵਿਚ ਜਾ ਰਲਿਆ। ਉਸ ਸਮੇਂ ਦਲੇਰ ਖਾਨ ਦਾ ਡੇਰਾ ਪੇੜਗਾਉ 'ਚ ਸੀ। ਉਸਨੇ ਸ਼ਿਵਾਜੀ ਦੀ ਰਾਜਗੱਦੀ ਦੇ ਜਾਨਸ਼ੀਨ ਦੀ ਅਗਵਾਨੀ ਲਈ ਵਿਸ਼ੇਸ਼ ਦਲ ਭੇਜਿਆ। ਸੰਭਾਜੀ ਨੂੰ ਬਣਦਾ ਮਾਣ ਸਤਿਕਾਰ ਦਿਤਾ ਗਿਆ ਅਤੇ ਖੁਲ੍ਹੇ ਦਿਲ ਨਾਲ ਉਸਦੀ ਆਉ ਭਗਤ ਕੀਤੀ ਗਈ। ਦਲੇਰ ਖਾਨ ਨੇ ਸੰਭਾਜੀ ਨੂੰ ਕੀਮਤੀ ਤੋਹਫਿਆਂ ਅਤੇ ਸਤ ਹਜ਼ਾਰੀ ਮਨਸਬ ਦੇ ਅਹੁਦੇ ਨਾਲ ਨਿਵਾਜਿਆ । ਇਸ ਸਭ ਕਾਸੇ ਦਾ ਤਬਾਹਕੁਨ ਨਤੀਜਾ ਇਹ ਨਿਕਲਿਆ ਕਿ 17 ਅਪਰੈਲ 1679 ਨੂੰ ਦਲੇਰ ਖਾਨ ਦੀਆਂ ਫੌਜਾਂ ਨੇ ਸੰਭਾਜੀ ਦੀ ਅਗਵਾਈ 'ਚ ਬਿਨਾਂ ਕਿਸੇ ਮੁਕਾਬਲੇ ਦੇ ਭੁਪਾਲਗੜ ਦੇ ਕਿਲੇ ਤੇ ਕਬਜ਼ਾ ਕਰ ਲਿਆ ਜਿਹੜਾ ਕਿ ਸਤਾਰਾ ਤੋਂ ਚੜਦੀ ਵੱਲ ਸੀ । ਸ਼ਿਵਾਜੀ ਲਈ ਇਹ ਬਹੁਤ ਨਮੋਸ਼ੀ ਦੀ ਗੱਲ ਸੀ ਪਰ ਇਸ ਲਈ ਉਹ ਖੁਦ ਹੀ ਜ਼ਿੰਮੇਵਾਰ ਸੀ। ਉਸਨੇ ਆਪਣੀ ਖ਼ੂਬਸੂਰਤ ਨੌਜਵਾਨ ਪਤਨੀ ਮਗਰ ਲੱਗ ਅਜਿਹੀ ਸਥਿਤੀ ਪੈਦਾ ਹੋਣ ਦਿਤੀ। ਜੇਕਰ ਉਹ ਆਪਣੇ ਜਾਨਸ਼ੀਨ ਬਾਰੇ ਸਥਿਤੀ ਸਪਸ਼ਟ ਕਰ ਦਿੰਦਾ ਤਾਂ ਇਸ ਦੁਖਦਾਇਕ ਸਥਿਤੀ ਤੋਂ ਬਚਿਆ ਜਾ ਸਕਦਾ ਸੀ। ਉਹ ਮੁਗਲਾਂ ਅਤੇ ਬੀਜਾਪੁਰ ਦੇ ਰਾਜੇ ਨੂੰ ਤਾਂ ਕਾਬੂ ਰਖ ਸਕਿਆ ਪਰ ਆਪਣੇ ਪੁੱਤਰ ਨੂੰ ਕਾਬੂ ਨਾ ਰੱਖ ਸਕਿਆ।

ਸ਼ਿਵਾਜੀ ਦੇ ਛੋਟੇ ਪੁੱਤਰ ਰਾਜਾਰਾਮ ਦਾ ਵਿਆਹ 15 ਮਾਰਚ 1680 ਨੂੰ ਹੋਇਆ। 23 ਮਾਰਚ 1680 ਨੂੰ ਸ਼ਿਵਾਜੀ ਨੂੰ ਦਸਤਰੋਗ ਨੇ ਬਿਮਾਰ ਕਰ ਦਿਤਾ। ਸ਼ਾਇਦ ਇਸ ਦਾ ਕਾਰਨ ਵਿਆਹ ਦੀਆਂ ਖੁਸ਼ੀਆਂ ਦੌਰਾਨ ਉਸ ਵਲੋਂ ਖਾਣ-ਪੀਣ ਪ੍ਰਤੀ ਵਰਤੀ ਗਈ ਲਾਪਰਵਾਹੀ ਸੀ। ਦਸ ਦਿਨਾਂ ਦੀ ਬੀਮਾਰੀ ਉਪਰੰਤ 3 ਅਪਰੈਲ 1680 ਨੂੰ ਸ਼ਿਵਾਜੀ ਦੀ ਮੌਤ ਹੋ ਗਈ। ਮੇਜਰ ਆਰ.ਡੀ. ਪਲਸੋਕਰ ਲਿਖਦਾ ਹੈ: ਇਸ ਤਰਾਂ ਉਸ ਮਹਾਨ ਗੁਰੀਲਾ ਸੈਨਿਕ ਦੇ ਜਗਮਗਾਉਂਦੇ ਕਾਲ ਦਾ ਅੰਤ ਹੋ ਗਿਆ ਜਿਸ ਨੇ ਕਠਿਨ ਪ੍ਰਸਥਿਤੀਆਂ ਦੇ ਬਾਵਜੂਦ ਮਰਾਠਾ ਰਾਜ ਦੀ ਨੀਂਹ ਰੱਖੀ। ਸ਼ਿਵਾਜੀ ਵੱਲੋਂ ਜੋ ਰਾਜ-ਭਾਗ ਪਿਛੇ ਛੱਡਿਆ ਗਿਆ ਉਸ ਦੀਆਂ ਹੱਦਾਂ ਦੀ ਨਾ ਤਾਂ ਕੋਈ ਪੱਕੀ ਨਿਸ਼ਾਨਦੇਹੀ ਸੀ ਤੇ ਨਾ ਹੀ ਉਹ ਸਾਰੇ ਇਲਾਕੇ ਆਪਸ ਵਿਚ ਜੁੜੇ ਹੋਏ ਸਨ। ਇਸ ਤੋ ਵੀ ਵੱਧ ਕੇ ਜਿਹੜਾ ਕਾਰਨ ਇਸ ਰਾਜ ਨੂੰ ਕੰਮਜ਼ੋਰ ਕਰਦਾ ਸੀ ਉਹ ਇਹ ਸੀ ਕਿ ਇਸ ਰਾਜ ਦੇ ਵਸਨੀਕ ਆਪਣੇ ਸ਼ਾਨਦਾਰ ਆਗੂ ਪ੍ਰਤੀ ਤਾਂ ਸਮਰਪਤ ਸਨ ਪਰ ਰਾਜ ਦੇ ਤੌਰ ਤੇ ਕਿਸੇ ਇਕਾਈ ਨਾਲ ਜੁੜੇ ਹੋਏ ਨਹੀਂ ਸਨ।

ਮਰਨ ਸਮੇਂ ਸ਼ਿਵਾਜੀ ਨੂੰ ਇਕ ਸਕੂਨ ਜ਼ਰੂਰ ਸੀ ਕਿ ਉਹਨਾਂ ਦਾ ਨਰਾਜ਼ ਪੁੱਤਰ ਸੰਭਾਜੀ ਮੁਗਲ ਜਰਨੈਲ ਦਲੇਰ ਖਾਨ ਨੂੰ ਛੱਡ ਦਸੰਬਰ 1679 ਵਿਚ ਵਾਪਿਸ ਆ ਗਿਆ ਸੀ। ਜਦੋਂ ਸ਼ਿਵਾਜੀ ਨੇ ਆਪਣੇ ਪੁੱਤਰ ਨੂੰ ਭਰੋਸਾ ਦਿਵਾਇਆ ਕਿ ਉਸ ਨਾਲ ਇਨਸਾਫ ਕੀਤਾ ਜਾਵੇਗਾ ਅਤੇ ਇਹ ਵੀ ਦੱਸਿਆ ਕਿ ਬਾਦਸ਼ਾਹ ਔਰੰਗਜ਼ੇਬ ਨੇ ਸੰਭਾਜੀ ਨੂੰ ਗ੍ਰਿਫਤਾਰ ਕਰਕੇ ਆਗਰੇ ਲਿਆ ਕੇ ਮੁਸਲਮਾਨ ਬਣਾਉਣ ਦੇ ਗੁਪਤ ਹੁਕਮ ਕੀਤੇ ਹਨ ਤਾਂ ਹੀ ਸੰਭਾਜੀ ਦਾ ਮਨ ਬਦਲਿਆ ਸੀ ।ਸੰਭਾਜੀ ਨੂੰ ਜਚਾਅ ਦਿਤਾ ਗਿਆ ਸੀ ਕਿ ਉਹ ਤਾਂ ਦਲੇਰ ਖਾਨ ਦੇ ਹੱਥਾਂ ਦੀ ਕਠਪੁਤਲੀ ਹੈ। 30 ਨਵੰਬਰ 1679 ਨੂੰ ਸੰਭਾਜੀ ਆਪਣੀ ਪਤਨੀ ਅਤੇ ਪੁੱਤਰੀ ਸਮੇਤ ਬੀਜਾਪੁਰ ਪਹੁੰਚ ਗਿਆ ਅਤੇ ਉਥੋਂ ਸ਼ਿਵਾਜੀ ਦੀ ਭੇਜੀ ਹੋਈ ਫੌਜੀ ਟੁਕੜੀ ਨੇ ਉਸਨੂੰ ਸੁੱਰਖਿਅਤ ਪਨਹਾਲਾ ਪਹੁੰਚਾ ਦਿਤਾ ਜਿਥੇ ਕਿ ਉਹ 4 ਦਸੰਬਰ 1679 ਨੂੰ ਪਹੁੰਚਿਆ।

ਮੋਰੋਪੰਤ ਪੇਸ਼ਵਾ ਮਰਾਠਿਆਂ ਦੀਆਂ ਕਈ ਜਿੱਤਾਂ ਦਾ ਸਿਰਕੱਢ ਜਰਨੈਲ ਸੀ। ਇਹਨਾਂ ਵਿਚੋਂ ਇਕ ਜਿੱਤ ਨਾਸਿਕ ਦੀ ਵੀ ਸੀ। ਨਾਸਿਕ ਦਾ ਕਿਲ੍ਹਾ ਸ਼ਿਵਾਜੀ ਦੇ ਚਚੇਰੇ ਭਰਾ ਜਾਦਵ ਰਾਓ, ਜੋ ਕਿ ਮੁਗਲਾਂ ਦੀ ਨੌਕਰੀ ਕਰਦਾ ਸੀ, ਦੀ ਕਮਾਂਡ ਵਿਚ ਸੀ। ਮੋਰੋਪੰਤ ਨੇ ਜਾਦਵ ਰਾਓ ਨੂੰ ਕਰਾਰੀ ਹਾਰ ਦਿਤੀ ਅਤੇ ਇਸ ਕਿਲੇ ਤੇ ਕਬਜ਼ਾ ਕਰ ਲਿਆ। ਫਿਰ ਇਥੋਂ ਅੱਗੇ ਵਧ ਕੇ ਉਸਨੇ ਡਿਨਡੋਰੀ ਅਤੇ ਵਾਨੀ ਤੇ ਹਮਲਾ ਕੀਤਾ। ਮੁਗਲਾਂ ਦੇ ਇਕ ਕਮਾਂਡਰ ਸਿੱਦੀ ਹਲਾਲ ਨੂੰ ਹਰਾ ਕੇ ਇਕ ਕਿਲ੍ਹੇ ਤੇ ਕਬਜ਼ਾ ਕੀਤਾ। ਪਿਛੋਂ ਇਹ ਦੋਵੇਂ ਮੁਗਲ ਕਮਾਂਡਰਾਂ, ਜਾਦਵ ਰਾਓ ਅਤੇ ਸਿੱਦੀ ਹਲਾਲ ਨੇ ਸ਼ਿਵਾਜੀ ਕੋਲ ਨੌਕਰੀ ਕਰ ਲਈ।

ਸਿਰਕੱਢ ਮਰਾਠੇ ਯੋਧਿਆਂ ਵਿਚ ਮੋਰੋਪੰਤ ਪੇਸ਼ਵਾ ਅਤੇ ਪਰਤਾਪ ਰਾਉ ਗੁਜਰ ਸਰਨੋਬਤ (ਭਾਵ ਪ੍ਰਮੁੱਖ) ਦਾ ਵਿਲੱਖਣ ਸਥਾਨ ਹੈ। ਸਭਾਸੱਦ ਭਾਖੜ ਵਿਚ ਇਹਨਾਂ ਯੋਧਿਆਂ ਵਲੋਂ ਮੁਗਲਾਂ ਨਾਲ ਕੀਤੇ ਯੁੱਧ ਦਾ ਵਰਨਣ ਇਉਂ ਹੈ "ਪਠਾਰ ਵਾਲੇ ਪਾਸੇ ਤੋਂ ਪ੍ਰਤਾਪ ਰਾਉ ਆਪਣੀ ਘੋੜ ਸਵਾਰ ਫੌਜ ਨਾਲ ਆਇਆ ਅਤੇ ਕੋਨਕਨ ਵਾਲੇ ਪਾਸਿਉਂ ਮੋਰੋਪੰਤ ਪੇਸ਼ਵਾ ਅਤੇ ਦੋਵੇਂ ਫੌਜਾਂ ਸਲੇਰੀ ਦੇ ਸਥਾਨ ਤੇ ਇਕੱਠੀਆਂ ਹੋ ਗਈਆਂ। ਇਕ ਪਾਸਿਉਂ ਘੋੜ ਸਵਾਰ ਫੌਜ ਨੇ ਹਮਲਾ ਕੀਤਾ ਤੇ ਦੂਜੇ ਪਾਸਿਉਂ ਮਾਵਲਿਆਂ ਦੀ ਪਿਆਦਾ ਫੌਜ ਨੇ। ਇਕ ਘਮਾਸਾਨ ਦਾ ਯੁੱਧ ਹੋਇਆ ਜਿਹੜਾ ਕਿ ਸਾਰਾ ਦਿਨ ਚਲਦਾ ਰਿਹਾ। ਇਸ ਗਹਿਗੱਚ ਲੜਾਈ ਵਿਚ

ਮੁਗਲਾਂ, ਪਠਾਣਾਂ, ਰਾਜਪੂਤਾਂ, ਰਹੇਲਿਆਂ, ਤੋਪਚੀਆਂ, ਹਾਥੀਆਂ, ਘੋੜਿਆਂ ਤੇ ਊਠਾਂ ਨੇ ਹਿਸਾ ਲਿਆ। ਮੁਗਲਾਂ ਨੇ ਹਮਲਾ ਕਰਨ ਵਾਲਿਆਂ ਦਾ ਰਾਹ ਰੋਕਣ ਲਈ ਆਪਣੇ ਅੱਗੇ ਤੋਪਾਂ ਵਾਲੇ ਗੱਡੇ ਲਾਏ ਹੋਏ ਸਨ। ਲੜਾਈ ਦੌਰਾਨ ਇੰਨੀ ਧੂੜ ਅਸਮਾਨ ਨੂੰ ਚੜੀ ਹੋਈ ਸੀ ਕਿ 36 ਵਰਗ ਮੀਲ ਦੇ ਯੁਧ ਖੇਤਰ ਵਿਚ ਇਕ ਦੂਜੇ ਨੂੰ ਪਛਾਣਨਾ ਵੀ ਮੁਸ਼ਕਲ ਸੀ। ਮਰਾਠਿਆਂ ਦਾ ਹੱਲਾ ਰੋਕਣ ਲਈ ਹਾਥੀ ਵਰਤੇ ਗਏ। ਦੋਨਾਂ ਪਾਸਿਆਂ ਦੇ ਕਰੀਬ ਦਸ ਹਜ਼ਾਰ ਸੈਨਿਕ ਮਾਰੇ ਗਏ। ਅਣਗਿਣਤ ਹਾਥੀ ਘੋੜੇ ਤੇ ਊਠ ਵੀ ਮਾਰੇ ਗਏ। ਲੜਾਈ ਇੰਨੀ ਭਿਆਨਕ ਸੀ ਕਿ ਲਹੂ ਦੇ ਦਰਿਆ ਵੱਗ ਤੁਰੇ। ਪੈਦਲ ਚਲਣ ਵਾਲੇ ਲਹੂ ਅਤੇ ਮਿਟੀ ਦੇ ਬਣੇ ਚਿੱਕੜ ਵਿਚੀਂ ਲੰਘਦੇ ਸਨ। ਮਰਾਠਿਆਂ ਨੇ 6000 ਘੋੜੇ ਫੜ ਕੇ ਆਪਣੇ ਰਾਜਾ ਸ਼ਿਵਾਜੀ ਨੂੰ ਭੇਜ ਦਿਤੇ। ਇਸ ਤੋਂ ਇਲਾਵਾ ਉਹਨਾਂ 125 ਹਾਥੀ, 6000 ਊਠ, 22 ਉਚੇ ਅਹੁਦਿਆਂ ਵਾਲੇ ਸਰਦਾਰ, ਵੱਡੀ ਮਾਤਰਾ ਵਿਚ ਨਕਦੀ, ਹੀਰੇ-ਜਵਾਹਰਾਤ, ਕੱਪੜੇ ਅਤੇ ਟੈਂਟ ਪ੍ਰਾਪਤ ਕੀਤੇ। ਇਖਲਾਸ ਖਾਨ ਜ਼ਖਮੀ ਹੋ ਗਿਆ। ਕਈ ਹਜ਼ਾਰ ਦੁਸ਼ਮਣ ਦੇ ਸੈਨਿਕ ਭੱਜ ਗਏ। ਮੁਗਲ ਫੌਜ ਪੂਰੀ ਤਰਾਂ ਤਬਾਹ ਕਰ ਦਿਤੀ ਗਈ। ਸਰਨੋਬਤ ਪ੍ਰਤਾਪ ਰਾਉ, ਮੋਰੋਪੰਤ ਪੇਸ਼ਵਾ ਅਤੇ ਤੇਰਾਂ ਹੋਰਨਾਂ ਨੇ (ਜਿਹਨਾਂ ਦਾ ਨਾਂ ਵਾਰ ਵੇਰਵਾ ਦਰਜ ਹੈ) ਵਿੱਲਖਣ ਦਲੇਰੀ ਦਾ ਸਬੂਤ ਦਿਤਾ। ਪੰਚ-ਹਜ਼ਾਰੀ ਸੁਰਿਆਂ ਰਾਉ ਕਾਕੜੀ ਮਾਰਿਆ ਗਿਆ। ਉਹ ਇੰਨੀ ਬਹਾਦਰੀ ਨਾਲ ਲੜਿਆ ਕਿ ਉਸ ਦੀ ਤੁਲਨਾ ਮਹਾਭਾਰਤ ਦੇ ਕਰਣ ਨਾਲ ਕਰਨੀ ਬਣਦੀ ਹੈ। ਇਸ ਤਰ੍ਹਾਂ ਇਹ ਜਿੱਤ ਪ੍ਰਾਪਤ ਕੀਤੀ ਗਈ।"

ਸ਼ਿਵਾਜੀ ਦੀ ਮੌਤ ਅਪਰੈਲ 1680 ਵਿਚ ਹੋਈ ਅਤੇ ਇਸਦੇ ਨਾਲ ਹੀ ਸ਼ਿਵਾਜੀ ਦੀ ਜਾਨਸ਼ੀਨੀ ਲਈ ਲੜਾਈ ਦੀ ਸ਼ੁਰੂਆਤ ਹੋ ਗਈ। ਸੋਯਰਬੀ ਇਸ ਗੱਲ ਤੇ ਬਜਿਦ ਸੀ ਕਿ ਕੇਵਲ ਰਾਜਾਰਾਮ ਹੀ ਸ਼ਿਵਾਜੀ ਦਾ ਉਚਿਤ ਵਾਰਸ ਹੈ। ਸਟੀਵਰਟ ਗੋਰਡਨ (ਪੁਸਤਕ ਮਰਾਠੇ 1600-1818) ਲਿਖਦਾ ਹੈ "ਸ਼ਿਵਾਜੀ ਦੀ ਮੌਤ ਤੋਂ ਤੁਰੰਤ ਬਾਅਦ ਕੁਝ ਮੰਤਰੀਆਂ ਅਤੇ ਸ਼ਿਵਾਜੀ ਦੀ ਇਕ ਪਤਨੀ (ਸੋਯਰਬੀ) ਨੇ ਰਲ ਕੇ ਰਾਜਾਰਾਮ (ਜੋ ਕਿ ਕੇਵਲ ਅੱਠ ਸਾਲ ਦਾ ਸੀ) ਦੀ ਤਾਜਪੋਸ਼ੀ ਕਰ ਦਿਤੀ। ਝਟਪਟ ਹੀ ਸੰਭਾਜੀ ਅਤੇ ਕਈ ਤਾਕਤਵਰ ਮਰਾਠਿਆਂ ਵਲੋਂ ਇਸਦਾ ਵਿਰੋਧ ਕੀਤਾ ਗਿਆ। ਦੂਜੇ ਬੰਨੇ ਸੰਭਾਜੀ ਅਤੇ ਉਸਦੇ ਸਮਰਥਕਾਂ ਵਲੋਂ, ਜਿਹਨਾਂ ਵਿਚ ਕਿ ਮੋਰੋਪੰਤ ਪੇਸ਼ਵਾ ਵੀ ਸ਼ਾਮਿਲ ਸੀ, ਦਾ ਕਹਿਣਾ ਸੀ ਕਿ ਸ਼ਿਵਾਜੀ ਨੇ ਸੰਭਾਜੀ ਨੂੰ ਭਰੋਸਾ ਦਿਵਾਇਆ ਸੀ ਕਿ ਜੇਕਰ ਉਹ ਮੁਗਲਾਂ ਦਾ ਸਾਥ ਛੱਡ ਕੇ ਵਾਪਿਸ ਘਰ ਆ ਜਾਵੇ ਤਾਂ ਕੁਦਰਤੀ ਤੌਰ ਤੇ ਉਹੀ ਉਹਨਾਂ ਦਾ ਵਾਰਿਸ ਹੋਵੇਗਾ। ਇਸ ਖਿਚੋਤਾਣ ਨੂੰ ਹੱਲ ਹੋਣ ਵਿਚ ਇਕ ਸਾਲ ਦਾ ਸਮਾਂ ਲਗ ਗਿਆ।" ਜੋਹਨ ਕੀਅ ਲਿਖਦਾ ਹੈ "ਜਾਨਸ਼ੀਨੀ ਦੇ ਝਗੜੇ ਕਾਰਨ ਮਰਾਠਾ ਸਰਦਾਰਾਂ ਦੀ ਫੁੱਟ ਹੋਰ ਵਧ ਗਈ ਸੀ। ਪਰ ਜਦੋਂ ਸੰਨ 1681 ਵਿਚ ਮੁਕਾਬਲਾ ਕਰ ਰਹੇ ਦੋ ਪੁੱਤਰਾਂ ਵਿਚੋਂ ਸੰਭਾਜੀ ਦਾ ਹੱਥ ਉਪਰ ਹੋ ਗਿਆ ਤਾਂ ਉਸਨੇ ਆਪਣੀ ਤਾਜਪੋਸ਼ੀ ਕਰਵਾ ਲਈ ਅਤੇ ਆਪਣੇ ਪਿਤਾ ਦੀਆਂ ਵਿਸਤਾਰਵਾਦੀ ਨੀਤੀਆਂ ਫਿਰ ਚਾਲੂ ਕਰ ਦਿਤੀਆਂ।"

ਔਰੰਗਜ਼ੇਬ ਦੇ ਚੌਥੇ ਪੁੱਤਰ ਅਕਬਰ ਨੂੰ ਪਹਿਲਾਂ ਤਾਂ ਰਾਜਪੂਤ ਸਰਦਾਰਾਂ ਨੇ ਉਕਸਾਇਆ ਕਿ ਉਹ ਆਪਣੇ ਬਾਪ ਵਿਰੁਧ ਵਿਦਰੋਹ ਦਾ ਝੰਡਾ ਚੁਕੇ ਪਰ ਫਿਰ ਪਿਛੇ ਹਟ ਗਏ। ਮੱਦਦ ਲਈ ਉਸਨੇ ਸੰਭਾਜੀ ਨਾਲ ਵੀ ਮੁਲਾਕਾਤ ਕੀਤੀ। ਸਟੀਵਰਟ ਗੋਰਡਨ ਲਿਖਦਾ ਹੈ

"ਸ਼ਹਿਜ਼ਾਦਾ ਅਕਬਰ ਨੇ ਸੰਭਾਜੀ ਕੋਲ ਪਨਾਹ ਲੈ ਲਈ। ਸੰਭਾਜੀ ਉਸ ਸਮੇਂ ਆਪਣੀਆਂ ਹੀ ਮੁਸ਼ਕਲਾਂ ਵਿਚ ਘਿਰਿਆ ਹੋਇਆ ਸੀ, ਖਾਸ ਤੌਰ ਤੇ ਉਸਨੂੰ ਜ਼ਹਿਰ ਦੇ ਕੇ ਮਾਰ ਕੇ ਉਸ ਦੇ ਛੋਟੇ ਭਰਾ ਨੂੰ ਰਾਜਗੱਦੀ ਤੇ ਬਿਠਾਉਣ ਦੇ ਇਕ ਵੱਡੇ ਛੜਯੰਤਰ ਵਿਚ। ਸ਼ਹਿਜ਼ਾਦਾ ਅਕਬਰ ਨੇ ਸੰਭਾਜੀ ਨੂੰ ਦੱਸਿਆ ਕਿ ਉਸ ਦੇ ਵਿਰੋਧੀਆਂ ਨੇ ਮੱਦਦ ਦੇ ਇਵਜ ਵਿਚ ਉਸਨੂੰ ਸੰਭਾਜੀ ਦੇ ਰਾਜ ਦਾ ਇਕ ਵੱਡਾ ਹਿੱਸਾ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ। ਇਸ ਲਈ ਸੰਭਾਜੀ ਸ਼ਹਿਜ਼ਾਦੇ ਦਾ ਅਹਿਸਾਨਮੰਦ ਸੀ। ਜਦੋਂ ਸੰਭਾਜੀ ਨੂੰ ਸਾਜ਼ਿਸ਼ ਵਿਚ ਸ਼ਾਮਿਲ ਵਿਅਕਤੀਆਂ ਦੀ ਨਿਸ਼ਾਨਦੇਹੀ ਹੋ ਗਈ ਤਾਂ ਉਸਨੇ ਅਸਾਨੀ ਨਾਲ ਇਸ ਸਾਜ਼ਿਸ਼ ਨੂੰ ਨਾਕਾਮ ਬਣਾ ਦਿਤਾ। ਉਪਰੰਤ ਉਸਨੇ ਪ੍ਰਮੁੱਖ ਜ਼ਿਮੀਂਦਾਰ ਖਾਨਦਾਨਾਂ ਦੇ 20-25 ਵਿਅਕਤੀਆਂ ਨੂੰ ਜੋ ਕਿ ਇਸ ਸਾਜ਼ਿਸ਼ ਵਿਚ ਸ਼ਾਮਿਲ ਸਨ, ਮੁਕਦਮਾ ਚਲਾ ਮੌਤ ਦੇ ਘਾਟ ਉਤਾਰ ਦਿਤਾ।" ਜਦੋਂ ਔਰੰਗਜ਼ੇਬ ਨੂੰ ਇਹ ਸਭ ਜਾਣਕਾਰੀ ਮਿਲੀ ਤਾਂ ਉਸਨੇ ਆਪਣੇ ਬਾਗੀ ਪੁੱਤਰ ਨਾਲ ਰਲ ਕੇ ਰਾਜਪੂਤ ਅਤੇ ਮਰਾਠਿਆਂ ਵੱਲੋਂ ਬਣਾਏ ਜਾਣ ਵਾਲੇ ਸੰਭਾਵਿਤ ਗਠ-ਜੋੜ ਨੂੰ ਖਤਮ ਕਰਨ ਲਈ ਆਪਣਾ ਹੈਡਕੁਆਰਟਰ ਦੱਖਣ ਵਿਚ ਤਬਦੀਲ ਕਰਨ ਦਾ ਫੈਸਲਾ ਕੀਤਾ। ਉਹ ਸ਼ਾਹੀ ਦਰਬਾਰ, ਪ੍ਰਬੰਧਕੀ ਅਮਲੇ ਫੈਲੇ ਅਤੇ ਕਰੀਬ 1,80,000 ਦੇ ਸ਼ਾਹੀ ਲਸ਼ਕਰ ਨਾਲ ਦੱਖਣ ਵੱਲ ਚਲ ਪਿਆ। ਉਧਰ ਸੰਭਾਜੀ ਆਪਣੀਆਂ ਮਜਬੂਰੀਆਂ ਅਤੇ ਸਹਿਜ਼ਾਦੇ ਨੂੰ ਪਨਾਹ ਦੇਣ ਨਾਲ ਪੈਦਾ ਹੋਣ ਵਾਲੇ ਖਤਰਿਆਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਸੀ। ਉਸਨੂੰ ਪਤਾ ਸੀ ਕਿ ਕਈ ਮਰਾਠਾ ਸਰਦਾਰ ਉਸ ਦੀ ਤਾਜਪੋਸ਼ ਤੇ ਖੁਸ਼ ਨਹੀਂ ਤੇ ਉਹਨਾਂ ਦੀ ਵਫਾਦਾਰੀ ਹਾਲੇ ਵੀ ਉਸ ਦੀ ਮਤ੍ਰੇਈ ਮਾਂ ਨਾਲ ਸੀ। ਸ਼ਾਹੀ ਫੌਜਾਂ ਮਰਾਠਾ ਰਾਜ ਦੇ ਉਤਰੀ ਭਾਗ ਵਿਚ ਘੁਸ ਚੁੱਕੀਆਂ ਸਨ। ਸੋ ਉਸਨੇ ਸਹਿਜ਼ਾਦਾ ਅਕਬਰ ਦੀ ਸਾਰੇ ਭਾਰਤ ਚੋਂ ਮੁਗਲਾਂ ਖਿਲਾਫ ਸੰਘਰਸ਼ ਸ਼ੁਰੂ ਕਰਨ ਦੀ ਸਕੀਮ ਤੋਂ ਪਾਸਾ ਵੱਟਣਾ ਹੀ ਮੁਨਾਸਬ ਸਮਝਿਆ। ਉਸਨੇ ਆਪਣਾ ਸਾਰਾ ਧਿਆਨ ਆਪਣੇ ਤੱਟੀ ਪੜੋਸੀਆਂ ਵੱਲ ਕੇਂਦਰਤ ਕਰਨ ਦਾ ਫੈਸਲਾ ਕੀਤਾ।

ਸੰਭਾਜੀ ਦੇ ਰਾਜ ਦੇ ਆਖਰੀ ਸਮੇਂ ਤੇ ਪਾਸਾ ਬਦਲਣ ਦੀਆਂ ਘਟਨਾਵਾਂ ਵਿਚ ਕਾਫੀ ਵਾਧਾ ਹੋ ਗਿਆ ਸੀ। ਮਿਸਾਲ ਦੇ ਤੌਰ ਤੇ ਉਸਨੇ ਦੱਖਣੀ ਕੋਨਕਣ ਵਿਚ ਦੇਸ਼ਮੁਖ ਖਾਨਦਾਨਾਂ ਨੂੰ ਆਪਣੇ ਵਿਰੁਧ ਕਰ ਲਿਆ ਸੀ ਕਿਉਂਕਿ ਉਸ ਨੇ ਉਹਨਾਂ ਦੇ ਕਈ ਪਿੰਡ ਫੂਕ ਦਿੱਤੇ ਸਨ। ਅੰਦਰੂਨੀ ਤੌਰ ਤੇ ਵੀ ਇਹਨਾਂ ਖਾਨਦਾਨਾਂ ਵਿਚ ਰਣਨੀਤਕ ਨੀਤੀ ਬਾਰੇ ਇਕਸੁਰਤਾ ਨਹੀਂ ਸੀ। ਇਹਨਾਂ ਪਰਿਵਾਰਾਂ ਦੇ ਕੁਝ ਮੈਂਬਰ ਤਾਂ ਮੁਗਲਾਂ ਨਾਲ ਸੁਲਹ-ਸਫਾਈ ਦੇ ਹੱਕ ਵਿਚ ਸਨ ਤੇ ਕੁਝ ਵਿਰੋਧ ਜਾਰੀ ਰੱਖਣ ਦੇ ਹੱਕ ਵਿਚ। ਸੰਨ 1688 ਵਿਚ ਸੰਭਾਜੀ ਨੇ ਸ਼ਿਰਕੀ ਦੇ ਕੋੜਮੇਂ ਤੇ ਵੀ ਹੱਲਾ ਬੋਲ ਦਿਤਾ ਭਾਵੇਂ ਕਿ ਉਹ ਉਸਦੇ ਨਜ਼ਦੀਕੀ ਰਿਸ਼ਤੇਦਾਰ ਸਨ। ਸਾਜ਼ਿਸ਼ਾਂ ਅਤੇ ਗੱਦਾਰੀਆਂ ਦੇ ਇਸ ਤੇਜ਼ ਦੌਰ ਵਿਚ ਸੰਭਾਜੀ ਦਾ ਡਿਗਣਾ ਪ੍ਰਤੱਖ ਸੀ। ਮੁਗਲਾਂ ਨੂੰ ਜਿੱਤਾ ਪ੍ਰਾਪਤ ਹੋ ਰਹੀਆਂ ਸਨ। ਫਰਵਰੀ 1689 ਦੇ ਸ਼ੁਰੂ ਵਿਚ ਜਦੋਂ ਸੰਭਾਜੀ ਪਨਹਾਲੇ ਤੋਂ ਰਾਏਗੜ ਦੇ ਕਿਲੇ ਨੂੰ ਜਾ ਰਿਹਾ ਸੀ ਤਾਂ ਉਹ ਮੁਗਲ ਫੌਜਾਂ ਦੇ ਢੱਹੇ ਚੜ੍ਹ ਗਿਆ। ਉਸ ਨੂੰ ਫੜ ਕੇ ਔਰੰਗਜ਼ੇਬ ਦੇ ਖੇਮੇ ਵਿਚ ਲਿਆਂਦਾ ਗਿਆ ਜਿਥੇ ਉਸਨੂੰ ਤਸੀਹੇ ਦੇ ਕੇ ਕਤਲ ਕਰ ਦਿਤਾ ਗਿਆ। ਇਸ ਤਰ੍ਹਾਂ ਸ਼ਿਵਾਜੀ ਦਾ ਰਾਜ ਬਿਖਰ ਗਿਆ। ਖਾਨਦੇਸ਼ ਅਤੇ ਉਤਰੀ ਮਹਾਰਾਸ਼ਟਰ ਦੇ ਵੱਡੇ ਹਿੱਸੇ ਤੇ ਮੁਗਲਾਂ ਦਾ ਕਬਜ਼ਾ ਹੋ ਗਿਆ। ਮਰਹੱਟਿਆਂ 'ਚ ਭਗਦੜ ਮੱਚੀ ਹੋਈ ਸੀ ਤੇ ਹਰ ਕੋਈ ਜਾਨ ਬਚਾਉਂਦਾ ਫਿਰਦਾ ਸੀ ਤੇ ਇਹਨਾਂ ਵਿਚ ਮਾਧੋਦਾਸ ਬੈਰਾਗੀ ਵੀ ਸ਼ਾਮਿਲ ਸੀ।

ਸੈਨਿਕ ਤੋਂ ਤਾਂਤਰਿਕ ਤਕ ਦਾ ਸਫ਼ਰ

ਮਾਧੋਦਾਸ ਦੇ ਇਕ ਮਾਹਰ ਤਾਂਤਰਿਕ ਹੋਣ ਬਾਰੇ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ। ਉਸਦੀਆਂ ਅਲੌਕਾਰੀ ਸ਼ਕਤੀਆਂ ਬਾਰੇ ਚਰਚਾ ਤਾਂ ਖਾਫੀ ਖਾਂ ਵਰਗੇ ਮੁਸਲਿਮ ਲਿਖਾਰੀ ਨੇ ਵੀ ਕੀਤੀ ਹੈ। ਤਕਦੀਰ ਦਾ ਐਸਾ ਕਿਹੜਾ ਸੰਜੋਗ ਸੀ ਜਿਸਨੇ ਇਕ ਸੈਨਿਕ ਦੇ ਹੱਥੋਂ ਤਲਵਾਰ ਖੋਹ ਉਸਨੂੰ ਇਕ ਤਾਂਤਰਿਕ ਦਾ ਚੋਲਾ ਪਹਿਨਾ ਦਿਤਾ ?

ਮਾਧੋਦਾਸ ਦੇ ਮੁਰਸ਼ਦ ਸਵਾਮੀ ਰਾਮਦਾਸ ਸਮਰੱਥ ਦੀ ਮੌਤ ਸੰਨ 1682 ਦੇ ਨੇੜੇ ਤੇੜੇ ਹੋਈ। ਉਸਦੇ ਜਾਣ ਨਾਲ ਕਤਲੀ ਸਥਿਤ ਮੱਠ ਦੀ ਤਾਂ ਰੂਹ ਹੀ ਉਡ ਗਈ ਤੇ ਨਾਲ ਹੀ ਉਡ ਗਿਆ ਉਥੋਂ ਦਾ ਅਨੁਸ਼ਾਸਨ ਤੇ ਥਰਕਦੀ ਪ੍ਰਾਣ ਸ਼ਕਤੀ। ਸੈਨਿਕ ਦੇ ਆਪਣੇ ਪਿਆਰੇ ਕਿੱਤੇ ਨੂੰ ਤਿਆਗ ਕੇ ਜਦੋਂ ਸੰਨ 1691 ਵਿਚ ਮਾਧੋਦਾਸ ਮੱਠ ਵਿਚ ਪਹੁੰਚਿਆ ਤਾਂ ਉਸਨੇ ਮੱਠ ਦੀ ਦੁਰਦਸ਼ਾ ਵੇਖੀ। ਮਾਧੋਦਾਸ ਗੋਆ ਅਤੇ ਚਾਉਲ ਦੀਆਂ ਲੜਾਈਆਂ ਵਿਚ ਹਿਸਾ ਲੈ ਚੁਕਿਆ ਸੀ ਅਤੇ ਮੁਗਲ ਫੌਜੀ ਟੁਕੜੀਆਂ ਨਾਲ ਕਾਫੀ ਸਾਰੀਆਂ ਝੜਪਾਂ ਵਿਚ ਵੀ ਸ਼ਾਮਿਲ ਰਿਹਾ ਸੀ। ਕਈ ਮੌਕਿਆਂ ਤੇ ਮੁਗਲਾਂ ਦੀ ਰਸਦ ਨੂੰ ਉਹਨਾਂ ਤੱਕ ਪਹੁੰਚਣ ਤੋਂ ਰੋਕਣ ਦੀ ਕਾਰਵਾਈ ਵਿਚ ਵੀ ਹਿਸਾ ਲੈ ਚੁਕਾ ਸੀ। ਪਰ ਜਦੋਂ ਮਸ਼ਹੂਰ ਮਰਾਠਾ ਖਾਨਦਾਨ ਛੋਟੀਆਂ ਛੋਟੀਆਂ ਗਰਜਾਂ ਪਿਛੇ ਇਕ ਇਕ ਕਰਕੇ ਮੁਗਲਾਂ ਨਾਲ ਰਲਦੇ ਉਸਨੇ ਵੇਖੇ ਤਾਂ ਉਸਨੂੰ ਬਹੁਤ ਧੱਕਾ ਲੱਗਿਆ।ਉਸਨੂੰ ਹੈਰਾਨੀ ਹੋਈ ਕਿ ਕਿਵੇਂ ਮਸ਼ਹੂਰ ਅਤੇ ਤਾਕਤਵਰ ਦੇਸ਼ਮੁਖ ਮਰਾਠਿਆਂ ਨੇ ਆਪਣੀ ਅੰਤਰ-ਆਤਮਾ ਨੂੰ ਮਾਰ ਕੇ ਉਹਨਾਂ ਨਾਲ ਹੀ ਹੱਥ ਮਿਲਾ ਲਿਆ ਜਿਹਨਾਂ ਨੇ ਉਹਨਾਂ ਦੀਆਂ ਫੌਜਾਂ ਨੂੰ ਹਰਾਇਆ ਸੀ ਅਤੇ ਉਹਨਾਂ ਦੇ ਪੇਂਡੂ ਖੇਤਰ ਨੂੰ ਬਰਬਾਦ ਕੀਤਾ ਸੀ। ਫਿਰ ਇਹਨਾਂ ਦੀ ਸਹਾਇਤਾ ਨਾਲ ਹੀ ਮੁਗਲ ਫੌਜਾਂ ਨੇ ਮਰਾਠਿਆਂ ਦੇ ਗੜ੍ਹਾਂ ਤੇ ਕਬਜ਼ਾ ਕਰਕੇ ਸੰਭਾਜੀ ਦੀਆਂ ਫੌਜਾਂ ਨੂੰ ਕੁਝ ਇਕ ਕਿਲ੍ਹਿਆਂ ਤੱਕ ਹੀ ਮਹਿਦੂਦ ਕਰ ਦਿਤਾ ਸੀ। ਸਾਰੀ ਵਾਹੀ ਯੋਗ ਜ਼ਮੀਨ ਤੇ ਵੀ ਮੁਗਲਾਂ ਨੇ ਕਬਜ਼ਾ ਕਰ ਲਿਆ ਸੀ। ਸ਼ਿਵਾਜੀ ਦੇ ਬੇਟੇ ਸੰਭਾਜੀ ਤੇ ਉਸ ਦੇ ਵਜੀਰ ਕਵੀ ਕਲਾਸ ਦੀਆਂ ਜੀਭਾਂ ਵੱਢ ਦਿਤੀਆਂ ਗਈਆਂ ਸਨ ਕਿਉਂਕਿ ਉਹ ਕਥਿਤ ਤੌਰ ਤੇ ਬਾਦਸ਼ਾਹ ਅਤੇ ਪੈਗੰਬਰ ਵਿਰੁਧ ਬੋਲਦੇ ਸਨ। ਫਿਰ ਇਹਨਾਂ ਦੋਵਾਂ ਨੂੰ ਗਿਆਰਾਂ ਹੋਰ ਸਾਥੀਆਂ ਸਮੇਤ ਵੱਖ ਵੱਖ ਤਰ੍ਹਾਂ ਦੇ ਤਸੀਹੇ ਦੇ ਕੇ ਮਾਰਿਆ ਗਿਆ ਸੀ। ਇਹ ਕਾਰਵਾਈ 24 ਦਿਨਾਂ ਤਕ ਜਾਰੀ ਰਹੀ। ਇਸ ਉਪਰੰਤ ਸੰਭਾਜੀ ਅਤੇ ਕਵੀ ਕਲਾਸ ਦੇ ਸਿਰਾਂ ਦੀ ਚਮੜੀ ਉਧੇੜ ਕੇ ਉਸ ਵਿਚ ਫੂਸ ਭਰ ਦਿਤਾ ਗਿਆ ਅਤੇ ਇਹਨਾਂ ਨੂੰ ਦੱਖਣ ਦੇ ਸ਼ਹਿਰਾਂ ਅਤੇ ਕਸਬਿਆਂ ਵਿਚ ਬਾਜੇ-ਗਾਜੇ ਨਾਲ ਘੁਮਾਇਆ ਗਿਆ। ਇਹ ਸਭ ਮਾਧੋਦਾਸ ਨੇ ਵੇਖਿਆ। ਹੁਣ ਉਸਨੂੰ ਯਕੀਨ ਹੋ ਗਿਆ ਸੀ ਕਿ ਬਾਦਸ਼ਾਹ ਔਰੰਗਜ਼ੇਬ ਦੇ ਜਿਉਂਦੇ ਜੀ ਮੁਗਲ ਹਕੂਮਤ ਦਾ ਖਾਤਮਾ ਅਸੰਭਵ ਸੀ। ਜਦੋਂ ਤੱਕ ਰਾਜਾ ਜੈ ਸਿੰਘ ਉਸ ਦਾ ਪੁੱਤਰ ਰਾਜਾ ਰਾਮ ਸਿੰਘ ਅਤੇ ਹੋਰ ਰਾਜਪੂਤ ਅਤੇ ਜੱਟ ਜਰਨੈਲ ਔਰੰਗਜ਼ੇਬ ਨਾਲ ਹਨ ਤਾਂ

ਕੋਈ ਵੀ ਹਥਿਆਰਬੰਦ ਵਿਦਰੋਹ ਲੰਬਾ ਸਮਾਂ ਨਹੀਂ ਟਿਕ ਸਕਦਾ। ਉਸਨੂੰ ਰਿਆਸੀ ਦੇ ਸਿਕਲੀਗਰ ਮੁੰਡਿਆਂ ਦੇ ਪੈਗੰਬਰੀ ਸ਼ਬਦ ਯਾਦ ਆਏ ਕਿ ਹਿੰਦੂਆਂ ਨੂੰ ਮੁਗਲ ਸਲਤਨਤ ਦੇ ਖਾਤਮੇ ਲਈ ਔਰੰਗਜ਼ੇਬ ਦੀ ਮੌਤ ਤਕ ਇੰਤਜ਼ਾਰ ਕਰਨਾ ਪਵੇਗਾ। ਮੁਗਲ ਸਲਤਨਤ ਇੰਨੀ ਵਿਸ਼ਾਲ ਅਤੇ ਮਜ਼ਬੂਤ ਸੀ ਕਿ ਬਾਹਰੋਂ ਹਮਲਾ ਕਰਕੇ ਇਸ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਬਾਦਸ਼ਾਹ ਦੇ ਵਾਰਸਾਂ ਵਿਚ ਤਖਤ ਲਈ ਘਰੋਗੀ ਯੁਧ ਹੀ ਇਸ ਸਲਤਨਮ ਨੂੰ ਕਮਜ਼ੋਰ ਕਰ ਸਕਦਾ ਹੈ। ਇਹਨਾਂ ਸਾਰੇ ਹਾਲਾਤ ਕਾਰਨ ਉਪਜੀ ਨਿਰਾਸ਼ਾ ਵਿਚ ਹੀ ਉਸਨੇ ਵਾਪਿਸ ਮੱਠ ਵਿਚ ਆਉਣ ਦਾ ਫੈਸਲਾ ਕੀਤਾ ਸੀ। ਪਰ ਮੱਠ ਵਿਚ ਤਾਂ ਉਸਨੂੰ ਨੀਚ ਘੁਸਪੈਠੀਆ ਹੀ ਸਮਝਿਆ ਗਿਆ। ਇਸ ਨਾਲ ਉਸਨੂੰ ਠੇਸ ਤਾਂ ਲਗੀ ਪਰ ਉਹ ਹੋਰ ਜਾਂਦਾ ਵੀ ਕਿਥੇ। ਉਸਨੇ ਬੜੇ ਠਰ੍ਹੰਮੇ ਨਾਲ ਇਸ ਬੇਇਜ਼ਤੀ ਨੂੰ ਬਰਦਾਸ਼ਤ ਇਸੇ ਉਮੀਦ ਵਿਚ ਕੀਤਾ ਕਿ ਛੇਤੀ ਹੀ ਕੋਈ ਰਾਹ ਨਿਕਲ ਆਏਗਾ।

ਰੁਖਾ-ਸੁਖਾ ਨਾਸ਼ਤਾ ਕਰ ਮਾਧੋਦਾਸ ਗੋਦਾਵਰੀ ਦੇ ਕੰਢੇ ਪਹੁੰਚ ਇਕ ਚਟਾਨ ਉਪਰ ਸਾਰਾ ਦਿਨ ਬੈਠਾ ਰਹਿੰਦਾ। ਉਹ ਸੋਚਾਂ ਵਿਚ ਡੁਬਿਆ ਰਹਿੰਦਾ ਜਾਂ ਫਿਰ ਨਦੀ ਦੇ ਵਹਿੰਦੇ ਪਾਣੀ ਦੀਆਂ ਅਠਖੇਲੀਆਂ ਨਾਲ ਪੈਦਾ ਹੋਇਆ ਸੰਗੀਤ ਸੁਣਦਾ ਰਹਿੰਦਾ। ਬੈਠਿਆਂ ਬੈਠਿਆਂ ਕਈ ਵੇਰਾਂ ਉਸਨੂੰ ਇੰਝ ਪ੍ਰਤੀਤ ਹੁੰਦਾ ਜਿਵੇਂ ਕਿ ਉਹ ਪਰਮਾਤਮਾ ਨਾਲ ਗੱਲਾਂ ਕਰ ਰਿਹਾ ਹੋਵੇ। ਸੂਰਜ ਦੇ ਛਿਪਣ ਤੇ ਜਦੋਂ ਉਹ ਆਪਣੀ ਕੁੱਲੀ 'ਚ ਪਹੁੰਚਦਾ ਤਾਂ ਇਕ ਅਜੀਬ ਜਿਹੇ ਇਕੱਲੇਪਣ ਦਾ ਅਹਿਸਾਸ ਉਸਦੇ ਪੂਰੇ ਵਜੂਦ ਨੂੰ ਘੇਰ ਲੈਂਦਾ। ਉਹ ਗਵਾਚਿਆ ਜਿਹਾ ਮਹਿਸੂਸ ਕਰਦਾ। ਇਕ ਬੌਂਦਲਿਆ ਜਿਹਾ ਇਨਸਾਨ ਜਿਸ ਨੂੰ ਸਭ ਨੇ ਵਿਸਾਰ ਦਿਤਾ ਹੈ ਅਤੇ ਜਿਸ ਦੀ ਦੁਨੀਆਂ ਨੂੰ ਕੋਈ ਜ਼ਰੂਰਤ ਹੀ ਨਹੀਂ ਹੈ। ਉਸਨੂੰ ਸਮਝ ਨਾ ਲਗਦੀ ਕਿ ਉਹ ਇਸ ਦੁਨੀਆਂ ਵਿਚ ਆਇਆ ਹੀ ਕਿਉਂ ? ਕਿਉਂ ਬਚਪਨ ਤੋਂ ਉਹ ਕਿਧਰੇ ਵੀ ਟਿਕ ਨਹੀਂ ਸਕਿਆ ? ਜਿਸ ਕਿਸੇ ਨੇ ਵੀ ਉਸਨੂੰ ਥੋੜਾਂ ਜਿਹਾ ਪਿਆਰ-ਸਨੇਹ ਦਿਤਾ ਉਹ ਇਸ ਦੁਨੀਆਂ ਤੋਂ ਕੂਚ ਕਰ ਗਿਆ। ਕੀ ਉਸ ਵਿਚ ਕੋਈ ਪ੍ਰੇਤ ਹੈ ਜਿਸ ਨੇ ਉਸਨੂੰ ਬਦਕਿਸਮਤੀ ਦਾ ਹਰਕਾਰਾ ਬਣਾ ਦਿਤਾ ਹੈ ? ਉਸ ਨੇ ਅਜਿਹਾ ਕਿਹੜਾ ਪਾਪ ਕੀਤਾ ਹੈ ਕਿ ਉਸਨੂੰ ਇਹ ਨਾਉਮੀਦ ਅਭਾਗਾ ਜੀਵਨ ਮਿਲਿਆ ਹੈ ? ਅਜਿਹੇ ਹਜ਼ਾਰਾਂ ਹੀ ਸਵਾਲ ਉਸਦੇ ਦਿਮਾਗ ਵਿਚ ਘੁੰਮਦੇ ਰਹਿੰਦੇ ਪਰ ਇਹਨਾਂ ਦਾ ਉਸ ਕੋਲ ਕੋਈ ਜਵਾਬ ਨਹੀਂ ਸੀ। ਆਪਣੀ ਕੁੱਲੀ 'ਚ ਪਿਆ ਉਹ ਛੋਟੇ ਬੱਚੇ ਵਾਂਗ ਸਿਸਕੀਆਂ ਭਰਦਾ ਰਹਿੰਦਾ।

ਇਕ ਦਿਨ ਜਦੋਂ ਉਹ ਗੋਦਾਵਰੀ ਦੇ ਕੰਢੇ ਚਹਿਲ ਕਦਮੀ ਕਰ ਰਿਹਾ ਸੀ ਅਤੇ ਗੋਦਾਵਰੀ ਦੇ ਦੁੱਧ ਚਿਟੇ ਤਲ ਦੀ ਮਨ ਹੀ ਮਨ ਪ੍ਰਸੰਸਾ ਕਰ ਰਿਹਾ ਸੀ ਤਾਂ ਉਸਨੂੰ ਔਗੜ ਪੰਥ ਦਾ ਇਕ ਜੋਗੀ ਮਿਲਿਆ। ਇਸ ਜੋਗੀ ਨੂੰ ਆਮ ਕਰਕੇ ਲੋਨੀ ਸੱਦਿਆ ਜਾਂਦਾ ਸੀ ਕਿਉਂਕਿ ਉਹ ਲੋਨੀ ਕਸਬੇ ਦਾ ਰਹਿਣ ਵਾਲਾ ਸੀ। ਇਹ ਕਸਬਾ ਨਾਸਿਕ ਦੇ ਦੱਖਣ-ਪੂਰਵ ਵਲ ਨੂੰ ਕਰੀਬ 80 ਕਿਲੋਮੀਟਰ ਦੂਰ ਸੀ ਅਤੇ ਸ਼ਿਰੜੀ ਦੇ ਨੇੜੇ ਹੀ ਸੀ। ਇਹ ਉਹੀ ਸ਼ਿਰੜੀ ਹੈ ਜੋ ਅੱਜ ਕੱਲ ਸ਼ਿਰੜੀ ਦੇ ਸਾਈਂ ਬਾਬੇ ਕਾਰਨ ਮਸ਼ਹੂਰ ਹੈ। ਉਹ ਜੋਗੀਆਂ ਦੇ ਧਰਮਨਾਥੀ ਪੰਥ ਵਿਚੋਂ ਸੀ। ਇਸ ਪੰਥ ਦੀ ਨੀਂਹ ਰਾਜਾ ਧਰਮ ਨੇ ਰੱਖੀ ਦੱਸੀਂਦੀ ਹੈ। ਲੋਨੀ ਭਾਵੇਂ ਵੱਡੀ ਉਮਰ ਦਾ ਸੀ ਪਰ ਉਸ ਦੀ ਚਾਲ-ਢਾਲ ਚੰਗੀ ਸੀ ਅਤੇ ਵੈਸੇ ਵੀ ਤਕੜਾ ਸੀ। ਉਹ ਮਜ਼ਬੂਤ ਕਦਮੀਂ ਬਿਲਕੁਲ ਸਿੱਧਾ ਤੁਰਦਾ ਸੀ। ਉਸਦੀ ਬਾਣੀ ਸਨਿਮਰ ਅਤੇ ਪ੍ਰਭਾਵਸ਼ਾਲੀ ਸੀ।

ਜੋਗੀ ਨਾਲ ਗੱਲਾਂ ਕਰਦੇ ਸਮੇਂ ਮਾਧੋਦਾਸ ਭਾਵਕ ਹੋ ਗਿਆ ਅਤੇ ਉਸ ਦੀਆਂ ਅੱਖਾਂ ਚੋਂ ਹੰਝੂ ਵਹਿ ਤੁਰੇ। ਉਸਨੇ ਆਪਣੀ ਅਭਾਗੀ ਜ਼ਿੰਦਗੀ ਦੀ ਪੂਰੀ ਕਹਾਣੀ ਜੋਗੀ ਨੂੰ ਸੁਣਾ ਦਿਤੀ। ਜੋਗੀ ਨੇ ਉਸਨੂੰ ਕਲਾਵੇ ਵਿਚ ਲੈ ਕੇ ਧਰਵਾਸ ਦਿਤਾ ਤੇ ਕਿਹਾ ਕਿ ਉਸ ਨਾਲ ਉਸ ਦੇ ਡੇਰੇ ਲੋਨੀ ਚੱਲੇ। ਪਹਿਲਾਂ ਤਾਂ ਮਾਧੋਦਾਸ ਉਸ ਨਾਲ ਜਾਣ ਤੋਂ ਹਿਚਕਚਾਇਆ ਪਰ ਜਦੋਂ ਜੋਗੀ ਨੇ ਵਾਅਦਾ ਕੀਤਾ ਕਿ ਉਹ ਮਾਧੋਦਾਸ ਨੂੰ ਉਚ ਪਾਏ ਦੀ ਤਾਂਤਰਿਕ ਵਿਦਿਆ ਵੀ ਸਿੱਖਾਏਗਾ ਅਤੇ ਇਸ ਵਿਦਿਆ ਦੀ ਇਕ ਦੁਰਲੱਭ ਕਿਤਾਬ ਵੀ ਉਸਨੂੰ ਦੇਵੇਗਾ ਤਾਂ ਮਾਧੋਦਾਸ ਨਾਲ ਚੱਲਣ ਲਈ ਤਿਆਰ ਹੋ ਗਿਆ। ਤਾਂਤਰਿਕ ਵਿਦਿਆ ਵਿਚ ਪ੍ਰਬੀਨਤਾ ਪਾ ਕਰਾਮਾਤਾਂ ਵਿਖਾ ਕੇ ਲੋਕਾਂ ਨੂੰ ਪ੍ਰਭਾਵਿਤ ਕਰ ਮਸ਼ਹੂਰ ਹੋਣ ਦੀ ਸੋਚ ਉਡਾਰੀ ਉਸਦੇ ਮਨ ਅੰਦਰ ਲਗਾਤਾਰ ਚਲ ਰਹੀ ਸੀ। ਜੋਗੀ ਦੇ ਇਸ ਕਥਨ ਨਾਲ ਵੀ ਉਹ ਪ੍ਰਭਾਵਿਤ ਹੋਇਆ ਕਿ ਮਰਾਠਿਆਂ ਦਾ ਵਿਦਰੋਹ ਸਮੇਂ ਤੋਂ ਪਹਿਲਾਂ ਹੋਣ ਕਾਰਨ ਨਾਕਾਮਯਾਬ ਰਿਹਾ ਅਤੇ ਖ਼ੂਨੀ ਇਨਕਲਾਬ ਲਈ ਹਾਲੇ ਹਾਲਾਤ ਢੁਕਵੇਂ ਨਹੀਂ। ਜੋਗੀ ਦੇ ਇਹਨਾਂ ਸ਼ਬਦਾਂ ਨੇ ਰਿਆਸੀ ਦੇ ਸਿਕਲੀਗਰਾਂ ਦੇ ਮੁੰਡਿਆਂ ਦੇ ਵਿਚਾਰਾਂ ਦੀ ਪ੍ਰੋੜਤਾ ਕੀਤੀ। ਉਸ ਸੋਚਿਆ ਕਿ ਜੇਕਰ ਔਰੰਗਜ਼ੇਬ ਦੇ ਜਿਉਂਦੇ ਜੀ ਹਥਿਆਰਬੰਦ ਸੰਘਰਸ਼ ਕਾਮਯਾਬ ਨਹੀਂ ਹੋ ਸਕਦਾ ਤਾਂ ਇਹ ਸਮਾਂ ਤਾਂਤਰਿਕ ਵਿਦਿਆ ਸਿੱਖਣ ਵਿਚ ਲਾਉਣਾ ਹੀ ਉਪਯੋਗੀ ਹੈ। ਜੋਗੀ ਨੇ ਇਹ ਭਵਿਖਬਾਣੀ ਵੀ ਕੀਤੀ ਕਿ ਕਰੀਬ ਦੋ ਦਹਾਕਿਆਂ ਬਾਅਦ ਉਸਨੂੰ ਪੰਜਾਬ ਵਿਚ ਉਠਣ ਵਾਲੇ ਵਿਦਰੋਹ ਦੀ ਅਗਵਾਈ ਲਈ ਜਾਣਾ ਪਵੇਗਾ ਜਿਥੇ ਕਿ ਉਹ ਇਲਾਕਿਆਂ ਨੂੰ ਜਿੱਤੇਗਾ। ਉਹ ਇਕ ਸੂਰਬੀਰ ਦੀ ਮੌਤ ਮਰੇਗਾ ਅਤੇ ਇਤਿਹਾਸ ਵਿਚ ਅਮਰ ਹੋ ਜਾਵੇਗਾ। ਜੋਗੀ ਨੇ ਤਾਂ ਜਿਵੇਂ ਉਸ ਦੇ ਮਨ ਦੀ ਬੁਝ ਕੇ ਉਸਦੇ ਪੂਰਾ ਹੋਣ ਦੀ ਭਵਿਖ ਬਾਣੀ ਵੀ ਕਰ ਦਿਤੀ ਸੀ। ਮਾਧੋਦਾਸ ਦੇ ਤਸੱਵਰ ਵਿਚ ਇਹ ਖਿਆਲ ਉਭਰਨ ਲਗ ਪਏ ਕਿ ਮਹਾਰਾਣਾ ਪ੍ਰਤਾਪ, ਅਮਰ ਸਿੰਘ ਰਾਠੌਰ ਅਤੇ ਦੁਰਗਾਦਾਸ ਵਾਂਗ ਹੀ ਲੋਕ ਉਸਨੂੰ ਯਾਦ ਕਰਿਆ ਕਰਨਗੇ ਅਤੇ ਢਾਡੀ ਤੇ ਕਵੀਸ਼ਰ ਉਸ ਦੀ ਸੂਰਮਤਾਈ ਦੀਆਂ ਵਾਰਾਂ ਗਾਇਆ ਕਰਨਗੇ।

ਲੋਨੀ ਸਥਿਤ ਜੋਗੀ ਦੇ ਡੇਰੇ ਪਹੁੰਚ ਜੋਗੀ ਨੇ ਮਾਧੋਦਾਸ ਨੂੰ ਤਾਂਤਰਿਕ ਵਿਦਿਆ ਦੇ ਗਿਆਨ ਤੇ ਅਭਿਆਸ ਬਾਰੇ ਦਸਣਾ ਸ਼ੁਰੂ ਕੀਤਾ। ਉਸ ਨੇ ਦੱਸਿਆ ਕਿ ਮਨੁੱਖੀ ਸਰੀਰ ਅੰਦਰ ਨਾੜੀ ਤੰਤਰ ਦੇ ਸੱਤ ਕੇਂਦਰ ਹਨ ਜਿਹਨਾਂ ਨੂੰ ਚੱਕਰ ਜਾਂ ਕੰਵਲ ਕਿਹਾ ਜਾਂਦਾ ਹੈ। ਇਹ ਉਪਰ ਵੱਲ ਨੂੰ ਚਲਦੇ ਹੋਏ ਚੋਟੀ ਤੇ ਪਹੁੰਚਦੇ ਨੇ ਜਿਥੇ ਕਿ ਇਕ ਹਜ਼ਾਰ ਪੱਤਿਆਂ ਵਾਲਾ ਕੰਵਲ ਹੈ। ਇਸ ਵਿਚੋਂ ਹੀ ਸਾਰੀਆਂ ਮਾਨਸਿਕ ਸ਼ਕਤੀਆਂ ਦਾ ਪ੍ਰਵਾਹ ਹੁੰਦਾ ਹੈ। ਜੋਗੀ ਨੇ ਮਾਧੋਦਾਸ ਨੂੰ ਸਿਵਾ ਸਹਿੰਤਾ ਵਿਚੋਂ ਪੜ੍ਹ ਕੇ ਸੁਣਾਇਆ ਜਿਸਦਾ ਭਾਵ ਇੰਝ ਸੀ;

ਤੇਰੇ ਸਰੀਰ 'ਚ ਸੱਤ ਮਹਾਂਦੀਪਾਂ ਵਿਚ ਘਿਰਿਆ ਮੇਰੂ ਪਰਬਤ ਹੈ। ਇਸ ਵਿਚ ਨਦੀਆਂ ਵੀ ਨੇ, ਝੀਲਾਂ, ਪਹਾੜ ਤੇ ਮੈਦਾਨ ਵੀ ਨੇ ਤੇ ਵੱਖ ਵੱਖ ਹਿੱਸਿਆਂ ਦੇ ਦੇਵਤੇ ਵੀ ਨੇ। ਪੈਗੰਬਰ ਵੀ ਇਥੇ ਹੀ ਨੇ, ਮਹਾਤਮਾ ਅਤੇ ਤੀਰਥ ਅਸਥਾਨ ਵੀ ਇਥੇ ਨੇ। ਰਾਜ ਕਰਦੇ ਦੇਵਤਿਆਂ ਉਪਰ ਤਾਰੇ ਤੇ ਨਛੱਤਰ ਤੇ ਸੂਰਜ ਅਤੇ ਚੰਦ੍ਰਮਾ ਭੀ ਅਤੇ ਬ੍ਰਹਿਮੰਡੀ ਸ਼ਕਤੀਆਂ ਵੀ ਇਥੇ ਹੀ ਨੇ। ਇਹਨਾਂ ਵਿਚੋਂ ਕੁਝ ਉਤਪਤੀ ਕਰਦੀਆਂ ਹਨ ਅਤੇ ਕੁਝ ਵਿਨਾਸ਼। ਇਸੇ ਤਰਾਂ ਸਾਰੇ ਤੱਤ ਜਿਵੇਂ, ਅੱਗ, ਹਵਾ, ਪਾਣੀ, ਧਰਤ ਤੇ ਅਕਾਸ਼, ਇਹ ਸਭ ਇਥੇ ਹੀ ਨੇ। ਹਾਂ ਇਹ ਸਭ ਕੁਝ ਤੇਰੇ ਸਰੀਰ ਦੇ ਅੰਦਰ ਹੀ ਹੈ। ਇਹ ਸਭ ਤੀਨ ਲੋਕ 'ਚ ਬਿਰਾਜਮਾਨ ਹਨ।

ਮੇਰੂ ਪਰਬਤ ਦੇ ਇਰਦ ਗਿਰਦ ਇਹ ਸਭ ਆਪਣਾ ਆਪਣਾ ਨਿਸ਼ਚਿਤ ਕੀਤਾ ਹੋਇਆ ਫਰਜ਼ ਨਿਭਾਉਂਦੇ ਹਨ। ਜਿਸਨੇ ਇਹ ਭੇਦ ਪਾ ਲਿਆ ਉਹੀ ਸੱਚਾ ਜੋਗੀ ਹੈ। ਗੁਰਬਾਣੀ ਵਿਚ ਵੀ ਆਖਿਆ ਗਿਆ ਹੈ 'ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪੀਵੇ।' (ਪੰਨਾ 695)

ਜੋਗੀ ਨੇ ਗੁਰੂ ਗੋਰਖਨਾਥ ਦੁਆਰਾ ਦਸਵੀਂ ਸਦੀ ਈਸਵੀ 'ਚ ਰਚਿਆ ਗ੍ਰੰਥ ਗੋਰਖ ਅਸਟਕਾਮ ਦੇ ਭੇਦ ਵੀ ਮਾਧੋਦਾਸ ਨੂੰ ਸਮਝਾਏ। ਪ੍ਰਾਣਾਯਾਮ, ਯੋਗ ਆਸਣ, ਧਿਆਨ ਸਾਧਨਾ, ਪਿੰਗਲਾ ਨਾੜੀ ਦੇ ਆਸਣ ਆਦਿ ਨਾਲ ਕੁੰਡਲਨੀ ਨੂੰ ਜਾਗਰਤ ਕਰ ਤਾਂਤਰਿਕ ਸ਼ਕਤੀਆਂ ਪ੍ਰਾਪਤ ਕਰਨ ਵਿਚ ਜੋਗੀ ਨੇ ਮਾਧੋਦਾਸ ਦੀ ਸਹਾਇਤਾ ਕੀਤੀ। ਕਿਉਂਕਿ ਜੋਗੀ ਇਸ ਕੰਮ ਵਿਚ ਪ੍ਰਬੀਨ ਸੀ ਸੋ ਅਭਿਆਸ ਨਾਲ ਮਾਧੋਦਾਸ ਇਸ ਮਾਰਗ ਤੇ ਅੱਗੇ ਵਧਣ ਲਗਾ। ਜੋਗੀ ਦੀ ਨਿਗਰਾਨੀ ਹੇਠ ਹੋਣ ਕਾਰਨ ਮਾਧੋਦਾਸ ਇਸ ਮਾਰਗ ਤੇ ਅਕਸਰ ਹੋਣ ਵਾਲੇ ਸਰੀਰਕ ਅਤੇ ਅੰਤਰਿਕ/ਮਾਨਸਿਕ ਨੁਕਸਾਨਾਂ ਤੋਂ ਬਚਿਆ ਰਿਹਾ। ਇਹਨਾਂ ਸ਼ਕਤੀਆਂ ਦਾ ਸਮੇਂ ਤੋਂ ਪਹਿਲਾਂ ਜਾਗ ਜਾਣਾ ਵੀ ਬਹੁਤ ਖਤਰਨਾਕ ਹੁੰਦਾ ਹੈ।

ਮਾਧੋਦਾਸ ਆਪਣੀਆਂ ਪ੍ਰਾਪਤੀਆਂ ਤੇ ਬਹੁਤ ਖੁਸ਼ ਸੀ ਕਿਉਂਕਿ ਹੁਣ ਉਹ ਕਰਾਮਾਤਾਂ ਵਿਖਾ ਸਕਦਾ ਸੀ। ਇਸ ਸਮਰੱਥਾ ਨੇ ਉਸ ਨੂੰ ਹੰਕਾਰ ਅਤੇ ਖੁਸ਼ੀ ਦੋਵੇਂ ਦਿਤੀਆਂ। ਪਰ ਅੰਦਰੋਂ ਉਸਨੂੰ ਡਰ ਸੀ ਕਿ ਉਸਦਾ ਇਹ ਮੁਰਸ਼ਦ ਵੀ ਪਹਿਲਿਆਂ ਵਾਂਗ ਲੰਬਾ ਸਮਾਂ ਨਹੀਂ ਕੱਟੇਗਾ। ਮਾਧੋਦਾਸ ਨੂੰ ਯਕੀਨ ਹੋ ਚੁੱਕਾ ਸੀ ਕਿ ਜਿਹੜਾ ਵੀ ਕੋਈ ਉਸਨੂੰ ਅਪਣਾਉਂਦਾ ਹੈ ਉਹ ਲੰਬਾ ਸਮਾਂ ਇਸ ਦੁਨੀਆਂ ਤੇ ਨਹੀਂ ਰਹਿੰਦਾ।

ਇਕ ਸਵੇਰ ਜੋਗੀ ਲੋਨੀ ਨੇ ਮਾਧੋਦਾਸ ਨੂੰ ਇਸ਼ਾਰੇ ਨਾਲ ਬੁਲਾ ਕੇ ਆਪਣੇ ਕੋਲ ਬੈਠਣ ਲਈ ਆਖਿਆ। ਹੁਕਮ ਮੰਨ ਮਾਧੋਦਾਸ ਆਪਣੇ ਮੁਰਸ਼ਦ ਦੇ ਮੰਜੇ ਲਾਗੇ ਬਹਿ ਗਿਆ। ਜੋਗੀ ਬੋਲਿਆ "ਮਾਧੋ ਰਾਤੀਂ ਮੈਨੂੰ ਸੁਪਨਾ ਆਇਆ ਹੈ ਕਿ ਮੈਨੂੰ ਧੁਰ ਦਰਗਾਹੋਂ ਸੱਦਾ ਆ ਗਿਆ ਹੈ ਤੇ ਮੈਂ ਜਲਦੀ ਹੀ ਇਸ ਮਾਤ ਲੋਕ ਨੂੰ ਛੱਡ ਪ੍ਰਮਾਤਮਾ ਦੀ ਸ਼ਰਨ ਵਿਚ ਜਾ ਬਿਰਾਜਣਾ ਹੈ। ਉਸ ਸਰਬ ਸ਼ਕਤੀਮਾਨ ਦੀ ਕ੍ਰਿਪਾ ਨਾਲ ਮੈਂ ਘਟਨਾਵਾਂ ਭਰਪੂਰ ਲੰਬਾ ਜੀਵਨ ਜਿਉਂ ਲਿਆ ਹੈ। ਮੇਰੇ ਚੱਲਣ ਦਾ ਸਮਾਂ ਆ ਗਿਆ ਹੈ ਤੇ ਮੈਂ ਤੈਥੋਂ ਬਹੁਤ ਪ੍ਰਸੰਨ ਹਾਂ। ਜਦੋਂ ਤੋਂ ਤੂੰ ਮੇਰੀ ਸ਼ਰਨ ਵਿਚ ਆਇਆ ਹੈਂ ਤੂੰ ਪੂਰੀ ਲਗਨ ਅਤੇ ਸ਼ਰਧਾ ਨਾਲ ਮੇਰੀ ਸੇਵਾ ਕੀਤੀ ਹੈ ਅਤੇ ਮੇਰੀ ਹਰ ਜ਼ਰੂਰਤ ਦਾ ਧਿਆਨ ਰੱਖਿਆ ਹੈ। ਉਸਦੇ ਹੁਕਮ ਅਨੁਸਾਰ ਸਾਡੇ ਵਿਛੜਨ ਦਾ ਸਮਾਂ ਆ ਗਿਆ ਹੈ। ਪਰ ਜਾਣ ਤੋਂ ਪਹਿਲਾਂ ਮੈਂ ਆਪਣਾ ਬਾਕੀ ਦਾ ਗਿਆਨ ਅਤੇ ਤਾਂਤਰਿਕ ਰਹੱਸਾਂ ਦਾ ਦੁਰਲਭ ਗ੍ਰੰਥ 'ਸਿਧਅਨੋਨੀ' ਵੀ ਤੈਨੂੰ ਸੌਂਪਣਾ ਚਾਹੁੰਦਾ ਹਾਂ। ਜੋ ਗਿਆਨ ਮੈਂ ਹੁਣ ਤੈਨੂੰ ਦੇਣ ਲੱਗਿਆ ਹਾਂ ਇਹ ਬਹੁਤ ਕੀਮਤੀ ਅਤੇ ਰਮਜ਼ ਵਾਲਾ ਹੈ। ਜੇਕਰ ਇਹਨਾਂ ਸ਼ਕਤੀਆਂ ਨੂੰ ਠੀਕ ਤਰ੍ਹਾਂ ਨਾ ਸੰਭਾਲਿਆ ਤਾਂ ਇਹ ਬਹੁਤ ਖਤਰਨਾਕ ਵੀ ਨੇ। ਇਹਨਾਂ ਦੀ ਮਾਰੂ ਸਮਰੱਥਾ ਤਲਵਾਰ ਦੀ ਧਾਰ ਅਤੇ ਨਾਗ ਦੇ ਡੰਗ ਤੋਂ ਵੀ ਵੱਧ ਹੈ। ਯਾਦ ਰੱਖੀਂ ਕਿ ਇਹ ਗਿਆਨ ਕਿਸੇ ਵੀ ਅਜਿਹੇ ਵਿਅਕਤੀ ਨੂੰ ਨਹੀਂ ਦੇਣਾ ਜੋ ਇਸ ਦੀ ਪਾਤਰਤਾ ਦੇ ਯੋਗ ਨਹੀਂ ਹੈ। ਇਸ ਗਿਆਨ ਦੀ ਪ੍ਰਾਪਤੀ ਦੇ ਯੋਗ ਹੋਣ ਲਈ ਪੰਜ ਨਿਯਮ ਯੱਮਾਂ ਭਾਵ ਅਸ਼ੁਭ ਕਰਮ ਤੋਂ ਦੂਰ ਰਹਿਣ ਦੇ ਅਪਣਾਉਣੇ ਪੈਣਗੇ। ਇਹ ਹਨ ਅਹਿੰਸਾ, ਸੱਚਾਈ, ਲਾਲਚ ਦਾ ਤਿਆਗ, ਚੋਰੀ ਨਾ ਕਰਨਾ ਅਤੇ ਨਿਸ਼ਚਿਤ ਸਮੇਂ ਦੌਰਾਨ ਬ੍ਰਹਮਚਰਿਆ। ਪੰਜ ਨਿਯਮ ਨਿਯੰਮਾ ਭਾਵ ਸ਼ੁਭ ਕਰਮ ਦੇ ਅਪਨਾਉਣੇ ਪੈਣਗੇ। ਇਹ ਹਨ ਪਵਿਤਰਤਾ, ਸੰਤੋਖ,

ਸੰਜਮ, ਪਵਿਤਰ ਮੰਤਰਾਂ ਦਾ ਜਾਪ ਅਤੇ ਦੇਵਤਿਆਂ ਦੀ ਪੂਜਾ। ਤੂੰ ਇਸ ਗਿਆਨ ਨੂੰ ਆਪਣੇ ਸੀਨੇ ਵਿਚ ਛੁਪਾ ਕੇ ਰੱਖੇਂਗਾ ਅਤੇ ਕਿਸੇ ਯੋਗ ਵਿਅਕਤੀ ਨੂੰ ਆਪਣੇ ਆਖਰੀ ਸਮੇਂ ਹੀ ਦੇਵੇਂਗਾ। ਤੈਨੂੰ ਇਹ ਬਚਨ ਮੇਰੇ ਨਾਲ ਕਰਨਾ ਪਵੇਗਾ ਕਿ ਤੂੰ ਇਹਨਾਂ ਨਿਯਮਾਂ ਦੀ ਪਾਲਣਾ ਕਰੇਂਗਾ ਅਤੇ ਆਪਣੀ ਕਸਮ ਤੇ ਕਾਇਮ ਰਹੇਂਗਾ।"

ਮਾਧੋਦਾਸ ਨੇ ਆਪਣੇ ਮੁਰਸ਼ਦ ਦੀਆਂ ਹਦਾਇਤਾਂ ਦੀ ਪਾਲਣਾ ਕਰਕੇ ਗੁੱਝੇ ਰਹੱਸ ਅਤੇ ਸਿਧਅਨੌਨੀ ਗ੍ਰੰਥ ਦੀ ਪ੍ਰਾਪਤੀ ਕਰ ਲਈ। ਹੁਣ ਮਾਧੋਦਾਸ ਅਸਾਧਾਰਨ ਤਾਂਤਰਿਕ ਸ਼ਕਤੀਆਂ ਦਾ ਮਾਲਕ ਸੀ। ਇਹਨਾਂ ਸ਼ਕਤੀਆਂ ਨਾਲ ਉਹ ਬੇਰੋਕ ਟੋਕ ਕਿਧਰੇ ਵੀ ਆ ਜਾ ਸਕਦਾ ਸੀ ਤੇ ਤੀਰਾਂ ਅਤੇ ਗੋਲੀਆਂ ਨੂੰ ਉਹਨਾਂ ਦੇ ਰਸਤੇ ਤੋਂ ਮੋੜ ਸਕਦਾ ਸੀ।

ਜਿਸ ਦਾ ਡਰ ਸੀ ਉਹ ਭਾਣਾ ਕੁਝ ਦਿਨਾਂ ਬਾਅਦ ਵਾਪਰ ਗਿਆ ਤੇ ਜੋਗੀ ਇਸ ਫਾਨੀ ਦੁਨੀਆਂ ਤੋਂ ਕੂਚ ਕਰ ਗਿਆ। ਮਾਧੋਦਾਸ ਨੇ ਇਸ ਸਥਿਤੀ ਵਿਚ ਆਪਣੇ ਆਪ ਨੂੰ ਲਾਚਾਰ ਮਹਿਸੂਸ ਕੀਤਾ। ਜੋਗੀ ਦੀ ਹੀ ਸਿਖਿਆ ਸੀ ਕਿ ਉਤਪਤੀ ਕਰਨ ਵਾਲੀ ਬ੍ਰਹਮ ਸ਼ਕਤੀ ਅਤੇ ਵਿਨਾਸ਼ ਕਰਨ ਵਾਲੀ ਬ੍ਰਹਮ ਸ਼ਕਤੀ ਇਨਸਾਨ ਤਾਂ ਕੀ ਦੇਵਤਿਆਂ ਦੇ ਵੀ ਵੱਸ 'ਚ ਨਹੀਂ ਹੈ।

ਜੋਗੀ ਦੀਆਂ ਅੰਤਮ ਰਸਮਾਂ ਮਾਧੋਦਾਸ ਨੇ ਨਿਭਾਈਆਂ ਅਤੇ ਆਖਰੀ ਦਿਨ ਭੰਡਾਰਾ ਕੀਤਾ ਗਿਆ। ਅਮੀਰ ਗਰੀਬ ਸਭ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਚੰਗਾ ਭੋਜਨ ਛਕਾਇਆ ਗਿਆ। ਜਿੰਨੇ ਦਿਨ ਮਾਧੋਦਾਸ ਇਸ ਕੰਮ ਵਿਚ ਰੁਝਿਆ ਰਿਹਾ ਉਸਨੂੰ ਇਕੱਲੇਪਣ ਦਾ ਅਹਿਸਾਸ ਨਹੀਂ ਹੋਇਆ। ਭੰਡਾਰੇ ਉਪਰੰਤ ਡੇਰੇ ਵਿਚ ਚੁਪ ਵਰਤ ਗਈ। ਗਿਣੇ ਚੁਣੇ ਲੋਕ ਹੀ ਹੁਣ ਇਸ ਡੇਰੇ ਵਿਚ ਗੇੜਾ ਮਾਰਦੇ ਸਨ। ਇਕੱਲੇਪਣ ਨੇ ਫਿਰ ਮਾਧੋਦਾਸ ਨੂੰ ਆ ਨੱਪਿਆ।

ਆਪਣੇ ਇਸ ਇਕਲਾਪੇ ਤੋਂ ਛੁਟਕਾਰਾ ਪਾਉਣ ਲਈ ਉਸਨੇ ਆਪਣੇ ਬਚਪਨ ਦੇ ਮਿੱਤਰ ਜੈਤ ਕੋਲ ਦਾਦੂਵਾੜਾ ਜਾਣ ਦਾ ਨਿਸ਼ਚਾ ਕੀਤਾ। ਦਾਦੂਵਾੜਾ ਰਾਜਸਥਾਨ ਵਿਚ ਨਰੈਣੇ ਦੇ ਲਾਗੇ ਹੈ। ਜੈਤ ਲਈ ਵੀ ਆਪਣੇ ਪੁਰਾਣੇ ਮਿੱਤਰ ਦੀ ਆਓ ਭਗਤ ਕਰਨ ਅਤੇ ਸੰਗ ਮਾਨਣ ਦਾ ਸੁਭਾਗਾ ਸਮਾਂ ਸੀ। ਭਾਵੇਂ ਦੋਨਾਂ ਦੇ ਸੁਭਾਅ ਵਿਚ ਜ਼ਮੀਨ ਆਸਮਾਨ ਦਾ ਫਰਕ ਸੀ ਫਿਰ ਵੀ ਦੋਵਾਂ ਕੋਲ ਇਕ ਦੂਜੇ ਨੂੰ ਦੱਸਣ ਲਈ ਬਹੁਤ ਕੁਝ ਸੀ। ਮਾਧੋਦਾਸ ਸੁਭਾਅ ਪੱਖੋਂ ਅਭਿਲਾਸ਼ੀ, ਉਦਮੀ ਅਤੇ ਤਲਖ਼ ਸੀ। ਦੂਜੇ ਬੰਨੇ ਜੈਤ ਨਿਮਰ ਅਤੇ ਨਿਮਾਣਾ ਵਿਅਕਤੀ ਸੀ। ਉਸਨੂੰ ਸ਼ਾਸਤਰਾਂ ਦੇ ਅਧਿਅਨ ਅਤੇ ਭਜਨ ਤੋਂ ਅਨੰਦ ਮਿਲਦਾ ਸੀ। ਦਾਦੂ ਦੀ ਫਿਲਾਸਫੀ ਹੀ ਉਸ ਲਈ ਦੁਨੀਆਂ ਦੇ ਸਭ ਦੁਖਾਂ ਦਾ ਹੱਲ ਸੀ। ਦਾਦੂ ਦਾ ਕਹਿਣਾ ਸੀ ਦੁਨਿਆਵੀ ਵਸਤਾਂ ਨਾਲੋਂ ਆਪਣਾ ਮੋਹ ਤਿਆਗ ਨਿਰਲੇਪ ਰਹਿ ਕੇ ਆਪਣਾ ਸਮਾਂ ਗੁਜ਼ਾਰ, ਤੈਥੋਂ ਪਹਿਲਾਂ ਬਥੇਰੇ ਇਹ ਕੂੜਾ ਸੌਦਾ ਕਰਕੇ ਤੁਰ ਗਏ ਨੇ।

ਮਾਧੋਦਾਸ ਦੀ ਜ਼ਿੰਦਗੀ ਕਿਉਂਕਿ ਘਟਨਾਵਾਂ ਭਰਪੂਰ ਰਹੀ ਸੀ ਸੋ ਉਸ ਦੀਆਂ ਕਹਾਣੀਆਂ ਤਾਂ ਮੁਕਦੀਆਂ ਹੀ ਨਹੀਂ ਸਨ। ਉਸ ਨੇ ਆਪਣੇ ਕਾਰਨਾਮੇ ਵਧਾ ਚੜ੍ਹਾ ਕੇ ਚਟਖਾਰੇ ਲਾ ਲਾ ਕੇ ਸੁਣਾਏ। ਮਾਧੋਦਾਸ ਜਦੋਂ ਉਹਨਾਂ ਲੜਾਈਆਂ, ਲੁਟ-ਮਾਰਾਂ ਅਤੇ ਕਤਲੇਆਮਾਂ ਦੇ ਕਿੱਸੇ ਸੁਣਾਉਂਦਾ ਜਿਹਨਾਂ ਵਿਚ ਉਹ ਸ਼ਾਮਿਲ ਰਿਹਾ ਸੀ ਤਾਂ ਜੈਤ ਭੈਭੀਤ ਹੋ ਜਾਂਦਾ ਤੇ ਉਸ ਦੇ ਅੰਦਰ ਕੰਬਣੀ ਛਿੜ ਜਾਂਦੀ । ਜੈਤ ਲਈ ਤਾਂ ਇਹ ਤਸੱਵਰ ਕਰਨਾ ਵੀ

ਮੁਸ਼ਕਿਲ ਸੀ ਕਿ ਸ਼ਰਮਾਕਲ ਜਿਹਾ ਚੁਪ ਚਪੀਤਾ ਮਾਧੋ ਇਕ ਅਜਿਹਾ ਸੈਨਿਕ ਬਣ ਗਿਆ ਜੋ ਲੁਟਮਾਰ ਅਤੇ ਬਸਤੀਆਂ ਨੂੰ ਅੱਗਾਂ ਲਾਉਣ ਵਿਚ ਹਿੱਸਾ ਲੈਂਦਾ ਸੀ। ਪਰ ਸਭ ਤੋਂ ਦਿਲਚਸਪ ਕਹਾਣੀ ਤਾਂ ਤਾਂਤਰਿਕ ਸ਼ਕਤੀਆਂ ਦੀ ਪ੍ਰਾਪਤੀ ਦੀ ਸੀ। ਆਪਣੀ ਇਸ ਸਮਰੱਥਾ ਦਾ ਪ੍ਰਗਟਾਵਾ ਕਰਨ ਲਈ ਮਾਧੋਦਾਸ ਨੇ ਕੁਝ ਕਰਾਮਾਤਾਂ ਕਰਕੇ ਵੀ ਵਿਖਾਈਆਂ। ਇਹ ਸਭ ਵੇਖ ਜੈਤ ਤਾਂ ਭੁਚੱਕਾ ਰਹਿ ਗਿਆ। ਪਰ ਆਪਣੇ ਮਿਤਰ ਦਾ ਅੰਹਕਾਰ ਉਸਨੂੰ ਪਸੰਦ ਨਹੀਂ ਸੀ।

ਕੁਝ ਮਹੀਨੇ ਮਿਤਰ ਕੋਲ ਗੁਜ਼ਾਰ ਮਾਧੋਦਾਸ ਵਾਪਿਸ ਲੋਨੀ ਨੂੰ ਚਲ ਪਿਆ।

ਮਾਧੋਦਾਸ ਦੀ ਗੈਰਹਾਜ਼ਰੀ ਵਿਚ ਜੋਗੀ ਦੇ ਦੂਸਰੇ ਚੇਲਿਆਂ ਨੇ ਸਥਾਨਕ ਚੌਧਰੀਆਂ ਨਾਲ ਰਲ ਕੇ ਡੇਰੇ ਤੇ ਕਬਜ਼ਾ ਕਰ ਲਿਆ ਤੇ ਪੱਕੇ ਪੈਰੀਂ ਹੋ ਗਏ। ਜਦੋਂ ਮਾਧੋਦਾਸ ਡੇਰੇ ਪਹੁੰਚਿਆ ਤਾਂ ਉਸਨੂੰ ਉਥੋਂ ਖਦੇੜ ਦਿਤਾ ਗਿਆ। ਮਾਧੋਦਾਸ ਨੇ ਡੇਰੇ ਤੇ ਆਪਣਾ ਹੱਕ ਜਤਾਉਣ ਦੀ ਕੋਸ਼ਿਸ਼ ਕਰਨੀ ਚਾਹੀ ਤਾਂ ਲੋਨੀ ਦੇ ਇਕ ਹੋਰ ਬਜ਼ੁਰਗ ਜੋਗੀ ਨੇ ਉਸਨੂੰ ਸਮਝਾਇਆ ਕਿ ਇਸਦਾ ਕੋਈ ਲਾਭ ਨਹੀਂ ਹੋਣਾ ਕਿਉਂਕਿ ਕਾਬਜ਼ ਧਿਰ ਪੱਕੇ ਪੈਰੀਂ ਵੀ ਸੀ ਅਤੇ ਸਥਾਨਕ ਲੋਕਾਂ ਦਾ ਸਮਰਥਨ ਵੀ ਉਹਨਾਂ ਨੂੰ ਪ੍ਰਾਪਤ ਸੀ। ਉਸ ਨੇ ਮਾਧੋਦਾਸ ਨੂੰ ਇਹ ਵੀ ਦੱਸਿਆ ਕਿ ਕਿਉਂ ਜੋ ਉਸਨੂੰ ਧਰਮਪੰਥੀ ਜੋਗੀਆਂ ਦੀ ਸੰਪਰਦਾ ਵਿਚ ਦੀਕਸ਼ਤ ਕਰਕੇ ਸ਼ਾਮਿਲ ਨਹੀਂ ਕੀਤਾ ਗਿਆ ਸੀ ਇਸ ਲਈ ਇਸ ਸੰਪਰਦਾ ਦੇ ਨਿਯਮਾਂ ਅਨੁਸਾਰ ਉਹ ਬੇਗਾਨਾ ਹੀ ਹੈ। ਭਾਵੇਂ ਉਹ ਗੁਰੂ ਨੂੰ ਜਿੰਨਾ ਮਰਜ਼ੀ ਪਿਆਰਾ ਹੋਵੇ ਉਸਨੂੰ ਗੁਰੂ ਦਾ ਚੇਲਾ ਜਾਂ ਉਤਰਾਧਿਕਾਰੀ ਨਹੀਂ ਮੰਨਿਆ ਜਾ ਸਕਦਾ। ਬੇਸ਼ੱਕ ਉਹ ਗੁਰੂ ਦਾ ਪ੍ਰਮੁੱਖ ਚੇਲਾ ਸੀ ਅਤੇ ਜੋਗੀ ਦੇ ਜਿਉਂਦੇ ਜੀ ਉਸ ਨੂੰ ਜੋਗੀ ਦਾ ਨਾਇਬ ਹੀ ਸਮਝਿਆ ਜਾਂਦਾ ਸੀ ਪਰ ਵਿਧੀ ਅਨੁਸਾਰ ਦੀਕਸ਼ਤ ਹੋ ਕੇ ਧਰਮਪੰਥੀ ਜੋਗੀਆਂ ਵਿਚ ਸ਼ਾਮਿਲ ਨਾ ਹੋਇਆ ਹੋਣ ਕਾਰਨ ਉਸਨੂੰ ਨਾਥ ਜੋਗੀ ਨਹੀਂ ਮੰਨਿਆ ਜਾ ਸਕਦਾ ਅਤੇ ਉਹ ਹਾਲੇ ਵੀ ਇਕ ਬੈਰਾਗੀ ਹੀ ਹੈ। ਮੁੱਖ ਤੌਰ ਤੇ ਇਸੇ ਕਾਰਨ ਡੇਰੇ ਦੇ ਸ਼ਰਧਾਲੂਆਂ ਨੇ ਉਸ ਤੋਂ ਜੁਨੀਅਰ ਨੂੰ ਡੇਰੇ ਦਾ ਪ੍ਰਮੁੱਖ ਥਾਪ ਦਿਤਾ। ਇਸ ਸਥਿਤੀ ਵਿਚ ਉਸਦੇ ਹੱਕ ਨੂੰ ਕਿਸੇ ਨੇ ਵੀ ਮੰਨਣਾ ਨਹੀਂ ਅਤੇ ਨਾ ਹੀ ਹੋ ਚੁੱਕੇ ਪ੍ਰਬੰਧ ਦੇ ਬਦਲਣ ਦੀ ਕੋਈ ਸੰਭਾਵਨਾ ਹੈ।

ਮਾਧੋਦਾਸ ਨੇ ਠੰਢੇ ਮਨ ਨਾਲ ਇਸ ਮਾਮਲੇ ਤੇ ਵਿਚਾਰ ਕੀਤਾ ਤਾਂ ਉਸਨੂੰ ਇਸ ਦਲੀਲ ਵਿਚ ਵਜ਼ਨ ਲੱਗਿਆ ਕਿ ਉਸਨੂੰ ਵਿਧੀਵਤ ਢੰਗ ਨਾਲ ਜੋਗੀ ਸੰਪਰਦਾ ਵਿਚ ਸ਼ਾਮਿਲ ਹੀ ਨਹੀਂ ਸੀ ਕੀਤਾ ਗਿਆ। ਆਪਣੇ ਦਾਅਵੇ ਨੂੰ ਕਮਜ਼ੋਰ ਜਾਣ ਮਾਧੋਦਾਸ ਨੇ ਆਪਣੀ ਕਿਸਮਤ ਨਾਲ ਸਮਝੌਤਾ ਕਰ ਲਿਆ। ਪਰ ਉਸ ਬਜ਼ੁਰਗ ਜੋਗੀ ਨੇ ਇਹ ਮਹਿਸੂਸ ਕਰਦਿਆਂ ਕਿ ਮਾਧੋਦਾਸ ਨਾਲ ਧੱਕਾ ਹੋਇਆ ਹੈ ਉਸ ਨੂੰ ਨਾਦੇੜ ਦੇ ਡੇਰੇ ਜਾਣ ਦੀ ਸਲਾਹ ਦਿਤੀ। ਨਾਦੇੜ ਦੇ ਡੇਰੇ ਦਾ ਗੁਰੂ ਭਾਵੇਂ ਬਹੁਤ ਸਖਤ ਸੀ ਪਰ ਉਹ ਗੁਣਾਂ ਦੀ ਕਦਰ ਕਰਨ ਵਾਲਾ ਸੀ। ਗੁਣਾਂ ਦੀ ਮਾਧੋਦਾਸ ਕੋਲ ਕੋਈ ਕਮੀਂ ਨਹੀਂ ਸੀ। ਸੋ ਸੰਭਾਵਨਾ ਸੀ ਕਿ ਉਥੇ ਉਸਨੂੰ ਉਚਾ ਸਥਾਨ ਪ੍ਰਾਪਤ ਹੋ ਜਾਵੇ। ਇਸ ਸਿਆਣੀ ਨਸੀਹਤ ਨੂੰ ਮੰਨਦਿਆਂ ਮਾਧੋਦਾਸ ਨਾਦੇੜ ਨੂੰ ਚਲ ਪਿਆ। ਲੋਨੀ ਦੇ ਮੁਕਾਬਲੇ ਨਾਦੇੜ ਵੱਡਾ ਸੀ। ਇਹ ਗੋਦਾਵਰੀ ਦੇ ਉਤਰੀ ਕੰਢੇ ਤੇ ਵੱਸਿਆ ਹੋਇਆ ਸੀ ਅਤੇ ਲੋਨੀ ਤੋਂ ਥੋੜ੍ਹੀ ਦੂਰ ਹੀ ਨਦੀ ਦੇ ਵਹਾਅ ਵਾਲੇ ਪਾਸੇ ਹੀ ਸੀ।

ਨਾਦੇੜ ਸਥਿਤ ਡੇਰੇ ਦਾ ਮੁਖੀ ਜੋਗੀ ਹਿੰਦੂ ਅਤੇ ਨਾਥ ਗ੍ਰੰਥਾਂ ਦਾ ਗਿਆਤਾ ਇਕ ਪਵਿਤਰ ਪੁਰਸ਼ ਸੀ। ਆਪਣੀ ਮਿੱਠੀ ਅਤੇ ਪ੍ਰਭਾਵਸ਼ਾਲੀ ਬਾਣੀ ਨਾਲ ਉਹ ਆਪਣੇ ਸਰੋਤਿਆਂ ਨੂੰ ਕੀਲ ਲੈਂਦਾ ਸੀ। ਪ੍ਰੰਤੂ ਰਿੱਧੀਆਂ ਸਿੱਧੀਆਂ ਅਤੇ ਤਾਂਤਰਿਕ ਸ਼ਕਤੀਆਂ ਵਿਚ ਉਸਦੀ ਕੋਈ ਦਿਲਚਸਪੀ ਨਹੀਂ ਸੀ ਕਿਉਂਜੋ ਉਹ ਸਮਝਦਾ ਸੀ ਕਿ ਇਹ ਸਭ ਮੋਕਸ਼ ਪ੍ਰਾਪਤੀ ਵਿਚ ਰੁਕਾਵਟ ਪਾਉਂਦੀਆਂ ਹਨ। ਇਹਨਾਂ ਨੂੰ ਪ੍ਰਾਪਤ ਕਰਨ ਨਾਲ ਅਕਸਰ ਪ੍ਰਾਪਤ ਕਰਨ ਵਾਲੇ ਦੀ ਹਉਮੈਂ ਬਹੁਤ ਵਧ ਜਾਂਦੀ ਹੈ ਅਤੇ ਉਸਨੂੰ ਚਾਪਲੂਸੀ ਅਤੇ ਪ੍ਰਸੰਸਾ ਵਿਚ ਆਨੰਦ ਆਉਣ ਲਗ ਜਾਂਦਾ ਹੈ। ਉਹ ਭਟਕ ਕੇ ਇਸੇ ਦੁਨਿਆਵੀ ਆਨੰਦ 'ਚ ਗ੍ਰਸਤ ਹੋ ਪਰਮ ਆਨੰਦ ਤੋਂ ਵਾਂਝਾ ਰਹਿ ਜਾਂਦਾ ਹੈ।

ਮਾਧੋਦਾਸ ਬਾਰੇ ਡੇਰੇ ਦੇ ਪ੍ਰਮੁੱਖ ਜੋਗੀ ਨੇ ਆਪਣੇ ਮਿੱਤਰ ਲੋਨੀ ਵਾਲੇ ਔਗੜ ਨਾਥ ਤੋਂ ਪਹਿਲਾਂ ਹੀ ਸੁਣ ਰੱਖਿਆ ਸੀ ਇਸ ਲਈ ਜਦੋਂ ਮਾਧੋਦਾਸ ਨੇ ਆਪਣੀ ਪਛਾਣ ਦੱਸੀ ਤਾਂ ਉਸ ਨੂੰ ਡੇਰੇ ਵਿਚ ਦਾਖਲਾ ਤਾਂ ਮਿਲ ਗਿਆ ਪਰ ਜੋਗੀ ਦੇ ਵਿਸ਼ਵਾਸਪਾਤਰਾਂ ਵਿਚ ਥਾਂ ਨਾ ਮਿਲੀ।

ਜੋਗੀ ਆਪਣੇ ਸੁਭਾਅ ਅਨੁਸਾਰ ਮਾਧੋਦਾਸ ਨੂੰ ਨਿਗਰਾਨੀ ਹੇਠ ਰੱਖਣਾ ਚਾਹੁੰਦਾ ਸੀ। ਮਾਧੋਦਾਸ ਨੇ ਕਿਉਂਜੋ ਇਕ ਸੁਯੋਗ ਮੁਰਸ਼ਦ ਤੋਂ ਤਾਂਤਰਿਕ ਵਿਦਿਆ ਲਈ ਸੀ ਸੋ ਉਹ ਸਿੱਧੀਆਂ ਵਿਚ ਪਰਪੱਕ ਹੋ ਗਿਆ ਸੀ। ਦੈਵੀ ਸ਼ਕਤੀਆਂ ਦਾ ਮਾਲਕ ਹੋਣ ਕਾਰਨ ਮਾਧੋਦਾਸ ਡੇਰੇ ਆਉਣ ਵਾਲੇ ਸ਼ਰਧਾਲੂਆਂ ਦੀਆਂ ਦੁਨਿਆਵੀ ਸਮੱਸਿਆਵਾਂ ਹੱਲ ਕਰਨ ਵਿਚ ਸਹਾਈ ਸਿੱਧ ਹੋਣ ਲਗ ਪਿਆ। ਕੁਦਰਤੀ ਸੁਭਾਅ ਅਨੁਸਾਰ ਡੇਰੇ ਆਉਣ ਵਾਲੇ ਜ਼ਿਆਦਾਤਰ ਸ਼ਰਧਾਲੂ ਤਾਂ ਆਪਣੇ ਨਿਤਾ-ਪ੍ਰਤੀ ਦੀਆਂ ਸਮੱਸਿਆਵਾਂ ਦੇ ਹੱਲ ਲਈ ਹੀ ਆਉਂਦੇ ਹਨ ਨਾ ਕਿ ਅਧਿਆਤਮਕ ਸਿਖਿਆ ਲਈ। ਇਸ ਲਈ ਥੋੜ੍ਹੇ ਸਮੇਂ ਵਿਚ ਹੀ ਮਾਧੋਦਾਸ ਦੀ ਪ੍ਰਤਿਭਾ ਦੂਰ ਦੂਰ ਤੱਕ ਫੈਲ ਗਈ ਅਤੇ ਡੇਰੇ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵਿਚ ਚੋਖਾ ਵਾਧਾ ਹੋਇਆ ਤੇ ਇਸ ਦੇ ਨਾਲ ਹੀ ਡੇਰੇ ਦੀ ਆਮਦਨ ਵਿਚ ਵੀ ਕਾਫੀ ਵਾਧਾ ਹੋ ਗਿਆ। ਆਪਣੀਆਂ ਦੈਵੀ ਸ਼ਕਤੀਆਂ ਕਾਰਨ ਮਾਧੋਦਾਸ ਦੀ ਮਾਨਤਾ ਡੇਰੇ ਦੇ ਪ੍ਰਮੁੱਖ ਨਾਲੋਂ ਕਾਫੀ ਅੱਗੇ ਨਿਕਲ ਗਈ। ਪਰ ਪ੍ਰਮੁੱਖ ਜੋਗੀ ਕਿਉਂਜੋ ਇਕ ਪਹੁੰਚੀ ਹੋਈ ਰੂਹ ਸੀ ਇਸ ਲਈ ਉਸਨੂੰ ਇਸ ਗੱਲ ਤੋਂ ਕੋਈ ਸਾੜਾ ਨਾ ਹੋਇਆ। ਉਸਨੇ ਤਾਂ ਸਗੋਂ ਡੇਰੇ ਦੀ ਵਧ ਰਹੀ ਮਾਨਤਾ ਅਤੇ ਆਮਦਨ ਦਾ ਸਿਹਰਾ ਮਾਧੋਦਾਸ ਨੂੰ ਦਿਤਾ ਅਤੇ ਉਸਨੂੰ ਆਪਣਾ ਨਾਇਬ ਥਾਪ ਦਿਤਾ।

ਹਮੇਸ਼ਾਂ ਵਾਂਗ ਹੀ ਮਾਧੋਦਾਸ ਦਾ ਇਹ ਮੁਰਸ਼ਦ ਵੀ ਇਸ ਫਾਨੀ ਸੰਸਾਰ ਨੂੰ ਕੁਝ ਸਾਲਾਂ ਬਾਅਦ ਅਲਵਿਦਾ ਆਖ ਗਿਆ। ਸੰਨ 1695 ਵਿਚ ਮਾਧੋਦਾਸ ਇਸ ਡੇਰੇ ਦਾ ਮੁਖੀ ਬਣ ਗਿਆ। ਇਸ ਵੇਰਾਂ ਡੇਰੇ ਦੇ ਉਤਰ ਅਧਿਕਾਰੀ ਬਣਨ ਦੇ ਰਸਤੇ ਵਿਚ ਮਾਧੋਦਾਸ ਨੂੰ ਕੋਈ ਮੁਸ਼ਕਲ ਨਾ ਆਈ। ਜੋਗੀ ਦੇ ਜਿਉਂਦੇ ਜੀ ਵੀ ਡੇਰੇ ਦਾ ਸੰਚਾਲਨ ਮਾਧੋਦਾਸ ਦੇ ਹੀ ਹੱਥਾਂ ਵਿਚ ਸੀ।

ਸ਼ਰਧਾਲੂਆਂ ਤੇ ਯਾਤਰੂਆਂ ਦੀ ਅਥਾਹ ਗਿਣਤੀ ਵਧਣ ਨਾਲ ਡੇਰੇ ਦੀ ਆਮਦਨ ਵੀ ਉਸੇ ਹਿਸਾਬ ਨਾਲ ਵਧੀ। ਇਕ ਪਾਸੇ ਤਾਂ ਖੁਸ਼ਹਾਲੀ ਵਧੀ ਤੇ ਦੂਸਰੇ ਬੰਨੇ ਗੁਰੂ ਦਾ ਡਰ ਵੀ ਨਹੀਂ ਰਿਹਾ ਸੀ। ਸੋ ਮਾਧੋਦਾਸ ਨੇ ਠਾਠ ਦੀ ਜ਼ਿੰਦਗੀ ਜਿਉਣੀਂ ਸ਼ੁਰੂ ਕਰ ਦਿਤੀ। ਉਹ ਹੁਣ ਰਾਜਕੁਮਾਰਾਂ ਵਰਗਾ ਜੀਵਨ ਜਿਉਂ ਰਿਹਾ ਸੀ ਅਤੇ ਵੱਡੀ ਗਿਣਤੀ ਵਿਚ ਨੌਕਰ ਚਾਕਰ

ਰੱਖੇ ਹੋਏ ਸਨ। ਇਹ ਆਮ ਬੈਰਾਗੀਆਂ ਵਰਗਾ ਤਿਆਗੀ ਜੀਵਨ ਨਹੀਂ ਸੀ। ਉਹ ਤਾਂ ਹਮੇਸ਼ਾਂ ਹੀ ਠਾਠਦਾਰ ਜ਼ਿੰਦਗੀ ਦਾ ਅਭਿਲਾਸ਼ੀ ਰਿਹਾ ਸੀ। ਉਹ ਤਾਂ ਸਾਰੀ ਦੁਨੀਆਂ ਨੂੰ ਜਿੱਤ ਕੇ ਇਸ ਨੂੰ ਆਪਣੇ ਮਨਸੂਬਿਆਂ ਅਤੇ ਇਰਾਦਿਆਂ ਅਨੁਸਾਰ ਢਾਲਣਾ ਚਾਹੁੰਦਾ ਸੀ ।ਉਹ ਤਾਂ ਕੁਝ ਅਜਿਹਾ ਕਰਨਾ ਚਾਹੁੰਦਾ ਸੀ ਕਿ ਆਉਣ ਵਾਲੀਆਂ ਪੁਸ਼ਤਾਂ ਉਸਨੂੰ ਯਾਦ ਕਰਨ ਤੇ ਉਸ ਦੇ ਸੋਹਲੇ ਗਾਉਣ।

ਮਾਧੋਦਾਸ ਦੇ ਹੁਕਮਾਂ ਅਨੁਸਾਰ ਡੇਰੇ ਆਉਣ ਵਾਲੇ ਯਾਤਰੀਆਂ ਲਈ ਲੰਗਰ ਵਿਚ, ਬਿਨਾਂ ਕਿਸੇ ਭੇਦ-ਭਾਵ ਦੇ, ਸਭ ਲਈ ਸਵਾਦੀ ਪਕਵਾਨ ਪਰੋਸੇ ਜਾਂਦੇ ਸਨ। ਜਾਤੀ ਪ੍ਰਥਾ ਵਿਚ ਗਰੱਸੇ ਸਮਾਜ ਕਾਰਨ ਇਸ ਵਿਲੱਖਣ ਪ੍ਰਥਾ ਦੀ ਦੂਰ ਦੂਰ ਤੱਕ ਚਰਚਾ ਹੋਈ। ਦੈਵੀ ਸ਼ਕਤੀਆਂ ਤੋਂ ਇਲਾਵਾ ਡੇਰੇ ਆਉਣ ਵਾਲੇ ਹਰ ਗਰੀਬ ਅਮੀਰ ਦੀ ਪ੍ਰੋਹੁਣਾਚਾਰੀ ਤੇ ਉਹਨਾਂ ਪ੍ਰਤੀ ਹਮਦਰਦੀ ਵੀ ਮਾਧੋਦਾਸ ਬਾਰੇ ਚਰਚਾ ਦੇ ਮੁਖ ਕਾਰਨ ਸਨ। ਉਥੇ ਆਉਣ ਵਾਲਾ ਕੋਈ ਵੀ ਲੋੜਵੰਦ ਕਦੇ ਨਿਰਾਸ਼ ਜਾਂ ਨਾਉਮੀਦ ਹੋ ਕੇ ਨਹੀਂ ਸੀ ਗਿਆ। ਗਰੀਬ ਦੀ ਮੱਦਦ ਪੈਸੇ ਨਾਲ ਵੀ ਕੀਤੀ ਜਾਂਦੀ ਸੀ, ਐਵੇਂ ਝੂਠੀਆਂ ਤਸੱਲੀਆਂ ਜਾਂ ਵਿਖਿਆਨ ਨਾਲ ਹੀ ਉਸਦੀ ਝੋਲੀ ਨਹੀਂ ਸੀ ਭਰੀ ਜਾਂਦੀ। ਲੋਕੀ ਉਸ ਵੱਲ ਸਤਿਕਾਰ ਅਤੇ ਵਿਸਮਾਦ ਭਰੀਆਂ ਨਜ਼ਰਾਂ ਨਾਲ ਤੱਕਦੇ ਸਨ।

ਆਪਣੇ ਬਹੁਤ ਉਚੇ ਮਨਸੂਬਿਆਂ ਕਾਰਨ ਮਾਧੋਦਾਸ ਹਾਲੇ ਵੀ ਅੰਦਰੋਂ ਅਸ਼ਾਂਤ ਸੀ।

****

ਗੁਰੂ ਗੋਬਿੰਦ ਸਿੰਘ ਜੀ ਨਾਦੇੜ ਕਿਉਂ ਗਏ ?

ਇਹ ਇਕ ਐਸੀ ਬੁਝਾਰਤ ਹੈ ਜਿਸਦਾ ਠੋਸ ਜਵਾਬ ਕਿਸੇ ਕੋਲ ਵੀ ਨਹੀਂ। ਇਸ ਯਾਤਰਾ ਦੇ ਜੋ ਵੱਖ ਵੱਖ ਕਾਰਨ ਦੱਸੇ ਜਾਂਦੇ ਹਨ ਉਹਨਾਂ ਵਿਚੋਂ ਕੁਝ ਤਾਂ ਗੰਭੀਰ ਲਗਦੇ ਹਨ ਤੇ ਕੁਝ ਇਕ ਸਿਰਫ ਖਿਆਲੀ ਪਲਾਓ। ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਸ਼ਰਧਾ ਭਾਵ ਚੋਂ ਪ੍ਰਗਟ ਹੋਇਆ ਇਕ ਵਿਚਾਰ ਇਹ ਹੈ ਕਿ ਗੁਰੂ ਜੀ ਤਲਵੰਡੀ ਸਾਬੋ ਤੋਂ ਰਾਜਪੂਤਾਨੇ ਵੱਲ ਨੂੰ ਇਸ ਲਈ ਗਏ ਤਾਂ ਜੋ ਰਾਜਪੂਤ ਸਰਦਾਰਾਂ ਦੀ ਜਾਲਮ ਮੁਗਲ ਹਕੂਮਤ ਨੂੰ ਖਤਮ ਕਰਨ ਲਈ ਮੱਦਦ ਲੈ ਸਕਣ। ਪਰ ਜਦੋਂ ਉਹਨਾਂ ਨੂੰ ਉਚਿਤ ਹੁੰਗਾਰਾ ਨਾ ਮਿਲਿਆ ਤਾਂ ਉਹ ਉਥੋਂ ਦੱਖਣ ਵੱਲ ਨੂੰ ਨਿਕਲ ਪਏ ਤਾਂ ਜੋ ਮਰਾਠਿਆਂ ਦੀ ਮਦਦ ਲਿਤੀ ਜਾ ਸਕੇ। ਡਾ. ਐਚ.ਆਰ. ਗੁਪਤਾ ਲਿਖਦਾ ਹੈ "ਫੁਲੇਰੇ ਤੋਂ ਪੰਜ ਮੀਲ ਦੂਰ ਨਰੈਣੇ ਪਿੰਡ ਵਿਚ ਗੁਰੂ ਜੀ ਦੀ ਮੁਲਾਕਾਤ ਜੈਤ ਰਾਮ ਮਹੰਤ ਨਾਲ ਹੋਈ। ਗੱਲਬਾਤ ਦੌਰਾਨ ਗੁਰੂ ਜੀ ਨੇ ਮਹੰਤ ਨੂੰ ਪੁਛਿਆ ਕਿ ਕੀ ਉਹ ਰਾਜਪੂਤ ਸਰਦਾਰਾਂ ਦੀ ਮੱਦਦ ਹਾਸਲ ਕਰਵਾ ਸਕਦਾ ਹੈ ਤਾਂ ਜੋ ਮੁਗਲ ਹਕੂਮਤ ਨੂੰ ਖਤਮ ਕੀਤਾ ਜਾ ਸਕੇ। ਉਸਨੇ ਜਵਾਬ ਦਿਤਾ ਕਿ ਇਹ ਅਸੰਭਵ ਹੈ ।– – – ਉਸਨੇ ਸਲਾਹ ਦਿਤੀ ਕਿ ਉਹ ਮਾਧੋਦਾਸ ਬੈਰਾਗੀ ਦੀਆਂ ਸੇਵਾਵਾਂ ਪ੍ਰਾਪਤ ਕਰਨ।" ਦੂਸਰੇ ਬੰਨੇ ਮੈਕਾਲਿਫ ਕਹਿੰਦਾ ਹੈ ਕਿ ਗੁਰੂ ਜੀ ਨੇ ਤਲਵੰਡੀ ਸਾਬੋ ਤੋਂ ਹੀ ਦੱਖਣ ਨੂੰ ਜਾਣ ਦਾ ਮਨ ਬਣਾ ਲਿਆ ਸੀ। ਉਹ ਲਿਖਦਾ ਹੈ "ਗੁਰੂ ਜੀ ਨੇ ਡੱਲੇ ਨੂੰ ਆਖਿਆ ਕਿ ਉਹ ਉਹਨਾਂ ਨਾਲ ਦੱਖਣ ਨੂੰ ਚੱਲੇ। ਡੱਲੇ ਨੇ ਕਿਹਾ ਕਿ ਦਮਦਮਾ ਸਾਹਿਬ ਦੀ ਗੱਦੀ ਵੀ ਉਸ ਲਈ ਦਿੱਲੀ ਦੇ ਤਖਤ ਦੇ ਬਰਾਬਰ ਹੀ ਹੈ। ਉਸ ਨੇ ਗੁਰੂ ਸਾਹਿਬ ਅਤੇ ਸਿੱਖਾਂ ਤੇ ਜ਼ੋਰ ਪਾਇਆ ਕਿ ਉਹ ਉਸੇ ਕੋਲ ਰਹਿਣ। ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਬਰਾੜਾਂ ਨੇ ਭੀ ਗੁਰੂ ਸਾਹਿਬ ਨੂੰ ਪ੍ਰਸਤਾਵਤ ਯਾਤਰਾ ਰੱਦ ਕਰਨ ਲਈ ਮਨਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਗੁਰੂ ਜੀ ਨੇ ਉਹਨਾਂ ਦੀ ਇਹ ਗੱਲ ਨਾ ਮੰਨੀ ਤਾਂ ਕਾਫੀ ਸਾਰੇ ਉਹਨਾਂ ਨੂੰ ਛੱਡ ਕੇ ਤੁਰ ਗਏ। ਹੁਣ ਗੁਰੂ ਜੀ ਨਾਲ ਰਹਿ ਗਏ ਸਨ ਡੱਲਾ ਸਿੰਘ, ਭਾਈ ਭਗਤੂ ਦੇ ਪੋਤਰੇ ਰਾਮ ਸਿੰਘ ਅਤੇ ਉਸ ਦਾ ਭਰਾ ਫਤਿਹ ਸਿੰਘ, ਭਾਈ ਰੂਪਾ ਦੇ ਵੰਸ਼ਜ ਪਰਮ ਸਿੰਘ ਤੇ ਧਰਮ ਸਿੰਘ ਅਤੇ ਭਾਈ ਮਨੀ ਸਿੰਘ ਜਿਸ ਨੂੰ ਕਿ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਲਿਖਵਾਇਆ ਗਿਆ ਸੀ। ਅਚੰਭਾ ਤਾਂ ਇਸ ਗੱਲ ਦਾ ਹੈ ਕਿ ਡੱਲਾ ਵੀ ਰਸਤੇ ਵਿਚੋਂ ਹੀ ਇਕ ਰਾਤ ਗਾਇਬ ਹੋ ਗਿਆ ਅਤੇ ਆਪਣੇ ਨਾਲ ਇਕ ਸੋਢੀ ਅਤੇ ਕਈ ਬਰਾੜਾਂ ਨੂੰ ਵੀ ਲੈ ਗਿਆ। ਪਰ ਇਸ ਬਾਰੇ ਕੋਈ ਵੀ ਸਿੱਧੀ ਜਾਂ ਅਸਿੱਧੀ ਅੰਸ਼ਕ ਮਾਤਰਾ ਵੀ ਗਵਾਹੀ ਕਿਧਰੋਂ ਨਹੀਂ ਮਿਲਦੀ ਕਿ ਗੁਰੂ ਸਾਹਿਬ ਰਾਜਪੂਤਾਨੇ ਵਿਚ ਕਿਸੇ ਰਾਜਪੂਤ ਸਰਦਾਰ ਨੂੰ ਮਿਲੇ ਜਾਂ ਉਹਨਾਂ ਅਜਿਹੀ ਕੋਸ਼ਿਸ਼ ਵੀ ਕੀਤੀ ਹੋਵੇ। ਜਿਆਦਾਤਰ ਸਥਾਨਾਂ ਤੇ, ਵਿਸ਼ੇਸ਼ ਕਰਕੇ ਨੋਹਰ ਅਤੇ ਬਘੋਰ ਦੇ ਅਸਥਾਨਾਂ ਤੇ ਗੁਰੂ ਜੀ ਦਾ ਕੋਈ ਸਵਾਗਤ ਨਹੀਂ ਹੋਇਆ। ਸ਼ਾਇਦ ਇਸ ਦਾ ਕਾਰਨ ਗੁਰੂ ਜੀ ਦਾ ਪਹਿਰਾਵਾ ਅਤੇ ਉਹਨਾਂ ਦੇ ਸਾਥੀਆਂ ਦਾ ਅਸੱਭਿਆ ਵਿਹਾਰ ਸੀ।

ਦਾਊਦ ਵਾੜਾ (ਨਰੈਣਪੁਰ) ਸਥਿਤ ਇਕ ਧਾਰਮਿਕ ਅਸਥਾਨ ਦੇ ਮਹੰਤ ਨੇ ਜ਼ਰੂਰ ਉਹਨਾਂ ਦੀ ਆਉ-ਭਗਤ ਕੀਤੀ। ਜਦੋਂ ਗੁਰੂ ਜੀ ਬਘੌਰ ਵਿਚ ਠਹਿਰੇ ਹੋਏ ਸਨ ਤਾਂ ਉਹਨਾਂ ਨੂੰ ਔਰੰਗਜ਼ੇਬ ਦੀ ਮੌਤ ਦੀ ਖਬਰ ਮਿਲੀ। ਇਥੋਂ ਗੁਰੂ ਜੀ ਨੇ ਦੱਖਣ ਵੱਲ ਵਧਣ ਦੀ ਬਜਾਏ ਦਿੱਲੀ ਦਾ ਰੁਖ ਕੀਤਾ। ਇਸ ਤੋਂ ਇਹੋ ਪਤਾ ਲਗਦਾ ਹੈ ਕਿ ਉਹਨਾਂ ਦੀ ਰਾਜਪੂਤ ਸਰਦਾਰਾਂ ਨੂੰ ਮਿਲਣ ਦੀ ਕੋਈ ਮਨਸ਼ਾ ਨਹੀਂ ਸੀ। ਇਸ ਗੱਲ ਦੀ ਸੰਭਾਵਨਾ ਜ਼ਿਆਦਾ ਹੈ ਕਿ ਗੁਰੂ ਜੀ ਸਰਹਿੰਦ ਦੇ ਨਵਾਬ ਵਜੀਰ ਖਾਨ ਤੋਂ ਪਾਸਾ ਵੱਟ ਕੇ ਆਪਣਾ ਸਮਾਂ ਉਸ ਦੇ ਅਧਿਕਾਰ ਖੇਤਰ ਤੋਂ ਬਾਹਰ ਰਾਜਪੂਤਾਨੇ 'ਚ ਬਿਤਾਉਣਾ ਚਾਹੁੰਦੇ ਸਨ। ਕੋਈ ਵੀ ਕਾਰਨ ਹੋਣ ਪਰ ਇਸ ਗੱਲ ਦਾ ਪ੍ਰਮਾਣ ਕਿਧਰੋਂ ਵੀ ਨਹੀਂ ਮਿਲਦਾ ਕਿ ਗੁਰੂ ਜੀ ਰਾਜਪੂਤਾਂ ਨਾਲ ਮਿਲਕੇ ਮੁਗਲ ਹਕੂਮਤ ਨੂੰ ਵੰਗਾਰਨਾ ਚਾਹੁੰਦੇ ਸਨ। ਦੂਜਾ, ਮਹੰਤ ਜੈਤ ਨੇ ਉਹਨਾਂ ਨੂੰ ਪਹਿਲਾਂ ਹੀ ਆਗਾਹ ਕਰ ਦਿਤਾ ਸੀ ਕਿ ਰਾਜਪੂਤ ਸਰਦਾਰ ਕਿਸੇ ਦੇ ਭੀ ਮਿੱਤ ਨਹੀਂ। ਇਹਨਾਂ ਨੇ ਪਹਿਲਾਂ ਔਰੰਗਜ਼ੇਬ ਦੇ ਲੜਕੇ ਅਕਬਰ ਨੂੰ ਆਪਣੇ ਬਾਪ ਦੇ ਖਿਲਾਫ ਬਗਾਵਤ ਕਰਨ ਲਈ ਹੱਲਾ ਸ਼ੇਰੀ ਦਿਤੀ ਅਤੇ ਬਾਅਦ ਵਿਚ ਖੜੇ ਖੜੋਤੇ ਉਸਦਾ ਸਾਥ ਛੱਡ ਗਏ ਅਤੇ ਅਕਬਰ ਨੂੰ ਸ਼ਿਵਾਜੀ ਦੇ ਪੁੱਤਰ ਸਾਂਭਾਜੀ ਦੀ ਸ਼ਰਨ ਲੈਣੀ ਪਈ ਸੀ। ਜੇਕਰ ਇਹਨਾਂ ਨੇ ਅਕਬਰ ਦਾ ਸਾਥ ਨਹੀਂ ਦਿਤਾ ਤੁਹਾਡਾ ਇਕ ਅਜਨਬੀ ਦਾ ਸਾਥ ਕੌਣ ਦੇਵੇਗਾ।

ਮੁਗਲ ਬਾਦਸ਼ਾਹ ਔਰੰਗਜ਼ੇਬ ਇਕ ਬੇਰਹਿਮ, ਖੂੰਖਾਰ ਹਕੂਮਤ ਚਲਾਉਂਦਾ ਚਲਾਉਂਦਾ ਆਖਿਰ 20 ਫਰਵਰੀ 1707 ਨੂੰ 90 ਸਾਲ ਦੀ ਉਮਰ 'ਚ ਮੌਤ ਦੇ ਮੂੰਹ ਵਿਚ ਜਾ ਪਿਆ। ਉਸਦੇ ਤਖਤ ਤੇ ਕਬਜ਼ਾ ਕਰਨ ਦੀ ਤਾਂਘ ਰੱਖਣ ਵਾਲੇ ਪੁਤ, ਪੋਤਰਿਆਂ ਅਤੇ ਪੜਪੋਤਰਿਆਂ ਦੀ ਗਿਣਤੀ ਸਤਾਰਾਂ ਸੀ। ਉਸਦੇ ਉਸ ਵਕਤ ਜਿਉਂਦੇ ਪੁੱਤਰਾਂ ਦੇ ਨਾਂ ਸਨ ਬਹਾਦਰ ਸ਼ਾਹ, ਮੁਹੰਮਦ ਅਜੀਮ ਸ਼ਾਹ (ਜਿਸ ਨੂੰ ਸਿੱਖ ਤਾਰਾ ਅਜੀਮ ਸੱਦਦੇ ਨੇ) ਅਤੇ ਮੁਹੰਮਦ ਕਾਮ ਬਖਸ਼। ਮੌਤ ਤੋਂ ਕੁਝ ਸਮਾਂ ਪਹਿਲਾਂ ਜਦੋਂ ਔਰੰਗਜ਼ੇਬ ਦੇ ਜ਼ਹਿਨ ਵਿਚ ਉਸਦੇ ਕੀਤੇ ਗੁਨਾਹਾਂ ਦੀਆਂ ਝਾਕੀਆਂ ਘੁੰਮਣ ਲੱਗੀਆਂ ਅਤੇ ਉਸਨੂੰ ਬਾਬਾ ਫਰੀਦ ਦਾ ਕਥਨ ਯਾਦ ਆਉਣ ਲੱਗਾ "ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ" ਤਾਂ ਉਹ ਭੈ-ਭੀਤ ਹੋ ਗਿਆ। ਉਸਨੂੰ ਇਸ ਦੁਨੀਆਂ ਦੀ ਨਾਪਾਏਦਾਰੀ ਦਾ ਅਹਿਸਾਸ ਵੀ ਹੋਣ ਲੱਗਾ। ਸਮਝ ਆਉਣ ਲੱਗੀ ਕਿ ਇਸ ਫਾਨੀ ਦੁਨੀਆਂ ਦੀ ਹਰ ਵਸਤੂ ਇਕ ਛਲੇਡਾ ਹੈ ਅਤੇ ਨਾ ਤਾਕਤ ਨਾ ਜਾਹੋਜਲਾਲ ਨੇ ਕਿਸੇ ਦਾ ਸਾਥ ਦਿਤਾ ਹੈ। ਚੰਗੇ ਮਾੜੇ ਕੀਤੇ ਕਰਮਾਂ ਦਾ ਫਲ ਹਰ ਹੀਲੇ ਭੁਗਤਣਾ ਪੈਣਾ ਹੈ। ਉਸਨੇ ਆਪਣੇ ਪੁਤਰਾਂ ਨੂੰ ਸੰਬੋਧਿਤ ਹੁੰਦੇ ਲਿਖਿਆ "ਮੈਨੂੰ ਨਹੀਂ ਪਤਾ ਕਿ ਮੈਂ ਕੌਣ ਹਾਂ, ਕਿਥੇ ਜਾਣਾ ਹੈ ਅਤੇ ਗੁਨਾਹਾਂ ਦੇ ਭਰੇ ਇਸ ਪਾਪੀ ਨਾਲ ਕੀ ਹੋਣ ਵਾਲਾ ਹੈ ? ਮੇਰੀ ਉਮਰ ਤਾਂ ਵਿਅਰਥ ਹੀ ਗੁਜ਼ਰੀ। ਮੇਰੇ ਦਿਲ ਵਿਚ ਤਾਂ ਖੁਦਾ ਸੀ ਪਰ ਮੇਰੀਆਂ ਅੰਨੀਆਂ ਅੱਖਾਂ ਉਸ ਦੀ ਰੋਸ਼ਨੀ ਵੇਖ ਨਾ ਸਕੀਆਂ। ਭਵਿੱਖ ਵਿਚ ਮੈਨੂੰ ਕੋਈ ਉਮੀਦ ਦੀ ਕਿਰਨ ਨਜ਼ਰ ਨਹੀਂ ਆਉਂਦੀ। ਜਦੋਂ ਮੈਂ ਖੁਦ ਤੋਂ ਹੀ ਨਾ ਉਮੀਦ ਹਾਂ ਤਾਂ ਮੈਂ ਕਿਸੇ ਹੋਰ ਤੋਂ ਕੀ ਉਮੀਦ ਰੱਖ ਸਕਦਾ ਹਾਂ। ਮੈਂ ਬਹੁਤ ਗੁਨਾਹ ਕੀਤੇ ਹਨ ਅਤੇ ਪਤਾ ਨਹੀਂ ਅੱਗੇ ਮੈਨੂੰ ਕਿਹੜਾ ਦੋਜਖ ਉਡੀਕ ਰਿਹਾ ਹੈ।" ਪਰ ਜਿਹਨਾਂ ਨੂੰ ਇਹ ਖਤ ਸੰਬੋਧਿਤ ਸੀ ਨਾ ਤਾਂ ਉਹਨਾਂ ਨੇ ਤੇ ਨਾ ਹੀ ਤਖਤ ਤੇ ਹੱਕ ਜਤਾਉਣ ਵਾਲੇ ਬਾਕੀਆਂ ਨੇ ਇਸ ਤੋਂ ਕੋਈ ਸਿਖਿਆ ਲਈ। ਠੀਕ ਭੀ ਹੈ। ਮਨੁੱਖ ਨੇ ਅੱਜ ਤੱਕ ਇਤਿਹਾਸ ਤੋਂ ਕੋਈ ਸਬਕ ਨਹੀਂ ਸਿਖਿਆ। ਨਾ ਇਹ ਕਦੇ ਸਿੱਖੇਗਾ।

ਜਦੋਂ ਔਰੰਗਜ਼ੇਬ ਦੀ ਦੱਖਣ ਵਿਚ ਮੌਤ ਹੋਈ ਤਾਂ ਉਸਦਾ ਸਭ ਤੋਂ ਵੱਡਾ ਪੁੱਤਰ, ਜੋ ਤਖਤ ਦਾ ਪ੍ਰਮੁੱਖ ਦਾਅਵੇਦਾਰ ਸੀ, ਅਫਗਾਨਿਸਤਾਨ ਦੀ ਮੁਹਿੰਮ ਤੇ ਸੀ। ਰਾਜਧਾਨੀ ਤੋਂ ਉਸਦੀ ਗੈਰ ਹਾਜ਼ਰੀ ਦਾ ਲਾਹਾ ਲੈਂਦਿਆਂ ਉਸਦੇ ਛੋਟੇ ਭਰਾ ਤਾਰਾ ਆਜ਼ਿਮ ਨੇ ਤਖਤ ਤੇ ਕਬਜ਼ਾ ਕਰ ਲਿਆ। ਜਦੋਂ ਬਹਾਦਰ ਸ਼ਾਹ ਨੂੰ ਆਪਣੇ ਛੋਟੇ ਭਰਾ ਦੇ ਇਸ ਵਿਸਾਹਘਾਤ ਦਾ ਪਤਾ ਲੱਗਿਆ ਤਾਂ ਉਹ ਮੁਹਿੰਮ ਨੂੰ ਵਿੱਚੇ ਛੱਡ ਦਿੱਲੀ ਵੱਲ ਨੂੰ ਮੁੜ ਪਿਆ ਤਾਂ ਜੋ ਉਹ ਤਖਤ ਤੇ ਬੈਠਣ ਦਾ ਆਪਣਾ ਬਣਦਾ ਹੱਕ ਪ੍ਰਾਪਤ ਕਰ ਸਕੇ। ਇਸ ਵਿਸ਼ੇਸ਼ ਸਥਿਤੀ ਵਿਚ ਜ਼ਰੂਰੀ ਸੀ ਕਿ ਪੰਜਾਬ 'ਚ ਅਮਨ ਸ਼ਾਂਤੀ ਰਹੇ ਅਤੇ ਨਾਜ਼ੁਕ ਮੌਕਾ ਵੇਖ ਕੇ ਸਿੱਖ ਉਸ ਦੀ ਪਿੱਠ 'ਚ ਛੁਰਾ ਨਾ ਮਾਰ ਸਕਣ। ਇਹ ਤਾਂ ਹੀ ਸੰਭਵ ਸੀ ਜੇਕਰ ਗੁਰੂ ਜੀ ਉਸ ਦੀ ਮੱਦਦ ਕਰਨ 'ਤੇ ਉਸ ਨਾਲ ਸਹਿਯੋਗ ਕਰਨ। ਭਾਈ ਨੰਦ ਲਾਲ ਦੀ ਵਿਚੋਲਗੀ ਨਾਲ ਦੋਵੇਂ ਧਿਰਾਂ ਵਿਚ ਸਮਝੌਤਾ ਹੋ ਗਿਆ। ਗੁਰੂ ਜੀ ਨੇ ਸ਼ਹਿਜ਼ਾਦੇ ਨੂੰ ਭਰੋਸਾ ਦਿਵਾਇਆ ਕਿ ਸਿੱਖ ਉਸ ਨਾਜ਼ੁਕ ਸਥਿਤੀ ਦਾ ਫਾਇਦਾ ਲੈਣ ਦੀ ਕੋਸ਼ਿਸ਼ ਨਹੀਂ ਕਰਨਗੇ ਅਤੇ ਪੰਜਾਬ 'ਚ ਅਮਨ ਅਮਾਨ ਕਾਇਮ ਰਹੇਗਾ। ਇਸ ਦੇ ਨਾਲ ਹੀ ਉਹਨਾਂ ਘੋੜਸਵਾਰ ਸੈਨਿਕਾਂ ਦੀ ਇਕ ਛੋਟੀ ਟੁਕੜੀ ਭੀ ਉਸ ਦੀ ਮੱਦਦ ਲਈ ਦੇ ਦਿਤੀ। ਪਰ ਡਾ. ਸੁਖਦਿਆਲ ਸਿੰਘ ਦਾ ਕਹਿਣਾ ਕਿ ਜਦੋਂ ਸ਼ਹਿਜ਼ਾਦਾ ਮੁਅੱਜਮ (ਭਾਵ ਬਹਾਦਰ ਸ਼ਾਹ) ਕਾਬਲ ਦਾ ਗਵਰਨਰ ਸੀ ਤਾਂ ਕਾਫੀ ਗਿਣਤੀ ਵਿਚ ਸਿੱਖ ਉਸ ਦੀ ਫੌਜ ਵਿਚ ਭਰਤੀ ਹੋ ਗਏ ਸਨ ਤੇ ਉਸ ਦੀ ਫੌਜ ਵਿਚ ਇਕ ਸਿੱਖ ਰੈਜੀਮੈਂਟ ਵੀ ਸੀ। ਇਸ ਰੈਜੀਮੈਂਟ ਨੂੰ ਗੁਰੂ ਕੀ ਸੰਗਤ ਆਖਿਆ ਜਾਂਦਾ ਸੀ ਤੇ ਇਸ ਰੈਜੀਮੈਂਟ ਦੇ ਸਿੱਖ ਕਮਾਂਡਰ ਨੂੰ ਗੁਰੂ ਕਾ ਬੰਦਾ। ਪਿਛੋਂ ਚੱਲ ਕੇ ਇਹੀ ਕਮਾਂਡਰ ਬੰਦਾ ਬਹਾਦਰ ਬਣਿਆ। ਦੂਸਰੇ ਸ਼ਬਦਾਂ 'ਚ ਸਿੱਖ ਸੈਨਿਕਾਂ ਦੀ ਟੁਕੜੀ ਪਹਿਲਾਂ ਹੀ ਬਹਾਦੁਰ ਸ਼ਾਹ ਨਾਲ ਸੀ। ਕੋਈ ਨਵੇਂ ਸਿੱਖ ਸੈਨਿਕ ਗੁਰੂ ਜੀ ਨੇ ਨਹੀਂ ਦਿਤੇ ਸਨ।

ਗੁਰੂ ਜੀ ਅਤੇ ਸ਼ਹਿਜ਼ਾਦੇ ਵਿਚਕਾਰ ਸਮਝੌਤਾ ਇਸ ਲਈ ਵੀ ਸਿਰੇ ਚੜ੍ਹ ਗਿਆ ਕਿਉਂਜੋ ਗੁਰੂ ਜੀ ਇਸ ਸ਼ਹਿਜਾਦੇ ਪ੍ਰਤੀ ਨਰਮ ਰਵੱਈਆ ਰੱਖਦੇ ਸਨ। ਕਾਰਨ ਇਹ ਸੀ ਕਿ ਜਦੋਂ 1695 ਵਿਚ ਔਰੰਗਜ਼ੇਬ ਨੇ ਸ਼ਹਿਜ਼ਾਦੇ ਨੂੰ ਗੁਰੂ ਜੀ ਉਪਰ ਚੜ੍ਹਾਈ ਕਰਨ ਲਈ ਕਿਹਾ ਤਾਂ ਉਸਨੇ ਅਜਿਹਾ ਨਾ ਕੀਤਾ ਸਗੋਂ ਗੁਰੂ ਜੀ ਦੇ ਦੁਸ਼ਮਣਾਂ ਵਿਰੁੱਧ ਆਪਣੀ ਫੌਜ ਭੇਜੀ। ਗੁਰੂ ਜੀ ਨੇ ਸ਼ਹਿਜ਼ਾਦੇ ਦੀ ਮੱਦਦ ਦੀ ਅਪੀਲ ਤੁਰੰਤ ਸਵੀਕਾਰ ਕਰ ਲਈ। ਹੋਰ ਕਾਰਨ ਇਹ ਵੀ ਹੋ ਸਕਦਾ ਹੈ ਕਿ ਸ਼ੀਆ ਹੋਣ ਕਾਰਨ ਇਹ ਸ਼ਹਿਜ਼ਾਦਾ ਮੁਤਅੱਸਬੀ ਨਹੀਂ ਸੀ ਸਗੋਂ ਫਰਾਖਦਿਲ ਸੀ। ਰਾਜ ਗੱਦੀ ਦੇ ਤਿੰਨੇ ਦਾਅਵੇਦਾਰਾਂ ਚੋਂ ਇਸ ਨਾਲ ਮਸਲੇ ਸੁਲਝਾਉਣੇ ਸੌਖੇ ਸਨ।

ਤਾਰਾ ਆਜ਼ਿਮ ਅਹਿਮਦ ਨਗਰ ਦੇ ਸਥਾਨ ਤੇ ਡੇਰਾ ਲਾਈ ਬੈਠਾ ਸੀ। ਜਦੋਂ ਉਸਨੂੰ ਆਪਣੇ ਭਰਾ ਦੀ ਮੁਹਿੰਮ ਦਾ ਪਤਾ ਲੱਗਿਆ ਤਾਂ ਉਹ ਉਸਨੂੰ ਟੱਕਰਣ ਲਈ ਗਵਾਲੀਅਰ ਰਾਹੀਂ ਹੋ ਕੇ ਚਲ ਪਿਆ। ਉਧਰ ਬਹਾਦਰ ਸ਼ਾਹ ਨੇ ਅੱਗੇ ਵਧ ਕੇ ਧੌਲਪੁਰ ਦੇ ਲਾਗੇ ਜਾਜੂ ਵਿਖੇ ਜਾ ਡੇਰੇ ਲਾਏ ਅਤੇ ਇਥੇ ਹੀ ਦੋਹਾਂ ਫੌਜਾਂ ਦਾ ਟਾਕਰਾ ਹੋਇਆ। ਤਿੰਨ ਦਿਨਾਂ ਤਕ ਚੱਲੀ ਲੜਾਈ ਵਿਚ ਤਾਰਾ ਆਜ਼ਿਮ ਅਤੇ ਉਸਦੇ ਬਹੁਤ ਸਾਰੇ ਪ੍ਰਮੁੱਖ ਜਰਨੈਲ ਮਾਰੇ ਗਏ। ਜੌਹਨ ਕੀਅ ਲਿਖਦਾ ਹੈ "ਵਿਰਾਸਤ ਦੀ ਇਹ ਲੜਾਈ ਮੁਕਾਬਲਤਨ ਇਤਨੀ ਲੰਬੀ ਤੇ ਸਖਤ ਨਹੀਂ ਸੀ। ਭਾਵੇਂ ਕਿ ਕੀਮਤ ਇਸ ਦੀ ਵੀ ਤਾਰਨੀ ਪਈ। ਬਾਲਟੀਆਂ ਭਰ ਭਰ ਕੇ ਖਜ਼ਾਨਾ ਵੰਡਿਆ ਗਿਆ ਸੀ ਅਤੇ ਜਗੀਰਾਂ ਦੀਆਂ ਬਖਸ਼ਿਸ਼ਾਂ ਕੀਤੀਆਂ ਗਈਆਂ, ਫੌਜਾਂ ਇਕੱਠੀਆਂ ਕੀਤੀਆਂ ਗਈਆਂ। ਦੋਨਾਂ ਪਾਸਿਆਂ ਦੇ ਕਰੀਬ ਦਸ ਹਜ਼ਾਰ ਫੌਜੀ ਮਾਰੇ ਗਏ।"

ਬਹਾਦਰ ਸ਼ਾਹ ਦੀ ਜਿੱਤ ਦੀ ਖਬਰ ਪਾ ਕੇ ਗੁਰੂ ਜੀ ਦਿੱਲੀ ਤੋਂ ਬਹਾਦਰ ਸ਼ਾਹ ਨੂੰ ਮਿਲਣ ਲਈ ਚਲ ਪਏ। ਆਗਰੇ ਪਹੁੰਚਣ ਤੇ ਪੂਰੀ ਸ਼ਾਨੋ ਸ਼ੌਕਤ ਨਾਲ ਉਹਨਾਂ ਦਾ ਸਵਾਗਤ ਕੀਤਾ ਗਿਆ। ਬਾਦਸ਼ਾਹ ਨੇ ਗੁਰੂ ਜੀ ਦਾ ਤਖਤ ਪ੍ਰਾਪਤ ਕਰਨ 'ਚ ਉਹਨਾਂ ਵੱਲੋਂ ਦਿਤੀ ਸਹਾਇਤਾ ਲਈ ਉਹਨਾਂ ਦਾ ਯਥਾਯੋਗ ਧੰਨਵਾਦ ਕੀਤਾ, ਕੀਮਤੀ ਤੋਹਫੇ ਭੇਟ ਕੀਤੇ ਅਤੇ ਬੇਨਤੀ ਕੀਤੀ ਕਿ ਉਹ ਕੁਝ ਸਮਾਂ ਉਸ ਪਾਸ ਠਹਿਰਣ। ਗੁਰੂ ਜੀ ਨੇ ਇਹ ਬੇਨਤੀ ਖੁਸ਼ੀ ਖੁਸ਼ੀ ਸਵੀਕਾਰ ਕਰ ਲਈ।

ਡਾ. ਗੋਪਾਲ ਸਿੰਘ ਲਿਖਦਾ ਹੈ, "ਇਕ ਦਿਨ ਗੁਰੂ ਜੀ ਨੇ ਚਿਰਾਂ ਤੋਂ ਆਪਣੇ ਮਨ 'ਚ ਰੱਖੀ ਇਛਾ ਬਾਦਸ਼ਾਹ ਪਾਸ ਪ੍ਰਗਟ ਕੀਤੀ। ਉਹਨਾਂ ਕਿਹਾ ਕਿ ਸਰਹਿੰਦ ਦੇ ਸੂਬੇਦਾਰ ਨੂੰ ਬਰਖਾਸਤ ਕੀਤਾ ਜਾਵੇ ਅਤੇ ਉਸ ਤੇ ਮੁਕੱਦਮਾ ਚਲਾਇਆ ਜਾਵੇ ਕਿਉਂਕਿ ਉਸ ਨੇ ਲੋਕਾਂ ਤੇ ਬਹੁਤ ਜ਼ੁਲਮ ਢਾਏ ਨੇ। ਇਸ ਮੰਗ ਤੇ ਬਾਦਸ਼ਾਹ ਭੁੰਚੱਕਾ ਰਹਿ ਗਿਆ ਪਰ ਉਸਨੇ ਇਹ ਮੰਗ ਉਸੇ ਵਕਤ ਨਾ ਠੁਕਰਾਈ। ਸਗੋਂ ਕਿਹਾ ਕਿ ਉਹ ਆਪਣੇ ਵਜੀਰਾਂ ਨਾਲ ਸਲਾਹ-ਮਸ਼ਵਰਾ ਕਰਕੇ ਜੁਆਬ ਦੇਵੇਗਾ।" ਦੂਸਰੇ ਬੰਨੇ ਕਨਿੰਘਮ ਇਕ ਵੱਖਰੀ ਹੀ ਕਹਾਣੀ ਦੱਸਦਾ ਹੈ। ਉਹ ਲਿਖਦਾ ਹੈ "ਆਗਰੇ ਗੁਰੂ ਜੀ ਦਾ ਸਵਾਗਤ ਕੀਤਾ ਗਿਆ ਅਤੇ ਉਹਨਾਂ ਨੂੰ ਗੋਦਾਵਰੀ ਦੀ ਵਾਦੀ ਵਿਚ ਇਕ ਫੌਜੀ ਕਮਾਂਡ ਸੰਭਾਲ ਦਿਤੀ ਗਈ।" ਇਸੇ ਗੱਲ ਦਾ ਵਿਖਿਆਨ ਕਰਦਾ ਸਈਅਦ ਮੁਹੰਮਦ ਲਤੀਫ ਆਪਣੀ ਪੁਸਤਕ ਪੰਜਾਬ ਦਾ ਇਤਿਹਾਸ ਵਿਚ ਲਿਖਦਾ ਹੈ ਕਿ ਬਹਾਦਰ ਸ਼ਾਹ ਨੇ ਇਕ ਵਿਦਰੋਹੀ ਨੇਤਾ ਦੀਆਂ ਸੇਵਾਵਾਂ ਆਪਣੇ ਹੱਕ 'ਚ ਹਾਸਲ ਕਰਨ ਦੀ ਮਨਸ਼ਾ ਨਾਲ ਗੁਰੂ ਜੀ ਨੂੰ ਫੌਜ ਵਿਚ ਪੰਜ ਹਜ਼ਾਰੀ ਨਿਯੁਕਤ ਕੀਤਾ ਸੀ।

ਜੇ.ਡੀ. ਕਨਿੰਘਮ ਅਤੇ ਲਤੀਫ ਦੇ ਇਹਨਾਂ ਕਥਨਾਂ ਦੀ ਪ੍ਰੋੜਤਾ ਬਖਤ ਮੱਲ ਦੇ 'ਖਾਲਸਾ ਨਾਮਾ' ਤੋਂ ਵੀ ਹੁੰਦੀ ਹੈ ਜਿਸ ਵਿਚ ਲਿਖਿਆ ਹੈ "ਬਾਦਸ਼ਾਹ ਨੇ ਵਜੀਰ ਖਾਨ ਨੂੰ ਫੁਰਮਾਨ ਜਾਰੀ ਕੀਤਾ ਕਿ ਉਹ ਗੁਰੂ ਸਾਹਿਬ ਨੂੰ ਤਿੰਨ ਸੌ ਰੁਪਈਆ ਰੋਜ਼ਾਨਾ ਅਦਾ ਕਰੇ।" ਗੁਰੂ ਜੀ ਨੂੰ ਦਿਤੀ ਇਹ ਜਾਗੀਰ, ਜਿਹੜੀ ਸਰਹਿੰਦ ਦੇ ਖਜ਼ਾਨੇ ਦੇ ਖਾਤੇ ਪਾਈ ਗਈ ਸੀ, ਇਸ ਲਈ ਦਿਤੀ ਗਈ ਸੀ ਕਿ ਉਹਨਾਂ ਵੱਲੋਂ ਰੱਖੇ ਦੋ ਤਿੰਨ ਸੌ ਘੋੜ ਸਵਾਰ ਅਤੇ ਕੁਝ ਪੈਦਲ ਸੈਨਿਕਾਂ ਦਾ ਖਰਚਾ ਕੀਤਾ ਜਾ ਸਕੇ। ਇਹ ਜਾਗੀਰ ਕੋਈ ਦਾਨ ਜਾਂ ਖੈਰਾਤ ਵਜੋਂ ਨਹੀਂ ਦਿਤੀ ਗਈ ਹੋ ਸਕਦੀ। ਇਸ ਦਾ ਮਨੋਰਥ ਜ਼ਰੂਰ ਹੀ ਗੋਦਾਵਰੀ ਵਾਦੀ ਨੂੰ ਮਰਾਠਿਆਂ ਦੇ ਹਮਲਿਆਂ ਤੋਂ ਸੁਰੱਖਿਅਤ ਕਰਨਾ ਹੋਵੇਗਾ। ਬਖਤ ਮੱਲ ਦੀ ਇਸ ਕਹਾਣੀ ਨੂੰ ਇਕ ਹੋਰ ਗਵਾਹੀ ਵੀ ਪਰਪੱਕ ਕਰਦੀ ਹੈ । ਮੈਕਾਲਿਫ ਲਿਖਦਾ ਹੈ ਕਿ "ਗੁਰੂ ਜੀ ਸਾਵਣ 1707 ਵਿਚ ਨਾਦੇੜ ਪਹੁੰਚੇ ਤਾਂ ਉਹਨਾਂ ਨਾਲ ਕੁਝ ਪੈਦਲ ਸੈਨਿਕ ਅਤੇ ਕਰੀਬ ਦੋ ਤਿੰਨ ਸੌ ਘੋੜ ਚੜੇ ਸੈਨਿਕ ਸਨ ਜਿਹੜੇ ਨੇਜਿਆਂ ਨਾਲ ਲੈਸ ਸਨ।" ਉਹ ਚੌਦਾਂ ਮਹੀਨ ਦਸ ਦਿਨ ਨਾਦੇੜ ਰਹੇ। ਇੰਨੇ ਵੱਡੇ ਲਾਉ ਲੱਸ਼ਕਰ ਦਾ ਇੰਨੇ ਲੰਮੇ ਸਮੇਂ ਤਕ ਖਾਣ-ਪਾਣ ਦਾ ਇੰਤਜ਼ਾਮ ਕਰਨਾ ਇਸ ਜਗੀਰ ਤੋਂ ਬਿਨਾਂ ਸੰਭਵ ਨਹੀਂ ਸੀ ਕਿਉਂਕਿ ਇਸ ਇਲਾਕੇ ਵਿਚ ਗੁਰੂ ਜੀ ਦੇ ਕੋਈ ਬਹੁਤੇ ਸ਼ਰਧਾਲੂ ਨਹੀਂ ਸਨ। ਇੰਨੇ ਲੰਮੇ ਸਮੇਂ ਤਕ ਗੁਰੂ ਜੀ ਬਿਨਾਂ ਕਿਸੇ ਉਦੇਸ਼ ਦੇ ਤਾਂ ਠਹਿਰੇ ਨਹੀਂ ਹੋਣਗੇ ਅਤੇ ਇਸ ਇਲਾਕੇ 'ਚ ਉਹ ਉਕਾ ਹੀ ਅਜਨਬੀ ਸਨ। ਨਾ ਹੀ ਆਪਣੇ ਗੁਜ਼ਾਰੇ ਦੇ ਉਹਨਾਂ ਕੋਲ ਕੋਈ ਪ੍ਰਤੱਖ ਸਾਧਨ ਸਨ। ਮੇਜਰ ਏ. ਈ. ਬਾਰਸਟੋਅ ਲਿਖਦਾ ਹੈ "ਬਾਦਸ਼ਾਹ ਨੇ ਗੋਦਾਵਰੀ ਵਾਦੀ ਵਿਚ ਫੌਜੀ ਕਮਾਂਡ ਗੁਰੂ ਸਾਹਿਬ ਨੂੰ ਇਸ ਉਮੀਦ ਨਾਲ ਦਿਤੀ ਸੀ ਕਿ ਵਿਦਰੋਹੀ

ਜੱਟਾਂ ਦੇ ਇਸ ਲੀਡਰ ਦੀਆਂ ਸੇਵਾਵਾਂ ਮਰਾਠਿਆਂ ਦੀ ਬਗਾਵਤ ਨੂੰ ਠੱਲਣ ਲਈ ਢੁਕਵੀਆਂ ਰਹਿਣਗੀਆਂ ਅਤੇ ਗੋਬਿੰਦ ਸਿੰਘ ਜੀ ਨੇ ਸ਼ਾਇਦ ਇਹ ਸੋਚਿਆ ਹੋਵੇਗਾ ਕਿ ਸ਼ਾਹੀ ਨੌਕਰੀ ਇਕ ਪਾਸੇ ਤਾਂ ਉਹਨਾਂ ਵਿਰੋਧੀ ਸ਼ੰਕਿਆਂ ਨੂੰ ਖਤਮ ਕਰ ਦੇਵੇਗੀ ਅਤੇ ਦੂਜੇ ਬੰਨੇ ਇਹ ਸਮਾਂ ਉਹ ਆਪਣੇ ਖਿੰਡ ਚੁਕੇ ਸ਼ਰਧਾਲੂਆਂ ਨੂੰ ਇਕੱਠੇ ਕਰਨ ਵਿਚ ਲਗਾ ਸਕਣਗੇ। ਗੁਰੂ ਸਾਹਿਬ ਵੱਲੋਂ ਇਹ ਰਸਤਾ ਅਖਤਿਆਰ ਕਰਨ ਦੇ ਕਾਰਨ ਭਾਵੇਂ ਕੁਝ ਵੀ ਹੋਣ ਪਰ ਇਹ ਉਹਨਾਂ ਦੀ ਤਰਜ਼ੇ ਜ਼ਿੰਦਗੀ ਅਤੇ ਸਿਖਿਆਵਾਂ ਤੋਂ ਉਲਟ ਸੀ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਜਦੋਂ ਉਹ ਦੱਖਣ ਨੂੰ ਗਏ ਤਾਂ ਉਹ ਸ਼ਰਧਾਲੂਆਂ ਦੇ ਇਕ ਜੱਥੇ ਦੀ ਅਗਵਾਈ ਕਰ ਰਹੇ ਸਨ।"

ਪ੍ਰਬਲ ਸੰਭਾਵਨਾ ਇਹੋ ਲਗਦੀ ਹੈ ਕਿ ਗੁਰੂ ਜੀ ਨੇ ਬਹਾਦਰ ਸ਼ਾਹ ਨੂੰ ਪੂਰਨ ਸਹਿਯੋਗ ਇਸ ਉਮੀਦ ਨਾਲ ਦਿਤਾ ਹੋਵੇਗਾ ਕਿ ਬਾਦਸ਼ਾਹ ਵਜ਼ੀਰ ਖਾਨ ਨੂੰ ਉਹਨਾਂ ਦੇ ਹਵਾਲੇ ਕਰ ਦੇਵੇਗਾ ਤਾਂ ਜੋ ਉਹ ਵਜ਼ੀਰ ਖਾਨ ਨੂੰ ਆਪਣੇ ਛੋਟੇ ਪੁੱਤਰਾਂ ਦੇ ਕਤਲ ਦੀ ਢੁਕਵੀਂ ਸਜ਼ਾ ਦੇ ਸਕਣ। ਦਾਦੂਵਾੜੇ ਦੇ ਮਹੰਤ ਜੈਤ ਲਾਲ ਗੁਰੂ ਜੀ ਦੀ ਹੋਈ ਵਾਰਤਾਲਾਪ, ਜੋ ਕਿ ਹੇਠਾਂ ਦਿਤੀ ਗਈ ਹੈ, ਤੋਂ ਪਤਾ ਲਗਦਾ ਹੈ ਕਿ ਜ਼ਾਲਮ ਲਈ ਗੁਰੂ ਜੀ ਦੇ ਦਿਲ 'ਚ ਵਜ਼ੀਰ ਖਾਨ ਪ੍ਰਤੀ ਕੋਈ ਰਹਿਮ ਨਹੀਂ ਸੀ।

ਮਹੰਤ ਨੇ ਦਾਦੂ ਦਾ ਇਕ ਦੋਹਾ ਗੁਰੂ ਜੀ ਨੂੰ ਸੁਣਾਇਆ, ਜੋ ਇੰਝ ਸੀ :

ਦਾਦੂ ਦਾਵਾ ਦੂਰ ਕਰ ਬਿਨ ਦਾਵੇ ਦਿਨ ਕੱਟ
ਕੇਤੀ ਸੌਦਾ ਕਰ ਗਈ ਏਸ ਪਸਾਰੀ ਦੀ ਹੱਟ।

ਦਾਦੂ ਦੇ ਕਥਨ ਨੂੰ ਝੁਠਲਾਂਦਿਆਂ ਗੁਰੂ ਜੀ ਨੇ ਉਪਰੋਕਤ ਕਥਨ ਨੂੰ ਇਸ ਤਰ੍ਹਾਂ ਬਦਲ ਦਿਤਾ:

ਦਾਦੂ ਦਾਵਾ ਬੰਨ ਕਿ ਦੁਸ਼ਮਨ ਨੂੰ ਲਿਆ ਲੁੱਟ
ਇਕੋ ਰਹਿਸੀ ਖਾਲਸਾ ਹੋਰ ਮਰੇਸੀ ਹੁੱਟ।
ਫਿਰ ਮਹੰਤ ਨੇ ਦੋ ਹੋਰ ਲਾਈਨਾਂ ਗੁਰੂ ਜੀ ਨੂੰ ਸੁਣਾਈਆਂ:
ਦਾਦੂ ਸਮਾਂ ਵਿਚਾਰ ਕੇ ਕੱਲ੍ਹ ਕਾ ਕੀਜੇ ਭਾਏ,
ਜੇ ਕੋ ਮਾਰੇ ਢੀਮ ਈਟ, ਦੀਜੇ ਸੀਸ ਚੜ੍ਹਾਏ।
ਗੁਰੂ ਜੀ ਨੇ ਉਪਰੋਕਤ ਕਥਨ ਨੂੰ ਇਸ ਤਰ੍ਹਾਂ ਬਦਲ ਦਿਤਾ:
ਦਾਦੂ ਸਮਾਂ ਵਿਚਾਰ ਕੇ ਕਲ ਕਾ ਕੀਜੇ ਭਾਉ,
ਜੇ ਕੋ ਮਾਰੇ ਢੀਮ ਈਟ ਪਾਥਰ ਤਿਸੇ ਟਿਕਾਉ।

ਗੁਰੂ ਜੀ ਨੇ ਮਹੰਤ ਨੂੰ ਆਪਣੇ ਧਰਮ ਦੇ ਅਸੂਲ ਇੰਝ ਸਮਝਾਏ; ਸਮਾਂ ਬਹੁਤ ਮਾੜਾ ਹੈ। ਦੁਸ਼ਟਾਂ ਦਾ ਰਾਜ ਹੈ ਇਸੇ ਕਾਰਨ ਸੰਤ ਮਹਾਤਮਾ ਦੁਖ ਭੋਗ ਰਹੇ ਨੇ। ਜ਼ਾਲਮ ਸਜ਼ਾ ਦੇ ਹਕਦਾਰ ਨੇ। ਜੇ ਉਹਨਾਂ ਨੂੰ ਮੁਆਫ ਕਰ ਦਿਤਾ ਜਾਏ ਉਹ ਸੁਧਰਨਗੇ ਨਹੀਂ। ਮਹੰਤ, ਜੋ ਨਾਮ ਜੱਪਣਗੇ ਅਤੇ ਹਥਿਆਰਬੰਦ ਹੋ ਆਪਣੇ ਧਰਮ ਦੀ ਰੱਖਿਆ ਲਈ ਜੂਝਦੇ ਸ਼ਹਾਦਤ ਪ੍ਰਾਪਤ ਕਰਨਗੇ ਉਹ ਸਿੱਧੇ ਬੈਕੁੰਠ ਨੂੰ ਜਾਣਗੇ। ਇਸੇ ਲਈ ਮੈਂ ਖਾਲਸਾ ਪੰਥ ਸਾਜਿਆ ਹੈ ਅਤੇ ਆਪਣੇ ਸਿੱਖਾਂ ਹੱਥ ਸ਼ਸ਼ਤਰ ਫੜਾ ਉਹਨਾਂ ਨੂੰ ਸੂਰਮੇ ਬਣਾ ਦਿਤਾ ਹੈ।

ਗੁਰੂ ਜੀ ਨੇ ਕਿਉਂ ਗੋਦਾਵਰੀ ਵਾਦੀ ਦੀ ਫੌਜੀ ਕਮਾਂਡ ਸੰਭਾਲੀ ? ਇਸ ਸਵਾਲ ਦਾ ਜਵਾਬ ਬਹੁਤ ਮੁਸ਼ਕਲ ਹੈ ਕਿਉਂਕਿ ਨਾ ਤਾਂ ਗੁਰੂ ਜੀ ਨੇ ਆਪ ਤੇ ਨਾ ਹੀ ਉਹਨਾਂ ਦੇ ਕਿਸੇ ਸੰਗੀ ਨੇ ਤੁਰਤ-ਫੁਰਤ ਕੀਤੇ ਇਸ ਫੈਸਲੇ ਦੇ ਉਦੇਸ਼ ਤੇ ਕਾਰਨਾਂ ਬਾਰੇ ਸਪਸ਼ਟ ਲਿਖਿਆ ਹੈ। ਸੋ ਇਸ ਸਵਾਲ ਦੇ ਜਵਾਬ ਬਾਰੇ ਜੋ ਵੀ ਕਿਹਾ ਗਿਆ ਹੈ ਜਾਂ ਕਿਹਾ ਜਾ ਸਕਦਾ ਹੈ ਉਹ ਕਿਆਸ ਅਰਾਈਆਂ ਅਤੇ ਅਨੁਮਾਨਾਂ ਤੇ ਹੀ ਅਧਾਰਤ ਹੈ। ਜਫਰਨਾਮੇ ਨੂੰ ਗਹੁ ਨਾਲ ਵਾਚਣ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਮੁਸਲਮਾਨਾਂ ਦੇ ਵਿਰੋਧੀ ਨਹੀਂ ਸਨ। ਇਥੋਂ ਤਕ ਕਿ ਉਹ ਤਾਂ ਮੁਗਲ ਹਕੂਮਤ ਦੇ ਵੀ ਵਿਰੁਧ ਨਹੀਂ ਸਨ ਜੇਕਰ ਇਹ ਹਕੂਮਤ ਇਨਸਾਫ ਅਤੇ ਬਰਾਬਰੀ ਦੇ ਅਸੂਲਾਂ ਤੇ ਚਲਾਈ ਜਾਂਦੀ। ਉਹ ਤਾਂ ਕੇਵਲ ਤੁਅੱਸਬ, ਜ਼ੁਲਮ ਅਤੇ ਲੁਟ ਦੇ ਖਿਲਾਫ ਸਨ। ਜੇਕਰ ਮੁਗਲ ਹਕੂਮਤ ਮਨੁੱਖਤਾ ਦੇ ਅਸੂਲਾਂ ਅਨੁਸਾਰ, ਬਿਨਾਂ ਕਿਸੇ ਭੇਦ ਭਾਵ ਦੇ ਸਭ ਨੂੰ ਬਰਾਬਰ ਸਮਝਦੀ ਅਤੇ ਹਰ ਕਿਸੇ ਨੂੰ ਆਪਣੇ ਧਾਰਮਿਕ ਅਕੀਦਿਆਂ ਨੂੰ ਮੰਨਣ ਦੀ ਖੁਲ ਦਿੰਦੀ ਤਾਂ ਗੁਰੂ ਜੀ ਦਾ ਇਨ੍ਹਾਂ ਨਾਲ ਕੋਈ ਝਗੜਾ ਨਾ ਹੁੰਦਾ। ਉਹਨਾਂ ਨੂੰ ਬਹੁਤਾ ਦੁੱਖ ਤਾਂ ਇਸ ਗੱਲ ਦਾ ਸੀ ਕਿ ਔਰੰਗਜ਼ੇਬ ਆਪਣੇ ਬਚਨ ਤੇ ਪੱਕਾ ਨਹੀਂ ਰਿਹਾ ਤੇ ਉਸਨੇ ਆਪਣੇ ਅਹਿਲਕਾਰਾਂ ਨੂੰ ਜ਼ੁਲਮ ਅਤੇ ਬੇਇਨਸਾਫੀ ਕਰਨ ਦੀ ਖੁੱਲ੍ਹ ਦੇ ਰੱਖੀ ਸੀ। ਜਫਰਨਾਮੇ ਦੀ ਭਾਸ਼ਾ ਤੋਂ ਸਪਸ਼ਟ ਹੁੰਦਾ ਹੈ ਕਿ ਔਰੰਗਜ਼ੇਬ ਨੇ ਕਈ ਵੇਰਾਂ ਭਰੋਸੇ ਦਿਵਾਏ, ਰਿਆਇਤਾਂ ਦੇਣ ਦੇ ਕਈ ਵਾਅਦੇ ਕੀਤੇ ਪਰ ਉਹ ਪੂਰਾ ਕਦੇ ਵੀ ਨਾ ਉਤਰਿਆ। ਗੁਰੂ ਜੀ ਬਾਰ ਬਾਰ ਔਰੰਗਜ਼ੇਬ ਨੂੰ ਉਸ ਦੀਆਂ ਝੂਠੀਆਂ ਕਸਮਾਂ ਅਤੇ ਦੁਸ਼ਟ ਕਰਮ ਚੇਤੇ ਕਰਵਾਉਂਦੇ ਹਨ। ਫੇਰ ਵੀ ਉਹ ਔਰੰਗਜ਼ੇਬ ਨਾਲ ਗੱਲਬਾਤ ਲਈ ਤਿਆਰ ਹਨ ਪਰ ਤਾਂ ਜੇ ਕਰ ਉਹ ਆਪਣੀ ਸੁਹਿਰਦਤਾ ਅਤੇ ਸਦਭਾਵਨਾ ਦਾ ਕੋਈ ਪ੍ਰਮਾਣ ਪੇਸ਼ ਕਰ ਸਕੇ। ਗੁਰੂ ਜੀ ਔਰੰਗਜੇਬ ਨੂੰ ਨਸੀਹਤ ਕਰਦੇ ਹੋਏ ਕਹਿੰਦੇ ਨੇ :

'ਬੱਬਯਾਦ ਕੇ-ਯਾਜਦਾਨ, ਸ਼ਨਾਸ਼ੇ ਕੁਨੀ
ਨਾ ਗੁਫਤਾ ਕਸ਼ਨ, ਕਸ ਖਰਾਸ਼ੀ ਕੁਨੀਂ।

ਭਾਵ ਜੇਕਰ ਤੂੰ ਸਿਰਫ ਗੱਲਾਂ ਤੋਂ ਨਹੀਂ ਸਗੋਂ ਦਿਲੋਂ ਖੁਦਾ ਨੂੰ ਮੰਨਦਾ ਹੈ ਤਾਂ ਆਪਣੇ ਅਹਿਲਕਾਰਾਂ ਨੂੰ ਭੋਲੀ ਭਾਲੀ ਜਨਤਾ ਤੇ ਜ਼ੁਲਮ ਕਰਨ ਤੋਂ ਰੋਕ ਅਤੇ ਤੂੰ ਵੀ ਉਹਨਾਂ ਦੇ ਖਿਲਾਫ ਝੂੱਠੀਆਂ ਅਤੇ ਮਨਘੜਤ ਰਿਪੋਟਾਂ ਦੇ ਆਧਾਰ ਤੇ ਸਖਤੀ ਨਾ ਕਰ।

ਸੰਖੇਪ ਵਿਚ ਆਖੀਏ ਤਾਂ ਗੁਰੂ ਜੀ ਮੁਗਲਾਂ ਦੀ ਵਿਰੋਧਤਾ ਤਿਆਗ ਕੇ ਉਹਨਾਂ ਨਾਲ ਸਨਮਾਨ ਯੋਗ-ਸਮਝੌਤੇ ਲਈ ਤਿਆਰ ਸਨ ਬਾਸ਼ਰਤੇ ਮੁਗਲ ਬਾਦਸ਼ਾਹ ਉਹਨਾਂ ਦੀਆਂ ਜਾਇਜ਼ ਮੰਗਾਂ ਨੂੰ ਮੰਨ ਲਵੇ ਅਤੇ ਕੀਤੇ ਗਏ ਫੈਸਲਿਆਂ ਨੂੰ ਸੱਚੇ ਦਿਲੋਂ ਇਮਾਨਦਾਰੀ ਅਤੇ ਦਿਆਨਤਦਾਰੀ ਨਾਲ ਲਾਗੂ ਕਰੇ। ਗੁਰੂ ਜੀ ਤੋਂ ਪਹਿਲਾਂ ਉਹਨਾਂ ਦੇ ਦਾਦੇ ਗੁਰੂ ਹਰਗੋਬਿੰਦ ਸਾਹਿਬ ਨੇ ਵੀ ਜਹਾਂਗੀਰ ਦੇ ਰਾਜ ਕਾਲ ਦੌਰਾਨ ਇਕ ਦੇਖ-ਰੇਖ ਵਾਲਾ ਅਹੁਦਾ ਸਵੀਕਾਰ ਕਰ ਲਿਆ ਸੀ ਅਤੇ ਜਹਾਂਗੀਰ ਨਾਲ ਉਹਨਾਂ ਦੀ ਦੋਸਤੀ ਖੂਬ ਨਿਭੀ ਸੀ।

ਮੁਗਲ ਬਾਦਸ਼ਾਹ ਬਹਾਦਰ ਸ਼ਾਹ ਵਿਚ ਸੁਹਿਰਦਤਾ ਦੀ ਘਾਟ ਨਹੀਂ ਸੀ ਪਰ ਉਸ ਦੀਆਂ ਆਪਣੀਆਂ ਮਜਬੂਰੀਆਂ ਅਤੇ ਸੀਮਾਵਾਂ ਸਨ। ਭਾਵੇਂ ਉਸ ਨੇ ਤਾਰਾ ਆਜ਼ਿਮ ਨੂੰ ਖਤਮ ਕਰ ਦਿਤਾ ਸੀ ਪਰ ਤਖਤ ਦਾ ਇਕ ਹੋਰ ਦਾਅਵੇਦਾਰ ਕਾਮ ਬਖਸ਼ ਦੱਖਣ ਵਿਚ ਹਾਲੇ ਕਾਇਮ ਸੀ। ਖਜ਼ਾਨਾ ਖਾਲੀ ਸੀ ਅਤੇ ਸੂਬੇਦਾਰ ਅੱਖੜ, ਅਨੁਸ਼ਾਸਨਹੀਨ ਤੇ ਮਰਜ਼ੀ ਦੇ

ਮਾਲਕ ਹੋ ਗਏ ਸਨ। ਗੁਰੂ ਜੀ ਦੀ ਮੰਗ ਭਾਵੇਂ ਕਿੰਨੀ ਵੀ ਜਾਇਜ਼ ਸੀ ਪਰ ਇਸ ਨੂੰ ਮੰਨ ਕੇ ਬਾਦਸ਼ਾਹ ਸੱਪ ਦੀ ਬਿਰਮੀ 'ਚ ਹੱਥ ਨਹੀਂ ਸੀ ਪਾ ਸਕਦਾ। ਜੇ ਉਹ ਵਜ਼ੀਰ ਖਾਨ ਨੂੰ ਬਰਤਰਫ ਕਰ ਕਟਹਿਰੇ 'ਚ ਖੜਾ ਕਰਦਾ ਸੀ ਤਾਂ ਇਸ ਗਲ ਦਾ ਖਤਰਾ ਸੀ ਕਿ ਸਾਰੇ ਮੁਲਾਣੇ ਉਸਦੇ ਵਿਰੁਧ ਹੋ ਜਾਂਦੇ ਤੇ ਸੂਬੇਦਾਰ ਵੀ ਉਸਦਾ ਆਖਾ ਮੰਨਣੋਂ ਹਟ ਜਾਂਦੇ। ਉਸਦੇ ਰਾਜ ਦੀਆਂ ਨੀਹਾਂ ਬਹੁਤ ਕਮਜ਼ੋਰ ਸਨ ਤੇ ਇਸ ਹਾਲਾਤ ਵਿਚ ਗੁਰੂ ਜੀ ਨੂੰ ਖੁਸ਼ ਕਰਨ ਨਾਲੋਂ ਮੁਲਾਣਿਆਂ ਅਤੇ ਸੂਬੇਦਾਰਾਂ ਨੂੰ ਸੰਤੁਸ਼ਟ ਰੱਖਣਾ ਜ਼ਰੂਰੀ ਸੀ। ਦੂਜੇ ਬੰਨੇ ਗੁਰੂ ਜੀ ਵੱਲੋਂ ਦਿਤੇ ਸਾਰੇ ਸਹਿਯੋਗ ਦਾ ਉਦੇਸ਼ ਕੇਵਲ ਵਜ਼ੀਰ ਖਾਨ ਦੀ ਗਰਦਨ ਤਕ ਅਪੜਨਾ ਸੀ। ਜੇਕਰ ਇਹ ਸੰਭਵ ਨਹੀਂ ਸੀ ਤਾਂ ਫੌਜੀ ਕਮਾਂਨ ਵਿਚ ਗੁਰੂ ਜੀ ਨੂੰ ਕੋਈ ਦਿਲਚਸਪੀ ਨਹੀਂ ਸੀ। ਇਹ ਸਥਿਤੀ ਗੁਰੂ ਜੀ ਅਤੇ ਬਾਦਸ਼ਾਹ ਦੋਵਾਂ ਲਈ ਬੜੀ ਮੁਸ਼ਕਿਲ ਵਾਲੀ ਸੀ ਅਤੇ ਇਸ ਵਿਚੋਂ ਨਿਕਲਣ ਦਾ ਕੋਈ ਸੌਖਾ ਰਾਹ ਵੀ ਨਹੀਂ ਸੀ।

ਲਗਦਾ ਹੈ ਕਿ ਸਥਿਤੀ ਦੀ ਗੰਭੀਰਤਾ ਨੂੰ ਬਾਦਸ਼ਾਹ ਨੇ ਸ਼ੁਰੂ ਵਿਚ ਹੀ ਭਾਂਪ ਲਿਆ ਸੀ ਅਤੇ ਉਸ ਨੇ ਸੋਚੀ ਸਮਝੀ ਚਾਲ ਨਾਲ ਹੀ ਗੁਰੂ ਜੀ ਨੂੰ ਗੋਦਾਵਰੀ ਵਾਦੀ ਦੀ ਫੌਜੀ ਕਮਾਨ ਸੰਭਾਲੀ ਸੀ। ਗੁਰੂ ਜੀ ਨੂੰ ਪੰਜਾਬ ਤੋਂ ਦੂਰ ਰੱਖ ਕੇ ਉਹ ਗੁਰੂ ਜੀ ਅਤੇ ਵਜ਼ੀਰ ਖਾਨ ਦਰਮਿਆਨ ਹਥਿਆਰਬੰਦ ਟਕਰਾਅ ਨੂੰ, ਭਾਵੇਂ ਕੁਝ ਦੇਰ ਲਈ ਹੀ ਸਹੀ, ਟਾਲਣਾ ਚਾਹੁੰਦਾ ਸੀ। ਮੰਗ ਪੂਰੀ ਕਰਨ ਵਿਚ ਹੁੰਦੀ ਅਸਾਧਾਰਨ ਦੇਰੀ ਕਾਰਨ ਗੁਰੂ ਜੀ ਵੀ ਬੇਚੈਨ ਸਨ ਅਤੇ ਆਪਣੇ ਆਪ ਨੂੰ ਠੱਗਿਆ ਠੱਗਿਆ ਮਹਿਸੂਸ ਕਰਦੇ ਸਨ। ਪਰ ਗੁਰੂ ਜੀ ਕੋਲ ਇਤਨੇ ਸਾਧਨ ਵੀ ਨਹੀਂ ਸਨ ਕਿ ਉਹ ਪੰਜਾਬ ਵਿਚ ਬਗਾਵਤ ਦਾ ਬਿਗਲ ਵਜਾ ਦਿੰਦੇ। ਇਕ ਤਰ੍ਹਾਂ ਨਾਲ ਵਜੀਰ ਖਾਂਨ ਨੇ ਉਹਨਾਂ ਨੂੰ ਪੰਜਾਬ ਵਿਚੋਂ ਖਦੇੜ ਹੀ ਦਿਤਾ ਸੀ। ਦੂਜੇ ਬੰਨੇ ਉਹ ਨਾਨਕ ਪੰਥੀ ਸਿੱਖ ਜਿਹੜੇ ਖੰਡੇ ਦੀ ਪਾਹੁਲ ਛਕਣ ਤੋਂ ਇਨਕਾਰੀ ਸਨ ਧਰਮ ਯੁਧ ਪ੍ਰਤੀ ਕੋਈ ਬਹੁਤੇ ਸੰਜੀਦਾ ਨਹੀਂ ਸਨ। ਬਰਾੜਾਂ ਵਰਗੇ ਭਾੜੇ ਦੇ ਸੈਨਿਕ ਵੀ ਗੁਰੂ ਜੀ ਨਾਲ ਨਰਾਜ਼ ਸਨ ਕਿਉਂਜੋ ਗੁਰੂ ਜੀ ਉਹਨਾਂ ਦੀ ਤਨਖਾਹ ਨਹੀਂ ਦੇ ਸਕੇ ਸਨ। ਦੱਖਣ ਵਿਚ ਉਹਨਾਂ ਦੇ ਸ਼ਰਧਾਲੂ ਨਹੀਂ ਸਨ। ਮਰਾਠੇ ਜਿਹਨਾਂ ਨੇ ਮੁਗਲ ਸਲਤਨਤ ਨੂੰ ਤਕੜਾ ਖਤਰਾ ਪੈਦਾ ਕਰ ਦਿਤਾ ਸੀ ਸ਼ਿਵਾਜੀ ਦੇ ਪੁੱਤਰ ਸੰਭਾਜੀ ਦੀ ਦਰਦਨਾਕ ਮੌਤ ਤੋਂ ਬਾਅਦ ਖੁਦ ਹੀ ਖਿੰਡ-ਪੁੰਡ ਗਏ ਸਨ ਅਤੇ ਉਹ ਬੌਂਦਲੇ ਹੋਏ ਤੇ ਨਿੰਮੋਝੂਣ ਸਨ। ਪਰ ਫਿਰ ਵੀ ਮਰਹੱਟਿਆਂ ਵਿਚ ਅਜ਼ਾਦੀ ਦੀ ਚਿਣਗ ਬੁਝੀ ਨਹੀਂ ਸੀ। ਇਹ ਸੋਚਣਾ ਕਿ ਉਹ ਗੁਰੂ ਜੀ ਨਾਲ ਆ ਰਲਣਗੇ ਇਕ ਅਣਹੋਣੀ ਗੱਲ ਸੀ ਕਿਉਂਕਿ ਵੇਖਣ ਨੂੰ ਤਾਂ ਗੁਰੂ ਜੀ ਮੁਗਲ ਰਾਜ ਦੀ ਹਿਫਾਜ਼ਤ ਲਈ ਉਥੇ ਸਨ - ਭਾਵੇਂ ਉਹਨਾਂ ਦਾ ਨਿਸ਼ਾਨਾ ਕੁਝ ਹੋਰ ਹੀ ਹੋਵੇ। ਸਥਿਤੀ ਭਾਵੇਂ ਕਿੰਨੀ ਵੀ ਗੁੰਝਲਦਾਰ ਅਤੇ ਨਾ-ਉਮੀਦੀ ਵਾਲੀ ਸੀ ਫਿਰ ਵੀ ਗੁਰੂ ਜੀ ਹਾਰ ਮੰਨ ਕੇ ਤਾਂ ਨਹੀਂ ਸਨ ਬੈਠ ਸਕਦੇ। ਵਜ਼ੀਰ ਖਾਨ ਦੀ ਨਿਰਦਈ ਜ਼ਾਲਮਾਨਾ ਕਾਰਵਾਈ ਲਈ ਉਸਨੂੰ ਸਜ਼ਾ ਤਾਂ ਦਿਤੀ ਹੀ ਜਾਣੀ ਸੀ ਭਾਵੇਂ ਇਸ ਦੀ ਜੋ ਮਰਜ਼ੀ ਕੀਮਤ ਤਾਰਨੀ ਪਵੇ।

ਡਾ. ਹਰੀ ਰਾਮ ਗੁਪਤਾ ਦੇ ਕਥਨ ਅਨੁਸਾਰ ਗੁਰੂ ਜੀ ਵਲੋਂ ਵਜ਼ੀਰ ਖਾਨ ਦੇ ਨਾਲ ਨਾਲ ਛੇ ਹੋਰ ਵਿਅਕਤੀਆਂ ਦੀ ਮੰਗ ਵੀ ਬਾਦਸ਼ਾਹ ਬਹਾਦਰ ਸ਼ਾਹ ਤੋਂ ਕੀਤੀ ਗਈ ਸੀ ਜਿਨ੍ਹਾਂ ਦੇ ਨਾਂ ਹਨ:

1. ਸਰਹਿੰਦ ਦਾ ਦਿਵਾਨ ਸੁੱਚਾ ਨੰਦ

2. ਪਿੰਡ ਖੇੜੀ ਦਾ ਗੰਗੂ ਬ੍ਰਾਹਮਣ
3. ਮੋਰਿੰਡੇ ਦਾ ਜਾਨੀ ਖਾਂ ਤੇ ਮਾਨੀ ਖਾਂ
4. ਬਜਵਾੜੇ ਦਾ ਸ਼ਮੱਸ ਖਾਨ
5. ਜਲੰਧਰ ਦਾ ਮੁਕੱਰਰਮ ਖਾਨ ਅਤੇ
6. ਲਹੌਰ ਦਾ ਦਲਾਵਰ ਖਾਨ

ਡਾ. ਹਰੀ ਰਾਮ ਗੁਪਤਾ ਨੇ ਇਹ ਨਾਂ ਭਾਈ ਜੋਧ ਸਿੰਘ ਦੀ ਪੁਸਤਕ ਸ੍ਰੀ ਕਲਗੀਧਰ ਹੁਲਾਸ ਵਿਚੋਂ ਲਏ ਨੇ। ਪਰ ਉਸਨੇ ਇਹ ਘੋਖਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਇਹਨਾਂ ਵਿਚੋਂ ਕਿਸ ਦਾ ਕੀ ਕਸੂਰ ਸੀ। ਇੰਝ ਲਗਦਾ ਹੈ ਕਿ ਭਾਈ ਜੋਧ ਸਿੰਘ ਨੇ ਗੁਰੂ ਜੀ ਦੇ ਗੁੱਸੇ ਨੂੰ ਕੁਝ ਜ਼ਿਆਦਾ ਹੀ ਕਿਆਸ ਲਿਆ ਸੀ।

'ਗੁਰੂ ਗੋਬਿੰਦ ਸਿੰਘ ਦਾ ਜੀਵਨ' ਦਾ ਕਰਤਾ ਦੌਲਤ ਰਾਮ ਲਿਖਦਾ ਹੈ ਕਿ ਜਦੋਂ ਬਾਦਸ਼ਾਹ ਨੇ ਗੁਰੂ ਜੀ ਨੂੰ ਮਰਹੱਟਿਆਂ ਵਿਰੁਧ ਉਸ ਦੀ ਮਦਦ ਕਰਨ ਲਈ ਕਿਹਾ ਤਾਂ ਉਹਨਾਂ ਬਾਦਸ਼ਾਹ ਨਾਲੋਂ ਤੋੜ ਵਿਛੋੜਾ ਕਰ ਲਿਆ ਕਿਉਂਜੋ ਉਹ ਕਿਸੇ ਵੀ ਕੀਮਤ ਤੇ ਦੇਸ਼ ਭਰਾ ਮਰਹੱਟਿਆਂ ਦੇ ਵਿਰੁੱਧ ਨਹੀਂ ਜਾਣਾ ਚਾਹੁੰਦੇ ਸਨ। ਪਰ ਦੌਲਤ ਰਾਮ ਵੱਲੋਂ ਦੱਸਿਆ ਕਾਰਨ ਮੁਖ ਕਾਰਨ ਨਹੀਂ ਮੰਨਿਆ ਜਾ ਸਕਦਾ। ਪ੍ਰਮੁੱਖ ਕਾਰਨ ਤਾਂ ਬਾਦਸ਼ਾਹ ਵੱਲੋਂ ਵਜ਼ੀਰ ਖਾਨ ਨੂੰ ਅਹੁਦੇ ਤੋਂ ਲਾਹ ਉਸ ਤੇ ਮੁਕਦਮਾ ਚਲਾਉਣ ਦੀ ਕਾਰਵਾਈ ਕਰਨ ਤੋਂ ਅਸਮਰੱਥ ਰਹਿਣਾ ਹੀ ਬਣਦਾ ਹੈ। ਅਜਿਹਾ ਕੋਈ ਪ੍ਰਮਾਣ ਵੀ ਨਹੀਂ ਮਿਲਦਾ ਜਿਸ ਤੋਂ ਪਤਾ ਚਲਦਾ ਹੋਵੇ ਕਿ ਗੁਰੂ ਜੀ ਨੇ ਆਪਣਾ ਅਹੁਦਾ ਤਿਆਗ ਦਿਤਾ ਸੀ। ਜੇ ਗੁਰੂ ਜੀ ਨੇ ਬਾਦਸ਼ਾਹ ਨਾਲੋਂ ਤੋੜ ਵਿਛੋੜਾ ਕਰ ਲਿਆ ਹੁੰਦਾ ਤਾਂ ਗੁਰੂ ਜੀ ਦੇ ਜ਼ਖਮਾਂ ਦੇ ਇਲਾਜ ਲਈ ਬਾਦਸ਼ਾਹ ਆਪਣੇ ਜਿਰਾਹ ਨਾ ਭੇਜਦਾ। ਦੌਲਤ ਰਾਮ ਇਥੇ ਅਸਲੀਅਤ ਤੋਂ ਲਾਂਭੇ ਹੋ ਗਿਆ ਲਗਦਾ ਹੈ ਕਿਉਂਕਿ ਬਾਦਸ਼ਾਹ ਬਹਾਦਰ ਸ਼ਾਹ ਵਜ਼ੀਰ ਖਾਨ ਸਬੰਧੀ ਆਪਣਾ ਵਾਅਦਾ ਪੂਰਾ ਨਾ ਕਰ ਸਕਿਆ ਇਸੇ ਲਈ ਗੁਰੂ ਜੀ ਨੂੰ ਮਾਧੋਦਾਸ ਵੱਲ ਨੂੰ ਤੁਰਨਾ ਪਿਆ। ਡਾ. ਗੁਪਤਾ ਲਿਖਦਾ ਹੈ "ਇੰਝ ਭਾਸਦਾ ਹੈ ਕਿ ਗੁਰੂ ਜੀ ਦਾ ਮਨ ਸਿਰਫ ਇਕੋ ਹੀ ਵਿਚਾਰ ਨੇ ਮੱਲ ਲਿਆ ਸੀ ਕਿ ਕਿਸ ਤਰਾਂ ਵਜ਼ੀਰ ਖਾਨ ਨੂੰ ਉਸ ਦੇ ਵਿਸ਼ਵਾਸਘਾਤ, ਕੱਪਟ, ਹੱਠਧਰਮੀ ਅਤੇ ਜ਼ੁਲਮਾਂ ਲਈ ਸਜ਼ਾ ਦਿਤੀ ਜਾਵੇ। ਇਸ ਕੰਮ ਲਈ ਆਪਣੇ ਸਾਧਨ ਇੱਕਠੇ ਕਰਕੇ ਨਵੇਂ ਸਿਰੇ ਤੋਂ ਕੋਸ਼ਿਸ਼ ਕਰਨ ਦੀ ਬਜਾਏ ਉਹਨਾਂ ਵਜ਼ੀਰ ਖਾਨ ਨੂੰ ਸਜ਼ਾ ਦਿਵਾਉਣ ਲਈ ਆਪਣੇ ਸਭ ਤੋਂ ਵੱਡੇ ਦੁਸ਼ਮਣ ਔਰੰਗਜ਼ੇਬ ਤੋਂ ਆਸ ਰੱਖੀ । ਇਹ ਅਸੰਭਵ ਸੀ।" ਭਾਵਕ ਅਤੇ ਕਾਵਮਈ ਹੁੰਦਿਆਂ ਉਹ ਅੱਗੇ ਲਿਖਦਾ ਹੈ "ਅਸਮਾਨ ਧਰਤੀ ਤੇ ਡਿੱਗ ਸਕਦਾ ਸੀ, ਸਮੁੰਦਰ ਖੁਸ਼ਕ ਹੋ ਸਕਦੇ ਸਨ, ਪਹਾੜ ਵੀ ਖਾਕ ਬਣ ਸਕਦੇ ਸਨ, ਸੂਰਜ ਅਤੇ ਚੰਦ ਅਲੋਪ ਹੋ ਸਕਦੇ ਸਨ ਪਰ ਔਰੰਗਜ਼ੇਬ ਨਾ ਤਾਂ ਗੁਰੂ ਜੀ ਦੀ ਖਾਤਰ ਵਜ਼ੀਰ ਖਾਨ ਨੂੰ ਸਜ਼ਾ ਦੇ ਸਕਦਾ ਸੀ ਤੇ ਨਾ ਹੀ ਗੁਰੂ ਜੀ ਵੱਲੋਂ ਕੀਤੇ ਵਿਰੋਧ ਕਾਰਨ ਉਹ ਗੁਰੂ ਜੀ ਨੂੰ ਮੁਆਫ ਕਰ ਸਕਦਾ ਸੀ।" ਇਸੇ ਤਰ੍ਹਾਂ ਹੀ ਜੋ ਉਮੀਦ ਗੁਰੂ ਜੀ ਨੇ ਬਹਾਦਰ ਸ਼ਾਹ ਤੋਂ ਕੀਤੀ ਉਸ ਦਾ ਪੂਰਾ ਹੋਣਾ ਅਸੰਭਵ ਸੀ।

ਜੇਕਰ ਜਜ਼ਬਾਤੀ ਹੋਣ ਤੋਂ ਬਚਦਿਆਂ ਇਸ ਮਾਮਲੇ ਦੀ ਪੜਚੋਲ ਕੀਤੀ ਜਾਵੇ ਤਾਂ ਇੰਝ ਭਾਸਦਾ ਹੈ ਕਿ ਗੁਰੂ ਜੀ ਨੇ ਆਪਣੇ ਪੁੱਤਰਾਂ ਦੀ ਸ਼ਹਾਦਤ ਨੂੰ ਤਾਂ ਤਕੜੇ ਹੋ ਜ਼ਰ ਲਿਆ ਸੀ। ਪਰ ਜਦੋਂ ਭਾਈ ਮਨੀ ਸਿੰਘ ਗੁਰੂ ਜੀ ਦੇ ਮਹਿਲਾਂ, ਮਾਤਾ ਸੁੰਦਰੀ ਅਤੇ ਮਾਤਾ ਸਾਹਿਬ

ਦੇਵਾਂ ਨੂੰ ਦਿੱਲੀ ਤੋਂ ਤਲਵੰਡੀ ਸਾਬੋ ਗੁਰੂ ਜੀ ਨੂੰ ਮਿਲਾਣ ਲਈ ਲੈ ਕੇ ਆਇਆ ਉਦੋਂ ਉਹਨਾਂ ਦੀਆਂ ਸੁਪਤਨੀਆਂ ਨੂੰ ਚਾਰੇ ਪੁੱਤਰਾਂ ਦੀ ਮੌਤ ਦਾ ਪਤਾ ਲਗਾ ਤਾਂ ਉਹਨਾਂ ਵਿਰਲਾਪ ਕੀਤਾ। ਦਿਲ ਚੀਰਵਾਂ ਉਹਨਾਂ ਦਾ ਰੁਦਨ ਅਤੇ ਵਿਲਕਣਾ ਵੇਖ ਗੁਰੂ ਜੀ ਦੇ ਸਬਰ-ਸੰਤੁਲਨ ਅਤੇ ਧੀਰਜ ਨੂੰ ਵੀ ਆਂਚ ਆਈ। ਗੁਰੂ ਜੀ ਨੇ ਗੁਰਬਾਣੀ ਵਿਚੋਂ ਟੂਕਾਂ ਅਤੇ ਹਵਾਲੇ ਦੇ ਕੇ ਉਹਨਾਂ ਦਾ ਧੀਰਜ ਬਨਾਇਆ ਤੇ ਹੌਸਲਾ ਦਿਤਾ। ਪਰ ਆਪਣੇ ਧੁਰ ਅੰਦਰ ਉਹ ਇਸ ਤੋਂ ਅਭਿੱਜ ਨਾ ਰਹਿ ਸਕੇ। ਜਿਸ ਤਰ੍ਹਾਂ ਦੀਆਂ ਗੁਸੈਲੀਆਂ ਅਤੇ ਬਦਲਾ ਲਊ ਭਾਵਨਾਵਾਂ ਦਾ ਪ੍ਰਗਟਾਵਾ ਗੁਰੂ ਜੀ ਨੇ ਦਾਦੂਵਾੜੇ ਦੇ ਮਹੰਤ ਜੈਤ ਰਾਮ ਨਾਲ ਕੀਤਾ, ਉਹ ਉਹਨਾਂ ਦੇ ਸੁਭਾਅ ਅਨੁਕੂਲ ਨਹੀਂ ਸੀ। ਦੂਸਰਾ ਤੈਸ਼ ਵਿਚ ਆ ਕੇ ਬਿਨਾ ਕਿਸੇ ਨਿਸ਼ਚਿਤ ਯੋਜਨਾ ਦੇ ਉਹਨਾਂ ਵੱਲੋਂ ਦਮਦਮਾ ਛੱਡ, ਰਾਜ ਪੁਤਾਨੇ ਵੱਲ ਨੂੰ ਨਿਕਲ ਜਾਣ ਤੋਂ ਇਹੀ ਸੰਕੇਤ ਮਿਲਦਾ ਹੈ ਕਿ ਉਹਨਾਂ ਦਾ ਮਨ ਅਸ਼ਾਂਤ ਸੀ। ਦਮਦਮਾ ਛੱਡ ਉਹ ਸਿਰਸੇ ਵਿਚੀਂ ਹੁੰਦੇ ਹੋਏ ਪਹਿਲਾਂ ਨੋਹਰ ਅਤੇ ਫਿਰ ਭਾਦਰੇ ਗਏ ਤੇ ਉਥੋਂ ਪੁਸ਼ਕਰ । ਪੁਸ਼ਕਰ ਤੋਂ ਉਤਰ-ਪੱਛਮ ਵੱਲ ਨੂੰ ਮੁੜ ਕੇ ਬਿਕਾਨੇਰ ਦੇ ਨੇੜੇ ਕੋਲਾਯਾਤ ਪਹੁੰਚ ਗਏ। ਜੇਕਰ ਉਹਨਾਂ ਦਾ ਨਿਸ਼ਾਨਾ ਦੱਖਣ ਨੂੰ ਜਾਣ ਦਾ ਸੀ ਤਾਂ ਉਹਨਾਂ ਵੱਲੋਂ ਇਹ ਦਿਸ਼ਾ ਬਦਲਣਾ ਸਮਝ ਨਹੀਂ ਆਉਂਦਾ। ਇਹ ਰਸਤਾ ਤਾਂ ਉਹਨਾਂ ਨੂੰ ਸਗੋਂ ਥਾਰ ਮਾਰੂਥਲ ਦੇ ਬਿਲਕੁਲ ਹੀ ਕੇਂਦਰ ਵਿਚ ਲੈ ਜਾਂਦਾ। ਇਹ ਵੀ ਕਿਹਾ ਜਾਂਦਾ ਹੈ ਕਿ ਨਦੇੜ 'ਚ ਵੀ ਉਹ ਅਕਸਰ ਬਿਨਾਂ ਕਿਸੇ ਕਾਰਨ ਤੋਂ ਹੀ ਤੈਸ਼ ਵਿਚ ਆ ਜਾਂਦੇ ਸਨ। ਜੇਕਰ ਇਹਨਾਂ ਸਾਰੀਆਂ ਗੱਲਾਂ ਨੂੰ ਜੋੜ ਕੇ ਵੇਖਿਆ ਜਾਵੇ ਤਾਂ ਅੱਵਲ ਨਤੀਜਾ ਇਹੋ ਹੀ ਨਿਕਲਦਾ ਦਿਸਦਾ ਹੈ ਕਿ ਦਮਦਮਾ ਸਾਹਿਬ ਵਿਖੇ ਆਪਣੀਆਂ ਸੁਪਤਨੀਆਂ ਨੂੰ ਮਿਲਣ ਉਪਰੰਤ ਉਹ ਧੀਰਜ ਦਾ ਆਪਣਾ ਖਾਸਾ ਖੋ ਚੁਕੇ ਸਨ ਅਤੇ ਬਦਲੇ ਦੀ ਇਕ ਭਾਵਨਾ ਉਹਨਾਂ ਦੇ ਮਨ ਵਿਚ ਉਭਰ ਚੁੱਕੀ ਸੀ। ਜਿਵੇਂ ਜਿਵੇਂ ਵਫਾਦਾਰ ਅਖਵਾਉਣ ਵਾਲੇ ਸਿੱਖ ਵੀ, ਵਿਸ਼ੇਸ਼ ਤੌਰ ਤੇ ਚੌਧਰੀ ਡੱਲਾ, ਫਤਿਹ ਸਿੰਘ ਅਤੇ ਰਾਮ ਸਿੰਘ ਵਰਗੇ, ਉਹਨਾਂ ਦਾ ਸਾਥ ਛੱਡ ਕੇ ਜਾ ਰਹੇ ਸਨ ਉਹਨਾਂ ਦੀ ਇਹ ਭਾਵਨਾ ਹੋਰ ਪ੍ਰਬਲ ਹੋਈ ਜਾ ਰਹੀ ਸੀ। ਇਸੇ ਸਥਿਤੀ ਲਈ ਹੀ ਤਾਂ ਕਿਹਾ ਜਾਂਦਾ ਹੈ ਨਾ ਡੱਲਾ ਨਾ ਮੱਲਾ, ਅੱਲਾ ਹੀ ਅੱਲਾ ਤੇ ਗੁਰੂ ਅਕੱਲਾ । ਗੁਰੂ ਜੀ ਨੂੰ ਸਦਮਾ ਤਾਂ ਉਦੋਂ ਲੱਗਿਆ ਜਦੋਂ ਮਾਲਵੇ ਦੇ ਬਰਾੜ ਅਤੇ ਸਿਧੂ ਜੱਟ ਵੀ, ਜਿਹਨਾਂ ਦੀ ਬਿਨਾਂ ਸ਼ਰਤ ਮੱਦਦ ਤੇ ਉਹਨਾਂ ਉਚੀਆਂ ਆਸਾਂ ਲਾਈਆ ਹੋਈਆਂ ਸਨ, ਉਹਨਾਂ ਨੂੰ ਛੱਡ ਕੇ ਜਾਣ ਲੱਗ ਪਏ। ਇਹਨਾਂ ਦੀ ਮੱਦਦ ਸਬੰਧੀ ਤਾਂ ਉਹਨਾਂ ਜ਼ਫਰਨਾਮੇ ਵਿਚ ਵੀ ਜ਼ਿਕਰ ਕੀਤਾ ਹੈ। ਹਮਹਕਉਮਿ ਬੈਰਾੜ ਹੁਕਮੇ ਮਰਾ ਅਸਤ। (ਭਾਵ ਇਸ ਇਲਾਕੇ ਦੇ ਬਰਾੜ ਜਟ ਮੇਰੇ ਹੁਕਮ ਹੇਠ ਨੇਂ)। ਇਹਨਾਂ ਨੇ ਭਾੜੇ ਦੇ ਅਤੇ ਲੁਟ ਲਈ ਜੁੜੇ ਸੈਨਿਕਾਂ ਵਾਂਗ ਹੀ ਗੁਰੂ ਜੀ ਅਤੇ ਉਹਨਾਂ ਦੇ ਧਰਮ ਨੂੰ ਤਿਆਗਣ ਲਈ ਝੱਟ ਨਾ ਲਾਈ ਅਤੇ ਆਪਣੀਆਂ ਤਨਖਾਹਾਂ ਦੇ ਬਕਾਏ ਮੰਗਣ ਲਗ ਪਏ। ਮੈਕਾਲਿਫ ਲਿਖਦਾ ਹੈ "ਛਤਿਆਣੇ ਦੇ ਸਥਾਨ ਤੇ ਉਸਦੇ (ਭਾਵ ਗੁਰੂ ਜੀ ਦੇ) ਕੁਝ ਸੈਨਿਕਾਂ ਨੇ ਆਪਣੀਆਂ ਤਨਖਾਹਾਂ ਲਈ ਬਖੇੜਾ ਖੜਾ ਕਰ ਦਿਤਾ ਅਤੇ ਕਹਿਣ ਲੱਗੇ ਕਿ ਜਦੋਂ ਤੀਕਰ ਉਹਨਾਂ ਦੀਆਂ ਤਨਖਾਹਾਂ ਦੇ ਬਕਾਏ ਨਹੀਂ ਮਿਲਦੇ ਉਹ ਉਸਨੂੰ ਅੱਗੇ ਨਹੀਂ ਜਾਣ ਦੇਣਗੇ। ਉਸਨੇ ਉਹਨਾਂ ਨੂੰ ਅਧਿਕਾਰ ਦਿਤਾ ਕਿ ਜਾਂ ਤਾਂ ਉਹ ਉਸ ਦੇ ਸਿੱਖ ਬਣੇ ਰਹਿਣ ਜਾਂ ਫਿਰ ਆਪਣੀ ਤਨਖਾਹ ਲੈ ਕੇ ਘਰਾਂ ਨੂੰ ਪਰਤ ਜਾਣ। ਉਹਨਾਂ ਤਨਖਾਹ ਲੈ ਘਰਾਂ ਨੂੰ ਪਰਤ ਜਾਣ ਨੂੰ ਤ੍ਰਜੀਹ ਦਿਤੀ।" ਯਕੀਨਨ ਇਸ ਨਾਲ ਗੁਰੂ ਜੀ ਨੂੰ ਠੇਸ ਪਹੁੰਚੀ।

ਇਸ ਤੋਂ ਵੀ ਮਾੜੀ ਘਟਨਾ ਸਰਸੇ ਅਤੇ ਨੌਹਰ ਦਰਮਿਆਨ ਵਾਪਰੀ। ਸਭਨਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਚੌਧਰੀ ਡੱਲਾ ਸਿੰਘ ਜੋ ਕਿ ਸਿਧੂ ਜੱਟ ਸੀ, ਇਕ ਰਾਤ ਕਾਫਲੇ ਨੂੰ ਛੱਡ ਕੇ ਭਗੌੜਾ ਹੋ ਗਿਆ ਅਤੇ ਆਪਣੇ ਨਾਲ ਇਕ ਸੋਢੀ ਅਤੇ ਕਈ ਬਰਾੜਾਂ ਨੂੰ ਵੀ ਲੈ ਗਿਆ। ਗੁਰੂ ਜੀ ਲਈ ਇਹ ਦੂਜਾ ਝਟਕਾ ਸੀ।

ਰਾਮ ਸਿੰਘ ਅਤੇ ਫਤਿਹ ਸਿੰਘ ਸਮੇਤ ਕਾਫੀ ਵੱਡੀ ਗਿਣਤੀ ਵਿਚ ਸਿੱਖ ਪਹਿਲਾਂ ਹੀ ਗੁਰੂ ਸਾਹਿਬ ਨੂੰ ਛੱਡ ਕੇ ਜਾ ਚੁੱਕੇ ਸਨ। ਉਹਨਾਂ ਬਹੁਤ ਰੁਖੇ ਤਰੀਕੇ ਨਾਲ ਗੁਰੂ ਜੀ ਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿਤਾ ਸੀ। ਅਜਿਹੀ ਸਥਿਤੀ ਵਿਚ ਥੋੜਾ ਮਾਯੂਸ ਹੋ ਜਾਣਾ ਸੁਭਾਵਿਕ ਹੀ ਸੀ।

'ਵੋਹੀ ਪੱਤੇ ਹਵਾ ਦੇਨੇ ਲਗੇ ਜਿੰਨ ਪੇ ਆਸ਼ਿਆਨਾ ਥਾ।'

ਗੁਰੂ ਜੀ ਵੀ ਇਕ ਇਨਸਾਨ ਹੀ ਸਨ। ਅਜਿਹੇ ਸਮੇਂ ਉਹਨਾਂ ਦੇ ਦਿਲ ਦੀ ਹਾਲਤ ਦੀ ਤਰਜਮਾਨੀ ਗਾਲਿਬ ਦੀ ਇਹ ਸਤਰ ਕਰਦੀ ਪ੍ਰਤੀਤ ਹੁੰਦੀ ਹੈ।

ਦਿਲ ਹੀ ਤੋ ਹੈ ਨਾ ਸੰਗ-ਓ-ਖਿੱਸ਼ਤ, ਦਰਦ ਸੇ ਭਰ ਨਾ ਆਏ ਕਿਉਂ।

(ਭਾਵ ਇਹ ਇਕ ਇਨਸਾਨੀ ਦਿਲ ਹੀ ਤਾਂ ਹੈ ਕੋਈ ਇੱਟ ਜਾਂ ਪੱਥਰ ਨਹੀਂ ਕਿ ਇਸਤੇ ਦੁਖ ਅਤੇ ਉਦਾਸੀ ਦਾ ਅਸਰ ਹੀ ਨਾ ਹੋਵੇ)

ਜਦੋਂ ਤੀਰ ਦਾ ਫੱਟ ਖਾ ਲਛਮਣ ਮੂਰਛਤ ਹੋ ਗਿਆ ਸੀ ਤਾਂ ਰਾਮ ਚੰਦਰ ਜੀ ਵੀ ਦੁਖ ਨਾਲ ਕਰਾਹ ਉਠੇ ਸਨ।

ਗਦਾਰੀਆਂ ਅਤੇ ਮਾਯੂਸੀ ਦੇ ਇਸ ਆਲਮ ਵਿਚ ਗੁਰੂ ਜੀ ਨੂੰ ਅਜਿਹੇ ਸੰਗੀਆਂ ਅਤੇ ਮਿੱਤਰਾਂ ਦੀ ਲੋੜ ਸ਼ਿਦਤ ਨਾਲ ਮਹਿਸੂਸ ਹੋਈ ਜੋ ਉਹਨਾਂ ਨਾਲ ਡਟੇ ਰਹਿਣ । ਉਹਨਾਂ ਰਾਜਪੁਤਾਨੇ ਵਿਚ ਅਜਿਹੀ ਸੰਭਾਵਨਾ ਦੀ ਤਾਲਾਸ਼ ਕੀਤੀ ਪਰ ਉਥੇ ਕੋਈ ਨਹੀਂ ਸੀ ਜਿਹੜਾ ਅੱਗੇ ਆ ਕੇ ਉਹਨਾਂ ਨਾਲ ਜੁੜੇ। ਮਰਾਠਿਆਂ ਬਾਰੇ ਪ੍ਰਾਪਤ ਹੋ ਰਹੀਆਂ ਕਨਸੋਆਂ ਵੀ ਹੌਂਸਲਾ ਵਧਾਉਣ ਵਾਲੀਆਂ ਨਹੀਂ ਸਨ। ਇਹਨਾਂ ਹਾਲਾਤ ਵਿਚ ਨੰਦ ਲਾਲ ਗੋਆ ਦੀ ਤਜਵੀਜ਼ ਹੀ ਇਕ ਆਸ ਦੀ ਕਿਰਨ ਲੈ ਕੇ ਆਈ ਸੀ। ਸੋ ਇਕ ਆਖਰੀ ਦਾਅ ਵਰਤਦੇ ਹੋਏ ਗੁਰੂ ਜੀ ਨੇ ਇਸ ਨੂੰ ਸਵੀਕਾਰ ਕਰ ਲਿਆ। ਕਨਿੰਘਮ ਅਤੇ ਬਾਰਸਟੋਅ ਦੇ ਕਥਨ ਬਿਲਕੁਲ ਦਰੁਸਤ ਹਨ। ਜਦ ਕੋਈ ਮਾਨਸਿਕ ਬਿਪਤਾ ਦਾ ਸ਼ਿਕਾਰ ਬਣ ਚੁਕਾ ਹੋਵੇ ਅਤੇ ਉਸ ਦਾ ਘਰ-ਬਾਰ ਸਭ ਕੁਝ ਉਜੜ ਚੁੱਕਾ ਹੋਵੇ ਤਾਂ ਉਸ ਪਾਸੋਂ ਇਹ ਆਸ ਕਰਨੀ ਕਿ ਉਸਦਾ ਹਰ ਫੈਸਲਾ ਤਰਕ ਅਤੇ ਵਿਵੇਕ ਦੀ ਕਸਵੱਟੀ ਉਤੇ ਪੂਰਾ ਉਤਰੇ, ਇਹ ਸਰਾਸਰ ਨਾਇਨਸਾਫੀ ਹੈ। ਅਜਿਹੀ ਪ੍ਰਸਥਿਤੀ 'ਚ ਕੀਤੇ ਫੈਸਲੇ ਅਕਸਰ ਸੋਚ ਅਤੇ ਦਲੀਲ ਦੀਆਂ ਹੱਦਾਂ ਤੋਂ ਬਾਹਰ ਨਿੱਕਲ ਜਾਂਦੇ ਹਨ।

****

ਅੰਗਮੀ ਮਿਲਣੀ

ਲੰਬੇ ਸਮੇਂ ਤੱਕ ਡੂੰਘੇ ਵਿਚਾਰ ਵਟਾਂਦਰੇ ਬਾਅਦ ਗੁਰੂ ਜੀ ਇਸ ਫੈਸਲੇ ਤੇ ਅੱਪੜੇ ਕਿ ਜੇਕਰ ਉਤਰੀ ਭਾਰਤ ਵਿਚ ਇਕ ਹਥਿਆਰਬੰਦ ਕਿਸਾਨੀ ਵਿਦਰੋਹ ਉਠ ਪਏ ਅਤੇ ਦੱਖਣ ਵਿਚ ਮਰਹੱਟਿਆਂ ਦਾ ਵਿਦਰੋਹ ਜ਼ੋਰ ਫੜ ਲਵੇ ਤਾਂ ਬਾਦਸ਼ਾਹ ਨੂੰ ਮਜਬੂਰ ਕੀਤਾ ਜਾ ਸਕਦਾ ਹੈ ਕਿ ਉਹ ਵਜ਼ੀਰ ਖਾਨ ਨੂੰ ਸਰਹਿੰਦ ਦੀ ਸੂਬੇਦਾਰੀ ਤੋਂ ਲਾਹ ਕੇ ਉਸ ਤੇ ਮੁਕੱਦਮਾ ਚਲਾਵੇ। ਇਹ ਮਨਸੂਬਾ ਕਾਰਗਰ ਹੋ ਸਕਦਾ ਸੀ ਕਿਉਂਕਿ ਇਕ ਪਾਸੇ ਤਾਂ ਸਲਤਨਤ ਕੋਲ ਵਸੀਲਿਆਂ ਦੀ ਘਾਟ ਸੀ ਅਤੇ ਦੂਜੇ ਪਾਸੇ ਦੱਖਣ ਵਿਚ ਕਾਮਬਖਸ਼ ਹਾਲੇ ਕਾਇਮ ਸੀ। ਇਹਨਾਂ ਹਾਲਤ ਵਿਚ ਬਾਦਸ਼ਾਹ ਨੂੰ ਗੁਰੂ ਜੀ ਦੀ ਮੱਦਦ ਦੀ ਲੋੜ ਪਵੇਗੀ ਅਤੇ ਉਹ ਮੂੰਹ ਮੰਗੀ ਕੀਮਤ ਦੇਣ ਲਈ ਵੀ ਤਿਆਰ ਹੋਵੇਗਾ। ਹੁਣ ਸਭ ਤੋਂ ਵੱਡਾ ਸਵਾਲ ਤਾਂ ਇਹ ਸੀ ਕਿ ਇਸ ਮਨਸੂਬੇ ਨੂੰ ਹਕੀਕਤ ਵਿਚ ਕਿਵੇਂ ਬਦਲਿਆ ਜਾਵੇ ?

ਹਾਲੇ ਤੱਕ ਗੁਰੂ ਜੀ ਦੀ ਮੁਲਾਕਾਤ ਮਾਧੋਦਾਸ ਬੈਰਾਗੀ ਨਾਲ ਨਹੀਂ ਸੀ ਹੋਈ ਪਰ ਉਹਨਾਂ ਨੂੰ ਉਸ ਬਾਰੇ ਸੰਪੂਰਨ ਜਾਣਕਾਰੀ ਸੀ। ਸੰਨ 1706 ਦੇ ਨੇੜੇ ਤੇੜੇ ਜਦੋਂ ਗੁਰੂ ਜੀ ਰਾਜਪੁਤਾਨੇ ਵਿਚ ਘੁੰਮ ਰਹੇ ਸਨ ਤਾਂ ਕੁਝ ਸਮੇਂ ਲਈ ਉਹਨਾਂ ਨਰੈਣਪੁਰ ਸਥਿਤ ਦਾਦੂ ਦਰਬਾਰ ਦੀ ਪ੍ਰਹੁਣਾਚਾਰੀ ਦਾ ਅਨੰਦ ਮਾਣਿਆ ਸੀ। ਉਸ ਸਮੇਂ ਦਾਦੂ ਦਰਬਾਰ ਦਾ ਮੁਖੀ ਮਹੰਤ ਜੈਤ ਸੀ (ਜਾਂ ਉਸ ਦਾ ਨਾਂ ਚੇਤ ਰਾਮ ਸੀ)। ਜੈਤ ਮਾਧੋਦਾਸ ਦਾ ਬਚਪਨ ਦਾ ਮਿੱਤਰ ਸੀ ਅਤੇ ਉਹ ਮਾਧੋਦਾਸ ਦੀ ਸਮੁੱਚੀ ਜ਼ਿੰਦਗੀ ਦਾ ਜਾਣੂ ਭੀ ਸੀ। ਜੈਤ ਨੇ ਜਦੋਂ ਵੇਖਿਆ ਕਿ ਗੁਰੂ ਜੀ ਅਤੇ ਮਾਧੋਦਾਸ ਦੇ ਦੇਸ਼ ਦੀਆਂ ਸਮੱਸਿਆਵਾਂ ਅਤੇ ਇਨ੍ਹਾਂ ਦੇ ਹੱਲ ਬਾਰੇ ਵਿਚਾਰ ਮਿਲਦੇ ਹਨ ਤਾਂ ਉਸਨੇ ਮਾਧੋਦਾਸ ਬਾਰੇ ਗੁਰੂ ਜੀ ਨਾਲ ਚਰਚਾ ਕੀਤੀ। ਮਾਧੋਦਾਸ ਦੀ ਪ੍ਰਸੰਸਾ ਦੇ ਤੌਰ ਤੇ ਉਸਨੇ ਮਾਧੋਦਾਸ ਦੇ ਸੈਨਿਕ ਜੀਵਨ, ਪੇਸ਼ਵਾਂ ਨਾਲ ਉਸਦੇ ਚੰਗੇ ਸਬੰਧਾਂ ਅਤੇ ਉਸਦੀਆਂ ਅਲੌਕਾਰੀ ਸ਼ਕਤੀਆਂ ਬਾਰੇ ਗੁਰੂ ਜੀ ਨੂੰ ਜਾਣੂ ਕਰਵਾਇਆ। ਉਸਨੇ ਇਹ ਵੀ ਜ਼ਿਕਰ ਕੀਤਾ ਕਿ ਜਦੋਂ ਤੋਂ ਮਾਧੋਦਾਸ ਨੇ ਤਾਂਤਰਿਕ ਸ਼ਕਤੀਆਂ ਪ੍ਰਾਪਤ ਕੀਤੀਆਂ ਹਨ ਉਹ ਕੁਝ ਹੰਕਾਰੀ ਹੋ ਗਿਆ ਹੈ ਪਰ ਦਿਲੋਂ ਉਹ ਕੰਮ ਆਉਣ ਵਾਲਾ, ਹਮਦਰਦ ਤੇ ਆਪਾ ਵਾਰਨ ਵਾਲਾ ਭਲਾ ਲੋਕ ਹੈ। ਜੈਤ ਵਲੋਂ ਦਿਤੀ ਜਾਣਕਾਰੀ ਵਿਚ ਇਕ ਗਲਤੀ ਜ਼ਰੂਰ ਸੀ। ਉਸਦੇ ਦੱਸਣ ਮੁਤਾਬਕ ਮਾਧੋਦਾਸ ਲੋਨੀ ਸਥਿਤ ਜੋਗੀ ਡੇਰੇ ਦਾ ਪ੍ਰਮੁੱਖ ਸੀ ਅਤੇ ਇਹ ਡੇਰਾ ਨਾਸਿਕ ਤੋਂ ਕਰੀਬ 50 ਮੀਲ ਦੱਖਣ ਪੂਰਬ ਵੱਲ ਨੂੰ ਸੀ। ਗੋਦਾਵਰੀ ਵਾਦੀ ਵਿਚ ਵਿਚਰਦਿਆਂ ਗੁਰੂ ਸਾਹਿਬ ਨੇ ਪਤਾ ਲਾ ਲਿਆ ਸੀ ਕਿ ਲੋਨੀ ਤੋਂ ਕੱਢੇ ਜਾਣ ਤੋਂ ਬਾਅਦ ਮਾਧੋਦਾਸ ਨਾਦੇੜ ਜਾ ਟਿਕਿਆ ਸੀ ਅਤੇ ਇਸ ਵੇਲੇ ਉਥੇ ਦੇ ਡੇਰੇ ਦਾ ਪ੍ਰਮੁੱਖ ਸੀ। ਮਾਧੋਦਾਸ ਪ੍ਰਤੀ ਜੈਤ ਦੀ ਦਿਤੀ ਜਾਣਕਾਰੀ ਤੋਂ ਗੁਰੂ ਜੀ ਇਹ ਵੀ ਸਮਝ ਗਏ ਸਨ ਕਿ ਉਹ ਇਕ ਬੇਚੈਨ ਆਤਮਾ ਹੈ। ਉਹ ਆਪਣੇ ਦੇਸ਼ ਅਤੇ ਕੌਮ ਲਈ ਕੁਝ ਮਹੱਤਵਪੂਰਨ ਕਰਨਾ ਲੋਚਦਾ ਹੈ ਪਰ ਉਸ ਕੋਲ ਅਜਿਹਾ

ਕਰਨ ਲਈ ਨਾ ਹੀ ਤਾਂ ਕੋਈ ਮੌਕਾ ਹੈ ਤੇ ਨਾ ਹੀ ਵਸੀਲੇ । ਗੁਰੂ ਜੀ ਨੂੰ ਅਹਿਸਾਸ ਹੋਇਆ ਕਿ ਇਹ ਮਨੁੱਖ ਉਹਨਾਂ ਦੇ ਕੰਮ ਦੀ ਸ਼ੈਅ ਹੈ।

ਗੁਰੂ ਜੀ ਨੂੰ ਇਹ ਪਤਾ ਸੀ ਕਿ ਸ਼ਿਵਾਜੀ ਦੀ ਮੌਤ ਪਿਛੋਂ ਉਨ੍ਹਾਂ ਦੇ ਵੱਡੇ ਪੁੱਤਰ ਸੰਭਾਜੀ ਦੇ ਭਿਆਨਕ ਕਤਲ ਅਤੇ ਛੋਟੇ ਪੁੱਤਰ ਰਾਜਾਰਾਮ ਦੇ ਜਿੰਜੀ ਵਿਚ ਮੁਗਲਾਂ ਦੇ ਘੇਰੇ ਵਿਚ ਹੋਣ ਕਾਰਨ ਮਰਾਠੇ ਘੋਰ ਨਿਰਾਸ਼ਾ ਦੇ ਆਲਮ ਵਿਚ ਨੇ ਤੇ ਉਨ੍ਹਾਂ ਨੂੰ ਕੋਈ ਅਜਿਹਾ ਇਕ ਨੇਤਾ ਨਜ਼ਰ ਨਹੀਂ ਸੀ ਆਉਂਦਾ ਜਿਸ ਦੀ ਅਗਵਾਈ ਵਿਚ ਉਹ ਇਕੱਠੇ ਹੋ ਸਕਣ। ਪਰ ਗੁਰੂ ਜੀ ਨੂੰ ਇਹ ਵੀ ਇਲਮ ਸੀ ਕਿ ਜਿਹਨਾਂ ਨੇ ਇਕ ਵਾਰੀ ਤਾਕਤ ਦੇ ਨਸ਼ੇ ਦਾ ਸਵਾਦ ਚੱਖ ਲਿਆ ਹੋਵੇ ਉਹ ਚੈਨ ਨਾਲ ਨਹੀਂ ਬੈਠ ਸਕਦੇ ਅਤੇ ਉਹ ਇਸ ਨੂੰ ਦੁਬਾਰਾ ਪ੍ਰਾਪਤ ਕਰਨ ਦੀ ਕੋਸ਼ਿਸ਼ ਜ਼ਰੂਰ ਕਰਦੇ ਹਨ। ਮਰਹੱਟੇ ਭਾਵੇਂ ਬੁਰੀ ਤਰਾਂ ਮਧੋਲੇ ਗਏ ਸਨ ਪਰ ਉਹਨਾਂ ਦੇ ਸੁਪਨੇ ਮਰੇ ਨਹੀਂ ਸਨ। ਸਭ ਤੋਂ ਮਹੱਤਵਪੂਰਨ ਮਸਲਾ ਤਾਂ ਇਹ ਸੀ ਕਿ ਕਿਵੇਂ ਖਿੰਡੀ ਪੁੰਡੀ ਮਰਾਠਾ ਸ਼ਕਤੀ ਨੂੰ ਇਕੱਠਾ ਕਰਕੇ ਇਕ ਸੁਯੋਗ ਨੇਤਾ ਦੀ ਅਗਵਾਈ ਥੱਲੇ ਉਚਿਤ ਕਾਰਵਾਈ ਲਈ ਦਿਸ਼ਾ ਦਿਤੀ ਜਾਵੇ। ਭਾਵੇਂ ਗੁਰੂ ਜੀ ਨੂੰ ਗੋਦਾਵਰੀ ਵਾਦੀ ਚ ਆਇਆਂ ਕਰੀਬ ਇਕ ਸਾਲ ਹੋ ਚੱਲਿਆ ਸੀ ਪਰ ਉਹਨਾਂ ਦਾ ਮਰਹੱਟਿਆਂ ਨਾਲ ਕੋਈ ਤਾਲਮੇਲ ਨਹੀਂ ਬਣ ਸਕਿਆ ਸੀ ਕਿਉਂਕਿ ਉਹ ਗੁਰੂ ਜੀ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਸਨ। ਇਨ੍ਹਾਂ ਹਾਲਤਾਂ ਵਿਚ ਗੁਰੂ ਜੀ ਨੇ ਮਾਧੋਦਾਸ ਨਾਲ ਸੰਪਰਕ ਜੋੜਨ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਨੂੰ ਕੋਈ ਹੁੰਗਾਰਾ ਨਾ ਮਿਲਿਆ। ਪ੍ਰਤੱਖ ਰੂਪ ਵਿਚ ਤਾਂ ਭਾਵੇਂ ਉਹ ਇਕ ਬੈਰਾਗੀ ਸਾਧੂ ਸੀ ਅਤੇ ਇਕ ਡੇਰੇ ਦਾ ਪ੍ਰਮੁੱਖ ਵੀ ਪਰ ਧੁਰ ਅੰਦਰ ਉਹ ਇਕ ਸਿਰਲੱਥ ਗੁਰੀਲਾ ਯੋਧਾ ਸੀ। ਗੁਰੀਲਿਆਂ ਦੇ ਪ੍ਰਪੱਕ ਸੁਭਾਅ ਅਨੁਸਾਰ ਹਰ ਵੇਲੇ ਚੌਕੰਨਾ ਰਹਿਣਾ ਤੇ ਦੂਜੇ ਦੀਆਂ ਹਰਕਤਾਂ ਤੇ ਇਰਾਦਿਆਂ ਪ੍ਰਤੀ ਸੁਚੇਤ ਰਹਿਣਾ ਉਸ ਦਾ ਖਾਸਾ ਸੀ। ਕਿਉਂਕਿ ਇਲਾਕੇ ਵਿਚ ਆਮ ਅਫਵਾਹ ਸੀ ਕਿ ਗੁਰੂ ਜੀ ਬਾਦਸ਼ਾਹ ਦੀ ਮੁਲਾਜ਼ਮਤ ਵਿਚ ਨੇ ਸੋ ਉਹ ਵੀ ਗੁਰੂ ਜੀ ਦੇ ਇਰਾਦਿਆਂ ਪ੍ਰਤੀ ਦੁਬਿਧਾ ਅਤੇ ਸ਼ੰਕਾ ਵਿਚ ਸੀ।

ਮਾਧੋਦਾਸ ਨੂੰ ਪਤਾ ਸੀ ਕਿ ਲੋਕੀ ਉਸਨੂੰ ਮਰਾਠਿਆਂ ਦੀ ਫੌਜ ਦਾ ਇਕ ਭਗੌੜਾ ਪੇਸ਼ਵਾ ਸਮਝਦੇ ਨੇ । ਸੋ ਗੁਰੂ ਜੀ ਵਲੋਂ ਮਿੱਤਰਤਾ ਦਾ ਹੱਥ ਵਧਾਉਣ ਦੀ ਕੋਸ਼ਿਸ਼ ਨੂੰ ਉਸਨੇ ਅਜਿਹੀ ਸੋਚੀ ਸਮਝੀ ਚਾਲ ਸਮਝਿਆ ਜਿਸ ਵਿਚ ਫਾਥ ਕੇ ਉਸਨੂੰ ਮਰਹੱਟੇ ਵਿਦਰੋਹੀਆਂ ਵਿਰੁੱਧ ਵਰਤਿਆ ਜਾ ਸਕੇ। ਸਪਸ਼ਟ ਤੌਰ ਤੇ ਉਸ ਲਈ ਇਹ ਸਮਝਣਾ ਮੁਸ਼ਕਿਲ ਸੀ ਕਿ ਗੁਰੂ ਜੀ ਦਾ ਮੁਗਲ ਬਾਦਸ਼ਾਹ ਤੋਂ ਕਿਸ ਹੱਦ ਤੱਕ ਮੋਹ ਭੰਗ ਹੋ ਚੁੱਕਿਆ ਸੀ ਤੇ ਉਹਨਾਂ ਦੇ ਮਨ ਵਿਚ ਬਾਦਸ਼ਾਹ ਪ੍ਰਤੀ ਕਿੰਨੀ ਕੁੜੱਤਣ ਸੀ। ਪਰ ਗੁਰੂ ਜੀ ਦੇ ਏਲਚੀਆਂ ਨੇ ਉਸਨੂੰ ਭਰੋਸਾ ਦਿਵਾਇਆ ਕਿ ਗੁਰੂ ਜੀ ਤਾਂ ਠਗੇ ਗਏ ਮਹਿਸੂਸ ਕਰਦੇ ਨੇ ਤੇ ਕਈ ਵੇਰਾਂ ਉਹ ਤੈਸ਼ ਵਿਚ ਆ ਕੇ ਆਪਣੀਆਂ ਇਹਨਾਂ ਭਾਵਨਾਵਾਂ ਦਾ ਪ੍ਰਗਟਾਵਾ ਵੀ ਕਰ ਦਿੰਦੇ ਨੇ। ਅਫਵਾਹਾਂ, ਸੱਚੀਆਂ ਹੋਣ ਜਾਂ ਝੂਠੀਆਂ, ਸ਼ੱਕੀ ਮਨਾਂ ਤੇ ਬਹੁਤ ਡੂੰਘਾ ਪ੍ਰਭਾਵ ਪਾਉਂਦੀਆਂ ਨੇ। ਮਾਧੋਦਾਸ ਦਾ ਸਿੱਧਾ ਜਿਹਾ ਜਵਾਬ ਸੀ ਕਿ ਉਹ ਤਾਂ ਇਕ ਬੈਰਾਗੀ ਨਾਥ ਜੋਗੀ ਹੈ ਅਤੇ ਗੋਰਖਨਾਥ ਦਾ ਪੁਜਾਰੀ ਹੈ ਇਸ ਲਈ ਇਕ ਸਿੱਖ ਗੁਰੂ ਨਾਲ ਉਸਦਾ ਕੋਈ ਸਰੋਕਾਰ ਨਹੀਂ। ਇਸ ਤੋਂ ਇਲਾਵਾ ਉਹ ਆਪਣੀ ਸਮਰੱਥਾ ਅਨੁਸਾਰ ਜਨਤਾ ਦੀ ਸੇਵਾ ਕਰ ਰਿਹਾ ਹੈ ਅਤੇ ਕਿਸੇ ਹੋਰ ਕੰਮ ਵਿਚ ਉਲਝਣਾ ਨਹੀਂ ਚਾਹੁੰਦਾ।

ਗੁਰੂ ਜੀ ਦੇ ਏਲਚੀ ਭਾਵੇਂ ਨਾਕਾਮਯਾਬ ਰਹੇ ਸਨ ਪਰ ਗੁਰੂ ਜੀ ਨੇ ਦਿਲ ਨਹੀਂ ਛੱਡਿਆ ਸੀ। ਉਹਨਾਂ ਕੋਲ ਕਈ ਦਾਅ-ਪੇਚ ਹਾਲੇ ਵੀ ਬਾਕੀ ਸਨ। ਉਹਨਾਂ ਨੂੰ ਯਾਦ ਸੀ ਕਿ ਮਹੰਤ ਜੈਤ ਨੇ ਆਖਿਆ ਸੀ ਕਿ ਜੇਕਰ ਉਸਦਾ ਹਵਾਲਾ ਦਿਤਾ ਗਿਆ ਤਾਂ ਮਾਧੋਦਾਸ ਉਹਨਾਂ ਦੀ ਪੂਰੀ ਆਉਭਗਤ ਕਰੇਗਾ। ਉਹਨਾਂ ਨੂੰ ਆਸ ਸੀ ਕਿ ਇਹ ਜਾਦੂਈ ਨੁਕਤਾ ਕੰਮ ਕਰ ਜਾਏਗਾ। ਸੋ ਉਹਨਾਂ ਖੁਦ ਮਾਧੋਦਾਸ ਕੋਲ ਜਾਣ ਦਾ ਮਨ ਬਣਾਇਆ ਭਾਵੇਂ ਕਿ ਉਹਨਾਂ ਦੇ ਮੁਖ ਸਲਾਹਕਾਰ ਇਸ ਦੇ ਹੱਕ ਵਿਚ ਨਹੀਂ ਸਨ। ਉਹਨਾਂ ਦਾ ਵਿਚਾਰ ਸੀ ਕਿ ਜੇਕਰ ਉਸਨੇ ਗੁਰੂ ਜੀ ਨੂੰ ਵੀ ਉਹੀ ਜਵਾਬ ਦਿਤਾ ਤਾਂ ਗੁਰੂ ਜੀ ਦਾ ਨਿਰਾਦਰ ਹੋਵੇਗਾ। ਪਰ ਗੁਰੂ ਜੀ ਤਾਂ ਹਰ ਸਥਿਤੀ ਲਈ ਤਿਆਰ ਸਨ। ਉਹਨਾਂ ਦੀ ਦਲੀਲ ਸੀ ਕਿ ਜੇਕਰ ਉਹ ਸਹਿਯੋਗ ਲਈ ਰਾਜ਼ੀ ਨਹੀਂ ਵੀ ਹੁੰਦਾ ਤਾਂ ਵੀ ਕੋਸ਼ਿਸ਼ ਕਰਨੀ ਤਾਂ ਉਹਨਾਂ ਦਾ ਫਰਜ਼ ਸੀ ਅਤੇ ਮਨੋਰਥ ਦੀ ਸਫਲਤਾ ਜਾਂ ਅਸਫਲਤਾ ਬਹੁਤਾ ਮਹੱਤਵ ਨਹੀਂ ਰੱਖਦੀ। ਗੁਰੂ ਜੀ ਬਹੁਤ ਵੱਡੇ ਵਿਦਵਾਨ ਸਨ, ਗਰੰਥਾਂ ਤੇ ਵੇਦਾਂ ਦੇ ਗਿਆਤਾ ਤੇ ਇਕ ਪਹੁੰਚੀ ਹੋਈ ਆਤਮਾ। ਉਹ ਆਮ ਮਨੁੱਖ ਨਾ ਹੋ ਕੇ ਇਕ ਸੰਪੂਰਨ ਕਰਮ ਯੋਗੀ ਸਨ। ਉਹਨਾਂ ਦਾ ਨਿਸ਼ਾਨਾ ਜ਼ਿੰਦਗੀ ਦੇ ਮਹੱਤਵਪੂਰਨ ਸ਼ੁਭ ਟੀਚਿਆਂ ਵੱਲ ਸੀ ਤੇ ਉਹ ਛੋਟੀਆਂ ਛੋਟੀਆਂ ਗੱਲਾਂ ਦੀ ਪ੍ਰਵਾਹ ਨਹੀਂ ਕਰਦੇ ਸਨ।

ਗੋਦਾਵਰੀ ਨਦੀ ਦੇ ਉਤਰ ਵੱਲ ਸਥਿਤ ਆਪਣੇ ਟਿਕਾਣੇ ਤੋਂ ਗੁਰੂ ਜੀ ਆਪਣੇ ਕੁਝ ਹਥਿਆਰਬੰਦ ਸਾਥੀਆਂ ਨਾਲ ਕੁਝ ਮੀਲਾਂ ਦੀ ਦੂਰੀ ਤੇ ਸਥਿਤ ਮਾਧੋਦਾਸ ਦੇ ਡੇਰੇ ਨੂੰ ਘੋੜੇ ਤੇ ਸਵਾਰ ਹੋ ਕੇ ਚਲ ਪਏ। ਮੈਕਾਲਿਫ ਲਿਖਦਾ ਹੈ ਕਿ ਗੁਰੂ ਜੀ ਨਾਲ ਦੋ ਤਿੰਨ ਸੌ ਹਥਿਆਰ ਬੰਦ ਘੋੜ ਸਵਾਰ ਸਨ। ਪਰ ਇਹ ਗੱਲ ਵਾਜਿਬ ਨਹੀਂ ਲੱਗਦੀ। ਇਹ ਤਾਂ ਸੱਚ ਹੈ ਕਿ ਆਪਣੇ ਮਨਸਬ ਦੀ ਲੋੜ ਅਨੁਕੂਲ ਗੁਰੂ ਜੀ ਕੋਲ ਦੋ ਤਿੰਨ ਸੌ ਘੋੜ ਸਵਾਰ ਅਤੇ ਕੁਝ ਪਿਆਦਾ ਸੈਨਿਕ ਸਨ। ਪਰ ਇਹ ਗੱਲ ਦਿਲ ਨਹੀਂ ਲਗਦੀ ਕਿ ਉਹ ਆਪਣੇ ਸਾਰੇ ਸੈਨਿਕਾਂ ਨੂੰ ਨਾਲ ਲੈ ਕੇ ਜਾਣਗੇ, ਖਾਸ ਤੌਰ ਤੇ ਉਸ ਸਥਿਤੀ ਵਿਚ ਜਿਥੇ ਕਿ ਉਹਨਾਂ ਦਾ ਮਨੋਰਥ ਡੇਰੇ ਤੇ ਕਬਜ਼ਾ ਕਰਨਾ ਜਾਂ ਮਾਧੋਦਾਸ ਨੂੰ ਭੈਭੀਤ ਕਰਨਾ ਨਹੀਂ ਸਗੋਂ ਉਸ ਨਾਲ ਮਿੱਤਰਤਾ ਕਰਨਾ ਸੀ। ਵੱਡੀ ਤਾਕਤ ਕਿਸੇ ਨੂੰ ਸਮਰਪਣ ਕਰਨ ਤੇ ਤਾਂ ਮਜਬੂਰ ਕਰ ਸਕਦੀ ਹੈ ਪਰ ਦੋਸਤ ਬਣਨ ਲਈ ਨਹੀਂ। ਬੇਇਜ਼ਤ ਕੀਤਾ ਵਿਅਕਤੀ ਤਾਂ ਫੱਟੜ ਸ਼ੇਰ ਦੀ ਤਰ੍ਹਾਂ ਹੁੰਦਾ ਹੈ ਅਤੇ ਮੌਕਾ ਲੱਗਦੇ ਹੀ ਉਹ ਬਦਲਾ ਲੈਣ ਲਈ ਪੂਰੀ ਤਾਕਤ ਨਾਲ ਹਮਲਾ ਕਰੇਗਾ। ਗੁਰੂ ਜੀ ਅਤੇ ਮਾਧੋਦਾਸ ਵਿਚਕਾਰ ਹੋਈ ਸਬੱਬੀ ਮੁਲਾਕਾਤ ਬਾਰੇ ਬਹੁਤ ਸਾਰੀਆਂ ਸਾਖੀਆਂ ਪ੍ਰਚਲਤ ਹਨ ਜਿਨ੍ਹਾਂ ਵਿਚੋਂ ਬਹੁਤੀਆਂ ਕੱਲਪਤ ਨੇ। ਪਰ ਸਭ ਤੋਂ ਵੱਧ ਮਕਬੂਲ, ਵਿਸ਼ੇਸ਼ ਤੌਰ ਤੇ ਪ੍ਰੰਪਰਾਗਤ ਸਿੱਖ ਇਤਿਹਾਸਕਾਰਾਂ ਵਿਚ, ਸਾਖੀ ਉਹ ਹੈ ਜਿਹੜੀ ਕਿ ਬਟਾਲੇ ਦੇ ਅਹਿਮਦ ਸ਼ਾਹ ਨੇ ਜ਼ਿਕਰ-ਏ-ਗੁਰੂਆਂ-ਵਾ-ਇਬਤਦਾ-ਏ-ਸਿੰਘਾਂ-ਵਾ-ਮਜ਼ਬ-ਏ ਇਸ਼ਾਨ 'ਚ ਲਿਖੀ ਹੈ। ਇਹ ਸਾਖੀ ਤੱਤ ਖਾਲਸਾ ਦੁਆਰਾ ਬੰਦੇ ਦੀ ਭੰਡੀ ਕਰਨ ਦੇ ਉਦੇਸ਼ ਨਾਲ ਕੀਤੇ ਕੂੜ ਪ੍ਰਚਾਰ ਤੇ ਹੀ ਆਧਾਰਤ ਹੈ। ਇਹ ਉਹੀ ਤੱਤ ਖਾਲਸਾ ਹੈ ਜਿਹੜਾ ਮੁਗਲ ਬਾਦਸ਼ਾਹ ਫਰਖੁਸੀਅਰ ਤੋਂ ਪਦਾਰਥਕ ਲਾਭ ਪ੍ਰਾਪਤ ਕਰਨ ਹਿੱਤ ਬੰਦੇ ਨੂੰ ਮੰਝਧਾਰ ਵਿਚ ਫਸਿਆ ਛੱਡ ਗਿਆ ਸੀ। ਇਸ ਸਾਖੀ ਅਨੁਸਾਰ ਗੱਲਬਾਤ ਇਉਂ ਹੋਈ:

ਮਾਧੋਦਾਸ	:	ਤੁਸੀਂ ਕੌਣ ਹੋ ?
ਗੁਰੂ ਗੋਬਿੰਦ ਸਿੰਘ ਜੀ	:	ਉਹੀ ਜਿਸ ਨੂੰ ਤੂੰ ਜਾਣਦਾ ਹੈਂ ?

ਮਾਧੋਦਾਸ	:	ਮੈਂ ਕੀ ਜਾਣਦਾ ਹਾਂ ?
ਗੁਰੂ ਗੋਬਿੰਦ ਸਿੰਘ ਜੀ	:	ਵਿਚਾਰ ਕੇ ਵੇਖ।
ਮਾਧੋਦਾਸ	:	(ਕੁਝ ਸੋਚਣ ਤੋਂ ਬਾਅਦ) ਤਾਂ ਤੁਸੀਂ ਗੁਰੂ ਗੋਬਿੰਦ ਸਿੰਘ ਹੋ।
ਗੁਰੂ ਗੋਬਿੰਦ ਸਿੰਘ ਜੀ	:	ਹਾਂ ਤੂੰ ਠੀਕ ਕਹਿੰਦਾ ਹੈਂ।
ਮਾਧੋਦਾਸ	:	ਤੁਸੀਂ ਇਥੇ ਕਿਉਂ ਆਏ ਹੋ ?
ਗੁਰੂ ਗੋਬਿੰਦ ਸਿੰਘ ਜੀ	:	ਤੈਨੂੰ ਸਿੱਖ ਬਣਾਉਣ।
ਮਾਧੋਦਾਸ	:	ਮਨਜ਼ੂਰ ਹੈ। ਮੈਂ ਆਪ ਦਾ ਬੰਦਾ ਹਾਂ।

ਪਰ ਬੰਦਈ ਸਿੱਖਾਂ ਦਾ ਕਹਿਣਾ ਹੈ ਕਿ ਮਾਧੋਦਾਸ ਨੇ ਬੰਦਾ ਸ਼ਬਦ ਇਕ ਬਿਲਕੁਲ ਹੀ ਵੱਖਰੇ ਸੰਦਰਭ ਵਿਚ ਵਰਤਿਆ ਸੀ। ਉਹਨਾਂ ਦੇ ਕਹਿਣ ਮੁਤਾਬਕ ਇਥੇ ਬੰਦੇ ਦਾ ਮਤਲਬ ਸੀ ਕਿ ਉਹ ਪੂਰੀ ਤਰ੍ਹਾਂ ਪ੍ਰਮਾਤਮਾ ਨੂੰ ਸਮਰਪਤ ਹੈ। ਹਾਕਿਮ ਰਾਏ ਗੁਰੂ ਜੀ ਤੇ ਮਾਧੋਦਾਸ ਦਰਮਿਆਨ ਹੋਏ ਸੰਵਾਦ ਨੂੰ ਇਉਂ ਦੱਸਦਾ ਹੈ

ਪੂਛਤ ਗੁਰੂ ਗੋਬਿੰਦ ਸਿੰਘ ਤੁੰਮ ਹੋ ਸਾਧੁ ਕੌਨ ?
ਅੱਤ ਪਰਚੰਡ ਉਜਲ ਤੁਜੇ ਕਿਉਂ ਧਾਰ ਬੈਠੇ ਮੋਨ ?
ਸਾਹਿਬ ਕਾ ਬੰਦਾ ਭਇਆ, ਏਹੀ ਹਮਾਰੋ ਨਾਮ
ਨਿਸ ਦਿਨ ਜਪਦੇ ਬੈਠ ਕੇ ਪਰਮੇਸ਼ਰ ਸ਼੍ਰੀ ਰਾਮ। ”

ਇਹ ਦੋਵੇਂ ਵੇਰਵੇ ਕਲਪਿਤ ਨੇ ਕਿਉਂਕਿ ਨਾ ਤਾਂ ਅਹਿਮਦ ਸ਼ਾਹ ਤੇ ਨਾ ਹੀ ਹਾਕਿਮ ਰਾਏ ਮਾਧੋਦਾਸ ਦੇ ਸਮਕਾਲੀ ਸਨ। ਉਸਦੇ ਸਮੇਂ ਦੇ ਤਾਂ ਉਹ ਨੇੜੇ ਤੇੜ ਵੀ ਨਹੀਂ ਸਨ। ਇਸ ਲਈ ਉਹਨਾਂ ਦੀ ਰਸਾਈ ਕਿਸੇ ਐਸੇ ਵਿਅਕਤੀ ਤੱਕ ਵੀ ਨਹੀਂ ਸੀ ਜਿਹੜਾ ਇਸ ਮੁਲਾਕਾਤ ਸਮੇਂ ਮੌਜੂਦ ਸੀ। ਅਹਿਮਦ ਸ਼ਾਹ ਤੱਤ ਖਾਲਸਾ ਦੀ ਬੋਲੀ ਬੋਲ ਰਿਹਾ ਹੈ ਤੇ ਹਾਕਿਮ ਰਾਏ ਬੰਦਈ ਸਿੱਖਾਂ ਦੀ। ਸਪਸ਼ਟ ਹੈ ਕਿ ਤੱਤ ਖਾਲਸਾ ਦਾ ਉਦੇਸ਼ ਤਾਂ ਬੰਦੇ ਨੂੰ ਛੋਟਾ ਕਰਕੇ ਵਿਖਾਉਣਾ ਸੀ ਇਸ ਲਈ ਉਹ ਬੰਦੇ ਨੂੰ ਇਕ ਆਮ ਸਧਾਰਣ ਜਿਹਾ ਬੇ-ਪਛਾਣ ਬੈਰਾਗੀ ਦਰਸਾਉਂਦੇ ਨੇ, ਜਿਸ ਨੂੰ ਕਬਾੜ ਵਿਚੋਂ ਚੁੱਕ ਕੇ ਗੁਰੂ ਜੀ ਨੇ ਆਪਣੀਆਂ ਸ਼ਕਤੀਆਂ ਬਖ਼ਸ਼ ਦਿਤੀਆਂ ਅਤੇ ਅਜਿਹਾ ਕਰਦੇ ਸਮੇਂ ਉਸ ਤੇ ਕੁਝ ਬੰਦਸ਼ਾਂ ਵੀ ਲਾਈਆਂ। ਦੂਸਰੇ ਬੰਨੇ ਬੰਦਈ ਖਾਲਸਾ ਦਾ ਪੱਖ ਪੂਰਨ ਵਾਲੇ ਉਸਨੂੰ ਗੁਰੂ ਜੀ ਤੋਂ ਉਂਗਲ ਕੁ ਹੀ ਛੋਟਾ ਦਰਸਾਉਂਦੇ ਨੇ। ਸੋ ਕਿਸੇ ਇਕ ਦੇ ਪੱਖ ਨੂੰ ਸੱਚ ਮੰਨ ਲੈਣਾ ਗੈਰ ਵਾਜਿਬ ਹੋਵੇਗਾ।

ਮੈਕਾਲਿਫ, ਜਿਹੜਾ ਕਿ ਤੱਤ ਖਾਲਸਾ ਵਾਲਾ ਜਾਂ ਕਹਿ ਲਉ ਆਮ ਸਿੱਖਾਂ ਵਾਲਾ ਪੱਖ ਹੀ ਪੇਸ਼ ਕਰਦਾ ਹੈ, ਇਸ ਬਾਰੇ ਕਹਿੰਦਾ ਹੈ "ਗੁਰੂ ਜੀ ਕੁਝ ਪਿਆਦਾ ਅਤੇ ਦੋ ਤਿੰਨ ਸੌ ਸ਼ਸ਼ਤਰਧਾਰੀ ਘੋੜ ਸਵਾਰ ਸੈਨਿਕਾਂ ਸਮੇਤ ਸੰਨ 1707 ਦੇ ਸਾਵਣ ਮਹੀਨੇ (ਭਾਵ ਜੁਲਾਈ-ਅਗਸਤ) ਨਾਦੇੜ ਪਹੁੰਚੇ। ਉਹ ਮਾਧੋਦਾਸ ਨਾਂ ਦੇ ਇਕ ਬੈਰਾਗੀ ਸਾਧੂ ਦੀ ਕੁੱਲੀ ਤੇ ਪਹੁੰਚੇ। ਬੈਰਾਗੀ ਉਥੇ ਨਹੀਂ ਸੀ। ਇਹ ਪਤਾ ਲੱਗਣ ਤੇ ਕਿ ਬੈਰਾਗੀ ਕੋਲ ਅਜਿਹੀਆਂ ਜਾਦੂਈ ਸ਼ਕਤੀਆਂ ਨੇ ਕਿ ਜਿਹੜਾ ਵੀ ਉਸਦੇ ਪਲੰਘ ਤੇ ਬੈਠ ਜਾਵੇ ਉਸਨੂੰ ਉਹ ਵਗਾਹ ਮਾਰਦਾ ਹੈ,

ਗੁਰੂ ਜੀ ਨਿੱਠ ਕੇ ਉਸਦੇ ਪਲੰਘ ਤੇ ਜਾ ਬੈਠੇ। ਉਹਨਾਂ ਬੈਰਾਗੀ ਦਾ ਇਕ ਬੱਕਰਾ ਝਟਕਾ, ਰਿੰਨ ਪਕਾ ਕੇ ਛੱਕ ਲਿਆ। ਬੈਰਾਗੀ ਦਾ ਇਕ ਚੇਲਾ ਉਸਨੂੰ ਡੇਰੇ ਵਾਪਰੀ ਘਟਨਾ ਦੱਸਣ ਲਈ ਗਿਆ। ਬੈਰਾਗੀ ਦੇ ਡੇਰੇ ਤੇ ਜੀਵ ਹੱਤਿਆ ਉਸ ਅਸਥਾਨ ਦੀ ਬੇਹੁਰਮਤੀ ਸੀ ਅਤੇ ਬੈਰਾਗੀ ਦੇ ਪਲੰਘ ਤੇ, ਜਿਹੜਾ ਕਿ ਉਸਦਾ ਤਖਤ ਸੀ, ਬੈਠਣਾ ਇਕ ਹੋਰ ਬੇਅਦਬੀ ਸੀ। ਡੇਰੇ ਪਧਾਰੇ ਵਿਅਕਤੀ ਦੇ ਅਜੀਬ ਵਿਹਾਰ ਬਾਰੇ ਪੜਤਾਲ ਕਰਨ ਉਹ ਡੇਰੇ ਪਹੁੰਚਿਆ। ਬੈਰਾਗੀ ਨੇ ਆ ਕੇ ਕਿਹਾ ਕਿ ਇਹ ਆਸਣ ਪਹਿਲਾਂ ਉਸਦੇ ਗੁਰੂ ਦਾ ਸੀ ਤੇ ਹੁਣ ਉਸਦਾ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਅਣਜਾਣ ਅਤੇ ਅਜਨਬੀ ਵਿਅਕਤੀ ਆ ਕੇ ਇਸ ਤੇ ਕਬਜ਼ਾ ਕਰ ਬੈਠੇ ਤੇ ਨਾਲੇ ਉਥੇ ਹਿੰਸਾ ਕਰੇ ਤੇ ਜਗ੍ਹਾ ਨੂੰ ਅਪਵਿੱਤਰ ਕਰੇ। ਗੁਰੂ ਜੀ ਨੇ ਕਿਹਾ ਕਿ ਉਹ ਨਾਦੇੜ ਤੋਂ ਥੱਕੇ ਹੋਏ ਆਏ ਸਨ ਅਤੇ ਉਹਨਾਂ ਉਸਦੀ ਪ੍ਰਹੁਣਚਾਰੀ ਅਤੇ ਉਦਾਰਤਾ ਬਾਰੇ ਵੀ ਸੁਣ ਰੱਖਿਆ ਸੀ। ਉਸਦੇ ਇਨ੍ਹਾਂ ਗੁਣਾਂ ਦੀ ਪਰਖ ਕਰਨ ਲਈ ਹੀ ਉਹਨਾਂ ਨੇ ਆਪਣੀ ਮਰਜ਼ੀ ਕਰ ਲਈ। ਗੁਰੂ ਜੀ ਦਾ ਇਹ ਜਵਾਬ ਸੁਣ ਅਤੇ ਉਹਨਾਂ ਦੀ ਬਾਣੀ ਤੇ ਵਿਵਹਾਰ ਤੋਂ ਉਸਨੂੰ ਪਤਾ ਲੱਗ ਗਿਆ ਕਿ ਇਹ ਕੋਈ ਮਹਾਨ ਵਿਅਕਤੀ ਹੈ। ਇਸ ਲਈ ਬੈਰਾਗੀ ਨੇ ਕਿਹਾ ਕਿ ਉਹ ਤਾਂ ਉਹਨਾਂ ਦਾ ਬੰਦਾ ਹੈ, ਭਾਵ ਗੁਲਾਮ ਹੈ। ਇਹੀ ਨਾਂ ਮਗਰੋਂ ਪੱਕ ਗਿਆ।"

ਇੰਞ ਲਗਦਾ ਹੈ ਕਿ ਇਸ ਗੰਵਾਰ, ਅਤੱਰਕ ਸੰਗਤ, ਪੁੱਠੀ ਮੱਤ ਵਾਲੀ ਅਤੇ ਆਪਾ ਵਿਰੋਧੀ ਸਾਖੀ ਨੂੰ ਆਪਣੇ ਸ਼ਾਹਕਾਰ 'ਚ ਸ਼ਾਮਿਲ ਕਰਨ ਲੱਗਿਆਂ ਮੈਕਾਲਿਫ ਨੇ ਘੋਖਿਆ ਪਰਖਿਆ ਨਹੀਂ। ਇਹ ਸਾਖੀ ਤਾਂ ਗੁਰੂ ਜੀ ਦੀ ਸੋਭਾ ਨੂੰ ਘਟਾਉਂਦੀ ਹੈ। ਕਿਸੇ ਧਾਰਮਿਕ ਅਸਥਾਨ ਤੇ ਜਾ ਕੇ ਜੀਵ ਹੱਤਿਆ ਕਰਨੀ ਅਤੇ ਉਸ ਸਥਾਨ ਨੂੰ ਅਪਵਿੱਤਰ ਕਰਨਾ ਨਾਮਾਫ ਕਰਨ ਯੋਗ ਧਾਰਮਿਕ ਗੁਨਾਹ ਹੈ। ਇਹ ਸਾਰੀ ਕਹਾਣੀ ਗੁਰੂ ਜੀ ਦੇ ਉਚਪਾਏ ਦੇ ਵਿਚਾਰਾਂ ਅਤੇ ਉਹਨਾਂ ਵਲੋਂ ਅਪਣਾਏ ਸ਼ਿਸ਼ਟਾਚਾਰ ਦੇ ਉਲਟ ਹੈ। ਗੁਰੂ ਜੀ ਮਹਾਨ ਸਮਾਜ ਸੁਧਾਰਕ ਅਤੇ ਲੋਕਤੰਤਰਿਕ ਪਰੰਪਰਾਵਾਂ ਦੇ ਪਾਲਣਹਾਰ ਸਨ। ਕੋਈ ਇਕ ਵੀ ਉਦਾਹਰਣ ਨਹੀਂ ਮਿਲਦੀ ਜਿਥੇ ਕਿ ਉਹਨਾਂ ਵੱਡੀ ਤੋਂ ਵੱਡੀ ਭੜਕਾਹਟ ਦੇ ਹੁੰਦਿਆਂ ਵੀ ਕਿਸੇ ਦੇ ਧਾਰਮਿਕ ਅਸਥਾਨ ਦੀ ਬੇਹੁਰਮਤੀ ਕੀਤੀ ਹੋਵੇ। ਫਿਰ ਇਸ ਬੈਰਾਗੀ ਦੇ ਡੇਰੇ ਵਿਚ ਉਹ ਅਜਿਹਾ ਕਿਉਂ ਕਰਨਗੇ ? ਦੂਸਰੇ ਇਸ ਸਾਖੀ ਦੇ ਬਿਰਤਾਂਤ ਮੁਤਾਬਕ ਵੀ ਗੁਰੂ ਜੀ ਮਾਧੋਦਾਸ ਨੂੰ ਕਹਿੰਦੇ ਹਨ ਕਿ ਉਹ ਤਾਂ ਉਸਦੀ ਪ੍ਰਹੁਣਚਾਰੀ ਅਤੇ ਉਦਾਰਤਾਂ ਬਾਰੇ ਸੁਣ ਕੇ ਉਥੇ ਆਏ ਹਨ ਤਾਂ ਫਿਰ ਬੈਰਾਗੀ ਦੀ ਬੇਇਜ਼ਤੀ ਕਰਨੀ ਅਤੇ ਧਾਰਮਿਕ ਅਸਥਾਨ ਦੀ ਦੂਹਰੀ ਬੇਹੁਰਮਤੀ ਕਰਨੀ ਕਿਵੇਂ ਜਾਇਜ਼ ਹੈ। ਇੰਞ ਲਗਦਾ ਹੈ ਕਿ ਪੱਖਪਾਤੀ ਗਵਾਰਾਂ ਨੇ ਬੰਦੇ ਨੂੰ ਛੁਟਿਆਉਣ ਦੀ ਕਾਹਲੀ ਵਿਚ ਗੁਰੂ ਜੀ ਦੀ ਉਦਾਰ ਪ੍ਰਤਿਮਾ ਨੂੰ ਵੀ ਆਪਣੀ ਮੂਰਖਤਾ ਨਾਲ ਦਾਗਦਾਰ ਕੀਤਾ ਹੈ। ਗੁਰੂ ਜੀ ਤਾਂ ਹਰ ਮਜ਼੍ਹਬ, ਹਰ ਫਿਰਕੇ ਦੇ ਧਾਰਮਿਕ ਅਸਥਾਨਾਂ ਨੂੰ, ਭਾਵੇਂ ਉਹ ਵੱਡੇ ਸਨ ਜਾਂ ਛੋਟੇ, ਬਹੁਤ ਸਤਿਕਾਰ ਦਿੰਦੇ ਸਨ ਭਾਵੇਂ ਉਸ ਧਰਮ ਦੀ ਫਿਲਾਸਫੀ ਬਾਰੇ ਗੁਰੂ ਜੀ ਦੇ ਨਿੱਜੀ ਵਿਚਾਰ ਕੁਝ ਵੀ ਹੋਣ। ਇਹਨਾਂ ਸਿੱਖ ਲਿਖਾਰੀਆਂ ਦੀ ਸਿਆਣਪ ਨੂੰ ਜੋ ਬਾਰ ਬਾਰ ਇਸੇ ਕਹਾਣੀ ਨੂੰ ਦੁਹਰਾਈ ਜਾਂਦੇ ਹਨ ਡਾ. ਸੁਖਦਿਆਲ ਸਿੰਘ ਨੇ ਠੀਕ ਹੀ ਵੰਗਾਰਿਆ ਹੈ। ਉਹ ਠੀਕ ਹੀ ਪੁੱਛਦਾ ਹੈ ਕਿ ਬਿਨਾਂ ਕਿਸੇ ਭੜਕਾਹਟ ਦੇ ਕਿਸੇ ਪਵਿੱਤਰ ਅਸਥਾਨ ਦੀ ਬੇਹੁਰਮਤੀ ਕਰਨਾ ਕੀ ਇਕ ਸਭਿਆ ਮਨੁੱਖ ਨੂੰ ਸ਼ੋਭਾ ਦਿੰਦਾ ਹੈ। ਇਹ ਸੱਚ ਹੈ ਕਿ ਸਿੱਖ ਧਰਮ ਵਿਚ ਮੀਟ ਖਾਣ ਦੀ ਮਨਾਹੀ ਨਹੀਂ ਪਰ ਇਹ ਮੀਟ ਖਾਣ ਦੀ ਵਕਾਲਤ ਵੀ ਨਹੀਂ ਕਰਦਾ।

ਗੁਰੂ ਜੀ ਦਾ ਟਿਕਾਣਾ ਨਾਦੇੜ ਤੋਂ ਕੋਈ ਬਹੁਤੀ ਦੂਰ ਨਹੀਂ ਸੀ ਤੇ ਮੈਕਾਲਿਫ ਇਹ ਵੀ ਲਿਖਦਾ ਹੈ ਕਿ ਜਦੋਂ ਗੁਰੂ ਜੀ ਦੀ ਮੁਲਾਕਾਤ ਮਾਧੋਦਾਸ ਨਾਲ ਹੋਈ ਤਾਂ ਗੁਰੂ ਜੀ ਨੂੰ ਗੋਦਾਵਰੀ ਵਾਦੀ ਵਿਚ ਵਿਚਰਦਿਆਂ ਕਰੀਬ ਇਕ ਸਾਲ ਹੋ ਚੱਲਿਆ ਸੀ। ਇਸ ਸਮੇਂ ਦੌਰਾਨ ਉਹਨਾਂ ਨੂੰ ਬੈਰਾਗੀ ਦੀ ਪ੍ਰਹੁਣਚਾਰੀ ਅਤੇ ਉਦਾਰਤਾ ਦੀਆਂ ਚੰਗੀਆਂ ਸੂਚਨਾਵਾਂ ਵੀ ਮਿਲੀਆਂ। ਇਸ ਲਈ ਬੈਰਾਗੀ ਉਹਨਾਂ ਲਈ ਕੋਈ ਅਜਨਬੀ ਨਹੀਂ ਸੀ ਤੇ ਉਹ ਵੀ ਬੈਰਾਗੀ ਲਈ ਓਪਰੇ ਨਹੀਂ ਸਨ ਭਾਵੇਂ ਕਿ ਅਸੀਂ ਇਹ ਮੰਨ ਵੀ ਲਈਏ ਕਿ ਉਹ ਕਦੇ ਆਹਮੋ ਸਾਹਮਣੇ ਨਹੀਂ ਸਨ ਹੋਏ। ਇਨ੍ਹਾਂ ਹਾਲਤਾਂ ਵਿਚ ਜੀਵ ਹੱਤਿਆ ਅਤੇ ਬੇਹੁਰਮਤੀ ਦੀ ਇਹ ਕਹਾਣੀ ਸਿਰਫ ਬੰਦੇ ਨੂੰ ਛੁਟਿਆਉਣ ਲਈ ਮਨ-ਘੰੜਤ ਤੇ ਬਕੜ-ਬਾਹ ਤੋਂ ਬਿਨਾਂ ਹੋਰ ਕੁਝ ਵੀ ਨਹੀਂ।

ਕੇਸਰ ਸਿੰਘ ਛਿੱਬਰ, ਜਿਸਦਾ ਖਾਨਦਾਨ ਗੁਰੂਆਂ ਨਾਲ ਸੌ ਸਾਲ ਤੋਂ ਵੀ ਵੱਧ ਜੁੜਿਆ ਰਿਹਾ ਸੀ, ਆਪਣੀ 1769 ਚ ਮੁਕੰਮਲ ਕੀਤੀ ਦਸਾਂ ਗੁਰੂਆਂ ਦੀ ਬੰਸਾਵਲੀ 'ਚ ਕਿਤੇ ਭੀ ਅਜਿਹੀ ਕੋਈ ਘਟਨਾ ਦਾ ਜ਼ਿਕਰ ਨਹੀਂ ਕਰਦਾ। ਸਗੋਂ ਉਹ ਤਾਂ ਕਹਿੰਦਾ ਹੈ ਕਿ ਗੁਰੂ ਜੀ ਨੇ ਭਾਂਪ ਲਿਆ ਸੀ ਕਿ ਬੈਰਾਗੀ ਸੱਤ ਚਿਰਨਜੀਵੀਆਂ (ਉਹ ਸੱਤ ਮਹਾਨ ਆਤਮਾਵਾਂ ਜੋ ਜੀਵਨ ਮਰਨ ਤੋਂ ਮੁਕਤ ਹਨ) ਚੋਂ ਇਕ ਹੈ ਅਤੇ ਕਿਸੇ ਨਾ ਕਿਸੇ ਤਰ੍ਹਾਂ ਇਸਨੂੰ ਖਾਲਸਾ ਪੰਥ ਦੀ ਜ਼ਿੰਮੇਵਾਰੀ ਚੁੱਕਣ ਲਈ ਮਨਾਉਣਾ ਹੈ। ਜਦ ਗੁਰੂ ਜੀ ਉਸਨੂੰ ਚਿਰਨਜੀਵੀ ਸਮਝਦੇ ਸਨ ਤਾਂ ਇਹ ਕਿਵੇਂ ਮੁਮਕਿਨ ਹੈ ਕਿ ਉਹ ਉਸਨੂੰ ਨੀਚਾ ਦਿਖਾਉਣ ਦੀ ਕੋਸ਼ਿਸ਼ ਕਰਦੇ।ਗਨੇਸ਼ ਦਾਸ ਵਡੇਰਾ ਵਰਗੇ ਲਿਖਾਰੀਆਂ ਨੇ ਭੀ ਇਸ ਮਨਘੜੰਤ ਕਹਾਣੀ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿਤਾ।

ਇਸ ਪਹਿਲੀ ਮੁਲਾਕਾਤ ਵਿਚ ਹਾਸੇ-ਠੱਠੇ ਅਤੇ ਦਾਦੂਵਾੜੇ ਦੇ ਜੈਤ ਦੀ ਪ੍ਰਹੁਣਚਾਰੀ ਬਾਰੇ ਇਸ਼ਾਰਾ ਮਾਤਰ ਤੋਂ ਬਿਨਾਂ ਸੰਜੀਦਾ ਗੱਲਬਾਤ ਨਹੀਂ ਹੋ ਸਕਦੀ ਸੀ। ਗੁਰੂ ਜੀ ਵਲੋਂ ਜੈਤ ਦਾ ਇਸ਼ਾਰਾ ਮਾਤਰ ਜ਼ਿਕਰ ਆਪਸੀ ਭਰੋਸਾ ਬਣਾਉਣ ਅਤੇ ਸੰਜੀਦਾ ਗੱਲਬਾਤ ਦਾ ਰਾਹ ਖੋਲਣ ਲਈ ਜ਼ਰੂਰੀ ਸੀ। ਇਸ ਤਰ੍ਹਾਂ ਕਰਕੇ ਹੀ ਗੁਰੂ ਜੀ ਭਵਿੱਖ ਵਿਚ ਖੁਲ ਕੇ ਵਿਚਾਰ ਵਟਾਂਦਰਾ ਕਰਨ ਲਈ ਠੋਸ ਅਧਾਰ ਤਿਆਰ ਕਰ ਸਕਦੇ ਸਨ।

ਭਾਵੇਂ ਸਾਡੇ ਕੋਲ ਗੁਰੂ ਜੀ ਅਤੇ ਬੈਰਾਗੀ ਦਰਮਿਆਨ ਮੁਲਾਕਾਤਾਂ ਦੀਆਂ ਪ੍ਰਮਾਣਕ ਰਿਪੋਰਟਾਂ ਨਹੀਂ ਹਨ ਪਰ ਇਸ ਗੱਲ ਦੇ ਕਾਫੀ ਪ੍ਰਮਾਣ ਹਨ ਕਿ ਬੰਦੇ ਨੂੰ ਆਪਣੇ ਪੰਥ 'ਚ ਲਿਆਉਣ ਲਈ ਗੁਰੂ ਜੀ ਨੂੰ ਕਾਫੀ ਮਿਹਨਤ ਕਰਨੀ ਪਈ ਸੀ। ਮੈਕਾਲਿਫ ਕਹਿੰਦਾ ਹੈ ਕਿ ਗੁਰੂ ਜੀ 14 ਮਹੀਨੇ 10 ਦਿਨ ਨਾਦੇੜ ਰਹੇ ਅਤੇ ਇਸ ਸਮੇਂ ਦੌਰਾਨ ਉਹਨਾਂ ਹੌਲੀ ਹੌਲੀ ਬੰਦੇ ਨੂੰ ਤਿਆਗੀ ਜੀਵਨ ਨੂੰ ਤੱਜ ਉਤਰ ਵਿਚ ਮੁਗਲਾਂ ਦੇ ਜ਼ੁਲਮਾਂ ਵਿਰੁੱਧ ਇਕ ਧਰਮ ਯੁੱਧ ਦੀ ਅਗਵਾਈ ਕਰਨ ਲਈ ਰਾਜ਼ੀ ਕਰ ਲਿਆ ਸੀ। ਉਹੋ ਜਿਹੀ ਹੀ ਲੜਾਈ ਲੜਨ ਲਈ ਜਿਹੋ ਜਿਹੀ ਉਸਨੇ ਮੋਰੋਪੰਤ ਪੇਸ਼ਵਾ ਦੀ ਅਗਵਾਈ ਥੱਲੇ ਮੁਗਲਾਂ ਦੇ ਜ਼ੁਲਮਾਂ ਖਿਲਾਫ ਲੜੀ ਸੀ। ਮੈਕਾਲਿਫ ਅੱਗੇ ਲਿਖਦਾ ਹੈ "ਗੁਰੂ ਜੀ ਬੰਦੇ ਨੂੰ ਆਪਣੇ ਧਰਮ ਦੇ ਅਸੂਲਾਂ ਬਾਰੇ ਸਿਖਿਅਤ ਕਰਦੇ ਰਹੇ ਅਤੇ ਸਮਾਂ ਪਾ ਕੇ ਉਸ ਨੂੰ ਨਵੀਆਂ ਰਸਮਾਂ ਅਨੁਸਾਰ ਦੀਕਸ਼ਤ ਕਰ ਦਿਤਾ ਗਿਆ। ਇਸ ਮੌਕੇ ਉਸਨੂੰ ਗੁਰਬਖਸ਼ ਸਿੰਘ ਦਾ ਨਵਾਂ ਨਾਂ ਦਿਤਾ ਗਿਆ ਪਰ ਉਹ ਬੰਦਾ ਬਹਾਦਰ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਰਿਹਾ।"

ਪਰ ਡਾ. ਹਰੀ ਰਾਮ ਗੁਪਤਾ ਮੈਕਾਲਿਫ ਦੀ ਇਹ ਦਲੀਲ ਮੰਨਣ ਨੂੰ ਬਿਲਕੁਲ ਵੀ

ਤਿਆਰ ਨਹੀਂ। ਉਹ ਕਹਿੰਦਾ ਹੈ ਕਿ ਭਾਵੇਂ ਬੰਦਾ ਬਹਾਦਰ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ ਸੀ ਪਰ ਗੁਰੂ ਜੀ ਨੇ ਜਾਣ ਬੁੱਝ ਕੇ ਉਸਨੂੰ ਪਾਹੁਲ ਨਹੀਂ ਸੀ ਛਕਾਇਆ। ਲੱਗਦਾ ਹੈ ਕਿ ਉਸਨੇ ਭਾਈ ਪਰਮਾਨੰਦ ਦੀ ਕਿਤਾਬ 'ਵੀਰ ਬੈਰਾਗੀ' ਅਤੇ ਸੰਤੋਖ ਸਿੰਘ ਦੇ 'ਸ਼੍ਰੀ ਗੁਰੂ ਪ੍ਰਕਾਸ਼ ਸੂਰਜ ਗ੍ਰੰਥ' ਤੋਂ ਪ੍ਰਭਾਵਤ ਹੋ ਇਹ ਧਾਰਨਾ ਬਣਾਈ ਹੈ। ਅਜਿਹਾ ਕਰਨ ਦੇ ਉਹ ਇਹ ਕਾਰਨ ਦੱਸਦਾ ਹੈ।

(ੳ) ਬੰਦਾ ਮਹਾਰਾਸ਼ਟਰ ਵਿਚ ਪਹਿਲਾਂ ਹੀ ਗੁਰੂ ਦੇ ਤੌਰ ਤੇ ਜਾਣਿਆ ਜਾਂਦਾ ਸੀ ਅਤੇ ਉਸ ਦੇ ਸ਼ਰਧਾਲੂਆਂ ਦੀ ਵੱਡੀ ਗਿਣਤੀ ਸੀ। ਸੋ ਗੁਰੂ ਜੀ ਬੰਦੇ ਦੀ ਸਿੱਖਾਂ ਦੇ ਧਾਰਮਿਕ ਨੇਤਾ ਦੇ ਤੌਰ ਤੇ ਹੋਰ ਪ੍ਰਤਿਸ਼ਠਾ ਨਹੀਂ ਸੀ ਵਧਾਉਣਾ ਚਾਹੁੰਦੇ।

(ਅ) ਬੰਦਾ ਦੁਨਿਆਵੀ ਅਤੇ ਆਤਿਮਕ ਦੋਨੋਂ ਧਰਾਤਲਾਂ ਤੇ ਬੜਾ ਤੇਜ਼ਧਾਰੀ ਸੀ। ਗੁਰੂ ਜੀ ਪਹਿਲਾਂ ਹੀ ਮਸੰਦਾਂ ਦੇ ਕਪਟੀ ਚਾਲਾਂ ਤੋਂ ਵਾਕਫ ਸਨ ਅਤੇ ਉਹ ਨਹੀਂ ਸਨ ਚਾਹੁੰਦੇ ਕਿ ਬੰਦੇ ਵਰਗੇ ਸ਼ਕਤੀਸ਼ਾਲੀ ਵਿਅਕਤੀ ਨੂੰ ਨਵਾਂ ਮਸੰਦ ਬਣਾ ਦਿਆਂ ਅਤੇ

(ੲ) ਬੰਦੇ ਨੂੰ ਜੇਕਰ ਖਾਲਸਾ ਪੰਥ ਵਿਚ ਸ਼ਾਮਿਲ ਕਰ ਲੈਂਦੇ ਤਾਂ ਇਸ ਗੱਲ ਦਾ ਖਤਰਾ ਸੀ ਕਿ ਉਹ ਭਵਿਖ ਵਿਚ ਗੁਰੂ ਬਣ ਬਹਿੰਦਾ। ਬਿਨਾਂ ਖੰਡੇ ਦੀ ਪਾਹੁਲ ਛੱਕਿਆਂ ਖਾਲਸਾ ਪੰਥ ਉਸਨੂੰ ਗੁਰੂ ਦੇ ਤੌਰ ਤੇ ਕਦੇ ਵੀ ਸਵੀਕਾਰ ਨਹੀਂ ਕਰੇਗਾ।

ਡਾ. ਗੁਪਤਾ ਦੁਆਰਾ ਦਿਤੇ ਕਾਰਨ ਅਸਲੀਅਤ ਅਤੇ ਸਚਾਈ ਤੋਂ ਕੋਹਾਂ ਦੂਰ ਨੇ ਤੇ ਕਿਸੇ ਮੋਟੀ ਬੁੱਧੀ ਵਾਲੇ ਪ੍ਰਤੱਖ ਪੱਖਪਾਤੀ ਸੋਚ ਵਾਲੇ ਵਿਅਕਤੀ ਵਲੋਂ ਦਿਤੇ ਵੇਰਵੇ ਤੇ ਅਧਾਰਤ ਹਨ । ਰਤਨ ਸਿੰਘ ਭੰਗੂ ਅਤੇ ਸੰਤੋਖ ਸਿੰਘ ਤਾਂ ਤੱਤ ਖਾਲਸਾ ਵਾਲਿਆਂ ਦਾ ਪੱਖ ਪੂਰਦੇ ਸਨ। ਇਹ ਤੱਤ ਖਾਲਸਾ ਵਾਲੇ ਉਹੀ ਸਨ ਜਿਨ੍ਹਾਂ ਮਲੀਨ ਧੰਨ ਦੌਲਤ ਦੀ ਖਾਤਰ ਬੰਦੇ ਅਤੇ ਗੁਰੂ ਦੋਹਾਂ ਨਾਲ ਗਦਾਰੀ ਕੀਤੀ। ਜੇਕਰ ਗੁਰੂ ਜੀ ਦੇ ਮਨ ਵਿਚ ਉਹ ਸਾਰੇ ਡਰ ਸਨ ਜਿਨ੍ਹਾਂ ਦਾ ਜ਼ਿਕਰ ਡਾ. ਗੁਪਤਾ ਕਰਦਾ ਹੈ ਤਾਂ ਫਿਰ ਗੁਰੂ ਜੀ ਦੀ ਕੀ ਮਜਬੂਰੀ ਸੀ ਜਾਂ ਉਹਨਾਂ ਨੂੰ ਕਿਸ ਨੇ ਮਜਬੂਰ ਕੀਤਾ ਸੀ ਕਿ ਉਹ ਬੰਦੇ ਤੱਕ ਪਹੁੰਚ ਕਰਦੇ ਤੇ ਫਿਰ ਉਸਨੂੰ ਆਪਣਾ ਨਾਇਬ ਥਾਪ ਮਾਖੋਵਾਲ (ਅਨੰਦਪੁਰ ਸਾਹਿਬ) ਨੂੰ ਤੋਰਦੇ। ਜੇਕਰ ਉਹ ਅੰਮ੍ਰਿਤਧਾਰੀ ਨਹੀਂ ਸੀ ਤਾਂ ਖਾਲਸੇ ਨੇ ਕਿਵੇਂ ਉਸਨੂੰ ਆਪਣਾ ਨੇਤਾ ਸਵੀਕਾਰ ਕਰ ਲਿਆ ਅਤੇ ਉਸਦੀ ਅਗਵਾਈ ਹੇਠ ਸਰਹਿੰਦ ਦੀ ਅਤੇ ਕਈ ਹੋਰ ਸਥਾਨਾਂ ਤੇ ਲੜਾਈਆਂ ਲੜੀਆਂ। ਜੇਕਰ ਗੁਰੂ ਜੀ ਨੇ ਜਾਣ ਬੁੱਝ ਕੇ ਇਕ ਅਜਿਹੇ ਸਖਸ਼ ਨੂੰ ਅੰਮ੍ਰਿਤਧਾਰੀ ਸਿੱਖਾਂ ਦੀ ਅਗਵਾਈ ਸੌਂਪੀ ਜੋ ਕਿ ਖੁਦ ਅੰਮ੍ਰਿਤਧਾਰੀ ਨਹੀਂ ਸੀ ਫਿਰ ਤਾਂ ਗੁਰੂ ਜੀ ਦੀ ਦਿਆਨਤਦਾਰੀ ਨੂੰ ਵੀ ਪ੍ਰਸ਼ਨ ਚਿੰਨ ਲਗਦਾ ਹੈ। ਇਹ ਤਾਂ ਧਾਰਮਿਕ ਅਵੱਗਿਆ ਦਾ ਗੁਨਾਹ ਬਣਦਾ ਹੈ। ਗੁਰੂ ਜੀ ਇਕ ਉਚ ਪਾਏ ਦੇ ਇਨਸਾਨ ਤਾਂ ਸਨ ਹੀ ਉਹ ਉਚੀ ਸੁੱਚੀ ਸੂਝ ਦੇ ਵੀ ਮਾਲਿਕ ਸਨ। ਇਹੋ ਜਿਹੇ ਤੁੱਛ ਅਤੇ ਘਟੀਆ ਵਿਚਾਰ ਉਹਨਾਂ ਦੇ ਮਨ ਵਿਚ ਆ ਹੀ ਨਹੀਂ ਸਨ ਸਕਦੇ। ਤੱਤ ਖਾਲਸਾ ਵਾਲਿਆਂ ਨੇ ਦੋਸ਼ਾਲਿਆਂ ਅਤੇ ਜਗੀਰਾਂ ਦੇ ਇਵਜ਼ ਬੰਦੇ ਅਤੇ ਗੁਰੂ ਦੋਹਾਂ ਨਾਲ ਹੀ ਵਿਸਾਹਘਾਤ ਕੀਤਾ। ਆਪਣੇ ਫਰੇਬ, ਗਦਾਰੀ, ਬੇਵਫਾਈ ਅਤੇ ਦੰਭ ਤੇ ਪਰਦਾਪੋਸ਼ੀ ਕਰਨ ਲਈ ਹੀ ਉਹਨਾਂ ਅਜਿਹੇ ਝੂਠ ਘੜੇ। ਮਿਖਾਇਲ ਗੋਰਬਾਚੋਵ ਨੇ ਕਿਹਾ ਹੈ "ਇਤਿਹਾਸ ਇਕ ਮੌਜੀ ਜੀਵ ਹੈ। ਇਸ ਦੀ ਸ਼ਕਲ ਸੂਰਤ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਇਸ ਨੂੰ

ਘੜਿਆ ਕਿਸ ਨੇ ਹੈ।" ਬੰਦੇ ਦੀ ਸ਼ਹਾਦਤ ਤੋਂ ਬਾਅਦ ਤੱਤ ਖਾਲਸਾ ਵਾਲਿਆਂ ਦੀ ਚੜ੍ਹਤ ਹੋ ਗਈ ਸੀ। ਇਸ ਲਈ ਸਿੱਖ ਇਤਿਹਾਸ ਭਾਵੇਂ ਕੇਸਰ ਸਿੰਘ ਛਿੱਬਰ ਨੇ ਲਿਖਿਆ ਜਾਂ ਰਤਨ ਸਿੰਘ ਭੰਗੂ ਨੇ ਉਹੀ ਹੈ ਜੋ ਤੱਤ ਖਾਲਸਾ ਵਾਲੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੱਸਣਾ ਚਾਹੁੰਦੇ ਸਨ ਨਾ ਕਿ ਉਹ ਜੋ ਅਸਲੀਅਤ ਸੀ। ਉਹ ਬੰਦੇ ਦੀ ਚਰਿੱਤਰ ਸਨਾਸ਼ੀ ਕਰਦੇ ਕਰਦੇ ਅਣਜਾਣੇ 'ਚ ਗੁਰੂ ਜੀ ਦੀ ਪ੍ਰਤਿਸ਼ਠਾ ਤੇ ਵੀ ਧੱਬੇ ਲਾ ਗਏ।

ਬਦਕਿਸਮਤੀ ਨਾਲ ਡਾ. ਗੁਪਤਾ ਨੇ ਕੁਝ ਸਮੇਂ ਬਾਅਦ ਹੀ ਆਪਣੇ ਆਪ ਨੂੰ ਆਪਾ ਵਿਰੋਧ ਵਿਚ ਉਲਝਾ ਲਿਆ ਜਦੋਂ ਉਸਨੇ ਆਖਿਆ ਕਿ ਦਿੱਖ ਤੋਂ ਬੰਦਾ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਨਾਲ ਬਹੁਤ ਮਿਲਦਾ ਜੁਲਦਾ ਸੀ ਅਤੇ ਆਪਣੀ ਭਰਵੀਂ ਦਾੜ੍ਹੀ, ਮੁੱਛਾਂ ਅਤੇ ਸਿਰ ਤੇ ਲੰਬੇ ਵਾਲਾਂ ਨਾਲ ਉਹਨਾਂ ਦੇ ਨੈਣ ਨਕਸ਼ ਬਿਲਕੁਲ ਇਕੋ ਜਿਹੇ ਹੀ ਦਿਸਦੇ ਸਨ। ਜੇਕਰ ਬੰਦੇ ਨੇ ਅੰਮ੍ਰਿਤ ਹੀ ਨਹੀਂ ਸੀ ਛਕਿਆ ਤਾਂ ਫਿਰ ਉਸਨੂੰ ਭਰਵੀਂ ਦਾੜ੍ਹੀ ਮੁੱਛਾਂ ਤੇ ਸਿਰ ਤੇ ਲੰਬੇ ਵਾਲ ਰੱਖਣ ਦੀ ਕੀ ਲੋੜ ਸੀ। ਕੇਸ ਪੰਜ ਕਕਾਰਾਂ ਚੋਂ ਇਕ ਨੇ ਤੇ ਇਹਨਾਂ ਨੂੰ ਰੱਖਣ ਦੀ ਬੰਦਸ਼ ਤਾਂ ਅੰਮ੍ਰਿਤਧਾਰੀ ਤੇ ਹੀ ਲਾਗੂ ਸੀ ਆਮ ਸ਼ਰਧਾਲੂ ਤੇ ਨਹੀਂ। ਡਾ. ਗੁਪਤਾ ਨੇ ਇਸ ਸਵੈ ਵਿਰੋਧ ਦਾ ਸਪਸ਼ਟੀਕਰਨ ਕਿਧਰੇ ਵੀ ਨਹੀਂ ਦਿਤਾ। ਡਾ. ਗੁਪਤਾ ਨੇ ਇਹ ਕਿਧਰੇ ਵੀ ਦੱਸਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਜੇਕਰ ਉਹ ਖਾਲਸਾ ਪੰਥ ਵਿਚ ਸ਼ਾਮਿਲ ਹੀ ਨਹੀਂ ਸੀ ਹੋਇਆ ਤਾਂ ਫਿਰ ਉਸਨੂੰ ਪੰਥ ਵਿਚੋਂ ਛੇਕਿਆ ਕਿਵੇਂ ਜਾ ਸਕਦਾ ਸੀ।

ਮੁਗਲ ਦਰਬਾਰ ਵਿਚ ਜੋ ਰਿਕਾਰਡ ਬਣਾਇਆ ਜਾਂਦਾ ਸੀ ਉਹ ਜ਼ਿਆਦਾ ਮਹੱਤਵਪੂਰਨ ਅਤੇ ਭਰੋਸੇਯੋਗ ਹੈ। ਅਖਬਾਰ-ਏ-ਦਰਬਾਰ-ਏ-ਮੁਅੱਲਾ ਵਿਚ ਬੰਦੇ ਨੂੰ 'ਬਾਗੀ ਜੋ ਨਾਨਕ ਪੂਜਾ ਦਾ ਗੁਰੂ ਹੈ' ਲਿਖਿਆ ਗਿਆ ਹੈ। ਕਿਧਰੇ ਵੀ ਉਸਦਾ ਕੋਈ ਹੋਰ ਨਾਂ, ਇਥੋਂ ਤੱਕ ਕਿ ਬੰਦਾ ਵੀ ਨਹੀਂ ਲਿਖਿਆ ਗਿਆ ਹੈ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸਾਰੇ ਗੁਰੂਆਂ ਨੂੰ ਨਾਨਕ ਦਾ ਹੀ ਰੂਪ ਸਮਝਿਆ ਜਾਂਦਾ ਹੈ ਅਤੇ ਸਮਝਿਆ ਜਾਂਦਾ ਸੀ ਅਤੇ ਸਾਰੇ ਸਿੱਖਾਂ ਨੂੰ ਉਸ ਸਮੇਂ ਨਾਨਕ ਪੂਜ ਆਖਿਆ ਜਾਂਦਾ ਸੀ। ਪਰ ਬੰਦੇ ਨੇ ਕਦੇ ਵੀ ਆਪਣੇ ਆਪ ਨੂੰ ਗੁਰੂ ਨਹੀਂ ਸੀ ਆਖਿਆ।

ਪਰ ਬੰਦਾ ਖਾਲਸਾ ਪੰਥ ਵਿਚ ਸ਼ਾਮਿਲ ਹੋਣ ਤੋ ਕਿਉਂ ਹਿਚਕਚਾਉਂਦਾ ਸੀ ? ਇਸ ਦੇ ਕਈ ਕਾਰਨ ਹੋ ਸਕਦੇ ਸਨ। ਸਭ ਤੋਂ ਪਹਿਲਾਂ ਤਾਂ ਇਹ ਕਿ ਕਿਸੇ ਨਵੇਂ ਧਰਮ ਨੂੰ ਅਪਨਾਉਣਾ ਕੋਈ ਸੌਖਾ ਕੰਮ ਨਹੀਂ ਤੇ ਫਿਰ ਉਹ ਵੀ ਸਿੱਖੀ ਜਿਸ ਬਾਰੇ ਕਿਹਾ ਜਾਂਦਾ ਹੈ 'ਸਿੱਖੀ ਖੰਡਿਉ ਤੀਖੀ ਵਾਲੋਂ ਨਿੱਕੀ'। ਇਸ ਦੇ ਨਾਲ ਨਾਲ ਮੁਗਲ ਹਕੂਮਤ ਦੇ ਵਿਰੁੱਧ ਹਥਿਆਰਬੰਦ ਵਿਦਰੋਹ ਦੀ ਅਗਵਾਈ ਵੀ ਕਰਨੀ ਸੀ ਅਤੇ ਇਸ ਕੰਮ ਲਈ ਸੈਨਿਕ, ਯੁੱਧ ਦਾ ਸਾਮਾਨ ਅਤੇ ਪੈਸੇ ਵੀ ਸੀਮਤ ਮਾਤਰਾ ਵਿਚ ਹੀ ਉਪਲਬਧ ਸਨ। ਭਾਵੇਂ ਔਰੰਗਜੇਬ ਦੀ ਮੌਤ ਹੋ ਚੁੱਕੀ ਸੀ ਪਰ ਫਿਰ ਵੀ ਮੁਗਲ ਸਲਤਨਤ ਵਿਚ ਇੰਨੀ ਤਾਕਤ ਤਾਂ ਹੈ ਹੀ ਸੀ ਕਿ ਉਹ ਥੋੜ੍ਹੀ ਗਿਣਤੀ ਵੱਲੋਂ ਕੀਤੇ ਹਥਿਆਰਬੰਦ ਵਿਦਰੋਹ ਨੂੰ ਬੁਰੀ ਤਰ੍ਹਾਂ ਕੁਚਲ ਸਕੇ। ਸ਼ਿਵਾਜੀ ਦੇ ਵੱਡੇ ਪੁੱਤਰ ਸੰਭਾਜੀ ਤੇ ਉਸਦੇ ਮੰਤਰੀ ਕਵੀ ਕਲਾਸ ਨਾਲ ਜੋ ਹੋਣੀ ਬੀਤੀ ਸੀ ਉਹ ਵੀ ਉਸਨੂੰ ਚੰਗੀ ਤਰ੍ਹਾਂ ਯਾਦ ਸੀ। ਮੁਗਲਾਂ ਦੇ ਰਾਜ ਦਾ ਇਹ ਨਿਯਮ ਹੀ ਬਣ ਚੁੱਕਿਆ ਸੀ ਕਿ ਨਾਕਾਮਯਾਬ ਵਿਦਰੋਹਾਂ ਦੇ ਨੇਤਾਵਾਂ ਨੂੰ ਬਹੁਤ ਹੀ ਬੇਰਹਿਮ ਨਿਰਦਈ ਤਰੀਕੇ ਨਾਲ ਮਾਰਿਆ ਜਾਂਦਾ ਸੀ। ਸੋ ਮਾਧੋਦਾਸ ਨੂੰ ਪਤਾ ਸੀ ਕਿ ਜੇਕਰ ਉਸਦੀ ਅਗਵਾਈ ਵਿਚ ਮੁਗਲਾਂ ਵਿਰੁੱਧ

ਕੀਤਾ ਵਿਦਰੋਹ ਨਾਕਾਮਯਾਬ ਰਿਹਾ ਤਾਂ, ਅਜਿਹਾ ਹੋਣਾ ਅਸੰਭਵ ਵੀ ਨਹੀਂ ਸੀ, ਉਸਦਾ ਹਸ਼ਰ ਕੀ ਹੋਵੇਗਾ। ਸੰਭਾਜੀ ਵਾਂਗ ਪਹਿਲਾਂ ਤਾਂ ਉਸਨੂੰ ਵਹਿਸ਼ੀ ਤਸੀਹੇ ਦਿਤੇ ਜਾਣਗੇ, ਫੇਰ ਬੰਦ ਬੰਦ ਕੱਟਕੇ ਉਸਨੂੰ ਤੜਫਾ ਤੜਫਾ ਕੇ ਮਾਰਿਆ ਜਾਵੇਗਾ। ਉਸਦੀ ਲਾਸ਼ ਦੇ ਟੁਕੜੇ ਕੁੱਤਿਆਂ ਅਤੇ ਗਿਰਝਾਂ ਨੂੰ ਖਾਣ ਲਈ ਪਾ ਦਿਤੇ ਜਾਣਗੇ। ਮੁਗਲਾਂ ਵਿਚ ਇਹ ਦਸਤੂਰ ਹੀ ਬਣ ਗਿਆ ਸੀ ਕਿ ਆਪਣੇ ਦੁਸ਼ਮਣ ਪ੍ਰਤੀ ਉਹਨਾਂ ਵਿਚ ਕੋਈ ਰਹਿਮ ਨਹੀਂ ਸੀ, ਇਹ ਦੁਸ਼ਮਣ ਭਾਵੇਂ ਉਹਨਾਂ ਦੀ ਆਪਣੀ ਹੀ ਔਲਾਦ ਕਿਉਂ ਨਾ ਹੋਵੇ।

ਦੂਸਰੇ ਨਾ ਤਾਂ ਉਸਨੂੰ ਪੰਜਾਬ ਨਾਲ ਕੋਈ ਲਗਾਉ ਸੀ ਤੇ ਨਾ ਹੀ ਉਹ ਪੰਜਾਬ ਵਿਚ ਕਿਸੇ ਨੂੰ ਜਾਣਦਾ ਸੀ। ਜਿਹੜੇ ਲੋਕਾਂ ਦਾ ਉਸਦੇ ਜੀਵਨ ਨਾਲ ਕੋਈ ਸਰੋਕਾਰ ਹੀ ਨਹੀਂ ਉਹ ਕਿਉਂ ਉਹਨਾਂ ਲਈ ਆਪਣੀ ਗਰਦਨ ਤੇਗ ਦੀ ਧਾਰ ਤੇ ਧਰੇ। ਕਰੀਬ ਇਕ ਚੌਥਾਈ ਸਦੀ ਤੋਂ ਉਹ ਗੋਦਾਵਰੀ ਵਾਦੀ 'ਚ ਸੀ ਤੇ ਮਰਾਠਿਆਂ ਵਿਚ ਹੀ ਉਸਨੇ ਆਪਣੀ ਜ਼ਿੰਦਗੀ ਦਾ ਇਹ ਸਮਾਂ ਗੁਜ਼ਾਰਿਆ ਸੀ ਤੇ ਉਹਨਾਂ ਦੀ ਹੀ ਬੋਲੀ ਉਹ ਬੋਲਦਾ ਸੀ। ਹੁਣ ਤਾਂ ਉਹ ਪੰਜਾਬੀ ਚੰਗੀ ਤਰ੍ਹਾਂ ਬੋਲ ਵੀ ਨਹੀਂ ਸੀ ਸਕਦਾ।

ਤੀਸਰਾ ਜੇਕਰ ਉਹ ਖਾਲਸਾ ਪੰਥ ਵਿਚ ਸ਼ਾਮਿਲ ਵੀ ਹੋ ਜਾਂਦਾ ਹੈ ਤਾਂ ਇਸ ਜਥੇਬੰਦੀ ਵਿਚ ਉਸਦਾ ਰੁਤਬਾ ਕੀ ਹੋਵੇਗਾ? ਕੀ ਇਕ ਅਜਨਬੀ ਨੂੰ ਉਹ ਦਿਲੋਂ ਸਵੀਕਾਰ ਕਰ ਲੈਣਗੇ? ਜਾਂ ਫਿਰ ਆਪਣਾ ਮੱਤਲਬ ਕੱਢਕੇ ਛਿੱਲੜ ਵਾਂਗ ਵਗਾਹ ਮਾਰਨਗੇ।

ਚੌਥਾ ਜੇਕਰ ਗੁਰੂ ਜੀ ਉਸਨੂੰ ਖਾਲਸੇ ਦੀ ਅਗਵਾਈ ਸੌਂਪ ਵੀ ਦੇਣ ਤਾਂ ਕੀ ਖਾਲਸਾ ਦਿਲੋਂ ਉਸਦੇ ਹੁਕਮ ਦੀ ਪਾਲਣਾ ਕਰੇਗਾ ਜਾਂ ਫਿਰ ਕਿਸੇ ਨਾਜ਼ਕ ਸਮੇਂ ਤੇ ਉਸ ਨਾਲ ਧਰੋਹ ਤਾਂ ਨਹੀਂ ਹੋ ਜਾਵੇਗਾ? ਉਸਨੂੰ ਆਪਣੇ ਨਿੱਜੀ ਤਜਰਬੇ ਤੋਂ ਗਿਆਨ ਸੀ ਕਿ ਭਿਆਨਕ ਸਥਿਤੀ ਸਾਹਮਣੇ ਆਉਣ ਤੇ ਸਰੇਸ਼ਟ ਫੌਜਾਂ ਵਿਚੋਂ ਵੀ ਬਹੁਤ ਸਾਰੇ ਲੋਕ ਭਗੌੜੇ ਹੋ ਜਾਂਦੇ ਨੇ। ਉਸਦਾ ਵਿਸ਼ਵਾਸ ਸੀ ਕਿ ਜੋ ਮਰਜ਼ੀ ਡੀਂਗਾਂ ਮਾਰੀ ਜਾਣ ਜਾਂ ਦਾਅਵੇ ਕਰੀ ਜਾਣ ਖਾਲਸਾ ਵੀ ਹੋਰਨਾਂ ਵਾਂਗ ਹੀ ਵਿਹਾਰ ਕਰੇਗਾ। ਹਰ ਇਲਾਕੇ ਤੇ ਹਰ ਪੌਣ ਪਾਣੀ ਵਿਚ ਮਨੁੱਖੀ ਸੁਭਾਅ ਇਕੋ ਜਿਹਾ ਹੀ ਹੁੰਦਾ ਹੈ। ਉਸਨੂੰ ਪਤਾ ਸੀ ਕਿ ਸ਼ਿਵਾਜੀ ਦੀ ਮੌਤ ਤੋਂ ਬਾਅਦ ਮਰਾਠਾ ਸਲਤਨਤ ਦਾ ਕੀ ਹੋਇਆ ਸੀ। ਸ਼ਿਵਾਜੀ ਦੇ ਸਿਰਤੋੜ ਯਤਨਾਂ ਨਾਲ ਬਣਾਇਆ ਏਕਾਤਮਕ ਰਾਜ ਖੇਰੂ ਖੇਰੂ ਹੋ ਗਿਆ ਸੀ ਅਤੇ ਹਿੰਦੂ ਰਾਜ ਦਾ ਸੁਪਨਾ ਪਲ ਵਿਚ ਹੀ ਢਹਿ ਢੇਰੀ ਹੋ ਗਿਆ ਸੀ। ਆਪਣੇ ਨਜ਼ਦੀਕੀ ਰਿਸ਼ਤੇਦਾਰ ਭੀ ਸਾਥ ਛੱਡ ਕੇ ਮੁਗਲਾਂ ਨਾਲ ਜਾ ਮਿਲੇ ਸਨ। ਕੀ ਸਿੱਖ ਭੀ ਅਜਿਹਾ ਨਾ ਕਰਨਗੇ ? ਇਹ ਇਕ ਬਹੁਤ ਵੱਡਾ ਸਵਾਲ ਉਸਦੇ ਸਾਹਮਣੇ ਸੀ।

ਅਜਿਹੇ ਕੁਝ ਸਵਾਲ ਸਨ ਜੋ ਮਾਧੋਦਾਸ ਨੇ ਗੁਰੂ ਜੀ ਨੂੰ ਕੀਤੇ। ਗੁਰੂ ਜੀ ਨੇ ਵੀ ਇਹਨਾਂ ਮਸਲਿਆਂ ਦੀ ਗੰਭੀਰਤਾ ਨੂੰ ਸਵੀਕਾਰਿਆ ਅਤੇ ਕਿਹਾ ਕਿ ਇਹਨਾਂ ਨੂੰ ਬੈਰਾਗੀ ਦੀ ਤਸੱਲੀ ਅਨੁਸਾਰ ਸੁਲਝਾਉਣਾ ਜ਼ਰੂਰੀ ਹੈ ਤਾਂ ਹੀ ਮਾਧੋਦਾਸ ਨੂੰ ਪੰਥ ਵਿਚ ਸ਼ਾਮਿਲ ਕਰਨ ਲਈ ਮਨਾਇਆ ਜਾ ਸਕਦਾ ਹੈ। ਗੁਰੂ ਜੀ ਨੇ ਇਹ ਮਸਲਾ ਲੰਬੇ ਸਮੇਂ ਤੋਂ ਉਹਨਾਂ ਦੇ ਸੰਗੀ ਰਹੇ ਵਿਸ਼ਵਾਸਯੋਗ ਸਾਥੀਆਂ ਜਿਵੇਂ ਕਿ ਬਾਬਾ ਬਿਨੋਦ ਸਿੰਘ, ਬਾਜ ਸਿੰਘ ਅਤੇ ਕਾਹਨ ਸਿੰਘ ਆਦਿ ਨਾਲ ਵਿਚਾਰਿਆ ਤਾਂ ਜੋ ਸਾਰਿਆਂ ਦੀ ਸਹਿਮਤੀ ਵਾਲਾ ਕੋਈ ਰਾਹ ਨਿਕਲ ਆਵੇ।

ਬੈਰਾਗੀ ਦੇ ਗੁਰੀਲੇ ਯੁੱਧ ਦੇ ਤਜਰਬੇ ਦੇ ਵਾਧੂ ਗੁਣ ਕਾਰਨ ਇਹ ਉਸਨੂੰ ਫੌਜੀ ਅਗਵਾਈ

ਦੇਣ ਲਈ ਤਾਂ ਤਿਆਰ ਸਨ ਪਰ ਉਹ ਇਸ ਗੱਲ ਲਈ ਕਤੱਈ ਤਿਆਰ ਨਹੀਂ ਸਨ ਕਿ ਉਸਨੂੰ ਗੁਰੂ ਜੀ ਦਾ ਉਤਰ ਅਧਿਕਾਰੀ ਥਾਪਿਆ ਜਾਵੇ। ਉਹਨਾਂ ਨੂੰ ਪਤਾ ਸੀ ਕਿ ਜੇਕਰ ਧਾਰਮਿਕ ਲੀਡਰਸ਼ਿਪ ਦਾ ਫੈਸਲਾ ਵੀ ਬਾਕੀ ਮਸਲੇ ਨਾਲ ਹੀ ਨਾ ਨਬੇੜਿਆ ਗਿਆ ਤਾਂ ਹੋ ਸਕਦਾ ਹੈ ਕਿ ਗੁਰੂ ਜੀ ਦੀ ਮੌਤ ਬਾਅਦ ਬੈਰਾਗੀ ਆਪਣੇ ਆਪ ਨੂੰ ਸਿੱਖਾਂ ਦਾ ਗੁਰੂ ਹੋਣ ਦਾ ਐਲਾਨ ਕਰ ਦੇਵੇ। ਉਹਨਾਂ ਦਾ ਇਹ ਕਹਿਣਾ ਬਿਲਕੁਲ ਵਾਜਬ ਸੀ ਕਿ ਮਾਧੋਦਾਸ ਸਿੱਖ ਇਤਿਹਾਸ, ਸਿੱਖ ਫਿਲਾਸਫੀ ਅਤੇ ਸਿੱਖ ਧਰਮ ਦੀਆਂ ਵਿਸ਼ੇਸ਼ਤਾਵਾਂ ਦਾ ਚੰਗਾ ਗਿਆਤਾ ਨਾ ਹੋਣ ਕਾਰਨ ਸਿੱਖ ਗੁਰੂ ਬਣਨ ਦੇ ਯੋਗ ਨਹੀਂ। ਪਰ ਅੰਦਰੋ ਅੰਦਰੀ ਇਹਨਾਂ ਬਾਬਿਆਂ ਨੂੰ ਡਰ ਸੀ ਕਿ ਜੇਕਰ ਪੰਥ ਦੀ ਅਗਵਾਈ ਇਕ ਵਾਰੀ ਉਹਨਾਂ ਦੇ ਹੱਥੋਂ ਨਿਕਲ ਗਈ ਤਾਂ ਇਸ ਧਰਮ ਚੋਂ ਖੱਤਰੀਆਂ ਦੀ ਚੌਧਰ ਹਮੇਸ਼ਾਂ ਲਈ ਹੀ ਖਤਮ ਹੋ ਸਕਦੀ ਹੈ।

ਆਖਿਰ ਨੂੰ ਗੁਰੂ ਜੀ ਨੇ ਫੈਸਲਾ ਕੀਤਾ ਕਿ ਉਹਨਾਂ ਤੋਂ ਬਾਅਦ ਖਾਲਸਾ ਪੰਥ ਦੀ ਅਗਵਾਈ ਲਈ ਕੋਈ ਦੇਹਧਾਰੀ ਗੁਰੂ ਨਹੀਂ ਹੋਵੇਗਾ। ਗੁਰੂ ਜੀ ਨੇ ਹੁਕਮ ਕੀਤਾ ਕਿ ਹੁਣ ਮੈਂ ਆਪਣੀ ਸਾਰੀ ਸਰੀਰਕ ਸ਼ਕਤੀ ਖਾਲਸਾ ਪੰਥ ਨੂੰ ਅਤੇ ਅਧਿਆਤਮਿਕ ਸ਼ਕਤੀ ਗ੍ਰੰਥ ਸਾਹਿਬ ਨੂੰ ਬੱਖਸ਼ਦਾ ਹਾਂ। ਅੱਜ ਤੋਂ ਗੁਰੂ ਖਾਲਸਾ ਪੰਥ ਹੈ। ਮੈਕਾਲਿਫ ਵਿਸਤਾਰ ਵਿਚ ਦੱਸਦਾ ਹੈ ਕਿ ਗੁਰਗੱਦੀ ਕਿਵੇਂ ਗ੍ਰੰਥ ਸਾਹਿਬ ਨੂੰ ਸੌਂਪੀ ਗਈ।

"ਗੁਰੂ ਜੀ ਨੇ ਰੇਸ਼ਮੀ ਕਮਰ ਕੱਸਾ ਬੰਨਿਆ, ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਤੇ ਮੋਢੇ ਤੇ ਕਮਾਣ ਟੰਗੀ ਅਤੇ ਹੱਥ ਵਿਚ ਬੰਦੂਕ ਪਕੜੀ। ਉਹਨਾਂ ਗ੍ਰੰਥ ਸਾਹਿਬ ਸਾਹਮਣੇ ਪੰਜ ਪੈਸੇ ਅਤੇ ਨਾਰੀਅਲ ਰੱਖ ਇਸ ਨੂੰ ਆਪਣਾ ਜਾਨਸ਼ੀਨ ਥਾਪ ਮੱਥਾ ਟੇਕਿਆ ਅਤੇ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਦੇ ਗੁਰੂ ਗ੍ਰੰਥ ਸਾਹਿਬ ਬਣਾ ਦਿਤਾ। ਵਾਹਿਗੁਰੂ ਜੀ ਕਾ ਖਾਲਸਾ ਅਤੇ ਵਾਹਿਗੁਰੂ ਜੀ ਕੀ ਫਤਿਹ ਉਚਾਰਦੇ ਹੋਏ ਉਹਨਾਂ ਪਵਿੱਤਰ ਗ੍ਰੰਥ ਦੀ ਪਰਿਕਰਮਾ ਕੀਤੀ। ਫਿਰ ਆਖਿਆ ਪਿਆਰੇ ਖਾਲਸਾ ਜੀ ਜਿਸਨੇ ਮੇਰੇ ਦਰਸ਼ਨ ਕਰਨੇ ਹੋਣ ਉਹ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰੇ।"

ਇਸ ਤਰ੍ਹਾਂ ਖਾਲਸੇ ਦੀ ਫੌਜੀ ਅਗਵਾਈ ਤਾਂ ਬੈਰਾਗੀ ਨੂੰ ਸੌਂਪੀ ਗਈ ਪਰ ਗੁਰੂ ਗਰੰਥ ਸਾਹਿਬ ਦੀ ਵਿਆਖਿਆ ਅਤੇ ਸਿੱਖ ਧਰਮ ਦੇ ਅਸੂਲਾਂ ਦੀ ਵਿਆਖਿਆ ਦਾ ਅਧਿਕਾਰ ਬਾਬਿਆਂ ਨੂੰ ਸੌਂਪਿਆ ਗਿਆ। ਇਸ ਤਰ੍ਹਾਂ ਦੁਨਿਆਵੀ ਅਤੇ ਅਧਿਆਤਮਕ ਅਧਿਕਾਰ ਖੇਤਰ ਦੀ ਸਪਸ਼ਟ ਵੰਡ ਕਰ ਦਿਤੀ ਗਈ। ਹਰ ਇਕ ਧਿਰ ਨੇ ਆਪੋ ਆਪਣੇ ਖੇਤਰ ਤੀਕਰ ਹੀ ਸੀਮਤ ਰਹਿਣਾ ਸੀ। ਪੰਥ ਵਿਚ ਸ਼ਾਮਿਲ ਹੋਣ ਉਪਰੰਤ ਸੈਨਿਕ ਪੱਖ ਦਾ ਸਭ ਤੋਂ ਪ੍ਰਮੁੱਖ ਕਮਾਂਡਰ ਬੈਰਾਗੀ ਨੇ ਹੋਣਾ ਸੀ ਅਤੇ ਸਾਰੇ ਫੈਸਲੇ ਉਸਨੇ ਆਪਣੇ ਤਜਰਬੇ ਅਤੇ ਸਿਆਣਪ ਅਨੁਸਾਰ ਕਰਨੇ ਸਨ। ਸਾਰਾ ਖਾਲਸਾ ਪੰਥ, ਬਿਨਾ ਕਿਸੇ ਹੀਲ ਹੁਜਤ ਦੇ, ਇਹਨਾਂ ਫੈਸਲਿਆਂ ਨੂੰ ਮੰਨਣ ਤੇ ਤਹਿ ਦਿਲੋਂ ਲਾਗੂ ਕਰਨ ਲਈ ਪਾਬੰਦ ਸੀ। ਬਾਬਿਆਂ ਨੇ ਯਕੀਨ ਦੁਆਇਆ ਕਿ ਉਹ ਤਨੋਂ ਮਨੋਂ ਬੈਰਾਗੀ ਨੂੰ ਪੂਰਾ ਸਹਿਯੋਗ ਅਤੇ ਹਮਾਇਤ ਦੇਣਗੇ ਬਸ਼ਰਤੇ ਕਿ ਦੂਰਰਸੀ ਪ੍ਰਬੰਧਕੀ ਅਤੇ ਰਾਜਸੀ ਮਾਮਲਿਆਂ ਤੇ ਉਹਨਾਂ ਨੂੰ ਵੀ ਭਰੋਸੇ ਵਿਚ ਲਿਆ ਜਾਵੇ। ਇਹ ਕੋਈ ਵੱਡੀ ਸ਼ਰਤ ਨਹੀਂ ਸੀ।

ਦੁਨਿਆਵੀ ਮਾਮਲਿਆਂ ਵਿਚ ਉਸਦੀ ਪ੍ਰਮੁੱਖਤਾ ਦਾ ਭਰੋਸਾ ਮਿਲਣ ਪਿੱਛੋਂ ਬੈਰਾਗੀ ਨੇ ਮਹਿਸੂਸ ਕੀਤਾ ਕਿ ਉਸਨੂੰ ਉਚਿਤ ਸਥਾਨ ਮਿਲ ਗਿਆ ਹੈ ਸੋ ਉਸਨੇ ਨਵਾਂ ਧਰਮ

ਅਪਣਾ ਲਿਆ। ਵਿਧੀ ਪੂਰਵਕ ਉਸਨੂੰ ਅੰਮ੍ਰਿਤ ਪਾਨ ਕਰਵਾ ਕੇ ਨਵਾਂ ਨਾਂ ਗੁਰਬਖਸ਼ ਸਿੰਘ ਦਿਤਾ ਗਿਆ। ਇਹ ਰਸਮ 5 ਅਕਤੂਬਰ 1708 ਨੂੰ ਦੁਸਿਹਰੇ ਦੇ ਦਿਨ ਨਿਭਾਈ ਗਈ।

ਪਰ ਡਾ. ਹਰੀ ਰਾਮ ਗੁਪਤਾ ਦਾ ਕੁਝ ਹੋਰ ਹੀ ਕਹਿਣਾ ਹੈ । ਉਹ ਕਹਿੰਦਾ ਹੈ ਕਿ ਗੁਰੂ ਜੀ ਦੀ ਪ੍ਰਭਾਵਸ਼ਾਲੀ ਤਕਰੀਰ ਤੋਂ ਹੀ ਪ੍ਰਭਾਵਤ ਹੋਇਆ ਬੰਦਾ ਗੁਰੂ ਸਾਹਿਬ ਦੇ ਨੇੜੇ ਹੋਇਆ ਤੇ ਗੁਰੂ ਜੀ ਦੇ ਪੰਜਾਬ ਵਿਚ ਅਧੂਰੇ ਪਏ ਕਾਰਜ ਨੂੰ ਅੱਗੇ ਵਧਾਉਣ ਦਾ ਜਿੰਮਾ ਆਪਣੇ ਮੋਢਿਆਂ ਤੇ ਚੁੱਕਣ ਲਈ ਤਿਆਰ ਹੋਇਆ। ਗੁਰੂ ਜੀ ਦੀ ਉਹ ਤਕਰੀਰ ਜਿਸਨੇ ਬੰਦੇ ਨੂੰ ਧੁਰ ਅੰਦਰ ਤੱਕ ਝੰਜੋੜਿਆ ਬਾਰੇ ਉਹ ਇਉਂ ਦੱਸਦਾ ਹੈ "ਜਿਹੜਾ ਤਾਕਤ ਦੇ ਹੁੰਦਿਆਂ ਵੀ ਤੇਰੇ ਵਾਂਗੂੰ ਦੁਨੀਆਂ ਨੂੰ ਛੱਡ ਬੈਠੇ ਉਸਨੂੰ ਧਰਮਾਤਮਾ ਨਹੀਂ ਆਖਿਆ ਜਾ ਸਕਦਾ । ਤੇਰੇ ਮੁਲਕ ਵਾਸੀਆਂ ਦੀ ਜਿੰਦ-ਜਾਨ, ਮਾਲ-ਸਬਾਬ ਅਤੇ ਮਾਣ-ਇੱਜ਼ਤ ਸੁਰੱਖਿਅਤ ਨਹੀਂ ਹੈ। ਭੋਲੀ ਭਾਲੀ ਜਨਤਾ ਦਾ ਕਤਲ ਕੀਤਾ ਜਾ ਰਿਹਾ ਹੈ। ਲੋਕਾਂ ਨੂੰ ਉਹਨਾਂ ਦੀ ਇੱਛਾ ਦੇ ਵਿਰੁੱਧ ਇਸਲਾਮ ਧਰਮ ਵਿਚ ਸ਼ਾਮਿਲ ਕੀਤਾ ਜਾ ਰਿਹਾ ਹੈ । ਔਰਤਾਂ ਨੂੰ ਜਬਰੀ ਖੋਹ ਕੇ ਉਹਨਾਂ ਨਾਲ ਜ਼ਬਰਦਸਤੀ ਕੀਤੀ ਜਾਂਦੀ ਹੈ। ਮਾਸੂਮ ਬੱਚਿਆਂ ਨੂੰ ਕਤਲ ਕੀਤਾ ਜਾ ਰਿਹਾ ਹੈ। ਲੋਕਾਂ ਨੂੰ ਬੋਲਣ ਦੀ, ਸੋਚਣ ਦੀ ਅਤੇ ਅਕੀਦੇ ਦੀ ਕੋਈ ਅਜ਼ਾਦੀ ਨਹੀਂ ਹੈ। ਮਹਾਰਾਸ਼ਟਰ ਵਿਚ ਦੇਸ਼ ਦੀ ਅਤੇ ਜਨਤਾ ਦੀ ਬਰਬਾਦੀ ਨੂੰ ਆਪਣੀਆਂ ਅੱਖਾਂ ਨਾਲ ਵੇਖ ਸਕਦਾ ਹੈ। ਉਤਰ ਵਿਚ ਰਾਜਪੂਤਾਂ ਦਾ ਵਿਰੋਧ ਖਤਮ ਕਰ ਦਿਤਾ ਗਿਆ ਹੈ। ਮੱਥਰਾ ਦੇ ਜੱਟਾਂ ਨੂੰ ਕੁਚਲ ਦਿਤਾ ਗਿਆ ਹੈ। ਨਾਰਨੌਲ ਦੇ ਸਤਨਾਮੀਆਂ ਦੀ ਹੋਂਦ ਹੀ ਖਤਮ ਕਰ ਦਿਤੀ ਗਈ ਹੈ। ਮੇਰੇ ਸਾਰੇ ਸਪੁੱਤਰ, ਮੇਰੀ ਮਾਂ ਅਤੇ ਮੇਰੇ ਹਜ਼ਾਰਾਂ ਸਿੱਖਾਂ ਦਾ ਕਤਲ ਕਰ ਦਿਤਾ ਗਿਆ ਹੈ। ਤੂੰ ਵੀ ਇਕ ਰਾਜਪੂਤ ਹੈ। ਤਨੋ ਅਤੇ ਮਨੋ ਨੌਜਵਾਨ ਹੈਂ ਅਤੇ ਮਜ਼ਬੂਤ ਰੂਹ ਦਾ ਮਾਲਿਕ ਹੈ। ਜਦੋਂ ਕੌਮ ਚੀਖ ਚੀਖ ਕੇ ਤੈਨੂੰ ਮਦਦ ਲਈ ਪੁਕਾਰ ਰਹੀ ਹੈ ਤਾਂ ਇਕ ਤਿਆਗੀ ਦੀ ਜ਼ਿੰਦਗੀ ਜਿਉਣਾ ਕੀ ਤੈਨੂੰ ਸ਼ੋਭਾ ਦਿੰਦਾ ਹੈ ? ਇਕ ਰਾਜਪੂਤ ਸੂਰਬੀਰ ਦਾ ਲਹੂ ਤੇਰੀਆਂ ਰਗਾਂ 'ਚ ਹੈ। ਇਕ ਧਰਮ ਯੁੱਧ ਦਾ ਐਲਾਨ ਹੋ ਚੁੱਕਾ ਹੈ। ਨਗਾਰੇ ਤੇ ਚੋਟ ਲੱਗ ਚੁੱਕੀ ਹੈ। ਅਜਿਹੇ ਸਮੇਂ ਤੇਰੇ ਵਰਗੇ ਮਨੁੱਖਾਂ ਲਈ ਅਰਾਮ ਨਾਲ ਬੈਠੇ ਰਹਿਣਾ ਵਾਜਿਬ ਨਹੀਂ ਹੈ। ਉਹ ਵੱਡੇ ਧਰਮਾਤਮਾ, ਦੁਨੀਆਂ ਦਾ ਅਜਿਹਾ ਕੋਈ ਕੋਨਾ ਨਹੀਂ ਹੈ ਜਿਥੇ ਮੌਤ ਦੀ ਰਸਾਈ ਨਾ ਹੋਵੇ। ਅਜਿਹੀ ਕੋਈ ਢਾਲ ਨਹੀਂ ਬਣੀ ਜਿਹੜੀ ਮੌਤ ਦੇ ਹਮਲੇ ਨੂੰ ਡੱਕ ਲਵੇ। ਮੌਤ ਤਾਂ ਨਿਸ਼ਚਿਤ ਹੈ। ਇਸ ਤੋਂ ਬਚਿਆ ਨਹੀਂ ਜਾ ਸਕਦਾ। ਸਚਾਈ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ। ਸਾਨੂੰ ਸੂਰਬੀਰ ਦੀ ਜ਼ਿੰਦਗੀ ਜਿਊਣਾ ਅਤੇ ਸੂਰਬੀਰ ਦੀ ਮੌਤ ਮਰਨਾ ਸਿੱਖਣਾ ਚਾਹੀਦਾ ਹੈ।

ਮੇਰੇ ਪਿਆਰੇ ਬਹਾਦਰ ਰਾਜਪੂਤ ਇਹ ਤਿਆਗੀ ਦਾ ਚੋਲਾ ਲਾਹ ਕੇ ਰਾਜਪੂਤ ਸੂਰਬੀਰ ਦੇ ਵਸਤਰ ਧਾਰਨ ਕਰ। ਆਪਣੇ ਪਿੰਡੇ ਤੋਂ ਭਬੂਤੀ ਉਤਾਰ ਕੇ ਇਸ ਤੇ ਸ਼ਸ਼ਤਰ ਸਜਾ। ਤੇਰੇ ਵਿਚ ਬਹੁਤ ਕਸ਼ਿਸ਼ ਹੈ ਇਸੇ ਲਈ ਹਜ਼ਾਰਾਂ ਮਨੁੱਖ ਤੇਰੇ ਸ਼ਰਧਾਲੂ ਨੇ । ਤੇਰੇ ਵਿਚ ਇਕ ਯੋਧੇ ਦੀ ਯੋਗਤਾ ਅਤੇ ਇਕ ਦੈਂਤ ਦੀ ਸੱਮਰਥਾ ਹੈ। ਤੈਨੂੰ ਜਨਮ ਦੇਣ ਵਾਲੀ ਧਰਤੀ ਜੰਜੀਰਾਂ 'ਚ ਜਕੜੀ ਪਈ ਹੈ। ਜਿਸ ਮਾਂ ਨੇ ਤੇਰਾ ਪਾਲਣ-ਪੋਸਣ ਕੀਤਾ ਹੈ ਉਸਦੀਆਂ ਜੰਜੀਰਾਂ ਤੋੜ ਸੁਟ। ਇਸੇ ਵਿਚ ਹੀ ਤੇਰੀ ਤੇ ਤੇਰੇ ਦੇਸ਼ ਦੀ ਭਲਾਈ ਹੈ।"

ਨਵਾਂ ਧਰਮ ਧਾਰਨ ਕਰਨ ਉਪਰੰਤ ਵੀ ਬੈਰਾਗੀ ਨੇ ਆਪਣੇ ਪਿਛੋਕੜ ਨਾਲੋਂ ਪੂਰੀ ਤਰਾਂ ਤੋੜ ਵਿਛੋੜਾ ਨਹੀਂ ਸੀ ਕੀਤਾ। ਉਸ ਨੇ ਤਾਂਤਰਿਕ ਅਤੇ ਯੋਗ ਦਾ ਅਭਿਆਸ ਜਾਰੀ

ਰੱਖਿਆ। ਮਰਾਠਿਆਂ ਵਾਲੀ ਚਿਟੇ ਤੇ ਲਾਲ ਰੰਗ ਦੀ ਵਰਦੀ ਨੂੰ ਉਹ ਹਾਲੇ ਵੀ ਤਰਜੀਹ ਦਿੰਦਾ ਸੀ । ਪ੍ਰਤੱਖ ਤੌਰ ਤੇ ਉਹ ਸਿੱਖ ਧਰਮ ਜਾਂ ਸਿੱਖ ਫਿਲਾਸਫੀ ਤੋਂ ਬਹੁਤਾ ਪ੍ਰਭਾਵਤ ਨਹੀਂ ਸੀ। ਗੁਰੂ ਜੀ ਦੇ ਦੋ ਮਾਸੂਮ ਸਾਹਿਬਜ਼ਾਦਿਆਂ ਦੇ ਨਿਰਦਈ ਕਤਲ ਨਾਲ ਮੁਗਲ ਹਕੂਮਤ ਦਾ ਜਬਰ ਚਰਮ ਸੀਮਾ ਤੇ ਪਹੁੰਚ ਗਿਆ ਸੀ। ਇਸ ਲਈ ਇਸ ਜਾਬਰ ਹਕੂਮਤ ਦਾ ਖਾਤਮਾ ਜਰੂਰੀ ਹੋ ਗਿਆ ਸੀ। ਮੁਗਲ ਹਕੂਮਤ ਨੂੰ ਖਤਮ ਕਰਨ ਦੇ ਮਨਸੂਬੇ ਨੂੰ ਪੂਰਾ ਕਰਨ ਦੇ ਮੌਕੇ ਨੇ ਬੰਦਾ ਬਹਾਦਰ ਨੂੰ ਖਾਲਸਾ ਪੰਥ ਵਿਚ ਸ਼ਾਮਲ ਹੋਣ ਲਈ ਜ਼ਿਆਦਾ ਪ੍ਰਭਾਵਤ ਕੀਤਾ ਸੀ। ਜਿਸ ਗੈਰ ਮਨੁੱਖੀ, ਜਾਂਗਲੀ ਤੇ ਵਹਿਸ਼ੀ ਤਰੀਕੇ ਨਾਲ ਗੁਰੂ ਜੀ ਦੇ ਮਾਸੂਮਾਂ ਨੂੰ ਹਲਾਲ ਕੀਤਾ ਗਿਆ ਸੀ ਉਸਨੂੰ ਸੁਣ ਕੇ ਉਸਦਾ ਖੂਨ ਖੌਲ ਗਿਆ ਅਤੇ ਉਸਦਾ ਹਿਰਦਾ ਵਲੂੰਧਰਿਆ ਗਿਆ ਸੀ। ਉਸਨੇ ਆਪਣੀ ਅਰਾਮਦਾਇਕ ਜਿੰਦਗੀ ਤੱਜ ਰਾਜਨੀਤਕ ਸ਼ਕਤੀ ਪ੍ਰਾਪਤ ਕਰਨ ਲਈ ਖਾਲਸਾ ਸੰਘਰਸ਼ ਵਿਚ ਸ਼ਾਮਿਲ ਹੋਣ ਦਾ ਫੈਸਲਾ ਕਰ ਲਿਆ। ਉਸ ਸਮੇਂ ਖਾਲਸਾ ਪੰਥ ਦੀ ਉਮਰ 10 ਸਾਲ ਤੋਂ ਵੀ ਘੱਟ ਸੀ। ਇਸ ਲਈ ਉਸਦੀ ਰਹਿਤ ਮਰਿਆਦਾ ਨੇ ਹਾਲੇ ਠੋਸ ਰੂਪ ਤੇ ਕਰੜਾ ਰੁਖ ਨਹੀਂ ਸੀ ਧਾਰਿਆ, ਜਿਹੋ ਜਿਹਾ ਕਿ ਅਸੀਂ ਚੋਪਾ ਸਿੰਘ ਤੇ ਹੋਰਾਂ ਦੇ ਰਹਿਤ ਨਾਮਿਆਂ 'ਚ ਵੇਖਦੇ ਹਾਂ। ਰਹਿਤ ਮਰਿਆਦਾ ਦੇ ਠੋਸ ਰੂਪ ਵੱਡੇ ਅਤੇ ਚੰਗੇ ਹਿਤਾਂ ਨੂੰ ਮੁੱਖ ਰੱਖ ਕੇ ਅੱਖੋਂ ਪਰੋਖੇ ਕਰ ਦਿਤੇ ਸਨ। ਰਹਿਤ ਮਰਿਆਦਾ ਸਬੰਧੀ ਇਸ ਪਹੁੰਚ ਨੇ ਵੀ ਬੈਰਾਗੀ ਦੀ ਖਾਲਸਾ ਪੰਥ ਨਾਲ ਪੂਰਨ ਰੂਪ ਵਿਚ ਜੁੜਨ ਵਿਚ ਮੱਦਦ ਕੀਤੀ।

ਸਿੱਖਾਂ ਦਾ ਇਕ ਬਿੰਬ ਜੋ ਆਮ ਜਨਤਾ ਦੇ ਤਸੱਵਰ ਵਿਚ ਹੈ ਉਹ ਅਠਾਰਵੀਂ ਸਦੀ ਦੇ ਆਖਰ ਵਿਚ ਹੀ ਚਿਤਵਿਆ ਗਿਆ ਸੀ। ਡਬਲਯੂ ਐਚ ਮੈਕਲਿਉਡ (ਸਿੱਖ ਕੌਣ) ਲਿਖਦਾ ਹੈ "ਅਠਾਰਵੀਂ ਸਦੀ ਦੇ ਪਿਛਲੇਰੇ ਸਮੇਂ 'ਚ ਜਦੋਂ ਸਿੱਖਾਂ ਨਾਲ ਵਾਹ ਪਿਆ ਤਾਂ ਉਹ ਪ੍ਰਭਾਵਸ਼ਾਲੀ ਸੈਨਿਕ ਸਨ ਤੇ ਘੋੜ ਸਵਾਰੀ ਵਿਚ ਉਹਨਾਂ ਨੂੰ ਮੁਹਾਰਤ ਸੀ। ਸਿੱਖ ਭਾਵੇਂ ਆਪਣੇ ਧਰਮ ਵਿਚ ਸਾਰੀਆਂ ਜਾਤਾਂ ਚੋਂ ਲੋਕਾਂ ਨੂੰ ਸ਼ਾਮਲ ਕਰ ਲੈਂਦੇ ਸਨ ਪਰ ਉਹਨਾਂ ਵਿਚ ਜ਼ਿਆਦਾਤਰ ਜੱਟ ਸਨ ਅਤੇ ਮੁਸਲਮਾਨ ਬਹੁਤ ਘੱਟ (ਉਹ ਵੀ ਉਹ ਜਿਨ੍ਹਾਂ ਨੂੰ ਜਬਰਦਸਤੀ ਧਰਮ ਪਰਿਵਰਤਨ ਕਰਵਾਇਆ ਗਿਆ ਸੀ)। ਸਿੱਖੀ ਵਿਚ ਸ਼ਾਮਲ ਹੋਣ ਦੀ ਰਸਮ ਤੋਂ ਬਾਅਦ ਉਹ ਕੇਸ ਨਹੀਂ ਕੁਤਰਦੇ ਸਨ, ਗੁੱਟ ਵਿਚ ਇਕ ਲੋਹੇ ਦੀ ਚੂੜੀ ਪਹਿਨਦੇ ਸਨ, ਅਤੇ ਗੂਹੜੇ ਨੀਲੇ ਰੰਗ ਦੇ ਵਸਤਰ ਪਹਿਨਦੇ ਸਨ ਅਤੇ ਸਪਸ਼ਟ ਦਿਸਦੀ ਪੱਗ ਬੰਨਦੇ ਸਨ। ਹੁੱਕਾ ਪੀਣ ਦੀ ਸਖਤ ਮਨਾਹੀ ਸੀ ਪਰ ਸ਼ਰਾਬ, ਅਫੀਮ ਅਤੇ ਭੰਗ ਦੀ ਆਮ ਵਰਤੋਂ ਤੇ ਕੋਈ ਪਾਬੰਦੀ ਨਹੀਂ ਸੀ। ਉਹ ਮੀਟ ਖਾਂਦੇ ਸਨ ਪਰ ਹਿੰਦੂ ਪਿਛੋਕੜ ਕਰਕੇ ਗਊ ਦੇ ਮੀਟ ਨੂੰ ਹੱਥ ਵੀ ਨਹੀਂ ਲਾਉਂਦੇ ਸਨ।" ਅਠਾਰਵੀਂ ਸਦੀ ਦੇ ਪਹਿਲੇ ਦਹਾਕੇ ਦੇ ਸਿੱਖਾਂ ਦਾ ਵੀ ਇਹੀ ਬਿੰਬ ਦਰਸਾਉਣਾ ਸਚਾਈ ਤੋਂ ਕੋਹਾਂ ਦੂਰ ਹੈ। ਉਹਨਾਂ ਦਾ ਸਰੂਪ, ਰਹਿਣ ਸਹਿਣ, ਸੋਚਣੀ, ਤੱਕਣੀ ਬਿਲਕੁਲ ਅੱਡ ਸੀ। ਉਹ ਅਜੇ ਹਿੰਦੂ ਪਿਛੋਕੜ ਤੋਂ ਬਹੁਤ ਦੂਰ ਨਹੀਂ ਗਏ ਸਨ।

ਗੁਰੂ ਜੀ ਬਹੁਤ ਸੂਝਵਾਨ ਉਸਤਾਦ ਸਨ ਅਤੇ ਉਹਨਾਂ ਨੇ ਇਸ ਬੈਰਾਗੀ (ਭਗੌੜੇ ਪੇਸ਼ਵਾ) ਨੂੰ ਇਸ ਲਈ ਚੁਣਿਆ ਸੀ ਕਿਉਂਕਿ ਇਸ ਪਾਸ ਗੁਰੀਲਾ ਯੁੱਧ ਦੀ ਅਗਵਾਈ ਕਰਨ ਦਾ ਤਜਰਬਾ ਵੀ ਸੀ ਅਤੇ ਅਜਿਹਾ ਕਰਨ ਦੀ ਯੋਗਤਾ ਅਤੇ ਜੋਸ਼ ਵੀ ਸੀ। ਗੁਰੂ ਜੀ ਨੇ ਪੰਜਾਬ ਵਿਚ ਕਿਰਸਾਨੀ ਵਿਦਰੋਹ ਦੇ ਬੀਜ ਤਾਂ ਕਾਫੀ ਬਿਖੇਰ ਦਿਤੇ ਸਨ ਅਤੇ ਜੱਟਾਂ ਨੂੰ ਕਾਫੀ ਰਿਆਇਤਾਂ ਵੀ ਦਿਤੀਆਂ ਸਨ ਪਰ ਹਾਲੇ ਤੱਕ ਮੁੱਗਲਾਂ ਦੇ ਜ਼ੁਲਮਾਂ ਵਿਰੁੱਧ ਪੂਰਾ ਯੁੱਧ ਸ਼ੁਰੂ

ਨਹੀਂ ਸੀ ਹੋ ਸਕਿਆ। ਹੋ ਭੀ ਨਹੀਂ ਸੀ ਸਕਦਾ ਕਿਉਂਕਿ ਮੁਗਲਾਂ ਦੀ ਸੈਨਿਕ ਸ਼ਕਤੀ ਦੇ ਮੁਕਾਬਲੇ ਦੀ ਸੈਨਿਕ ਸ਼ਕਤੀ ਖੜੀ ਕਰਨਾ ਅਸੰਭਵ ਸੀ। ਦਿੱਲੀ ਵਿਚ ਗੁਰੂ ਤੇਗ ਬਹਾਦਰ ਜੀ ਦੇ ਸੀਸ ਕਲਮ ਕਰਨ ਦੀ ਘਟਨਾ ਅਤੇ ਮਾਸੂਮ ਛੋਟੇ ਸਾਹਿਬਜ਼ਾਦਿਆਂ ਦੇ ਕਤਲ ਨੇ ਸਪਸ਼ਟ ਕਰ ਦਿਤਾ ਸੀ ਕਿ ਮੁਗਲਾਂ ਦਾ ਸ਼ਾਂਤੀਪੂਰਵਕ ਵਿਰੋਧ ਮੂਰਖਮਤੀ ਹੈ। ਸੋ ਇਨ੍ਹਾਂ ਹਾਲਾਤਾਂ ਵਿਚ ਇਕੋ ਇਕ ਰਾਹ ਗੁਰੀਲਾ ਯੁੱਧ ਦਾ ਹੀ ਬਚਦਾ ਸੀ। ਪਰ ਗੁਰੂ ਜੀ ਦੇ ਪੁਰਾਣੇ ਚੇਲਿਆਂ, ਮਿੱਤਰਾਂ ਅਤੇ ਸਾਥੀਆਂ ਵਿਚ ਕੋਈ ਵੀ ਅਜਿਹਾ ਨਹੀਂ ਸੀ ਜਿਸਨੂੰ ਗੁਰੀਲਾ ਯੁੱਧ ਦਾ ਰੱਤੀ ਭਰ ਵੀ ਗਿਆਨ ਜਾਂ ਤਜਰਬਾ ਹੋਵੇ। ਬਾਬਾ ਬਿਨੋਦ ਸਿੰਘ, ਬਾਜ ਸਿੰਘ, ਕਾਹਨ ਸਿੰਘ ਅਤੇ ਉਹਨਾਂ ਦੇ ਸਾਥੀ ਤਕੜੇ ਜੁੱਸਿਆਂ ਵਾਲੇ ਅਤੇ ਤਲਵਾਰ ਦੇ ਧਨੀ ਵੀ ਸਨ ਪਰ ਗੁਰੀਲਾ ਯੁੱਧ ਤਾਂ ਇਕ ਬਿਲਕੁਲ ਹੀ ਵੱਖਰਾ ਕਸਬ ਸੀ ਅਤੇ ਇਸ ਦੀ ਤਕਨੀਕ ਅਤੇ ਬਾਰੀਕੀਆਂ ਉਹਨਾਂ ਹਾਲੇ ਸਿੱਖਣੀਆਂ ਸਨ। ਹਾਲਾਤ ਦੀ ਮਜਬੂਰੀ ਸੀ ਕਿ ਬੰਦੇ ਨੂੰ ਖਾਲਸਾ ਪੰਥ ਵਿਚ ਸ਼ਾਮਲ ਕੀਤਾ ਜਾਵੇ ਭਾਵੇਂ ਕਿ ਉਹ ਇਸ ਵਿਚ ਪੂਰੀ ਤਰਾਂ ਫਿੱਟ ਨਹੀਂ ਬੈਠਦਾ ਸੀ। ਦੂਸਰੇ ਬੰਨੇ ਬੰਦੇ ਨੇ ਵੀ ਖਾਲਸੇ ਵਿਚ ਰੱਚ ਮਿਚ ਜਾਣ ਲਈ ਆਪਣੀ ਪੁਰਾਣੀ ਵਿਚਾਰਧਾਰਾ ਨੂੰ ਕਾਫੀ ਹੱਦ ਤੱਕ ਤਿਆਗ ਦਿਤਾ ਸੀ ਭਾਵੇਂ ਕਿ ਹਾਲੇ ਵੀ ਕੁਝ ਪੁਰਾਣੀਆਂ ਆਦਤਾਂ ਨੇ ਉਸਦਾ ਖਹਿੜਾ ਨਹੀਂ ਸੀਂ ਛੱਡਿਆ।

ਪਰ ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਬਾਕੀ ਬਚੀਆਂ ਆਦਤਾਂ ਨੂੰ ਹੀ ਅਧਾਰ ਬਣਾ ਕੇ ਡਾ. ਹਰੀ ਰਾਮ ਗੁਪਤਾ ਨੇ ਬੰਦੇ ਦਾ ਅੰਮ੍ਰਿਤਧਾਰੀ ਨਾ ਹੋਣ ਦਾ ਗਲਤ ਥੀਸਜ਼ ਘੜ ਧਰਿਆ। ਉਹ ਲਿਖਦਾ ਹੈ :-

1. ਜੇਕਰ ਉਹ ਅੰਮ੍ਰਿਤਧਾਰੀ ਹੁੰਦਾ ਤਾਂ ਉਹ ਗੁਰੂ ਜੀ ਦੇ ਜੈਕਾਰੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ' ਦੀ ਜਗ੍ਹਾ 'ਫਤਿਹ ਦਰਸ਼ਨ 'ਨਾ ਆਖਦਾ।

2. ਜੇ ਉਹ ਖਾਲਸਿਆਂ ਵਿਚ ਪੱਕੇ ਤੌਰ ਤੇ ਜਜ਼ਬ ਹੋ ਗਿਆ ਹੁੰਦਾ ਤਾਂ ਉਸਦੇ ਸ਼ਰਧਾਲੂ ਤੱਤ ਖਾਲਸਾ ਅਤੇ ਬੰਦਈ ਸਿੱਖਾਂ ਵਿਚ ਨਾ ਵੰਡੇ ਹੁੰਦੇ।

3. ਉਸ ਸਮੇਂ ਦਾ ਜਾਂ ਸਮੇਂ ਦੇ ਨੇੜੇ ਤੇੜੇ ਦਾ ਅਜਿਹਾ ਕੋਈ ਸਰੋਤ ਉਪਲਬਧ ਨਹੀਂ ਜੋ ਕਿ ਬੰਦੇ ਦੇ ਅੰਮ੍ਰਿਤ ਛਕਣ ਦੀ ਗਵਾਹੀ ਦਿੰਦਾ ਹੋਵੇ।

4. ਇਸ ਗੱਲ ਦੀ ਪ੍ਰੋੜਤਾ ਕਰਨ ਵਾਲੇ ਸਰੋਤ 100 ਸਾਲ ਜਾਂ ਇਸ ਤੋਂ ਵੀ ਵੱਧ ਸਮਾਂ ਪਿਛੋਂ ਦੇ ਨੇ।

ਇੰਨਾ ਹੀ ਕਹਿਣਾ ਕਾਫੀ ਹੈ ਕਿ ਡਾਕਟਰ ਗੁਪਤਾ ਇਸ ਸਾਰੇ ਮਾਮਲੇ ਨੂੰ ਬੇਲਾਗ ਤੇ ਨਿਰਪੱਖ ਹੋ ਕੇ ਨਹੀਂ ਵੇਖਦਾ। ਉਹ ਮਨੁੱਖੀ ਮੰਨੋਵਿਗਿਆਨ ਦੇ ਇਸ ਸਿਧਾਂਤ ਨੂੰ ਵੀ ਧਿਆਨ ਵਿਚ ਨਹੀਂ ਰੱਖਦਾ ਕਿ ਪ੍ਰਭਾਵ ਗ੍ਰਹਿਣ ਕਰਨ ਦੀ ਉਮਰ ਵਿਚ ਜੋ ਗੱਲਾਂ ਮਨ ਦੀ ਕੋਰੀ ਸਲੇਟ ਤੇ ਗੂੜ੍ਹੀ ਤਰਾਂ ਛੱਪ ਜਾਂਦੀਆਂ ਹਨ ਲੱਖਾਂ ਯਤਨਾਂ ਦੇ ਬਾਵਜੂਦ ਵੀ ਉਨ੍ਹਾਂ ਨੂੰ ਮਿਟਾਇਆ ਨਹੀਂ ਜਾ ਸਕਦਾ। ਭਾਵੇਂ ਬੰਦਾ ਬਹਾਦਰ ਅੰਮ੍ਰਿਤਧਾਰੀ ਸਿੰਘ ਬਣ ਗਿਆ ਸੀ ਪਰ ਉਹ ਆਪਣੀਆਂ ਪੁਰਾਣੀਆਂ ਆਦਤਾਂ ਨੂੰ ਪੂਰੀ ਤਰਾਂ ਤਿਲਾਂਜਲੀ ਨਹੀਂ ਸੀ ਦੇ ਸਕਿਆ। ਜਿਥੋਂ ਤੱਕ ਵੰਡੀਆਂ ਦਾ ਸਵਾਲ ਹੈ ਤਾਂ ਇਥੇ ਪ੍ਰਚਲਤ ਲੋਕ ਉਕਤੀ ਦਾ ਹਵਾਲਾ ਦੇਣਾ ਮੁਨਾਸਿਬ ਰਹੇਗਾ ਕਿ ਜੇਕਰ ਤੁਸੀਂ ਕਿਸੇ ਕੁੱਤੇ ਨੂੰ ਮਾਰਨ ਦੀ ਬਦਨਾਮੀ ਤੋਂ ਬਚਣਾ ਚਾਹੁੰਦੇ ਹੋ ਤਾਂ ਉਸਨੂੰ ਮਾਰਨ ਤੋਂ ਪਹਿਲਾਂ ਹੱਲਕੇ ਹੋਏ ਹੋਣ ਦਾ ਰੌਲਾ ਪਾ ਦਿਉ। ਜਦ ਇਕ ਸ਼ਕਤੀਸ਼ਾਲੀ ਧੜਾ,

ਜਿਸਨੂੰ ਮੌਕੇ ਦੀ ਹਕੂਮਤ ਦੀ ਹਿਮਾਇਤ ਤੇ ਥਾਪੜਾ ਪ੍ਰਾਪਤ ਸੀ, ਮੁੱਖ ਸੰਗਠਨ ਤੋਂ ਵੱਖ ਹੋਇਆ ਤਾਂ ਉਸਨੇ ਆਪਣੀ ਸ਼ਰਮਨਾਕ ਗਦਾਰੀ ਨੂੰ ਛੁਪਾਉਣ ਲਈ ਹਜ਼ਾਰਾਂ ਝੂਠ ਘੜ ਲਏ। ਏਥੇ ਯਾਦ ਕਰਵਾਉਣਾ ਮੁਨਾਸਬ ਰਹੇਗਾ ਕਿ ਜਦੋਂ ਕੁਝ ਜਰਮਨ ਜਰਨੈਲਾਂ ਨੇ ਹਿਟਲਰ ਨੂੰ ਮਾਰਨ ਲਈ ਛੜਯੰਤਰ ਰਚਿਆ ਤਾਂ ਉਹ ਆਪਣੇ ਆਪ ਨੂੰ ਸੱਚੇ ਜਰਮਨ ਦੇਸ਼ ਭਗਤ ਕਹਿੰਦੇ ਸਨ। ਉਂਝ ਭੀ ਕਿਹਾ ਜਾਂਦਾ ਹੈ ਕਿ ਹੁਉਲਵਤਨੀ (ਦੇਸ਼ ਭਗਤੀ) ਹਰ ਬਦਮਾਸ਼ ਲਈ ਇਕੋ ਇਕ ਆਖਰੀ ਸ਼ਰਨ ਹੁੰਦੀ ਹੈ। ਇਸ ਤਰਾਂ ਅਕਸਰ ਵਾਪਰਦਾ ਹੀ ਰਹਿੰਦਾ ਹੈ।

****

ਯੁੱਧ ਦੀ ਵਿਉਂਤ

ਨਿਸ਼ਚਿਤ ਰੂਪ ਚ ਗੁਰੂ ਗੋਬਿੰਦ ਸਿੰਘ ਜੀ ਦੇ ਮਨ ਵਿਚ ਸਰਹਿੰਦ ਦੇ ਸੂਬੇਦਾਰ ਵਜੀਰ ਖਾਨ ਪ੍ਰਤੀ ਤਕੜੀ ਰੰਜਸ਼ ਸੀ। ਪਰ ਇਹ ਉਸ ਦੇ ਮੁਸਲਮਾਨ ਹੋਣ ਕਾਰਣ ਨਹੀਂ ਸੀ। ਗੁਰੂ ਜੀ ਦੇ ਮਨ ਵਿਚ ਇਸਲਾਮ ਧਰਮ ਅਤੇ ਪੈਗੰਬਰ ਸਾਹਿਬ ਪ੍ਰਤੀ ਬਹੁਤ ਸਤਿਕਾਰ ਸੀ। ਗੁਰੂ ਜੀ ਦੇ ਮੁਸਲਮਾਨਾਂ ਵਿਰੋਧੀ ਜਾਂ ਇਸਲਾਮ ਵਿਰੋਧੀ ਹੋਣ ਦੀ ਜੋ ਚਰਚਾ ਆਮ ਤੌਰ ਤੇ ਕਹਾਣੀ ਵਿਚ ਜੋੜੀ ਜਾਂਦੀ ਹੈ ਉਹ ਨਾਸਮਝੀ ਕਾਰਨ ਅਤੇ ਸ਼ੇਖੀ ਖੋਰੀ ਹੈ। ਗੁਰੂ ਜੀ ਤਾਂ ਇਤਨੇ ਫਰਾਖ ਦਿਲ ਅਤੇ ਬਖਸ਼ਿੰਦ ਸਨ ਕਿ ਉਹ ਔਰੰਗਜੇਬ ਵਰਗੇ ਨਾਲ ਵੀ ਸੁਲਹਾ ਸਫਾਈ ਦੇ ਵਿਰੁਧ ਨਹੀਂ ਸਨ, ਭਾਵੇਂ ਔਰੰਗਜੇਬ ਫਰੇਬ, ਧਰੋਹ ਅਤੇ ਪਿੱਠ ਪਿਛੇ ਵਾਰ ਕਰਨ ਵਿਚ ਬਹੁਤ ਬਦਨਾਮ ਸੀ। ਆਪਣੇ ਨਿਸ਼ਾਨੇ ਦੀ ਪੂਰਤੀ ਲਈ ਗੁਰੂ ਜੀ ਔਰੰਗਜੇਬ ਦੇ ਸਭ ਤੋਂ ਵੱਡੇ ਪੁਤਰ ਬਹਾਦਰ ਸ਼ਾਹ ਦੀ ਮੱਦਦ ਕਰਨ ਲਈ ਵੀ ਝੱਟ ਰਾਜੀ ਹੋ ਗਏ ਜੋ ਕਿ ਆਪਣੇ ਭਰਾ ਤਾਰਾ ਆਜ਼ਿਮ ਨਾਲ ਤਖਤ ਪ੍ਰਾਪਤੀ ਦੀ ਲੜਾਈ ਲੜ ਰਿਹਾ ਸੀ। ਗੁਰੂ ਜੀ ਨੂੰ ਪੂਰਾ ਵਿਸ਼ਵਾਸ ਸੀ ਕਿ ਜੇਕਰ ਬਹਾਦਰ ਸ਼ਾਹ ਵਰਗਾ ਦਿਆਲੂ ਤੇ ਨੇਕ ਸ਼ਹਿਜਾਦਾ ਤਖਤ ਤੇ ਬੈਠ ਜਾਵੇਗਾ ਤਾਂ ਗੈਰ-ਮੁਸਲਿਮ ਪਰਜਾ ਦੀਆਂ ਜਾਇਜ਼ ਸ਼ਿਕਾਇਤਾਂ ਦਾ ਤਸੱਲੀਬਖਸ਼ ਨਿਪਟਾਰਾ ਹੋ ਜਾਵੇਗਾ। ਜਿਥੋਂ ਤੱਕ ਗੁਰੂ ਜੀ ਦਾ ਆਪਣਾ ਸਵਾਲ ਸੀ ਉਹਨਾਂ ਨੂੰ ਤਾਂ ਰਾਜ ਦੀ ਸਥਾਪਤੀ ਦੀ ਉਕਾ ਹੀ ਕੋਈ ਤਮੰਨਾ ਨਹੀਂ ਸੀ ਤੇ ਨਾ ਹੀ ਇਸ ਤਰਾਂ ਦਾ ਕੋਈ ਹੋਰ ਝਗੜਾ ਸੀ। ਉਹ ਤਾਂ ਸਿਰਫ ਇਹੀ ਚਾਹੁੰਦੇ ਸਨ ਕਿ ਗੈਰ-ਮੁਸਲਿਮ ਪਰਜਾ ਨਾਲ ਕੋਈ ਜਬਰ ਜ਼ੁਲਮ ਨਾ ਹੋਵੇ ਤੇ ਨਾ ਹੀ ਉਹਨਾਂ ਨਾਲ ਕੋਈ ਭੇਦ-ਭਾਵ ਹੋਵੇ। ਉਹਨਾਂ ਦੇ ਵਿਚਾਰ 'ਚ ਮੁਗਲਾਂ ਨੂੰ ਰਾਜ ਕਰਨ ਦਾ ਤਾ ਜਾਇਜ਼ ਅਧਿਕਾਰ ਸੀ ਪਰ ਗੈਰ-ਮਨੁਖੀ ਅਤੇ ਜਾਲਮਾਨਾਂ ਢੰਗ ਨਾਲ ਨਹੀਂ। ਜੇਕਰ ਉਹ ਆਪਣੇ ਜ਼ੁਲਮ ਅਤੇ ਧਰਮ ਅਧਿਕਾਰਤ ਭੇਦ-ਭਾਵ ਜਾਰੀ ਰਖਦੇ ਹਨ ਤਾਂ ਉਹਨਾਂ ਦੀ ਇਸ ਕਾਰਵਾਈ ਦੀ ਸ਼ਿਕਾਰ ਜਨਤਾ ਨੂੰ ਵੀ ਪੂਰਾ ਅਧਿਕਾਰ ਹੈ ਕਿ ਉਹ ਮੁਗਲਾਂ ਨੂੰ ਤਖਤ ਤੋਂ ਲਾਹ ਮਲੀਆਮੇਟ ਕਰ ਦੇਵੇ। ਆਪਣੀਆਂ ਇਹਨਾਂ ਭਾਵਨਾਵਾਂ ਦਾ ਪ੍ਰਗਟਾਵਾ ਗੁਰੂ ਜੀ ਜਫਰਨਾਮੇ ਵਿਚ ਇਉਂ ਕਰਦੇ ਹਨ :

ਚੁ ਕਾਰ ਅਜ਼ ਹਮਹ ਹੀਲਤੇ ਦਰ ਗਜ਼ਸ਼ਤ।
ਹਲਾਲੱਅਸਤ ਬੁਰਦਨ ਬ ਸ਼ਮਸ਼ੀਰ ਦਸਤ।

ਗੁਰੂ ਜੀ ਸ਼ਸ਼ਤਰਾਂ ਦੀ ਪੂਜਾ ਕਰਦੇ ਸਨ – ਪ੍ਰਿਥਮ ਭਗੌਤੀ ਸਿਮਰਿ ਕੈ – ।

ਭਾਵ ਕਿ ਸਿਰਫ ਤਲਵਾਰ (ਹਥਿਆਰਬੰਦ ਸ਼ਕਤੀ) ਹੀ ਮਨੁੱਖਤਾ ਨੂੰ ਜਾਲਮਾਂ ਤੋਂ ਬਚਾ ਸਕਦੀ ਹੈ। ਪਰ ਫਿਰ ਵੀ ਉਹਨਾਂ ਹਥਿਆਰਾਂ ਦੀ ਵਰਤੋਂ ਨੂੰ ਕੇਵਲ ਉਦੋਂ ਹੀ ਜਾਇਜ਼ ਠਹਿਰਾਇਆ ਜਦੋਂ ਜਾਲਮ ਜਾਇਜ਼ ਅਤੇ ਇਨਸਾਫ ਦੀ ਗੱਲ ਸੁਣਨ ਨੂੰ ਹੀ ਤਿਆਰ ਨਾ ਹੋਵੇ।

ਵਜੀਰ ਖਾਨ ਨੂੰ ਪੂਰਾ ਗਿਆਨ ਸੀ ਕਿ ਇਸਲਾਮ ਪਿਤਾ ਦੇ ਗੁਨਾਹਾਂ ਦੀ ਸਜ਼ਾ ਪੁਤਰ ਨੂੰ ਦੇਣ ਦੀ ਇਜਾਜ਼ਤ ਨਹੀਂ ਦਿੰਦਾ। ਉਸਨੇ ਗੁਰੂ ਜੀ ਦੇ ਮਾਸੂਮ ਪੁੱਤਰਾਂ ਨੂੰ, ਜੋ ਕਿ ਉਸਦੀ ਕੈਦ ਵਿਚ ਸਨ, ਕਤਲ ਕਰਕੇ ਸਪਸ਼ਟ ਰੂਪ ਵਿਚ ਇਸਲਾਮਿਕ ਸ਼ਰਾ ਦੀ ਉਲੰਘਣਾ ਕੀਤੀ ਸੀ। ਸੋ ਵਜੀਰ ਖਾਂਨ ਨੂੰ ਸਜਾ ਮੁਸਲਮਾਨ ਹੋਣ ਕਾਰਨ ਨਹੀਂ ਸਗੋਂ ਇਸ ਬੱਜਰ ਗੁਨਾਹ ਕਾਰਨ ਦੇਣੀ ਬਣਦੀ ਸੀ। ਇਹ ਕਹਿਣਾ, ਜਿਵੇਂ ਮੈਕਾਲਿਫ ਲਿਖਦਾ ਹੈ, ਕਿ ਗੁਰੂ ਜੀ ਨੇ ਮੁਸਲਮਾਨ ਨਗਰਾਂ ਦੀ ਬਰਬਾਦੀ ਦਾ ਹੁਕਮ ਕੀਤਾ ਸੀ, ਇਕ ਬੱਜਰ ਭੁਲ ਹੈ । ਗੁਰੂ ਜੀ, ਜਿਹਨਾਂ ਦੀ ਕਿ ਮੁਸਲਮਾਨ ਸੰਤਾਂ ਅਤੇ ਸਧਾਰਣ ਮੁਸਲਮਾਨਾਂ ਨੇ ਕਈ ਵੇਰਾ ਔਖੇ ਸਮੇਂ ਮੱਦਦ ਕੀਤੀ ਸੀ, ਅਜਿਹਾ ਨਿਰਦਈ ਹੁਕਮ ਕਿਵੇਂ ਦੇ ਸਕਦੇ ਸਨ। ਇਹ ਬਹੁਤ ਅਫਸੋਸਨਾਕ ਹੈ ਕਿ ਅਸੀਂ ਗੁਰੂ ਜੀ ਨੂੰ ਘੋਰ ਮੁਸੀਬਤਾਂ ਵਿਚੋਂ ਕੱਢਣ 'ਚ ਮੁਸਲਮਾਨਾਂ ਦੇ ਪਾਏ ਯੋਗਦਾਨ ਨੂੰ ਅਕਸਰ ਹੀ ਭੁਲ ਜਾਂਦੇ ਹਾਂ। ਅਜਿਹੇ ਸਮਿਆਂ ਵਿਚ ਤਾਂ ਕਈ ਵੇਰਾਂ ਗੁਰੂ ਜੀ ਦੇ ਆਪਣੇ ਰਿਸ਼ਤੇਦਾਰਾਂ ਨੇ ਵੀ ਉਹਨਾਂ ਦੀ ਮੱਦਦ ਨਹੀਂ ਸੀ ਕੀਤੀ। ਬਚਪਨ ਦੇ ਵਿਚ ਉਹਨਾਂ ਨੂੰ ਘੁੜਾਮ ਵਾਲੇ ਪੀਰ ਭੀਖਣ ਸ਼ਾਹ ਨੇ ਅਤੇ ਸੈਫਾਬਾਦ ਦੇ ਨਵਾਬ ਸੈਫ ਖਾਂ ਨੇ ਸੁਰੱਖਿਆ ਦਿਤੀ ਸੀ। ਭੰਗਾਣੀ ਦੇ ਯੁੱਧ ਵਿਚ ਜਦੋਂ ਭਾੜੇ ਦੇ ਸੈਨਿਕ ਅਤੇ 500 ਉਦਾਸੀ ਭਗੌੜੇ ਹੋ ਗਏ ਅਤੇ ਗੁਰੂ ਸਾਹਿਬ ਇਕੱਲੇ ਰਹਿ ਗਏ ਸਨ ਤਾਂ ਸੰਢੋਰੇ ਦੇ ਪੀਰ ਬੁੱਧੂ ਸ਼ਾਹ (ਜਿਸ ਦਾ ਪੂਰਾ ਨਾਂ ਸੱਯਦ ਬਦਰੁਲ-ਦੀਨ ਸੀ) ਗੁਰੂ ਜੀ ਦੀ ਮੱਦਦ ਨੂੰ ਬਹੁੜਿਆ। ਉਹ ਰਾਜਪੂਤਾਂ ਦੀ ਸਾਂਝੀ ਫੌਜ ਨਾਲ ਬਹਾਦਰੀ ਨਾਲ ਲੜਿਆ ਅਤੇ ਗੁਰੂ ਜੀ ਦੀ ਜਿੱਤ ਹੋਈ। ਇਸ ਲੜਾਈ ਵਿਚ ਪੀਰ ਬੁੱਧੂ ਸ਼ਾਹ ਦੇ ਚਾਰ ਪੁਤਰ ਅਤੇ ਵੱਡੀ ਗਿਣਤੀ ਵਿਚ ਸ਼ਰਧਾਲੂ ਸ਼ਹੀਦ ਹੋਏ। ਜਦੋਂ ਚਮਕੌਰ ਦੀ ਗੜੀ ਵਿਚੋਂ ਰਾਤ ਸਮੇਂ ਗੁਰੂ ਜੀ ਬੱਚ ਕੇ ਨਿਕਲੇ ਸਨ ਤਾਂ ਬਹਿਲੋਲਪੁਰ (ਮਾਛੀਵਾੜਾ ਨੇੜੇ) ਵਿਖੇ ਉਹਨਾਂ ਨੂੰ ਮੌਲਵੀ ਪੀਰ ਮੁਹੰਮਦ ਨੇ ਸ਼ਰਨ ਦਿਤੀ। ਇਹ ਮੌਲਵੀ ਪਾਉਂਟਾ ਸਾਹਿਬ ਵਿਖੇ ਗੁਰੂ ਜੀ ਦਾ ਉਸਤਾਦ ਰਿਹਾ ਸੀ। ਮਾਛੀਵਾੜੇ ਦੇ ਪਠਾਣ ਭਰਾਵਾਂ, ਨੱਬੀ ਖਾਂ ਅਤੇ ਗਨੀ ਖਾਂ ਨੇ ਗੁਰੂ ਜੀ ਨੂੰ ਸ਼ਰਨ ਦਿਤੀ। ਜਦੋਂ ਗੁਰੂ ਜੀ ਦੀ ਪੈੜ ਨੱਪਦੀ ਮੁਗਲ ਫੌਜ ਮਾਛੀਵਾੜੇ ਪਹੁੰਚੀ ਤਾਂ ਇਹਨਾਂ ਦੋਵੇ ਭਰਾਵਾਂ ਨੇ ਇਕ ਪਾਲਕੀ ਵਿਚ ਗੁਰੂ ਜੀ ਨੂੰ ਬਿਠਾਇਆ ਅਤੇ ਪਾਲਕੀ ਮੋਢਿਆਂ ਤੇ ਚੁੱਕ ਤੁਰੇ। ਜਦੋਂ ਸੈਨਿਕਾਂ ਨੇ ਪੜਤਾਲ ਕਰਨੀ ਚਾਹੀ ਤਾਂ ਉਹਨਾਂ ਝੂਠ ਆਖਿਆ ਕਿ ਇਹ ਉਹਨਾਂ ਦੇ ਉਚ ਦੇ ਪੀਰ ਨੇ ਤੇ ਅੱਜ ਕਲ੍ਹ ਇਹਨਾਂ ਮੋਨ ਵਰਤ ਧਾਰਿਆ ਹੋਇਆ ਹੈ। ਇਹਨਾਂ ਪਠਾਣਾਂ ਨੇ ਗੁਰੂ ਜੀ ਨੂੰ ਮੁਗਲਾਂ ਦੇ ਘੇਰੇ ਵਿਚੋਂ ਕੱਢ ਰਾਏਕੋਟ ਪਹੁੰਚਣ ਵਿਚ ਉਹਨਾਂ ਦੀ ਮੱਦਦ ਕੀਤੀ। ਉਥੇ ਗੁਰੂ ਜੀ ਦੇ ਇਕ ਵਿਸ਼ਵਾਸਪਾਤਰ ਮਹੰਤ ਕ੍ਰਿਪਾਲ ਨੇ ਆਪਣੇ ਪਾਸ ਠਹਿਰ ਦੇਣ ਤੋਂ ਅਸਮਰੱਥਾ ਪ੍ਰਗਟ ਕੀਤੀ ਪਰ ਇਕ ਮੁਸਲਮਾਨ ਚੌਧਰੀ ਰਾਏ ਕੱਲ੍ਹਾ ਨੇ ਗੁਰੂ ਜੀ ਨੂੰ ਜੀਓ ਆਇਆਂ ਆਖਿਆ। ਗੁਰੂ ਜੀ ਦੀ ਮਾਤਾ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਦਾ ਪਤਾ ਕਰਨ ਲਈ ਰਾਏ ਕੱਲ੍ਹਾ ਨੇ ਹੀ ਆਪਣੇ ਆਦਮੀ ਸਰਹਿੰਦ ਵੱਲ ਘੱਲੇ । ਫਿਰ ਰਾਏ ਕੱਲ੍ਹਾ ਅਤੇ ਉਸਦੇ ਮੁਸਲਮਾਨ ਮਿਤਰਾਂ ਨੇ ਗੁਰੂ ਜੀ ਦੇ ਦੀਨਾ ਕਾਂਗੜ ਨੂੰ ਬੱਚ ਨਿਕਲਣ ਦਾ ਪ੍ਰਬੰਧ ਕੀਤਾ ਸੀ।

ਸੰਖੇਪ ਵਿਚ ਆਖਿਆਂ ਉਹ ਗੁਰੂ ਜਿਸ ਦੀ ਜ਼ਿੰਦਗੀ ਮੁਸਲਮਾਨਾਂ ਨੇ ਕਈ ਵੇਰਾਂ ਬਚਾਈ ਹੋਵੇ ਉਹ ਮੁਸਲਮਾਨਾਂ ਪ੍ਰਤੀ ਬਦਲਾ ਲਊ ਭਾਵਨਾ ਕਿਵੇਂ ਰੱਖ ਸਕਦਾ ਹੈ। ਹੈਰਾਨੀ

ਦੀ ਗੱਲ ਹੈ ਕਿ ਜਿਹੋ ਜਿਹੀ ਭਿਅੰਕਰ ਫਿਰਕੂ ਸੋਚ ਅਸੀਂ ਅੱਜ ਵੇਖਦੇ ਹਾਂ ਉਹ ਸਤਾਰਵੀਂ ਸਦੀ ਦੇ ਭਾਰਤ ਵਿਚ ਨਹੀਂ ਸੀ। ਉਤਰੀ ਭਾਰਤ ਵਿਚ ਗੁਰੂ ਜੀ ਵੱਲੋਂ, ਦੱਖਣੀ ਭਾਰਤ ਵਿਚ ਸ਼ਿਵਾਜੀ ਵੱਲੋਂ ਵਿਢਿਆ ਸੰਘਰਸ਼ ਮੁਸਲਮਾਨਾਂ ਵਿਰੁਧ ਨਹੀਂ ਸੀ ਸਗੋਂ ਮੁਗਲਾਂ ਦੇ ਜ਼ੁਲਮਾਂ ਵਿਰੁਧ ਸੀ। ਇਥੇ ਇਹ ਯਾਦ ਕਰਾਉਣਾ ਕੁਥਾਂ ਨਹੀਂ ਹੋਵੇਗਾ ਕਿ ਸ਼ਿਵਾਜੀ ਦੇ ਵੱਡੇ ਪੁਤਰ ਸਾਂਭਾਜੀ ਨੂੰ ਦਸੰਬਰ 1678 ਵਿਚ ਦਲੇਰ ਖਾਂ ਨਾਲ ਜਾ ਮਿਲਣ ਸਮੇਂ ਅੰਤਰ-ਆਤਮਾ ਤੇ ਕੋਈ ਬੋਝ ਮਹਿਸੂਸ ਨਾ ਹੋਇਆ ਕਿਉਂਕਿ ਲੜਾਈ ਰਾਜਨੀਤਕ ਸੀ ਨਾ ਕਿ ਧਾਰਮਿਕ। ਸ਼ਿਵਾਜੀ ਦਾ ਪਿਤਾ ਸ਼ਾਹਜੀ ਭੌਸਲੇ ਅਤੇ ਦਾਦਾ ਮਾਲੋਜੀ ਮੁਰਤਜਾ ਨਿਜਾਮ ਸ਼ਾਹ ਅਤੇ ਇਬਰਾਹੀਮ ਆਦਿਲ ਸ਼ਾਹ ਦੀ ਮੁਲਾਜਮਤ ਵਿਚ ਸਨ ਅਤੇ ਉਥੇ ਉਹਨਾਂ ਦੇ ਹੌਸਲੇ, ਬਹਾਦਰੀ, ਲੀਡਰਸ਼ਿਪ ਅਤੇ ਮੁਹਾਰਤ ਦੀ ਧਾਂਕ ਸੀ। ਇਸ ਲਈ ਕਿਹਾ ਜਾ ਸਕਦਾ ਹੈ ਕਿ ਇਤਿਹਾਸ ਨੂੰ ਫਿਰਕੂ ਲੀਹਾਂ ਤੇ ਲਿਖਣ ਦਾ ਕੰਮ ਅਠਾਰਵੀਂ ਸਦੀ ਦੇ ਪਿਛਲੇਰੇ ਭਾਗ ਵਿਚ ਅਤੇ ਉਸ ਤੋਂ ਬਾਅਦ ਹੀ ਕੁਝ ਜਾਤਾਂ, ਬਰਾਦਰੀਆਂ ਤੇ ਫਿਰਕਿਆਂ ਦੇ ਸਵਾਰਥੀ ਤੱਤਾਂ ਦੀ ਲੋੜ ਨੂੰ ਮੁਖ ਰੱਖ ਕੇ ਸ਼ੁਰੂ ਕੀਤਾ ਗਿਆ ਸੀ। ਗੁਰੂ ਜੀ ਦਾ ਉਦੇਸ਼ ਤਾਂ ਵਜੀਰ ਖਾਨ ਨੂੰ ਉਸ ਦੇ ਜ਼ੁਲਮਾਂ ਦੀ ਸਜਾ ਦੇਣ ਤਕ ਹੀ ਸੀਮਿਤ ਸੀ। ਪਰ ਬੰਦਾ ਬਹਾਦਰ ਨੇ ਗੁਰੂ ਜੀ ਨੂੰ ਦੱਸਿਆ ਸੀ ਕਿ ਕਿਸੇ ਰਾਜਨੀਤਿਕ ਨਿਸ਼ਾਨੇ ਦੀ ਅਣਹੋਂਦ ਵਿਚ ਗੁਰੀਲਾ ਯੁੱਧ ਦੀ ਚਮਕ-ਦਮਕ ਫਿਕੀ ਪੈ ਜਾਵੇਗੀ ਅਤੇ ਇਹ ਆਪਣੇ ਆਪ ਖਤਮ ਹੋ ਜਾਵੇਗਾ। ਜਨਤਾ ਦਾ ਸਹਿਯੋਗ ਅਤੇ ਵਚਨਬੱਧਤਾ ਪ੍ਰਾਪਤ ਕਰਨ ਲਈ ਅਤੇ ਇਸਨੂੰ ਜਾਰੀ ਰਖਣ ਲਈ ਜ਼ਰੂਰੀ ਹੈ ਕਿ ਗੁਰੀਲਾ ਯੁੱਧ ਦਾ ਨਿਸ਼ਾਨਾ ਲੋਕਾਂ ਦੀਆਂ ਅਭੀਲਾਸ਼ਾਵਾਂ ਨਾਲ ਮੇਲ ਖਾਂਦਾ ਹੋਵੇ। ਸੋ ਜਰੂਰੀ ਹੈ ਕਿ ਖਾਲਸਾ ਪੰਥ ਆਪਣਾ ਨਿਸ਼ਾਨਾ ਸਿੱਖ ਰਾਜ ਦੀ ਸਥਾਪਨਾ ਮਿੱਥ ਕੇ ਚੱਲੇ। ਜੇਕਰ ਕੁਝ ਇਲਾਕੇ ਜਿੱਤ ਕੇ ਉਥੇ ਰਾਜਨੀਤਿਕ ਤਾਕਤ ਪ੍ਰਾਪਤ ਕਰਨ ਦੇ ਨਿਸ਼ਾਨੇ ਪ੍ਰਤੀ ਆਮ ਲੋਕਾਂ ਵਿਚ ਤਾਂਘ ਨਾ ਜਗਾਈ ਗਈ ਤਾਂ ਇਹ ਯੁੱਧ ਲੋਕਯੁੱਧ -- ਭਾਵ ਇਕ ਅਜਿਹਾ ਯੁੱਧ ਜਿਹੜਾ ਥੋੜ੍ਹੇ ਵਿਅਕਤੀਆਂ ਵੱਲੋਂ ਸਬੰਧਤ ਆਮ ਲੋਕਾਂ ਵੱਲੋਂ ਮਿੱਥੇ ਇਕ ਨੇਤਾ ਦੀ ਅਗਵਾਈ ਥੱਲੇ ਲੜਿਆ ਜਾਵੇ — ਨਹੀਂ ਬਣ ਸਕੇਗਾ। ਜੇਕਰ ਨਿਸ਼ਾਨਾ ਬਹੁਤ ਛੋਟਾ ਹੋਵੇਗਾ ਜਾਂ ਆਮ ਲੋਕਾਂ ਦੀਆਂ ਅਭੀਲਾਸ਼ਾਵਾਂ ਨਾਲ ਮੇਲ ਖਾਂਦਾ ਨਹੀਂ ਹੋਵੇਗਾ ਤਾਂ ਇਹ ਲੋਕਾਂ ਨੂੰ ਵੱਡੀਆਂ ਕੁਰਬਾਨੀਆਂ ਕਰਨ ਜਾਂ ਸਥਾਪਤ ਨਿਜਾਮ ਦਾ ਕਹਿਰ ਝੱਲਣ ਲਈ ਪ੍ਰੇਰਿਤ ਨਹੀਂ ਕਰ ਸਕੇਗਾ। ਸੋ ਇਲਾਕੇ ਜਿੱਤਣ ਦੀ ਅਭੀਲਾਸ਼ਾ ਬਿਨਾਂ ਤਾਂ ਸਰ ਹੀ ਨਹੀਂ ਸਕਦਾ।

ਜਦੋਂ ਗੁਰੂ ਜੀ ਨੇ ਵਿਚਾਰ-ਵਟਾਂਦਰੇ ਉਪਰੰਤ ਇਸ ਸੁਝਾਅ ਨੂੰ ਪ੍ਰਵਾਨਗੀ ਦੇ ਦਿਤੀ ਤਾਂ ਗੁਰਬਖਸ਼ ਸਿੰਘ (ਬੰਦਾ ਬਹਾਦਰ) ਨੇ ਕਾਮਯਾਬ ਗੁਰੀਲਾ ਯੁੱਧ ਲਈ ਲੋੜੀਂਦੀਆਂ ਜਰੂਰਤਾਂ ਬਾਰੇ ਇਉਂ ਦੱਸਿਆ :

ਸਭ ਤੋਂ ਪਹਿਲੀ ਜਰੂਰਤ ਤਾਂ ਇਹ ਹੈ ਕਿ ਆਪਣੇ ਉਦੇਸ਼ ਲਈ ਲੜਨ ਵਾਸਤੇ ਗੁਰੀਲੇ ਕੋਲ ਉਚਿਤ ਇਲਾਕਾ ਹੋਣਾ ਚਾਹੀਦਾ ਹੈ। ਇਹ ਇਕ ਅਪਹੁੰਚ ਇਲਾਕਾ ਚਾਹੀਦਾ ਹੈ ਜਿਥੇ ਕਿ ਦੁਸ਼ਮਣ ਤੇ ਵਾਰ ਕਰਨ ਪਿਛੋਂ ਗੁਰੀਲਾ ਛੁਪ ਸਕੇ। ਇਹੋ ਜਿਹੇ ਇਲਾਕੇ ਆਮ ਤੌਰ ਤੇ ਛੰਬਾਂ, ਪਹਾੜਾਂ ਅਤੇ ਸੰਘਣੇ ਜੰਗਲਾਂ ਵਿਚ ਹੁੰਦੇ ਨੇ। ਇਸ ਲਈ ਮੁਗਲ ਹਕੂਮਤ ਤੇ ਹਮਲੇ ਦੀ ਸਕੀਮ ਬਣਾਉਣ ਵੇਲੇ ਇਸ ਲਾਜ਼ਮੀ ਜਰੂਰਤ ਨੂੰ ਜਰੂਰ ਧਿਆਨ ਵਿਚ ਰੱਖਿਆ

ਜਾਵੇ। ਭਾਵ ਕਿ ਹਮਲਾ ਉਸ ਸਥਾਨ ਤੇ ਕੀਤਾ ਜਾਵੇ ਜੋ ਜੰਗਲਾਂ ਅਤੇ ਪਹਾੜਾਂ ਦੇ ਨੇੜੇ ਹੋਵੇ।

ਦੂਸਰੀ ਜਰੂਰਤ ਹੈ ਕਿ ਜਨਤਾ ਵਿਚ ਇਕ ਇਸ ਤਰਾਂ ਦਾ ਤਾਣਾ ਬਾਣਾ ਹੋਣਾ ਚਾਹੀਦਾ ਹੈ ਜੋ ਕਿ ਲੋਕਾਂ ਨੂੰ ਉਹਨਾਂ ਦੀਆਂ ਆਰਥਿਕ, ਰਾਜਨੀਤਕ ਜਾਂ ਜਮੀਨ ਦੀ ਮਾਲਕੀ ਅਤੇ ਇਸ ਨੂੰ ਵਾਹੁਣ-ਬੀਜਣ ਦੇ ਅਧਿਕਾਰਾਂ ਚੋਂ ਕਿਸੇ ਵੀ ਅਭਿਲਾਸ਼ਾ ਦੀ ਪੂਰਤੀ ਦੀ ਉਮੀਦ ਜਗਾ ਹਥਿਆਰਬੰਦ ਸੰਘਰਸ਼ ਲਈ ਉਕਸਾ ਸਕੇ। ਗੁਰਬਖਸ਼ ਸਿੰਘ ਨੇ ਦੱਸਿਆ ਕਿ ਜਿਉਂ ਹੀ ਮਰਾਠਾ ਗੁਰੀਲੇ ਧਰਤੀ ਦੇ ਕਿਸੇ ਹਿਸੇ ਤੇ ਆਪਣਾ ਅਧਿਕਾਰ ਸਥਾਪਤ ਕਰਨ ਵਿਚ ਕਾਮਯਾਬ ਹੁੰਦੇ ਉਹ ਜਮੀਨੀ ਸੁਧਾਰਾਂ, ਕੁਰਪਸ਼ਨ ਨੂੰ ਖਤਮ ਕਰਨ ਅਤੇ ਜਿਥੋਂ ਤੱਕ ਸੰਭਵ ਹੋਵੇ ਦੌਲਤ ਦੀ ਇਕ ਸਮਾਨ ਵੰਡ ਲਈ ਤੁਰੰਤ ਕਾਰਵਾਈ ਕਰਦੇ।

ਤੀਸਰਾ ਗੁਰੀਲਿਆਂ ਦੀ ਜਥੇਬੰਦੀ ਵਿਚ ਸਖਤ ਅਨੁਸ਼ਾਸਨ ਦੀ ਜਰੂਰਤ ਹੁੰਦੀ ਹੈ ਅਤੇ ਹਰ ਹਾਲਤ ਵਿਚ, ਭਾਵੇਂ ਕੁਝ ਵੀ ਹੋ ਜਾਵੇ, ਉਹਨਾਂ ਦਾ ਆਪਣੇ ਲੀਡਰ ਵਿਚ ਅਤੁੱਟ ਵਿਸ਼ਵਾਸ ਹੋਣਾ ਚਾਹੀਦਾ ਹੈ। ਜਨਤਾ ਨਾਲ ਉਹਨਾਂ ਦਾ ਵਰਤੋਂ ਵਿਹਾਰ ਬੇਹੱਦ ਸੁਹਿਰਦ ਹੋਣਾ ਚਾਹੀਦਾ ਹੈ। ਸਵੈ ਇੱਛਾ ਨਾਲ ਸ਼ਾਮਲ ਹੋਏ ਵਿਅਕਤੀਆਂ ਲਈ ਆਪਣੇ ਤੋਂ ਉਚੇ ਦਰਜੇ ਵਾਲਿਆਂ ਦੇ ਹੁਕਮ ਨੂੰ ਭਰਪੂਰ ਯਤਨ ਅਤੇ ਵਿਸ਼ਵਾਸ ਨਾਲ ਮੰਨਣਾ ਅਤੇ ਸੌਂਪੇ ਹੋਏ ਕੰਮ ਨੂੰ ਤੁੰਰਤ ਅਤੇ ਇੰਨ ਬਿੰਨ ਸਿਰੇ ਚਾੜਨ ਲਈ ਤਨ ਮਨ ਨਾਲ ਜੁਟ ਜਾਣਾ ਬਹੁਤ ਜਰੂਰੀ ਹੈ। ਇਸ ਤੋਂ ਵੀ ਜਰੂਰੀ ਹੈ ਕਿ ਜਦੋਂ ਉਹ ਕਿਧਰੇ ਛੁੱਪੇ ਹੋਏ ਹੋਣ ਜਾਂ ਉਹਨਾਂ ਨੂੰ ਕਿਸੇ ਨੇ ਸ਼ਰਨ ਦਿਤੀ ਹੋਈ ਹੋਵੇ ਤਾਂ ਉਹ ਸੱਭਿਆ ਮਨੁੱਖਾਂ ਵਾਂਗ ਪੇਸ਼ ਆਉਣ ਅਤੇ ਕਿਸੇ ਵੀ ਹਾਲਤ ਵਿਚ ਕਿਸੇ ਔਰਤ ਦੀ ਇੱਜ਼ਤ ਨੂੰ ਹੱਥ ਨਾ ਪਾਇਆ ਜਾਵੇ।

ਗੁਰਬਖਸ਼ ਸਿੰਘ ਦੀ ਗੱਲਬਾਤ ਨੂੰ ਗੁਰੂ ਜੀ ਨੇ ਠਰ੍ਹੰਮੇ ਨਾਲ ਸੁਣਿਆ ਅਤੇ ਸਾਰੀ ਸਥਿਤੀ ਨੂੰ ਵਿਚਾਰਨ ਉਪਰੰਤ ਗੁਰਬਖਸ਼ ਸਿੰਘ ਦੁਆਰਾ ਦੱਸੀਆਂ ਹੋਈਆਂ ਜਰੂਰਤਾਂ ਅਨੁਸਾਰ ਪੰਜਾਬ ਵਿਚ ਗੁਰੀਲਾ ਯੁੱਧ ਲਈ ਇਕ ਸੰਭਾਵਤ ਯੋਜਨਾ ਉਲੀਕੀ। ਗੁਰੂ ਜੀ ਦੀ ਪ੍ਰਾਥਮਿਕਤਾ ਤਾਂ ਉਹਨਾਂ ਦੇ ਛੋਟੇ ਪੁਤਰਾਂ ਦੇ ਕਾਤਿਲ ਵਜੀਰ ਖਾਨ ਸੂਬੇਦਾਰ ਸਰਹਿੰਦ ਦਾ ਖਾਤਮਾ ਸੀ ਅਤੇ ਬਾਕੀ ਗੱਲਾਂ ਪਿੱਛੋਂ। ਆਪਣੇ ਇਸ ਦ੍ਰਿੜ ਇਰਾਦੇ ਦਾ ਪ੍ਰਗਟਾਵਾ ਉਹਨਾਂ ਜਫਰਨਾਮੇ ਵਿਚ ਇਉਂ ਕੀਤਾ ਹੈ।

ਚਿਹ ਸ਼ੁਦ ਗਰ ਸ਼ਿਗਾਲੇ ਬਮਕਰੋ ਰਿਯਾ। ਹਮੀਂ ਕੁਸ਼ਤ ਦੋ ਬੱਚਾ ਏ ਸ਼ੇਰ ਰਾ।

ਚੂੰ ਸ਼ੇਰੇ ਜ਼ਯਾਂ ਜ਼ਿੰਦਾ ਮਾਨਦ ਹਮੇਂ। ਜੇ ਤੂੰ ਇੰਤਕਾਮੇ ਸਤਾਂਨਦ ਹਮੇਂ।

ਭਾਵ ਕੀ ਹੋਇਆ ਜੇ ਦੰਭ ਅਤੇ ਫਰੇਬ ਨਾਲ ਗਿੱਦੜ ਸ਼ੇਰ ਦੇ ਦੋ ਬੱਚਿਆਂ ਨੂੰ ਮਾਰਨ ਵਿਚ ਕਾਮਯਾਬ ਹੋ ਗਿਆ ਹੈ। ਸ਼ੇਰ ਇਸ ਦਾ ਬਦਲਾ ਲੈਣ ਦਾ ਇਰਾਦਾ ਕਦੇ ਨਹੀਂ ਛੱਡੇਗਾ। ਜੇਕਰ ਸ਼ੇਰ ਜਿਉਂਦਾ ਰਹਿੰਦਾ ਹੈ ਤਾਂ ਉਹ ਜਰੂਰ ਗਿੱਦੜ ਨੂੰ ਮਾਰ ਕੇ ਇਸ ਦਾ ਬਦਲਾ ਲਏਗਾ।

ਕਿਉਂਕਿ ਸਰਹਿੰਦ ਸਿੱਖਾਂ ਦਾ ਅਸਲੀ ਨਿਸ਼ਾਨਾ ਸੀ ਇਸ ਲਈ ਸਿਰਮੌਰ (ਨਾਹਨ) ਦੀਆਂ ਪਹਾੜੀਆਂ ਅਤੇ ਜੰਗਲ ਹੀ ਇਸ ਦੇ ਸਭ ਤੋਂ ਨੇੜੇ ਸਨ। ਇਸ ਇਲਾਕੇ ਦੇ ਸਥਾਨਕ ਵੇਰਵੇ ਦਾ ਗੁਰੂ ਜੀ ਨੂੰ ਪੂਰਨ ਗਿਆਨ ਸੀ। ਗੁਰੂ ਜੀ ਕਈ ਵਰ੍ਹੇ ਪਾਉਂਟੇ ਰਹੇ ਸਨ ਅਤੇ

ਸ਼ਿਕਾਰ ਦੇ ਸ਼ੌਕੀਨ ਹੋਣ ਕਾਰਨ ਉਹ ਸ਼ਿਕਾਰ ਦੀ ਭਾਲ ਵਿਚ ਦਰਿਆਵਾਂ, ਬਰਸਾਤੀ ਨਦੀਆਂ ਅਤੇ ਜੰਗਲਾਂ ਵਿਚ ਭੌਂਦੇ ਰਹੇ ਤੇ ਸ਼ਿਕਾਰ ਦੇ ਮਗਰ ਪਹਾੜਾਂ ਦੀਆਂ ਟੀਸੀਆਂ ਤੇ ਚੜਦੇ ਰਹੇ ਸਨ। 'ਬਚਿਤਰ ਨਾਟਕ' ਵਿਚ ਗੁਰੂ ਜੀ ਨੇ ਆਪਣੇ ਪਾਉਂਟੇ ਦੇ ਠਹਿਰਾਅ ਦੌਰਾਨ ਸਿਰਮੌਰ ਦਿਆਂ ਜੰਗਲਾਂ ਵਿਚ ਸ਼ਿਕਾਰ ਕੀਤੇ ਜੰਗਲੀ ਜਾਨਵਰਾਂ ਅਤੇ ਦੂਸਰੇ ਜੀਵਾਂ ਦਾ ਭਰਪੂਰ ਵਰਨਨ ਕੀਤਾ ਹੈ। ਇਥੇ ਦੇ ਜੰਗਲ, ਵਿਸ਼ੇਸ਼ ਕਰਕੇ ਹੇਠਲੇ ਸ਼ਿਵਾਲਿਕ ਦੇ ਖੇਤਰ ਦੇ, ਬਹੁਤ ਸੰਘਣੇ ਅਤੇ ਦੂਰ ਤੀਕਰ ਫੈਲੇ ਹੋਏ ਸਨ ਅਤੇ ਉਹਨਾਂ ਵਿਚ ਭਾਂਤ ਸੁਭਾਂਤੇ ਪਸ਼ੂ ਪੰਛੀਆਂ ਦਾ ਵਸੇਬਾ ਸੀ। ਇਥੋਂ ਤੱਕ ਕਿ ਉਨੀਵੀਂ ਸਦੀ ਵਿਚ ਲਾਰਡ ਆਕਲੈਂਡ ਨੇ ਕਾਲਾ ਅੰਬ ਤੋਂ ਕੁਝ ਮੀਲ ਉਪਰ ਵੱਲ ਨੂੰ ਦਰਿਆ ਮਾਰਕੰਡੇ ਦੇ ਸੁੱਕੇ ਤਲ ਤੇ ਦੋ ਘੰਟਿਆਂ ਵਿਚ ਹੀ ਛੇ ਸ਼ੇਰਾਂ ਦਾ ਸ਼ਿਕਾਰ ਕਰ ਲਿਆ ਸੀ। ਸਿਰਮੌਰ ਦੀਆਂ ਪਹਾੜੀਆਂ ਤੋਂ ਹੇਠਾਂ ਵੱਲ ਦੇ ਨੀਮ ਪਹਾੜੀ ਖੇਤਰ ਵਿਚ, ਜਿਸ ਨੂੰ ਕਿ ਕੰਢੀ ਦਾ ਇਲਾਕਾ ਕਿਹਾ ਜਾਂਦਾ ਹੈ, ਪਾਣੀ ਦੇ ਤੇਜ ਵਹਾਅ ਨਾਲ ਇਕੱਠੀ ਹੋਈ ਰੇਤ ਅਤੇ ਕਿਧਰੇ ਕਿਧਰੇ ਵਧੀਆਂ ਤਿੱਖੀਆਂ ਸ਼ਿਵਾਲਿਕ ਪਹਾੜੀ ਦੀਆਂ ਚੁੰਝਾਂ ਦਾ ਜਾਲ ਜਿਹਾ ਬਣਿਆ ਹੋਇਆ ਹੈ। ਸਿਰਮੌਰ ਦੇ ਇਲਾਕੇ ਵਿਚੋਂ ਨਿਕਲ ਕੇ ਦੋ ਨਦੀਆਂ, ਸੋਮ ਅਤੇ ਬੋਲੀ (ਜਾਂ ਪਥਰਾਲਾ) ਅਤੇ ਵੱਡੀ ਗਿਣਤੀ ਵਿਚ ਬਰਸਾਤੀ ਨਾਲੇ ਜਮਨਾ ਦੇ ਖੱਬੇ ਕੰਢੇ ਦਾਦੂਪੁਰ ਦੇ ਸਥਾਨ ਇਕੱਠੇ ਹੋ ਜਾਂਦੇ ਸਨ। ਇਕ ਹੋਰ ਨਦੀ ਮਾਰਕੰਡਾ ਪੱਛਮ ਵੱਲ ਨੂੰ ਵਗਦੀ ਹੋਈ ਘੱਗਰ ਵਿਚ ਜਾ ਰੱਲਦੀ ਸੀ। ਕਿਧਰੇ ਕਿਧਰੇ ਤਾਂ ਸੋਮ ਤੇ ਮਾਰਕੰਡੇ ਦੇ ਤੱਟ ਮੀਲ ਤੋਂ ਵੀ ਵੱਧ ਚੌੜੇ ਸਨ ਅਤੇ ਜਿਹੜੇ ਦਿਨਾਂ ਵਿਚ ਦਰਿਆ ਚੜ੍ਹੇ ਹੁੰਦੇ ਸਨ ਤਾਂ ਇਹਨਾਂ ਨੂੰ ਪਾਰ ਨਹੀਂ ਕੀਤਾ ਜਾ ਸਕਦਾ ਸੀ।

ਸੋ ਗੁਰੂ ਜੀ ਦਾ ਮਸ਼ਵਰਾ ਸੀ ਕਿ ਗੁਰੀਲਾ ਯੁੱਧ ਦੀ ਸ਼ੁਰੂਆਤ ਬੂੜੀਆ (ਹਰਿਆਣੇ ਵਿਚ ਜਗਾਧਰੀ ਦੇ ਨੇੜੇ) ਦੇ ਸਥਾਨ ਤੋਂ ਕੀਤੀ ਜਾਵੇ ਕਿਉਂਕਿ ਇਹ ਸਥਾਨ ਗੁਰਬਖਸ ਸਿੰਘ ਦੁਆਰਾ ਦੱਸੀਆਂ ਜਰੂਰਤਾਂ ਪੂਰੀਆਂ ਕਰਦਾ ਸੀ। ਇਸ ਦੇ ਪੂਰਵ ਵੱਲ ਤੇਜ ਵਹਾਅ ਵਾਲੀ ਕਲੰਦਰੀ (ਜਮਨਾ) ਵਗਦੀ ਸੀ। ਇਸ ਦੇ ਪੂਰਵ-ਉਤਰ ਵੱਲ ਗੜ੍ਹਵਾਲ ਰਾਜ ਸੀ ਅਤੇ ਉਤਰ ਪੱਛਮ ਵੱਲ ਨੂੰ ਸਿਰਮੌਰ। ਇਸੇ ਦੇ ਪੱਛਮ ਵੱਲ ਬਰਸਾਤੀ ਨਦੀਆਂ ਸੋਮ ਅਤੇ ਪਥਰਾਲਾ ਤੇ ਮਾਰਕੰਡਾ ਸਨ ਅਤੇ ਇਹਨਾਂ ਵਿਚ ਪੈਣ ਵਾਲੇ ਵੱਡੇ ਛੋਟੇ ਬਰਸਾਤੀ ਨਾਲਿਆਂ ਦੀ ਵੱਡੀ ਗਿਣਤੀ ਸੀ। ਇਸ ਦੇ ਆਲੇ ਦੁਆਲੇ ਸੰਘਣਾ ਜੰਗਲ ਅਤੇ ਕੰਡਿਆਲੀਆਂ ਝਾੜੀਆਂ ਸਨ। ਇਕ ਗੁਰੀਲੇ ਨੂੰ ਇਸ ਤੋਂ ਵਧੀਆ ਸਥਾਨ ਹੋਰ ਕਿਹੜਾ ਮਿਲ ਸਕਦਾ ਸੀ। ਇਸ ਸਥਾਨ ਦਾ ਇਕ ਹੋਰ ਵਾਧਾ ਵੀ ਸੀ, ਗੁਰੂ ਜੀ ਦੇ ਪਾਉਂਟੇ ਠਹਿਰਾਉ ਦੌਰਾਨ ਜਿਹੜੇ ਸਿੱਖ ਮਾਲਵੇ ਵੱਲੋਂ ਆਉਂਦੇ ਸਨ ਉਹਨਾਂ ਨੂੰ ਇਸ ਇਲਾਕੇ ਬਾਰੇ ਚੰਗੀ ਵਾਕਫੀਅਤ ਸੀ ਅਤੇ ਉਹ ਸੌਖੇ ਹੀ ਨੀਯਤ ਸਥਾਨ ਤੇ ਪਹੁੰਚ ਸਕਦੇ ਸਨ।

ਰਣਨੀਤਕ ਪੱਖੋਂ ਬੂੜੀਆ ਦਾ ਇਕ ਹੋਰ ਵਾਧਾ ਇਹ ਸੀ ਕਿ ਇਸ ਇਲਾਕੇ ਵਿਚ ਭਾੜੇ ਦੇ ਪਠਾਣ ਸੈਨਿਕਾਂ ਤੋਂ ਇਲਾਵਾ ਡਾਕੂ, ਲੁਟੇਰੇ, ਧਾੜਵੀ ਤੇ ਰਾਹ ਮਾਰ ਆਮ ਹੀ ਸਨ। ਪਾਉਂਟੇ ਆਪਣੇ ਠਹਿਰਾਉ ਦੌਰਾਨ ਪੀਰ ਬੁੱਧੂ ਸ਼ਾਹ ਰਾਹੀ ਗੁਰੂ ਜੀ ਨੇ ਪੰਜ ਸੌ ਭਾੜੇ ਦੇ ਪਠਾਣ ਸੈਨਿਕ ਆਪਣੇ ਨਾਲ ਜੋੜੇ ਸਨ। ਪਾਉਂਟੇ ਤੋਂ ਅਨੰਦਪੁਰ ਦੀ ਵਾਪਸੀ ਸਮੇਂ ਗੁਰੂ ਜੀ ਨੂੰ ਲਹਿਰਪੁਰ ਦੇ ਚੋਰਾਂ ਅਤੇ ਧਾੜਵੀਆਂ ਦਾ ਨਿਜੀ ਤਜਰਬਾ ਵੀ ਹੋਇਆ ਸੀ। ਮੈਕਾਲਿਫ ਇਸ

ਤਰਾਂ ਦੇ ਇਕ ਦਿਲਚਸਪ ਵਾਕੇ ਦਾ, ਜੋ ਲਹਿਰਪੁਰ ਜਾਂ ਇਸ ਦੇ ਨੇੜੇ-ਤੇੜੇ ਵਾਪਰਿਆ, ਜਿਕਰ ਇੰਝ ਕਰਦਾ ਹੈ "ਇਥੋਂ (ਭਾਵ ਲਹਿਰਪੁਰ) ਦੇ ਮੁਖ ਵਸਨੀਕ ਰੰਘੜ ਸਨ, ਜੋ ਸੁਭਾਅ ਅਤੇ ਕਸਬ ਪੱਖੋਂ ਚੋਰ ਸਨ। ਉਹਨਾਂ ਗੁਰੂ ਜੀ ਦੇ ਦੋ ਊਠ ਚੋਰੀ ਕਰ ਲਏ। ਜਦੋਂ ਰੰਘੜਾਂ ਨੇ ਚੋਰੀ ਦਾ ਮਾਲ ਮੋੜਨ ਤੋਂ ਇਨਕਾਰ ਕਰ ਦਿਤਾ ਤਾਂ ਗੁਰੂ ਜੀ ਨੇ ਨੇੜੇ ਹੀ ਰਹਿੰਦੇ ਇਕ ਫਕੀਰ ਨੂੰ ਬੁਲਾਵਾ ਭੇਜਿਆ। ਉਸਨੂੰ ਆਖਿਆ ਕਿ ਉਹ ਭੀਖ ਮੰਗਣ ਬਹਾਨੇ ਜਾ ਕੇ ਦੇਖੇ ਕਿ ਕੀ ਫਲਾਣੇ ਰੰਘੜ ਦੇ ਘਰ ਊਠ ਬੰਨੇ ਹੋਏ ਹਨ। ਫਕੀਰ ਗਿਆ ਅਤੇ ਊਠਾਂ ਦੇ ਉਥੇ ਹੋਣ ਦੀ ਤਸਦੀਕ ਕਰ ਗੁਰੂ ਜੀ ਨੂੰ ਆ ਸੂਚਨਾ ਦਿਤੀ। ਗੁਰੂ ਜੀ ਨੇ ਸਬੰਧਤ ਰੰਘੜ ਨੂੰ ਬੁਲਾਇਆ ਅਤੇ ਆਖਿਆ ਕਿ ਇਮਾਨਦਾਰੀ ਨਾਲ ਉਹ ਊਠ ਵਾਪਸ ਕਰ ਦੇਵੇ ਨਹੀਂ ਤਾਂ ਉਸਨੂੰ ਘਰ ਘਾਟ ਤੋਂ ਉਜਾੜ ਦਿਤਾ ਜਾਵੇਗਾ। ਤਾਂ ਕਿਤੇ ਜਾ ਕੇ ਰੰਘੜ ਨੇ ਚੋਰੀ ਦਾ ਮਾਲ ਵਾਪਸ ਕੀਤਾ। ਪਰ ਡਾ. ਹਰੀ ਰਾਮ ਗੁਪਤਾ ਕਹਿੰਦਾ ਹੈ ਕਿ ਇਹ ਘਟਨਾ ਲਹਿਰਪੁਰ ਨਹੀਂ ਸਗੋਂ ਰਾਏਪੁਰ ਰਾਣੀ ਵਾਪਰੀ ਸੀ ਅਤੇ ਇਹ ਰੰਘੜ ਰਾਏਪੁਰ ਰਾਣੀ ਤੋਂ ਦੱਖਣ ਪੱਛਮ ਵੱਲ ਨੂੰ ਸਥਿਤ ਟੋਡਾ ਪਿੰਡ ਦੇ ਸਨ। ਉਹਨਾਂ ਰਾਤ ਨੂੰ ਗੁਰੂ ਜੀ ਦੇ ਊਠ ਚੋਰੀ ਕਰਕੇ ਆਪਣੇ ਰਿਸ਼ਤੇਦਾਰਾਂ ਕੋਲ ਪਿੰਡ ਲਾਹਾ ਪਹੁੰਚਾ ਦਿੱਤੇ। ਡਾ.ਗੁਪਤਾ ਦੇ ਪੁਰਖਿਆਂ ਦੇ ਪ੍ਰਭਾਵ ਅਤੇ ਦਖਲ ਅੰਦਾਜੀ ਨਾਲ ਇਹ ਊਠ ਗੁਰੂ ਜੀ ਨੂੰ ਵਾਪਸ ਦਿਵਾਏ ਗਏ ਸਨ। ਡਾ. ਗੁਪਤਾ ਵਾਲਾ ਪੱਖ ਗਿਆਨੀ ਕਰਤਾਰ ਸਿੰਘ ਸਵਾਲ ਕਲਾ ਅਤੇ ਪਟਿਆਲਾ ਰਾਜ ਦੇ ਸ਼ਾਹੀ ਇਤਿਹਾਸਕਾਰ ਕਰਮ ਸਿੰਘ ਦੀਆਂ ਲਿਖਤਾਂ ਤੇ ਅਧਾਰਤ ਹੈ।

ਜੋ ਵੀ ਹੋਵੇ ਇਕ ਗਲ ਸ਼ਪਸਟ ਹੈ ਕਿ ਸ਼ਿਵਾਲਿਕ ਪਹਾੜੀਆਂ ਦੇ ਹੇਠਲਾ ਕਲੰਦਰੀ ਅਤੇ ਘੱਗਰ ਦੇ ਦਰਮਿਆਨ ਦਾ ਸਾਰਾ ਇਲਾਕਾ ਚੋਰਾਂ, ਡਾਕੂਆਂ, ਧਾੜਵੀਆਂ ਆਦਿ ਨਾਲ ਭਰਿਆ ਪਿਆ ਸੀ।

ਗੁਰੂ ਜੀ ਨੇ ਇਹ ਵੀ ਸਲਾਹ ਦਿਤੀ ਕਿ ਗੁਰੀਲਾ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਗੁਰਬਖਸ਼ ਸਿੰਘ ਨੂੰ ਖੁਦ ਜਮਨਾ ਅਤੇ ਸਤਲੁਜ ਦਰਮਿਆਨ ਦੇ ਸਾਰੇ ਪਹਾੜੀਆਂ ਅਤੇ ਨੀਮ ਪਹਾੜੀ ਇਲਾਕੇ ਦੀ ਰੈਕੀ ਕਰਨੀ ਚਾਹੀਦੀ ਹੈ ਤਾਂ ਜੋ ਉਹ ਇਲਾਕੇ ਦੇ ਸਥਾਨਕ ਵੇਰਵਿਆਂ ਨਾਲ ਵਾਕਿਫ ਹੋ ਸਕੇ। ਉਸਨੂੰ ਇਕ ਸਥਾਨ ਤੋਂ ਦੂਸਰੇ ਸਥਾਨ ਤੱਕ ਜਾਣ ਵਾਲੇ ਸੁਰਖਿਅਤ ਅਤੇ ਘੱਟ ਦੂਰੀ ਵਾਲੇ ਰਸਤਿਆਂ ਦਾ ਗਿਆਨ ਹੋਣਾ ਚਾਹੀਦਾ ਹੈ। ਗੁਰੂ ਜੀ ਦੀ ਇਹ ਵੀ ਸਲਾਹ ਸੀ ਕਿ ਗੁਰਬਖਸ਼ ਸਿੰਘ ਨੂੰ ਆਪਣਾ ਹੈਡਕੁਆਰਟਰ ਮੁਖਲਿਸਪੁਰ ਰੱਖਣਾ ਚਾਹੀਦਾ ਹੈ ਕਿਉਂਕਿ ਇਸ ਦੀ ਸਥਿਤੀ ਨਿਰਾਲੀ ਹੈ। ਇਕ ਲੱਖਤ ਉਪਰ ਨੂੰ ਉਠਦੀ ਇਹ ਇਕ ਦੰਦੇਦਾਰ ਤਿੱਖੀ ਪਹਾੜੀ ਹੈ ਅਤੇ ਇਸ ਦੇ ਆਲੇ ਦੁਆਲੇ ਉੱਬੜ-ਖਾਬੜ ਚਟਾਨਾਂ, ਖੱਡਾਂ ਅਤੇ ਬਰਸਾਤੀ ਨਾਲੇ ਨੇ। ਇਹ ਨਾਹਨ ਦੇ ਦੱਖਣ ਵੱਲ ਸਢੋਰੇ ਤੋਂ ਕੋਈ ਵੀਹ ਕਿਲੋ ਮੀਟਰ ਦੂਰ ਹੈ। ਗੁਰੂ ਜੀ ਵੱਲੋਂ ਸੰਨ 1688 ਵਿਚ ਕੋਲਾਰ ਅਤੇ ਮੁਖਲਿਸਪੁਰ ਦਰਮਿਆਨ ਦੇ ਸੰਘਣੇ ਜੰਗਲ 'ਚ ਇਕੋ ਹੀ ਦਿਨ ਚ ਦੋ ਸ਼ੇਰਾਂ ਦੇ ਸ਼ਿਕਾਰ ਦੀ ਕਹਾਣੀ ਵੀ ਗੁਰੂ ਜੀ ਨੇ ਬਿਆਨੀ। ਗੁਰੂ ਜੀ ਨੇ ਪਹਾੜੀ ਹਿੰਦੂ ਰਾਜਿਆਂ ਦੀਆਂ ਸਾਂਝੀਆਂ ਫੌਜਾਂ ਨਾਲ ਹੋਏ ਭੰਗਾਣੀ ਦੇ ਯੁੱਧ ਦੀ ਕਹਾਣੀ ਵੀ ਬਿਆਨੀ ਅਤੇ ਪੰਜ ਸੌ ਉਦਾਸੀਆਂ ਅਤੇ ਭਾੜੇ ਦੇ ਪਠਾਣ ਸੈਨਿਕਾਂ ਵੱਲੋਂ ਉਹਨਾਂ ਦਾ ਸਾਥ ਛੱਡਣ ਉਪਰੰਤ ਸੀਮਿਤ ਸਾਧਨਾਂ ਨਾਲ ਜਿੱਤੀ ਇਸ ਲੜਾਈ ਦਾ ਵੇਰਵੇ

ਸਹਿਤ ਜਿਕਰ ਵੀ ਕੀਤਾ। ਗੁਰੂ ਜੀ ਨੇ ਗੁਰਬਖਸ਼ ਸਿੰਘ ਨੂੰ ਸਮਝਾਇਆ ਕਿ ਇਹ ਹਿੰਦੂ ਪਹਾੜੀ ਰਾਜੇ ਡਰਪੋਕ ਨੇ ਤੇ ਇਹਨਾਂ ਨੂੰ ਆਪਣੀ ਕੌਮ ਜਾਂ ਧਰਮ ਨਾਲ ਕੋਈ ਸਰੋਕਾਰ ਨਹੀਂ। ਉਹਨਾਂ ਦੀ ਦਿਲਚਸਪੀ ਆਪਣੇ ਹਲਵੇ ਮੰਡੇ ਤੱਕ ਹੀ ਹੈ। ਤੁਛ ਮਾਮਲਿਆਂ ਨੂੰ ਲੈ ਕੇ ਉਹ ਆਪਸ ਵਿਚ ਹੀ ਝਗੜਣ ਜੋਗੇ ਨੇ ਪਰ ਇਕੱਠੇ ਹੋ ਕੇ ਜਾਲਮ ਮੁਗਲਾਂ ਨਾਲ ਮੱਥਾ ਲਾਉਣ ਦਾ ਹੌਸਲਾ ਨਹੀਂ ਕਰਦੇ। ਮੀਆਂ ਜਾਂ ਮਿਰਜਾ ਦਾ ਖਿਤਾਬ ਪਾ ਕੇ ਹੀ ਖੁਸ਼ ਹੋ ਜਾਂਦੇ ਨੇ ਇਹ ਬੇਕਾਰ ਲੋਕ। ਇਥੇ ਦੱਸਣਾ ਮੁਨਾਸਿਬ ਰਹੇਗਾ ਕਿ ਮੀਆਂ ਦਾ ਖਿਤਾਬ ਕਾਂਗੜਾ ਅਤੇ ਸ਼ਿਵਾਲਿਕ ਪਹਾੜਾਂ ਦੇ ਉਹਨਾਂ ਹਿੰਦੂ ਰਾਜਪੂਤ ਪ੍ਰੀਵਾਰਾਂ ਨੂੰ ਮਿਲਦਾ ਸੀ ਜਿਹਨਾਂ ਨੇ ਮੁਸਲਮਾਨ ਸ਼ਾਸ਼ਕਾਂ ਦੀ ਤਰਫਦਾਰੀ ਪ੍ਰਾਪਤ ਕਰਨ ਲਈ ਉਹਨਾਂ ਨੂੰ ਆਪਣੀਆਂ ਧੀਆਂ ਵਿਆਹ ਦਿਤੀਆਂ ਸਨ।

ਗੁਰੂ ਜੀ ਨੇ ਆਪਣੇ ਕੌੜੇ ਤਜਰਬੇ ਦੇ ਅਧਾਰ ਤੇ ਚੇਤਾਵਨੀ ਦਿੰਦਿਆਂ ਦੱਸਿਆ ਕਿ ਭਾੜੇ ਦੇ ਸੈਨਿਕ ਅਤੇ ਹੋਰ ਲੋਟੂ ਟੋਲਿਆਂ ਦੀ, ਜੋ ਨਾਲ ਰਲ ਜਾਂਦੇ ਨੇ, ਦਿਲਚਸਪੀ ਤਾਂ ਸਿਰਫ ਲੁੱਟ ਦੇ ਮਾਲ ਤੱਕ ਹੀ ਹੁੰਦੀ ਹੈ। ਇਹਨਾਂ ਤੋਂ ਕਿਸੇ ਕਿਸਮ ਦੀ ਪ੍ਰਤੀਬੱਧਤਾ ਦੀ ਉਮੀਦ ਰੱਖਣੀ ਬੇਕਾਰ ਹੈ। ਗੁਰੂ ਜੀ ਨੇ ਕਿਹਾ "ਸੱਪ ਹੋਵੇ ਜਾਂ ਕੁੱਤਾ ਬਿਲੀ, ਜਦੋਂ ਵੀ ਉਹਨਾਂ ਨੂੰ ਆਪਣੀ ਜਾਨ ਨੂੰ ਖਤਰਾ ਮਹਿਸੂਸ ਹੋਵੇ ਤਾਂ ਅੰਤ੍ਰਪ੍ਰੇਰਨਾ ਉਹਨਾਂ ਨੂੰ ਇਸ ਸਥਿਤੀ ਤੋਂ ਬੱਚ ਕੇ ਭੱਜ ਜਾਣ ਅਤੇ ਆਪਣੀ ਜਾਨ ਬਚਾਉਣ ਦੀ ਹੀ ਹੁੰਦੀ ਹੈ। ਇਹੀ ਹਾਲ ਭਾੜੇ ਦੇ ਸੈਨਿਕਾਂ ਦਾ ਹੁੰਦਾ ਹੈ। ਜੇਕਰ ਉਹਨਾਂ ਨੂੰ ਲੱਗੇ ਕਿ ਵਿਰੋਧੀ ਧਿਰ ਉਹਨਾਂ ਨਾਲੋਂ ਮਜ਼ਬੂਤ ਅਤੇ ਤਾਕਤਵਰ ਹੈ ਤਾਂ ਉਹ ਆਪਣੇ ਖੇਮੇ ਨੂੰ ਛੱਡ ਗਾਇਬ ਹੋ ਜਾਂਦੇ ਨੇ। ਸਿਰਫ ਪ੍ਰਤੀਬੱਧ ਇਨਸਾਨ ਹੀ ਲੜਾਈ ਹਾਰਦੀ ਦੇਖ ਕੇ ਵੀ ਮੈਦਾਨ ਨਹੀਂ ਛੱਡਦੇ। ਜਾਨ ਤਾਂ ਸਭ ਨੂੰ ਪਿਆਰੀ ਹੈ। ਇਕ ਕੀੜਾ ਵੀ ਮਰਨਾ ਨਹੀਂ ਚਾਹੁੰਦਾ। ਜਿਹੜੇ ਕਿਸੇ ਫਿਲਾਸਫੀ, ਸਿਧਾਂਤ ਜਾਂ ਉਦੇਸ਼ ਨੂੰ ਪ੍ਰਨਾਏ ਹੁੰਦੇ ਹਨ ਅਤੇ ਜਿਹਨਾਂ ਲਈ ਇਹ ਉਹਨਾਂ ਦੀ ਆਪਣੀ ਜ਼ਿੰਦਗੀ, ਘਰ-ਪਰਿਵਾਰ, ਬੀਵੀ ਬੱਚਿਆਂ ਨਾਲੋਂ ਵੀ ਪਿਆਰਾ ਹੁੰਦਾ ਹੈ ਉਹੀ ਬੇ-ਖੌਫ ਹੋ ਕੇ ਖਾਲੀ ਪੇਟ ਵੀ ਲੜ ਸਕਦੇ ਹਨ ਅਤੇ ਮੈਦਾਨੇ ਯੁੱਧ ਵਿਚ ਜਾਂ ਸੂਲੀ ਤੇ ਆਪਣੀ ਜਾਨ ਕੁਰਬਾਨ ਕਰ ਸਕਦੇ ਹਨ। ਇਸ ਲਈ ਜਰੂਰੀ ਹੈ ਕਿ ਫਤਿਹ ਪ੍ਰਾਪਤ ਕਰਨ ਤੇ ਵੀ ਉਹਨਾਂ ਇਨਸਾਨਾਂ ਦੇ ਯੋਗਦਾਨ ਨੂੰ, ਜਿਹੜੇ ਉਸ ਉਦੇਸ਼ ਨਾਲ ਪ੍ਰਤੀਬੱਧ ਹੋਣ ਜਿਸ ਲਈ ਯੁੱਧ ਹੋਇਆ, ਕਦੇ ਵੀ ਵਿਸਾਰਿਆ ਨਾ ਜਾਵੇ। ਜੇਕਰ ਅਜਿਹੇ ਇਨਸਾਨ ਕਦੇ ਕਦਾਈਂ ਕੁਰਾਹੇ ਵੀ ਚਲੇ ਜਾਣ ਜਾਂ ਛੋਟੀ ਮੋਟੀਆਂ ਠੱਗੀਆਂ ਵੀ ਕਰ ਜਾਣ ਤਾਂ ਵੀ ਇਹਨਾਂ ਪ੍ਰਤੀ ਰਵੱਈਆ ਨਰਮ, ਸਤਿਕਾਰਯੋਗ ਅਤੇ ਬਖਸ਼ਣ ਵਾਲਾ ਹੀ ਰੱਖਣਾ ਚਾਹੀਦਾ ਹੈ। ਇਸ ਦੁਨੀਆ ਵਿਚ ਕੋਈ ਵੀ ਅਭੁੱਲ ਨਹੀਂ ਹੈ, ਇਥੋਂ ਤੱਕ ਕਿ ਦੇਵਤੇ ਅਤੇ ਅਵਤਾਰ ਵੀ ਨਹੀਂ। ਇਸ ਲਈ ਆਪਣੇ ਮਿੱਤਰਾਂ ਅਤੇ ਸੰਗੀਆਂ ਪ੍ਰਤੀ, ਜਿਹੜੇ ਹਰ ਔਖ ਸੌਖ 'ਚ ਤੁਹਡੇ ਨਾਲ ਖੜੇ ਹਨ, ਵਤੀਰਾ ਨਰਮ, ਰਹਿਮ ਦਿਲ ਅਤੇ ਬਖਸ਼ਣ ਵਾਲਾ ਹੀ ਰੱਖਣਾ ਚਾਹੀਦਾ ਹੈ।" ਇਸ ਤੋਂ ਅੱਗੇ ਗੁਰੂ ਜੀ ਕੋਲ ਕੋਈ ਮਸ਼ਵਰਾ ਨਹੀਂ ਸੀ ਕਿਉਂਕਿ ਗੁਰੀਲਾ ਯੁੱਧ ਵਿਚ ਫੈਸਲੇ ਮੌਕੇ ਮੁਤਾਬਕ ਤੁਰਤ-ਫੁਰਤ ਲੈਣੇ ਪੈਂਦੇ ਨੇ।

ਗੁਰੂ ਜੀ ਨੇ ਹੁਕਮਨਾਮੇ ਜਾਰੀ ਕਰਕੇ ਆਪਣੇ ਸ਼ਰਧਾਲੂ ਸਿੱਖਾਂ ਰਾਹੀਂ ਪੰਜਾਬ ਵਿਚ

ਆਪਣੇ ਪੈਰੋਕਾਰਾਂ ਨੂੰ ਭੇਜੇ ਤਾਂ ਜੋ ਉਹ ਗੁਰਬਖਸ਼ ਸਿੰਘ ਦੀ, ਜਿਸਦੀ ਬੋਲ-ਬਾਣੀ ਵਿਚ ਪੰਜਾਬੀ ਦੀ ਬਜਾਏ ਮਰਾਠੀ ਸਬਦਾਂ ਦੀ ਭਰਮਾਰ ਸੀ, ਅਸਲੀਅਤ ਤੇ ਸ਼ੱਕ ਨਾ ਕਰਨ। ਗੁਰੂ ਜੀ ਨੇ ਆਪਣੇ ਹੁਕਮਨਾਮਿਆਂ ਵਿਚ ਆਗਿਆ ਕੀਤੀ ਕਿ ਗੁਰਬਖਸ਼ ਸਿੰਘ ਨੂੰ ਨਾ ਕੇਵਲ ਉਹਨਾਂ ਦਾ ਸਭ ਤੋਂ ਵੱਧ ਭਰੋਸੇਯੋਗ ਬੰਦਾ ਹੀ ਸਮਝਿਆ ਜਾਵੇ ਸਗੋਂ ਉਹਨਾਂ ਦਾ ਹੀ ਰੂਪ ਸਮਝਿਆ ਜਾਵੇ ਅਤੇ ਉਸਨੂੰ ਉਹੀ ਸਤਿਕਾਰ ਅਤੇ ਆਗਿਆ ਪਾਲਣ ਦਿਤਾ ਜਾਵੇ ਜੋ ਉਹ ਆਪਣੇ ਪਿਆਰੇ ਗੁਰੂ ਨੂੰ ਦਿੰਦੇ ਹਨ।

ਗੁਰੂ ਜੀ ਨੇ ਆਪਣੇ ਤਰਕਸ਼ ਵਿਚੋਂ ਚਾਂਦੀ ਵਾਂਗ ਚਮਕਦੇ ਪੰਜ ਤੀਰ ਕੱਢ ਗੁਰਬਖਸ਼ ਸਿੰਘ ਨੂੰ ਸੌਂਪ ਦਿੱਤੇ। ਇਹ ਰਸਮ ਗੁਰੂ ਜੀ ਦੇ ਇਸ ਫੈਸਲੇ ਨੂੰ ਸੰਕੇਤਿਕ ਤੌਰ ਤੇ ਦਰਸਾਉਣ ਲਈ ਸੀ ਕਿ ਉਹਨਾਂ ਤੋਂ ਬਾਅਦ ਗੁਰਬਖਸ਼ ਸਿੰਘ ਦੇ ਹੁਕਮਾਂ ਦਾ ਉਹੀ ਸਤਿਕਾਰ ਅਤੇ ਆਗਿਆ ਪਾਲਣ ਕਰਨਾ ਹੈ ਜਿਵੇਂ ਕਿ ਇਹ ਗੁਰੂ ਜੀ ਦੇ ਆਪਣੇ ਮੁੱਖ ਤੋਂ ਆਖੇ ਗਏ ਹੋਣ।

ਗੁਰੂ ਜੀ ਵੱਲੋਂ ਬੰਦੇ ਨੂੰ ਦੁਨਿਆਵੀ ਤਾਕਤ ਬਖਸ਼ਣ ਦੀ ਰਸਮ ਨੂੰ ਬਾਬਿਆਂ ਵੱਲੋਂ ਪ੍ਰਤੱਖ ਸਹਿਮਤੀ ਸੀ ਜਿਹਨਾਂ ਨੇ ਇਸ ਨਾਲ ਸਬੰਧਤ ਸਾਰੇ ਵਿਚਾਰ ਵਟਾਂਦਰੇ 'ਚ ਅਤੇ ਘੜੇ ਗਏ ਮਨਸੂਬਿਆਂ 'ਚ ਸੰਜੀਵ ਰੂਪ ਵਿਚ ਸ਼ਮੂਲੀਅਤ ਕੀਤੀ ਸੀ। ਗੁਰੂ ਜੀ ਇਕ ਸੱਚੇ ਲੋਕਰਾਜੀ ਸਨ ਜਿਨ੍ਹਾਂ ਨੇ ਚਮਕੌਰ 'ਚ ਪੰਜ ਪਿਆਰਿਆਂ ਦਾ ਉਹ ਹੁਕਮ ਵੀ ਖੁਸ਼ੀ-ਖੁਸ਼ੀ ਮੰਨ ਲਿਆ ਸੀ ਜਿਹੜਾ ਕਿ ਸਬੰਧਤ ਮਸਲੇ ਤੇ ਉਹਨਾਂ ਦੀ ਨਿਜੀ ਰਾਏ ਦੇ ਉਲਟ ਸੀ। ਇਸੇ ਲਈ ਗੁਰਬਖਸ਼ ਸਿੰਘ ਨੂੰ ਦੁਨਿਆਵੀ ਤਾਕਤ ਸੌਂਪਣ ਦੇ ਫੈਸਲੇ ਅਤੇ ਯੁੱਧ ਨੀਤੀ ਘੜਨ ਸਮੇਂ ਬਾਬਿਆਂ ਦੇ ਵਿਚਾਰਾਂ ਨੂੰ ਵੀ ਪੂਰੀ ਗੰਭੀਰਤਾ ਨਾਲ ਸੁਣਿਆ ਅਤੇ ਵਿਚਾਰਿਆ ਗਿਆ ਸੀ।

ਗੁਰਬਖਸ਼ ਸਿੰਘ ਨੂੰ ਨਾਦੇੜ ਤੋਂ ਕੂਚ ਕਰਨ ਦੀ ਤਿਆਰੀ ਕਰਨ ਲਈ ਆਖ ਦਿਤਾ ਗਿਆ। ਆਮ ਤੌਰ ਤੇ ਆਖਿਆ ਜਾਂਦਾ ਹੈ ਕਿ ਵਿਛੜਨ ਸਮੇਂ ਗੁਰੂ ਜੀ ਨੇ ਜੋਰ ਦੇ ਕੇ ਆਖਿਆ "ਪੀਰ ਬੁੱਧੂ ਸ਼ਾਹ ਨੇ ਭੰਗਾਣੀ ਦੇ ਯੁੱਧ ਵਿਚ ਮੇਰੀ ਉਸ ਸਮੇਂ ਮੱਦਦ ਕੀਤੀ ਸੀ ਜਦੋਂ ਭਾੜੇ ਦੇ ਪਠਾਣ ਸੈਨਿਕ ਅਤੇ ਉਦਾਸੀ ਮਹੰਤ ਮੈਨੂੰ ਧੋਖਾ ਦੇ ਗਏ ਸਨ। ਸੰਢੋਰੇ ਦੇ ਮੁਖੀ ਉਸਮਾਨ ਖਾਨ ਨੇ ਪੀਰ ਬੁੱਧੂ ਸ਼ਾਹ ਨੂੰ ਸਿਰਫ ਇਸ ਲਈ ਤਸੀਹੇ ਦੇ ਕੇ ਮਾਰਿਆ ਸੀ ਕਿ ਉਸ ਨੇ ਮੇਰੀ ਮੱਦਦ ਕੀਤੀ ਸੀ। ਉਸਮਾਨ ਖਾਨ ਨਿਤ ਦਿਨ ਹਿੰਦੂਆਂ ਦੀ ਬੇਇਜ਼ਤੀ ਕਰ ਉਹਨਾਂ ਨੂੰ ਜ਼ਲੀਲ ਕਰਦਾ ਸੀ। ਉਸਨੂੰ ਤੇ ਉਸਦੇ ਅਹਿਲਕਾਰਾਂ ਨੂੰ ਪਾਰ ਬੁਲਾ ਕੇ ਉਸ ਦੇ ਗਵਾਂਢ ਦੇ ਪਿੰਡਾਂ ਅਤੇ ਕਸਬਿਆਂ ਦੇ ਮੁਸਲਮਾਨਾਂ ਨੂੰ ਵੀ ਅਕਲ ਸਿੱਖਾਈ। ਇਹ ਕੰਮ ਮੁਕਾ ਕੇ ਫਿਰ ਸਰਹਿੰਦ ਦੇ ਨਵਾਬ ਵਜੀਰ ਖਾਨ ਦੀ ਵਾਰੀ ਹੈ।" ਇਹ ਵੀ ਆਖਿਆ ਜਾਂਦਾ ਹੈ ਕਿ ਗੁਰੂ ਜੀ ਨੇ ਬੰਦੇ ਨੂੰ ਅਗਿਆ ਕੀਤੀ ਸੀ ਕਿ ਵਜੀਰ ਖਾਂਨ ਦਾ ਸਿਰ ਖੁਦ ਕਲਮ ਕਰੀ ਤੇ ਕਿਸੇ ਹੋਰ ਨੂੰ ਇਹ ਜਿੰਮੇਵਾਰੀ ਨਾ ਦਈਂ। ਪਰ ਇਹ ਗੱਲ ਮੁਢਲੀ ਸਿੱਖ ਫਿਲਾਸਫੀ ਦੇ ਵੀ ਅਨੁਕੂਲ ਨਹੀਂ ਤੇ ਨਾ ਹੀ ਮਹਾਨ ਗੁਰੂ ਜੀ ਦੇ ਸੁਭਾਅ ਦੇ ਅਨੁਕੂਲ ਹੈ। ਸੋ ਇਸ ਗੱਲ ਤੇ ਯਕੀਨ ਨਹੀਂ ਬਝਦਾ। ਗੁਰੂ ਜੀ ਵਜੀਰ ਖਾਨ ਨੂੰ ਉਸਦੇ ਘਿਨਾਉਣੇ ਜੁਰਮਾਂ ਦੀ ਸਜਾ ਤਾਂ ਜਰੂਰ ਦੇਣੀ ਚਾਹੁੰਦੇ ਸਨ ਪਰ ਉਹ ਇੰਨੇ ਬਦਲਾ ਲਊ ਬਿਲਕੁਲ ਨਹੀਂ ਸਨ। ਪ੍ਰਤੱਖ ਤੌਰ ਤੇ ਇਹ ਕਹਾਣੀਆਂ ਸਿੱਖਾਂ ਨੇ ਉਦੋਂ ਘੜੀਆਂ ਜਦੋਂ ਮੁਗਲ ਬਾਦਸ਼ਾਹ ਫਰੁਖਸੀਅਰ ਅਤੇ ਜਕਰੀਆ ਖਾਨ ਵਰਗੇ ਸੂਬੇਦਾਰ ਅਤੇ ਫੌਜਦਾਰ ਸਿੱਖਾਂ ਨੂੰ ਦਬਾਉਣ ਹਿਤ ਵਹਿਸ਼ੀਪੁਣੇ ਦੇ ਸਭ ਹੱਦ-

ਬੰਨੇ ਹੀ ਟੱਪ ਗਏ। ਸਿੱਖਾਂ ਦਾ ਬੀਜ ਨਾਸ ਕਰ ਦਿਉ ਦੇ ਸ਼ਾਹੀ ਫੁਰਮਾਨ ਨੇ ਉਹਨਾਂ ਨੂੰ ਇੰਨੇ ਵਹਿਸ਼ੀ ਤੇ ਪਾਗਲ ਬਣਾ ਦਿਤਾ ਸੀ ਕਿ ਬਾਦਸ਼ਾਹ ਪਾਸੋਂ ਇਨਾਮ ਪ੍ਰਾਪਤ ਕਰਨ ਲਈ ਉਹ ਸਿੱਖਾਂ ਦੇ ਸਿਰ ਇਕੱਠੇ ਕਰਦੇ ਸਨ ਤੇ ਅਜਿਹਾ ਕਰਨ ਲੱਗੇ ਉਹ ਇਹ ਵੀ ਨਹੀਂ ਸਨ ਦੇਖਦੇ ਕਿ ਇਹ ਅਮਨ ਪਸੰਦ ਸ਼ਹਿਰੀ ਹੈ ਜਾਂ ਜੁਝਾਰੂ ਸਿੰਘ। ਖਿਤਾਬ ਅਤੇ ਦੋਸ਼ਾਲੇ ਆਦਿ ਪ੍ਰਾਪਤ ਕਰਨ ਦੀ ਲਾਲਸਾ ਕਾਰਨ ਪਹਾੜੀ ਹਿੰਦੂ ਰਾਜੇ ਵੀ ਸਿੱਖਾਂ ਦੇ ਸਿਰ ਇਕੱਠੇ ਕਰਨ 'ਚ ਪਿਛੇ ਨਹੀਂ ਸਨ ਰਹੇ। ਸੋ ਅਜਿਹੇ ਹਾਲਾਤ ਵਿਚ ਸੱਚ ਦਾ ਪੱਲਾ ਕਿਸ ਨੇ ਫੜਕੇ ਰੱਖਣਾ ਸੀ। ਮੁਸਲਿਮ ਹਕੂਮਤ ਦੇ ਵਿਰੁਧ ਇਕਠੇ ਹੋਏ ਰੋਹ ਨੇ ਸਾਰੇ ਮੁਸਲਮ ਸਮਾਜ ਨੂੰ ਹੀ ਆਪਣਾ ਨਿਸ਼ਾਨਾ ਬਣਾ ਧਰਿਆ। ਮੁਸਲਮਾਨਾਂ ਵਿਰੁੱਧ ਕੱਢੇ ਜਾ ਰਹੇ ਆਪਣੇ ਗੁੱਸੇ ਨੂੰ ਜਾਇਜ਼ ਠਹਿਰਾਉਣ ਲਈ ਸਿੱਖਾਂ ਨੇ ਅਜਿਹੀਆਂ ਕਹਾਣੀਆਂ ਘੜ ਲਈਆਂ ਕਿ ਇਹ ਗੁਰੂ ਜੀ ਦੇ ਹੁਕਮ ਅਨੁਸਾਰ ਹੈ।

ਸੰਖੇਪ ਵਿਚ ਆਖੀਏ, ਗੁਰੂ ਜੀ ਨੂੰ ਬੰਦੇ ਦੀ ਯੋਗਤਾ ਤੇ ਪੂਰਨ ਭਰੋਸਾ ਸੀ ਕਿ ਉਹ ਮੁਗਲਾਂ ਦੀ ਜਾਲਮ ਹਕੂਮਤ ਵਿਰੁੱਧ ਖਾਲਸਾਈ ਧਰਮ-ਯੁੱਧ ਦੀ ਅਗਵਾਈ ਕਰ ਸਕੇਗਾ। ਗੁਰੂ ਜੀ ਦਾ ਹੁਕਮ ਵਜੀਰ ਖਾਨ ਦਾ, ਉਸਦੇ ਜੁਲਮਾਂ ਦੀ ਸਜਾ ਦੇ ਤੌਰ ਤੇ, ਸਿਰ ਕਲਮ ਕਰਨ ਤੱਕ ਦਾ ਹੀ ਸੀ। ਬਾਕੀ ਦੀਆਂ ਸਭ ਕਹਾਣੀਆਂ ਮਨ ਘੜੰਤ ਨੇ।

****

ਨਾਦੇੜ ਨੂੰ ਅਲਵਿਦਾ

ਬੈਰਾਗੀ ਆਪਣੇ ਨਵੇਂ ਰੂਪ ਵਿਚ ਗੁਰਬਖਸ਼ ਸਿੰਘ ਬਣ ਗਿਆ ਸੀ ਤੇ ਹੁਣ ਉਹ ਨਾਦੇੜ ਨੂੰ ਛੱਡ ਜਲਦੀ ਤੋਂ ਜਲਦੀ ਸਰਹਿੰਦ ਦੇ ਸੂਬੇਦਾਰ ਵਜੀਰ ਖਾਨ ਨਾਲ ਦੋ ਹੱਥ ਕਰਨੇ ਲੋਚਦਾ ਸੀ। ਪਰ ਫਿਰ ਵੀ ਉਹ ਕਿਸੇ ਨਾ ਕਿਸੇ ਬਹਾਨੇ ਆਪਣੀ ਰਵਾਨਗੀ ਨੂੰ ਅੱਗੇ ਪਾਈ ਜਾ ਰਿਹਾ ਸੀ। ਉਸਨੂੰ ਸੁਪਨੇ ਵਿਚ ਦਿਖਾਈ ਦਿਤਾ ਕਿ ਗੁਰੂ ਜੀ ਇਕ ਜਾਨ ਲੇਵਾ ਜ਼ਖਮ ਕਾਰਨ ਆਪਣੇ ਅੰਤਲੇ ਸਮੇਂ ਵੱਲ ਵੱਧ ਰਹੇ ਹਨ। ਭਾਵੇਂ ਆਪਣੇ ਇਸ ਸੁਪਨੇ ਬਾਰੇ ਉਸਨੇ ਕਿਸੇ ਨਾਲ ਗੱਲ ਨਹੀਂ ਸੀ ਕੀਤੀ ਪਰ ਉਸਨੂੰ ਆਪਣੇ ਮਨ ਅੰਦਰ ਇਹ ਯਕੀਨ ਬੱਝ ਗਿਆ ਸੀ ਕਿ ਕੁਝ ਭਿਆਨਕ ਵਾਪਰਨ ਵਾਲਾ ਹੈ ਅਤੇ ਗੁਰੂ ਜੀ ਦਾ ਅੰਤਲਾ ਸਮਾਂ ਨੇੜੇ ਹੀ ਹੈ। ਇਸ ਸੁਪਨੇ ਤੋਂ ਇਲਾਵਾ ਉਸਦੇ ਪੁਰਾਣੇ ਤਜਰਬੇ ਦੇ ਅਧਾਰ ਤੇ ਉਹਦੇ ਮਨ ਅੰਦਰ ਬੈਠੀ ਹੋਈ ਇਹ ਗੱਲ ਕਿ ਜਿਹੜਾ ਵੀ ਕੋਈ ਉਸ ਤੇ ਮਿਹਰਬਾਨ ਹੁੰਦਾ ਹੈ ਉਹ ਛੇਤੀ ਹੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਦਿੰਦਾ ਹੈ, ਉਸਨੂੰ ਜਾਣ ਤੋਂ ਰੋਕ ਰਹੀ ਸੀ। ਉਸ ਦੀ ਦਿਲੀ ਇਛਾ ਸੀ ਕਿ ਗੁਰੂ ਜੀ ਦੇ ਅੰਤਲੇ ਸਮੇਂ ਉਹ ਉਹਨਾਂ ਦੇ ਸਨਮੁਖ ਹੋਵੇ।

ਜਿਸ ਦਾ ਬੰਦੇ ਨੂੰ ਡਰ ਸੀ ਉਹ ਘਟਨਾ ਵਾਪਰ ਹੀ ਗਈ। ਸਿੱਖਾਂ ਦੇ ਕਹਿਣ ਅਨੁਸਾਰ ਪੈਂਦਾ ਖਾਂ ਪਠਾਣ, ਜਿਸਦੀ ਮੌਤ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਹੱਥੋਂ ਹੋਈ ਸੀ, ਦੇ ਪੋਤਰੇ ਗੁਲ ਖਾਨ ਨੇ ਆਪਣੇ ਦਾਦੇ ਦੀ ਮੌਤ ਦਾ ਬਦਲਾ ਲੈਣ ਦੀ ਨੀਯਤ ਨਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਛੁਰੇ ਦੇ ਵਾਰ ਨਾਲ ਜ਼ਖਮੀ ਕਰ ਦਿਤਾ। ਪਰ ਮੈਕਾਲਿਫ ਇਸ ਬ੍ਰਿਤਾਂਤ ਨਾਲ ਸਹਿਮਤ ਨਹੀਂ। ਉਹ ਲਿਖਦਾ ਹੈ "ਬਹਾਦਰ ਸ਼ਾਹ ਦੇ ਇਤਿਹਾਸ ਵਿਚ ਦਿਤਾ ਗਿਆ ਬ੍ਰਿਤਾਂਤ ਜਿਆਦਾ ਠੀਕ ਲਗਦਾ ਹੈ। ਇਸ ਅਨੁਸਾਰ ਗੁਰੂ ਜੀ ਧਾਰਮਿਕ ਜਨੂੰਨੀਆਂ, ਦੁਨੀਆਦਾਰਾਂ ਅਤੇ ਹੋਰ ਹਰ ਕਿਸਮ ਦੇ ਲੋਕਾਂ ਦੇ ਇਕੱਠਾਂ ਨੂੰ ਅਕਸਰ ਹੀ ਸੰਬੋਧਿਤ ਕਰਦੇ ਰਹਿੰਦੇ ਸਨ। ਅਜਿਹੇ ਹੀ ਇਕ ਇੱਕਠ ਵਿਚ ਇਕ ਅਜਿਹਾ ਅਫਗਾਨ ਬੈਠਾ ਸੀ ਜਿਹੜਾ ਕਿ ਅਕਸਰ ਹੀ ਅਜਿਹੀਆਂ ਜਨ ਸਭਾਵਾਂ ਵਿਚ ਹਾਜ਼ਰ ਰਹਿੰਦਾ ਸੀ। ਇਸ ਇੱਕਠ ਨੂੰ ਸੰਬੋਧਿਤ ਕਰਦਿਆਂ ਗੁਰੂ ਜੀ ਦੀ ਜ਼ੁਬਾਨ ਤੋਂ ਕੁਝ ਅਜਿਹੇ ਸ਼ਬਦ ਨਿਕਲੇ ਜਿਹੜੇ ਕਿ ਆਪਣੇ ਅਕੀਦੇ ਵਿਚ ਪਰਪੱਕ ਉਸ ਅਫਗਾਨ ਤੋਂ ਬਰਦਾਸ਼ਤ ਨਾ ਹੋਏ। ਉਸ ਅਫਗਾਨ ਨੇ ਗੁੱਸੇ ਵਿਚ ਆ ਕੇ ਗੁਰੂ ਜੀ ਦੀ ਮਹਾਨਤਾ ਜਾਂ ਮਾਣ-ਸਨਮਾਨ ਦੀ ਪ੍ਰਵਾਹ ਕੀਤਿਆਂ ਬਗੈਰ ਆਪਣੇ ਛੁਰੇ ਨਾਲ ਉਹਨਾਂ ਤੇ ਦੋ ਜਾਂ ਤਿੰਨ ਵਾਰ ਕਰ ਦਿੱਤੇ।" ਪਰ ਮੈਕਾਲਿਫ ਵੱਲੋਂ ਦਿਤਾ ਇਹ ਸਰਕਾਰੀ ਬ੍ਰਿਤਾਂਤ ਕਤਲ ਦੇ ਮਾਮਲੇ ਵਿਚ ਸਰਕਾਰਾਂ ਵੱਲੋਂ ਅਕਸਰ ਦਿਤੇ ਜਾਂਦੇ ਅਜਿਹੇ ਬਿਆਨਾਂ ਨਾਲ ਮੇਲ ਖਾਂਦਾ ਹੈ ਜਿਹੜੇ ਕਿ ਖਾਸ ਤੌਰ ਤੇ ਉਸ ਹਾਲਾਤ ਵਿਚ ਦਿਤੇ ਜਾਂਦੇ ਹਨ ਜਿਥੇ ਕਿ ਸਰਕਾਰ ਦਾ ਆਪਣਾ ਦਾਮਨ ਸਾਫ ਨਾ ਹੋਵੇ।

ਡਾ. ਗੰਡਾ ਸਿੰਘ ਲਿਖਦਾ ਹੈ "ਮੌਜੂਦ ਸਾਰੀਆਂ ਗਵਾਹੀਆਂ ਤੋਂ ਇਹ ਪ੍ਰਮਾਣਿਤ ਹੁੰਦਾ ਹੈ ਕਿ ਗੁਰੂ ਜੀ ਦੇ ਕਤਲ ਲਈ ਜਿੰਮੇਵਾਰ ਵਿਅਕਤੀ ਸਰਹਿੰਦ ਦੇ ਸੂਬੇਦਾਰ ਦੇ ਭਾੜੇ ਦੇ ਕਾਤਿਲ ਸਨ। ਸਰਹਿੰਦ ਦੇ ਸੂਬੇਦਾਰ ਨੂੰ ਆਪਣੇ ਵਹਿਸ਼ੀ ਕਾਰਨਾਮਿਆਂ ਕਾਰਨ ਗੁਰੂ ਸਾਹਿਬ ਵੱਲੋਂ ਬਦਲਾ ਲੈਣ ਦਾ ਖਤਰਾ ਸੀ। ਇਸ ਲਈ ਉਸਨੇ ਭਾੜੇ ਦੇ ਕਾਤਲਾਂ ਨੂੰ ਮੌਕਾ ਮਿਲਦੇ ਹੀ ਗੁਰੂ ਸਾਹਿਬ ਦਾ ਸਫਾਇਆ ਕਰਨ ਲਈ ਭੇਜਿਆ।" ਬਿਨਾਂ ਸ਼ੱਕ ਇਹ ਇਕ ਛੜਯੰਤਰ ਸੀ ਪਰ ਇਹ ਸਾਬਤ ਕਰਨਾ ਬਹੁਤ ਮੁਸ਼ਕਿਲ ਹੈ ਕਿ ਇਸ ਲਈ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਅਤੇ ਸਰਹਿੰਦ ਦੇ ਸੂਬੇਦਾਰ ਵਿਚੋਂ ਕੌਣ ਕਿੰਨਾ ਦੋਸ਼ੀ ਹੈ।

ਗੁਰਬਖਸ਼ ਸਿੰਘ ਨੂੰ ਭਾਵੇਂ ਇਸ ਕਤਲ ਨਾਲ ਬਹੁਤ ਝਟਕਾ ਲੱਗਿਆ ਪਰ ਇਸ ਲਈ ਉਹ ਕਿਸੇ ਨੂੰ ਦੋਸ਼ ਦੇਣ ਦੀ ਬਜਾਏ ਮੁਕੱਦਰ ਦਾ ਹੀ ਖੇਲ ਮੰਨਦਾ ਸੀ। ਉਸ ਦਾ ਵਿਸ਼ਵਾਸ ਸੀ ਕਿ ਇਹੀ ਪ੍ਰਮਾਤਮਾ ਦੀ ਰਜ਼ਾ ਹੈ।

ਡਾ. ਗੋਪਾਲ ਸਿੰਘ ਲਿਖਦਾ ਹੈ "ਜਖਮ ਤੁਰੰਤ ਹੀ ਸੀ ਦਿਤਾ ਗਿਆ ਅਤੇ ਉਸਦੀ ਮਲ੍ਹਮ ਪੱਟੀ ਕਰ ਦਿਤੀ ਗਈ। ਭਾਈ ਸੰਤੋਖ ਸਿੰਘ ਅਨੁਸਾਰ ਚੌਥੇ ਦਿਨ ਗੁਰੂ ਜੀ ਦਰਬਾਰ ਵਿਚ ਹਾਜ਼ਰ ਹੋਏ ਅਤੇ ਜ਼ਖਮ ਠੀਕ ਹੋ ਗਿਆ ਮਾਲੂਮ ਹੁੰਦਾ ਸੀ। ਪਰ ਅੱਧੀ ਰਾਤ ਸਮੇਂ ਜਦੋਂ ਗੁਰੂ ਜੀ ਨੇ ਅੰਗੜਾਈ ਲਈ ਤਾਂ ਜਖਮ ਫਿਰ ਖੁਲ ਗਿਆ।" ਜਦੋਂ ਬਾਦਸ਼ਾਹ ਨੂੰ ਗੁਰੂ ਜੀ ਦੀ ਚਿੰਤਾਜਨਕ ਹਾਲਤ ਦਾ ਪਤਾ ਲੱਗਿਆ ਤਾਂ ਉਸਨੇ ਹੁਕਮ ਕੀਤਾ ਕਿ ਤੁੰਰਤ ਦਿੱਲੀ ਤੋਂ ਜਿਰਾਹ ਭੇਜੇ ਜਾਣ ਜੋ ਕਿ ਗੁਰੂ ਜੀ ਦਾ ਇਲਾਜ ਕਰਨ। ਸੱਯਦ ਮੁਹੰਮਦ ਲਤੀਫ ਲਿਖਦਾ ਹੈ "ਦਿੱਲੀ ਤੋਂ ਗਏ ਜਿਰਾਹਾਂ ਨੇ ਜਖਮ ਨੂੰ ਮੁੜ ਸੀਤਾ ਪਰ ਗੁਰੂ ਜੀ ਬੇਚੈਨ ਸਨ। ਉਹ ਪਾਲਕੀ ਵਿਚ ਸਵਾਰ ਹੋ ਕੇ ਦੱਖਣ ਵੱਲ ਨੂੰ ਚਲ ਪਏ ਤਾਂ ਜੋ ਹਵਾ-ਪਾਣੀ ਦੀ ਤਬਦੀਲੀ ਨਾਲ ਉਹ ਕੁਝ ਤਾਜਾ ਦਮ ਹੋ ਸਕਣ। ਜਦੋਂ ਇਹ ਨਾਦੇੜ ਦੇ ਕਸਬੇ ਦੇ ਪਾਸ ਪਹੁੰਚੇ ਤਾਂ ਉਹ ਬਹੁਤ ਕਮਜੋਰ ਹੋ ਗਏ ਸਨ ਤੇ ਉਹਨਾਂ ਆਪਣੇ ਚੇਲਿਆਂ ਨੂੰ ਰੁਕਣ ਲਈ ਆਖਿਆ। ਉਹਨਾਂ ਆਖਿਆ ਕਿ ਉਹਨਾਂ ਦਾ ਅੰਤਲਾ ਸਮਾਂ ਆ ਗਿਆ ਹੈ ਅਤੇ ਹੁਣ ਦਵਾ-ਦਾਰੂ ਦਾ ਕੋਈ ਫਾਇਦਾ ਨਹੀਂ । ਉਹਨਾਂ ਗਰੀਬਾਂ ਨੂੰ ਖੈਰਾਤ ਵੰਡਣ ਤੇ ਇਕ ਯੱਗ ਕਰਨ ਲਈ ਆਪਣੇ ਸਰਧਾਲੂਆਂ ਨੂੰ ਕਿਹਾ। ਗੁਰੂ ਜੀ ਦੇ ਹੁਕਮਾਂ ਅਨੁਸਾਰ ਹਜ਼ਾਰਾਂ ਬ੍ਰਾਹਮਣਾਂ ਨੂੰ ਭੋਜਨ ਛਕਾਇਆ ਗਿਆ ਅਤੇ ਖੈਰਾਤ ਵਜੋਂ ਉਹਨਾਂ ਨੂੰ ਧਨ ਵੰਡਿਆ ਗਿਆ।"

ਇੰਝ ਲਗਦਾ ਹੈਂ ਕਿ ਉਸ ਸਮੇਂ ਵੀ ਸਿੱਖ ਮਾਨਸਿਕਤਾ ਪ੍ਰੰਪਰਿਕ ਬ੍ਰਾਹਮਣਵਾਦ ਦੇ ਗੱਲਬੇ ਤੋਂ ਅਜ਼ਾਦ ਨਹੀਂ ਸੀ ਹੋ ਸਕੀ। ਬ੍ਰਾਹਮਣ ਨੂੰ ਪਰਲੋਕ ਵਿਚ ਬੈਠੇ ਭਗਵਾਨ ਅਤੇ ਮਿਰਤ ਲੋਕ ਵਿਚ ਰਹਿਦੇ ਇਨਸਾਨ ਦਰਮਿਆਨ ਵਿਚੋਲਾ ਸਮਝਿਆ ਜਾਂਦਾ ਸੀ ਅਤੇ ਉਸਦੀ ਸੇਵਾ ਕਰਨ ਤੇ ਭੋਜਨ ਛਕਾਉਣ ਤੋਂ ਬਿਨਾਂ ਅਧਿਆਤਮਕ ਤੌਰ ਤੇ ਕੋਈ ਵੀ ਸੁਖ-ਸਹੂਲਤ ਪ੍ਰਾਪਤ ਨਹੀਂ ਸੀ ਹੋ ਸਕਦੀ। ਅਜਿਹੀ ਸੋਚ ਦਾ ਕਾਰਨ ਲੱਭਣਾ ਔਖਾ ਨਹੀਂ। ਬ੍ਰਾਹਮਣ ਅਤੇ ਖਾਸ ਤੌਰ ਤੇ ਛਿੱਬਰ ਬ੍ਰਾਹਮਣ ਗੁਰੂਆਂ ਦੇ ਬਹੁਤ ਨਜਦੀਕੀ ਰਹੇ ਸਨ। ਚੋਪਾ ਸਿੰਘ ਜੋ ਕਿ ਇਕ ਛਿੱਬਰ ਬ੍ਰਾਹਮਣ ਸੀ (ਮ੍ਰਿਤੂ ਸਨ 1723) ਅੰਤਲੇ ਸਮੇਂ ਗੁਰੂ ਜੀ ਦੇ ਪਾਸ ਸੀ। ਇਸ ਲਈ ਗੁਰੂ ਜੀ ਦੀ ਅੰਤਿਮ ਕਿਰਿਆ ਸਮੇਂ ਬ੍ਰਹਾਮਣੀ ਪ੍ਰਭਾਵ ਜਰੂਰ ਹੀ ਪੈਣਾ ਸੀ। ਜਿਕਰ ਯੋਗ ਹੈ ਕਿ ਕੇਸਰ ਸਿੰਘ ਛਿੱਬਰ ਅਨੁਸਾਰ ਮਾਤਾ ਜੀਤੋ ਜੀ ਦੇ ਸੰਨ 1700'ਚ ਸਵਰਗਵਾਸ ਹੋਣ ਤੇ ਸਾਰੀਆਂ ਰੀਤਾਂ ਰਸਮਾਂ ਸ਼ਾਸ਼ਤਰਾਂ ਅਨੁਸਾਰ ਕੀਤੀਆਂ ਗਈਆਂ ਸਨ

ਸਿਵਾਏ ਸਾਹਿਬਜ਼ਾਦਿਆਂ ਦਾ ਭੱਦਣ ਕਰਨ ਦੇ (ਸਿਰਫ ਸਾਹਿਬਜਾਦਿਆਂ ਦੇ ਸਿਰ ਨਹੀਂ ਮੁੰਡਵਾਏ ਗਏ)। ਗੁਰੂ ਸਾਹਿਬ ਨੇ ਖੁਦ ਤਾਂ ਉਸ ਪ੍ਰਮਾਤਮਾ ਦੀ, ਇਕ ਹੈ ਅਤੇ ਸਰੂਪ ਰਹਿਤ ਹੈ, ਪ੍ਰਸੰਸਾ ਵਿਚ ਲਿਖਿਆ ਸੀ :

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨਾ ਮਾਨਯੋ ॥
ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨਾ ਜਾਨਯੋ ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨਾ ਕਹਯੋ ਸਭ ਤੋਹਿ ਬਖਾਨਯੋ ॥

ਆਪਣੇ ਅੰਤਲੇ ਸਵਾਸਾਂ ਤੱਕ ਗੁਰੂ ਸਾਹਿਬ ਇਸੇ ਚੋਪਈ ਦਾ ਪਾਠ ਕਰਦੇ ਰਹੇ। ਉਹਨਾਂ ਆਪਣੇ ਸੇਵਕਾਂ ਨੂੰ ਹੁਕਮ ਕੀਤਾ ਕਿ ਜਦੋਂ ਸਵਾਸ ਨਿੱਕਲ ਜਾਣ ਤਾਂ ਮੈਨੂੰ ਇਸ਼ਨਾਨ ਕਰਵਾ ਨਵੇਂ ਵੱਸਤ੍ਰ ਪਹਿਨਾ ਦੇਣੇ ਤੇ ਮੇਰੇ ਸਾਰੇ ਸ਼ਸ਼ਤ੍ਰ ਵੀ ਪਹਿਨਾ ਦੇਣੇ। ਇਹਨਾਂ ਸਮੇਤ ਹੀ ਮੈਨੂੰ ਅਗਨ ਭੇਟ ਕਰਨਾ।

ਗੁਰੂ ਜੀ ਦੀ ਅੰਤਿਮ ਕਿਰਿਆ ਉਹਨਾਂ ਦੀ ਆਗਿਆ ਅਨੁਸਾਰ ਹੀ ਕੀਤੀ ਗਈ। ਉਹਨਾਂ ਦੀਆਂ ਅਸਥੀਆਂ ਦੇ ਗੋਦਾਵਰੀ ਵਿਚ ਪ੍ਰਵਾਹ ਨਾਲ ਇਹ ਦਰਿਆ ਵੀ ਪਵਿਤਰ ਅਤੇ ਗੁਰੂ ਵਰਸੋਇਆ ਹੋ ਗਿਆ।

ਗੁਰੂ ਜ਼ੀ ਦੇ ਇਸ ਅਚਾਨਕ ਅਕਾਲ ਚਲਾਣੇ ਨਾਲ ਵੱਖਰੀ ਤਰਾਂ ਦੀਆਂ ਨਵੀਆਂ ਮੁਸ਼ਕਿਲਾਂ ਖੜੀਆਂ ਹੋ ਗਈਆਂ। ਜਦੋਂ ਗੁਰੂ ਸਾਹਿਬ ਹੀ ਨਹੀਂ ਰਹੇ ਤਾਂ ਉਹਨਾਂ ਦੇ ਹੁਕਮਨਾਮਿਆਂ ਦਾ ਕੀ ਮਹੱਤਵ ਹੋਵੇਗਾ ? ਪੰਜਾਬ ਵਿਚਲੇ ਸਿੱਖਾਂ ਨੂੰ ਕਿਵੇਂ ਯਕੀਨ ਦਿਵਾਇਆ ਜਾਵੇ ਕਿ ਗੁਰਬਖਸ਼ ਸਿੰਘ (ਬੰਦਾ ਬਹਾਦਰ) ਗੁਰੂ ਜੀ ਦਾ ਥਾਪਿਆ ਹੋਇਆ ਹੈ ਇਸ ਲਈ ਉਸਨੂੰ ਤਹਿ ਦਿਲੋਂ ਮੱਦਦ ਅਤੇ ਸਹਿਯੋਗ ਦਿਤਾ ਜਾਵੇ ? ਅਗਲਾ ਗੁਰੂ ਕੌਣ ਹੋਵੇਗਾ ? ਸਿੱਖਾਂ ਦਾ ਭਰੋਸਾ ਕਿਵੇਂ ਇਸ ਗੱਲ ਤੇ ਬੱਝੇਗਾ ਕਿ ਗੁਰੂ ਸਾਹਿਬ ਨੇ ਖੁਦ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਜਾਨਸ਼ੀਨ ਥਾਪਿਆ ਹੈ ? ਅਜਿਹੇ ਬਹੁਤ ਸਾਰੇ ਮਸਲੇ ਸਨ ਜਿਨ੍ਹਾਂ ਦਾ ਹੱਲ ਪੰਜਾਬ ਵੱਲ ਖਾਲਸੇ ਦੇ ਕੂਚ ਤੋਂ ਪਹਿਲਾਂ ਪਹਿਲਾਂ ਕਰਨਾ ਜਰੂਰੀ ਸੀ। ਇਹ ਸਾਰੇ ਮੱਸਲੇ ਬੇਹੱਦ ਮਹੱਤਵ ਪੂਰਨ ਸਨ।

ਬਾਬੇ ਗੁਰਬਖਸ਼ ਸਿੰਘ ਨੂੰ ਬਹੁਤਾ ਮਹੱਤਵ ਦੇਣਾ ਨਹੀਂ ਸਨ ਚਾਹੁੰਦੇ ਪਰ ਉਸ ਤੋਂ ਬਿਨਾਂ ਸਰਦਾ ਵੀ ਨਹੀਂ ਸੀ। ਇਹ ਇਕ ਗੁੰਝਲਦਾਰ ਮਸਲਾ ਸੀ ਤੇ ਜੇਕਰ ਇਸਦਾ ਕੋਈ ਸਰਵਪ੍ਰਵਾਨਤ ਹੱਲ ਨਹੀਂ ਨਿਕਲਦਾ ਸੀ ਤਾਂ ਇਹ ਗੁਰਬਖਸ਼ ਸਿੰਘ ਨਾਲੋ ਬਾਬਿਆਂ ਲਈ ਜਿਆਦਾ ਨੁਕਸਾਨਦਾਇਕ ਸੀ। ਕੁੱਝ ਮੁਢਲੀ ਹਿਚਕਚਾਹਟ ਪਿਛੋਂ ਬਾਬਿਆਂ ਨੇ ਸਿੱਖਾਂ ਨੂੰ ਇਹ ਯਕੀਨ ਦਿਵਾਉਣ ਦਾ ਜਿੰਮਾਂ ਆਪਣੇ ਸਿਰ ਲਿਆ ਕਿ ਖਾਲਸਾ ਪੰਥ ਦੀ ਅਗਵਾਈ ਗੁਰੂ ਸਾਹਿਬ ਗੁਰਬਖਸ਼ ਸਿੰਘ ਨੂੰ ਸੌਂਪ ਗਏ ਹਨ। ਦੂਸਰਾ ਫੈਸਲਾ ਇਹ ਕੀਤਾ ਗਿਆ ਕਿ ਪੰਜਾਬ ਦੇ ਸਿੱਖਾਂ ਨੂੰ ਗੁਰੂ ਜੀ ਦੀ ਮੌਤ ਦੀ ਖਬਰ ਦੀ ਜਾਣਕਾਰੀ ਤੁਰੰਤ ਨਾ ਦਿਤੀ ਜਾਵੇ ਸਗੋਂ ਇਹੀ ਦੱਸਿਆ ਜਾਵੇ ਕਿ ਉਹ ਦੱਖਣ ਵਿਚ ਮਰਹੱਟਿਆਂ ਦੀ ਮੱਦਦ ਪ੍ਰਾਪਤ ਕਰਨ ਵਿਚ ਮਸਰੂਫ ਹਨ। ਤੀਸਰਾ ਫੈਸਲਾ ਇਹ ਕੀਤਾ ਗਿਆ ਕਿ ਗੁਰਬਖਸ਼ ਸਿੰਘ ਦੀਆਂ ਦੈਵੀ ਸ਼ਕਤੀਆਂ ਦਾ ਪ੍ਰਚਾਰ ਇਹ ਆਖ ਕੇ ਕੀਤਾ ਜਾਵੇਗਾ ਕਿ ਇਹ ਸ਼ਕਤੀਆਂ ਉਸਨੂੰ ਗੁਰੂ

ਸਾਹਿਬ ਨੇ ਬਖਸ਼ੀਆਂ ਹਨ ਤੇ ਇਹਨਾਂ ਕਾਰਨ ਉਹ ਅਜਿੱਤ ਹੈ। ਦੂਸਰੇ ਬੰਨੇ ਗੁਰਬਖਸ਼ ਸਿੰਘ ਧਾਰਮਿਕ ਅਤੇ ਅਧਿਆਤਮਕ ਪੱਖਾਂ 'ਚ ਬਾਬਿਆਂ ਦੀ ਅਗਵਾਈ ਨੂੰ ਖੁੱਲੇ ਰੂਪ ਵਿਚ ਸਵੀਕਾਰ ਕਰੇਗਾ। ਗੁਰੂ ਜੀ ਦੇ ਅਕਾਲ ਚਲਾਣੇ ਦੀ ਖਬਰ ਆਮ ਲੋਕਾਂ ਨੂੰ ਕਦੋਂ ਅਤੇ ਕਿੱਥੇ ਨਸ਼ਰ ਕਰਨੀ ਹੈ ਇਸ ਦਾ ਫੈਸਲਾ ਬਾਬਿਆਂ ਤੇ ਛੱਡ ਦਿਤਾ ਗਿਆ।

ਮਾਤਾ ਸਾਹਿਬ ਦੇਵਾਂ ਮਾਤਾ ਸੁੰਦਰੀ ਪਾਸ ਦਿੱਲੀ ਛੱਡੇ ਜਾਣ ਦੇ ਫੈਸਲੇ ਤੋਂ ਨਾਖੁਸ਼ ਸੀ। ਪਰ ਇਸ ਤੋਂ ਇਲਾਵਾ ਹੋਰ ਕੋਈ ਚਾਰਾ ਵੀ ਨਹੀਂ ਸੀ। ਖਾਲਸੇ ਨੇ ਮੁਗਲਾਂ ਖਿਲਾਫ ਛਾਪਾਮਾਰੀ ਦੀ ਲੜਾਈ ਅਰੰਭਣੀ ਸੀ ਇਸ ਲਈ ਉਸਨੂੰ ਨਾਲ ਰੱਖ ਕੇ ਉਸ ਦੀ ਸੁਰੱਖਿਆ ਕਰਨੀ ਮੁਸ਼ਕਲ ਸੀ। ਸੋ ਮਾਤਾ ਸਾਹਿਬ ਦੇਵਾਂ ਨੂੰ ਦਿਲੀ ਪਹੁੰਚਾ ਦਿਤਾ ਗਿਆ।

ਗੁਰਬਖਸ਼ ਸਿੰਘ ਨੇ ਆਪਣੀ ਜ਼ਿੰਦਗੀ ਦੇ ਕਰੀਬ ਤੀਹ ਸਾਲ ਗੋਦਾਵਰੀ ਦੀ ਵਾਦੀ ਵਿਚ ਗੁਜਾਰੇ ਸਨ। ਸੋ ਉਸ ਲਈ ਇਸ ਜਗ੍ਹਾ ਨੂੰ ਛੱਡ ਤੁਰਨਾ ਸੌਖਾ ਨਹੀਂ ਸੀ। ਉਸਨੂੰ ਇਸ ਦਰਿਆ, ਇਸ ਵਾਦੀ ਅਤੇ ਆਪਣੇ ਡੇਰੇ ਨਾਲ ਭਾਵਨਾਤਮਿਕ ਸਾਂਝ ਸੀ ਤੇ ਇਸ ਸਬੰਧ ਨੂੰ ਇਕੋ ਝਟਕੇ ਨਾਲ ਤੋੜਨਾ ਸੌਖਾ ਨਹੀਂ ਸੀ। ਦੂਸਰੇ ਬੰਨੇ ਉਹ ਗੁਰੂ ਸਾਹਿਬ ਨੂੰ ਦਿਤੇ ਵਚਨ ਨੂੰ ਪੂਰਾ ਕਰਨ ਲਈ ਵੀ ਦ੍ਰਿੜ ਸੀ। ਉਸਨੂੰ ਪਤਾ ਸੀ ਕਿ ਜਦੋਂ ਇਕ ਵੇਰਾਂ ਉਸਨੇ ਨਾਦੇੜ ਛੱਡ ਦਿਤਾ ਤਾਂ ਮੁੜ ਉਸਦੀ ਜਿੰਦਗੀ ਪਹਿਲਾਂ ਵਾਲੀ ਨਹੀਂ ਰਹੇਗੀ। ਉਸਨੂੰ ਸਖਤ ਅਤੇ ਖਤਰਿਆਂ ਭਰਪੂਰ ਜ਼ਿੰਦਗੀ ਜਿਊਣੀ ਪਵੇਗੀ। ਮੁਗਲ ਹਕੂਮਤ ਨੂੰ, ਜਿਸ ਨੂੰ ਕਿ ਹਿੰਦੂ ਜੱਟਾਂ ਅਤੇ ਰਾਜਪੂਤ ਰਾਜਿਆਂ ਦੀ ਭਰਪੂਰ ਹਿਮਾਇਤ ਪ੍ਰਾਪਤ ਸੀ, ਖ਼ਤਮ ਕਰਨਾ ਕੋਈ ਬੱਚਿਆਂ ਦੀ ਖੇਡ ਨਹੀਂ ਸੀ। ਪਰ ਫਿਰ ਵੀ ਜਾਲਮ ਮੁਗਲ ਹਕੂਮਤ ਨਾਲ ਟੱਕਰ ਲੈਣ ਤੇ ਗੁਰੂ ਜੀ ਦੇ ਮਾਸੂਮ ਬੱਚਿਆਂ ਦੀ ਨਿਰਦਈ ਹੱਤਿਆ ਦਾ ਬਦਲਾ ਲੈਣ ਲਈ ਉਸਦਾ ਇਰਾਦਾ ਚਟਾਨ ਵਾਂਗ ਦ੍ਰਿੜ ਸੀ। ਗੁਰੂ ਜੀ ਦੀ ਘਿਨਾਉਣੀ ਹੱਤਿਆ ਨੇ ਉਸਦੇ ਇਸ ਇਰਾਦੇ ਨੂੰ ਸਗੋਂ ਹੋਰ ਵੀ ਮਜ਼ਬੂਤ ਕੀਤਾ। ਗੁਰੂ ਜੀ ਨੂੰ ਕਿਸ ਨੇ ਮਾਰਿਆ ਤੇ ਕਿਉਂ ਮਾਰਿਆ ਵਰਗੇ ਸਵਾਲਾਂ ਦਾ ਜਵਾਬ ਭਾਵੇਂ ਕੋਈ ਕੁਝ ਵੀ ਦੇਵੇ ਪਰ ਉਸਦੇ ਮਨ ਨੇ ਮੰਨ ਲਿਆ ਸੀ ਕਿ ਇਹ ਕਾਰਾ ਵਜੀਰ ਖਾਨ ਦਾ ਸੀ।

ਦਸੰਬਰ 1708 ਦੇ ਨੇੜੇ-ਤੇੜੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸਾ ਸੋਧ ਤੇ ਹੁਕਮਨਾਮਾ ਲੈ ਖਾਲਸੇ ਨੇ ਨਾਦੇੜ ਨੂੰ ਅਲਵਿਦਾ ਆਖ ਪੰਜਾਬ ਵੱਲ ਨੂੰ ਚਾਲੇ ਪਾ ਦਿਤੇ।

ਜਿਉਂ ਹੀ ਗੁਰਬਖਸ਼ ਸਿੰਘ ਉਰਫ ਬੰਦਾ ਬਹਾਦਰ ਨੇ ਆਪਣੇ ਪਸੰਦੀਦਾ ਨੀਲੇ ਘੋੜੇ ਦੀ ਰਕਾਬ 'ਚ ਪੈਰ ਰੱਖ ਕਾਠੀ ਤੇ ਬਲੂਕੀ ਮਾਰੀ ਉਸ ਉਚੀ ਅਵਾਜ 'ਚ ਆਖਿਆ ਅਲਵਿਦਾ ਨਾਦੇੜ, ਅਲਵਿਦਾ ਵਾਦੀ-ਏ-ਗੋਦਾਵਰੀ। ਵੇਖਦਿਆਂ ਹੀ ਵੇਖਦਿਆਂ ਖਾਲਸਿਆਂ ਦੇ ਘੋੜਿਆਂ ਦੇ ਸੁੰਮਾਂ ਨਾਲ ਉਡਾਈ ਧੂੜ ਵਿਚ ਨਾਦੇੜ ਦਾ ਕਸਬਾ ਅਦ੍ਰਿਸ਼ ਹੋ ਗਿਆ।

****

ਸ਼ਿਵਾਲਿਕ ਦੀਆਂ ਪਹਾੜੀਆਂ ਦਾ ਗੁਪਤ ਸਰਵੇਖਣ

ਬੰਦਾ ਬਹਾਦਰ ਦੀ ਅਗਵਾਈ ਵਾਲਾ ਇਹ ਇਕ ਛੋਟਾ ਜਿਹਾ ਜੱਥਾ ਸੀ। ਇਸ ਜੱਥੇ ਵਿਚ ਮਾਤਾ ਸਾਹਿਬ ਕੌਰ ਅਤੇ ਭਾਈ ਮਨੀ ਸਿੰਘ, ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ ਤੇ ਬਾਬਾ ਬਾਜ ਸਿੰਘ ਸਮੇਤ ਕੋਈ ਵੀਹ ਤੋਂ ਤੀਹ ਜਣੇ ਹੀ ਸਨ। ਤਿੰਨਾਂ ਬਾਬਿਆਂ ਉਪਰ ਬੰਦਾ ਬਹਾਦਰ ਦੁਆਰਾ ਅਪਣਾਏ ਨਵੇਂ ਧਰਮ ਦੀ ਉਸਨੂੰ ਸਿਖਿਆ ਦੇਣ ਦੀ ਜਿੰਮੇਵਾਰੀ ਵੀ ਸੀ। ਉਸਨੂੰ ਦਿੱਲੀ ਪਹੁੰਚ ਮਾਤਾ ਸਾਹਿਬ ਕੌਰ ਨੂੰ ਮਾਤਾ ਸੁੰਦਰੀ ਦੇ ਡੇਰੇ ਛੱਡਣ ਦੀ ਕਾਹਲ ਸੀ ਕਿਉਂਕਿ ਉਸਦੀ ਮੌਜੂਦਗੀ ਬੰਦੇ ਵੱਲੋਂ ਕੀਤੀ ਜਾਣ ਵਾਲੀ ਕਿਸੇ ਵੀ ਕਾਰਵਾਈ ਵਿਚ ਰੁਕਾਵਟ ਬਣਦੀ ਸੀ। ਮਾਤਾ ਜੀ ਦੀ ਸੁਰਖਿਆ ਉਸਦੀ ਪ੍ਰਾਥਮਿਕ ਜਿੰਮੇਵਾਰੀ ਸੀ। ਸੋ ਇਨ੍ਹਾਂ ਹਾਲਾਤਾਂ ਵਿਚ ਬੰਦੇ ਵੱਲੋਂ ਲੰਬੇ ਰਸਤੇ ਰਾਹੀ ਦਿੱਲੀ ਦਾ ਰੁਖ ਕਰਨ ਦਾ ਸਵਾਲ ਹੀ ਨਹੀਂ ਪੈਂਦਾ ਸੀ ਜਿਵੇਂ ਕਿ ਡਾ. ਹਰੀ ਰਾਮ ਗੁਪਤਾ ਦਾ ਸੁਝਾਅ ਹੈ। ਡਾ.ਗੁਪਤਾ ਲਿਖਦਾ ਹੈ "ਨਾਦੇੜ ਤੋਂ ਹਿਸਾਰ (ਹਰਿਆਣਾ) ਦਾ ਫਾਸਲਾ 1600 ਕਿਲੋਮੀਟਰ ਹੈ ਤੇ ਜੇਕਰ ਬੰਦਾ ਇਕ ਦਿਨ ਵਿਚ 10 ਮੀਲ ਜਾਂ 16 ਕਿਲੋਮੀਟਰ ਦਾ ਸਫਰ ਵੀ ਤਹਿ ਕਰਦਾ ਤਾਂ ਇਸ ਸਫਰ ਨੂੰ ਕੇਵਲ 100 ਦਿਨ ਹੀ ਲੱਗਣੇ ਚਾਹੀਦੇ ਸਨ ਪਰ ਉਸਨੇ ਇਹ ਯਾਤਰਾ ਕਰੀਬ ਇਕ ਸਾਲ ਵਿਚ ਮੁਕਾਈ।" ਪਰ ਡਾ. ਗੁਪਤਾ ਦਾ ਇਹ ਨਤੀਜਾ ਇਸ ਧਾਰਨਾ ਤੇ ਅਧਾਰਤ ਹੈ ਕਿ ਬੰਦਾ ਨਾਦੇੜ ਤੋਂ ਵਾਇਆ ਅਜਮੇਰ, ਫੁਲੇਰਾ, ਰਿੰਗਸ, ਸੀਕਰ, ਚੁਰੂ ਤੇ ਸਾਦਲਪੁਰ ਰਾਹੀ ਹਿਸਾਰ ਅਪੜਿਆ ਸੀ। ਉਸਦੀ ਨਿਸ਼ਾਨਦੇਹੀ ਵਾਲੇ ਰਸਤੇ ਵਿਚ ਭਰਤਪੁਰ ਦਾ ਕਿੱਧਰੇ ਜਿਕਰ ਹੀ ਨਹੀਂ ਆਉਂਦਾ। ਪਰ ਇਕ ਪ੍ਰਚਲਤ ਮੌਖਿਕ ਧਾਰਨਾ ਅਨੁਸਾਰ ਜਦੋਂ ਬੰਦਾ ਦੱਖਣੀ ਰਾਜਪੁਤਾਨੇ ਵਿਚ ਸੀ ਤਾਂ ਪੈਸੇ ਦੀ ਤੋਟ ਕਾਰਨ ਉਸਦੀ ਸਥਿਤੀ ਚਿੰਤਾਜਨਕ ਬਣ ਗਈ ਸੀ। ਗੁਰੂ ਜੀ ਦੀਆਂ ਹਿਦਾਇਤਾਂ ਅਨੁਸਾਰ ਉਸਨੇ ਸੱਚੇ ਮਨ ਨਾਲ ਅਕਾਲ ਪੁਰਖ ਪਾਸ ਮੱਦਦ ਲਈ ਜੋਦੜੀ ਕੀਤੀ। ਪ੍ਰਮਾਤਮਾ ਨੇ ਤੁਰੰਤ ਹੀ ਉਸ ਦੀ ਸੁਣ ਲਈ। ਜਦੋਂ ਉਹ ਭਰਤਪੁਰ ਦੇ ਲਾਗੇ ਪਹੁੰਚਿਆ ਤਾਂ ਇਕ ਵਣਜਾਰਾ, ਜੋ ਕਿ ਲੁਬਾਣਾ ਸਿੱਖ ਸੀ, ਉਸਦੇ ਦਰਸ਼ਨਾਂ ਨੂੰ ਆਇਆ ਤੇ ਉਸਨੇ ਕਾਫੀ ਸਾਰੀ ਮਾਇਆ ਭੇਂਟ ਕੀਤੀ। ਇਸ ਨਾਲ ਸਿੱਖਾਂ ਵਾਸਤੇ ਦਰਿਆ ਜਮਨਾ ਦੇ ਕਿਨਾਰੇ ਕਿਨਾਰੇ ਆਪਣੇ ਮਿੱਥੇ ਸਥਾਨ ਪੰਜਾਬ ਵਿਚ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ 'ਚ ਪਹੁੰਚਣਾ ਸੌਖਾ ਹੋ ਗਿਆ। ਡਾ. ਗੰਡਾ ਸਿੰਘ ਲਿਖਦਾ ਹੈ "ਨਾਦੇੜੋਂ ਚਾਲੇ ਪਾਉਣ ਤੋਂ ਕੁਝ ਚਿਰ ਪਿੱਛੋਂ ਬੰਦਾ ਸਿੰਘ ਨੂੰ ਕੁਝ ਮਾਇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਗਿਆ। ਇਨ੍ਹਾਂ ਦੀ ਨਵਿਰਤੀ ਲਈ ਉਸਨੇ ਅਰਦਾਸ ਕੀਤੀ ਅਤੇ ਪ੍ਰਮਾਤਮਾ ਨੇ ਉਸਦੀ ਅਰਦਾਸ ਸੁਣ ਲਈ। ਉਹ ਜਦ ਭਰਤਪੁਰ ਦੇ ਲਾਗੇ ਪੁੱਜਾ ਤਾਂ ਇਕ ਵਪਾਰੀ ਸਿੱਖ ਦਰਸ਼ਨਾਂ ਨੂੰ ਆਇਆ ਅਤੇ ਦਸਵੰਧ ਦੀ ਬਹੁਤ ਸਾਰੀ ਰਕਮ ਚੜ੍ਹਾਈ। ਇਸ ਨਾਲ ਉਹ ਸੌਖੇ ਹੀ ਪੰਜਾਬ ਵੱਲ ਨੂੰ ਧਾਈ ਕਰ ਸਕਿਆ।" ਸੋ ਪਰਤੱਖ ਤੌਰ ਤੇ ਬੰਦਾ ਜੈਪੁਰ ਤੋਂ ਭਰਤਪੁਰ ਮਥਰਾ ਤੇ ਪੱਲਵਲ

ਰਾਹੀਂ ਆਇਆ ਨਾ ਕਿ, ਜਿਵੇਂ ਡਾ. ਗੁਪਤਾ ਕਹਿੰਦਾ ਹੈ, ਰਿੱਗਸ, ਸੀਕਰ, ਚੂਰੂ ਤੇ ਸਾਦਕਪੁਰ ਰਾਹੀਂ। ਇਹੀ ਰੂਟ ਮੁਨਾਸਿਬ ਵੀ ਲਗਦਾ ਹੈ ਕਿਉਂਕਿ ਉਹ ਜਲਦੀ ਤੋਂ ਜਲਦੀ ਮਾਤਾ ਸਾਹਿਬ ਕੌਰ ਨੂੰ ਉਹਨਾਂ ਦੇ ਟਿਕਾਣੇ ਦਿੱਲੀ ਪਹੁੰਚਾਉਣਾ ਚਾਹੁੰਦਾ ਸੀ ਕਿਉਂਕਿ ਰਸਤੇ ਵਿਚ ਹੁੰਦੀਆਂ ਝੜਪਾਂ ਜਾਂ ਲੁੱਟਾਂ ਕਰਨ ਦੇ ਹਮਲਿਆਂ ਦੌਰਾਨ ਉਹਨਾਂ ਦਾ ਨੁਕਸਾਨ ਹੋ ਸਕਦਾ ਸੀ। ਦੂਸਰੇ ਪੰਜਾਬ ਦੇ ਸਿੱਖ ਕਿਰਸਾਨਾਂ ਨੂੰ ਨਾਲ ਰਲਾਉਣ ਤੋਂ ਬਿਨਾਂ ਉਹ ਮੁਗਲ ਹਕੂਮਤ ਦੇ ਵਿਰੁੱਧ ਜਹਾਦ ਵੀ ਨਹੀਂ ਛੇੜ ਸਕਦਾ ਸੀ ਕਿਉਂਕਿ ਉਸਦੇ ਸਾਥੀਆਂ ਦੀ ਗਿਣਤੀ ਬਹੁਤ ਥੋੜ੍ਹੀ ਸੀ। ਮਾਤਾ ਸਾਹਿਬ ਕੌਰ ਦੀ ਜਿੰਮੇਵਾਰੀ ਤੋਂ ਫਾਰਗ ਹੋ ਉਸ ਲਈ ਮਾਖੋਵਾਲ (ਅਨੰਦਪੁਰ ਸਾਹਿਬ) ਪਹੁੰਚਣਾ ਜਰੂਰੀ ਸੀ ਤਾਂ ਜੋ ਉਹ ਗੁਰੂ ਜੀ ਦੇ ਹੁਕਮਨਾਮੇ ਆਪਣੇ ਏਲਚੀਆਂ ਰਾਹੀਂ ਸਿੱਖ ਸੰਗਤਾਂ ਨੂੰ ਪਹੁੰਚਾ ਸਕੇ ਅਤੇ ਉਹਨਾਂ ਨੂੰ ਧਰਮ ਯੁਧ ਸ਼ੁਰੂ ਕਰਨ ਲਈ ਬੂੜੀਆ ਪਹੁੰਚਣ ਲਈ ਬੇਨਤੀ ਵੀ ਕਰ ਸਕੇ। ਇਹ ਗੱਲ ਮੁਨਾਸਿਬ ਲਗਦੀ ਹੈ ਕਿ ਦਿੱਲੀ ਤੋਂ ਕਰੀਬ ਚਾਲੀ ਕਿਲੋਮੀਟਰ ਦੂਰ ਦੱਖਣ ਵਿਚ ਪੱਲਵਲ ਜਾਂ ਬੱਲਬਗੜ ਦੇ ਸਥਾਨ ਤੋਂ ਮਾਤਾ ਸਾਹਿਬ ਕੌਰ ਅਤੇ ਭਾਈ ਮਨੀ ਸਿੰਘ ਨੂੰ ਸੁਰੱਖਿਅਤ ਗਾਰਦ ਨਾਲ ਦਿੱਲੀ ਭੇਜ ਦਿਤਾ ਗਿਆ ਸੀ। ਇਹ ਵੀ ਸੱਚ ਹੈ ਕਿ ਮਾਤਾ ਸਾਹਿਬ ਕੌਰ ਮਾਤਾ ਸੁੰਦਰੀ ਜੀ ਦੀ ਦੇਖ ਰੇਖ ਹੇਠ ਰਹਿਕੇ ਖੁਸ਼ ਨਹੀਂ ਸੀ ਕਿਉਂਕਿ ਦੋਵਾਂ ਦੇ ਸਬੰਧ ਖੁਸ਼ਗਵਾਰ ਨਹੀਂ ਸਨ। ਪਰ ਹੋਰ ਕੋਈ ਚਾਰਾ ਵੀ ਨਹੀਂ ਸੀ ਕਿਉਂਕਿ ਗੁਰੀਲੇ ਯੋਧੇ ਦੀ ਜ਼ਿੰਦਗੀ ਬੇਹੱਦ ਕਠੋਰ ਅਤੇ ਅਸੁਰੱਖਿਅਤ ਹੁੰਦੀ ਹੈ ਤੇ ਇਕ ਔਰਤ ਲਈ ਇਹ ਗੁਜਾਰਨੀ ਲਗਭਗ ਅਸੰਭਵ ਹੈ।

ਡਾ. ਹਰੀ ਰਾਮ ਗੁਪਤਾ ਅਤੇ ਜਿਆਦਾਤਰ ਸਿੱਖ ਇਤਿਹਾਸਕਾਰ ਇਹ ਮੰਨ ਕੇ ਹੀ ਚਲਦੇ ਹਨ ਕਿ ਬੰਦੇ ਦੇ ਪੰਜਾਬ ਅੱਪੜਨ ਤੋਂ ਪਹਿਲਾਂ ਹੀ ਦੱਖਣ-ਪੂਰਬੀ ਪੰਜਾਬ ਦੇ ਹਿੰਦੂ ਤੇ ਸਿੱਖ ਬੇਸਬਰੀ ਨਾਲ ਉਸਦੇ ਪਹੁੰਚਣ ਦੀ ਉਡੀਕ ਕਰ ਰਹੇ ਸਨ। ਡਾ. ਗੁਪਤਾ ਲਿਖਦਾ ਹੈ "ਜਦੋਂ ਅਕਤੂਬਰ 1709 ਵਿਚ ਬੰਦਾ ਹਿਸਾਰ ਜ਼ਿਲ੍ਹੇ ਵਿਚ, ਜਿਸਨੂੰ ਕਿ ਬਾਂਗਰ ਦੇਸ਼ ਕਿਹਾ ਜਾਂਦਾ ਸੀ, ਪਹੁੰਚਿਆ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਇਬ ਅਤੇ ਰਾਸ਼ਟਰੀ ਲਹਿਰ ਦੇ ਮੁਖੀ ਦੇ ਤੌਰ ਤੇ ਉਸਦੀ ਹਿੰਦੂ ਅਤੇ ਸਿੱਖਾਂ ਨੇ ਬਹੁਤ ਆਉ ਭਗਤ ਕੀਤੀ।" ਪਰ ਉਹ ਇਹ ਨਹੀਂ ਦਸਦਾ ਕਿ ਅਜਿਹੇ ਅਚੰਭਿਤ ਕਰਨ ਵਾਲੇ ਹਾਲਾਤ ਕਿਵੇਂ ਪੈਦਾ ਹੋਏ ਤੇ ਕਿਸਨੇ ਪੈਦਾ ਕੀਤੇ। ਲਗਦਾ ਹੈ ਕਿ ਉਸਦਾ ਸਾਰਾ ਜੋਰ ਤਾਂ ਉਸ ਇਕ ਸਾਲ ਦੇ ਸਮੇਂ ਦਾ ਵੇਰਵਾ ਦੇਣ ਤੇ ਹੀ ਲੱਗਿਆ ਹੋਇਆ ਸੀ ਜਿਹੜਾ ਬੰਦੇ ਨੇ ਨਾਦੇੜ ਤੋਂ ਪੰਜਾਬ ਪਹੁੰਚਣ ਲਈ ਲਗਾਇਆ ਸੀ। ਪਰ ਉਹ ਇਹ ਭੁੱਲ ਜਾਂਦੇ ਨੇ ਕਿ ਗੁਰੂ ਜੀ ਦੀ ਆਗਿਆ ਬੰਦੇ ਨੂੰ ਬੂੜੀਆ ਤੋਂ ਕੁਝ ਦੂਰੀ ਤੇ ਰੁਕ ਕੇ ਸਿੰਘਾਂ ਦਾ ਇੰਤਜਾਰ ਕਰਨ ਦੀ ਸੀ। ਮੈਕਾਲਿਫ ਲਿਖਦਾ ਹੈ "ਗੁਰੂ ਜੀ ਦੀਆਂ ਹਿਦਾਇਤਾਂ ਅਨੁਸਾਰ ਪੰਜਾਬ ਲਈ ਰਵਾਨਾ ਹੋਣ ਤੋਂ ਕੁਝ ਚਿਰ ਬਾਅਦ ਬੰਦੇ ਨੇ ਬੂੜੀਆ ਲਾਗੇ ਇਕ ਟਿੱਲੇ ਤੇ ਆ ਟਿਕਾਣਾ ਕੀਤਾ ਤਾਂ ਉਥੇ ਉਸਨੂੰ ਗੁਰੂ ਜੀ ਵੱਲੋਂ ਕੀਤੇ ਵਾਅਦੇ ਅਨੁਸਾਰ ਫੌਜਾਂ ਆ ਮਿਲੀਆਂ।" ਸੋ ਅਜਿਹਾ ਕੋਈ ਕਾਰਨ ਨਹੀਂ ਦਿਸਦਾ ਕਿ ਬੰਦਾ ਗੁਰੂ ਜੀ ਵੱਲੋਂ ਉਲੀਕੀ ਯੋਜਨਾ ਨੂੰ ਤੱਜ ਕੇ ਕਿਸੇ ਗਲਤ ਪਾਸੇ ਤੋਂ ਆਪਣੀ ਮੁਹਿੰਮ ਵਿੱਢਦਾ।

ਮਾਤਾ ਸਾਹਿਬ ਕੌਰ ਨੂੰ ਪੱਲਵਲ (ਹਰਿਆਣਾ) ਦੇ ਅਸਥਾਨ ਤੋਂ ਤੋਰ ਬੰਦਾ ਧਾਈ ਕਰ ਮਾਖੋਵਾਲ ਪਹੁੰਚ ਗਿਆ। ਉਥੋਂ ਉਸਨੇ ਭਾਈ ਰਾਮ ਸਿੰਘ ਨੂੰ ਮਾਲਵੇ ਨੂੰ, ਬਾਬਾ ਬਿਨੋਦ ਸਿੰਘ ਅਤੇ ਉਸ ਦੇ ਪੁੱਤਰ ਕਾਹਨ ਸਿੰਘ ਨੂੰ ਜਲੰਧਰ ਦੁਆਬ ਨੂੰ, ਅਤੇ ਬਾਬਾ ਬਾਜ ਸਿੰਘ ਨੂੰ, ਮਾਝੇ ਨੂੰ ਤੋਰ ਦਿਤਾ ਤਾਂ ਜੋ ਉਹ ਸਿੱਖ ਸੰਗਤਾਂ ਨਾਲ ਸੰਪਰਕ ਕਰ ਉਸਦੀ ਫੌਜ ਲਈ ਗੱਭਰੂ

ਭਰਤੀ ਕਰਨ। ਇਸ ਉਪਰੰਤ ਬੰਦੇ ਲਈ ਸਭ ਤੋਂ ਜਰੂਰੀ ਅਤੇ ਪਹਿਲਾ ਕੰਮ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਮੁਕਾਮੀ ਭੂਗੋਲਿਕ ਸਥਿਤੀ ਦੀ ਖੁਦ ਵਾਕਫੀਅਤ ਪ੍ਰਾਪਤ ਕਰਨਾ ਸੀ ਤਾਂ ਜੋ ਦੁਸ਼ਮਣ ਦਾ ਜ਼ੋਰ ਵੱਧ ਜਾਣ ਤੇ ਉਹ ਸੁਰੱਖਿਅਤ ਰਸਤਿਆਂ ਰਾਹੀਂ ਜੰਗਲਾਂ ਵਿਚ ਜਾ ਕੇ ਛੁੱਪ ਸਕੇ। ਜਿਸ ਇਲਾਕੇ ਦੇ ਗੁਪਤ ਸਰਵੇਖਣ ਦੀ ਉਸਨੂੰ ਜਰੂਰਤ ਸੀ ਉਹ ਮੌਜੂਦਾ ਉਤਰਾਖੰਡ ਦੀਆਂ ਕਮਾਊ ਅਤੇ ਗੜਵਾਲ ਦੀਆਂ ਪਹਾੜੀਆਂ ਤੋਂ ਲੈ ਕੇ ਚਨਾਬ ਦਰਿਆ ਦੇ ਦੱਖਣੀ ਕੰਢੇ ਤਕ ਦੀਆਂ ਕਾਂਗੜਾ ਅਤੇ ਜੰਮੂ ਦੀਆਂ ਪਹਾੜੀਆਂ ਸਨ। ਇਹ ਕੋਈ ਸੌਖਾ ਕੰਮ ਨਹੀਂ ਸੀ ਤੇ ਇਸਨੂੰ ਪੂਰਾ ਕਰਨ ਲਈ ਕਈ ਮਹੀਨਿਆਂ ਦੀ ਜਰੂਰਤ ਸੀ। ਆਪਣੇ ਇਸ ਸਰਵੇਖਣ ਦੌਰਾਨ ਉਸਨੇ ਮੁਖਲਿਸਗੜ੍ਹ ਤੇ ਇਸ ਦੇ ਦੁਆਲੇ ਦੇ ਕੰਢੀ ਇਲਾਕੇ ਦਾ ਵੀ ਦੌਰਾ ਕੀਤਾ। ਉਸਨੂੰ ਮੁਖਲਿਸਗੜ੍ਹ ਆਪਣੀ ਫੌਜੀ ਕਮਾਂਡ ਦਾ ਹੈਡਕੁਆਰਟਰ ਬਣਾਉਣ ਲਈ ਯੋਗ ਅਤੇ ਸੁਰੱਖਿਅਤ ਸਥਾਨ ਲੱਗਿਆ ਕਿਉਂਕਿ ਇਹ ਤਿੱਖੀ ਪਹਾੜੀ ਤੇ ਸਥਿਤ ਸੀ ਅਤੇ ਉਬੱੜ-ਖਾਬੜ ਪਹਾੜੀਆਂ, ਖੱਡਾਂ ਅਤੇ ਨਦੀਆਂ ਨਾਲ ਘਿਰਿਆ ਹੋਇਆ ਸੀ। ਕਿਲ੍ਹੇ ਦੀਆਂ ਨਿਗਰਾਨੀ ਚੌਕੀਆਂ ਤੋਂ ਮੀਲਾਂ ਤੀਕ ਦੁਸ਼ਮਣ ਦੀ ਨਕਲੋ-ਹਰਕਤ ਤੇ ਨਿਗ੍ਹਾ ਰੱਖੀ ਜਾ ਸਕਦੀ ਸੀ। ਦੁਸ਼ਮਣ ਲਈ ਇਸ ਕਿਲ੍ਹੇ ਤੇ ਅਚਾਨਕ ਹਮਲਾ ਕਰਨਾ ਸੰਭਵ ਨਹੀਂ ਸੀ ਤੇ ਹਮਲੇ ਦੀ ਸਥਿਤੀ ਵਿਚ ਦੁਸ਼ਮਣ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਨਿਸ਼ਚਿਤ ਸੀ। ਜੇ ਬਹੁਤ ਹੀ ਅਣਸੁਖਾਵੀਂ ਸਥਿਤੀ ਕਾਰਨ ਕਿਲ੍ਹਾ ਖਾਲੀ ਕਰਨਾ ਮਜਬੂਰੀ ਬਣ ਜਾਂਦਾ ਤਾਂ ਸੰਘਣੇ ਜੰਗਲ ਵਾਲੀਆਂ ਸਿਰਮੌਰ ਦੀਆਂ ਪਹਾੜੀਆਂ ਵੱਲ ਨੂੰ ਭੱਜ ਨਿਕਲਣਾ ਸੌਖਾ ਸੀ ਅਤੇ ਫਿਰ ਚੂਹੜ ਧਾਰ ਦੇ ਨਾਲ ਨਾਲ ਵਿਸ਼ਾਲ ਪਹਾੜਾਂ ਵੱਲ ਨਿਕਲਿਆ ਜਾ ਸਕਦਾ ਸੀ। ਇਸ ਜਗ੍ਹਾ ਦਾ ਇਕ ਵਾਧਾ ਇਹ ਸੀ ਕਿ ਇਸ ਸਥਾਨ ਤੇ ਇਕ ਖੱਸਤਾ ਹਾਲ ਕਿਲ੍ਹਾ ਮੌਜੂਦ ਸੀ ਅਤੇ ਇਸਦੀ ਮੁਰੰਮਤ ਲਈ ਮੌਕੇ ਤੇ ਹੀ ਮੌਜੂਦ ਮਲਬੇ ਦੀ ਵਰਤੋਂ ਵੀ ਕੀਤੀ ਜਾ ਸਕਦੀ ਸੀ। ਸ਼ੁਰੂ ਵਿਚ ਇਸ ਪਿੰਡ ਦਾ ਨਾਂ ਦਾਬੜ ਸੀ ਪਰ ਮਾਲ ਮਹਿਕਮੇ ਦੇ ਰਿਕਾਰਡ ਅਨੁਸਾਰ ਆਮੂਵਾਲ ਸੀ। ਪਰ ਜਦੋਂ ਮੁਕਾਮੀ ਗਵਰਨਰ ਮੁਖਲਿਸ ਖਾਨ ਨੇ ਸਹਿਨਸ਼ਾਹ ਸ਼ਾਹਜਹਾਂ ਦੀ ਇਜਾਜ਼ਤ ਨਾਲ ਇਸ ਪਹਾੜੀ ਦੀ ਟੀਸੀ ਤੇ ਇਕ ਕਿਲ੍ਹਾ ਤਾਮੀਰ ਕਰਵਾਇਆ ਤਾਂ ਇਸ ਜਗ੍ਹਾ ਨੂੰ ਮੁਖਲਿਸਗੜ੍ਹ ਦੇ ਨਾਂ ਨਾਲ ਜਾਣਿਆ ਜਾਣ ਲੱਗਿਆ। ਆਖਿਆ ਜਾਂਦਾ ਹੈ ਕਿ ਗਰਮੀਆਂ ਦੇ ਮੌਸਮ ਵਿਚ ਸ਼ਾਹਜਹਾਂ ਦਿੱਲੀ (ਜਿਸ ਨੂੰ ਉਸ ਸਮੇਂ ਸ਼ਾਹਜਹਾਨਾਬਾਦ ਆਖਿਆ ਜਾਂਦਾ ਸੀ) ਦੀ ਗਰਮੀ ਅਤੇ ਧੂੜ ਤੋਂ ਬਚਣ ਲਈ ਇਥੇ ਆ ਜਾਂਦਾ ਸੀ। ਇਥੇ ਉਹ ਨਿੱਚਲੇ ਹਿਮਾਲਿਆ ਦੀਆਂ ਚੂਹੜ ਧਾਰ ਦੀਆਂ ਬਰਫ ਲੱਦੀਆਂ ਪਹਾੜੀ ਚੋਟੀਆਂ ਦੀ ਖੂਬਸੂਰਤੀ ਦਾ ਅਨੰਦ ਮਾਣਦਾ ਸੀ। ਪਹਾੜੀ ਦੇ ਪੈਰਾਂ ਵਿਚ ਕਿਲ੍ਹੇ ਦੇ ਉਤਰ-ਪੱਛਮ ਅਤੇ ਦੱਖਣ-ਪੂਰਬ ਵੱਲ ਮਾਰਕੰਡਾ ਦਰਿਆ ਦੀ ਸਹਾਇਕ ਨਦੀ ਡਸਕਾ ਦੀਆਂ ਦੋ ਧਾਰਾਂ ਵੱਗਦੀਆਂ ਸਨ ਜੋ ਕਿ ਕਿਲ੍ਹੇ ਦੇ ਪੈਰਾਂ ਨੂੰ ਆਪਣੇ ਕਲਾਵੇ ਵਿਚ ਲੈਂਦੀਆਂ ਸਨ। ਪਰ ਇਸ ਕਿਲ੍ਹੇ ਦੀ ਮਹੱਤਤਾ ਤਾਂ ਇਸ ਗੱਲ ਵਿਚ ਸੀ ਕਿ ਇਸ ਤੱਕ ਪਹੁੰਚਣਾ ਬਹੁਤ ਮੁਸ਼ਕਲ ਸੀ।

ਲਗਦਾ ਹੈ ਕਿ ਜਮਨਾ ਦੇ ਉਤਰ ਵਿਚ ਬੰਦੇ ਨੇ ਗੜਵਾਲ ਅਤੇ ਕਮਾਊਂ ਦੀਆਂ ਪਹਾੜੀਆਂ ਵਿਚ ਨੈਨੀਤਾਲ ਦੇ ਨੇੜੇ ਨਾਨਕਮਤਾ, ਮੁਰਾਦਾਬਾਦ, ਬਰੇਲੀ ਤੇ ਸ਼ਾਇਦ ਜੌਨਪੁਰ ਦੀ ਯਾਤਰਾ ਵੀ ਕੀਤੀ ਤਾਂ ਜੋ ਉਹ ਸਿੱਖ ਤੇ ਉਦਾਸੀ ਸੰਗਤ ਨਾਲ ਸੰਪਰਕ ਸਥਾਪਤ ਕਰ ਸਕੇ। ਉਸ ਨੇ ਵਿਸ਼ੇਸ਼ ਧਿਆਨ ਉਹਨਾਂ ਸਥਾਨਾਂ ਵੱਲ ਦਿਤਾ ਜਿਥੇ ਵਣਜਾਰੇ ਵੱਡੀ ਗਿਣਤੀ ਵਿਚ ਵੱਸੇ ਹੋਏ ਸਨ। ਉਸਨੇ ਸਵਾਮੀ ਰਾਮ ਦਾਸ ਸਮਰੱਥ ਦੁਆਰਾ ਬਦਰੀ ਨਾਥ, ਕੇਦਾਰ

ਨਾਥ, ਕਾਂਸ਼ੀ ਅਤੇ ਅਯੋਧਿਆ ਆਦਿ ਸਥਾਨਾਂ ਤੇ ਸਥਾਪਤ ਮੱਠਾਂ ਦੀ ਵੀ ਯਾਤਰਾ ਕੀਤੀ ਤਾਂ ਜੋ ਉਹਨਾਂ ਦੀ ਵੀ ਮੱਦਦ ਪ੍ਰਾਪਤ ਕੀਤੀ ਜਾ ਸਕੇ। ਸੋ ਜਦੋਂ ਮਾਲਵੇ ਵਿਚ ਭਾਈ ਭਗਤੂ ਦਾ ਪੜ-ਪੋਤਰਾ ਰਾਮ ਸਿੰਘ, ਮਾਝੇ ਵਿਚ ਬਾਬਾ ਬਾਜ ਸਿੰਘ ਅਤੇ ਦੁਆਬੇ ਵਿਚ ਬਾਬਾ ਬਿਨੋਦ ਸਿੰਘ ਤੇ ਕਾਹਨ ਸਿੰਘ ਮੱਦਦ ਇਕੱਠੀ ਕਰਨ ਵਿਚ ਮਸਰੂਫ ਸਨ। ਬੰਦਾ ਬਹਾਦਰ ਸ਼ਿਵਾਲਿਕ ਦੀਆਂ ਪਹਾੜੀਆਂ ਅਤੇ ਉਤਰ ਪ੍ਰਦੇਸ਼ ਵਿਚੋਂ ਉਦਾਸੀਆਂ, ਬੈਰਾਗੀਆਂ ਅਤੇ ਵਣਜਾਰਿਆਂ ਦੀ ਮੱਦਦ ਪ੍ਰਾਪਤ ਕਰਨ ਲਈ ਯਤਨਸ਼ੀਲ ਸੀ। ਇਸ ਦੇ ਨਾਲ ਹੀ ਆਪਣੇ ਵੱਲੋਂ ਛੇਤੀ ਹੀ ਸ਼ੁਰੂ ਕੀਤੀ ਜਾਣ ਵਾਲੀ ਗੁਰੀਲਾ ਲੜਾਈ ਲਈ ਯੁੱਧਨੀਤੀ ਵੀ ਘੜ ਰਿਹਾ ਸੀ ਤੇ ਬੱਚ ਕੇ ਨਿੱਕਲ ਜਾਣ ਵਾਲੇ ਰਸਤਿਆਂ ਦੀ ਨਿਸ਼ਾਨਦੇਹੀ ਵੀ ਕਰ ਰਿਹਾ ਸੀ। ਕਰਨਲ ਪਲਸੋਕਰ ਆਪਣੀ ਕਿਤਾਬ ਸ਼ਿਵਾਜੀ-ਦਾ ਗਰੇਟ ਗੁਰੀਲਾ ਵਿਚ ਲਿਖਦਾ ਹੈ "ਗੁਰੀਲਾ ਲੜਾਈ ਲਈ ਆਂਮ ਜਨਤਾ ਦੀ ਮੱਦਦ ਤੋਂ ਇਲਾਵਾ ਇਕ ਹੋਰ ਬਹੁਤ ਹੀ ਮਹੱਤਵਪੂਰਨ ਅਤੇ ਜਰੂਰੀ ਚੀਜ਼ ਹੈ ਗੁਰੀਲਿਆਂ ਦੇ ਲੜਨ ਲਈ ਉਚਿਤ ਧਰਾਤਲ ।"

ਇਸ ਸਮੇਂ ਦੌਰਾਨ ਬੰਦੇ ਨੂੰ ਖਬਰ ਮਿਲੀ ਕਿ ਬੂੜੀਆ ਵਿਖੇ ਮਾਲਵੇ ਤੋਂ ਕਿਰਸਾਨ, ਜੁਲਾਹੇ ਤੇ ਭੰਗੀ ਵੱਡੀ ਗਿਣਤੀ ਵਿਚ ਇਕੱਠੇ ਹੋ ਗਏ ਹਨ। ਸੋ ਉਸਨੂੰ ਆਪਣਾ ਗੁਪਤ ਭੂ-ਸਰਵੇਖਣ ਵਿਚਕਾਰ ਹੀ ਬੰਦ ਕਰ ਬੂੜੀਆ ਆਉਣਾ ਪਿਆ।

ਬੂੜੀਆ ਵਿਚ ਤਾਂ ਸਥਿਤੀ ਫਸਾਦੀ ਹੋਈ ਪਈ ਸੀ। ਕਿਰਸਾਨ ਵੱਡੀ ਗਿਣਤੀ ਵਿਚ ਆ ਇਕੱਠੇ ਹੋਏ ਸਨ ਤੇ ਖਾਣੇ-ਦਾਣੇ ਦੀ ਪ੍ਰਾਪਤੀ ਲਈ ਉਹ ਸ਼ੋਰ ਸ਼ਰਾਬਾ ਕਰ ਰਹੇ ਸਨ। ਮੈਕਾਲਿਫ ਲਿਖਦਾ ਹੈ "ਆਪਣੇ ਲਈ ਭੋਜਨ ਦਾ ਪ੍ਰਬੰਧ ਕਰਨ ਲਈ ਉਹ ਜਬਰਦਸਤੀ ਕਰਨ ਲਈ ਮਜਬੂਰ ਸਨ। ਇਸੇ ਕਾਰਨ ਸਿੱਖਾਂ ਅਤੇ ਉਥੋਂ ਦੇ ਨਿਵਾਸੀਆਂ ਦਰਮਿਆਨ ਖੂਨੀ ਟਕਰਾਅ ਹੋ ਗਿਆ ਜਿਸ ਕਾਰਨ ਮੁਕਾਮੀ ਨਿਵਾਸੀਆਂ ਦਾ ਕਤਲ ਹੋ ਗਿਆ। ਦੋ ਤਿੰਨ ਹੋਰ ਪਿੰਡਾਂ ਦੇ ਨਿਵਾਸੀਆਂ ਨਾਲ ਵੀ ਅਜਿਹਾ ਹੀ ਸਲੂਕ ਕੀਤਾ ਗਿਆ। ਬਦਕਿਸਮਤੀ ਨਾਲ ਉਥੇ ਸਿੱਖਾਂ ਤੋਂ ਬਿਨਾਂ ਹੋਰ ਵੀ ਕਈ ਕਿਸਮ ਦੇ ਲੋਕ ਇਕਠੇ ਹੋ ਗਏ ਸਨ ਜਿਨ੍ਹਾਂ ਵਿਚ ਲੁਟੇਰੇ ਅਤੇ ਰਾਹ-ਮਾਰ ਵੀ ਸ਼ਾਮਲ ਸਨ। ਇਸ ਤਰਾਂ ਦੇ ਹਜੂਮ ਦੇ ਇਕਠੇ ਹੋਣ ਨਾਲ ਲੁਟ-ਮਾਰ ਅਤੇ ਖੋਹ ਖੋਹਾਈ ਕੁਦਰਤੀ ਹੀ ਸੀ। ਭਾਵੇਂ ਬੰਦਾ ਦੰਗਾ-ਫਸਾਦ ਦਾ ਹਾਮੀਂ ਨਹੀਂ ਸੀ ਪਰ ਇਹਨਾਂ ਹਾਲਾਤਾਂ ਵਿਚ ਉਹ ਫਸਾਦੀਆਂ ਦਾ ਪੱਖ ਪੂਰਨ ਲਈ ਮਜਬੂਰ ਸੀ।

ਮੈਕਾਲਿਫ ਅਗੇ ਲਿਖਦਾ ਹੈ "ਹਰ ਪਾਸੇ ਚੀਕ ਚਿਹਾੜਾ ਪਿਆ ਹੋਇਆ ਸੀ ਅਤੇ ਜਨਤਾ ਵੱਡੀ ਗਿਣਤੀ ਵਿਚ ਇਕੱਠੀ ਹੋ ਕੇ ਮੁਸਤਫਾਬਾਦ ਦੇ ਗਵਰਨਰ ਪਾਸ ਸ਼ਿਕਾਇਤ ਕਰਨ ਪਹੁੰਚੀ। ਮੁਸਤਫਾਬਾਦ ਬੂੜੀਆ ਤੋਂ ਪੰਜ ਛੇ ਮੀਲ ਦੂਰ ਸੀ ਅਤੇ ਉਥੇ ਸ਼ਾਹੀ ਫੌਜ ਦੇ ਦੋ ਹਜ਼ਾਰ ਹਥਿਆਰਬੰਦ ਸੈਨਿਕ ਕਿਸੇ ਵੀ ਹੰਗਾਮੀ ਹਾਲਾਤ ਲਈ ਤਿਆਰ ਰਹਿੰਦੇ ਸਨ। ਇਹਨਾਂ ਸੈਨਿਕਾਂ ਨੂੰ ਦੋ ਤੋਪਾਂ ਸਮੇਤ ਬੰਦੇ ਦਾ ਮੁਕਾਬਲਾ ਕਰਨ ਲਈ ਭੇਜਿਆ ਗਿਆ। ਇਹਨਾਂ ਨੂੰ ਵੇਖਦੇ ਹੀ ਭਾੜੇ ਦੇ ਸੈਨਿਕ ਪੱਤਰਾ ਵਾਚ ਗਏ। ਬੱਚ ਗਿਆਂ ਨੂੰ ਬੰਦੇ ਨੇ ਹੌਸਲਾ ਦਿਤਾ ਅਤੇ ਸੁਰੱਖਿਅਤਾ ਤੇ ਆਰਥਿਕ ਲਾਭ ਦਾ ਯਕੀਨ ਵੀ ਦਿਵਾਇਆ। ਤਦ ਉਸ ਨੇ ਗੁਰੂ ਜੀ ਵੱਲੋਂ ਬਖਸ਼ਿਆ ਇਕ ਤੀਰ ਕੱਢ ਇਸ ਨਾਲ ਜ਼ਮੀਨ ਉਤੇ ਇਕ ਲਕੀਰ ਖਿੱਚ ਦਿਤੀ ਤੇ ਆਖਿਆ ਕਿ ਕੋਈ ਵੀ ਤੀਰ ਜਾਂ ਬੰਦੂਕ ਦੀ ਗੋਲੀ ਇਸ ਲਕੀਰ ਨੂੰ ਨਹੀਂ ਟੱਪ ਸਕੇਗੀ। ਇਸ ਤੇ ਸਭ ਸੈਨਿਕਾਂ ਇਕੱਠੇ ਹੋ ਐਸਾ ਕਾਮਯਾਬ ਮੋੜਵਾਂ ਹੱਲਾ ਕੀਤਾ ਕਿ ਮੁਸਲਮਾਨ ਭੱਜ ਨਿਕਲੇ ਤੇ ਆਪਣੀਆਂ ਤੋਪਾਂ ਵੀ ਪਿਛੇ ਹੀ ਛੱਡ ਗਏ।"

ਸ਼ੁਰੂਆਤੀ ਲੁੱਟਾਂ-ਖੋਹਾਂ

ਭਰਤਪੁਰ ਵਿਖੇ ਬੰਦੇ ਨੂੰ ਜੋ ਰਕਮ ਭੇਟਾ ਦੇ ਤੌਰ ਤੇ ਮਿਲੀ ਸੀ ਉਸ ਨਾਲ ਲੰਮੇਂ ਸਮੇਂ ਤੱਕ ਗੁਜਾਰਾ ਨਹੀਂ ਚਲ ਸਕਦਾ ਸੀ। ਉਸ ਦੀਆਂ ਲੋੜਾਂ ਅਸੀਮਤ ਸਨ ਅਤੇ ਕੇਵਲ ਸ਼ਰਧਾਲੂਆਂ ਦੇ ਚੜ੍ਹਾਵੇ ਨਾਲ ਹੀ ਗੁਜਾਰਾ ਨਹੀਂ ਸੀ ਚਲ ਸਕਦਾ। ਆਪਣੀਆਂ ਲੋੜਾਂ ਦੀ ਪੂਰਤੀ ਲਈ ਉਸਨੂੰ ਨਵੇਂ ਸਾਧਨ ਜੁਟਾਉਣ ਦੀ ਲੋੜ ਸੀ। ਰੋਹਤਕ ਜ਼ਿਲ੍ਹੇ ਵਿਚ ਸੋਨੀਪਤ ਅਤੇ ਸਾਂਪਲੇ ਦੇ ਅੱਧ ਵਿਚਕਾਰ ਖੜਖੋਦਾਂ ਨਾਂ ਦਾ ਇਤਿਹਾਸਕ ਕਸਬਾ ਹੈ। ਗੁਰੀਲਾ ਯੁੱਧ ਨੀਤੀ ਤੇ ਚਲਦਿਆਂ ਇਸ ਅਸਥਾਨ ਤੇ ਬੰਦੇ ਨੇ ਸਥਾਨਕ ਲੋਕਾਂ ਦਾ ਦਿਲ ਜਿੱਤਣ ਤੇ ਉਹਨਾਂ ਤੋਂ ਮੱਦਦ ਪ੍ਰਾਪਤ ਕਰਨ ਲਈ ਕਰੀਬ ਅੱਧੀ ਦਰਜਨ ਪਿੰਡਾਂ ਦੇ ਲੋਕਾਂ ਨੂੰ ਭੋਜਨ ਦੇ ਬਦਲੇ ਲੁਟੇਰਿਆਂ ਤੋਂ ਸੁਰੱਖਿਅਤਾ ਦੇਣ ਦੀ ਪੇਸ਼ਕਸ਼ ਕੀਤੀ। ਉਹਨਾਂ ਲੋਕਾਂ ਲਈ ਇਹ ਸਸਤਾ ਸੌਦਾ ਸੀ ਜੋ ਉਹਨਾਂ ਮੰਨ ਲਿਆ। ਉਸ ਇਲਾਕੇ ਦੇ ਲੋਕ ਬੰਦੇ ਨੂੰ ਇਕ ਅਜਿਹੇ ਮਸੀਹੇ ਦੇ ਰੂਪ ਵਿਚ ਵੇਖਣ ਲੱਗ ਪਏ ਜੋ ਗਰੀਬਾਂ ਅਤੇ ਬੇਸਹਾਰਿਆਂ ਦਾ ਹਮਦਰਦ ਸੀ। ਸਥਾਨਕ ਲੋਕਾਂ ਦੀ ਹੋਰ ਮੱਦਦ ਕਰਨ ਦੀ ਨੀਯਤ ਨਾਲ ਬੰਦੇ ਨੇ ਲੇਟੇਰਿਆਂ ਤੇ ਛਾਪਾ-ਮਾਰੀ ਸ਼ੁਰੂ ਕਰ ਦਿਤੀ। ਇਸ ਤਰਾਂ ਪ੍ਰਾਪਤ ਧਨ ਦਾ ਇਕ ਹਿਸਾ ਉਹ ਝਿਉਰਾਂ, ਤੇਲੀਆਂ, ਜੁਲਾਹਿਆਂ, ਭੰਗੀਆਂ ਤੇ ਤ੍ਰਖਾਣਾਂ ਵਰਗੇ ਮਿਹਨਤਕੱਸ਼ ਗਰੀਬਾਂ ਵਿਚ ਵੰਡ ਦਿੰਦਾ ਸੀ। ਜੋ ਕੋਈ ਉਸਦੀ ਥੋੜੀ ਜਿਹੀ ਵੀ ਸੇਵਾ ਕਰਦਾ ਉਸਨੂੰ ਉਹ ਖੁੱਲੇ ਦਿਲ ਨਾਲ ਇਸ ਦਾ ਇਵਜਾਨਾ ਦਿੰਦਾ ਜਿਸ ਕਾਰਨ ਗਰੀਬ ਲੋਕ ਉਸਦੀ ਤੁਲਨਾ ਰਾਜੇ ਭੋਜ ਨਾਲ ਕਰਨ ਲਗ ਪਏ। ਪਰ ਪ੍ਰਾਪਤ ਧਨ ਦਾ ਵੱਡਾ ਹਿਸਾ ਗੋਲੀ ਸਿੱਕਾ, ਹਥਿਆਰ ਤੇ ਘੋੜੇ ਖਰੀਦਣ ਤੇ ਹੀ ਖਰਚਿਆ ਜਾਂਦਾ ਸੀ। ਬੰਦਾ ਤਾਂ ਕਿਸੇ ਵੱਡੇ ਮਿਸ਼ਨ ਨੂੰ ਮਿੱਥ ਕੇ ਤੁਰਿਆ ਸੀ ਸੋ ਉਹ ਬਹੁਤੇ ਦਿਨ ਖੜਖੋਦੇ ਬੈਠਾ ਨਹੀਂ ਸੀ ਰਹਿ ਸਕਦਾ।

ਜਿਵੇਂ ਸਾਰੇ ਖਾੜਕੂ ਗਰੁੱਪਾਂ ਲਈ ਲੁੱਟਾਂ ਖੋਹਾਂ ਤੇ ਕਤਲ ਕਰਨੇ ਮਜਬੂਰੀ ਹੁੰਦੇ ਹਨ ਇਸੇ ਤਰਾਂ ਇਹ ਮਜਬੂਰੀ ਬੰਦੇ ਲਈ ਵੀ ਸੀ। ਡਾ. ਗੰਡਾ ਸਿੰਘ ਲਿਖਦਾ ਹੈ "ਜਿਸ ਵੇਲੇ ਸਿੰਘ ਕੈਥਲ ਦੇ ਲਾਗੇ ਪੁਜੇ ਤਾਂ ਉਹਨਾਂ ਨੂੰ ਸੂਹ ਲੱਗੀ ਕਿ ਇਸ ਇਲਾਕੇ ਦਾ ਉਗਰਾਹਿਆ ਹੋਇਆ ਮਾਮਲਾ ਲੈ ਕੇ ਦਿੱਲੀ ਨੂੰ ਜਾ ਰਿਹਾ ਇਕ ਫੌਜੀ ਦਸਤਾ ਭੂਣੇ ਪਿੰਡ ਠਹਿਰਿਆ ਹੋਇਆ ਹੈ। ਖਰਚ ਪੱਠੇ ਦੀ ਲੋੜ ਪੂਰਾ ਕਰਨ ਲਈ ਇਹ ਇਕ ਚੰਗਾ ਮੌਕਾ ਬਣ ਗਿਆ ਅਤੇ ਬੰਦਾ ਸਿੰਘ ਨੇ ਇਸ ਦਾ ਪੂਰਾ ਫਾਇਦਾ ਉਠਾਇਆ। ਉਹ ਝੱਟ ਭੂਣੇ ਪੁੱਜਾ ਅਤੇ ਖਜਾਨੇ ਦੀ ਗਾਰਦ ਪਾਸੋਂ ਮਾਲ ਜਾ ਖੋਹਿਆ। ਬੰਦਾ ਸਿੰਘ ਦੇ ਇਸ ਧਾੜੇ ਦਾ ਪਤਾ ਜਦ ਕੈਥਲ ਦੇ ਹਿੰਦੂ ਆਮਿਲ ਨੂੰ ਲੱਗਾ ਤਾਂ ਉਹ ਰਸਾਲੇ ਦਾ ਇਕ ਤੁਰਪ ਅਤੇ ਘੋੜ ਚੜ੍ਹੀ ਪੁਲਸ ਦਾ ਦਸਤਾ ਲੈ ਕੇ ਮੌਕੇ ਉਤੇ ਆ ਪੁੱਜਾ। ਬੰਦਾ ਸਿੰਘ ਦੇ ਸਾਥੀ ਬਹੁਤੇ ਪਿਆਦੇ ਹੀ ਸਨ। ਇਸ ਲਈ ਉਹ ਚੰਗੇ ਮੌਕੇ ਦੀ ਤਾੜ ਵਿਚ ਪੁਰਾਣੇ ਖੋਲਿਆਂ ਦੀਆਂ ਕੰਧਾਂ ਪਿਛੇ ਲੁਕ ਗਏ। ਜਦ ਦਾਉ

ਫੱਬਿਆ ਤਾਂ ਉਹ ਖੋਲਿਆਂ ਵਿਚੋਂ ਛਾਲਾਂ ਮਾਰਦੇ ਬਾਹਰ ਨਿੱਕਲੇ ਅਤੇ ਘੋੜਿਆਂ ਉਤੇ ਟੁੱਟ ਪਏ ਅਤੇ ਪਲੋਂ ਪਲੀ ਵਿਚ ਕਈ ਕਾਠੀਆਂ ਖਾਲੀ ਕਰ ਦਿੱਤੀਆਂ। ਆਮਿਲ ਸਿੰਘਾਂ ਦੇ ਹੱਥ ਆ ਗਿਆ ਅਤੇ ਉਸਦੇ ਸਾਥੀ ਭੱਜ ਨਿਕਲੇ। ਬੰਦਾ ਸਿੰਘ ਨੇ ਉਸਨੂੰ ਇਸ ਸ਼ਰਤ ਤੇ ਛੱਡ ਦੇਣਾ ਪ੍ਰਵਾਨ ਕਰ ਲਿਆ ਕਿ ਉਹ ਆਪਣੇ ਸਾਰੇ ਘੋੜੇ ਸਿੰਘਾਂ ਦੇ ਹਵਾਲੇ ਕਰ ਦੇਵੇ। ਉਸਨੇ ਇਹ ਗੱਲ ਖੁਸ਼ੀ ਖੁਸ਼ੀ ਮੰਨ ਲਈ। ਬੰਦਾ ਸਿੰਘ ਨੇ ਉਸਨੂੰ ਖਾਲਸੇ ਵੱਲੋਂ ਉਥੇ ਹੀ ਆਮਿਲ ਟਿੱਕ ਦਿਤਾ ਅਤੇ ਮਾਮਲੇ ਦੀ ਉਗਰਾਹੀ ਲਈ ਸਿੰਘਾਂ ਦਾ ਇਕ ਦਸਤਾ ਉਥੇ ਨਿਯੁਕਤ ਕਰ ਦਿਤਾ। ਲੁੱਟ ਵਿਚ ਜੋ ਕੁਝ ਹੱਥ ਆਇਆ ਸੀ ਉਹ ਬੰਦਾ ਸਿੰਘ ਨੇ ਬੜੇ ਖੁੱਲ੍ਹੀ ਹੱਥੀਂ ਆਪਣੇ ਸੰਗੀਆਂ ਸਾਥੀਆਂ ਵਿਚ ਵੰਡ ਦਿਤਾ। ਇਸ ਨਾਲ ਸਭ ਨੂੰ ਯਕੀਨ ਹੋ ਗਿਆ ਕਿ ਇਸ ਕਾਰਜ ਵਿਚ ਉਹਨਾਂ ਦੇ ਸੂਰਬੀਰ ਆਗੂ ਦਾ ਕੋਈ ਨਿਜੀ ਸੁਆਰਥ ਨਹੀਂ ਹੈ। ਇਕ ਪਾਸੇ ਇਸ ਢੰਗ ਨਾਲ ਬੰਦਾ ਬਹਾਦਰ ਨੇ ਆਪਣੇ ਸਾਥੀਆਂ ਦਾ ਵਿਸ਼ਵਾਸ ਤੇ ਵਫਾਦਾਰੀ ਜਿੱਤੀ ਅਤੇ ਦੂਜੇ ਬੰਨੇ ਆਪਣੀ ਆਰਥਿਕ ਤੇ ਪਦਾਰਥਿਕ ਸਥਿਤੀ ਮਜ਼ਬੂਤ ਕੀਤੀ।" ਕਰਨਲ ਆਰ.ਡੀ. ਪਲਸੋਕਰ ਆਪਣੀ ਕਿਤਾਬ 'ਸ਼ਿਵਾਜੀ – ਦਾ ਗਰੇਟ ਗੁਰੀਲਾ' ਵਿਚ ਲਿਖਦਾ ਹੈ "ਗੁਰੀਲੇ ਲਈ ਆਮ ਜਨਤਾ ਦੀ ਹਮਾਇਤ ਬੇਹੱਦ ਜਰੂਰੀ ਹੈ ਕਿਉਂਕਿ ਇਸ ਤਰਾਂ ਉਹ ਆਮ ਜਨਤਾ ਵਿਚ ਖੁਲ੍ਹੇ ਰੂਪ ਵਿਚ ਵਿਚਰ ਸਕਦਾ ਹੈ ਜਿਵੇਂ ਕਿ ਜਲ ਵਿਚ ਮੱਛਲੀ। ਇਸ ਤਰਾਂ ਉਸ ਲਈ ਆਪਣੇ ਦੁਸ਼ਮਣ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਵੀ ਸੌਖੀ ਹੋ ਜਾਂਦੀ ਹੈ।"

ਸ਼ਿਵਾਲਿਕ ਦੀਆਂ ਪਹਾੜੀਆਂ ਦਾ ਗੁਪਤ ਸਰਵੇਖਣ ਕਰਨ ਉਪਰੰਤ ਬੰਦਾ ਜਦੋਂ ਬੁੜੀਏ ਪੁੱਜਾ ਤਾਂ ਉਸਨੇ ਦੇਖਿਆ ਕਿ ਲੰਬੇ ਇੰਤਜਾਰ ਦੇ ਬਾਵਜੂਦ ਉਸਦੇ ਝੰਡੇ ਥੱਲੇ ਕੇਵਲ ਪੰਜ ਕੁ ਸੌ ਹੀ ਸਿੰਘ ਇਕੱਠੇ ਹੋਏ ਹਨ ਅਤੇ ਬਾਕੀ ਜਮਘਟਾ ਤਾਂ ਪੇਸ਼ਾਵਰ ਡਾਕੂ ਲੁਟੇਰਿਆਂ ਤੇ ਰਾਹਮਾਰਾਂ ਦਾ ਹੀ ਹੈ। ਮੁਸਤਫਾਬਾਦ ਦੇ ਗਵਰਨਰ ਦੀਆਂ ਫੌਜਾਂ ਤੋਂ ਭਾਵੇਂ ਬੰਦੇ ਨੇ ਉਹਨਾਂ ਦਾ ਬਚਾਅ ਕੀਤਾ ਸੀ ਪਰ ਉਹ ਉਹਨਾਂ ਦੇ ਖਰੂਦ ਨੂੰ ਪ੍ਰਵਾਨ ਨਹੀਂ ਸੀ ਕਰਦਾ। ਇਹਨਾਂ ਨੂੰ ਮਸਰੂਫ ਰੱਖਣ ਲਈ ਬੰਦੇ ਨੇ ਪੁਰਾਣੇ ਅਤੇ ਵੱਡੇ ਕਸਬੇ ਸੋਨੀਪਤ (ਹਰਿਆਣਾ) ਤੇ, ਜੋ ਕਿ ਇਕ ਫੌਜਦਾਰ ਦੀ ਕਮਾਨ ਥੱਲੇ ਸੀ, ਚੜ੍ਹਾਈ ਕਰਨ ਦਾ ਫੈਸਲਾ ਕੀਤਾ। ਫੌਜਦਾਰ ਦੀ ਕਮਾਨ ਥੱਲੇ ਜੋ ਸੈਨਿਕ ਸਨ ਉਹ ਅਜਿਹੇ ਛੋਟੇ ਗੈਰ ਸੰਗਠਿਤ ਅਤੇ ਫੌਜੀ ਸਾਜੋ ਸਮਾਨ ਦੀ ਘਾਟ ਵਾਲੇ ਟੋਲੇ ਨੂੰ ਅਸਾਨੀ ਨਾਲ ਪਛਾੜ ਸਕਦੇ ਸਨ। ਪਰ ਜੋ ਖਿਆਤੀ ਬੰਦੇ ਦੀ ਪਹਿਲਾਂ ਹੀ ਉਹਨਾਂ ਕੋਲ ਪਹੁੰਚ ਚੁੱਕੀ ਸੀ ਉਸ ਤੋਂ ਉਹ ਇੰਨੇ ਜ਼ਿਆਦਾ ਖੋਫਜ਼ਦਾ ਹੋ ਗਏ ਕਿ ਉਹਨਾਂ ਕਸਬੇ ਨੂੰ ਅਸੁਰੱਖਿਅਤ ਛੱਡ ਭੱਜਣ ਵਿਚ ਹੀ ਭਲਾਈ ਸਮਝੀ। ਕਿਸੇ ਨੇ ਵੀ ਬੰਦੇ ਦਾ ਵਿਰੋਧ ਨਾ ਕੀਤਾ ਤੇ ਉਹ ਅਰਾਮ ਨਾਲ ਸ਼ਹਿਰ ਤੇ ਕਾਬਜ ਹੋ ਗਿਆ। ਓ.ਪੀ. ਰਲਹਨ ਲਿਖਦਾ ਹੈ "ਬੰਦੇ ਨੇ ਹਮਲਾ ਕਰਕੇ ਸੋਨੀਪਤ ਦਾ ਸ਼ਾਹੀ ਖਜਾਨਾ ਲੁੱਟ ਲਿਆ ਅਤੇ ਇਥੋਂ ਪ੍ਰਾਪਤ ਮਾਲ ਨੂੰ ਆਪਣੀ ਲਾਮ ਡੋਰੀ ਵਿੱਚ ਵੰਡ ਦਿਤਾ। ਸਰਕਾਰ ਵਿਰੁੱਧ ਇਹ ਉਸਦੀ ਦੂਸਰੀ ਕਾਮਯਾਬੀ ਸੀ (ਪਹਿਲੀ ਕੈਥਲ ਲਾਗੇ ਹੋਈ ਸੀ) ਅਤੇ ਇਸ ਨਾਲ ਉਸਦਾ ਇੱਜ਼ਤ ਮਾਣ ਕਾਫੀ ਵੱਧਿਆ।" ਇਸ ਨਾਲ ਚੰਗਾ ਪ੍ਰਭਾਵ ਵੀ ਪਿਆ ਤੇ ਚੋਖਾ ਮਾਲ ਵੀ ਪ੍ਰਾਪਤ ਹੋਇਆ। ਇਸ ਨਾਲ ਸਿਘਾਂ ਦੇ ਹੌਸਲੇ ਬੁਲੰਦ ਹੋ ਗਏ ਅਤੇ ਉਹਨਾਂ ਨੂੰ ਆਪਣੀ ਲੜਾਕੂ ਸਮਰੱਥਾ ਤੇ ਵਿਸ਼ਵਾਸ ਵੀ ਵਧਿਆ। ਲੁੱਟ ਦੇ ਮਾਲ ਦੇ ਲਾਲਚ ਨਾਲ ਮਾਲਵੇ ਵਿਚੋਂ ਕਾਫੀ ਲੋਕ ਖਿੱਚੇ ਆਏ। ਦੁਆਬੇ ਅਤੇ ਮਾਝੇ ਦੇ ਸਿੱਖਾਂ ਨੂੰ ਵੀ ਇਸ ਤਰਾਂ ਬੰਦਾ ਬਹਾਦਰ ਨਾਲ ਜਲਦੀ ਆ ਰਲਣ ਦਾ ਸਨੇਹਾ ਮਿਲਿਆ। ਪਰ ਹਾਲੇ ਵੀ ਬੰਦਾ ਆਪਣੇ ਪ੍ਰਮੁੱਖ ਨਿਸ਼ਾਨੇ, ਸਰਹਿੰਦ ਤੇ ਹਮਲਾ ਕਰਨ ਦੇ

ਕਾਬਿਲ ਨਹੀਂ ਸੀ। ਸਰਹਿੰਦ ਦਾ ਸੂਬੇਦਾਰ ਵਜੀਰ ਖਾਨ ਇਕ ਹੰਢਿਆ ਹੋਇਆ ਨਿਪੁੰਨ ਯੋਧਾ ਅਤੇ ਕਈ ਲੜਾਈਆਂ ਦਾ ਹੀਰੋ ਵੀ ਸੀ। ਸਰਹਿੰਦ ਦੀ ਸੁਰੱਖਿਆ ਲਈ ਉਸਦੀ ਸੁਯੋਗ ਕਮਾਨ ਥੱਲੇ ਇਕ ਵੱਡੀ ਹਥਿਆਰਬੰਦ ਫੌਜ ਸੀ। ਜਰੂਰਤ ਪੈਣ ਤੇ ਗਵਾਂਢੀ ਫੌਜਦਾਰਾਂ ਪਾਸੋਂ ਉਸਨੂੰ ਤੁਰੰਤ ਕੁਮਕ ਪਹੁੰਚ ਸਕਦੀ ਸੀ। ਬੰਦੇ ਨੇ ਫੈਸਲਾ ਕੀਤਾ ਕਿ ਸਰਹਿੰਦ ਦੇ ਆਲੇ ਦੁਆਲੇ ਦੇ ਸੌਖੇ ਨਿਸ਼ਾਨਿਆਂ ਤੇ ਪਹਿਲਾਂ ਹੱਲਾ ਕੀਤਾ ਜਾਵੇ ਤਾਂ ਕਿ ਡਰ ਦਾ ਇਕ ਅਜਿਹਾ ਮਹੌਲ ਬਣ ਜਾਵੇ ਜਿਸ ਨਾਲ ਵਜੀਰ ਖਾਨ ਵੀ ਦਿਲ ਛੱਡ ਬੈਠੇ। ਇਸ ਲਈ ਉਸਨੇ ਆਪਣਾ ਅਗਲਾ ਨਿਸ਼ਾਨਾ ਸਮਾਣੇ ਨੂੰ ਬਣਾਇਆ। ਇਸ ਦੇ ਕਈ ਕਾਰਨ ਸਨ। ਪਹਿਲਾ ਇਹ ਕਿ ਦਿੱਲੀ ਦੇ ਚਾਂਦਨੀ ਚੌਕ ਵਿਚ ਨੌਵੇਂ ਗੁਰੂ ਸ੍ਰੀ ਤੇਗ ਬਹਾਦਰ ਜੀ ਦਾ ਸਿਰ ਕਲਮ ਕਰਨ ਵਾਲਾ ਜਲਾਦ ਸੱਯਦ ਜਲਾਲੂਦੀਨ ਸਮਾਣੇ ਦਾ ਰਹਿਣ ਵਾਲਾ ਸੀ। ਦੂਸਰਾ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਤਸੀਹੇ ਦੇ ਕੇ ਜਿਬਾਹ ਕਰਨ ਵਾਲੇ ਜਲਾਦ ਸਾਸ਼ਲਬੇਗ ਤੇ ਬਾਸ਼ਲਬੇਗ ਵੀ ਸਮਾਣੇ ਦੇ ਹੀ ਸਨ। ਤੀਸਰਾ ਸਮਾਣਾ ਇਸ ਇਲਾਕੇ ਦਾ ਸਭ ਤੋਂ ਅਮੀਰ ਕਸਬਾ ਸੀ। ਓ.ਪੀ. ਰਲਹਨ ਇਸ ਦਾ ਇਕ ਹੋਰ ਕਾਰਨ ਦੱਸਦਾ ਹੋਇਆ ਲਿਖਦਾ ਹੈ "ਅਲੀ ਹੁਸੈਨ, ਜਿਸ ਨੇ ਝੂਠੀਆਂ ਕਸਮਾਂ ਚੁੱਕ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਲਈ ਮਨਾ ਲਿਆ ਸੀ, ਵੀ ਸਮਾਣੇ ਦਾ ਹੀ ਰਹਿਣ ਵਾਲਾ ਸੀ।" ਡਾ. ਗੰਡਾ ਸਿੰਘ ਇਸ ਕਸਬੇ ਦਾ ਅਤੇ ਇਸ ਤੇ ਹੋਏ ਹਮਲੇ ਦਾ ਨਕਸ਼ਾ ਇੰਝ ਖਿਚਦਾ ਹੈ "ਸਮਾਣੇ ਵਿੱਚ ਵੱਡੇ ਵੱਡੇ ਧਨਾਢ ਅਤੇ ਉਚੇ ਅਹੁਦਿਆਂ ਉਤੇ ਰਹੇ ਹੋਏ ਖਾਨਦਾਨੀ ਸੱਯਦ ਅਤੇ ਮੁਗਲ ਵਸਦੇ ਸਨ। ਇਨ੍ਹਾਂ ਵਿਚੋਂ ਬਾਈਸ ਤਾਂ ਅਜਿਹੇ ਉਚ-ਨਾਮਵਾਰ ਅਮੀਰ ਸਨ ਜਿਨ੍ਹਾਂ ਨੂੰ ਬਾਹਰ ਪਾਲਕੀਆਂ ਵਿਚ ਆਉਣ ਜਾਣ ਦਾ ਅਖਤਿਆਰ ਸੀ। ਇਸ ਦੇ ਚੁਗਿਰਦੇ ਦਾ ਕੋਟ ਕਿਲ੍ਹੇ ਵਰਗਾ ਸੀ ਅਤੇ ਅੰਦਰ ਵੀ ਹਰ ਵੱਡੀ ਹਵੇਲੀ ਇਕ ਗੜ੍ਹੀ ਸੀ। ਇਥੇ ਦੇ ਫੌਜਦਾਰ ਨੂੰ ਯਕੀਨ ਅਤੇ ਹੌਸਲਾ ਸੀ ਕਿ ਉਹ ਕਿਸੇ ਵੀ ਬਾਹਰੋਂ ਆ ਪਈ ਵਾਹਰ ਨੂੰ ਕੋਟੋਂ ਬਾਹਰ ਹੀ ਭਾਂਜ ਦੇ ਸਕੇਗਾ ਅਤੇ ਜੇ ਘੇਰਾ ਪੈ ਵੀਂ ਗਿਆ ਤਾਂ ਕੋਟ ਦੀ ਮਜ਼ਬੂਤੀ ਦੇ ਕਾਰਨ ਕੋਈ ਭੀ ਵੈਰੀ ਅੰਦਰ ਨਹੀਂ ਵੜ ਸਕੇਗਾ ਅਤੇ ਨਾਕਾਮ ਹੋਇਆ ਡੇਰਾ ਡੰਡਾ ਚੁੱਕ ਲੈ ਜਾਣ ਪਰ ਮਜਬੂਰ ਹੋ ਜਾਏਗਾ। ਇਸ ਲਈ ਸਿੰਘਾਂ ਦੀ ਸਮਾਣੇ ਵੱਲ ਚੜ੍ਹਾਈ ਦੀਆਂ ਖਬਰਾਂ ਵੱਲ ਉਸਨੇ ਕੋਈ ਧਿਆਨ ਨਾ ਦਿਤਾ। ਉਸਨੂੰ ਖਿਆਲ ਸੀ ਕਿ ਬੰਦਾ ਸਿੰਘ ਦੇ ਅਨਾੜੀ ਸਾਥੀਆਂ ਨੇ ਸਮਾਣੇ ਦੇ ਰੜੇ ਹੋਏ ਸੂਰਮੇ ਮੁਗਲਾਂ ਦੀ ਇਕ ਸੱਟ ਵੀ ਨਹੀਂ ਸਹਿਣੀ, ਪਰ ਪਤਾ ਉਸ ਵੇਲੇ ਲੱਗਾ ਜਦ 11 ਮੱਘਰ ਸੰਮਤ 1766 ਬਿ., 26 ਨਵੰਬਰ ਸੰਨ 1709, ਦਿਨ ਸ਼ੁਕਰਵਾਰ ਨੂੰ ਸਵੇਰੇ ਹੀ ਅਚਾਨਕ ਦਸਾਂ ਕੋਹਾਂ ਤੋਂ ਛੂਟ ਮਾਰ ਕੇ ਬੰਦਾ ਸਿੰਘ ਅਤੇ ਉਸਦੇ ਸਾਥੀ ਸਾਰੇ ਪਾਸਿਆਂ ਤੋਂ ਸ਼ਹਿਰ ਉਤੇ ਟੁੱਟ ਪਏ ਅਤੇ ਦਰਵਾਜੇ ਬੰਦ ਕਰ ਸਕਣ ਤੋਂ ਪਹਿਲਾਂ ਪਹਿਲਾਂ ਹੀ ਅੰਦਰ ਵੜ ਗਏ।

ਕਈ ਘੰਟਿਆਂ ਤਕ ਸ਼ਹਿਰ ਦੇ ਬਜ਼ਾਰਾਂ ਅਤੇ ਗਲੀਆਂ ਵਿਚ ਤਲਵਾਰ ਚਲਦੀ ਰਹੀ ਅਤੇ ਨਾਲੀਆਂ ਵਿਚ ਦੀ ਲਹੂ ਵਗ ਤੁਰਿਆ। ਇਸ ਹੱਲੇ ਵੇਲੇ ਕੁਝ ਲੁਟੇਰੇ ਭੀ ਸਿੰਘਾਂ ਦੇ ਪਿੱਛੇ ਪਿੱਛੇ ਸ਼ਹਿਰ ਵਿਚ ਆ ਦਾਖਲ ਹੋਏ । ਜਿਸ ਵੇਲੇ ਸਿੰਘ ਸੱਯਦ ਜਲਾਲੂਦੀਨ ਅਤੇ ਸਾਸ਼ਲ ਬੇਗ, ਬਾਸ਼ਲ ਬੇਗ ਆਦਿ ਦੇ ਘਰ ਸੋਧ ਰਹੇ ਸਨ ਅਤੇ ਸਮਾਣੇ ਦੇ ਫੌਜਦਾਰ ਅਤੇ ਹੋਰ ਵੱਡੇ ਵੱਡੇ ਮੁਗਲਾਂ ਦੇ ਖਜਾਨਿਆਂ ਦੀ ਭਾਲ ਵਿਚ ਲੱਗੇ ਹੋਏ ਸਨ, ਲੁਟੇਰੇ ਲੋਕ ਆਪਣੀ ਕਾਰੇ ਰੁੱਝ ਗਏ। ਬਹੁਤ ਸਾਰੇ ਵੱਡੇ ਵੱਡੇ ਮੁਗਲ ਅਮੀਰਾਂ ਨੇ ਆਪਣੀਆਂ ਹਵੇਲੀਆਂ ਦੇ ਫਾਟਕ

ਬੰਦ ਕਰ ਲਏ ਅਤੇ ਅੰਦਰੋਂ ਅੱਗ ਵਰਾਉਣ ਲੱਗ ਪਏ, ਪਰ ਉਹ ਆਲੇ ਦੁਆਲੇ ਦੇ ਪਿੰਡਾਂ ਦੇ ਗੁੱਸੇ ਦੀ ਅੱਗ ਨਾਲ ਭੜਕੇ ਹੋਏ ਮਨਚਲੇ ਕਿਸਾਨਾਂ ਦੇ ਸਾਹਮਣੇ ਬਹੁਤੀ ਦੇਰ ਟਿਕ ਨਾ ਸਕੇ। ਇਹ ਅਮੀਰ ਲੋਕ ਜਮੀਨਾਂ ਦੇ ਮਾਲਕ ਸਨ ਅਤੇ ਪਿੰਡਾਂ ਦੇ ਕਿਸਾਨ ਕੇਵਲ ਇਨ੍ਹਾਂ ਦੇ ਹਲ-ਵਾਹਕ ਮੁਜਾਰੇ, ਜੋ ਇਨ੍ਹਾਂ ਦੇ ਨਿਤ ਦੇ ਅਤਿਆਚਾਰਾਂ ਤੋਂ ਦੁਖੀ ਸਨ। ਇਸ ਲਈ ਇਹ ਆਪਣੀਆਂ ਨਵੀਆਂ ਪੁਰਾਣੀਆਂ ਕਿੜਾਂ ਕੱਢਣ ਲਈ ਵੱਧ ਚੜ੍ਹ ਕੇ ਹੱਥ ਮਾਰ ਰਹੇ ਸਨ। ਅਤੇ ਇਨ੍ਹਾਂ ਨੇ ਹਵੇਲੀਆਂ ਨੂੰ ਅੱਗ ਲਾਉਣੀ ਸ਼ੁਰੂ ਕਰ ਦਿਤੀ ਜਿਸ ਦਾ ਅੰਦਰ ਲੁਕਿਆ ਹੋਇਆਂ ਲਈ ਟਾਕਰਾ ਕਰ ਸਕਣਾ ਬੜਾ ਮੁਸ਼ਕਲ ਸੀ। ਉਨ੍ਹਾਂ ਵਾਸਤੇ ਅੰਦਰ ਦੋਜਖ ਦੀ ਅੱਗ ਸੀ ਅਤੇ ਬਾਹਰ ਵੈਰੀਆਂ ਦੇ ਨੇਜੇ, ਅਤੇ ਹਰ ਪਾਸਿਉਂ ਉਨ੍ਹਾਂ ਦੇ ਆਪਣੇ ਮਹਾਂਬਲੀ ਪਾਪਾਂ ਨੇ ਘੇਰ ਕੇ ਉਨ੍ਹਾਂ ਨੂੰ ਮੌਤ ਦੇ ਮੂੰਹ ਵਿਚ ਧੱਕ ਦਿੱਤਾ। ਇਸ ਤਰ੍ਹਾਂ ਰਾਤ ਪੈਣ ਤੋਂ ਪਹਿਲਾਂ ਪਹਿਲਾਂ ਸਮਾਣੇ ਦੇ ਉਚੇ ਉਚੇ ਧੌਲਰ ਅਤੇ ਮਹਿਲ ਮਾੜੀਆਂ ਢਹਿ ਢੇਰੀ ਹੋ ਗਏ ਜੋ ਹੁਣ ਤੱਕ ਮੁੜ ਆਪਣੀ ਪੁਰਾਣੀ ਸ਼ਾਨ ਵਿਚ ਨਹੀਂ ਵੱਸ ਸਕੇ। ਇਸ ਝੱਖੜ ਵਿਚ ਦਸ ਕੁ ਹਜਾਰ ਬੰਦੇ ਮਰਨ ਦਾ ਅੰਦਾਜਾ ਹੈ ਜਿਨ੍ਹਾਂ ਵਿਚੋਂ ਬਹੁਤ ਸਾਰੇ ਸੱਯਦ ਅਤੇ ਮੁਗਲ ਸਨ, ਅਤੇ ਜੋ ਬਚੇ ਉਨ੍ਹਾਂ ਵਿਚੋਂ ਬਹੁਤ ਸਾਰੇ ਸਦਾ ਲਈ ਸਮਾਣਾ ਛੱਡ ਗਏ।" ਡਾ. ਸੁਖਦਿਆਲ ਸਿੰਘ ਲਿਖਦਾ ਹੈ "ਜੇ ਬਚਿਆ ਸੀ ਤਾਂ ਸਿਰਫ ਜੈਨੀਆਂ ਦਾ ਮਹੱਲਾ ਅਤੇ ਬਾਹਰਲੀਆਂ ਬਸਤੀਆਂ। ਦਿਨ ਚੜਿਆ, ਸਾਮਣੇ ਦੇ ਤਬਾਹੀ ਦੀਆਂ ਖਬਰਾਂ ਲਾਗਲੇ ਪਿੰਡਾਂ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈਆਂ। ਇਸ ਲਈ ਪਿੰਡਾਂ ਦੇ ਪਿੰਡ ਵਹੀਰਾਂ ਘੱਤ ਕੇ ਸਮਾਣੇ ਆ ਪਹੁੰਚੇ। ਉਹ ਸਿੰਘਾਂ ਨਾਲ ਰਲ ਕੇ ਸਮਾਣੇ ਦੀ ਰਹਿੰਦ ਖੂੰਹਦ ਨੂੰ ਵੀ ਤਬਾਹ ਕਰਨ ਲੱਗ ਪਏ ਸਨ। ਦੇਖਦਿਆਂ ਹੀ ਦੇਖਦਿਆਂ ਸੈਂਕੜੇ ਖਾਨਦਾਨੀ ਨਵਾਬ ਅਤੇ ਅਮੀਰ ਲੋਕ ਮਾਰੇ ਗਏ। ਉਨ੍ਹਾਂ ਦੀਆਂ ਗੜੀਆਂ ਅਤੇ ਹਵੇਲੀਆਂ ਮਿੱਟੀ ਦਾ ਅਤੇ ਰਾਖ ਦਾ ਢੇਰ ਬਣ ਗਈਆਂ। ਅਣਗਿਣਤ ਘੋੜੇ, ਮੱਝਾਂ, ਬਲਦ ਅਤੇ ਹੋਰ ਪਾਲਤੂ ਪਸ਼ੂ ਸਿੰਘਾਂ ਨੇ ਇਕੱਠੇ ਕਰ ਲਏ। ਜੰਗੀ ਸਮਾਨ ਤਾਂ ਸਿੰਘਾਂ ਨੇ ਇਕਠਾ ਕਰ ਲਿਆ ਸੀ ਪਰ ਦੂਸਰਾ ਘਰੇਲੂ ਸਮਾਨ ਆਮ ਪਿੰਡਾਂ ਦੀ ਜਨਤਾ ਨੇ ਲੁਟ ਲਿਆ ਸੀ। ਅਥਾਹ ਸੋਨਾ, ਚਾਂਦੀ, ਰੁਪਏ ਅਤੇ ਕੀਮਤੀ ਸਮਾਨ ਸਿੰਘਾਂ ਨੇ ਇਕੱਠਾ ਕਰ ਲਿਆ। ਸਮਾਣੇ ਦੀ ਇਹ ਬਰਬਾਦੀ ਐਸੀ ਸੀ ਕਿ ਮੁੜ ਕੇ ਫਿਰ ਇਹ ਸ਼ਹਿਰ ਵਸ ਹੀ ਨਹੀਂ ਸਕਿਆ। ਇਥੇ ਦੇ ਮੁਗਲ ਅਧਿਕਾਰੀ, ਜਿਹੜੇ ਇਥੋਂ ਬਚ ਕੇ ਨਿਕਲ ਸਕੇ ਸਨ ਉਹ ਕੁਝ ਸਮੇਂ ਤਕ ਸ਼ਰਨਾਰਥੀਆਂ ਵਾਲਾ ਜੀਵਨ ਬਿਤਾਉਣ ਬਾਅਦ ਵਰਤਮਾਨ ਹਰਿਆਣੇ ਵਿਚ ਪਿਹੋਵਾ ਨੇੜੇ ਸਰਸਵਤੀ ਨਦੀ ਦੇ ਕੰਢੇ ਉਪਰ ਜਾ ਕੇ ਵਸ ਗਏ ਸਨ। ਇਸ ਪਿੰਡ ਦਾ ਨਾਂ ਮੁਰਤਜਾਪੁਰ ਹੈ।"

ਅਸਲ ਵਿਚ ਸਮਾਣੇ ਦੀ ਜਿੱਤ ਬੰਦਾ ਬਹਾਦਰ ਦੀ ਪਹਿਲੀ ਵੱਡੀ ਕਾਮਯਾਬੀ ਸੀ। ਇਥੋਂ ਚੋਖਾ ਧਨ-ਦੌਲਤ ਹੱਥ ਲੱਗਾ ਅਤੇ ਇਸਦਾ ਵੱਡਾ ਹਿੱਸਾ ਸਿੰਘਾਂ ਅਤੇ ਦੂਸਰੇ ਸੈਨਿਕਾਂ ਵਿਚ ਵੰਡ ਦਿਤਾ ਗਿਆ। ਬੰਦਾ ਹੁਣ ਪੂਰੀ ਚੜ੍ਹਦੀ ਕਲਾ ਵਿਚ ਸੀ ਅਤੇ ਆਪਣੇ ਨਿਸ਼ਾਨੇ ਦੀ ਪੂਰਤੀ ਦੇ ਆਤਮ-ਵਿਸ਼ਵਾਸ ਨਾਲ ਭਰਿਆ ਪਿਆ ਸੀ ਕਿਉਂਕਿ ਭਵਿੱਖ ਦੀਆਂ ਲੜਾਈਆਂ ਲਈ ਉਸ ਕੋਲ ਹੁਣ ਕਾਫੀ ਦੌਲਤ ਸੀ। ਭਾਈ ਭਗਤੂ ਦੇ ਪੜ-ਪੋਤਰੇ ਫਤਿਹ ਸਿੰਘ ਨੇ ਸਮਾਣੇ ਦੀ ਲੜਾਈ ਵਿਚ ਬਹੁਤ ਬਹਾਦਰੀ ਅਤੇ ਸੂਝ ਦਾ ਮੁਜਾਹਰਾ ਕੀਤਾ ਸੀ ਇਸ ਲਈ ਬੰਦੇ ਨੇ ਉਸਨੂੰ ਸਮਾਣਾ ਅਤੇ ਇਸ ਦੇ ਨਾਲ ਲਗਦੇ ਨੌਂ ਪਰਗਣਿਆਂ ਦਾ ਫੌਜਦਾਰ ਨਿਯੁਕਤ ਕਰ ਦਿਤਾ। ਸਮਰਿਧ, ਅਮੀਰ ਅਤੇ ਸਾਧਨ ਸੰਪੰਨ ਮੁਗਲਾਂ ਅਤੇ ਸੱਯਦਾਂ

ਉਤੇ ਬੰਦੇ ਦੀ ਇਸ ਜਿੱਤ ਨੇ, ਆਸ ਅਨੁਸਾਰ ਹੀ, ਮਾਲਵੇ ਦੇ ਸਿੱਖਾਂ ਨੂੰ ਬਹੁਤ ਉਤਸ਼ਾਹਤ ਕੀਤਾ ਅਤੇ ਉਹ ਆਪਣੇ ਘਰ-ਘਾਟ ਤਿਆਗ ਸ਼ਿਵਾਲਿਕ ਦੀਆਂ ਜੜਾਂ ਚ ਆਪਣੇ ਇਸ ਮੁਕਤੀ ਦਾਤਾ ਨਾਲ ਰਲਣ ਲਈ ਨਿੱਕਲ ਤੁਰੇ। ਉਹਨਾਂ ਨੂੰ ਉਮੀਦ ਬੱਝ ਗਈ ਸੀ ਕਿ ਇਕ ਦਿਨ ਉਹ ਵੀ ਆਪਣੀ ਹੋਣੀ ਦੇ ਖ਼ੁਦ ਮਾਲਕ ਬਣ ਸਕਦੇ ਨੇ।

ਬੰਦੇ ਨੇ ਅਗਲਾ ਨਿਸ਼ਾਨਾ ਘੁੜਾਮ ਨੂੰ ਬਣਾਇਆ। ਇਸ ਪਿੰਡ ਦੇ ਬਸ਼ਿੰਦੇ ਪਠਾਣਾਂ ਨੇ ਸਿੰਘਾਂ ਨਾਲ ਦੋ ਹੱਥ ਕਰਨ ਦੀ ਕੋਸ਼ਿਸ਼ ਕੀਤੀ ਪਰ ਸਿੰਘਾਂ ਜਲਦ ਹੀ ਉਹਨਾਂ ਤੇ ਕਾਬੂ ਪਾ ਲਿਆ। ਪਿੰਡ ਨੂੰ ਲੁੱਟ-ਪੁੱਟ ਕੇ ਅੱਗ ਲਾ ਦਿਤੀ ਗਈ। ਪਰ ਸਮਝ ਨਹੀਂ ਆਉਂਦੀ ਕਿ ਪੀਰ ਭੀਖਮ ਸ਼ਾਹ ਦੀ ਗੱਦੀ ਵਾਲੇ ਇਸ ਪਿੰਡ ਨਾਲ ਸਿੰਘਾਂ ਨੇ ਅਜਿਹਾ ਸਲੂਕ ਕਿਉਂ ਕੀਤਾ ? ਇਹ ਉਹੀ ਭੀਖਮ ਸ਼ਾਹ ਸੀ ਜਿਸ ਨੇ ਕਿ ਨੌਵੇਂ ਗੁਰੂ ਜੀ ਤੇ ਉਹਨਾਂ ਦੀ ਪਰੀਵਾਰ ਦੀ ਲਖਨੌਰ ਠਹਿਰ ਦੌਰਾਨ ਰੱਖਿਆ ਕੀਤੀ ਸੀ, ਖਾਸ ਕਰਕੇ ਬਾਲਕ ਗੋਬਿੰਦ ਰਾਏ ਦੀ। ਜੇਕਰ ਮੰਨ ਲਈਏ ਕਿ ਬੰਦਾ ਬਹਾਦਰ ਨੂੰ ਮੁਸਲਮਾਨ ਫਕੀਰ ਦੀ ਇਸ ਮਿਹਰਬਾਨੀ ਦਾ ਪਤਾ ਨਹੀਂ ਸੀ ਤਾਂ ਫਿਰ ਸਵਾਲ ਉਠਦਾ ਹੈ ਕਿ ਬਾਬਾ ਬਿਨੋਦ ਸਿੰਘ ਨੇ ਉਸਨੂੰ ਇਸ ਗਲਤ ਕਦਮ ਤੋਂ ਕਿਉਂ ਨਾ ਵਰਜਿਆ ? ਉਹ ਕਿਉਂ ਚੁਪ-ਚਾਪ ਤਮਾਸ਼ਬੀਨ ਬਣਿਆ ਰਿਹਾ।

ਠੱਸਕਾ ਮੁਗਲ ਬਾਦਸ਼ਾਹ ਵੱਲੋਂ ਪੀਰ ਭੀਖਮ ਸ਼ਾਹ ਨੂੰ ਬਖਸ਼ੀ ਹੋਈ ਜਗੀਰ ਸੀ। ਇਹ ਸੱਚ ਹੈ ਕਿ ਉਥੇ ਕੋਈ ਲੜਾਈ ਨਹੀਂ ਹੋਈ ਤੇ ਉਥੋਂ ਦੇ ਬਾਸ਼ਿੰਦਿਆਂ ਨੇ ਸਿੰਘਾਂ ਸਾਹਮਣੇ ਆਤਮ ਸਮਰਪਣ ਕਰ ਦਿਤਾ। ਪਰ ਇਸ ਤੇ ਹਮਲਾ ਹੀ ਕਿਉਂ ਕੀਤਾ ਗਿਆ ? ਇਹ ਸਵਾਲ ਮਹੱਤਵਪੂਰਨ ਹੈ ਕਿਉਂਕਿ ਗੁਰੂ ਗੋਬਿੰਦ ਰਾਏ (ਉਸ ਸਮੇਂ ਇਹੀ ਨਾਂ ਸੀ) ਨੇ ਇਹ ਜ਼ਿੰਮਾ ਲਿਆ ਸੀ ਕਿ ਭਵਿੱਖ ਵਿਚ ਜਦੋਂ ਸਿੰਘਾਂ ਦੀ ਚੜ੍ਹਤ ਹੋਵੇਗੀ ਤਦ ਵੀ ਠਸਕਾ ਭੀਖਮ ਸ਼ਾਹ ਦੀ ਮਲਕੀਅਤ ਰਹੇਗਾ। ਸਿੰਘਾਂ ਨੇ ਗੁਰੂ ਜੀ ਦੇ ਦਿਤੇ ਇਸ ਬਚਨ ਦੀ ਮਰਯਾਦਾ ਕਿਉਂ ਨਾ ਨਿਭਾਈ ? ਸਿੱਖਾਂ ਨੂੰ ਆਪਣੀ ਇਸ ਬੁਜਦਿਲ ਅਹਿਮਕਾਨਾ ਕਾਰਵਾਈ ਲਈ ਮੁਆਫੀ ਮੰਗਣੀ ਚਾਹੀਦੀ ਹੈ।

ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਤੋਂ ਕਾਫੀ ਦੂਰ ਨਿਕਲ ਆਉਣ ਕਾਰਨ ਇਹ ਸਮਾਂ ਬੰਦੇ ਦੀ ਵਾਪਸੀ ਦਾ ਸੀ। ਸੋ ਉਸ ਨੇ ਆਪਣੇ ਬੰਦਿਆਂ ਨੂੰ ਸਢੌਰੇ ਵੱਲ ਕੂਚ ਕਰਨ ਲਈ ਹੁਕਮ ਕੀਤਾ। ਮੁਸਤਫਾਬਾਦ ਇਕ ਅਮੀਰ ਕਸਬਾ ਸੀ ਅਤੇ ਇਹ ਸਢੌਰੇ ਦੇ ਰਸਤੇ ਵਿਚ ਪੈਂਦਾ ਸੀ। ਸੋ ਬੰਦੇ ਨੇ ਪਹਿਲਾਂ ਇਸ ਤੇ ਕਬਜਾ ਕਰਕੇ ਇਸਦੇ ਲੁੱਟਣ ਨੂੰ ਤਰਜੀਹ ਦਿਤੀ। ਪਰ ਘੁੜਾਮ ਅਤੇ ਠੱਸਕੇ ਵਾਂਗ ਮੁਸਤਫਾਬਾਦ ਨੂੰ ਜਿਤਣਾ ਕੋਈ ਖੇਡ ਨਹੀਂ ਸੀ। ਇਸ ਦੀ ਸੁਰੱਖਿਆ ਦਾ ਜ਼ਿੰਮਾ ਇਕ ਫੌਜਦਾਰ ਕੋਲ ਸੀ ਜਿਸ ਪਾਸ ਦੋ ਹਜ਼ਾਰ ਸਿਖਿਅਤ ਸ਼ਸ਼ਤਰਬੱਧ ਸੈਨਿਕ ਅਤੇ ਦੋ ਤੋਪਾਂ ਵੀ ਸਨ। ਬੰਦੇ ਦੀ ਫੌਜ ਦਾ ਇਕ ਵੱਡਾ ਹਿਸਾ ਡਾਕੂਆਂ ਤੇ ਲੁਟੇਰਿਆਂ ਦਾ ਸੀ ਜਿਹੜੇ ਸਿਰਫ ਲੁੱਟ ਦੇ ਲਾਲਚ ਕਾਰਨ ਹੀ ਨਾਲ ਜੁੜੇ ਹੋਏ ਸਨ। ਇਹੋ ਜਿਹੇ ਬੰਦੇ ਤੋਪਾਂ ਵੇਖਦੇ ਸਾਰ ਹੀ ਰੱਫੂ ਚੱਕਰ ਹੋ ਗਏ। ਭਾਵੇਂ ਅਜਿਹੇ ਭਗੌੜਿਆਂ ਕਾਰਨ ਬਾਕੀ ਦੇ ਸੈਨਿਕਾਂ ਦੇ ਮਨੋਬਲ ਤੇ ਕੁਝ ਅਸਰ ਜਰੂਰ ਹੋਇਆ ਪਰ ਬੰਦੇ ਦੇ ਦ੍ਰਿੜ ਵਿਸ਼ਵਾਸ ਤੇ ਇਸਦਾ ਕੋਈ ਅਸਰ ਨਾ ਹੋਇਆ। ਉਹ ਬੁਲੰਦ ਹੌਸਲੇ ਤੇ ਦ੍ਰਿੜਤਾ ਨਾਲ ਲੜਿਆ ਤੇ ਸਾਰੀਆਂ ਮੁਸ਼ਕਲਾਂ ਨੂੰ ਸਰ ਕਰਦਾ ਹੋਇਆ ਜੇਤੂ ਰਿਹਾ। ਜਦੋਂ ਸਿੰਘ ਮੁਸਤਫਾਬਾਦ 'ਚ ਘਮਾਸਾਣ ਦੀ ਲੜਾਈ ਚ ਉਲਝੇ ਹੋਏ ਸਨ ਤਾਂ ਇਸ ਫੌਜ ਨਾਲੋਂ ਖਿਸਕੇ ਲੁਟੇਰਿਆਂ ਨੇ ਸ਼ਾਹਬਾਦ ਮਾਰਕੰਡਾ

ਜਾ ਲੁਟਿਆ। ਇਸ ਲੁਟਮਾਰ ਨਾਲ ਬੰਦੇ ਦਾ ਜਾਂ ਉਸ ਦੇ ਸੈਨਿਕਾਂ ਦਾ ਕੋਈ ਸਰੋਕਾਰ ਨਹੀਂ ਸੀ।

ਮੁਸਤਫਾਬਾਦ ਤੇ ਹੋਈ ਕਰਾਮਾਤੀ ਜਿੱਤ ਉਪਰੰਤ ਬੰਦੇ ਨੇ ਆਪਣੇ ਸੈਨਿਕਾਂ ਨੂੰ ਸਢੌਰੇ ਵੱਲ ਕੂਚ ਦਾ ਹੁਕਮ ਕੀਤਾ ਜੋ ਕਿ ਉਸਦੇ ਪ੍ਰਮੁੱਖ ਨਿਸ਼ਾਨਿਆਂ ਚੋਂ ਇਕ ਸੀ। ਮੈਕਾਲਿਫ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਬੰਦੇ ਨੂੰ ਹੁਕਮ ਕੀਤਾ ਸੀ ਕਿ ਬੂੜੀਆ ਵਿਖੇ ਹੋਰ ਕੁਮਕ ਪਹੁੰਚਣ ਤੇ ਹੀ ਸਢੌਰੇ ਤੇ ਚੜਾਈ ਕਰਨੀ ਹੈ ਤੇ ਇਸਨੂੰ ਲੁਟ ਕੇ ਬਰਬਾਦ ਕਰਨਾ ਹੈ ਕਿਉਂਕਿ ਇਥੋਂ ਦੇ ਮੁਸਲਮਾਨਾਂ ਨੇ ਬਾਦਸ਼ਾਹ ਨੂੰ ਆਖ ਕੇ ਪੀਰ ਬੁੱਧੂ ਸ਼ਾਹ ਤੇ ਉਸਦੇ ਚੇਲਿਆਂ ਨੂੰ ਮੌਤ ਦੇ ਘਾਟ ਉਤਰਵਾ ਦਿਤਾ ਸੀ। ਉਹਨਾਂ ਦਾ ਕਸੂਰ ਸਿਰਫ ਇਹ ਸੀ ਕਿ ਉਹਨਾਂ ਭੰਗਾਣੀ ਦੇ ਯੁੱਧ ਵਿਚ ਗੁਰੂ ਜੀ ਦਾ ਸਾਥ ਦਿਤਾ ਸੀ। ਬੰਦਾ ਸਢੌਰੇ ਤੋਂ ਚਾਰ ਮੀਲ ਦੀ ਵਿੱਥ ਤੇ ਰਾਤ ਦੇ ਵਿਸ਼ਰਾਮ ਲਈ ਤੇ ਲੁਬਾਣਿਆ ਤੋਂ ਸੰਢੌਰੇ ਬਾਰੇ ਗੁਪਤ ਜਾਣਕਾਰੀ ਪ੍ਰਾਪਤ ਕਰਨ ਲਈ ਦਾਬੜ ਪਿੰਡ 'ਚ ਠਹਿਰਿਆ ਹੋਇਆ ਸੀ। ਇਥੇ ਉਸਨੂੰ ਪਤਾ ਲੱਗਿਆ ਕਿ ਕਸਬਾ ਕਪੂਰੀ ਦਾ ਨਵਾਬ ਕਦਾਮਉਦਦੀਨ ਦਾ ਲੋਕਾਂ ਪ੍ਰਤੀ ਤੇ ਖਾਸ ਕਰਕੇ ਹਿੰਦੂਆਂ ਪ੍ਰਤੀ ਵਤੀਰਾ ਗੈਰਜਿੰਮੇਵਾਰ, ਜ਼ਾਲਮਾਨਾਂ ਤੇ ਜਲਾਲਤ ਭਰਿਆ ਸੀ। ਇਹ ਔਰੰਗਜੇਬ ਦੇ ਸ਼ਾਸ਼ਨ ਕਾਲ ਦੌਰਾਨ ਗੁਜਰਾਤ ਦੇ ਹਾਕਮ ਰਹੇ ਅਮਾਨਉਲਾ ਦਾ ਪੁਤਰ ਸੀ। ਡਾ. ਗੋਪਾਲ ਸਿੰਘ ਲਿਖਦਾ ਹੈ "ਹਿੰਦੂਆਂ ਦੀ ਕੋਈ ਵੀ ਸੋਹਣੀ ਤੇ ਸੁਨੱਖੀ ਇਸਤਰੀ ਉਸ ਤੋਂ ਸੁਰੱਖਿਅਤ ਨਹੀਂ ਸੀ।" ਬੰਦੇ ਨੂੰ ਇਹ ਵੀ ਪਤਾ ਲੱਗਿਆ ਕਿ ਕਦਾਮਉਦਦੀਨ ਨੂੰ ਉਸਦੇ ਬਾਪ ਦੁਆਰਾ ਆਪਣੇ ਹਕੂਮਤੀ ਦਿਨਾਂ ਦੌਰਾਨ ਇਕੱਠੀ ਕੀਤੀ ਬੇਸ਼ੁਮਾਰ ਦੌਲਤ ਵਿਰਾਸਤ ਵਿਚ ਮਿਲੀ ਹੈ। ਬੰਦੇ ਨੇ ਮਹਿਸੂਸ ਕੀਤਾ ਕਿ ਸਢੌਰੇ ਤੋਂ ਪਹਿਲਾਂ ਕਦਾਮਉਦਦੀਨ ਦਾ ਸਫਾਇਆ ਕਰਨਾ ਬਿਹਤਰ ਹੋਵੇਗਾ। ਸੋ ਅਗਲੀ ਸਵੇਰ ਬੰਦੇ ਨੇ ਕਪੂਰੀ ਤੇ ਜਾ ਚੜਾਈ ਕੀਤੀ ਤੇ ਕੁਝ ਕੁ ਘੰਟਿਆਂ ਵਿਚ ਹੀ ਇਸਨੂੰ ਲੁਟ ਪੁਟ ਕੇ ਤਬਾਹ ਕਰ ਦਿਤਾ। ਇਥੋਂ ਦੇ ਮੁਖੀਏ ਅਤੇ ਹੋਰ ਅਮੀਰ ਘਰਾਣਿਆਂ ਤੋਂ ਚੋਖੀ ਦੌਲਤ ਉਸਦੇ ਹੱਥ ਲੱਗੀ। ਕਦਾਮਉਦਦੀਨ ਦਾ ਕੋਈ ਪਤਾ ਨਾ ਲੱਗਿਆ। ਸਮਝਿਆ ਜਾਂਦਾ ਹੈ ਕਿ ਉਹ ਵੀ ਆਪਣੇ ਮਹਿਲ ਦੇ ਨਾਲ ਹੀ ਸੜ ਕੇ ਸਵਾਹ ਹੋ ਗਿਆ।

ਹੁਣ ਵਾਰੀ ਸਢੌਰੇ ਦੀ ਸੀ। ਡਾ. ਗੋਪਾਲ ਸਿੰਘ ਲਿਖਦਾ ਹੈ "ਸਢੌਰਾ ਸਾਧੂ-ਵਾੜਾ ਦਾ ਸਮੇਂ ਦਾ ਫੇਰ ਨਾਲ ਬਦਲਿਆ ਹੋਇਆ ਨਾਮ ਸੀ। ਪ੍ਰਾਚੀਨ ਸਮਿਆਂ ਵਿਚ ਇਹ ਬੁਧ ਭਿਖਸ਼ੂਆਂ ਅਤੇ ਹਿੰਦੂ ਸਾਧੂਆਂ ਦਾ ਪਵਿੱਤਰ ਧਾਰਮਕ ਅਸਥਾਨ ਸੀ। ਮੁਸਲਮਾਨੀ ਰਾਜ ਹੋਣ ਵੇਲੇ ਕੁਝ ਚਿਰ ਏਥੇ ਤੁਸੀ ਪਠਾਣ ਵਸਦੇ ਰਹੇ, ਜਿਨ੍ਹਾਂ ਨੂੰ ਇਥੋਂ ਸਿਆਣਾ ਜ਼ਿਲ੍ਹਾ ਕਰਨਾਲ ਦੇ ਸੱਯਦ ਨਿਜਾਮੁੱਦੀਨ ਨੇ ਬਾਹਰ ਕੱਢ ਦਿੱਤਾ ਸੀ। ਸੰਨ 1414 ਵਿਚ ਜਦ ਸੱਯਦ ਖਿਜਰ ਖਾਨ ਦਿੱਲੀ ਤੇ ਤਖਤ ਉਤੇ ਬੈਠਾ ਤਾਂ ਉਸ ਨੇ ਸਢੌਰਾ ਨਿਜਾਮੁੱਦੀਨ ਨੂੰ ਦਿੱਤੀ ਸੱਠ ਹਜ਼ਾਰ ਦੀ ਸਲਾਨਾ ਜਗੀਰ ਵਿਚ ਸ਼ਾਮਲ ਕਰ ਦਿਤਾ। ਗੰਜਿ-ਇਲਮ ਅਤੇ ਕੁਤਬੁਲ-ਅਕਤਾਬ ਦੇ ਮਜਾਰ ਸੱਯਦ ਨਿਜਾਮੁੱਦੀਨ ਦੇ ਦੂਸਰੇ ਪੁੱਤਰ ਸ਼ਾਹ ਅਬਦੂਲ ਹਮੀਦ ਅਤੇ ਪੋਤਰੇ ਸ਼ਾਹ ਅਬਦੂਲ ਵਹਾਬ ਦੇ ਮਜਾਰ ਹਨ ਜੋ ਆਪਣੀ ਵਿੱਦਿਆ ਅਤੇ ਧਾਰਮਕ ਰੁਚੀਆਂ ਕਰਕੇ ਇਨ੍ਹਾਂ ਖਿਤਾਬਾਂ ਨਾਲ ਪ੍ਰਸਿੱਧ ਸਨ।" ਸੱਯਦ ਬਦਰੁੱਦੀਨ ਸ਼ਾਹ (ਸੱਯਦ ਬੁਧੂ ਸ਼ਾਹ) ਸੱਯਦ ਨਿਜਾਮੁਦੀਨ ਦੀ ਨੌਂਵੀਂ ਪੁਸ਼ਤੋਂ ਸਨ।

ਸਢੌਰਾ ਸੱਯਦ ਬੁੱਧੂ ਸ਼ਾਹ ਨਾਲ ਜੁੜਿਆ ਹੋਇਆ ਨਗਰ ਹੈ। ਇਸ ਮੁਸਲਮਾਨ ਨੇ

ਆਪਣੇ ਪੁਤਰਾਂ ਅਤੇ ਮੁਰੀਦਾਂ ਦੀ ਜਾਨ ਦੇ ਕੇ ਭੰਗਾਣੀ ਦੇ ਯੁੱਧ ਵਿਚ ਗੁਰੂ ਜੀ ਦੀ ਬਹੁਮੁੱਲੀ ਮੱਦਦ ਉਸ ਸਮੇਂ ਕੀਤੀ ਸੀ ਜਦੋਂ ਉਦਾਸੀ ਸਿੱਖ ਅਤੇ ਭਾੜੇ ਦੇ ਪਠਾਣ ਸੈਨਿਕ ਉਹਨਾਂ ਦਾ ਸਾਥ ਛੱਡ ਗਏ ਸਨ। ਇਹ ਹੈਰਾਨੀ ਦੀ ਗੱਲ ਹੈ ਕਿ ਸਿੰਘਾਂ ਨੇ ਇਸ ਨਗਰ ਤੇ ਹਮਲਾ ਕੀਤਾ ਤੇ ਬੇਰਹਿਮੀ ਨਾਲ ਇਸ ਦੀ ਲੁੱਟ ਖਸੁੱਟ ਕੀਤੀ। ਆਪਣੀ ਇਸ ਕਾਰਵਾਈ ਦਾ ਬਚਾਅ ਸਿੱਖ ਗੁਰੂ ਸਾਹਿਬ ਦੇ ਇਹਨਾਂ ਅਖੌਤੀ ਹੁਕਮਾਂ ਤਹਿਤ ਕਰਦੇ ਹਨ ਕਿ ਉਹਨਾਂ ਸਢੌਰੇ ਦੇ ਚੌਧਰੀ ਉਸਮਾਨ ਖਾਨ ਦੇ ਖਾਤਮੇ ਲਈ ਆਗਿਆ ਕੀਤੀ ਸੀ ਕਿਉਂਕਿ ਉਸਨੇ ਪੀਰ ਬੁੱਧੂ ਸ਼ਾਹ ਤੇ ਉਸਦੇ ਮੁਰੀਦਾਂ ਨੂੰ ਤਸੀਹੇ ਦੇ ਕੇ ਮਰਵਾਇਆ ਸੀ। ਪਰ ਜੋ ਕੁਝ ਸਢੌਰੇ ਵਿਚ ਹੋਇਆ ਉਸਨੂੰ ਅਜਿਹੇ ਕਿਸੇ ਹੁਕਮ ਦੀ ਆੜ ਥੱਲੇ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਹੁਣ ਤੱਕ ਦੀਆਂ ਹੋਈਆਂ ਜਿੱਤਾਂ ਅਤੇ ਹੱਥ ਆਈ ਦੌਲਤ ਕਾਰਨ ਬੰਦਾ ਅਤੇ ਉਸਦੇ ਸਾਥੀ ਬਹੁਤ ਉਚੀਆਂ ਹਵਾਵਾਂ ਵਿਚ ਸਨ ਤੇ ਸਵੈ-ਮਾਣ ਨਾਲ ਭਰੇ ਪਏ ਸਨ। ਪਰ ਸਢੌਰੇ ਦੀ ਲੜਾਈ ਕੋਈ ਬੱਚਿਆਂ ਦਾ ਖੇਡ ਨਹੀਂ ਸੀ। ਉਸਮਾਨ ਖਾਨ ਤੇ ਉਸਦੇ ਸੈਨਿਕਾਂ ਨੇ ਸਿੰਘਾਂ ਨੂੰ ਚੰਗੀ ਟੱਕਰ ਦਿਤੀ ਤੇ ਦੋਵੇਂ ਪਾਸੀਂ ਕਾਫੀ ਜਾਨੀ ਨੁਕਸਾਨ ਹੋਇਆ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਦੋਵੇਂ ਧਿਰਾਂ ਦੇ ਹਜ਼ਾਰਾਂ ਸੈਨਿਕਾਂ ਨੇ ਇਥੇ ਆਪਣੀ ਜਾਨ ਦੀ ਅਹੂਤੀ ਦਿਤੀ। ਡਾ. ਗੋਪਾਲ ਸਿੰਘ ਲਿਖਦਾ ਹੈ "ਜਿਸ ਅਸਥਾਨ ਤੇ ਜਿਆਦਾਤਰ ਕਤਲ ਹੋਏ ਉਸ ਥਾਂ ਦਾ ਨਾਓ ਹੀ ਕਤਲਗੜੀ ਪੈ ਗਿਆ। ਇਸ ਖ਼ੂਨੀ ਲੜਾਈ ਉਪਰੰਤ ਸਢੌਰਾ ਸਿੰਘਾਂ ਦੇ ਹੱਥ ਆ ਗਿਆ। ਦੋਵੇਂ ਧਿਰਾਂ ਦੇ ਹੋਏ ਜਾਨੀ ਨੁਕਸਾਨ ਦਾ ਭਰੋਸੇਯੋਗ ਅੰਦਾਜ਼ਾ ਕਦੇ ਵੀ ਨਹੀਂ ਲਗਾਇਆ ਗਿਆ। ਸਾਰਾ ਸ਼ਹਿਰ ਸਾੜ ਕੇ ਰਾਖ ਕਰ ਦਿਤਾ ਗਿਆ ਅਤੇ ਬਦਕਿਸਮਤੀ ਨਾਲ ਮੁਸਲਮਾਨਾਂ ਦੇ ਪਵਿਤਰ ਅਸਥਾਨ ਗੰਜ-ਏ-ਇਸਲਾਮ ਕੁਤਬਲ-ਅਕਤਾਬ ਦਾ ਮਜ਼ਾਰ ਵੀ ਧੁਆਖਿਆ ਗਿਆ।"

ਡਾ. ਸੁਖਦਿਆਲ ਸਿੰਘ ਲਿਖਦਾ ਹੈ "ਪੀਰ ਦੀ ਹਵੇਲੀ ਕਤਲਗੜੀ ਦਾ ਰੂਪ ਧਾਰ ਗਈ ਸੀ। ਕਿਲ੍ਹੇ ਅਤੇ ਹਵੇਲੀਆਂ ਮਿੱਟੀ ਵਿਚ ਮਿਲਾ ਦਿਤੀਆਂ ਗਈਆਂ। ਘੋੜੇ ਊਠ ਅਤੇ ਹੋਰ ਸਰਕਾਰੀ ਜਾਨਵਰ ਖੋਹ ਲਏ ਗਏ ਸਨ। ਸਦੀਆਂ ਤੋਂ ਖਾਨਦਾਨੀ ਅਮੀਰ ਤੁਰੇ ਆ ਰਹੇ ਅਮੀਰਾਂ ਵਜ਼ੀਰਾਂ ਦੀਆਂ ਹਵੇਲੀਆਂ ਵਿਚੋਂ ਅਥਾਹ ਧਨ-ਮਾਲ ਸਿੰਘਾਂ ਦੇ ਹੱਥ ਆ ਗਿਆ ਸੀ।"

ਡਾ. ਗੰਡਾ ਸਿੰਘ ਬੰਦਾ ਤੇ ਉਸ ਦੇ ਸਾਥੀਆਂ ਨੂੰ ਇਸ ਬੇਹੁਰਮਤੀ ਤੋਂ ਦੋਸ਼ਮੁਕਤ ਕਰਨ ਦੀ ਕੋਸ਼ਿਸ਼ ਵਿਚ ਲਿਖਦਾ ਹੈ "ਬੰਦਾ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੇ ਸਢੌਰੇ ਵੱਲ ਨੂੰ ਵਧਣ ਦੀ ਖਬਰ ਉਡਣ ਦੀ ਦੇਰ ਹੀ ਸੀ ਕਿ ਸਢੌਰੇ ਦੇ ਇਰਦ ਗਿਰਦ ਦੀ ਦੁਖੀ ਜਨਤਾ ਅਤੇ ਹੋਰ ਲੋਕ, ਜੋ ਕੇਵਲ ਇਸੇ ਮੌਕੇ ਦੀ ਤਾੜ ਵਿਚ ਹੀ ਸਨ, ਹੱਲਾ ਕਰਨ ਵਾਲੇ ਸਿੰਘਾਂ ਨਾਲ ਆ ਰਲੇ ਅਤੇ ਸ਼ਹਿਰ ਵਿਚ ਧਸ ਗਏ। ਗੁੱਸੇ ਨਾਲ ਭਰੇ ਪਏ ਇਨ੍ਹਾਂ ਆਪ ਮੁਹਾਰੇ ਲੋਕਾਂ ਨੇ, ਜਿਨ੍ਹਾਂ ਉਤੇ ਬੰਦਾ ਸਿੰਘ ਦਾ ਭੀ ਕੋਈ ਕਾਬੂ ਨਹੀਂ ਸੀ, ਸ਼ਹਿਰ ਵਿਚ ਵੜਦੇ ਸਾਰ ਸਭ ਤੋਂ ਪਹਿਲਾਂ ਕੁਤਬੁਲ-ਅਕਤਾਬ ਦੇ ਮਜ਼ਾਰ ਨੂੰ ਅੱਗ ਲਾਉਣ ਦੀ ਕੀਤੀ ਜਿਸ ਨਾਲ ਬਜ਼ਾਰਾਂ ਵਿਚ ਇਕ ਖ਼ੂਨੀ ਲੜਾਈ ਸ਼ੁਰੂ ਹੋ ਪਈ। ਡਰਦੇ ਮਾਰੇ ਸੱਯਦ ਅਤੇ ਸ਼ੇਖ ਪਨਾਹ ਲਈ ਸੱਯਦ ਬੁਧੂ ਸ਼ਾਹ ਦੀ ਹਵੇਲੀ ਵਿਚ ਜਾ ਲੁਕੇ, ਸ਼ਾਇਦ ਇਸ ਖਿਆਲ ਨਾਲ ਕਿ ਚੂੰਕਿ ਸ਼ਹੀਦ ਪੀਰ

ਬੁੱਧੂ ਸ਼ਾਹ ਗੁਰੂ ਗੋਬਿੰਦ ਸਿੰਘ ਦੇ ਮਿੱਤਰ ਸਨ ਇਸ ਲਈ ਸਿੰਘ ਉਨ੍ਹਾਂ ਦੀ ਜਾਨ ਬਖਸ਼ ਦੇਣਗੇ। ਜੇ ਇਹ ਗੱਲ ਇਕੱਲੇ ਸਿੰਘਾਂ ਦੇ ਹੱਥ ਵਿਚ ਹੀ ਹੁੰਦੀ ਤਾਂ ਸ਼ਾਇਦ ਕੋਈ ਭੀ ਸਿੰਘ ਪੀਰ ਬੁਧੂ ਸ਼ਾਹ ਦੇ ਮਜ਼ਾਰ ਦੀ ਬੇਪੱਤੀ ਨਾ ਹੋਣ ਦਿੰਦਾ, ਪਰ ਇਸ ਵੇਲੇ ਉਹ ਬੇਬੱਸ ਸਨ। ਉਨ੍ਹਾਂ ਦੀ ਗਿਣਤੀ ਬਹੁਤ ਹੀ ਥੋੜੀ ਸੀ ਅਤੇ ਉਹ ਥਾਂ ਦੇ ਭੀ ਨਾਵਾਕਿਫ ਸਨ। ਇਹ ਬਹੁਤ ਕਰਕੇ ਚੁਗਿਰਦੇ ਦਾ ਦੁਖੀ ਮਲੁੱਖਈਆ ਸੀ ਜਿਨ੍ਹਾਂ ਦੇ ਬਦਲੇ ਦੇ ਅੱਗ ਨਾਲ ਭੜਕ ਕੇ ਇਕ ਭੜਥੂ ਮਚਾ ਦਿਤਾ।"

ਘੁੜਾਮ, ਠੱਸਕੇ ਅਤੇ ਸਢੌਰੇ ਵਿਚ ਜੋ ਲਹੂ ਬੰਦੇ ਤੇ ਉਸਦੇ ਸਾਥੀਆਂ ਨੇ ਵਹਾਇਆ ਉਸਦੇ ਦੋਸ਼ ਤੋਂ ਕੋਈ ਵੀ ਘੜੀ ਘੜਾਈ ਕਹਾਣੀ ਇਹਨਾਂ ਨੂੰ ਦੋਸ਼-ਮੁਕਤ ਨਹੀਂ ਕਰ ਸਕਦੀ। ਬੰਦਾ ਤੇ ਉਸਦੇ ਸਾਥੀਆਂ ਵੱਲੋਂ ਦਿਖਾਈ ਗੈਰ ਜ਼ੁੰਮੇਵਾਰੀ ਤੇ ਅਕ੍ਰਿਤਘਣਤਾ ਇਕ ਅਜਿਹਾ ਬਦਨਾਮੀ ਦਾ ਦਾਗ ਹੈ ਜਿਹੜਾ ਮਿਟਾਇਆ ਨਹੀਂ ਜਾ ਸਕਦਾ।

ਹੁਣ ਤੱਕ ਦੀਆਂ ਬੰਦੇ ਵੱਲੋਂ ਲੜੀਆਂ ਲੜਾਈਆਂ ਸਧਾਰਣ ਤੇ ਬਹੁਤ ਥੋੜੇ ਸਮੇਂ ਦੀਆਂ ਹੀ ਸਨ ਤੇ ਇਹਨਾਂ ਨੂੰ ਝੜਪਾਂ ਹੀ ਆਖਿਆ ਜਾ ਸਕਦਾ। ਹੈ। ਪਰ ਮੁਸਲਮਾਨ ਚੌਧਰੀਆਂ ਉਤੇ ਬੰਦੇ ਦੀਆਂ ਇਹਨਾਂ ਜਿੱਤਾਂ ਨੇ ਪੰਜਾਬ ਦੇ ਮਾਝੇ, ਮਾਲਵੇ ਤੇ ਦੁਆਬੇ ਦੇ ਇਲਾਕੇ ਵਿਚ ਭੁਚਾਲ ਹੀ ਲਿਆ ਦਿਤਾ ਕਿਉਂਕਿ ਆਮ ਜਨਤਾ ਦੇ ਚੇਤਿਆਂ ਵਿਚ ਵੀ ਨਹੀਂ ਸੀ ਕਿ ਕਿਸੇ ਨੇ ਮੁਸਲਮਾਨ ਚੌਧਰੀਆਂ ਤੇ ਉਹਨਾਂ ਦੀਆਂ ਫੌਜਾਂ ਨੂੰ ਕਦੇ ਭਾਂਜ ਦਿਤੀ ਹੋਵੇ। ਇਸ ਨਾਲ ਸਿੱਖਾਂ ਦੇ ਹੌਸਲੇ ਬੁਲੰਦ ਹੋਏ ਅਤੇ ਉਹਨਾਂ ਅੰਦਰ ਇਸ ਧਰਮ ਯੁੱਧ ਵਿਚ ਸ਼ਾਮਲ ਹੋਣ ਦੀ ਇੱਛਾ ਬਹੁਤ ਪ੍ਰਬਲ ਹੋ ਗਈ। ਮਾਝੇ ਅਤੇ ਦੁਆਬੇ ਵਿਚੋਂ ਵੱਡੀ ਗਿਣਤੀ ਵਿਚ ਸਿੰਘ ਸਤਲੁਜ ਦਰਿਆ ਦੇ ਸੱਜੇ ਕੰਢੇ ਇਕਠੇ ਹੋ ਗਏ। ਕਠਨਾਈਆਂ ਦੇ ਬਾਵਜੂਦ ਉਹ ਦਰਿਆ ਪਾਰ ਕਰਕੇ ਕੀਰਤਪੁਰ ਆ ਇੱਕਠੇ ਹੋਏ। ਉਹ ਜਲਦੀ ਤੋਂ ਜਲਦੀ ਬੰਦੇ ਨਾਲ ਜਾ ਰਲਣ ਲਈ ਉਤਾਵਲੇ ਸਨ ਪਰ ਉਹਨਾਂ ਦਾ ਰਾਹ ਰੋਪੜ ਲਾਗੇ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਨ ਦੇ ਸੈਨਿਕਾਂ ਨੇ ਰੋਕਿਆ ਹੋਇਆ ਸੀ। ਇਸ ਕਾਰਵਾਈ ਦੀ ਕਮਾਨ ਉਸਦੇ ਭਰਾ ਖਿਜਰਾ ਖਾਨ ਤੇ ਭਤੀਜਿਆਂ ਨੁਸਰਤ ਖਾਨ ਤੇ ਵਲੀ ਮੁਹੰਮਦ ਖਾਨ ਕੋਲ ਸੀ। ਇਹ ਇਕ ਨਾ-ਬਰਾਬਰੀ ਦੀ ਲੜਾਈ ਸੀ ਕਿਉਂਕਿ ਸਿੱਖ ਤਾਂ ਸਿਰਫ ਆਪਣੇ ਧਾਰਮਿਕ ਅਕੀਦੇ ਦੇ ਸਿਰ ਤੇ ਹੀ ਲੜਨ ਲਈ ਅੱਪੜੇ ਸਨ ਪਰ ਮਲੇਰਕੋਟਲੇ ਵਾਲਿਆਂ ਦੀ ਫੌਜ ਪੂਰੀ ਤਰਾਂ ਸਿੱਖਲਾਈ ਪ੍ਰਾਪਤ ਤੇ ਸ਼ਸ਼ਤ੍ਰਬੱਧ ਸੀ। ਹੋਰ ਸਿੱਖਾਂ ਦੇ ਆ ਰਲਣ ਨਾਲ ਇਹਨਾਂ ਨੇ ਖਤਰਿਆਂ ਦੀ ਪ੍ਰਵਾਹ ਨਾ ਕਰਦਿਆਂ ਅੱਗੇ ਵਧਣ ਦਾ ਫੈਸਲਾ ਕਰ ਲਿਆ। ਬਹਾਦਰੀ ਤੇ ਦ੍ਰਿੜ ਨਿਸ਼ਚੇ ਨਾਲ ਕੀਤੇ ਹੱਲੇ ਨਾਲ ਉਹ ਦੁਸ਼ਮਣ ਦੀਆਂ ਸਫਾ ਚੀਰ ਕੇ ਨਿਕਲ ਗਏ। ਯਕੀਨਨ ਇਥੇ ਗਹਿਗੱਚ ਲੜਾਈ ਹੋਈ। ਸ਼ੇਰ ਮੁਹੰਮਦ ਖਾਨ ਦਾ ਭਰਾ ਤੇ ਭਤੀਜੇ ਮਾਰੇ ਗਏ ਤੇ ਉਹ ਖੁਦ ਵੀ ਗੰਭੀਰ ਰੂਪ ਵਿਚ ਜਖਮੀ ਹੋ ਗਿਆ। ਇਥੋਂ ਜੇਤੂ ਸਿੰਘ ਖਰੜ ਅਤੇ ਬਨੂੜ ਵਿਚਕਾਰ ਸਥਿਤ ਚੱਪੜ ਚਿੜੀ ਦੇ ਸਥਾਨ ਤੇ ਜਾ ਪਹੁੰਚੇ ਜਿਥੇ ਕਿ ਉਹਨਾਂ ਦੇ ਸਵਾਗਤ ਲਈ ਬੰਦਾ ਖੁਦ ਮੌਜੂਦ ਸੀ।

ਉਧਰ ਬਨੂੜ ਨੇ ਬਿਨਾਂ ਕਿਸੇ ਹੀਲ ਹੁਜਤ ਦੇ ਬੰਦੇ ਸਾਹਮਣੇ ਸਮਰਪਣ ਕਰ ਦਿਤਾ। ਇਸ ਤਰਾਂ ਹੁਣ ਪ੍ਰਮੁੱਖ ਨਿਸ਼ਾਨੇ ਭਾਵ ਸਰਹਿੰਦ ਦੀ ਵਾਰੀ ਆ ਗਈ ਸੀ।

****

ਸਰਹਿੰਦ ਦੀ ਲੜਾਈ

ਸਤਲੁਜ ਦਰਿਆ ਦੇ ਪਾਰੋਂ ਦੁਆਬੇ ਅਤੇ ਮਾਝੇ ਵਿਚੋਂ ਅੱਪੜੇ ਸਿੱਖ ਜੱਥਿਆਂ ਵਲੋਂ ਰੋਪੜ ਵਿਚ ਸ਼ੇਰ ਮੁਹੰਮਦ ਖਾਨ ਨੂੰ ਦਿਤੇ ਮੂਹ-ਤੋੜ ਜਵਾਬ ਅਤੇ ਕਰਾਰੀ ਹਾਰ ਨੇ ਸਿੰਘਾਂ ਵਿਚ ਨਵੀਂ ਰੂਹ ਫੂਕ ਦਿਤੀ ਸੀ ਤੇ ਉਹ ਚੜਦੀ ਕਲਾ ਵਿਚ ਸਨ। ਹੁਣ ਉਹ ਵਜ਼ੀਰ ਖਾਨ ਨੂੰ ਟੱਕਰਨ ਲਈ ਬੇਚੈਨ ਸਨ। ਦੂਸਰੇ ਬੰਨੇ ਸਮਾਣੇ, ਸਢੋਰੇ ਤੇ ਬਨੂੜ ਆਦਿ ਦੇ ਫੌਜਦਾਰਾਂ ਉਪਰ ਬੰਦੇ ਦੀਆਂ ਲਗਾਤਾਰ ਜਿੱਤਾਂ ਦੀਆਂ ਖਬਰਾਂ ਨੇ ਵਜ਼ੀਰ ਖਾਨ ਨੂੰ ਬੇਚੈਨ ਕਰ ਦਿਤਾ ਸੀ ਤੇ ਉਹ ਕੁਝ ਘਬਰਾਇਆ ਹੋਇਆ ਸੀ। ਉਸ ਨੇ ਬੰਦੇ ਦੀਆਂ ਫੌਜਾਂ ਨੂੰ ਬੇਦਿਲ ਕਰਨ ਤੇ ਉਹਨਾਂ ਵਿਚ ਭੈਅ ਪੈਦਾ ਕਰਨ ਲਈ ਇਕ ਤਰਕੀਬ ਘੜੀ ਜਿਸ ਬਾਰੇ ਡਾ. ਗੋਪਾਲ ਸਿੰਘ ਲਿਖਦਾ ਹੈ "ਸਰਹੰਦ ਉਪਰ ਹਮਲੇ ਦੇ ਖਤਰੇ ਨੂੰ ਭਾਂਪਦਿਆਂ ਸਰਹੰਦ ਦੇ ਨਵਾਬ ਨੇ ਆਪਣੇ ਹਿੰਦੂ ਵਜ਼ੀਰ ਸੁੱਚਾ ਨੰਦ ਦੇ ਭਤੀਜੇ ਨੂੰ ਇਕ ਹਜ਼ਾਰ ਟਰੇਂਡ ਸੈਨਿਕਾਂ ਸਮੇਤ ਬੰਦੇ ਨਾਲ ਜਾ ਰਲਣ ਲਈ ਭੇਜ ਦਿਤਾ। ਜਿਥੇ ਜਾ ਕੇ ਉਸਨੇ ਬੰਦੇ ਨਾਲ ਆਪਣੀ ਵਫਾਦਾਰੀ ਦਾ ਬਹਾਨਾ ਕਰਨਾ ਸੀ ਪਰ ਮੌਕਾ ਮਿਲਦੇ ਹੀ ਉਸਨੂੰ ਪਾਰ ਬੁਲਾਉਣਾ ਸੀ। ਬੰਦਾ ਕਿਉਂਜੋ ਬਹੁਤ ਸਾਦਾ ਆਦਮੀ ਸੀ ਸੋ ਉਸਨੇ ਉਸ (ਸੁਚਾ ਨੰਦ ਦੇ ਭਤੀਜੇ) ਉਪਰ ਵਿਸ਼ਵਾਸ ਕਰ ਲਿਆ ਅਤੇ ਉਸਨੂੰ ਉਸ ਦੇ ਆਦਮੀਆਂ ਸਮੇਤ ਸਵੀਕਾਰ ਕਰ ਲਿਆ।" ਦੂਸਰੇ ਬੰਨੇ ਵਜ਼ੀਰ ਖਾਨ ਨੇ ਆਪਣੇ ਹਿਮਾਇਤਆਂ ਨੂੰ ਵੀ ਆਪਣੀ ਮੱਦਦ ਲਈ ਸੱਦ ਲਿਆ ਅਤੇ ਸਿੰਘਾਂ ਵਿਰੁੱਧ ਜਹਾਦ ਦਾ ਐਲਾਨ ਕਰ ਦਿਤਾ। ਉਸ ਕੋਲ ਨਾ ਤਾਂ ਗੋਲੀ ਸਿੱਕਾ ਤੇ ਬਾਰੂਦ ਦੀ ਕੋਈ ਤੋਟ ਸੀ ਤੇ ਨਾ ਹੀ ਸਿੱਖਲਾਈ ਅਤੇ ਲੜਾਈ ਨਿਪੁੰਨ ਅਨੁਸ਼ਾਸ਼ਨਬੱਧ ਫੌਜ ਦੀ। ਖ਼ਾਫੀ ਖ਼ਾਂ ਅਨੁਸਾਰ ਵਜੀਰ ਖਾਨ ਦੀ ਅਗਵਾਈ ਹੇਠ ਉਸ ਸਮੇਂ ਕਰੀਬ 15000 ਆਦਮੀ ਸਨ ਜਿਹਨਾਂ ਵਿਚ ਸੱਤ ਤੋਂ ਅੱਠ ਹਜ਼ਾਰ ਬੰਦੂਕਚੀ, ਪੰਜ ਤੋਂ ਛੇ ਹਜ਼ਾਰ ਘੋੜ ਸਵਾਰ ਸਨ ਤੇ ਇਹਨਾਂ ਨਾਲ ਹਾਥੀਆਂ ਦਾ ਇਕ ਰਸਾਲਾ ਅਤੇ ਤੋਪਾਂ ਤੇ ਸਿੱਖਲਾਈ ਪ੍ਰਾਪਤ ਤੋਪਚੀ ਵੀ ਸਨ।

ਅਸਲ ਵਿਚ ਤਾਂ ਹੋਣ ਵਾਲੀ ਇਹ ਲੜਾਈ ਬੰਦੇ ਦੀ ਪਹਿਲੀ ਅਸਲੀ ਲੜਾਈ ਸੀ ਤੇ ਉਸਦੇ ਸਾਹਮਣੇ ਭਾਰੀ ਮੁਸ਼ਕਲਾਂ ਵੀ ਸਨ। ਨਾ ਹੀ ਉਸ ਕੋਲ ਤੋਪਖਾਨਾ ਸੀ, ਨਾ ਹੀ ਹਾਥੀ ਸਨ ਤੇ ਘੋੜ ਚੜਿਆਂ ਦੀ ਗਿਣਤੀ ਵੀ ਕੋਈ ਬਹੁਤੀ ਨਹੀਂ ਸੀ। ਉਸਦੇ ਦਲ ਵਿਚ ਵੱਡੀ ਗਿਣਤੀ ਵਿਚ ਡਾਕੂ-ਲੁਟੇਰੇ, ਰਾਹਮਾਰ, ਮੌਕਾ ਪ੍ਰਸਤ ਲੜਾਕੂ ਤੇ ਭਾੜੇ ਦੇ ਸੈਨਿਕ ਸਨ। ਇਹਨਾਂ ਨੇ ਦੁਸ਼ਮਣ ਦਾ ਹੱਥ ਉਪਰ ਹੁੰਦੇ ਸਾਰ ਹੀ ਪੱਤਰਾ ਵਾਚ ਜਾਣਾ ਸੀ। ਪਰ ਬੰਦੇ ਨੂੰ ਅਡੋਲ ਸਵੈ-ਭਰੋਸਾ ਸੀ ਤੇ ਆਪਣੇ ਉਦੇਸ਼ ਦੀ ਪਵਿਤਤਰਤਾ ਤੇ ਪੂਰਨ ਵਿਸ਼ਵਾਸ ਸੀ। ਇਸ ਸੰਘਰਸ਼ ਵਿਚ ਉਸਦਾ ਕੋਈ ਸੁਆਰਥ ਨਹੀਂ ਸੀ ਤੇ ਇਹ ਲੜਾਈ ਉਹ ਆਪਣੇ ਗੁਰੂ ਲਈ ਹੀ ਲੜ ਰਿਹਾ ਸੀ।

ਵਜ਼ੀਰ ਖਾਨ ਨੇ ਆਪਣੇ ਸਲਾਹਾਕਾਰਾਂ ਦੇ ਮਸ਼ਵਰੇ ਅਨੁਸਾਰ ਚੱਪੜ ਚਿੜੀ ਦੇ ਮੈਦਾਨ ਵਿਚ ਬੰਦੇ ਨੂੰ ਟੱਕਰਣ ਦਾ ਫੈਸਲਾ ਕੀਤਾ। ਇਹ ਸਥਾਨ ਸਰਹਿੰਦ ਤੋਂ ਉਤਰ-ਪੂਰਬ ਵੱਲ ਨੂੰ 18 ਕੁ ਮੀਲ ਦੀ ਦੂਰੀ ਤੇ ਹੈ। 12 ਮਈ 1710 ਨੂੰ ਦੋਵੇਂ ਦਲ ਆਹਮੋ ਸਾਹਮਣੇ ਸਨ। ਡਾ. ਸੁਖਦਿਆਲ ਸਿੰਘ ਲਿਖਦਾ ਹੈ "ਵਜ਼ੀਰ ਖਾਂ ਦੀ ਸੈਨਾ ਦੇ ਸਭ ਤੋਂ ਅੱਗੇ ਹਾਥੀ ਸਨ। ਉਸਦੇ ਪਿਛੇ ਪੈਦਲ ਫੌਜ ਸੀ । ਇਹ ਪੈਦਲ ਫੌਜ ਹਾਥੀਆਂ ਦੇ ਸਹਾਰੇ ਨਾਲ ਅੱਗੇ ਵਧ ਰਹੀ ਸੀ । ਦੋਹਾਂ ਪਾਸਿਆਂ ਤੇ ਘੋੜ ਸਵਾਰ ਸੈਨਾ ਸੀ ਜਿਹੜੀ ਆਪਣੀ ਸਮੁੱਚੀ ਫੌਜੀ ਸ਼ਕਤੀ ਨੂੰ ਇਕੱਠਾ ਰੱਖਣ ਦਾ ਕੰਮ ਕਰਦੀ ਸੀ। ਵਜ਼ੀਰ ਖਾਂ ਆਪਣੀ ਫੌਜ ਦੇ ਬਿਲਕੁਲ ਵਿਚਕਾਰ ਹਾਥੀ ਉਪਰ ਅਸਵਾਰ ਸੀ। ਅੱਲ੍ਹਾ-ਹੂ-ਅਕਬਰ ਦਾ ਨਾਅਰਾ ਬੁਲੰਦ ਕਰਦਿਆਂ ਵਜ਼ੀਰ ਖਾਨ ਦੀਆਂ ਫੌਜਾਂ ਨੇ ਸਿੰਘਾਂ ਉਤੇ ਪੂਰੀ ਦ੍ਰਿੜਤਾ ਤੇ ਪ੍ਰਤੀਬੱਧਤਾ ਨਾਲ ਹਮਲਾ ਕੀਤਾ। ਉਮੀਦ ਅਨੁਸਾਰ ਹੀ ਬੰਦੇ ਦੀਆਂ ਫੌਜਾਂ ਵਿਚ ਇਕ ਵੇਰਾਂ ਤਾਂ ਇਸ ਨਾਲ ਘਬਰਾਹਟ ਪੈਦਾ ਹੋ ਗਈ। ਲੋਟੂ ਟੋਲਾ ਤੇ ਮੌਕਾ ਪ੍ਰਸਤ ਪੱਤਰਾ ਵਾਚ ਗਏ। ਉਸ ਤੋਂ ਬਾਅਦ ਭੱਜਣ ਦੀ ਵਾਰੀ ਸੁੱਚਾ ਨੰਦ ਦੇ ਭਤੀਜੇ ਦੀ ਅਗਵਾਈ ਥੱਲੇ ਬੰਦੇ ਨਾਲ ਰਲੇ ਹਜ਼ਾਰ ਕੁ ਦੀ ਗਿਣਤੀ ਵਾਲੇ ਉਸ ਟੋਲੇ ਦੀ ਸੀ ਜਿਹੜਾ ਕਿ ਆਇਆ ਹੀ ਬੰਦੇ ਦੀ ਪਿੱਠ ਵਿਚ ਛੁਰਾ ਘੋਪਣ ਸੀ। ਪਰ ਬੰਦਾ ਇਹਨਾਂ ਭਗੌੜਿਆਂ ਦੀ ਬੁਜ਼ਦਿਲ ਕਾਰਵਾਈ ਤੋਂ ਅਭਿੱਜ ਸੀ। ਬੰਦੇ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਤੇ ਫਿਰ ਭੁਖੇ ਸ਼ੇਰ ਵਾਂਗ ਦਹਾੜਦਾ ਆਪਣੇ ਯੋਧਿਆਂ ਦੀ ਅਗਵਾਈ ਲਈ ਅੱਗੇ ਆਇਆ ਅਤੇ ਹਮਲਾ ਕਰ ਦਿਤਾ। ਉਸਨੂੰ ਹੁਣ ਡੱਕਣ ਵਾਲਾ ਕੋਈ ਨਹੀਂ ਸੀ, ਤੋਪਾਂ ਦੇ ਗੋਲੇ ਵੀ ਨਹੀਂ। ਉਸ ਨਾਲ ਹੀ ਸਿੰਘ ਵੀ ਮੁਗਲਾਂ ਉਤੇ ਸ਼ੇਰਾਂ ਵਾਂਗ ਟੁਟ ਪਏ ਤੇ ਉਹਨਾਂ ਦੀਆਂ ਸਫਾਂ ਵਿਚ ਜਾ ਵੜੇ। ਥੋੜੇ ਸਮੇਂ ਵਿਚ ਹੀ ਧਰਤੀ ਦਾ ਰੰਗ ਲਹੂ ਨਾਲ ਸੂਹਾ ਹੋ ਗਿਆ। ਸਿੰਘਾਂ ਨੇ ਕਈ ਹਾਥੀ ਵੀ ਮਾਰ ਦਿਤੇ ਅਤੇ ਕਾਫੀ ਸਾਰੇ ਮੁਗਲ ਫੌਜਾਂ ਨੂੰ ਦਰੜਦੇ ਪਿਛੇ ਨੂੰ ਭੱਜ ਤੁਰੇ। ਖ਼ਾਫੀ ਖਾਂ ਲਿਖਦਾ ਹੈ ਦੋਵੇਂ ਧਿਰਾਂ ਬਹੁਤ ਬਹਾਦਰੀ ਨਾਲ ਲੜੀਆਂ ਵਿਸ਼ੇਸ਼ ਕਰਕੇ ਦੂਸਰੇ ਫਿਰਕਿਆਂ ਦੇ ਇਕੱਠ ਵਾਲੇ ਜੋ ਕਿ ਤਲਵਾਰਾਂ ਹੱਥਾਂ ਵਿਚ ਲੈ ਹਾਥੀਆਂ ਨੂੰ ਜਾ ਟੱਕਰੇ ਤੇ ਉਹਨਾਂ ਵਿਚੋਂ ਦੋ ਨੂੰ ਡੇਗ ਲਿਆ। ਬਹੁਤ ਸਾਰੇ ਮੁਸਲਮਾਨਾਂ ਨੇ ਸ਼ਹਾਦਤ ਦਾ ਜਾਮ ਪੀਤਾ ਅਤੇ ਵੱਡੀ ਗਿਣਤੀ ਵਿਚ ਕਾਫਰ (ਭਾਵ ਸਿੱਖਾ) ਵੀ ਤਬਾਹੀ ਵਿਚ ਗਰਕ ਹੋਏ। ਮੁਸਲਮਾਨ ਫੌਜਾਂ ਕਾਫਰਾਂ ਵੱਲੋਂ ਕੀਤੇ ਜਾਂਦੇ ਹੱਲਿਆਂ ਨੂੰ ਮੁਸ਼ਕਲ ਨਾਲ ਹੀ ਝੱਲ ਰਹੀਆਂ ਸਨ ਕਿ ਬੰਦੂਕ ਦੀ ਇਕ ਗੋਲੀ ਵਜ਼ੀਰ ਖਾਨ ਨੂੰ ਸ਼ਹੀਦ ਕਰ ਗਈ ਤੇ ਫੌਜਾਂ ਭੱਜ ਪਈਆਂ।"

ਵਜ਼ੀਰ ਖਾਨ ਨੂੰ ਕਿਸ ਨੇ ਮਾਰਿਆ ਤੇ ਕਿਵੇਂ ਮਾਰਿਆ ਉਸ ਬਾਰੇ ਇਤਿਹਾਸਕਾਰਾਂ ਵਿਚ ਮੱਤ-ਭੇਦ ਹਨ। 'ਅਹਿਵਾਲਿ-ਏ-ਸਲਾਤੀਨਿ-ਏ-ਹਿੰਦ' ਦਾ ਕਰਤਾ ਲਿਖਦਾ ਹੈ "ਵਜੀਰ ਖਾਨ ਬਾਜ ਸਿੰਘ ਦੇ ਸਾਹਮਣੇ ਆਇਆ ਤੇ ਉਸਨੂੰ ਲਲਕਾਰ ਕੇ ਕਹਿਣ ਲੱਗਾ ਉਹ ਗੰਦੇ ਕੁੱਤੇ ਹੁਸ਼ਿਆਰ ਹੋ ਤੇ ਨਾਲ ਦੀ ਨਾਲ ਹੀ ਨੇਜੇ ਨਾਲ ਉਸ ਤੇ ਵਾਰ ਕੀਤਾ। ਬਾਜ ਸਿੰਘ ਨੇ ਇਹ ਨੇਜਾ ਉਸ ਹੱਥੋਂ ਖੋਹ ਕੇ ਉਸਦੇ ਘੋੜੇ ਦੇ ਸਿਰ ਵਿਚ ਮਾਰਿਆ ਤੇ ਘੋੜੇ ਨੂੰ ਜਖਮੀ ਕਰ ਦਿਤਾ। ਕੁਝ ਪਲਾਂ ਬਾਅਦ ਵਜੀਰ ਖਾਨ ਨੇ ਇਕ ਤੀਰ ਬਾਜ ਸਿੰਘ ਦੀ ਬਾਂਹ ਵਿਚ ਮਾਰਿਆ ਤੇ ਆਪਣੀ ਤਲਵਾਰ ਸੂਤ ਬਾਜ ਸਿੰਘ ਨੂੰ ਮੌਤ ਦੇ ਘਾਟ ਉਤਾਰਨ ਲਈ ਉਸ ਤੇ ਝਪਟਿਆ। ਫਤਿਹ ਸਿੰਘ ਨੇ ਜੋ ਕਿ ਨੇੜੇ ਹੀ ਖੜੋਤਾ ਸੀ ਆਪਣੀ ਤਲਵਾਰ ਨਾਲ

ਵਜੀਰ ਖਾਨ ਤੇ ਇੰਨੀ ਜ਼ੋਰ ਨਾਲ ਵਾਰ ਕੀਤਾ ਕਿ ਤਲਵਾਰ ਮੋਢੇ ਤੋਂ ਲੈ ਕੇ ਕਮਰ ਤਕ ਚੀਰਦੀ ਨਿਕਲ ਗਈ ਤੇ ਵਜ਼ੀਰ ਖਾਨ ਧਰਤੀ ਤੇ ਜਾ ਪਿਆ।" ਵਜ਼ੀਰ ਖਾਂਨ ਦੀ ਮੌਤ ਭਾਵੇਂ ਜਿਵੇਂ ਮਰਜੀ ਹੋਈ ਹੋਵੇ ਪਰ ਇੰਨੀ ਗਲ ਜਰੂਰ ਹੈ ਕਿ ਉਹ ਇਕ ਬਹਾਦਰ ਤੇ ਸੱਚੇ ਸਿਪਾਹੀ ਵਾਂਗ ਲੜਦਾ ਹੋਇਆ ਮੈਦਾਨੇ ਜੰਗ ਵਿਚ ਹੀ ਮੌਤ ਨੂੰ ਜਾ ਮਿਲਿਆ।

ਖ਼ਾਫੀ ਖ਼ਾਂ ਰੁਦਨ ਕਰਦਾ ਲਿਖਦਾ ਹੈ "ਧਨ-ਦੌਲਤ, ਘੋੜੇ ਤੇ ਹਾਥੀ ਕਾਫਰਾਂ ਦੇ ਹੱਥ ਲੱਗੇ ਤੇ ਇਸਲਾਮੀ ਫੌਜ ਦਾ ਇਕ ਵੀ ਸਿਪਾਹੀ ਅਜਿਹਾ ਨਹੀਂ ਸੀ ਜੋ ਆਪਣੇ ਤਨ ਦੇ ਕਪੜਿਆਂ ਤੇ ਆਪਣੀ ਜਾਨ ਤੋ ਇਲਾਵਾ ਕੁਝ ਹੋਰ ਭੱਜਣ ਸਮੇਂ ਨਾਲ ਲਿਜਾ ਸਕਿਆ ਹੋਵੇ। ਵੱਡੀ ਗਿਣਤੀ ਵਿਚ ਪਿਆਦੇ ਤੇ ਘੋੜ ਸਵਾਰ ਸੈਨਿਕ ਕਾਫਰਾਂ ਦੀਆਂ ਤਲਵਾਰਾਂ ਦੇ ਸ਼ਿਕਾਰ ਬਣੇ ਤੇ ਕਾਫਰਾਂ ਨੇ ਸਰਹਿੰਦ ਤੀਕਰ ਉਹਨਾਂ ਦਾ ਪਿੱਛਾ ਕੀਤਾ।" ਬੰਦੇ ਨੇ ਇਸ ਸ਼ਾਨਦਾਰ ਜਿੱਤ ਦਾ ਸਿਹਰਾ ਆਪਣੇ ਸਿਰ ਨਾ ਬੰਨਿਆ ਸਗੋਂ ਇਸ ਨੂੰ ਗੁਰੂ ਅਤੇ ਖਾਲਸੇ ਦੀ ਜਿੱਤ ਆਖਿਆ। ਪ੍ਰਾਪਤ ਹੋਏ ਧਨ-ਦੌਲਤ ਨੂੰ ਵੀ ਬੰਦੇ ਨੇ ਆਪਣੇ ਸੈਨਿਕਾਂ ਵਿਚ ਵੰਡ ਦਿਤਾ। ਇਹ ਦੋਵੇਂ ਗੱਲਾਂ ਬੰਦੇ ਦੀ ਮਹਾਨਤਾ ਨੂੰ ਦਰਸਾਉਂਦੀਆਂ ਹਨ -

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥

ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸ ॥ (ਪੰਨਾ 1427)

ਚੱਪੜ ਚਿੜੀ ਦੇ ਮੈਦਾਨ ਵਿਚ ਹੋਈ ਬੰਦੇ ਦੀ ਗੜ-ਗੱਜ ਜਿੱਤ ਦੇ ਬਾਵਜੂਦ ਸਰਹਿੰਦ ਦੀ ਰਾਖੀ ਲਈ ਤਾਇਨਾਤ ਤੋਪਖਾਨੇ ਨੇ ਇਕ ਪੂਰਾ ਦਿਨ ਬੰਦੇ ਤੇ ਉਸਦੀ ਫੌਜ ਨੂੰ ਸਰਹਿੰਦ ਦੇ ਲਾਗੇ ਨਾ ਲੱਗਣ ਦਿਤਾ। ਮੁਕਾਬਲਾ ਡਟ ਕੇ ਕੀਤਾ ਗਿਆ ਤੇ ਬੰਦੇ ਦੀ ਫੌਜ ਦਾ ਜਾਨੀ ਨੁਕਸਾਨ ਵੀ ਹੋਇਆ। ਬੰਦੇ ਨੇ ਆਪਣੇ ਸੈਨਿਕਾਂ ਨੂੰ ਕਿਸੇ ਤਰੀਕੇ ਇਹਨਾਂ ਤੋਪਚੀਆਂ ਤੇ ਕਾਬੂ ਪਾਉਣ ਲਈ ਆਖਿਆ। ਉਸਦੇ ਕੁਝ ਬਹਾਦਰ ਸੈਨਿਕਾਂ ਆਪਣੀ ਜਾਨ ਤਲੀ ਤੇ ਧਰ ਇਕ ਚੋਅ ਦੀ ਆੜ ਲੈ ਕੇ ਇਕ ਵਿਰਾਨ ਭੱਠੇ ਤੇ ਜਾ ਪਹੁੰਚੇ। ਉਹ ਭੱਠੇ ਦੇ ਇਕ ਅਜਿਹੇ ਉਚੇ ਅਸਥਾਨ ਤੇ ਚੜ ਗਏ ਜਿਥੋਂ ਤੋਪਚੀ ਨਿਸ਼ਾਨਾ ਬਣਾਏ ਜਾ ਸਕਦੇ ਸਨ। ਉਥੋਂ ਉਹਨਾਂ ਗੋਲੀਆਂ ਅਤੇ ਤੀਰਾਂ ਦਾ ਮੀਹ ਵਰਸਾ ਤੋਪਚੀਆਂ ਦਾ ਖਾਤਮਾ ਕਰ ਦਿਤਾ ਤੇ ਤੋਪਾਂ ਨੇ ਮੋਨ ਧਾਰ ਲਿਆ। ਹੁਣ ਸਰਹਿੰਦ ਦੇ ਬੂਹੇ ਸਿੰਘਾਂ ਲਈ ਖੁੱਲ੍ਹੇ ਸਨ।

ਚੱਪੜ ਚਿੜੀ ਦੀ ਲੜਾਈ ਤੋਂ ਦੋ ਦਿਨ ਬਾਅਦ ਭਾਵ 14 ਮਈ 1710 ਨੂੰ ਸਿੰਘ ਸਰਹਿੰਦ ਤੇ ਕਾਬਜ ਹੋ ਗਏ। ਆਪਣੇ ਗੁਰੂ ਦੇ ਦੋ ਮਾਸੂਮ ਪੁੱਤਰਾਂ ਦੇ ਨਿਰਦਈ ਕਤਲ ਦਾ ਬਦਲਾ ਲੈਣ ਦੀ ਇੱਛਾ ਹੁਣ ਉਹਨਾਂ ਅੰਦਰੋਂ ਜਵਾਲਾ-ਮੁਖੀ ਵਾਂਗ ਫੁੱਟ ਪਈ। ਮੁਸਲਮਾਨ ਮਰਦਾਂ ਔਰਤਾਂ ਤੇ ਬੱਚਿਆਂ ਦਾ ਇਹ ਇਕ ਦਿਲ ਕੰਬਾਊ ਤੇ ਕਰੂਰ ਕਤਲੇਆਮ ਸੀ। ਉਹਨਾਂ ਦੇ ਘਰਾਂ ਨੂੰ ਲੁੱਟਣ ਤੋਂ ਬਾਅਦ ਅੱਗ ਲਗਾ ਕੇ ਰਾਖ ਕਰ ਦਿਤਾ ਗਿਆ ਸੀ। ਡਾ. ਗੋਪਾਲ ਸਿੰਘ ਲਿਖਦਾ ਹੈ "ਸਰਹਿੰਦ ਅਤੇ ਇਸਦੇ ਨਵਾਬ ਤੋਂ ਬਦਲਾ ਲੈਣ ਲਈ ਸਿੱਖਾਂ ਦੇ ਮਨਾਂ ਅੰਦਰ ਭਾਂਬੜ ਬਲਦੇ ਸਨ। ਉਹ ਦੋਸ਼ੀ ਸ਼ਹਿਰ, ਇਸਦੇ ਨਵਾਬ ਤੇ ਸੁੱਚਾ ਨੰਦ ਵਰਗੇ ਉਸਦੇ ਜੁੰਡੀਦਾਰਾਂ ਨੂੰ ਸਜਾ ਦੇਣ ਲਈ ਦ੍ਰਿੜ ਸਨ। ਸਿੰਘਾਂ ਨੂੰ ਨਵਾਬ ਦੇ ਖਜਾਨੇ ਚੋਂ ਤਿੰਨ ਕਰੋੜ ਰੁਪਏ ਤੋਂ ਵੀ ਵੱਧ ਦੀ ਦੌਲਤ ਦੇ ਨਾਲ ਨਾਲ ਵੱਡੀ ਮਾਤਰਾ ਵਿਚ ਫੌਜੀ ਸਾਜੋ ਸਮਾਨ ਵੀ ਪ੍ਰਾਪਤ ਹੋਇਆ। ਸ਼ਹਿਰ ਦੇ ਹਿੰਦੂਆਂ ਦੀ ਰਹਿਮ ਦੀ ਅਪੀਲ ਅਤੇ ਇਕ ਵੱਡੀ ਰਕਮ ਛੁੜੇਤੀ ਵਲੋਂ ਭਰਨ ਨਾਲ ਸ਼ਹਿਰ ਦੀ ਪੂਰਨ ਬਰਬਾਦੀ ਹੋਣੋਂ ਬਚ ਗਈ।" ਮੁਸਲਮਾਨ

ਹਮਲਾਵਰਾਂ ਦੇ ਪੱਦ ਚਿੰਨਾਂ ਤੇ ਚਲਦਿਆਂ ਸਿੱਖਾਂ ਨੇ ਵੀ ਮੁਸਲਮਾਨਾਂ ਨੂੰ ਧਰਮ ਪਰਿਵਰਤਨ ਕਰਕੇ ਸਿੱਖ ਬਣਾਇਆ ਅਤੇ ਇਸ ਤਰਾਂ ਸਿੱਖ ਬਣੇ ਮੁਸਲਮਾਨਾਂ ਵਿਚ ਗੁਆਂਢੀ ਇਲਾਕੇ ਦਾ ਹਾਕਮ ਦੀਨ ਦਾਰ ਖਾਨ ਅਤੇ ਸਰਹਿੰਦ ਦਾ ਸਰਕਾਰੀ ਅਖਬਾਰ-ਨਵੀਸ ਮੀਰ ਨਸੀਰ-ਉਲ-ਦੀਨ ਵੀ ਸ਼ਾਮਲ ਸਨ।

ਹੁਣ ਕਰਨਾਲ ਤੋਂ ਲੈ ਕੇ ਲੁਧਿਆਣੇ ਤਕ ਦਾ ਇਲਾਕਾ ਬੰਦੇ ਦੇ ਅਧੀਨ ਸੀ ਤੇ ਇਸ ਇਲਾਕੇ ਤੋਂ 36 ਲੱਖ ਰੁਪਏ ਸਲਾਨਾ ਦਾ ਮਾਲੀਆ ਇੱਕਠਾ ਹੁੰਦਾ ਸੀ। ਇਸ ਇਲਾਕੇ ਦਾ ਪ੍ਰਬੰਧ ਚਲਾਉਣ ਲਈ ਉਸ ਨੇ ਬਾਜ ਸਿੰਘ ਨੂੰ (ਜੋ ਕਿ ਗੁਰੂ ਅਮਰ ਦਾਸ ਜੀ ਦੇ ਵੰਸ਼ 'ਚੋਂ ਸੀ) ਸਰਹਿੰਦ ਦਾ ਨਵਾਬ ਥਾਪ ਦਿਤਾ ਅਤੇ ਆਲੀ ਸਿੰਘ ਨੂੰ ਉਸਦਾ ਨਾਇਬ। ਆਲੀ ਸਿੰਘ ਖੰਨੇ ਦੇ ਲਾਗੇ ਪਿੰਡ ਸਲੌਦੀ (ਸਿਘਾਂ ਦੀ) ਦਾ ਰਹਿਣ ਵਾਲਾ ਸੀ ਅਤੇ ਬੰਦੇ ਨਾਲ ਰਲਣ ਤੋਂ ਪਹਿਲਾਂ ਉਹ ਵਜ਼ੀਰ ਖਾਨ ਦੀ ਮੁਲਾਜਮਤ ਵਿਚ ਸੀ ਅਤੇ ਉਸ ਨੂੰ ਕਾਫੀ ਪ੍ਰਸ਼ਾਸਕੀ ਤਜਰਬਾ ਵੀ ਸੀ। ਫਤਿਹ ਸਿੰਘ ਨੂੰ ਸਮਾਣੇ ਦਾ ਹਾਕਮ ਥਾਪ ਦਿਤਾ ਸੀ ਅਤੇ ਥਨੇਸਰ ਦਾ ਹਾਕਮ ਰਾਮ ਸਿੰਘ ਨੂੰ, ਜੋ ਕਿ ਭਾਈ ਭਗਤੂ ਦਾ ਪੜ-ਪੋਤਰਾ ਸੀ, ਥਾਪਿਆ ਗਿਆ। ਆਖਿਆ ਜਾਂਦਾ ਹੈ ਕਿ ਚੱਪੜ ਚਿੜੀ ਦੀ ਲੜਾਈ ਵਿਚ ਵਜੀਰ ਖਾਨ ਨੂੰ ਮਾਰਨ ਦੇ ਇਨਾਮ ਵੱਜੋਂ ਫਤਿਹ ਸਿੰਘ ਨੂੰ ਇਹ ਅਹੁਦਾ ਬਖਸ਼ਿਆ ਗਿਆ ਸੀ। ਰਾਮ ਸਿੰਘ ਦੀ ਸਹਾਇਤਾ ਲਈ ਬਾਬਾ ਬਿਨੋਦ ਸਿੰਘ ਨੂੰ ਜਿੰਮੇਵਾਰੀ ਸੌਂਪੀ ਗਈ। ਰਾਮ ਸਿੰਘ ਤੋਂ ਦੂਸਰੇ ਸਥਾਨ ਦੀ ਨਿਯੁਕਤੀ ਬਾਬੇ ਲਈ ਅਪਮਾਨਜਨਕ ਸੀ। ਉਹ ਚਲਾਕ ਅਤੇ ਖਚਰਾ ਆਦਮੀ ਸੀ। ਸੋ ਉਸਨੇ ਸਭ ਕੁਝ ਚੁਪ ਚਾਪ ਜਰ ਲਿਆ ਕਿਉਕਿ ਉਸ ਨੂੰ ਪਤਾ ਸੀ ਕਿ ਬੰਦੇ ਦੀ ਇਸ ਵਕਤ ਚੜ੍ਹਾਈ ਹੈ ਅਤੇ ਉਸ ਦਾ ਵਿਰੋਧ ਤਬਾਹਕੁਨ ਹੋਵੇਗਾ। ਬੰਦੇ ਦੁਆਰਾ ਜਿਤੇ ਇਲਾਕਿਆਂ ਦੇ ਪ੍ਰਬੰਧ ਲਈ ਮੁਖ ਤੋਰ ਤੇ ਇਹੀ ਇੰਤਜਾਮ ਕੀਤਾ ਗਿਆ।

ਹੇਠਲੇ ਪੱਧਰ ਤੇ ਤਾਇਨਾਤ ਕ੍ਰਮਚਾਰੀਆਂ ਨੂੰ ਇਹ ਸੁਨੇਹਾ ਦੇਣ ਲਈ ਕਿ ਇਹ ਸਾਰੇ ਪਰਗਣੇ ਸਿੱਖਾਂ ਦੇ ਅਧੀਨ ਹੋ ਗਏ ਹਨ ਤੇ ਹੁਣ ਤੋਂ ਮਾਲੀਆ ਸਿੱਖ ਖਜਾਨੇ ਵਿਚ ਜਮ੍ਹਾਂ ਹੋਇਆ ਕਰੇਗਾ, ਫੌਜ ਦੀਆਂ ਟੁਕੜੀਆਂ ਦੱਖਣ ਪੂਰਬ ਅਤੇ ਪੱਛਮ ਵੱਲ ਨੂੰ ਭੇਜੀਆਂ ਗਈਆਂ। ਅਜਿਹੇ ਸੰਦੇਸ਼ ਦੇਣ ਲਈ ਉਸ ਸਮੇਂ ਅਜਿਹਾ ਹੀ ਢੰਗ ਅਪਣਾਇਆ ਜਾਂਦਾ ਸੀ। ਸਮੇਂ ਦੇ ਦਸਤੂਰ ਅਨੁਸਾਰ ਕਿਸੇ ਪਾਸੇ ਤੋਂ ਕੋਈ ਵਿਰੋਧ ਨਾ ਹੋਇਆ। ਸਗੋਂ ਮੁਸਲਮਾਨਾਂ ਅਤੇ ਹਿੰਦੂਆਂ ਨੇ ਸਿੱਖ ਬਣਨ ਦੀ ਪੇਸ਼ਕਸ਼ ਵੀ ਕੀਤੀ। ਨਵਾਬ ਅਮੀਨ-ਦੋਲਾ ਅਨੁਸਾਰ "ਇਸ ਭੈੜੇ ਫਿਰਕੇ ਦੇ ਤਾਕਤ ਵਿਚ ਆਉਣ ਦਾ ਇਸ ਹੱਦ ਤਕ ਅਸਰ ਹੋਇਆ ਕਿ ਤਮਾਮ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਉਨ੍ਹਾਂ ਦੀ ਤਾਬੇਦਾਰੀ ਅਤੇ ਈਨ ਮੰਨਣ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਾ ਰਿਹਾ ਅਤੇ ਇਨ੍ਹਾਂ ਨੇ ਉਨ੍ਹਾਂ ਦੀ ਰਹਿਤ ਬਹਿਤ ਧਾਰਨ ਕਰ ਲਈ। ਉਨ੍ਹਾਂ ਦਾ ਸਰਦਾਰ ਅਜਿਹਾ ਪੀਰ ਅਤੇ ਮਨ ਨੂੰ ਮੋਹ ਲੈਣ ਵਾਲਾ ਜਾਦੂਗਰ ਸੀ ਕਿ ਆਪਣੇ ਆਪ ਨੂੰ ਬਹਾਦਰਾਂ ਅਤੇ ਦਲੇਰਾਂ ਦਾ ਮੋਹਰੀ ਜਾਹਰ ਕਰਦਾ ਸੀ ਅਤੇ ਉਸ ਵਿਚ ਕੁਝ ਅਜਿਹਾ ਜਾਦੂ ਸੀ ਕਿ ਹਰ ਕਿਸੇ ਦੇ ਮਨ ਨੂੰ ਆਪਣੇ ਕਾਬੂ ਵਿਚ ਕਰ ਲੈਂਦਾ ਸੀ। ਕੀ ਹਿੰਦੂ ਅਤੇ ਕੀ ਮੁਸਲਮਾਨ, ਜੋ ਕੋਈ ਭੀ ਉਸ ਕੋਲ ਜਾਂਦਾ ਇਹ ਉਸ ਨੂੰ ਸਿੰਘ ਕਰਕੇ ਬੁਲਾਉਂਦਾ। ਚੁਨਾਂਚਿ ਇਸ ਇਲਾਕੇ ਦੇ ਲਾਗੇ ਦਾ ਹਾਕਮ ਦੀਨਦਾਰ ਖਾਨ, ਦੀਨਦਾਰ ਸਿੰਘ ਹੋ ਗਿਆ ਅਤੇ ਸਰਹੰਦ ਦਾ ਅਖਬਾਰ-ਨਵੀਸ ਮੀਰ ਨਸੀਰੁੱਦੀਨ, ਮੀਰ ਨਸੀਰ ਸਿੰਘ ਬਣ ਗਿਆ। ਇਸ ਤਰ੍ਹਾਂ ਮੁਸਲਮਾਨਾਂ ਦੀ ਵੱਡੀ ਗਿਣਤੀ ਇਸਲਾਮ ਦਾ ਧਰਮ ਤਿਆਗ ਕੇ ਕੁਰਾਹੇ (ਸਿੱਖਾਂ ਦੇ

ਪੰਥ ਵਿਚ) ਪੈ ਗਈ ਅਤੇ ਉਸ (ਬੰਦਾ ਸਿੰਘ) ਦੇ ਮਿੱਤਰ ਅਤੇ ਸਾਥੀ ਬਣਨ ਲਈ ਉਨ੍ਹਾਂ ਨੇ ਪੱਕੇ ਵਾਅਦੇ ਅਤੇ ਇਕਰਾਰ ਕਰ ਲਏ।"

ਗੋਦਾਵਰੀ ਦੇ ਕੰਢੇ ਤੇ ਗੁਰੂ ਸਾਹਿਬ ਨਾਲ ਟਹਿਲਦੇ ਸਮੇਂ ਹੁੰਦੀ ਗਲਬਾਤ ਤੋਂ ਬੰਦੇ ਨੂੰ ਪਤਾ ਲੱਗਿਆ ਕਿ ਸੱਤਵੇਂ ਗੁਰੂ ਸ੍ਰੀ ਹਰ ਰਾਇ ਸਾਹਿਬ ਦੇ ਵੱਡੇ ਪੁਤਰ ਰਾਮ ਰਾਏ ਨੂੰ ਜਦੋਂ ਆਪਣੇ ਪਿਤਾ ਦੇ ਪ੍ਰਤੀਨਿਧ ਦੇ ਤੌਰ ਤੇ ਮੁਗਲ ਦਰਬਾਰ 'ਚ ਦਿੱਲੀ ਭੇਜਿਆ ਗਿਆ ਤਾਂ ਉਹ ਬਾਦਸ਼ਾਹ ਔਰੰਗਜ਼ੇਬ ਨਾਲ ਗੂੜ੍ਹੀ ਮਿੱਤਰਤਾ ਪਾ ਬੈਠਾ। ਇਸੇ ਕਾਰਨ ਬਾਦਸ਼ਾਹ ਨੇ ਗੁਰੂ ਹਰ ਰਾਇ ਸਾਹਿਬ ਤੇ ਦਬਾਅ ਪਾਇਆ ਕਿ ਉਹ ਰਾਮ ਰਾਏ ਨੂੰ ਆਪਣਾ ਜਾਨਸ਼ੀਨ ਥਾਪਣ। ਪਰ ਜਦੋਂ ਉਹਨਾਂ ਅਜਿਹਾ ਨਾ ਕੀਤਾ ਤਾਂ ਬਾਦਸ਼ਾਹ ਨੇ ਸ੍ਰੀਨਗਰ (ਗੜ੍ਹਵਾਲ) ਦੇ ਜਿਮੀਂਦਾਰ ਫਤਿਹ ਸ਼ਾਹ ਨੂੰ ਆਖਿਆ ਕਿ ਉਹ ਸੱਤ ਪਿੰਡ, ਮੌਜੂਦਾ ਦੇਹਰਾਦੂਨ (ਉਤਰਾਖੰਡ) ਸਮੇਤ, ਰਾਮ ਰਾਏ ਨੂੰ ਦੇ ਦੇਵੇ ਤਾਂ ਜੋ ਉਹ ਉਥੇ ਆਪਣਾ ਡੇਰਾ ਸਥਾਪਤ ਕਰਕੇ ਅਰਾਮ ਨਾਲ ਰਹਿ ਸਕੇ। ਪਰ ਰਾਮ ਰਾਏ ਨੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਨਾ ਮਿਲਣ ਕਾਰਨ ਆਪਣੇ ਪਿਤਾ ਨੂੰ ਕਦੇ ਵੀ ਮੁਆਫ ਨਾ ਕੀਤਾ ਅਤੇ ਆਪਣੇ ਛੋਟੇ ਭਰਾ ਸ੍ਰੀ ਹਰੀ ਕ੍ਰਿਸ਼ਨ ਜੀ ਨੂੰ ਗੱਦੀ ਤੇ ਬਿਠਾਏ ਜਾਣ ਵਿਰੁਧ ਬਾਦਸ਼ਾਹ ਪਾਸ ਫਰਿਆਦ ਕੀਤੀ। ਉਸ ਵੇਲੇ ਸ੍ਰੀ ਹਰੀ ਕ੍ਰਿਸ਼ਨ ਜੀ ਦੀ ਉਮਰ ਮਸਾਂ ਅੱਠ-ਨੌਂ ਸਾਲ ਦੀ ਸੀ। ਰਾਮ ਰਾਏ ਦੀ ਫਰਿਆਦ ਤੇ ਉਹਨਾਂ ਨੂੰ ਮੁਗਲ ਦਰਬਾਰ ਵਿਚ ਹਾਜ਼ਰ ਹੋਣ ਲਈ ਸੰਮਨ ਆ ਗਏ। ਦਿੱਲੀ ਪਹੁੰਚਣ ਤੇ ਬਦਕਿਸਮਤੀ ਨਾਲ ਸ੍ਰੀ ਹਰਿ ਕ੍ਰਿਸ਼ਨ ਜੀ ਦੀ ਚੇਚਕ ਕਾਰਨ ਮੌਤ ਹੋ ਗਈ। ਇਸ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਨੌਂਵੇਂ ਵਾਰਸ ਸ਼੍ਰੀ ਗੁਰੂ ਤੇਗ ਬਹਾਦਰ ਜੀ ਬਣੇ ਜੋ ਕਿ ਛੇਵੇਂ ਗੁਰੂ ਸ਼੍ਰੀ ਹਰਗੋਬਿੰਦ ਸਾਹਿਬ ਦੇ ਸਪੁਤਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਸਨ। ਪਰ ਰਾਮ ਰਾਇ ਨੇ ਉਹਨਾਂ ਨੂੰ ਗੁਰਗੱਦੀ ਮਿਲਣ ਵਿਰੁਧ ਵੀ ਬਾਦਸ਼ਾਹ ਕੋਲ ਫਰਿਆਦਾਂ ਕਰਦਾ ਰਿਹਾ ਅਤੇ ਤਰਾਂ ਤਰਾਂ ਦੀਆਂ ਮਨਘੜ੍ਹੰਤ ਊਜਾਂ ਵੀ ਗੁਰੂ ਜੀ ਵਿਰੁੱਧ ਲਾਉਂਦਾ ਰਿਹਾ। ਇਸ ਦੇ ਕਾਰਨ ਵੱਸ ਗੁਰੂ ਤੇਗ ਬਹਾਦਰ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਪਰ ਰਾਜਾ ਜੈ ਸਿੰਘ ਅਤੇ ਉਸ ਦੇ ਪੁਤਰ ਰਾਜਾ ਰਾਮ ਸਿੰਘ ਦੀ ਦਖਲ ਅੰਦਾਜੀ ਨਾਲ ਉਹਨਾਂ ਨੂੰ ਦੋਸ਼-ਮੁਕਤ ਕਰਕੇ ਅਜਾਦ ਕਰ ਦਿਤਾ ਗਿਆ। ਕਿਸੇ ਪਾਸਿਉਂ ਵੀ ਮੱਦਦ ਨਾ ਮਿਲਦੀ ਵੇਖ ਰਾਮ ਰਾਏ ਨੇ ਆਪਣੀ ਵੱਖਰੀ ਸੰਪ੍ਰਦਾ ਰਾਮ ਰੱਈਏ ਚਲਾ ਲਈ ਜਿਸਦਾ ਹੈਡਕੁਆਟਰ ਦੇਹਰਾਦੂਨ ਸੀ। ਰਾਮ ਰੱਈਏ ਮੁਗਲਾਂ ਨਾਲ ਆਂਠ-ਸਾਂਠ ਕਰਕੇ ਸਿੱਖਾਂ ਨੂੰ ਨੁਕਸਾਨ ਪਹੁੰਚਾਉਣ ਲਈ ਹਮੇਸ਼ਾਂ ਤੱਤਪਰ ਰਹਿੰਦੇ ਸਨ।

ਜਦੋਂ ਬੰਦਾ ਸਰਹੰਦ 'ਚ ਸੀ ਤਾਂ ਉਸਨੂੰ ਪਤਾ ਲੱਗਿਆ ਕਿ ਰਾਮ ਰੱਈਆਂ ਦਾ ਇਕ ਕਾਫੀ ਵੱਡਾ ਡੇਰਾ ਘੁੰਡਾਣੀ (ਨੇੜੇ ਪਾਇਲ, ਜ਼ਿਲ੍ਹਾ ਲੁਧਿਆਣਾ) ਵਿਚ ਹੈ। ਬੰਦੇ ਨੂੰ ਮਹਿਸੂਸ ਹੋਇਆ ਕਿ ਆਪਣੇ ਪੁਰਾਣੇ ਸੁਭਾਅ ਅਨੁਸਾਰ ਇਹ ਡੇਰਾ ਔਖੇ ਵੇਲੇ ਖਤਰਨਾਕ ਸਿੱਧ ਹੋ ਸਕਦਾ ਹੈ। ਬੰਦੇ ਨੇ ਘੁੰਡਾਣੀ ਤੇ ਹੱਲਾ ਕਰਕੇ ਰਾਮ ਰੱਈਆਂ ਨੂੰ ਸਜਾ ਦਿਤੀ ਤੇ ਉਥੇ ਬਲਾਕਾ ਸਿੰਘ ਰਾਗੀ ਦੀ ਅਗਵਾਈ ਥੱਲੇ ਇਕ ਪੁਲੀਸ ਚੌਕੀ ਵੀ ਸਥਾਪਤ ਕਰ ਦਿਤੀ। ਅਸਲ ਵਿਚ ਬਲਾਕਾ ਸਿੰਘ ਰਾਗੀ ਨੇ ਹੀ ਬੰਦੇ ਪਾਸ ਸ਼ਿਕਾਇਤ ਕੀਤੀ ਸੀ ਕਿ ਇਹਨਾਂ ਖਾਲਸਾ-ਦੋਖੀਆਂ ਨੂੰ ਸੋਧਿਆ ਜਾਵੇ। ਕਿਉਂਕਿ ਬੁਲਾਕਾ ਸਿੰਘ ਦੀ ਇਹਨਾਂ ਰਾਮ-ਰੱਈਆਂ ਨਾਲ ਨਿਜੀ ਕਿੜ ਸੀ ਸੋ ਇਸ ਸੰਭਾਵਨਾ ਤੋਂ ਇੰਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਸਨੇ

ਆਪਣੀ ਨਿਜੀ ਕਿੜ ਕੱਢਣ ਲਈ ਬੰਦੇ ਕੋਲ ਵਧਾ ਚੜ੍ਹਾ ਕੇ ਤੁਹਮਤਾ ਲਾਈਆਂ ਹੋਣ।

ਗੁਰੂ ਗੋਬਿੰਦ ਸਿੰਘ ਜੀ ਦੀ ਇਕ ਸੇਵਕ, ਮਾਈ ਅਨੂਪ ਕੌਰ ਨੂੰ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਨ ਜਬਰੀ ਚੁੱਕ ਕੇ ਮਲੇਰਕੋਟਲੇ ਲੈ ਗਿਆ ਸੀ ਜਿਹੜੀ ਕਿ ਸਰਸਾ ਨਦੀ ਦੇ ਕੰਢੇ ਦਸੰਬਰ 1704 ਨੂੰ ਹੋਈ ਲੜਾਈ ਦੌਰਾਨ ਉਸਦੇ ਹੱਥ ਆ ਗਈ ਸੀ। ਇਸ ਮਾਈ ਨੇ ਅਪਣੀ ਆਨ ਤੇ ਧਰਮ ਨੂੰ ਬਚਾਉਣ ਹਿੱਤ ਖੁਦਕਸ਼ੀ ਕਰ ਲਈ ਸੀ। ਇਸ ਕਰਤੂਤ ਬਦਲੇ ਉਸਨੂੰ ਸਜਾ ਦੇਣ ਦੀ ਮਨਸ਼ਾ ਨਾਲ ਬੰਦੇ ਨੇ ਘੁੰਡਾਣੀ ਤੋਂ ਮਲੇਰਕੋਟਲਾ ਵੱਲ ਕੂਚ ਕਰ ਦਿਤਾ। ਰੋਪੜ ਵਿਖੇ ਦੁਆਬੇ ਅਤੇ ਮਾਝੇ ਦੇ ਸਿੱਖਾਂ ਨਾਲ ਹੋਈ ਝੜੱਪ ਵਿਚ ਗੰਭੀਰ ਰੂਪ ਵਿਚ ਜਖਮੀ ਹੋਣ ਉਪਰੰਤ ਸ਼ੇਰ ਮੁਹੰਮਦ ਖਾਨ ਤਾਂ ਪਹਿਲਾਂ ਹੀ ਮਰ ਚੁੱਕਿਆ ਸੀ। ਸ਼ੇਰ ਮੁਹੰਮਦ ਖਾਨ ਦੀ ਔਲਾਦ ਬੰਦੇ ਦੇ ਇਰਾਦਿਆਂ ਦੀ ਸੂਹ ਪਾ ਪਹਿਲਾਂ ਹੀ ਸੁਰੱਖਿਅਤ ਸਥਾਨ ਵੱਲ ਨਿਕਲ ਗਈ ਸੀ। ਜਿਉਂ ਹੀ ਬੰਦਾ ਮਲੇਰਕੋਟਲੇ ਪਹੁੰਚਿਆ ਤਾਂ ਉਥੋਂ ਦੇ ਨਿਵਾਸੀਆਂ ਦਾ ਇਕ ਪ੍ਰਤੀਨਿਧ ਮੰਡਲ ਸਥਾਨਕ ਵਿਉਪਾਰੀ ਲਾਲਾ ਕਿਸ਼ਨ ਦਾਸ ਦੀ ਅਗਵਾਈ ਹੇਠ ਉਸਨੂੰ ਮਿਲਿਆ ਅਤੇ ਇਕ ਵੱਡੀ ਰਕਮ ਨਜਰਾਨੇ ਵੱਜੋਂ ਭੇਟ ਕਰਕੇ ਸ਼ਹਿਰ ਨੂੰ ਲੁਟ-ਮਾਰ ਤੇ ਬਰਬਾਦੀ ਤੋਂ ਬਖਸ਼ ਦੇਣ ਦੀ ਬੇਨਤੀ ਕੀਤੀ। ਬੰਦੇ ਨੇ ਉਹਨਾਂ ਦੀ ਭੇਟ ਸਵੀਕਾਰ ਕਰ ਲਈ ਤੇ ਬੇਨਤੀ ਵੀ ਪ੍ਰਵਾਨ ਕਰ ਲਈ ਅਤੇ ਸ਼ਹਿਰ ਤੇ ਸ਼ਹਿਰੀਆਂ ਦਾ ਕੋਈ ਨੁਕਸਾਨ ਨਾ ਕੀਤਾ।

ਇਸੇ ਤਰ੍ਹਾਂ ਰਾਏ ਕੋਟ ਦੇ ਹਾਕਮ ਨੇ ਵੀ ਬੰਦੇ ਦੀ ਅਧੀਨਗੀ ਕਬੂਲ ਕਰ ਲਈ ਅਤੇ ਪੰਜ ਹਜ਼ਾਰ ਰੁਪਏ ਸਿਰਵਾਰਨੇ ਵੱਜੋਂ ਭੇਟ ਕਰ ਆਪਣੇ ਕਸਬੇ ਨੂੰ ਬਚਾ ਲਿਆ। ਅਸਲੀਅਤ ਇਹ ਹੈ ਕਿ ਸਰਹਿੰਦ ਉਤੇ ਜਿੱਤ ਉਪਰੰਤ ਬੰਦੇ ਦੀ ਹਕੂਮਤ ਸਥਾਪਿਤ ਹੋ ਚੁੱਕੀ ਸੀ ਅਤੇ ਛੋਟੇ ਛੋਟੇ ਹਾਕਮਾਂ ਦੀ ਸਿਆਣਪ, ਬਿਨਾਂ ਕਿਸੇ ਚੂ-ਚੀ ਅਤੇ ਦੇਰੀ ਦੇ, ਉਸਦੀ ਅਧੀਨਗੀ ਕਬੂਲਣ ਵਿਚ ਹੀ ਸੀ।ਐਚ.ਏ.ਰੋਜ਼ ਲਿਖਦਾ ਹੈ "ਜਿੱਤ ਉਪਰੰਤ ਕਾਫੀ ਸਾਰੇ ਲੋਕ ਖਾਲਸਾ ਪੰਥ ਵਿਚ ਸ਼ਾਮਲ ਹੋ ਗਏ ਪਰ ਇਸਨੂੰ ਪੱਕੇ ਪੈਰੀ ਕਰਨ ਲਈ ਘੱਟੋ ਘੱਟ ਬੰਦੇ ਵਲੋਂ ਕੋਈ ਹੰਭਲਾ ਨਾ ਮਾਰਿਆ ਗਿਆ। ਜਿੱਤ ਉਪਰੰਤ ਉਸਦਾ ਪਹਿਲਾ ਕੰਮ ਪਾਇਲ (ਘੁੰਢਾਣੀ) ਦੇ ਰਾਮਰਈਆਂ ਨੂੰ ਸੋਧਣਾ ਸੀ ਅਤੇ ਫਿਰ ਮਲੇਰਕੋਟਲਾ ਤੇ ਰਾਏਕੋਟ ਤੋਂ ਨਜਰਾਨਾ ਲੈਣ ਉਪਰੰਤ ਉਹ ਪਹਾੜਾਂ ਵਿਚ ਮੁਖਲਿਸਗੜ, ਜਿਸ ਨੂੰ ਬਾਅਦ ਵਿਚ ਲੋਹਗੜ ਦਾ ਨਾਂ ਦਿਤਾ ਗਿਆ ਸੀ, ਨੂੰ ਮੁੜ ਗਿਆ। ਇਥੇ ਬਹੁਤ ਵੱਡੀ ਮਾਤਰਾ ਵਿਚ ਸਮੱਗਰੀ ਇਕਠੀ ਕੀਤੀ ਗਈ ਅਤੇ ਬੰਦਾ ਖੁਦ ਜੋਨਸਰ ਦੀਆਂ ਪਹਾੜੀਆਂ ਵੱਲ ਧਿਆਨ ਸਾਧਨਾ ਲਈ ਨਿਕਲ ਗਿਆ।" ਪਰ ਲਗਦਾ ਹੈ ਕਿ ਰੋਜ਼ ਨੇ ਇਹ ਨਿਰਣਾ ਕਰਨ ਵਿਚ ਕਾਫੀ ਕਾਹਲੀ ਤੋਂ ਕੰਮ ਲਿਆ ਹੈ। ਇਹ ਸੱਚ ਹੈ ਕਿ ਬੰਦਾ ਆਪਣੀਆਂ ਰਹੱਸਮਈ ਤੇ ਗੁੱਝੀਆਂ ਸ਼ਕਤੀਆਂ ਵਿਚ ਦੁਬਾਰਾ ਤਾਕਤ ਭਰਨ, ਧਿਆਨ ਸਾਧਨਾ ਕਰਨ ਤੇ ਸੁਸਤਾਉਣ ਲਈ ਜੋਨਸਰ ਦੀਆਂ ਪਹਾੜੀਆਂ ਵੱਲ ਜਮਨਾ ਨਦੀ ਤੋਂ ਪਾਰ ਨਿੱਕਲ ਗਿਆ ਸੀ ਪਰ ਉਸਨੇ ਅਜਿਹਾ ਬਹੁਤ ਕਾਹਲੀ ਵਿਚ ਨਹੀਂ ਸੀ ਕੀਤਾ, ਜਿਵੇਂ ਕਿ ਆਮ ਵਿਸ਼ਵਾਸ ਕੀਤਾ ਜਾਂਦਾ ਹੈ। ਉਸ ਨੇ ਲੋਹਗੜ ਨੂੰ ਛੱਡਣ ਤੋਂ ਪਹਿਲਾਂ ਕਿਲ੍ਹੇ ਦੀ ਮੁਰੰਮਤ ਅਤੇ ਮਜ਼ਬੂਤੀ ਦਾ ਕੰਮ ਆਪਣੀ ਨਿਗਰਾਨੀ ਵਿਚ ਕਰਵਾਇਆ। ਕਿਲ੍ਹੇ ਤੇ ਸੰਭਾਵਿਤ ਹਮਲੇ ਨੂੰ ਅਸੰਭਵ ਬਣਾਉਣ ਲਈ ਉਸਨੇ ਵੱਖ ਵੱਖ ਉਚਾਈਆਂ ਤੇ ਮੋਰਚਾ ਬੰਦੀ ਵੀ ਬਣਵਾਈ। ਇਸ ਕਿਲ੍ਹੇ ਬੰਦੀ ਦਾ ਨਕਸ਼ਾ ਖਿੱਚਦਿਆਂ ਸੱਯਦ ਮੁਹੰਮਦ

ਲਤੀਫ ਲਿਖਦਾ ਹੈ "ਉਭੜ-ਖਾਬੜ ਚਟਾਨਾਂ ਅਤੇ ਤੰਗ ਘਾਟੀ ਨਾਲ ਘਿਰੀ ਹੋਈ ਪਹਾੜੀ ਦੀ ਚੋਟੀ ਤੇ ਸਥਿਤ ਕਿਲ੍ਹੇ ਨੂੰ ਜਾਂਦੇ ਰਸਤਿਆਂ ਦੀ ਨਿਗਰਾਨੀ ਲਈ ਬੰਦੇ ਦੇ ਸੈਨਿਕ ਦਾਬੜ ਕੇ ਚਾਰ-ਚੁਫੇਰੇ ਵੱਖ ਵੱਖ ਉਚਾਈਆਂ ਤੇ ਤੈਨਾਤ ਸਨ।"

ਪਰ ਇਹ ਗਲ ਸਮਝ ਤੋਂ ਪਰੇ ਹੈ ਕਿ ਜਦੋਂ ਬੰਦਾ ਆਪਣੇ ਤੇਜ-ਪ੍ਰਤਾਪ ਅਤੇ ਮਸ਼ਹੂਰੀ ਦੇ ਸਿੱਖਰ ਤੇ ਸੀ ਤਾਂ ਕਿਉਂ ਉਹ ਇਸ ਦ੍ਰਿਸ਼ ਤੋਂ ਲਾਂਭੇ ਹੋ ਗਿਆ ਤੇ ਆਪਣੇ ਜਿੱਤੇ ਹੋਏ ਇਲਾਕਿਆਂ ਦਾ ਪ੍ਰਬੰਧ ਅਤੇ ਇਹਨਾਂ ਦੇ ਵਿਸਤਾਰ ਦੀ ਜਿੰਮੇਵਾਰੀ ਆਪਣੇ ਤੋਂ ਛੋਟੇ ਕੱਦ ਦੇ ਮਨੁੱਖਾਂ ਉਪਰ ਸੁੱਟ ਗਿਆ। ਇਸ ਸਥਿਤੀ ਤੋਂ ਕਈ ਸੰਜੀਦਾ ਸਵਾਲ ਪੈਦਾ ਹੁੰਦੇ ਹਨ। ਕੀ ਬੰਦੇ ਦਾ ਮਿਸ਼ਨ ਸਿਰਫ ਵਜ਼ੀਰ ਖਾਨ ਤੇ ਗੁਰੂ ਦੇ ਕੁਝ ਹੋਰ ਦੁਸਮਣਾਂ ਨੂੰ ਸੋਧਣ ਤਕ ਹੀ ਸੀਮਿਤ ਸੀ – ਜਿਹਾ ਕਿ ਉਹ ਲੋਕ ਆਖਦੇ ਨੇ ਜਿਹੜੇ ਕਿ ਬੰਦੇ ਨੂੰ ਇਕ ਅੰਮ੍ਰਿਤਧਾਰੀ ਸਿੰਘ ਨਾ ਮੰਨ ਕੇ ਕੇਵਲ ਇਕ ਹਿੰਦੂ ਬੈਰਾਗੀ ਹੀ ਦਰਸਾਉਣਾ ਚਾਹੁੰਦੇ ਹਨ। ਜਾਂ ਫਿਰ ਕੀ ਬਾਬਾ ਬਿਨੋਦ ਸਿੰਘ ਦੇ ਛੜਯੰਤਰੀ ਸੁਭਾਅ ਤੋਂ ਨਿਰਾਸ਼ ਹੋ ਕੇ ਉਸਨੇ ਅਜਿਹਾ ਕੀਤਾ ? ਇਹ ਵੀ ਹੋ ਸਕਦਾ ਹੈ ਕਿ ਉਹ ਬਾਬਿਆਂ ਨੂੰ ਉਹਨਾਂ ਦੀ ਅਸਲੀ ਔਕਾਤ ਦਰਸਾਉਣ ਲਈ ਥੋੜੇ ਸਮੇਂ ਲਈ ਲਾਂਭੇ ਹੋ ਗਿਆ ਹੋਵੇ ਤਾਂ ਕਿ ਉਹ ਆਪਣੇ ਤੌਰ ਤੇ ਲੜਾਈਆਂ ਲੜ ਕੇ ਇਸ ਦੇ ਨਤੀਜੇ ਵੇਖ ਲੈਣ। ਜਾਂ ਫਿਰ ਉਹ ਲੋਹਗੜ ਨੂੰ ਅਤਿਅੰਤ ਮਜ਼ਬੂਤ ਬਣਾਉਣਾ ਚਾਹੁੰਦਾ ਸੀ ਕਿਉਂਕਿ ਉਸਨੂੰ ਪਤਾ ਸੀ ਕਿ ਮੁਗਲ ਬਾਦਸ਼ਾਹ ਬਹਾਦੁਰ ਸ਼ਾਹ ਦੇ ਮੌਕੇ ਤੇ ਪਹੁੰਚਣ ਉਪਰੰਤ ਹਾਲਾਤ ਪਹਿਲਾਂ ਵਰਗੇ ਨਹੀਂ ਰਹਿਣਗੇ ? ਪਰ ਉਹ ਗੜਵਾਲ ਦੇ ਇਲਾਕੇ ਵਿਚ ਜੋਨਸਰ ਦੀਆਂ ਪਹਾੜੀਆਂ ਵਿਚ ਧਿਆਨ ਸਾਧਨਾ ਤੇ ਤਪ ਕਰਨ ਲਈ ਕਿਉਂ ਗਿਆ ? ਇਹ ਅਤੇ ਅਜਿਹੇ ਹੀ ਹੋਰ ਸਵਾਲ ਪੁਕਾਰ ਪੁਕਾਰ ਕੇ ਜਵਾਬ ਦੀ ਮੰਗ ਕਰਦੇ ਹਨ।

ਬੰਦੇ ਦਾ ਅੰਮ੍ਰਿਤਧਾਰੀ ਸਿੱਖ ਹੋਣਾ ਸ਼ੱਕ ਦੀ ਗੁੰਜਾਇਸ਼ ਤੋਂ ਪਰੇ ਹੈ। ਪਹਿਲਾਂ ਤਾਂ ਸਧਾਰਣ ਤਰਕ ਦੀ ਦ੍ਰਿਸਟੀ ਤੋਂ ਹੀ ਇਹ ਗੱਲ ਸਾਫ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਵੀ ਅਜਿਹੇ ਵਿਅਕਤੀ ਨੂੰ ਆਪਣਾ ਨਾਇਬ ਨਹੀਂ ਸੀ ਥਾਪਣਾ ਜਿਹੜਾ ਕਿ ਅੰਮ੍ਰਿਤ ਛੱਕ ਕੇ ਉਹਨਾਂ ਦੇ ਨਵੇਂ ਪੰਥ ਵਿਚ ਸ਼ਾਮਿਲ ਨਾ ਹੋਇਆ ਹੁੰਦਾ। ਇਹ ਫੈਸਲਾ ਕੋਈ ਅਸਾਨ ਨਹੀਂ ਸੀ ਅਤੇ ਇਹ ਗੁਰੂ ਜੀ ਅਤੇ ਬੰਦੇ ਦੋਵਾਂ ਲਈ ਬੇਹੱਦ ਮਹੱਤਵ-ਪੂਰਨ ਫੈਸਲਾ ਸੀ। ਇਹ ਸਭ ਤੋਂ ਉਚੀ ਪਦਵੀ ਬੰਦੇ ਨੂੰ ਬਖਸ਼ ਕੇ ਗੁਰੂ ਸਾਹਿਬ ਨੇ ਬਾਬਾ ਬਿਨੋਦ ਸਿੰਘ ਅਤੇ ਉਸ ਵਰਗੇ ਹੋਰਨਾਂ ਦੇ ਹੱਕ ਨੂੰ ਅੱਖੋਂ ਪਰੋਖੇ ਕਰ ਦਿਤਾ ਸੀ ਅਤੇ ਇਹ ਅਜਿਹੇ ਵਿਅਕਤੀ ਸਨ ਜੋ ਕਿ ਸਿੱਖ ਗੁਰੂਆਂ ਦੀ ਅੰਸ਼ ਵੀ ਸਨ, ਅੰਮ੍ਰਿਤਧਾਰੀ ਵੀ ਸਨ ਅਤੇ ਲੰਬੇ ਸਮੇਂ ਤੋਂ ਗੁਰੂ ਜੀ ਦੇ ਸੰਗੀ-ਸਾਥੀ ਵੀ ਸਨ। ਗੁਰੂ ਜੀ ਅੰਮ੍ਰਿਤਧਾਰੀ ਸਿੰਘਾਂ ਉਪਰ ਇਕ ਗੈਰ-ਅੰਮ੍ਰਿਤਧਾਰੀ ਨੂੰ ਕਿਵੇਂ ਵੀ ਥੋਪ ਨਹੀਂ ਸਕਦੇ ਸਨ। ਆਪਣੀ ਸੁਖ-ਅਰਾਮ ਦੀ ਜ਼ਿੰਦਗੀ ਤਿਆਗ ਕੇ ਜ਼ਿੰਦਗੀ-ਮੌਤ ਦੇ ਸੰਘਰਸ਼ ਵਿਚ ਜੂਝ ਰਹੇ ਖਾਲਸੇ ਦੀ ਅਗਵਾਈ ਲਈ ਬੰਦਾ ਵੀ ਕਿਵੇਂ ਸਹਿਮਤ ਹੋ ਸਕਦਾ ਸੀ ਜੇਕਰ ਉਸਨੂੰ ਇਸ ਨਵੇਂ ਪੰਥ ਵਿਚ ਆਪਣੇ ਰੁਤਬੇ ਤੇ ਹੈਸੀਅਤ ਦਾ ਹੀ ਗਿਆਨ ਨਹੀਂ ਸੀ। ਉਹ ਕੋਈ ਭਾੜੇ ਦਾ ਸੈਨਿਕ ਤਾਂ ਹੈ ਨਹੀਂ ਸੀ ਜਿਸਨੂੰ ਕਿ ਵਜੀਰ ਖਾਨ ਅਤੇ ਕੁਝ ਹੋਰ ਪਹਾੜੀ ਹਾਕਮਾਂ ਨੂੰ ਸਜਾ ਦੇਣ ਦੇ ਸੀਮਿਤ ਉਦੇਸ਼ ਨਾਲ ਭਾੜੇ ਤੇ ਕੀਤਾ ਜਾ ਸਕਦਾ ਸੀ। ਮੁਗਲ ਸਲਤਨਤ ਖਿਲਾਫ ਛੇ ਸਾਲ ਲੰਮੇ ਸੰਘਰਸ਼ ਤੇ ਉਸ ਦੀ ਲਾਮਿਸਾਲ ਸ਼ਹਾਦਤ ਆਪਣੇ ਮੂਹੋਂ ਬੋਲਦੇ ਹਨ ਕਿ ਬੰਦੇ ਦਾ ਮਿਸ਼ਨ ਸਿਰਫ ਬਦਲਾ ਲੈਣ ਦੇ ਉਦੇਸ਼ ਤਕ ਹੀ ਸੀਮਿਤ ਨਹੀਂ

ਸੀ। ਬਾਬਾ ਬਿਨੋਦ ਸਿੰਘ ਦਾ ਸੁਭਾਅ ਬਿਨਾਂ-ਸ਼ੱਕ ਛੜਯੰਤਰਕਾਰੀ ਸੀ ਅਤੇ ਬੰਦੇ ਦਾ ਨਾਇਬ ਥਾਪਿਆ ਜਾਣਾ ਉਸਨੂੰ ਹਜ਼ਮ ਵੀ ਨਹੀਂ ਹੋਇਆ ਸੀ। ਪਰ ਇਹ ਵੀ ਸੱਚ ਹੈ ਕਿ ਉਸ ਸਮੇਂ ਤੱਕ ਉਹ ਸਭ ਕੁਝ ਚੁਪਚਾਪ ਸਹਿਣ ਕਰ ਰਿਹਾ ਸੀ ਅਤੇ ਉਸਨੇ ਅਜਿਹਾ ਕੁਝ ਵੀ ਨਹੀਂ ਕੀਤਾ ਸੀ ਕਿ ਬੰਦਾ ਇਸ ਹੱਦ ਤੱਕ ਨਿਰਾਸ਼ ਹੋ ਜਾਂਦਾ ਕਿ ਸਭ ਕਾਸੇ ਤੋਂ ਹੀ ਪਾਸਾ ਵੱਟ ਲੈਂਦਾ। ਜੇਕਰ ਬਾਬਾ ਬਿਨੋਦ ਸਿੰਘ ਨੂੰ ਬੰਦੇ ਦੁਆਰਾ ਬੇਹੱਦ ਖੁਲਦਿਲੀ ਨਾਲ ਲੁਟ ਦਾ ਮਾਲ ਐਰੇ-ਗੈਰੇ ਵਿਚ ਵੰਡਣਾ ਭਾਉਂਦਾ ਨਹੀਂ ਸੀ ਤਾਂ ਇਹ ਕੁਝ ਹੱਦ ਤਕ ਠੀਕ ਵੀ ਸੀ। ਆਪਣੀ ਇਸ ਖੁਲਦਿਲੀ ਕਾਰਨ ਭਾਵੇਂ ਬੰਦਾ ਆਮ ਜਨਤਾ ਵਿਚ ਹਰਮਨ ਪਿਆਰਾ ਹੋ ਰਿਹਾ ਸੀ ਪਰ ਇਸ ਨਾਲ ਖਜਾਨਾ ਬਹੁਤ ਘੱਟ ਗਿਆ ਸੀ। ਕੁਝ ਵੀ ਹੋਵੇ ਅਜਿਹਾ ਵਿਚਾਰਾਂ ਦਾ ਮੱਤ-ਭੇਦ ਦੋਵੇਂ ਪ੍ਰਮੁੱਖ ਵਿਅਕਤੀਆਂ ਦਰਮਿਆਨ ਸੰਬੰਧ ਵਿਗਾੜਨ ਦੀ ਸਮਰੱਥਾ ਨਹੀਂ ਸੀ ਰੱਖਦਾ।

ਇਸ ਗੱਲ ਦੀ ਸੰਭਾਵਨਾ ਜਿਆਦਾ ਲਗਦੀ ਹੈ ਕਿ ਲੰਬੀ ਜੱਦੋ-ਜਹਿਦ ਭਰੀ ਜ਼ਿੰਦਗੀ ਤੋਂ ਬਾਅਦ ਬੰਦਾ ਕੁਝ ਸਮਾਂ ਅਰਾਮ ਕਰਨ ਲਈ ਤੇ ਏਕਾਂਤ ਵਿਚ ਜਾ ਆਪਣੀਆਂ ਰਹੱਸਮਈ ਤੇ ਗੁੱਝੀਆਂ ਤਾਕਤਾਂ ਨੂੰ ਮੁੜ ਮਜ਼ਬੂਤ ਕਰਨਾ ਚਾਹੁੰਦਾ ਸੀ। ਬੰਦੇ ਬਾਰੇ ਕਾਲਪਨਿਕ ਜਾਂ ਸੱਚੀਆਂ ਕਈ ਕਹਾਣੀਆਂ ਪ੍ਰਚਲਤ ਸਨ ਜਿਵੇਂ ਕਿ ਉਹ ਕਾਫੀ ਦਿਨਾਂ ਤੱਕ ਬਿਨਾਂ ਭੋਜਨ ਖਾਧਿਆਂ ਜਿਉਂਦਾ ਰਹਿ ਸਕਦਾ ਸੀ ਤੇ ਇਸ ਨਾਲ ਉਸਦੀ ਸਰੀਰਕ ਤਾਕਤ ਤੇ ਵੀ ਕੋਈ ਉਲਟ ਪ੍ਰਭਾਵ ਨਹੀਂ ਪੈਂਦਾ ਸੀ। ਉਹ ਕਈ ਦਿਨਾਂ ਤੱਕ ਉਨੀਂਦਰਾ ਰਹਿ ਸਕਦਾ ਸੀ ਅਤੇ ਇਸ ਨਾਲ ਉਸਨੂੰ ਥਕਾਵਟ ਵੀ ਨਹੀਂ ਹੁੰਦੀ ਸੀ। ਉਹ ਲੋੜ ਅਨੁਸਾਰ ਛਲੇਡੇ ਵਾਂਗ ਆਪਣਾ ਰੂਪ ਬਦਲ ਕੇ ਆਪਣਾ ਪਿੱਛਾ ਕਰਨ ਵਾਲਿਆਂ ਨੂੰ ਧੋਖਾ ਦੇ ਸਕਦਾ ਸੀ। ਅਜਿਹੀਆਂ ਸ਼ਕਤੀਆਂ ਭਾਵੇਂ ਹੁੰਦੀਆਂ ਤਾਂ ਦੁਰਲਭ ਹਨ ਪਰ ਇਹਨਾਂ ਨੂੰ ਸਿਰਫ ਕਾਲਪਨਿਕ ਵੀ ਨਹੀਂ ਆਖਿਆ ਜਾ ਸਕਦਾ। ਪੋਲੈਂਡ ਦਾ ਰਹਿਣ ਵਾਲਾ ਜੋਰਜਨ ਨਾਮਕ ਇਕ ਤਾਂਤਰਿਕ ਜਦੋਂ ਬਿਨਾਂ ਕਿਸੇ ਨੂੰ ਪਤਾ ਲੱਗਣ ਦੇ ਜੋਸਫ ਸਟਾਲਿਨ ਦੀ ਬੰਕਰ ਵਿਚ ਜਾ ਪਹੁੰਚਿਆ ਸੀ ਤਾਂ ਸਟਾਲਿਨ ਵਰਗਾ ਨਿਰਦਈ ਵਿਅਕਤੀ ਵੀ ਭੌਂ ਚੱਕਾ ਰਹਿ ਗਿਆ ਸੀ। ਉਸਨੂੰ ਇਸ ਵਾਕਿਆ ਨਾਲ ਝੱਟਕਾ ਵੀ ਲੱਗਾ ਅਤੇ ਚਿੰਤਾ ਵੀ ਹੋਈ ਕਿ ਕਿਵੇਂ ਇਹ ਆਮ ਵਿਅਕਤੀ ਉਸਦੇ ਦੁਆਲੇ ਦੇ ਤਿੰਨ ਸੁਰੱਖਿਆ ਘੇਰੇ ਲੰਘ ਕੇ ਉਸ ਤਕ ਪਹੁੰਚ ਗਿਆ ਅਤੇ ਉਸਨੂੰ ਕਿਸੇ ਨੇ ਰੋਕਿਆ ਟੋਕਿਆ ਵੀ ਨਹੀਂ। ਜੋਰਜਨ ਨੇ ਸਟਾਲਿਨ ਨੂੰ ਦੱਸਿਆ ਕਿ ਇਸ ਵਿਚ ਸੁਰੱਖਿਆ ਦੀ ਕੋਈ ਖਾਮੀਂ ਨਹੀਂ ਹੈ ਬਲਕਿ ਉਸਨੇ ਆਪਣੀ ਤਾਂਤਰਿਕ ਸ਼ਕਤੀ ਨਾਲ ਆਪਣੀ ਸ਼ਕਲ ਸੂਰਤ ਬੀਰੀਆ ਵਰਗੀ ਬਣਾ ਲਈ ਸੀ । ਬੀਰੀਆ ਕਿਉਂਕਿ ਸਟਾਲਿਨ ਦੀ ਸੁਰਖਿਆ ਦਾ ਪ੍ਰਮੁੱਖ ਸੀ ਸੋ ਕਿਸੇ ਨੇ ਵੀ ਉਸ ਨੂੰ ਰੋਕਣ ਟੋਕਣ ਦੀ ਹਿੰਮਤ ਨਾ ਕੀਤੀ। ਡਾ. ਗੰਡਾ ਸਿੰਘ ਲਿਖਦਾ ਹੈ ਕਿ ਮੁਸਲਮਾਨ ਇਤਿਹਾਸਕਾਰ ਵੀ ਬੰਦੇ ਵਿਚ ਅਲੌਕਿਕ ਸ਼ਕਤੀਆਂ ਦਾ ਹੋਣਾ ਮੰਨਦੇ ਸਨ। ਇਸ ਗੱਲ ਤੇ ਵੀ ਬਹੁਤੀ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਬੰਦੇ ਕੋਲ ਅਜਿਹੀ ਸ਼ਕਤੀ ਸੀ ਕਿ ਉਸਦੇ ਪੈਰੋਕਾਰਾਂ ਤੇ ਤਲਵਾਰ ਜਾਂ ਨੇਜੇ ਦਾ ਅਸਰ ਨਹੀਂ ਹੁੰਦਾ ਸੀ ਜਾਂ ਬਹੁਤ ਥੋੜਾ ਹੁੰਦਾ ਸੀ। ਇਸ ਗੱਲ ਦੇ ਦਸਤਾਵੇਜੀ ਸਬੂਤ ਹਨ ਕਿ ਰੂਸ ਵਾਸੀ ਰਸਪੁਤੀਨ ਕੋਲ ਅਜਿਹੀਆਂ ਸ਼ਕਤੀਆਂ ਸਨ ਕਿ ਉਹ ਗੋਲੀ ਨੂੰ ਉਸਦੇ ਰਸਤੇ ਤੋਂ ਹੋਰ ਪਾਸੇ ਮੋੜ ਦਿੰਦਾ ਸੀ। ਦੂਸਰੇ ਮਹਾਂਯੁੱਧ ਦੌਰਾਨ ਇਟਲੀ ਦੇ ਵੀਨਸ ਸ਼ਹਿਰ 'ਚ ਸਥਿਤ ਸਾਨ-ਗਵਾਨੀ ਚਰਚ ਉਪਰ ਹਮਲਾ ਕਰਨ ਗਏ ਅਰਮੀਕੀ ਲੜਾਕੂ ਜਹਾਜ਼ਾਂ ਨੂੰ ਕੈਪੂਚਿਨ ਫਰਾਈਅਰ, ਜੋ ਕਿ ਉਥੇ ਇਕ ਪਾਦਰੀ ਸੀ, ਅਸਮਾਨ ਵਿਚ ਹੀ ਹੋਰ ਪਾਸੇ ਮੋੜ ਦਿੰਦਾ ਸੀ।

ਕੁਝ ਵੀ ਹੋਵੇ ਬੰਦੇ ਨੇ ਆਪਣੇ ਸਮਕਾਲੀ ਰਾਜਨੀਤਕ ਅਤੇ ਧਾਰਮਿਕ ਖੇਤਰ ਨੂੰ ਮਹੱਤਵਪੂਰਨ ਢੰਗ ਨਾਲ ਪ੍ਰਭਾਵਿਤ ਕੀਤਾ ਸੀ। ਪਰ ਇਸ ਤੋਂ ਇਲਾਵਾ ਇਕ ਹੋਰ ਪ੍ਰਾਪਤੀ ਵੀ ਸੀ। ਜੋਨਸਰ 'ਚ ਰਹਿੰਦਿਆਂ ਬੰਦਾ ਬਹਾਦੁਰ ਨੇ ਜੋਨਸਰੀ ਬੰਜਾਰਿਆਂ ਨੂੰ ਆਪਣੇ ਨਾਲ ਜੋੜ ਲਿਆ ਸੀ ਅਤੇ ਲੋਹਗੜ ਚੋਂ ਬੰਦੇ ਦੇ ਬਚ ਨਿਕਲਣ 'ਚ ਇਹਨਾਂ ਬੰਜਾਰਿਆਂ ਨੇ ਅਹਿਮ ਭੂਮਿਕਾ ਨਿਭਾਈ ਸੀ।

ਦੂਸਰਾ, ਜਿਵੇਂ ਪਹਿਲਾਂ ਵੀ ਆਖਿਆ ਗਿਆ ਹੈ, ਬੰਦੇ ਨੇ ਲੋਹਗੜ ਦੇ ਕਿਲ੍ਹੇ ਨੂੰ ਮਜ਼ਬੂਤ ਕਰਨ ਅਤੇ ਇਸ ਦੇ ਆਲੇ ਦੁਆਲੇ ਕਿਲ੍ਹੇ ਦੀ ਸੁਰੱਖਿਆ ਲਈ ਲੋੜੀਂਦੇ ਪ੍ਰਬੰਧ ਕਰਨ ਉਪਰ ਭਾਰੀ ਰਕਮ ਖਰਚੀ ਅਤੇ ਇਸ ਨੂੰ ਵਾਜਿਬ ਹੱਦ ਤੀਕਰ ਅਜਿੱਤ ਬਣਾ ਦਿਤਾ ਸੀ। ਉਸਨੇ ਅਜਿਹਾ ਧਿਆਨ ਸਾਧਨਾ ਅਤੇ ਤੱਪ ਕਰਨ ਲਈ ਜੋਨਸਰ ਦੀਆਂ ਪਹਾੜੀਆਂ ਵੱਲ ਜਾਣ ਤੋਂ ਪਹਿਲਾਂ ਕੀਤਾ। ਇਸ ਤੋਂ ਇਕੋ ਹੀ ਨਤੀਜਾ ਨਿਕਲਦਾ ਹੈ ਕਿ ਉਸਦੀ ਗੈਰਹਾਜ਼ਰੀ ਲੰਬੇ ਸਮੇਂ ਲਈ ਨਹੀਂ ਸੀ ਸਗੋਂ ਥੋੜੇ ਸਮੇਂ ਲਈ ਹੀ ਸੀ ਅਤੇ ਇਹ ਪ੍ਰਤੱਖ ਤੌਰ ਤੇ ਆਪਣੀਆਂ ਰਹੱਸਮਈ ਅਤੇ ਗੁੱਝੀਆਂ ਸ਼ਕਤੀਆਂ ਨੂੰ ਮਜ਼ਬੂਤ ਕਰਨ ਦੇ ਇਰਾਦੇ ਨਾਲ ਸੀ।

ਤੀਸਰਾ ਬੰਦੇ ਨੂੰ ਇਸ ਗੱਲ ਦੀ ਸੰਤੁਸ਼ਟੀ ਸੀ ਕਿ ਉਸ ਵੱਲੋਂ ਸਰਹਿੰਦ ਨੂੰ ਫਤਿਹ ਕਰਨ ਅਤੇ ਇਸ ਦੇ ਆਲੇ ਦੁਆਲੇ ਮਹੱਤਵਪੂਰਨ ਮੁਸਲਮਾਨ ਕਸਬਿਆਂ ਨੂੰ ਲੁਟਣ ਉਪਰੰਤ ਪੰਜਾਬ ਵਿਚ ਹਰ ਪਾਸੇ ਲੋਕੀ ਮੁਗਲ ਹਕੂਮਤ ਵਿਰੁੱਧ ਉਠ ਖੜੋਤੇ ਸਨ ਅਤੇ ਖੁਦ ਲੜ ਕੇ ਅਜ਼ਾਦੀ ਪ੍ਰਾਪਤ ਕਰ ਰਹੇ ਸਨ। ਡਾ. ਗੰਡਾ ਸਿੰਘ ਲਿਖਦਾ ਹੈ "'ਸਿੰਘ ਹੁਣ ਇਹ ਸਮਝਣ ਲਗ ਪਏ ਕਿ ਕਰਤਾਰ ਆਪ ਉਨ੍ਹਾਂ ਨੂੰ ਜਿੱਤਾਂ ਅਤੇ ਰਾਜ ਬਖਸ਼ ਰਿਹਾ ਹੈ ਅਤੇ ਮੁਗਲਾਂ ਦਾ ਇਕਬਾਲ ਢਹਿ ਢੇਰੀ ਹੋਣ ਵਾਲਾ ਹੈ। ਬੰਦਾ ਸਿੰਘ ਬਹਾਦੁਰ ਨੂੰ ਸਤਿਗੁਰੂ ਨੇ ਆਪ ਭੇਜਿਆ ਹੈ ਅਤੇ ਉਸ ਦੇ ਸਾਮ੍ਹਣੇ ਜੋ ਅੜੇਗਾ ਸੋ ਝੜੇਗਾ। ਇਸ ਵੇਲੇ ਬੰਦਾ ਸਿੰਘ ਦੇ ਪਰਵਾਨੇ ਅਤੇ ਸਿੰਘਾਂ ਦੀਆਂ ਅਰਦਾਸਾਂ ਵੀ ਥਾਂ ਥਾਂ ਦੇਸ਼ ਵਿਚ ਪੁੱਜ ਗਈਆਂ ਅਤੇ ਰਿਆੜਕੀ ਦੇ ਸਿੰਘਾਂ ਨੇ ਭੀ ਕਮਰਕੱਸੇ ਕਰ ਲਏ। ਮਾਝੇ ਅਤੇ ਇਰਦ ਗਿਰਦ ਦਾ ਸਰਬੱਤ ਖਾਲਸਾ ਅੱਠ ਕੁ ਹਜ਼ਾਰ ਦੀ ਗਿਣਤੀ ਵਿਚ ਅੰਮ੍ਰਿਤਸਰ ਇਕੱਠਾ ਹੋਇਆ ਅਤੇ ਗੁਰਮਤਾ ਸੋਧ ਕੇ ਦੇਸ਼ ਵਿਚ ਫਿਰ ਨਿਕਲਿਆ। ਸਿੰਘਾਂ ਦੀ ਇਸ ਵੇਲੇ ਦੀ ਚੜਤ ਇਕ ਅਚਾਨਕ ਫਟੇ ਜੁਆਲਾ-ਮੁਖੀ ਪਹਾੜ ਵਾਂਗ ਸੀ, ਜਿਸ ਦੀ ਪਿਘਲ ਇਤਨੀ ਤੇਜ਼ ਅਤੇ ਜ਼ੋਰ ਨਾਲ ਵਗੀ ਕਿ ਸਭ ਕੁਝ ਰੋੜ੍ਹ ਕੇ ਲੈ ਗਈ।" ਇਹੋ ਕੁਝ ਜਲੰਧਰ ਦੁਆਬ ਲਈ ਵੀ ਸੱਚ ਸੀ। ਦੋਆਬੇ ਦੇ ਹਾਕਮ ਸਮੱਸ਼ ਖਾਨ ਨੂੰ, ਜਿਸ ਦਾ ਹੈਡਕੁਆਟਰ ਸੁਲਤਾਨਪੁਰ ਲੋਧੀ ਸੀ, ਹਰਾਉਣ ਲਈ ਵੀ ਸਿੰਘਾਂ ਕੋਸ਼ਿਸ਼ਾਂ ਸ਼ੁਰੂ ਕਰ ਦਿਤੀਆਂ। ਮੁਗਲ ਫੌਜ ਨੂੰ ਸਿੰਘ ਗੁਰੀਲਾ ਯੁੱਧ ਨੀਤੀ ਨਾਲ ਪ੍ਰੇਸ਼ਾਨ ਕਰਦੇ। ਉਹ ਅਚਾਨਕ ਇਕ ਥਾਂ ਆ ਪ੍ਰਗਟ ਹੁੰਦੇ ਅਤੇ ਜੇਕਰ ਵਿਰੋਧੀ ਤਕੜਾ ਹੁੰਦਾ ਤਾਂ ਉਹ ਉਨੀ ਤੇਜੀ ਨਾਲ ਹੀ ਜੰਗਲ ਬੇਲਿਆਂ ਵਿਚ ਗਾਇਬ ਹੋ ਜਾਂਦੇ। ਦਰਿਆ ਸਤਲੁਜ ਦੇ ਸੱਜੇ ਕੰਢੇ ਉਹ ਰਾਹੋਂ ਵਿਚ ਇਕ ਕਿਲ੍ਹੇ ਵਿਚ ਡੱਟ ਗਏ। ਪਰ ਜਦੋਂ ਉਹਨਾਂ ਨੂੰ ਪਤਾ ਲੱਗਿਆ ਕਿ ਇਕ ਤਾਕਤਵਰ ਫੌਜ ਨੇ ਉਹਨਾਂ ਨੂੰ ਘੇਰਾ ਪਾ ਲਿਆ ਹੈ ਤਾਂ ਉਹ ਹਨੇਰੇ ਦਾ ਫਾਇਦਾ ਲੈ ਕੇ ਇਕ ਰਾਤ ਉਥੋਂ ਖਿਲਰ ਗਏ। ਸਮਸ਼ ਖਾਨ ਨੇ ਕੁਝ ਦੂਰੀ ਤਕ ਉਹਨਾਂ ਦਾ ਪਿੱਛਾ ਕੀਤਾ ਅਤੇ ਉਸ ਦੇ ਹੱਥ ਇਕ ਤੋਪ, ਊਠ ਅਤੇ ਸਮਾਨ ਢੋਣ ਵਾਲੇ ਕੁਝ ਹੋਰ ਜਾਨਵਰ ਆਏ। ਜਦੋਂ ਸਮਸ਼ ਖਾਨ ਕਿਲ੍ਹੇ ਦੀ ਰਾਖੀ ਲਈ ਇਕ ਫੌਜੀ ਟੁਕੜੀ ਛੱਡ ਜਲੰਧਰ ਵੱਲ ਕੂਚ ਕਰ ਗਿਆ ਤਾਂ ਦਰਿਆ ਦੇ ਛੰਭ ਵਿਚ ਛਿਪੇ ਹੋਏ ਸਿੰਘ ਬਾਹਰ ਨਿਕਲ ਆਏ ਤੇ ਉਸ ਫੌਜੀ ਟੁਕੜੀ ਨੂੰ

ਬਾਹਰ ਕੱਢ ਦੁਬਾਰਾ ਕਿਲ੍ਹੇ ਤੇ ਕਬਜਾ ਕਰ ਲਿਆ। ਇਸ ਤਰਾਂ ਬਗਾਵਤ ਦਾ ਝੰਡਾ ਬੁਲੰਦ ਕਰ ਰਹੇ ਸਿੱਖਾਂ ਨੇ ਦੁਆਬੇ, ਮਾਝੇ ਅਤੇ ਰਿਆੜਕੀ ਦੇ ਇਲਾਕਿਆਂ ਵਿਚ ਮੁਗਲੀਆ ਨਿਜ਼ਾਮ ਨੂੰ ਵਖਤ ਪਾਈ ਰੱਖਿਆ।

ਬੰਦੇ ਨੂੰ ਤਾਕਤ ਜਾਂ ਹਕੂਮਤ ਦੀ ਕੋਈ ਭੁੱਖ ਨਹੀ ਸੀ ਪਰ ਉਸਦੀ ਇਹ ਤਮੰਨਾ ਜਰੂਰ ਸੀ ਕਿ ਇਹ ਬਗਾਵਤ ਸਾਰੇ ਮੁਲਕ ਵਿਚ ਫੈਲ ਜਾਵੇ ਅਤੇ ਕਿਸੇ ਇਕ ਜਾਂ ਦੂਜੇ ਵਿਅਕਤੀ ਤੇ ਨਿਰਭਰ ਨਾ ਰਹੇ। ਸਥਾਨਕ ਪੱਧਰ ਤੇ ਹੀ ਲੀਡਰਸ਼ਿਪ ਇੰਨੀ ਮਜ਼ਬੂਤ ਹੋ ਕੇ ਉਭਰੇ ਕਿ ਉਹ ਖੁਦ ਆਪਣੀ ਲੜਾਈ ਲੜਨ ਦੇ ਸਮਰੱਥ ਹੋਣ। ਇਸ ਤਰਾਂ ਸਥਾਪਤ ਨਿਜ਼ਾਮ ਨੂੰ ਬਹੁਤ ਸਾਰੇ ਮੋਰਚਿਆਂ ਤੇ ਇਕੋ ਸਮਾਂ ਲੜਨਾ ਤੇ ਫੌਜਾਂ ਨੂੰ ਇਕ ਥਾਂ ਤੋਂ ਦੂਜੀ ਥਾਂ, ਦੂਜੀ ਤੋਂ ਤੀਜੀ ਥਾਂ ਭੇਜਣਾ ਬਹੁਤ ਮੁਸ਼ਕਲ ਹੋ ਜਾਵੇਗਾ। ਜਨਰਲ ਵੋ ਨੂਇਨ ਗਿਆਮ ਲਿਖਦਾ ਹੈ "ਗੁਰੀਲਾ ਯੁੱਧ ਇਕ ਕਮਜ਼ੋਰ ਅਤੇ ਸਾਧਨਾ ਪੱਖੋਂ ਵੀ ਭੈੜੀ ਹਾਲਾਤ ਵਾਲੇ ਮੁਲਕ ਦੀ ਆਮ ਜਨਤਾ ਵੱਲੋਂ ਇਕ ਵਸੀਲਿਆਂ ਭਰਪੂਰ ਅਤੇ ਤਕਨੀਕ ਪੱਖੋਂ ਬਿਹਤਰ ਹਮਲਾਵਰ ਫੌਜ ਨਾਲ ਕਰਨ ਵਾਲਾ ਯੁੱਧ ਹੈ। ਗੁਰੀਲੇ ਦੀ ਟੇਕ ਆਪਣੀ ਬਹਾਦਰੀ ਅਤੇ ਜੋਸ਼ ਨਾਲ ਆਧੁਨਿਕ ਹਥਿਆਰਾਂ ਤੇ ਜਿੱਤ ਦੀ ਸਪਿਰਟ ਤੇ ਹੁੰਦੀ ਹੈ। ਜਦੋਂ ਦੁਸ਼ਮਣ ਕਮਜ਼ੋਰ ਹੋਵੇ ਉਸ ਤੇ ਹੱਲਾ ਕਰੋ ਅਤੇ ਜਦੋਂ ਉਹ ਤਕੜਾ ਹੋਵੇ ਤਾਂ ਪਾਸਾ ਵੱਟ ਜਾਉ। ਖਿੰਡ ਜਾਣਾ, ਫਿਰ ਇਕੱਠੇ ਹੋ ਜਾਣਾ, ਦੁਸ਼ਮਣ ਨੂੰ ਹੰਭਾ ਦੇਣਾ ਤੇ ਖਤਮ ਕਰ ਦੇਣਾ, ਹਰ ਹਾਲਾਤ ਵਿਚ ਲੜਨ ਲਈ ਦ੍ਰਿੜ ਰਹਿਣਾ ਅਤੇ ਦੁਸ਼ਮਣ ਜਿਥੇ ਵੀ ਜਾਵੇ ਉਹ ਅਜਿਹੀ ਹਥਿਆਰਬੰਦ ਜਨਤਾ ਦੇ ਸਮੁੰਦਰ ਵਿਚ ਡੁੱਬ ਜਾਵੇ ਜਿਹੜੀ ਕਿ ਉਸ ਤੇ ਜਵਾਬੀ ਹਮਲੇ ਲਈ ਤਿਆਰ ਹੋਵੇ। ਇਸ ਤਰਾਂ ਦੁਸ਼ਮਣ ਦੀਆਂ ਫੌਜਾਂ ਹੰਭ ਜਾਣਗੀਆਂ ਤੇ ਉਹਨਾਂ ਦਾ ਜੋਸ਼ ਵੀ ਮੱਠਾ ਪੈ ਜਾਵੇਗਾ।" ਅਸਲੀ ਇਨਕਲਾਬ ਉਥੇ ਹੀ ਹੋ ਸਕਦਾ ਹੈ ਜਿਥੇ ਕਿ ਸੰਘਰਸ਼ ਵਿਚ ਸ਼ਾਮਲ ਹਰ ਵਿਅਕਤੀ ਦੇ ਮਨ ਵਿਚ ਅੰਤਿਮ ਨਿਸ਼ਾਨਾ ਪੂਰੀ ਤਰਾਂ ਉਕਰਿਆ ਹੋਵੇ ਤੇ ਉਹ ਅਗਵਾਈ ਲਈ ਜਾਂ ਮਾਰਗ ਦਰਸਾਉਣ ਲਈ ਦੂਸਰਿਆਂ ਤੇ ਟੇਕ ਨਾ ਰੱਖੇ। ਕਰਨਲ ਟੀ.ਈ.ਲਾਰੰਸ ਲਿਖਦਾ ਹੈ "ਫੌਜਾਂ ਤਾਂ ਦਰੱਖਤਾਂ ਵਾਂਗ ਹੁੰਦੀਆਂ ਹਨ ਜੋ ਹਿਲ ਫਿਰ ਨਹੀਂ ਸਕਦੇ ਅਤੇ ਇਕੋ ਥਾਂ ਹੀ ਗੱਡੇ ਹੋਏ ਨੇ। ਉਹਨਾਂ ਨੂੰ ਭੋਜਨ ਲੰਬੀਆਂ ਲੰਬੀਆਂ ਜੜਾਂ ਰਾਹੀ ਪ੍ਰਾਪਤ ਹੁੰਦਾ ਹੈ। ਅਸੀ (ਗੁਰੀਲੇ) ਇਕ ਪਾਣੀ ਦੇ ਕਣ ਵਾਂਗ ਹਾਂ .... ਸਾਡੀ ਸਲਤਨਤ ਤਾਂ ਹਰ ਇਕ ਦੇ ਮਨ ਵਿਚ ਹੈ। ਸਾਨੂੰ ਜਿਉਂਦੇ ਰਹਿਣ ਲਈ ਕਿਸੇ ਪਦਾਰਥ ਜਾਂ ਸਮੱਗਰੀ ਦੀ ਜਰੂਰਤ ਨਹੀਂ ਅਤੇ ਮਾਰਨ ਵਾਲੇ ਨੂੰ ਕੋਈ ਪਦਾਰਥ ਸਾਥੋਂ ਪ੍ਰਾਪਤ ਵੀ ਨਹੀਂ ਹੋਣਾ। ਇਕ ਨਿਯਮਿਤ ਸਿਪਾਹੀ ਇਕ ਅਜਿਹੇ ਨਿਸ਼ਾਨੇ ਬਿਨਾਂ ਜਿਸ ਤੇ ਉਹ ਬੈਠ ਸਕੇ, ਜਿਸਨੂੰ ਆਪਣੇ ਅਧੀਨ ਕਰ ਸਕੇ ਅਤੇ ਜਿਸ ਉਪਰ ਉਹ ਆਪਣੀ ਬੰਦੂਕ ਤਾਣ ਸਕੇ, ਅਸਹਾਇ ਹੈ।"

ਉਪਰੋਕਤ ਤੋਂ ਸਪਸ਼ਟ ਪਤਾ ਲਗਦਾ ਹੈ ਕਿ ਕਿਉਂ ਬੰਦਾ ਹਰ ਜਗ੍ਹਾ ਖੁਦ ਮੌਜੂਦ ਹੋਣਾ ਨਹੀਂ ਚਾਹੁੰਦਾ ਸੀ ਅਤੇ ਕਿਉਂ ਉਹ ਪਹਿਲ ਕਦਮੀ ਸਥਾਨਿਕ ਲੀਡਰਸ਼ਿਪ ਕੋਲ ਦੇਣੀ ਚਾਹੁੰਦਾ ਸੀ।

* * * *

ਬੰਦੇ ਦਾ ਦਿਵਾਨੀ ਅਤੇ ਮਾਲੀਆ ਪ੍ਰਬੰਧ

ਸ਼ਿਵਾਜੀ ਨੇ ਆਪਣੇ ਰਾਜ ਦੇ ਸਿਵਲ ਅਤੇ ਫੌਜੀ ਅਧਿਕਾਰੀਆਂ ਲਈ ਵਿਸਤਰਤ ਰੂਪ ਵਿਚ ਹਿਦਾਇਤਾਂ ਜਾਰੀ ਕੀਤੀਆਂ ਸਨ ਕਿ ਉਹਨਾਂ ਆਪਣਾ ਕੰਮ ਕਾਜ ਕਿਵੇਂ ਚਲਾਉਣਾ ਹੈ। ਪਰ ਬੰਦਾ ਬਹਾਦਰ ਵੱਲੋਂ ਆਪਣੇ ਅਧਿਕਾਰੀਆਂ ਲਈ ਦਿਵਾਨੀ ਅਤੇ ਮਾਲੀਆ ਪ੍ਰਬੰਧ ਬਾਰੇ ਜਾਰੀ ਲਿਖਤੀ ਹਿਦਾਇਤਾਂ ਦਾ ਕੋਈ ਸਬੂਤ ਨਹੀਂ ਮਿਲਦਾ। ਸ਼ਾਇਦ ਇਸਦਾ ਕਾਰਨ ਇਹ ਹੈ ਕਿ ਨਾ ਤਾਂ ਬੰਦੇ ਨੂੰ ਅਤੇ ਨਾ ਹੀ ਉਸਦੇ ਲਫਟੈਣਾਂ, ਭਾਵ ਬਾਬਾ ਬਿਨੋਦ ਸਿੰਘ, ਕਾਹਨ ਸਿੰਘ ਅਤੇ ਬਾਜ ਸਿੰਘ ਨੂੰ ਅਜਿਹੇ ਮਾਮਲਿਆਂ ਵਿਚ ਕੋਈ ਤਜਰਬਾ ਸੀ। ਬੰਦਾ ਬਹਾਦਰ ਆਪਣੇ ਸੁਭਾਅ ਤੇ ਸਿੱਖਲਾਈ ਕਾਰਨ ਸਿਰਫ ਇਕ ਸਿਪਾਹੀ ਸੀ, ਇਕ ਯੋਧਾ ਸੀ। ਸੋ ਉਹ ਆਪਣੀ ਸਮਝ ਅਨੁਸਾਰ ਕੇਵਲ ਮੋਕਲੀਆਂ ਜਿਹੀਆਂ ਹੀ ਹਿਦਾਇਤਾਂ ਜਾਰੀ ਕਰ ਸਕਦਾ ਸੀ। ਇਸ ਕਾਰਨ ਬੰਦੇ ਜਾਂ ਉਸਦੇ ਲਫਟੈਣਾਂ ਵੱਲੋਂ ਦਿਵਾਨੀ ਅਤੇ ਮਾਲੀਆ ਪ੍ਰਬੰਧ ਵਿਚ ਕੋਈ ਗਿਣਨ ਯੋਗ ਸੁਧਾਰ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਸੀ। ਮੁਗਲਾਂ ਕੋਲ ਹਕੂਮਤ ਚਲਾਉਣ ਲਈ ਲੋੜੀਂਦੀ ਯੋਗਤਾ ਅਤੇ ਤਜਰਬਾ ਸੀ। ਜਦੋਂ ਬੰਦੇ ਨੇ ਸਰਹਿੰਦ ਅਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ ਜਿੱਤ ਕੇ ਆਪਣੀ ਹਕੂਮਤ ਸਥਾਪਤ ਕੀਤੀ ਉਸ ਸਮੇਂ ਮੁਗਲਾਂ ਵਲੋਂ ਰਾਜ ਪ੍ਰਬੰਧ ਚਲਾਉਣ ਲਈ ਇਕ ਕਾਰਗਰ ਪ੍ਰਬੰਧ ਸਥਾਪਤ ਕੀਤਾ ਹੋਇਆ ਸੀ। ਮੁਗਲ ਸਲਤਨਤ ਦੇ ਅਧੀਨ ਸੂਬਿਆਂ ਵਿਚੋਂ ਸਰਹਿੰਦ ਦਾ ਪ੍ਰਸ਼ਾਸਕੀ ਪ੍ਰਬੰਧ ਸ਼ਾਇਦ ਸਾਰਿਆਂ ਨਾਲੋਂ ਬਿਹਤਰ ਸੀ। ਇਸ ਪ੍ਰਬੰਧ ਨੂੰ ਸਚਾਰੂ ਰੂਪ ਵਿਚ ਚਲਾਉਣ ਲਈ ਕਾਫੀ ਗਿਣਤੀ ਵਿਚ ਹਿੰਦੂ ਅਧਿਕਾਰੀ ਵੀ ਨਿਯੁਕਤ ਕੀਤੇ ਗਏ ਸਨ ਜਿਹਨਾਂ ਵਿਚੋਂ ਦੀਵਾਨ ਸੁੱਚਾ ਨੰਦ ਪੁਰੀ (ਖੱਤਰੀ) ਵੀ ਇਕ ਸੀ। ਸੋ ਇਸ ਪ੍ਰਬੰਧ ਵਿਚ ਕਿਸੇ ਵੱਡੀ ਤਬਦੀਲੀ ਦੀ ਜਰੂਰਤ ਵੀ ਨਹੀਂ ਸੀ ਅਤੇ ਅਜਿਹਾ ਕਰਨ ਲਈ ਲੋੜੀਂਦਾ ਸਮਾਂ ਵੀ ਨਹੀ ਸੀ। ਇਸ ਲਈ ਸਿਰਫ ਇਤਨਾ ਹੀ ਕੀਤਾ ਗਿਆ ਸੀ ਕਿ ਦੋਸ਼ਪੂਰਨ ਹਿੰਦੂ ਅਤੇ ਮੁਸਲਮਾਨ ਅਧਿਕਾਰੀਆਂ ਦੀ ਜਗ੍ਹਾ ਚੰਗੇ ਇਮਾਨਦਾਰ ਹਿੰਦੂ ਅਤੇ ਸਿੱਖ ਨਿਯੁਕਤ ਕਰ ਦਿਤੇ ਗਏ।

ਪਰ ਜਮੀਨ ਪ੍ਰਬੰਧ ਦੇ ਮਾਮਲੇ ਵਿਚ ਬੰਦੇ ਵੱਲੋਂ ਕੀਤੀਆਂ ਗਈਆਂ ਤਬਦੀਲੀਆਂ ਇਨਕਲਾਬੀ ਅਤੇ ਮਹੱਤਵਪੂਰਨ ਸਨ ਅਤੇ ਇਹਨਾਂ ਨਾਲ ਇਕ ਤਰੱਕੀ ਪਸੰਦ ਖੇਤੀ ਅਧਾਰਿਤ ਸਮਾਜ ਦੀ ਸਿਰਜਣਾ ਦਾ ਮੁੱਢ ਬੱਝ ਗਿਆ। ਇਕੋ ਹੀ ਝੱਟਕੇ ਵਿਚ ਜਿਮੀਂਦਾਰੀ ਸਿਸਟਮ ਦਾ ਖਾਤਮਾ ਕਰ ਦਿਤਾ ਗਿਆ ਸੀ ਕਿਉਂਕਿ ਇਹ ਸਿਸਟਮ ਹੀ ਜਮੀਨ ਦੇ ਮਾਲਕਾਂ ਵਲੋਂ ਗਰੀਬ ਹਲਵਾਹਕਾਂ ਦੀ ਬੇਰਹਿਮੀ ਨਾਲ ਛਿੱਲ ਲਾਹੁਣ ਦਾ ਅਧਾਰ ਬਣਦਾ ਸੀ। ਹਲਵਾਹਕਾਂ ਨੂੰ ਹੀ ਜਮੀਨ ਦੀ ਮਾਲਕੀ ਦੇ ਹੱਕ ਦੇ ਦਿਤੇ ਗਏ ਅਤੇ ਉਹਨਾਂ ਨੂੰ ਹੀ ਮਾਲੀਏ ਦੀ ਸਰਕਾਰ ਨੂੰ ਅਦਾਇਗੀ ਲਈ ਜਿੰਮੇਵਾਰ ਬਣਾ ਲਿਆ ਗਿਆ। ਜਿਮੀਂਦਾਰੀ ਅਤੇ ਮਨਸਬਦਾਰੀ ਦੇ ਅਹੁਦੇ ਖਤਮ ਕਰ ਦਿਤੇ ਗਏ ਜੋ ਕਿ ਹਲਵਾਹਕ ਅਤੇ ਸਰਕਾਰ ਦਰਮਿਆਨ ਇਕ ਕੜੀ ਵੱਜੋਂ ਕੰਮ ਕਰਦੇ ਸਨ। ਬਟਾਈ ਦਾ ਸਿਸਟਮ ਖਤਮ ਕਰਕੇ ਕਾਨਕੂਤ ਦਾ

ਸਿਸਟਮ ਸ਼ੁਰੂ ਕੀਤਾ ਗਿਆ। ਇਸ ਸਿਸਟਮ ਅਨੁਸਾਰ ਖੜੀ ਫਸਲ ਦਾ ਮੁਲਾਂਕਣ ਕਰਕੇ ਸਰਕਾਰ ਦਾ ਹਿੱਸਾ ਰੁਪਈਆਂ ਵਿਚ ਨਿਸ਼ਚਿਤ ਕਰ ਦਿਤਾ ਜਾਂਦਾ ਸੀ ਅਤੇ ਨਕਦ ਰੂਪ ਵਿਚ ਹੀ ਵਸੂਲਿਆ ਜਾਂਦਾ ਸੀ। ਇਹ ਤਰੀਕਾ ਬਟਾਈ ਦੇ ਤਰੀਕੇ ਨਾਲੋਂ ਬਿਹਤਰ ਸੀ ਕਿਉਂਕਿ ਬਟਾਈ ਦੇ ਤਰੀਕੇ ਵਿਚ ਸਰਕਾਰ ਵੱਲੋਂ ਉਗਰਾਹੀ ਲਈ ਨਿਯੁਕਤ ਕੀਤੇ ਅਧਿਕਾਰੀ ਅਨਾਜ ਇਕੱਠਾ ਕਰਨ ਸਮੇਂ ਅਤੇ ਮੰਡੀ ਵਿਚ ਇਸ ਦੀ ਵਿਕਰੀ ਸਮੇਂ ਹੇਰਾ ਫੇਰੀ ਕਰ ਲੈਂਦੇ ਸਨ। ਇਸ ਸਿਸਟਮ ਕਾਰਨ ਪ੍ਰਸ਼ਾਸਨ ਫਸਲਾਂ ਦੀ ਰਾਖੀ ਕਰਨ, ਪੈਦਾਵਾਰ ਵਿਚੋਂ ਹਿੱਸਾ ਪ੍ਰਾਪਤ ਕਰਨ ਅਤੇ ਇਸ ਦੀ ਮੰਡੀ ਵਿਚ ਵਿਕਰੀ ਕਰਨ ਦੇ ਝੰਜਟਾਂ ਤੋਂ ਸੁਰਖਰੂ ਹੋ ਗਿਆ ਅਤੇ ਮੰਡੀ ਵਿਚ ਜਿਨਸਾਂ ਦੀਆਂ ਕੀਮਤਾਂ ਦੇ ਉਤਾਰ-ਚੜਾਅ ਦੇ ਪ੍ਰਭਾਵ ਤੋਂ ਵੀ ਮੁਕਤ ਹੋ ਗਿਆ। ਬੰਦਾ ਜਿੱਥੇ ਇਕ ਪਾਸੇ ਪ੍ਰਸ਼ਾਸਨ ਵਿਚ ਇਮਾਨਦਾਰੀ ਲਿਆਉਣੀ ਚਾਹੁੰਦਾ ਸੀ ਉਥੇ ਦੂਜੇ ਪਾਸੇ ਉਹ ਇਸ ਨੂੰ ਨਿਆਂ ਪਸੰਦ ਅਤੇ ਆਮ ਆਦਮੀ ਦੀਆਂ ਮੁਸਕਲਾਂ ਅਤੇ ਤਕਲੀਫਾਂ ਪ੍ਰਤੀ ਸੰਵੇਦਨਸ਼ੀਲ ਵੀ ਬਣਾਉਣਾ ਚਾਹੁੰਦਾ ਸੀ ਤਾਂ ਜੋ ਜਨਸਧਾਰਨ ਆਪਣੇ ਆਪ ਨੂੰ ਸੁਰੱਖਿਅਤ ਅਤੇ ਖੁਸ਼ਹਾਲ ਮਹਿਸੂਸ ਕਰੇ। ਆਪਣੇ ਕਰਮਚਾਰੀਆਂ ਨੂੰ ਠੀਕ ਰਸਤੇ ਤੇ ਰੱਖਣ ਲਈ ਉਹ ਕਸੂਰਵਾਰ ਕਰਮਚਾਰੀਆਂ ਨੂੰ ਸਜਾ ਦੇਣ ਸਮੇਂ ਬਹੁਤ ਸਖ਼ਤ ਰਵੱਈਆ ਅਪਣਾਉਦਾ ਸੀ। ਭਾਵੇਂ ਉਸਨੇ ਪ੍ਰਸ਼ਾਸਕੀ ਢਾਂਚੇ ਵਿਚ ਕੋਈ ਤਬਦੀਲੀ ਨਹੀਂ ਸੀ ਕੀਤੀ ਪਰ ਪ੍ਰਸ਼ਾਸਨ ਵਿਚੋਂ ਬੇਈਮਾਨੀ ਖਤਮ ਕਰਨ ਅਤੇ ਸਭ ਨਾਲ ਇਨਸਾਫ ਕਰਨ ਦੇ ਉਸਦੇ ਦ੍ਰਿੜ ਨਿਸ਼ਚੇ ਕਾਰਨ ਹੀ ਜਨਸਧਾਰਨ ਵਿਚ ਆਤਮ ਵਿਸ਼ਵਾਸ ਜਾਗ ਪਿਆ ਸੀ ਅਤੇ ਪ੍ਰਸ਼ਾਸਨ ਦਾ ਨਜ਼ਰੀਆ ਵੀ ਲੋਕ ਭਲਾਈ ਵਾਲਾ ਹੋ ਗਿਆ ਸੀ। ਉਸਦਾ ਨਾਅਰਾ ਸੀ ਗਰੀਬ ਦੀ ਰੱਖਿਆ ਅਤੇ ਮੱਦਦ ਕਰੋ। ਬੁਰਾਈਆਂ ਛੱਡੋ। ਬਿਨਾਂ ਭੇਦ-ਭਾਵ ਤੋਂ ਸਭ ਨਾਲ ਇਨਸਾਫ ਕਰੋ । ਰਾਜ ਨੂੰ ਧਰਮ ਅਨੁਸਾਰ ਚਲਾਓ।

ਬੰਦੇ ਵੱਲੋਂ ਉਠਾਇਆ ਗਿਆ ਇਕ ਹੋਰ ਪ੍ਰਗਤੀਸ਼ੀਲ ਕਦਮ ਇਹ ਸੀ ਕਿ ਪਿੰਡਾਂ ਵਿਚ ਅਧਿਕਾਰੀ ਨਿਯੁਕਤ ਕਰਨ ਸਮੇਂ ਉਸ ਵਿਅਕਤੀ ਦੀ ਜਾਤ-ਪਾਤ, ਕੌਮ ਅਤੇ ਕੁਨਬੇ ਨੂੰ ਕੋਈ ਮਹੱਤਵ ਨਹੀਂ ਦਿਤਾ ਜਾਂਦਾ ਸੀ। ਪਿੰਡਾਂ ਅਤੇ ਕਸਬਿਆਂ ਦੇ ਪ੍ਰਮੁੱਖਾਂ ਦੀ ਨਿਯੁਕਤੀ ਸਮੇਂ ਉਸ ਵਿਅਕਤੀ ਦੀ ਖਾਲਸਾ ਪੰਥ ਪ੍ਰਤੀ ਵਫਾਦਾਰੀ ਅਤੇ ਸਭ ਨਾਲ ਬਰਾਬਰੀ ਵਾਲੇ ਸਲੂਕ ਦੀ ਸਹੁੰ ਹੀ ਮੁਖ ਯੋਗਤਾਵਾਂ ਸਨ। ਅਖੌਤੀ ਨੀਵੀਆਂ ਜਾਤਾਂ ਦੇ ਗਰੀਬ ਤੋਂ ਗਰੀਬ ਵਿਅਕਤੀਆਂ ਨੂੰ ਵੀ ਸਰਦਾਰੀਆਂ ਬਖਸ਼ੀਆਂ ਗਈਆਂ ਅਤੇ ਜਿਉਂ ਹੀ ਕਿਸੇ ਅਜਿਹੀ ਨਿਯੁਕਤੀ ਦੀ ਸਨਦ ਜਾਰੀ ਹੁੰਦੀ ਸਭ ਵੱਡੇ-ਛੋਟੇ ਲਈ ਨਿਯੁਕਤ ਕੀਤੇ ਵਿਅਕਤੀ ਦਾ ਹੁਕਮ ਮੰਨਣਾ ਲਾਜਮੀ ਬਣ ਜਾਂਦਾ। ਆਮ ਜਨਤਾ ਨੂੰ ਇਨਸਾਫ ਦੇਣ ਦੀ ਜਿੰਮੇਵਾਰੀ ਇਸ ਤਰਾਂ ਨਿਯੁਕਤ ਕੀਤੇ ਮੁੱਖੀ ਦੀ ਸੀ। ਉਸਦੀ ਜਿੰਮੇਵਾਰੀ ਸੀ ਕਿ ਉਹ ਬਿਨਾਂ ਕਿਸੇ ਡਰ ਤੇ ਭੇਦ-ਭਾਵ ਦੇ ਇਨਸਾਫ ਕਰੇ ਅਤੇ ਅਜਿਹਾ ਕਰਦੇ ਸਮੇਂ ਦੋਸ਼ੀ ਵਿਅਕਤੀ ਦੇ ਸਮਾਜਿਕ ਰੁਤਬੇ ਨੂੰ ਕੋਈ ਅਹਿਮੀਅਤ ਨਾ ਦੇਵੇ। ਜੇਕਰ ਉਹ ਇਨਸਾਫ ਕਰਨ ਵਿਚ ਬੇਈਮਾਨੀ ਕਰਦਾ ਸੀ ਤਾਂ ਸਮਝੋ ਉਹ ਨਰਕ ਦੇ ਰਸਤੇ ਪੈ ਗਿਆ। ਬੰਦੇ ਨੇ ਆਪਣੇ ਵੱਲੋਂ ਨਿਯੁਕਤ ਕੀਤੇ ਵਿਅਕਤੀਆਂ ਨੂੰ ਸਪਸ਼ਟ ਕੀਤਾ ਕਿ ਉਸਦੀ ਵਜੀਰ ਖਾਨ ਤੇ ਉਸਦੇ ਸਾਥੀਆਂ ਨਾਲ ਕੋਈ ਦੁਸ਼ਮਣੀ ਨਹੀਂ ਸੀ। ਉਹਨਾਂ ਦਾ ਖਾਤਮਾ ਇਸ ਲਈ ਕੀਤਾ ਗਿਆ ਕਿਉਂਜੋ ਉਹ ਦੁਸ਼ਟ ਅਤੇ ਪਾਪੀ ਸਨ। ਹਰ ਗੁਰੂ ਦੇ ਸਿੱਖ ਦਾ ਇਹ ਧਰਮ ਹੈ ਕਿ ਉਹ ਆਪਣੀ ਅੰਤਰ-ਆਤਮਾ ਨੂੰ ਪਵਿੱਤਰ ਰੱਖਦੇ ਹੋਏ ਆਪਣੀਆਂ ਜਿੰਮੇਵਾਰੀਆਂ ਨਿਭਾਵੇ, ਸਭ ਨਾਲ ਇਨਸਾਫ ਕਰੇ ਅਤੇ ਅਤਿਆਚਾਰੀ ਅਤੇ ਬੇਈਮਾਨਾਂ ਦਾ ਖਾਤਮਾ ਕਰੇ। ਉਹ ਸੱਚ ਤੇ ਇਨਸਾਫ ਦੇ

ਰਸਤੇ ਚੱਲਣ ਵਾਲਿਆਂ ਦੀ ਪੁਸ਼ਤ-ਪਨਾਹੀ ਕਰੇ ਅਤੇ ਬੇਈਮਾਨੀ ਅਤੇ ਝੂਠ ਦੇ ਰਸਤੇ ਤੇ ਚਲਣ ਵਾਲਿਆਂ ਦਾ ਖਾਤਮਾ ਕਰੇ। ਉਸਨੂੰ ਆਪਣੇ ਗੁਰੂ ਦਾ ਇਹ ਹੁਕਮ ਯਾਦ ਰਖਣਾ ਚਾਹੀਦਾ ਹੈ, ਸੰਤਾਂ ਮਾਨਿਓ ਦੁਸਟਾਂ ਡਾਨਿਉ ਇਹ ਕਤਵਾਰ ਹਮਾਰੀ। ਅਜਿਹੇ ਹਾਲਾਤ ਵਿਚ ਚੌਧਰੀਆਂ ਵਲੋਂ ਮਨ ਮਰਜੀ, ਬੇਇਮਾਨੀ ਅਤੇ ਬੇ-ਇਨਸਾਫੀ ਕਰਨ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ ਕਿਉਂਕਿ ਉਹਨਾਂ ਨੂੰ ਪਤਾ ਸੀ ਕਿ ਹੁਕਮ ਅਦੂਲੀ ਕਰਦਿਆਂ ਫੜੇ ਜਾਣ ਤੇ ਉਹਨਾਂ ਨਾਲ ਨਰਮੀ ਨਹੀਂ ਹੋਵੇਗੀ। ਇਹ ਨਿਜਾਮ ਪਹਿਲੋਂ ਮੌਜੂਦ ਜਗੀਰਦਾਰੀ ਪ੍ਰਬੰਧ ਦੇ ਬਿਲਕੁਲ ਉਲਟ ਸੀ। ਪਹਿਲੇ ਪ੍ਰਬੰਧ ਅਧੀਨ ਤਾਂ ਜਿਮੀਂਦਾਰਾਂ ਅਤੇ ਮਨਸਬਦਾਰਾਂ ਨੂੰ ਆਪਣੀ ਜਮੀਨ ਅਤੇ ਰਿਆਇਆ ਉਪਰ ਸੰਪੂਰਨ ਅਧਿਕਾਰ ਸੀ ਅਤੇ ਉਹ ਜਿਵੇਂ ਚਾਹੁਣ ਉਹਨਾਂ ਨੂੰ ਲੁਟ ਸਕਦੇ ਸਨ। ਜਦੋਂ ਤੀਕਰ ਉਹ ਸਰਕਾਰ ਨੂੰ ਬਣਦਾ ਲਗਾਨ ਸਮੇਂ ਸਿਰ ਅਦਾ ਕਰੀ ਜਾਂਦੇ ਸਨ ਰਾਜਾ ਉਹਨਾਂ ਦੇ ਕੰਮ ਵਿਚ ਦਖਲ ਅੰਦਾਜੀ ਨਹੀਂ ਸੀ ਕਰਦਾ।

ਪਹਿਲਾਂ ਪਹਿਲ ਨਵਜਾਤ ਸਿੱਖ ਧਰਮ ਦੀ ਰਾਜਧਾਨੀ ਸਰਹਿੰਦ ਨੂੰ ਬਣਾਉਣ ਦੀ ਤਜਵੀਜ਼ ਸੀ। ਪਰ ਵਿਚਾਰ ਵਟਾਂਦਰੇ ਉਪਰੰਤ ਇਸ ਤਜਵੀਜ਼ ਨੂੰ ਰੱਦ ਕਰ ਦਿਤਾ ਗਿਆ ਸੀ ਕਿਉਂਕਿ ਇਕ ਤਾਂ ਸਰਹਿੰਦ ਪ੍ਰਮੁੱਖ ਰਸਤੇ ਤੇ ਸਥਿਤ ਹੋਣ ਕਾਰਨ ਛੇਤੀ ਹਮਲੇ ਹੇਠ ਆ ਸਕਦੀ ਸੀ ਅਤੇ ਦੂਸਰੇ ਇਸ ਦੀ ਭੂਗੋਲਿਕ ਸਥਿਤੀ ਅਜਿਹੀ ਸੀ ਕਿ ਮੁਗਲ ਰਾਜ ਵੱਲੋਂ ਦਬਾਅ ਵੱਧ ਜਾਣ ਤੇ ਇਥੋਂ ਸੁਰੱਖਿਅਤ ਖਿਸਕ ਜਾਣ ਦੇ ਰਸਤੇ ਨਹੀਂ ਸਨ। ਡਾ. ਗੋਪਾਲ ਸਿੰਘ ਲਿਖਦਾ ਹੈ "ਬੰਦਾ ਸਿੰਘ ਨੇ ਸਢੌਰੇ ਦੇ ਲਾਗੇ ਇਕ ਖੁਸ਼ਗਵਾਰ ਸਥਾਨ ਤੇ ਆਪਣਾ ਹੈਡਕੁਆਟਰ ਸਥਾਪਤ ਕਰ ਲਿਆ। ਇਥੋਂ ਦੇ ਪੁਰਾਣੇ ਅਤੇ ਗੈਰ-ਆਬਾਦ ਕਿਲ੍ਹੇ ਦੀ ਮੁਰੰਮਤ ਕਰਕੇ ਇਸ ਦਾ ਨਾਂ ਲੋਹਗੜ ਰੱਖ ਦਿਤਾ ਗਿਆ। ਉਸਨੇ ਸਰਹਿੰਦ ਦੀ ਜਿਤ ਦੇ ਸਮੇਂ ਤੋਂ ਆਪਣਾ ਪ੍ਰਸ਼ਾਸਨੀ ਸਾਲ ਸ਼ੁਰੂ ਕੀਤਾ ਸੀ। ਉਸਨੇ ਰਾਜਸੀ ਅਧਿਕਾਰ ਧਾਰਨ ਕੀਤੇ ਅਤੇ ਗੁਰੂ ਦੇ ਨਾਂ ਤੇ ਸਿੱਕੇ ਜਾਰੀ ਕੀਤੇ। ਉਹਨਾਂ ਸਿੱਕਿਆਂ ਤੇ ਫਾਰਸੀ 'ਚ, ਜੋ ਕਿ ਉਸ ਸਮੇਂ ਦੀ ਸਰਕਾਰੀ ਭਾਸ਼ਾ ਸੀ, ਉਕਰਿਆ ਹੋਇਆ ਸੀ :

ਸਿਕਾ ਜ਼ਦ ਬਰ ਹਰ ਦੋ ਆਲਮ ਤੇਗਿ ਨਾਨਕ ਵਾਹਬ ਅਸਤ।
ਫਤਿਹ ਗੋਬਿੰਦ ਸਿੰਘ ਸ਼ਾਹਿ ਸ਼ਾਹਾਨ ਫਜ਼ਲਿ ਸਚਾ ਸਾਹਿਬ ਅਸਤ।

ਅਰਥਾਤ

ਸਿੱਕਾ ਮਾਰਿਆ ਦੋ ਜਹਾਨ ਉਤੇ, ਬਖਸ਼ਾਂ, ਬਖਸ਼ੀਆਂ ਨਾਨਕ ਕੀ ਤੇਗ ਨੇ ਜੀ।
ਫਤਿਹ ਸ਼ਾਹਿ ਸ਼ਾਹਾਨ ਗੋਬਿੰਦ ਸਿੰਘ ਦੀ, ਮਿਹਰਾਂ ਕੀਤੀਆਂ ਸੱਚੇ ਰਬ ਏਕ ਨੇ ਜੀ।

ਸਿੱਕੇ ਦੇ ਦੂਜੇ ਪਾਸੇ ਆਪਣੀ ਨਵੀਂ ਸਥਾਪਿਤ ਕੀਤੀ ਰਾਜਧਾਨੀ ਦੀ ਉਸਤਤ ਵਿਚ ਨਿਮਨ ਲਿਖਤ ਸ਼ਬਦ ਅੰਕਤ ਸਨ :

ਜ਼ਰਬ-ਬ-ਆਮਨ-ਉ-ਦਹਿਰ ਮੁਸੱਵਰਤ ਸ਼ਹਿਰ, ਜੀਨਤੁ ਤਖਤੁ ਮੁਬਾਰਕ ਬਖਤ।

ਅਰਥਾਤ

ਜਾਰੀ ਹੋਇਆ ਸੰਸਾਰ ਦੇ ਸ਼ਾਂਤੀ-ਅਸਥਾਨ, ਸ਼ਹਿਰਾਂ ਦੀ ਮੂਰਿਤ, ਧੰਨਭਾਗੀ ਰਾਜਧਾਨੀ ਤੋਂ।

ਬੰਦਾ ਬਹਾਦਰ ਨੇ ਇਕ ਸਰਕਾਰੀ ਮੋਹਰ ਵੀ ਚਾਲੂ ਕੀਤੀ ਜੋ ਸਰਕਾਰੀ ਲਿਖਤਾਂ ਅਤੇ ਚਿੱਠੀਆਂ ਉਤੇ ਲਾਈ ਜਾਂਦੀ ਸੀ। ਉਸ ਉਤੇ ਨਿਮਨ ਲਿਖਤ ਸ਼ਬਦ ਉਕਰੇ ਹੋਏ ਸਨ, ਜੋ ਉਸਦੇ ਅੰਦਰ ਆਪਣੇ ਮਾਲਕ (ਗੁਰੂ) ਲਈ ਡੂੰਘੀਂ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ :

ਦੇਗੋ ਤੇਗੋ ਫਤਿਹ ਨੁਸਰਤ ਬੇ-ਦਰੰਗ

ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਅਰਥਾਤ

ਦੇਗ ਤੇਗ ਜਿਤ ਸੇਵ ਨਿਰਾਲਮ

ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।

ਬੰਦੇ ਦੀਆਂ ਉਪਰੋਕਤ ਵਰਨਣ ਕੀਤੀਆਂ ਪ੍ਰਾਪਤੀਆਂ ਥੋੜ-ਚਿਰੀਆਂ ਹੀ ਸਾਬਤ ਹੋਈਆਂ - ਬਸ ਚਾਰ ਦਿਨ ਕੀ ਚਾਂਦਨੀ। ਸਿੱਖ ਰਾਜ ਜੋ ਉਸ ਵੱਲੋਂ ਸਥਾਪਤ ਕੀਤਾ ਗਿਆ ਸੀ ਲੰਬੇ ਸਮੇਂ ਤਕ ਕਾਇਮ ਨਾ ਰਹਿ ਸਕਿਆ। ਪਰ ਪੰਜਾਬ ਦੇ ਕਿਰਸਾਨੀ ਵਿਦਰੋਹ ਨੂੰ ਜੋ ਦਿਸ਼ਾ ਅਤੇ ਦਸ਼ਾ ਉਸਨੇ ਦਿਤੀ ਉਸ ਨਾਲ ਕਿਰਸਾਨਾਂ ਦੇ ਮਨਾਂ ਅੰਦਰ ਰਾਜ ਪ੍ਰਾਪਤੀ ਦੀ ਇਕ ਅਜਿਹੀ ਚਿੰਗਾੜੀ ਨੇ ਜਨਮ ਲਿਆ ਜਿਸ ਨੂੰ ਮੁਗਲ ਹਕੂਮਤ ਦਾ ਜੁਲਮ ਵੀ ਬੁਝਾ ਨਾ ਸਕਿਆ। ਬੇਸ਼ੱਕ ਮੁਗਲ ਹਕੂਮਤ ਬੰਦੇ ਨੂੰ ਗ੍ਰਿਫਤਾਰ ਕਰਕੇ ਸੰਭਾਜੀ ਅਤੇ ਉਸਦੇ ਵਜੀਰ ਕਵੀ ਕਲਾਸ ਵਾਗ ਹੀ ਇਕ ਵਹਿੰਸ਼ੀ ਮੌਤ ਮਾਰਨ ਵਿਚ ਕਾਮਯਾਬ ਹੋ ਗਈ ਸੀ ਪਰ ਸਿੱਖਾਂ ਦੇ ਮੂੰਹ ਤਾਕਤ ਦਾ ਨਸ਼ਾ ਲੱਗ ਗਿਆ ਸੀ ਅਤੇ ਉਹ ਹੁਣ ਗੁਲਾਮੀ ਦਾ ਜੀਵਨ ਜਿਉਣ ਲਈ ਤਿਆਰ ਨਹੀਂ ਸਨ। ਡਬਲਿਓ ਐਚ. ਮੈਕਲਿਉਡ ਲਿਖਦਾ ਹੈ "ਗੁਰੂ ਗੋਬਿੰਦ ਸਿੰਘ ਦੀ ਮੌਤ ਤੋਂ ਤੁੰਰਤ ਬਾਅਦ ਪੰਜਾਬ ਵਿਚ ਇਕ ਕਿਰਸਾਨੀ ਵਿਦਰੋਹ ਉਠਿਆ ਜਿਸਦੀ ਅਗਵਾਈ ਗੁਰੂ ਜੀ ਦੇ ਪੈਰੋਕਾਰ ਬੰਦੇ ਨੇ ਕੀਤੀ। ਇਸ ਵਿਦਰੋਹ ਦੌਰਾਨ ਇਕ ਸਮੇਂ ਤੇ ਸਾਰੇ ਪੰਜਾਬ ਵਿਚ ਹੀ ਮੁਗਲ ਹਕੂਮਤ ਦੀ ਚੌਧਰ ਖਤਮ ਹੋ ਗਈ ਸੀ। ਸੰਨ 1715 ਵਿਚ ਬੰਦੇ ਦੀ ਗ੍ਰਿਫਤਾਰੀ ਉਪਰੰਤ ਹੀ ਇਸ ਵਿਦਰੋਹ ਨੂੰ ਖਤਮ ਕੀਤਾ ਜਾ ਸਕਿਆ।" ਜੇ.ਡੀ.ਕਨਿੰਘਮ ਵੀ ਲਿਖਦਾ ਹੈ "ਕੁਝ ਕਾਮਯਾਬ ਲੜਾਈਆਂ ਪਿੱਛੋਂ ਬੰਦੇ ਨੇ ਲਾਹੌਰ ਦੇ ਉਤਰ ਵੱਲ ਦੀਆਂ ਪਹਾੜੀਆਂ ਵਿਚ ਜੰਮੂ ਲਾਗੇ ਆਪਣੇ ਆਪ ਨੂੰ ਸਥਾਪਤ ਕਰ ਲਿਆ ਅਤੇ ਉਸ ਸਮੇਂ ਪੰਜਾਬ ਦਾ ਕਾਫੀ ਵੱਡਾ ਹਿੱਸਾ ਉਸਨੂੰ ਲਗਾਨ ਭਰਦਾ ਸੀ।"

ਬੰਦੇ ਦੇ ਕਤਲ ਉਪਰੰਤ ਮੁਗਲ ਹਕੂਮਤ ਨੇ ਖਿੰਡੇ ਪੁੰਡੇ ਸਿੱਖਾਂ ਉਤੇ ਆਪਣੀ ਚੜਤ ਕਾਇਮ ਕਰਨ ਅਤੇ ਇਲਾਕਿਆਂ ਉਪਰ ਆਪਣੀ ਚੌਧਰ ਮੁੜ ਸਥਾਪਤ ਕਰਨ ਲਈ ਭਰਪੂਰ ਯਤਨ ਅਰੰਭ ਕਰ ਦਿਤੇ। ਪੰਜਾਬ ਵਿਚ ਉਠੇ ਕਿਰਸਾਨੀ ਵਿਦਰੋਹ ਨੂੰ ਕੁਚਲ ਦਿਤਾ ਗਿਆ। ਸਿੱਖ ਇਸ ਸਮੇਂ ਨੂੰ ਮੁਗਲਾਂ ਵੱਲੋਂ ਸਿੱਖਾਂ ਦੀ ਨਸਲ ਕੁਸ਼ੀ ਦੇ ਯਤਨਾਂ ਦੇ ਸਮੇਂ ਵੱਜੋਂ ਯਾਦ ਕਰਦੇ ਹਨ। ਇਸ ਸਮੇਂ ਹਕੂਮਤ ਵੱਲੋਂ ਸਿੱਖਾਂ ਦੇ ਸਿਰਾ ਦੇ ਮੁੱਲ ਮਿਥੇ ਗਏ। ਪਰ ਜਿਉਂ ਹੀ ਨਾਦਿਰ ਸ਼ਾਹ ਅਤੇ ਉਸ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਉਤੇ ਹੱਲੇ ਕਰਕੇ ਮੁਗਲ ਹਕੂਮਤ ਨੂੰ ਲਗਭਗ ਖਤਮ ਹੀ ਕਰ ਦਿਤਾ। ਸਿੱਖ ਇਕ ਤਰੋਤਾਜਾ ਸ਼ਕਤੀ ਨਾਲ ਮੁੜ ਉਠੇ ਅਤੇ ਉਹਨਾਂ ਮੁਗਲਾਂ ਦੇ ਉਤਰ ਅਧਿਕਾਰੀਆਂ ਕੋਲੋਂ ਤਾਕਤ ਖੋਹ ਆਪਣਾ ਸਿੱਖ ਰਾਜ ਸਥਾਪਤ ਕਰ ਲਿਆ।

ਗਿਰ ਕਰ ਉਠੇ, ਫਿਰ ਚੱਲ ਦੀਏ, ਇਸ ਤਰ੍ਹਾਂ ਸੇ ਤਹਿ ਕੀ ਮੰਜ਼ਲੇ ਹਮਨੇ।

ਪਰ ਇਹ ਤਾਂ ਹੀ ਸੰਭਵ ਹੋ ਸਕਿਆ ਜੇਕਰ ਬੰਦੇ ਨੇ ਸਿੱਖਾਂ ਦੇ ਮਨਾਂ ਅੰਦਰ ਰਾਜਨੀਤਕ ਸ਼ਕਤੀ ਪ੍ਰਾਪਤ ਕਰਨ ਦੀ ਇੱਛਾ ਸ਼ਕਤੀ ਪੈਦਾ ਕਰਕੇ ਇਸ ਦਾ ਸਵਾਦ ਵੀ ਉਹਨਾਂ ਨੂੰ ਚਖਾ ਦਿਤਾ ਸੀ ਅਤੇ ਨਾਲ ਹੀ ਇਹ ਵੀ ਸਿੱਖਾ ਦਿਤਾ ਸੀ ਕਿ ਕਿਵੇਂ ਖ਼ੂਨ ਦੇ ਦਰਿਆ ਤਰ ਕੇ ਆਪਣੀ ਹੋਣੀ ਦੇ ਆਪ ਮਾਲਕ ਬਣੀਦਾ ਹੈ।

ਖਾਲਸਾ ਜਮਨਾ ਪਾਰ ਦੇ ਇਲਾਕਿਆ ਵਿਚ

ਜਦੋਂ ਬੰਦਾ ਲੋਹਗੜ ਦੇ ਕਿਲ੍ਹੇ ਦੀ ਮੁਰੰਮਤ ਅਤੇ ਮਜ਼ਬੂਤੀ ਕਰਨ ਵਿਚ ਰੁੱਝਿਆ ਹੋਇਆ ਸੀ ਤਾਂ ਉਸ ਸਮੇਂ ਖਾਲਸਾ ਨੇ ਜਮਨਾ ਪਾਰ ਜਾ ਕੇ ਸਹਾਰਨਪੁਰ ਉਪਰ ਕਬਜਾ ਕਰ ਲਿਆ ਸੀ। ਇਹ ਇਕ ਬਹੁਤ ਅਮੀਰ ਅਤੇ ਖੁਸ਼ਹਾਲ ਕਸਬਾ ਸੀ ਜਿਸਦੀ ਜਿਆਦਾਤਰ ਅਬਾਦੀ ਮੁਸਲਮਾਨ ਸੀ। ਡਾ. ਗੰਡਾ ਸਿੰਘ ਲਿਖਦਾ ਹੈ "ਸਹਾਰਨਪੁਰ ਭੀ ਕੱਟੜ ਮੁਸਲਮਾਨਾਂ ਦਾ ਇਕ ਤਕੜਾ ਗੜ ਸੀ। ਅਲੀ ਹਾਮਿਦ ਖਾਨ ਕਨੌਂਜੀ ਸੱਯਦ ਇਥੇ ਦਾ ਫੌਜਦਾਰ ਸੀ। ਸਿੰਘਾਂ ਨੇ ਉਸਨੂੰ ਚਿੱਠੀ ਲਿਖੀ ਕਿ ਜੇ ਉਹ ਈਨ ਮੰਨ ਲਏ ਤਾਂ ਉਸਨੂੰ ਕੁਝ ਨਹੀਂ ਕਿਹਾ ਜਾਏਗਾ। ਪਰ ਉਹ ਸਿੰਘਾਂ ਦੇ ਜਮਨਾ ਟੱਪ ਆਉਣ ਦੀ ਖਬਰ ਸੁਣ ਕੇ ਇਤਨਾ ਡਰਿਆ ਕਿ, ਭਾਵੇਂ ਸ਼ਹਿਰ ਦੇ ਵੱਡੇ ਵੱਡੇ ਆਦਮੀਆਂ ਅਤੇ ਅਫਗਾਨਾਂ ਨੇ ਉਸਨੂੰ ਕਿਹਾ ਕਿ ਉਹ ਤਕੜਾ ਰਹੇ ਅਤੇ ਸ਼ਹਿਰ ਦੀ ਰਾਖੀ ਦਾ ਪ੍ਰਬੰਧ ਪੱਕਾ ਕਰੇ, ਉਸ ਉਤੇ ਕੋਈ ਅਸਰ ਨਾ ਹੋਇਆ। ਉਸ ਨੇ ਆਪਣਾ ਮਾਲ ਮੱਤਾ ਇਕੱਠਾ ਕੀਤਾ ਅਤੇ ਆਪਣੇ ਟੱਬਰ ਨੂੰ ਨਾਲ ਲੈ ਕੇ ਉਸੇ ਰਾਤੀ ਵਾਹੋ ਦਾਹੀ ਦਿੱਲੀ ਨੂੰ ਦੌੜ ਗਿਆ। ਪਰ ਸ਼ਹਿਰ ਦੇ ਲੋਕ ਅਤੇ ਹੋਰ ਕਰਮਚਾਰੀ ਕੁਝ ਚੰਗੀ ਮਿੱਟੀ ਦੇ ਬਣੇ ਹੋਏ ਸਨ ਅਤੇ ਇਕ ਮੁੱਠ ਅਤੇ ਇਕ-ਸਲਾਹ ਹੋ ਕੇ ਕੰਮ ਕਰਨ ਵਾਲੇ ਸਨ। ਉਹਨਾਂ ਨੇ ਸ਼ਹਿਰ ਦੇ ਆਲੇ ਦੁਆਲੇ ਮੋਰਚੇ ਬਣਾ ਲਏ ਅਤੇ ਸਿੰਘਾਂ ਦੀ ਰੋਕ ਦਾ ਪ੍ਰਬੰਧ ਕਰਕੇ ਉਹਨਾਂ ਦਾ ਤੀਰਾਂ ਅਤੇ ਗੋਲੀਆਂ ਨਾਲ ਸੁਆਗਤ ਕੀਤਾ, ਪਰ ਇਹ ਯਤਨ ਸਫਲ ਨਾ ਹੋ ਸਕਿਆ। ਸਿੰਘ ਉਹਨਾਂ ਨਾਲੋਂ ਡਾਹਢੇ ਸਨ। ਇਕੋ ਜੋਰਦਾਰ ਹੱਲੇ ਨਾਲ ਉਹ ਇਹਨਾਂ ਨੂੰ ਧੱਕ ਕੇ ਲੈ ਗਏ ਅਤੇ ਸ਼ਹਿਰ ਦੇ ਬਹੁਤ ਸਾਰੇ ਹਿੱਸੇ ਉਤੇ ਕਾਬਜ ਹੋ ਗਏ। ਸ਼ਹਿਰ ਵਿਚ ਲੁੱਟ ਪੈ ਗਈ। ਲੜਾਈ ਵਿਚ ਬਹੁਤ ਸਾਰੇ ਬੰਦੇ ਮਾਰੇ ਗਏ ਅਤੇ ਚੋਖਾ ਮਾਲ ਸਿੰਘਾਂ ਦੇ ਹੱਥ ਆਇਆ। ਸਿੰਘਾਂ ਨੇ ਸਹਾਰਨਪੁਰ ਦਾ ਨਾਉਂ ਬਦਲ ਕੇ ਭਾਗ-ਨਗਰ ਰਖ ਦਿਤਾ।" ਸਿਘਾਂ ਦੀ ਇਸ ਕਾਰਵਾਈ ਨਾਲ ਸਹਾਰਨਪੁਰ ਦੇ ਇਲਾਕੇ ਵਿਚ ਵੱਡੀ ਗਿਣਤੀ ਵਿਚ ਵਸੇ ਗੁਜਰਾਂ ਲਈ, ਜੋ ਕਿ ਲੁੱਟਮਾਰ ਲਈ ਮੌਕੇ ਦੀ ਤਾਕ ਵਿਚ ਰਹਿੰਦੇ ਸਨ ਇਕ ਸੁਨਹਿਰੀ ਮੌਕਾ ਬਣ ਗਿਆ। ਉਹਨਾਂ ਨੇ ਇਲਾਕੇ ਵਿਚ ਖੜਦੁੰਮ ਮਚਾ ਦਿਤਾ ਅਤੇ ਕਈ ਛੋਟੇ ਵੱਡੇ ਕਸਬਿਆਂ ਦੀ ਲੁੱਟਮਾਰ ਕਰ ਲਈ। ਉਹ ਸਹਾਰਨਪੁਰ ਵਾਲੀ ਲੜਾਈ ਵਿਚ ਵੀ ਲੁੱਟ ਦਾ ਦਾਉ ਲਾਉਣ ਲਈ ਸ਼ਾਮਲ ਹੋ ਗਏ ਅਤੇ ਸ਼ਹਿਰ ਨੂੰ ਬੇਦਰਦੀ ਨਾਲ ਲੁੱਟਿਆ।

ਸਹਾਰਨਪੁਰ ਦੀ ਇਸ ਬੇਕਿਰਕ ਲੁੱਟਮਾਰ ਦੀਆਂ ਖਬਰਾਂ ਦਾ ਅਜਿਹਾ ਅਸਰ ਹੋਇਆ ਕਿ ਇਸ ਦੇ ਦੁਆਲੇ ਦੇ ਇਲਾਕੇ ਦੇ ਪਿੰਡਾਂ ਦੇ ਬਸ਼ਿੰਦੇ ਵੀ ਆਪਣਾ ਕੀਮਤੀ ਮਾਲ ਅਸਬਾਬ ਸਾਂਭ ਦਿੱਲੀ ਵਲ ਨੂੰ ਭੱਜ ਤੁਰੇ। ਇੰਨੀ ਵੱਡੀ ਗਿਣਤੀ ਵਿਚ ਲੋਕਾਂ ਦਾ ਉਜਾੜਾ ਪਹਿਲਾਂ ਕਦੇ ਨਹੀਂ ਸੀ ਹੋਇਆ। ਇਹ ਆਮ ਲੋਕਾਂ ਦੀ ਲਾਚਾਰੀ ਅਤੇ ਗੁਰਬਤ ਦਾ ਇਕ ਦਰਦਨਾਕ ਨਜ਼ਾਰਾ ਸੀ।

ਸਹਾਰਨਪੁਰ ਨੂੰ ਜਿੱਤਣ ਉਪਰੰਤ ਸਿਘਾਂ ਦੇ ਜੱਥਿਆਂ ਨੇ ਆਲੇ ਦੁਆਲੇ ਦੇ ਪਿੰਡਾਂ ਅਤੇ ਕਸਬਿਆਂ ਵੱਲ ਰੁਖ ਕੀਤਾ। ਅਜਿਹਾ ਹੀ ਇਕ ਜਥਾ ਸਹਾਰਨਪੁਰ ਦੇ ਉਤਰ-ਪੂਰਬ ਵੱਲ ਕੁਝ ਮੀਲਾਂ ਤੇ ਸਥਿਤ ਬਹਿਅਤ ਨਗਰ ਵੱਲ ਗਿਆ ਕਿਉਂਕਿ ਖਬਰਾਂ ਸਨ ਕਿ ਉਥੋਂ" ਦੇ ਪੀਰਜਾਦੇ ਸ਼ਰੇਆਮ ਬਾਜ਼ਾਰਾਂ ਵਿਚ ਗਊ-ਵੱਧ ਕਰਵਾਉਂਦੇ ਸਨ। ਅਜਿਹਾ ਉਹ ਉਥੇ ਵੱਸਦੇ ਘੱਟ ਗਿਣਤੀ ਅਤੇ ਕਮਜ਼ੋਰ ਹਿੰਦੂਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਕਰਦੇ ਸਨ। ਹਿੰਦੂ ਉਹਨਾਂ ਦੀਆਂ ਜ਼ਿਆਦਤੀਆਂ ਦਾ ਵਿਰੋਧ ਕਰਨ ਦੇ ਸਮਰੱਥ ਨਹੀਂ ਸਨ। ਸਿਘਾਂ ਨੇ ਪੀਰਜਾਦਿਆਂ ਨੂੰ ਮੌਤ ਦੇ ਘਾਟ ਉਤਾਰ ਦਿਤਾ। ਸਾਰੇ ਪਰਿਵਾਰਾਂ ਵਿਚੋਂ ਕੇਵਲ ਇਕ ਹੀ ਆਦਮੀ ਬੱਚਿਆ ਕਿਉਂਕਿ ਉਹ ਬੁਲੰਦ ਸ਼ਹਿਰ ਗਿਆ ਹੋਇਆ ਸੀ।

ਬਹਿਅਤ ਗਏ ਜੱਥੇ ਦੀ ਵਾਪਸੀ ਉਪਰੰਤ ਇਕ ਹੋਰ ਜੱਥਾ ਸੁਲਤਾਨਪੁਰ ਦੇ ਥਾਣੇਦਾਰ ਅਮਰ ਸਿੰਘ ਦੀ ਅਗਵਾਈ ਹੇਠ ਸਹਾਰਨਪੁਰ ਤੋਂ ਕੁਝ ਹੀ ਦੂਰੀ ਤੇ ਸਥਿੱਤ ਗੜੀ ਜਲਾਲ ਖਾਨ ਨੂੰ ਚੜ ਪਿਆ। ਉਥੇ ਪਹੁੰਚ ਸਿਘਾਂ ਨੂੰ ਪਤਾ ਲੱਗਿਆ ਕਿ ਜਲਾਲ ਖਾਨ ਕੋਲ ਇਕ ਮਜ਼ਬੂਤ ਫੌਜੀ ਟੁਕੜੀ ਹੈ ਅਤੇ ਭਾਰੀ ਮਾਤਰਾ ਵਿਚ ਹਥਿਆਰ ਅਤੇ ਗੋਲੀ ਸਿੱਕਾ ਵੀ ਹੈ। ਮੁਕਾਬਲੇ ਵਿਚ ਸਿੰਘਾਂ ਦੀ ਗਿਣਤੀ ਥੋੜ੍ਹੀ ਸੀ ਸੋ ਉਹਨਾਂ ਬਿਨਾਂ ਲੜੇ ਹੀ ਵਾਪਸ ਆਉਣ ਵਿਚ ਭਲਾਈ ਸਮਝੀ।

ਬੂੜੀਆ ਦੇ ਫੌਜਦਾਰ ਗੁਰਬਖਸ਼ ਸਿੰਘ ਅਤੇ ਉਸ ਦੇ ਸਾਥੀ ਮੀਹਾਂ ਸਿੰਘ ਵਿਰੁੱਧ ਸ਼ਿਕਾਇਤ ਮਿਲੀ ਕਿ ਉਹਨਾਂ ਬੂੜੀਆ ਦੇ ਕਾਜੀ ਸ਼ਾਹ ਮੁਹੰਮਦ ਦੀ ਕਬਜੇ ਵਿਚ ਲਈ ਧਨ ਦੌਲਤ ਵਿਚੋਂ ਗਬਨ ਕਰ ਲਿਆ ਹੈ। ਇਸ ਦੀ ਪੜਤਾਲ ਲਈ ਬੰਦਾ ਇਸ ਸਮੇਂ ਬੂੜੀਆ ਵਿਚ ਸੀ ਜਦੋਂ ਉਸਨੂੰ ਗੜੀ ਜਲਾਲ ਖਾਨ ਤੋਂ ਸਿਘਾਂ ਦੇ ਡਰ ਕੇ ਵਾਪਸ ਆਉਣ ਦੀ ਸ਼ਰਮਨਾਕ ਖਬਰ ਮਿਲੀ। ਇਸ ਨਾਲ ਉਸਨੂੰ ਬਹੁਤ ਦੁਖ ਹੋਇਆ। ਉਸਨੇ ਪੜਤਾਲ ਨੂੰ ਜਲਦੀ ਜਲਦੀ ਸਮੇਟ ਕੇ ਖੁਦ ਸਹਾਰਨਪੁਰ ਜਾਣ ਦਾ ਫੈਸਲਾ ਕਰ ਲਿਆ। ਇਹ ਸਮਾਂ ਮੱਧ ਜੂਨ 1710 ਦਾ ਸੀ ਅਤੇ ਮੀਂਹ ਪੈਣ ਕਾਰਨ ਜਮਨਾ ਪੂਰੀ ਚੜੀ ਹੋਈ ਸੀ। ਪਰ ਬੰਦਾ ਸਹਾਰਨਪੁਰ ਪਹੁੰਚਣ ਲਈ ਦ੍ਰਿੜ ਸੀ ਅਤੇ ਮੁਸ਼ਕਲਾਂ ਦੇ ਬਾਵਜੂਦ ਉਸਨੇ ਬੂੜੀਆ ਪੱਤਣ ਤੋਂ ਦਰਿਆ ਪਾਰ ਕਰ ਲਿਆ ਅਤੇ ਬਹੁਤ ਜਲਦੀ ਉਹ ਸਹਾਰਨਪੁਰ ਪਹੁੰਚ ਗਿਆ। ਭਾਵਨਾਤਮਕ ਤੌਰ ਤੇ ਉਹ ਪ੍ਰੇਸ਼ਾਨ ਸੀ ਅਤੇ ਉਸਨੇ ਪਹੁੰਚਦੇ ਸਾਰ ਹੀ ਥਾਣੇਦਾਰ ਅਮਰ ਸਿੰਘ ਨੂੰ ਆਪਣੇ ਹਜ਼ੂਰ ਪੇਸ਼ ਹੋਣ ਦਾ ਹੁਕਮ ਚਾੜ ਦਿਤਾ। ਬੰਦੇ ਨੇ ਥਾਣੇਦਾਰ ਦਾ ਡਰ ਕੇ ਗੜੀ ਜਲਾਲ ਤੋਂ ਵਾਪਸ ਆਉਣ ਦਾ ਕਾਰਨ ਪੁਛਿਆ। ਉਸਦਾ ਜਵਾਬ ਸੀ ਕਿ ਉਹਨਾਂ ਦੇ ਮੁਖਬਰ ਲਾਲ ਕੰਵਰ ਗੁਜਰ ਵੱਲੋਂ ਦਿਤੀ ਗੁਪਤ ਜਾਣਕਾਰੀ ਅਧੂਰੀ ਹੋਣ ਕਾਰਨ ਅਤੇ ਸਿੰਘਾਂ ਵੱਲੋਂ ਐਵੇਂ ਆਪਣੀ ਜਾਨ ਜੋਖਮ ਵਿਚ ਪਾਉਣ ਤੇ ਹਿਚਕਚਾਹਟ ਦਿਖਾਉਣ ਕਾਰਨ ਉਸਨੂੰ ਵਾਪਸ ਆਉਣਾ ਪਿਆ। ਪਰ ਬੰਦਾ ਉਸਦੇ ਜਵਾਬ ਤੋਂ ਸੰਤੁਸ਼ਟ ਨਹੀਂ ਹੋਇਆ ਅਤੇ ਆਖਿਆ ਜਾਂਦਾ ਹੈ ਕਿ ਉਸਨੇ ਦੋ ਵੇਰਾਂ ਆਪਣਾ ਨੇਜਾ ਮਾਰਨ ਲਈ ਅਮਰ ਸਿੰਘ ਵੱਲ ਸੇਧਿਆ ਪਰ ਉਸਦੇ ਚੰਗੇ ਭਾਗਾਂ ਨੂੰ ਬੰਦੇ ਨੇ ਆਪਣੇ ਗੁੱਸੇ ਉਤੇ ਕਾਬੂ ਪਾ ਲਿਆ ਅਤੇ ਅਮਰ ਸਿੰਘ ਨੂੰ ਬਖਸ਼ ਦਿਤਾ। ਬੰਦੇ ਨੇ ਬੂੜੀਆ ਦੇ ਜਿਮੀਂਦਾਰ ਜਾਨ ਮੁਹੰਮਦ ਨੂੰ, ਜੋ ਕਿ ਉਸ ਦੇ ਨਾਲ ਹੀ ਆਇਆ ਸੀ ਆਖਿਆ ਕਿ ਉਹ ਵਾਪਸ ਜਾਵੇ ਅਤੇ ਚੁੰਡਲੇ ਦੇ ਜਿਮੀਂਦਾਰ ਸਰਦਾਰ ਖਾਨ ਅਤੇ ਉਸਦੇ ਆਦਮੀਆਂ ਨੂੰ ਨਾਲ ਲੈ ਕੇ ਆਵੇ ਤਾਂ ਜੋ ਜਲਾਲ

ਖਾਨ ਨੂੰ ਸਬਕ ਸਿੱਖਾਇਆ ਜਾ ਸਕੇ। ਇਸੇ ਸਮੇਂ ਦੌਰਾਨ ਬੰਦੇ ਬਹਾਦਰ ਨੇ ਅੰਬੇਹਤਾ ਤੇ ਹੱਲਾ ਕਰਕੇ ਇਸ ਨੂੰ ਲੁੱਟ ਲਿਆ ਤਾਂ ਜੋ ਉਹ ਆਪਣੇ ਖਾਲੀ ਹੋਏ ਖਜਾਨੇ ਨੂੰ ਭਰ ਸਕੇ। ਭਾਵੇਂ ਇਸ ਛੋਟੇ ਜਿਹੇ ਕਸਬੇ ਦੀ ਵੱਸੋਂ ਅਮੀਰ ਪਠਾਣਾਂ ਦੀ ਸੀ ਪਰ ਉਹਨਾਂ ਕੋਈ ਮੁਕਾਬਲਾ ਨਾ ਕੀਤਾ ਅਤੇ ਚੁਪ ਚਾਪ ਈਨ ਮੰਨ ਲਈ।

ਰੇਹੜੂ ਪਿੰਡ ਦੇ ਲਾਗੇ ਸਿੰਘਾਂ ਨਾਲ ਜਹਾਦ ਕਰਨ ਲਈ ਮੁਸਲਮਾਨ ਜਹਾਦੀ ਇਕੱਠੇ ਹੋ ਗਏ ਸਨ। ਇਸ ਸਮੇਂ ਤੱਕ ਸਿੰਘਾਂ ਨੇ ਸਹਾਰਨਪੁਰ ਦੇ ਇਲਾਕੇ ਵਿਚ ਕੁੱਝ ਇਕ ਮੁਸਲਮਾਨ ਪਿੰਡਾਂ ਅਤੇ ਕਸਬਿਆਂ ਉਪਰ ਕਬਜਾ ਕਰ ਲਿਆ ਸੀ। ਇਹਨਾਂ ਜਹਾਦੀਆਂ ਨੇ ਸਿੰਘਾਂ ਨੂੰ ਕਰਾਰੀ ਹਾਰ ਦਿਤੀ। ਜਲਾਲ ਖਾਨ ਅਤੇ ਉਸਦੇ ਪੋਤਰੇ ਗੁਲਾਮ ਮੁਹੰਮਦ ਤੇ ਪੀਰ ਮੁਹੰਮਦ ਅਤੇ ਇਲਾਕੇ ਦੇ ਪਿੰਡਾਂ ਕਸਬਿਆਂ ਦੇ ਮੁਸਲਮਾਨਾਂ ਦੀ ਇਕ ਵੱਡੀ ਗਿਣਤੀ ਹਥਿਆਰਬੰਦ ਹੋ ਕੇ ਸਿੰਘਾਂ ਵਿਰੁੱਧ ਜਹਾਦ ਵਿਚ ਜੂਝਣ ਲਈ ਕਚੀਚੀਆਂ ਵੱਟ ਰਹੀ ਸੀ। ਉਹਨਾਂ ਦਾ ਵਿਸ਼ਵਾਸ ਸੀ ਕਿ ਜਿਹੜਾ ਮੁਸਲਮਾਨ ਲੜਾਈ ਵਿਚ ਮਾਰਿਆ ਗਿਆ ਉਹ ਸ਼ਹੀਦ ਅਖਵਾਏਗਾ ਅਤੇ ਜਿਹੜਾ ਦਸ਼ਮਣ ਨੂੰ ਮਾਰ ਕੇ ਜਿਉਂਦਾ ਬਚ ਗਿਆ ਉਹ ਗਾਜੀ ਅਖਵਾਏਗਾ। ਇਹ ਕੋਈ ਸਧਾਰਣ ਝੜੱਪ ਨਹੀਂ ਸੀ। ਖਤਰਿਆਂ ਦੀ ਪ੍ਰਵਾਹ ਨਾ ਕਰਦੇ ਹੋਏ ਮੁਸਲਮਾਨ ਦ੍ਰਿੜਤਾ ਨਾਲ ਲੜੇ। ਨਤੀਜੇ ਵੱਜੋਂ ਸਿੰਘਾਂ ਨੂੰ ਕੇਵਲ ਹਾਰ ਹੀ ਨਾ ਹੋਈ ਸਗੋਂ ਉਹਨਾਂ ਨੂੰ ਕਾਫੀ ਜਾਨੀ ਨੁਕਸਾਨ ਦੇ ਨਾਲ ਨਾਲ ਗੋਲੀ ਸਿੱਕੇ ਅਤੇ ਦੋ ਤੋਪਾਂ ਦਾ ਵੀ ਨੁਕਸਾਨ ਝੱਲਣਾ ਪਿਆ।

ਨੱਨੋਤੇ ਉਪਰ ਚੜਾਈ ਕਰਨ ਤੋਂ ਪਹਿਲਾਂ ਬੰਦੇ ਨੇ ਗੁਜਰਾਂ ਨਾਲ ਉਹਨਾਂ ਦੀ ਬੋਲੀ ਗੋਜਰੀ ਵਿਚ ਗਲਬਾਤ ਕਰਕੇ ਵੱਡੀ ਗਿਣਤੀ ਵਿਚ ਉਹਨਾਂ ਨੂੰ ਆਪਣੇ ਨਾਲ ਜੋੜਨ ਵਿਚ ਕਾਮਯਾਬੀ ਪਾ ਲਈ। ਬੰਦੇ ਦੀ ਦਲੀਲ ਸੀ ਕਿ ਜੇਕਰ ਗੁਜਰ ਉਸਦਾ ਸਾਥ ਦੇਣ ਤਾਂ ਹੰਕਾਰੀ ਅਤੇ ਜਾਲਮ ਮੁਗਲ ਚੌਧਰੀਆਂ ਨੂੰ ਸਬਕ ਸਿੱਖਾਇਆ ਜਾ ਸਕਦਾ ਹੈ। ਡਾ. ਗੰਡਾ ਸਿੰਘ ਲਿਖਦਾ ਹੈ ਕਿ ਗੁਜਰ ਜਿਹੜੇ ਕਿ ਲੁੱਟ ਮਾਰ ਵਿਚ ਮੁਹਾਰਤ ਰੱਖਦੇ ਸਨ, ਤਹਿ ਦਿਲੋਂ ਬੰਦੇ ਨਾਲ ਜੁੜ ਗਏ ਅਤੇ ਉਹਨਾਂ ਆਪਣੇ ਆਪਨੂੰ ਨਾਨਕ ਪੰਥੀ ਵੀ ਐਲਾਨ ਦਿਤਾ ਤਾਂ ਜੋ ਉਹਨਾਂ ਅਤੇ ਸਿੱਖਾਂ ਦਰਮਿਆਨ ਕੋਈ ਭੇਦ ਨਾ ਰਹੇ। ਦੂਸਰੇ ਬੰਨੇ ਨੱਨੋਤੇ ਦੇ ਸ਼ੇਖ ਵੀ ਦਲੇਰ ਅਤੇ ਬਹਾਦਰ ਲੜਾਕੇ ਸਨ ਅਤੇ ਤੀਰ ਅੰਦਾਜੀ ਵਿਚ ਬਹੁਤ ਮਾਹਿਰ ਸਨ। ਉਹ ਸਿੰਘਾਂ ਦੀ ਚਣੌਤੀ ਕਬੂਲ ਕਰਦੇ ਹੋਏ ਮੁਕਾਬਲੇ ਲਈ ਨਿੱਤਰ ਪਏ। ਉਹਨਾਂ ਆਪਣੀ ਤੀਰ ਅੰਦਾਜੀ ਦੀ ਮੁਹਾਰਤ ਨਾਲ ਸਿੰਘਾਂ ਦਾ ਬਹੁਤ ਨੁਕਸਾਨ ਕੀਤਾ। ਇਸ ਨਾਲ ਸਿੰਘਾਂ ਨੂੰ ਹੋਰ ਵੀ ਰੋਹ ਚੜ ਗਿਆ ਅਤੇ ਲੜਾਈ ਹੋਰ ਵੀ ਤੇਜ ਹੋ ਗਈ ਅਤੇ ਨਿਰਦਈ ਰੂਪ ਧਾਰ ਗਈ। ਲੜਾਈ ਗਲੀਆਂ, ਬਜ਼ਾਰਾਂ, ਮਕਾਨਾਂ ਅਤੇ ਹਵੇਲੀਆਂ ਤੱਕ ਪਹੁੰਚ ਗਈ। ਆਰ.ਸੀ. ਵਿਲੀਅਮਜ ਮੁਹੰਮਦ ਜਫਰੁੱਦੀਨ ਦੇ ਰੋਜ਼ਨਾਮਚੇ 'ਚ ਕੀਤੇ ਇੰਦਰਾਜਾਂ ਅਨੁਸਾਰ ਦੱਸਦਾ ਹੈ ਕਿ ਇਕੱਲੀ ਮੁਹੰਮਦ ਅਫਜਲ ਖਾਨ ਦੀ ਹਵੇਲੀ ਵਿਚ ਹੀ ਤਿੰਨ ਸੌ ਸ਼ੇਖ ਜ਼ਾਦੇ ਮਾਰੇ ਗਏ। ਕੁਝ ਹੀ ਸਮੇਂ ਵਿਚ ਨੱਨੋਤੇ ਦਾ ਖੁਸ਼ਹਾਲ ਕਸਬਾ ਮੱਲਬੇ ਅਤੇ ਧੁੱਖਦੇ ਕੋਲਿਆਂ ਦਾ ਢੇਰ ਬਣ ਗਿਆ। 11 ਜੁਲਾਈ 1710 ਦਾ ਦੁਖਾਂ ਭਰਿਆ ਅਭਾਗਾ ਦਿਨ ਹਾਲੇ ਵੀ ਨਗਰ ਵਾਸੀਆਂ ਦੀ ਯਾਦ ਵਿਚ ਤਾਜਾ ਹੈ ਅਤੇ ਇਸੇ ਕਾਰਣ ਇਸ ਨਗਰ ਦਾ ਨਾਂ ਬਦਲਕੇ ਫੂਟਾ ਸ਼ਹਿਰ ਪੈ ਗਿਆ।

ਪ੍ਰਾਪਤ ਜਾਣਕਾਰੀ ਤੋਂ ਇੰਝ ਲਗਦਾ ਹੈ ਕਿ ਨੱਨੋਤੇ ਦੀ ਲੜਾਈ ਉਪਰੰਤ ਬੰਦਾ ਸਹਾਰਨਪੁਰ ਵਾਪਸ ਆ ਗਿਆ ਅਤੇ ਫਿਰ ਉਥੋਂ ਲੋਹਗੜ ਚਲਿਆ ਗਿਆ। ਪਰ ਸਿੰਘਾਂ ਨੇ

ਜਮਨਾ ਪਾਰ ਦੀਆਂ ਆਪਣੀਆਂ ਕਾਰਵਾਈਆਂ ਜਾਰੀ ਰੱਖੀਆਂ ਅਤੇ ਜਲਾਲ ਖਾਨ ਦੀ ਗੜ੍ਹੀ (ਕਿਲ੍ਹੇ) ਨੂੰ ਘੇਰਾ ਪਾ ਲਿਆ ਤਾਂ ਜੋ ਉਹ ਇਥੋਂ ਪਿਛੇ ਹਟਣ ਦਾ ਕਲੰਕ ਧੋ ਸਕਣ। ਮੁਗਲ ਦਰਬਾਰ ਵਿਚ ਪਹੁੰਚੀਆਂ ਗੁਪਤ ਸੂਚਨਾਵਾਂ ਇਸ਼ਾਰਾ ਕਰਦੀਆਂ ਹਨ ਕਿ ਅਫਵਾਹ ਹੈ ਕਿ ਬੰਦਾ ਬਹਾਦਰ ਨੇ ਘੋੜ ਚੜ੍ਹਿਆਂ ਅਤੇ ਪੈਦਲ ਸੈਨਿਕਾਂ ਦਾ ਕਰੀਬ ਤੀਹ ਹਜ਼ਾਰ ਦਾ ਇਕੱਠ ਕਰ ਜਲਾਲ ਖਾਨ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ ਹੈ। 23 ਜੁਲਾਈ 1710 ਦੀ ਖਬਰ ਇਸ ਵਿਸ਼ੇਸ਼ ਘਟਨਾ ਬਾਰੇ ਲਿਖੀ ਗਈ ਹੈ ਅਤੇ ਉਸ ਅਨੁਸਾਰ ਦੋਹਾਂ ਫੌਜਾਂ ਦਰਮਿਆਨ ਹੋਈ ਲੜਾਈ ਵਿਚ ਜਲਾਲ ਖਾਨ ਦਾ ਪੁੱਤਰ, ਕੁਝ ਰਿਸ਼ਤੇਦਾਰ ਅਤੇ ਮਿੱਤਰ ਮਾਰੇ ਗਏ ਹਨ ਪਰ ਅਫਵਾਹ ਹੈ ਕਿ ਉਹ ਆਪ ਕਿਲ੍ਹੇ ਅੰਦਰ ਸੁਰੱਖਿਅਤ ਹੈ। ਪਰ ਬਾਅਦ ਦੀਆਂ ਰਿਪੋਰਟਾਂ ਅਨੁਸਾਰ ਜਲਾਲ ਖਾਨ ਉਥੋਂ ਬੱਚ ਨਿਕਲਣ ਵਿਚ ਕਾਮਯਾਬ ਹੋ ਗਿਆ ਸੀ।

ਬੰਦਾ ਬਹਾਦਰ ਕਾਹਲੀ ਵਿਚ ਸਹਾਰਨਪੁਰੋਂ ਨਿਕਲ ਗਿਆ ਸੀ। ਸੰਭਾਵਨਾ ਹੈ ਕਿ ਉਸਨੂੰ ਖਬਰ ਮਿਲ ਗਈ ਸੀ ਕਿ ਮੁਗਲ ਫੌਜ ਸਰਹਿੰਦ ਅਤੇ ਸੌਂਰੇ ਉਤੇ ਭੱਰਵਾਂ ਹਮਲਾ ਕਰਨ ਦੀ ਤਿਆਰੀ ਕਰ ਰਹੀ ਹੈ। ਸਿੰਘਾਂ ਦੇ ਇਹਨਾਂ ਇਲਾਕਿਆਂ ਨੂੰ ਖਾਲੀ ਕਰਨ ਦੀ ਹਾਲਤ ਵਿਚ ਉਹ ਲੋਹਗੜ੍ਹ ਦੇ ਕਿਲ੍ਹੇ ਵਿਚ ਜਰੂਰਤ ਅਨੁਸਾਰ ਦਾਣਾ ਪੱਠਾ ਅਤੇ ਹੋਰ ਸਮਾਨ ਇਕੱਠਾ ਕਰ ਲੈਣਾ ਚਾਹੁੰਦਾ ਸੀ। ਉਸਨੇ ਸਰਹਿੰਦ ਦੇ ਗਵਰਨਰ ਭਾਈ ਬਾਜ ਸਿੰਘ ਨੂੰ ਵੀ ਇਸ ਸਬੰਧੀ ਸੁਚੇਤ ਕਰ ਆਖ ਦਿਤਾ ਸੀ ਕਿ ਉਹ ਦੁਆਬੇ ਵਿਚਲੇ ਮੁਗਲ ਠਿਕਾਣਿਆਂ ਤੇ ਹਮਲਾ ਰੋਕ ਕੇ ਆਪਣੇ ਹੈਡਕੁਆਰਟਰ ਤੇ ਵਾਪਸ ਪਹੁੰਚ ਜਾਵੇ ਤਾਂ ਜੋ ਮੁਗਲਾਂ ਵੱਲੋਂ ਹੋਣ ਵਾਲੇ ਨਿਸ਼ਚਿਤ ਹਮਲੇ ਦਾ ਸਾਹਮਣਾ ਕੀਤਾ ਜਾ ਸਕੇ।

ਬੰਦਾ ਇਕ ਮਹਾਨ ਯੋਧਾ ਅਤੇ ਨਿਪੁੰਨ ਯੁਧ-ਨੀਤੀ ਘਾੜਾ ਸੀ ਪਰ ਇਕ ਸਲਤਨਤ ਕਾਇਮ ਕਰਨ ਲਈ ਲੋੜੀਂਦੀ ਦੂਰ ਅੰਦੇਸ਼ੀ, ਦ੍ਰਿਸ਼ਟੀਕੋਣ, ਸੂਖਮ ਦ੍ਰਿਸ਼ਟੀ ਅਤੇ ਸਿਆਣਪ ਉਸ ਕੋਲ ਨਹੀਂ ਸੀ। ਉਸ ਨੂੰ ਲੜਾਈ ਜਿੱਤਣੀ ਤਾਂ ਆਉਂਦੀ ਸੀ ਪਰ ਜਿਤੇ ਹੋਏ ਇਲਾਕਿਆਂ ਦਾ ਕੀ ਕੀਤਾ ਜਾਵੇ ਇਸ ਦੀ ਸਮਝ ਉਸ ਕੋਲ ਨਹੀਂ ਸੀ। ਸ਼ਾਇਦ ਇਸਦਾ ਇਕ ਕਾਰਨ ਉਸ ਦੀ ਅਧੂਰੀ ਸਿੱਖਲਾਈ ਸੀ। ਮੋਰੋਪੰਤ ਪੇਸ਼ਵਾ ਨਾਲ ਰਹਿ ਕੇ ਉਹ ਰਣਨੀਤੀ ਘੜਨ ਚ ਤਾਂ ਮਾਹਰ ਹੋ ਗਿਆ ਪਰ ਆਪਣੇ ਉਸਤਾਦ ਤੋਂ ਉਹ ਰਾਜ ਪ੍ਰਬੰਧ ਦੀ ਕਲਾ ਨਾ ਸਿੱਖ ਸਕਿਆ।

ਸਹਾਰਨਪੁਰ ਤੇ ਇਸ ਦੇ ਆਲੇ ਦੁਆਲੇ ਦੇ ਕੁਝ ਪਿੰਡਾਂ ਅਤੇ ਕਸਬਿਆਂ ਨੂੰ ਲੁਟ ਪੁਟ ਕੇ ਤਬਾਹ ਕਰਨ ਉਪਰੰਤ ਜਮਨਾ ਪਾਰ ਦੇ ਇਹਨਾਂ ਇਲਾਕਿਆਂ ਦਾ ਕੋਈ ਪ੍ਰਭਾਵਸ਼ਾਲੀ ਪ੍ਰਬੰਧ ਕਰਨ ਤੋਂ ਬਿਨਾਂ ਹੀ ਬੰਦਾ ਬਹਾਦਰ ਬੂੜੀਆ ਨੂੰ ਚਲਾ ਗਿਆ। ਇੰਝ ਲਗਦਾ ਹੈ ਕਿ ਮਹਿਮੂਦ ਗਜ਼ਨਵੀ ਵਾਂਗ ਉਸ ਦਾ ਝੁਕਾਅ ਵੀ ਅਮੀਰ ਸ਼ਹਿਰਾਂ ਅਤੇ ਕਸਬਿਆਂ ਨੂੰ ਲੁੱਟਣ ਵੱਲ ਹੀ ਸੀ। ਬਹਰਹਾਲ ਜਮਨਾ ਤੋਂ ਚੜ੍ਹਦੇ ਪਾਸੇ ਦੀਆਂ ਉਸਦੀਆਂ ਕਾਰਵਾਈਆਂ ਨੇ ਮੁਗਲ ਹਕੂਮਤ ਨੂੰ ਖਬਰਦਾਰ ਕਰ ਦਿਤਾ ਕਿ ਉਹ ਆਪਣੀ ਸੁਸਤੀ ਛੱਡ ਕਾਹਲੀ ਕਾਹਲੀ ਵੱਡੀ ਫੌਜ ਇਕਠੀ ਕਰਕੇ ਇਸ ਵਿਦਰੋਹ ਨੂੰ ਕੁਚਲ ਦੇਵੇ। ਹਾਲਾਤ ਦੀ ਨਾਜੁਕਤਾ ਦਾ ਪਤਾ ਇਸ ਗੱਲੋਂ ਵੀ ਲਗਦਾ ਹੈ ਕਿ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੂੰ, ਜੋ ਕਿ ਉਸ ਸਮੇ ਅਜਮੇਰ ਵਿਚ ਸੀ, ਬੇਨਤੀ ਕੀਤੀ ਗਈ ਕਿ ਉਹ ਰਾਜਪੂਤਾਨੇ ਦੀ ਆਪਣੀ ਮੁਹਿੰਮ ਨੂੰ ਵਿਚਕਾਰ ਹੀ ਛੱਡ ਜਲਦੀ ਦਿੱਲੀ ਪਹੁੰਚੇ।

ਲੋਹਗੜ੍ਹ ਦੀ ਹਾਰ

ਸਮਾਣਾ ਸਢੌਰਾ ਬਹਿਅਤ ਆਦਿ ਕਸਬਿਆਂ ਦੇ ਸੱਯਦਾਂ ਅਤੇ ਪੀਰਜ਼ਾਦਿਆਂ ਨੇ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨਾਲ ਅਜਮੇਰ ਵਿਖੇ ਮੁਲਾਕਾਤ ਕਰਕੇ ਉਹਨਾਂ ਉਪਰ ਬੰਦਾ ਅਤੇ ਉਸਦੇ ਪੈਰੋਕਾਰਾਂ ਵੱਲੋਂ ਕੀਤੇ ਦਿਲ ਕੰਬਾਊ ਅਤਿਆਚਾਰਾਂ ਦਾ ਵਰਨਣ ਕੀਤਾ। ਉਹਨਾਂ ਉਸ ਰਾਖਸ਼ਸ਼ ਤੋਂ ਜਿਸ ਨੂੰ ਬੰਦਾ ਕਹਿੰਦੇ ਸਨ ਨਿਜਾਤ ਪਾਉਣ ਹਿੱਤ ਬਾਦਸ਼ਾਹ ਦੀ ਮੱਦਦ ਅਤੇ ਦਖਲ ਅੰਦਾਜ਼ੀ ਦੀ ਅਰਜ਼ ਗੁਜਾਰੀ। ਡਾ. ਗੰਡਾ ਸਿੰਘ ਲਿਖਦਾ ਹੈ "ਬਾਦਸ਼ਾਹ ਬਹਾਦਰ ਸ਼ਾਹ ਇਸ ਵਕਤ ਆਪਣੇ ਭਰਾ ਕਾਮ ਬਖਸ਼ ਦੇ ਵਿਰੁੱਧ ਦੱਖਣ ਦੀ ਮੁਹਿੰਮ ਮੁਕਾ ਕੇ ਰਾਜਪੁਤਾਨੇ ਨੂੰ ਇਸ ਲਈ ਆਇਆ ਸੀ ਕਿ ਇਥੇ ਦੇ ਅੜੀਅਲ ਰਾਜਾ ਜੈ ਸਿੰਘ ਕਛਵਾਹਾ ਅਤੇ ਜਸਵੰਤ ਸਿੰਘ ਰਾਠੌਰ ਦੇ ਪੁਤਰ ਰਾਜਾ ਅਜੀਤ ਸਿੰਘ ਨੂੰ ਸੋਧਦਾ ਜਾਵੇ। ਪਰ ਪੰਜਾਬ ਦੀਆਂ ਭਿਆਨਕ ਖਬਰਾਂ ਅਤੇ ਖਾਸ ਕਰ ਸਰਹਿੰਦ ਉਤੇ ਬੰਦਾ ਸਿੰਘ ਦੇ ਕਬਜ਼ੇ ਨੇ ਬਾਦਸ਼ਾਹ ਦੀ ਸਲਾਹ ਬਦਲ ਦਿਤੀ। ਦਿੱਲੀ ਤੋਂ ਆਸਫ-ਦੌਲਾ ਅਸਦ ਖਾਨ ਦੀਆਂ ਅਰਜ਼ੀਆਂ ਅਤੇ ਦੀਵਾਨ ਤਾਜ ਦੀਨ, ਦੀਵਾਨ ਹਾਫਿਜ਼ ਖਾਨ, ਹਸਨ ਰਜ਼ਾ ਕੋਤਵਾਲ, ਬਖਸ਼ੀ ਫਖਰੁਦੀਨ, ਮੁਹੰਮਦ ਤਾਹਿਰ ਅਤੇ ਕਾਜ਼ੀ ਦਰਵੇਸ਼ ਮੁਹੰਮਦ ਦੀਆਂ ਲਿਖਤਾਂ ਅਤੇ ਖਬਰਾਂ ਨੇ ਬਾਦਸ਼ਾਹ ਦਾ ਧਿਆਨ ਜਿਆਦਾ ਪੰਜਾਬ ਵੱਲ ਮੋੜ ਦਿਤਾ। ਇਹਨਾਂ ਦਿਨਾਂ ਵਿਚ ਹੀ ਸਰਹਿੰਦ ਅਤੇ ਥਾਨੇਸਰ ਦੇ ਕੁਝ ਸਿਰਕੱਢ ਬੰਦਿਆਂ ਅਤੇ ਸਮਾਣੇ ਅਤੇ ਸਢੌਰੇ ਦੇ ਪੀਰਜ਼ਾਦਿਆਂ ਨੇ 11-12 ਜੂਨ 1710 ਨੂੰ ਅਜਮੇਰ ਵਿਚ ਬਾਦਸ਼ਾਹ ਪਾਸ ਆ ਫਰਿਆਦ ਕੀਤੀ।" ਇਸਦਾ ਬਾਦਸ਼ਾਹ ਤੇ ਬਹੁਤ ਪ੍ਰਭਾਵ ਪਿਆ। ਉਸਨੇ ਵਜ਼ੀਰ ਮੁਨੀਅਮ ਖਾਨ, ਦਿਵਾਨਾਂ ਅਤੇ ਦੂਸਰੇ ਦਰਬਾਰੀਆਂ ਦੀਆਂ ਬੇਨਤੀਆਂ ਦੇ ਬਾਵਜੂਦ ਦਿੱਲੀ ਨਾ ਜਾ ਕੇ ਸਿੱਧਾ ਸਢੌਰੇ ਅਤੇ ਲੋਹਗੜ੍ਹ ਜਾਣ ਦਾ ਫੈਸਲਾ ਕੀਤਾ। ਪੀਰਜ਼ਾਦਿਆਂ ਅਤੇ ਸਰਹਿੰਦ ਦੇ ਸਿਰ ਕੱਢ ਬੰਦਿਆਂ ਪ੍ਰਤੀ, ਜਿਹਨਾਂ ਕਿ ਬੰਦੇ ਅਤੇ ਉਸਦੇ ਸਿੰਘਾਂ ਹੱਥੋਂ ਬਹੁਤ ਕਸ਼ਟ ਝੱਲੇ ਸਨ, ਬਾਦਸ਼ਾਹ ਦੀ ਚਿੰਤਾ ਦਰਸਾਉਣ ਹਿੱਤ ਅਕਸਰ ਇਹ ਕਹਾਣੀ ਸੁਣਾਈ ਜਾਂਦੀ ਹੈ। ਇਸ ਕਹਾਣੀ ਅਨੁਸਾਰ ਵਜ਼ੀਰਾਂ ਅਤੇ ਦਿਵਾਨਾਂ ਨੇ ਬਾਦਸ਼ਾਹ ਨੂੰ ਸਢੌਰਾ ਅਤੇ ਲੋਹਗੜ੍ਹ ਦੀ ਮੁਹਿੰਮ ਨਿਜੀ ਅਗਵਾਈ ਵਿਚ ਚਲਾਉਣ ਤੋਂ ਰੋਕਣ ਲਈ ਮਨਾਉਣ ਵਾਸਤੇ ਭਰੋਸਾ ਦਿਤਾ ਕਿ ਉਹ ਅਸਾਨੀ ਨਾਲ ਹੀ ਬੰਦੇ ਨੂੰ ਜਿੰਦਾ ਜਾਂ ਮੁਰਦਾ ਕਾਬੂ ਕਰਕੇ ਬਾਦਸ਼ਾਹ ਦੇ ਹਜ਼ੂਰ ਦਿੱਲੀ ਵਿਚ ਪੇਸ਼ ਕਰਨਗੇ। ਪਰ ਭੋਲੇ ਭਾਲੇ ਅਤੇ ਬੇਕਸੂਰ ਲੋਕਾਂ ਨੇ ਜੋ ਵਹਿਸ਼ੀ ਅਤਿਆਚਾਰ ਝੱਲੇ ਸਨ ਉਹਨਾਂ ਬਾਰੇ ਜਾਣਕਾਰੀ ਮਿਲਣ ਤੇ ਬਾਦਸ਼ਾਹ ਇੰਨਾ ਜਿਆਦਾ ਦੁਖੀ ਸੀ ਕਿ ਉਸਨੇ ਇਹਨਾਂ ਬੇਨਤੀਆਂ ਅਤੇ ਸਲਾਹਾਂ ਨੂੰ ਮੰਨਣ ਤੋਂ ਇੰਨਕਾਰ ਕਰ ਦਿਤਾ। ਬਾਦਸ਼ਾਹ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਨੂੰ ਇੱਕ ਦਰਵੇਸ਼ ਫਕੀਰ ਮੰਨਦਾ ਸੀ ਅਤੇ ਉਹਨਾਂ ਪ੍ਰਤੀ ਨਰਮ ਦਿਲ ਵੀ ਸੀ ਪਰ ਉਹ ਇਸ ਵਿਦਰੋਹੀ ਅੱਖੜ ਰਾਖਸ਼ਸ਼ ਨੂੰ ਕਿਸੇ ਤਰਾਂ ਵੀ ਬਰਦਾਸ਼ਤ ਨਹੀਂ ਕਰ ਸਕਦਾ ਸੀ। ਇਹ

ਇਰਾਦਤ ਖਾਨ ਵੱਲੋਂ ਘੜੀ ਗਈ ਝੂਠੀ ਕਹਾਣੀ ਵੀ ਹੋ ਸਕਦੀ ਹੈ ਪਰ ਇਸ ਤੋਂ ਬਾਦਸ਼ਾਹ ਦੀ ਆਪਣੀ ਜਨਤਾ ਪ੍ਰਤੀ ਸੱਚੀ ਹਮਦਰਦੀ ਦਾ ਵੀ ਪਤਾ ਲਗਦਾ ਹੈ।

ਸਢੋਰਾ ਅਤੇ ਲੋਹਗੜ ਉਪਰ ਚੜਾਈ ਲਈ ਜਿਸ ਤਰਾਂ ਬਾਦਸ਼ਾਹ ਦੇ ਆਪਣੀਆਂ ਫੌਜਾਂ ਇੱਕਤਰ ਕੀਤੀਆਂ ਉਸ ਤੋਂ ਪਤਾ ਲਗਦਾ ਹੈ ਕਿ ਉਸਨੇ ਆਪਣੇ ਵਿਰੋਧੀ ਨੂੰ ਕਿੰਨੀ ਗੰਭੀਰਤਾ ਨਾਲ ਲਿਆ ਸੀ। ਉਸਨੂੰ ਪਤਾ ਸੀ ਕਿ ਇਹ ਨਿਠ ਕੇ ਲੜਨ ਵਾਲੀ ਲੰਬੀ ਲੜਾਈ ਹੋਵੇਗੀ ਅਤੇ ਕੋਈ ਸੌਖਾ ਕੰਮ ਨਹੀ ਹੈ। ਇਸ ਲਈ ਬਾਦਸ਼ਾਹ ਨੇ ਨਿਜਾਮੁਲ ਮੁਲਕ ਆਸਿਫੁਲ ਦੋਲਾ ਅੱਸਦ ਖਾਨ ਨੂੰ ਹੁਕਮ ਕੀਤਾ ਕਿ ਉਹ ਆਪਣੀਆਂ ਫੌਜਾਂ ਨੂੰ ਸ਼ਸ਼ਤ੍ਰਬੱਧ ਕਰਕੇ ਲੜਾਈ ਲਈ ਤਿਆਰ ਰੱਖੇ। ਅਵਧ ਦੇ ਸੂਬੇਦਾਰ ਖਾਨ ਦੌਰਾਨ, ਮੋਰਾਦਾਬਾਦ ਦੇ ਫੌਜਦਾਰ ਮੁਹੰਮਦ ਅਮੀਨ ਖਾਨ ਚੀਨ ਬਹਾਦਰ, ਅਲਾਹਾਬਾਦ ਦੇ ਨਿਜਾਮ ਖਾਨ ਜਾਨ ਮੁਹੰਮਦ ਅਤੇ ਸੱਯਦ ਅਬਦੁਲਾ ਖਾਨ ਬਾਰਾ ਨੂੰ ਹੁਕਮ ਹੋਇਆ ਕਿ ਉਹ ਨਿਜਾਮੁਲ ਮੁਲਕ ਨਾਲ ਸਹਿਯੋਗ ਕਰਨ ਅਤੇ ਜੇਕਰ ਬੰਦਾ ਗੜਵਾਲ ਕਮਾਂਊਂ ਦੀਆਂ ਪਹਾੜੀਆਂ ਵਿਚੋਂ ਦੀ ਬੱਚ ਕੇ ਨਿਕਲ ਜਾਵੇ ਅਤੇ ਉਹਨਾਂ ਦੇ ਇਲਾਕੇ ਵਿਚ ਜਾ ਛੁਪੇ ਤਾਂ ਉਸਨੂੰ ਗ੍ਰਿਫਤਾਰ ਕੀਤਾ ਜਾਵੇ। ਬਾਦਸ਼ਾਹ ਨੇ ਅੰਦਾਜਾ ਲਾਇਆ ਕਿ ਜਦੋਂ ਬੰਦਾ ਬਹਾਦਰ ਤੇ ਜੋਰ ਵਧਿਆ ਤਾਂ ਉਹ ਜਾਂ ਤਾਂ ਗੜਵਾਲ ਕਮਾਂਊਂ ਦੀਆਂ ਪਹਾੜੀਆਂ ਰਾਹੀ ਜਾਂ ਫਿਰ ਪਹਾੜੀ ਹਿੰਦੂ ਰਾਜਪੂਤ ਰਾਜਾਂ ਸਿਰਮੋਰ, ਨਾਲਾਗੜ, ਕਹਿਲੂਰ ਆਦਿ ਰਾਹੀ ਬੱਚ ਨਿਕਲਣ ਦੀ ਕੋਸ਼ਿਸ਼ ਕਰੇਗਾ। ਇਸੇ ਕਾਰਨ ਬਾਦਸ਼ਾਹ ਨੇ ਸ਼੍ਰੀਨਗਰ (ਗੜਵਾਲ) ਅਤੇ ਸਿਰਮੋਰ (ਨਾਹਨ) ਦੇ ਰਾਜਿਆਂ ਨੂੰ ਉਹਨਾਂ ਦੇ ਰਾਜਾਂ ਵਿਚ ਰਹਿੰਦੇ ਨਾਨਕ ਪੂਜਾ ਦੀਆਂ ਹਰਕਤਾਂ ਤੇ ਕਰੜੀ ਨਿਗਾਹ ਰੱਖਣ ਲਈ ਆਖਿਆ ਅਤੇ ਉਹਨਾਂ ਦੇ ਲੀਡਰ ਬੰਦਾ ਬਹਾਦਰ ਨੂੰ, ਜੇਕਰ ਉਹ ਉਹਨਾਂ ਦੇ ਇਲਾਕੇ ਵਿਚੋਂ ਗੁਜਰੇ, ਗ੍ਰਿਫਤਾਰ ਕਰਨ ਦਾ ਵੀ ਹੁਕਮ ਕੀਤਾ। ਅੱਬੂ ਮੁਹੰਮਦ ਅਤੇ ਬ੍ਰਿਜ ਰਾਜ ਬ੍ਰਾਹਮਣ ਰਾਹੀਂ ਕਮਾਂਊਂ ਦੇ ਰਾਜੇ ਨੂੰ ਖਿੱਲਤ ਭੇਜ ਕੇ ਉਸਦਾ ਸਹਿਯੋਗ ਮੰਗਿਆ ਗਿਆ ਸੀ। ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਨਾਨਕ ਪੂਜ ਸ਼ਾਹੀ ਕੈਂਪ ਵਿਚ ਦਾਖਲ ਹੋ ਕੇ ਗੁਪਤ ਫੌਜੀ ਜਾਣਕਾਰੀ ਪ੍ਰਾਪਤ ਨਾ ਕਰ ਸਕਣ/ ਕੈਂਪ ਦੇ ਸਾਰੇ ਗੈਰ-ਮੁਸਲਮਾਨ ਮੁਲਾਜਮਾਂ ਨੂੰ ਹੁਕਮ ਹੋਇਆ ਕਿ ਉਹ ਆਪਣੀਆਂ ਦਾਹੜੀਆਂ ਮੁੰਨਵਾ ਦੇਣ।

ਦਿੱਲੀ ਅਤੇ ਹਰਿਆਣੇ ਦੇ ਹਿੰਦੂ ਜਾਟਾਂ ਦੇ ਨੇਤਾ ਚੂੜਾਮਣੀ ਜੱਟ, ਨਵਾਬ ਪਟੋਦੀ ਸੱਯਦ ਸੈਫ ਉਲ ਦੀਨ, ਫਿਰੋਜ਼ਖਾਨ ਮੇਵਾਤੀ ਰੁਸਤਮ ਦਿਲ ਖਾਨ ਦੇ ਭਤੀਜੇ ਸੁਲਤਾਨ ਕੁਲੀ ਖਾਨ ਅਤੇ ਸ਼ਾਕਿਰ ਖਾਨ ਨੂੰ ਵੀ ਇਸ ਸ਼ਾਹੀ ਯੁਧ ਵਿਚ ਸ਼ਾਮਲ ਕਰ ਲਿਆ ਗਿਆ। ਡਾ. ਸੁਖਦਿਆਲ ਸਿੰਘ ਲਿਖਦਾ ਹੈ "ਬਾਦਸ਼ਾਹ ਨੇ ਇਥੇ ਹੀ ਬੱਸ ਨਹੀਂ ਕੀਤੀ, ਉਸਨੇ ਦਿੱਲੀ ਵਿਖੇ ਰਹਿ ਰਹੀ ਮਾਤਾ ਸੁੰਦਰੀ ਜੀ ਦੇ ਮੁੱਤਬੰਨੇ ਪੁਤਰ ਅਜੀਤ ਸਿੰਘ ਨੂੰ ਵੀ ਆਪਣੇ ਨਾਲ ਮਿਲਾ ਲਿਆ ਸੀ। ਇਹ ਅਜੀਤ ਸਿੰਘ ਕਹਿਣ ਨੂੰ ਤਾਂ ਭਾਵੇਂ ਮਾਤਾ ਸੁੰਦਰੀ ਜੀ ਦਾ ਮੁਤਬੰਨਾ ਪੁੱਤਰ ਦਰਸਾਇਆ ਜਾਂਦਾ ਸੀ ਪਰ ਇਸਦਾ ਨਾ ਹੀ ਖਾਲਸੇ ਦੇ ਸੰਘਰਸ਼ ਨਾਲ ਕੋਈ ਸੰਬੰਧ ਸੀ ਅਤੇ ਨਾ ਹੀ ਸਿੱਖ ਧਰਮ ਦੇ ਪ੍ਰਚਾਰ ਨਾਲ। ਇਸਨੂੰ ਲੋੜ ਪੈਣ ਤੇ ਬਾਦਸ਼ਾਹ ਆਪਣੀ ਹਿਰਾਸਤ ਵਿਚ ਲੈ ਲੈਂਦਾ ਸੀ ਅਤੇ ਇਉਂ ਇਸਨੂੰ ਹਕੂਮਤ ਦੀ ਮੱਦਦ ਲਈ ਵਰਤਿਆ ਜਾਂਦਾ ਸੀ।" ਬੰਦੇ ਬਹਾਦਰ ਦੀ ਤਾਕਤ ਨੂੰ ਘਟਾਉਣ ਹਿੱਤ ਬਾਦਸ਼ਾਹ ਨੇ ਸ਼੍ਰੀ ਦਰਬਾਰ ਸਾਹਿਬ ਅਤੇ ਸ਼੍ਰੀ ਅਕਾਲ ਤਖਤ ਦਾ ਪ੍ਰਬੰਧ ਮੀਣੇ ਸਿੱਖਾਂ ਤੋਂ ਖੋਹ ਕੇ ਇਸਨੂੰ ਦੇ

ਦਿਤਾ ਸੀ। ਡਾ. ਸੁਖਦਿਆਲ ਸਿੰਘ ਅੱਗੇ ਲਿਖਦਾ ਹੈ ਕਿ ਅਖਬਾਰ-ਏ-ਦਰਬਾਰ-ਏ-ਮੁਅੱਲਾ ਦੀਆਂ ਖਬਰਾਂ ਅਨੁਸਾਰ ਰਾਜਾ ਚਤੁਰਸਾਲ ਬੁੰਦੇਲੇ ਨੇ 26 ਸਤੰਬਰ 1710 ਨੂੰ ਅਜੀਤ ਸਿੰਘ ਨੂੰ ਬਾਦਸ਼ਾਹ ਦੇ ਸਨਮੁਖ ਪੇਸ਼ ਕੀਤਾ ਸੀ।

ਇੱਕ ਵੱਡੀ ਫੌਜ ਦੀ ਅਗਵਾਈ ਕਰਦਾ ਹੋਇਆ ਬਾਦਸ਼ਾਹ ਖੁਦ ਦਿੱਲੀ ਨੂੰ ਬਿਨਾਂ ਛੂਹਿਆਂ ਸਿੱਧਾ ਸਢੌਰੇ ਵੱਲ ਨੂੰ ਵਧ ਗਿਆ। ਇਸ ਤਰਾਂ ਕਰਕੇ ਬਾਦਸ਼ਾਹ ਸੰਭਵਤਾ ਆਪਣੇ ਪਿਤਾ ਔਰੰਗਜ਼ੇਬ ਦੇ ਪੱਦ ਚਿੰਨ੍ਹਾਂ ਤੇ ਚੱਲਣ ਦੀ ਕੋਸ਼ਿਸ਼ ਕਰ ਰਿਹਾ ਸੀ ਜਿਸ ਨੇ ਦੱਖਣ ਦੇ ਬਗਾਵਤੀ ਹਿੰਦੂ ਰਾਜਿਆਂ ਅਤੇ ਕਾਫਰਾਂ ਵਿਰੁੱਧ ਆਪਣੀ ਫੌਜ ਦੀ ਖੁਦ ਅਗਵਾਈ ਕੀਤੀ ਸੀ। ਬਾਦਸ਼ਾਹ ਦੇ ਸੋਨੀਪਤ ਪਹੁੰਚਣ ਤੋਂ ਵੀ ਪਹਿਲਾਂ ਫਿਰੋਜ਼ਖਾਨ ਮੇਵਾਤੀ ਨੇ ਖੇੜਾ ਅਮੀਨ ਅਤੇ ਥਨੇਸਰ, ਦੋਵਾਂ ਥਾਵਾਂ ਤੇ, ਬਾਬਾ ਬਿਨੋਦ ਸਿੰਘ ਅਤੇ ਰਾਮ ਸਿੰਘ ਨੂੰ ਲੱਕ ਤੋੜਵੀਂ ਹਾਰ ਦਿਤੀ ਅਤੇ ਉਹਨਾਂ ਨੂੰ ਲੋਹਗੜ ਨੂੰ ਭੱਜਣਾ ਪਿਆ। ਇਸ ਤਰਾਂ ਸੋਨੀਪਤ, ਕਰਨਾਲ ਅਤੇ ਥਨੇਸਰ ਦੇ ਇਲਾਕਿਆਂ ਵਿਚ ਮੁਗਲ ਹਕੂਮਤ ਮੁੜ ਸਥਾਪਤ ਹੋ ਗਈ।

14 ਨਵੰਬਰ 1710 ਨੂੰ ਭਗਵਤੀ ਦਾਸ ਹਰਕਾਰੇ ਨੇ ਖਬਰ ਦਿਤੀ ਬਾਗੀ ਗੁਰੂ (ਭਾਵ ਬੰਦਾ ਬਹਾਦਰ) ਦਾਬੜ ਵਿਖੇ ਹੈ ਅਤੇ ਸਿੱਖਾਂ ਨੇ ਪਹਾੜੀ ਦੁਆਲੇ ਇਕ ਡੂੰਘੀ ਖਾਈ ਖੋਦ ਲਈ ਹੈ। ਉਹ ਆਰ ਪਾਰ ਦੀ ਲੜਾਈ ਦਾ ਇਰਾਦਾ ਰੱਖਦੇ ਹਨ। ਰਾਜਕੁਮਾਰ ਜਹਾਂਦਾਰ ਸ਼ਾਹ ਨੇ ਬਾਗੀ ਗੁਰੂ ਦੇ ਦਾਬੜ ਵਿਚਲੀ ਰਿਹਾਇਸ਼ ਦਾ ਨਕਸ਼ਾ ਬਣਵਾ ਕੇ ਬਾਦਸ਼ਾਹ ਦੇ ਵਿਚਾਰ ਹਿੱਤ 16 ਨਵੰਬਰ ਨੂੰ ਪੇਸ਼ ਕੀਤਾ। ਬਾਦਸ਼ਾਹ ਨੇ ਡੂੰਘੇ ਵਿਚਾਰ ਵਟਾਂਦਰੇ ਬਾਅਦ ਹੁਕਮ ਕੀਤਾ ਕਿ ਸਢੌਰੇ ਤੱਕ ਦੇ ਸਫਰ ਦੇ ਚਾਰ ਪੜਾਅ ਕੀਤੇ ਜਾਣ। ਸਿੱਖਾਂ ਅਤੇ ਸ਼ਾਹੀ ਫੌਜ ਦਰਮਿਆਨ ਹੋਣ ਵਾਲੇ ਹਥਿਆਰਬੰਦ ਸੰਘਰਸ਼ ਦੀ ਕੰਨਸੋਅ ਮਿਲਦੇ ਹੀ ਸਢੌਰੇ ਦੇ ਆਲੇ ਦੁਆਲੇ ਦੇ ਬਸ਼ਿੰਦੇ ਸੁਰਖਿਅਤ ਥਾਵਾਂ ਵੱਲ ਭੱਜ ਨਿਕਲੇ। ਕਿਹਾ ਜਾਂਦਾ ਹੈ ਕਿ ਜਾਂਦੇ ਹੋਏ ਉਹ ਪੀਣ ਵਾਲੇ ਪਾਣੀ ਦੇ ਖੂਹਾਂ ਵਿਚ ਜ਼ਹਿਰ ਵੀ ਸੁੱਟ ਗਏ।

ਬਾਦਸ਼ਾਹ ਦੀ ਅਗਵਾਈ ਵਾਲੀ ਬਹੁਤ ਵੱਡੀ ਫੌਜ ਵਿਚ ਰਾਜਸਥਾਨ ਤੋਂ ਕੱਛਵਾਹਾ ਅਤੇ ਰਠੌਰ ਰਾਜਪੂਤ, ਮੇਵਾਤ ਤੋਂ ਮਿਉ, ਦਿੱਲੀ ਦੇ ਆਲੇ ਦੁਆਲੇ ਅਤੇ ਹਰਿਆਣੇ ਵਿਚੋਂ ਹਿੰਦੂ ਜਾਟ, ਬੁੰਦੇਲ ਖੰਡ ਤੋਂ ਬੁੰਦੇਲੇ, ਮੁਗਲ ਅਤੇ ਪਠਾਣ ਸ਼ਾਮਲ ਸਨ। ਆਪਣੇ ਸੀਮਿਤ ਸਾਧਨਾਂ ਕਾਰਨ ਸਿੱਖਾਂ ਵੱਲੋਂ ਆਪਣੇ ਅਧੀਨ ਹਰ ਇਲਾਕੇ ਵਿਚ ਇਹਨਾਂ ਦਾ ਮੁਕਾਬਲਾ ਕਰਨਾ ਅਸੰਭਵ ਸੀ। ਸੋ ਫੈਸਲਾ ਇਹੀ ਹੋਇਆ ਕਿ ਸਾਰੇ ਇਲਾਕੇ ਖਾਲੀ ਕਰਕੇ ਸਾਰੇ ਸਾਧਨ ਲੋਹਗੜ 'ਚ ਇੱਕਤਰ ਕੀਤੇ ਜਾਣ, ਬੇਸ਼ੱਕ ਇਹ ਇਕ ਛੋਟਾ ਜਿਹਾ ਹੀ ਕਿਲ੍ਹਾ ਸੀ। ਸੰਢੋਰੇ ਦੇ ਕੱਚੇ ਕਿਲ੍ਹੇ ਵਿਚ ਬੈਠੇ ਸਿੰਘਾਂ ਨੂੰ ਜਦੋਂ ਆ ਰਹੀਆਂ ਸ਼ਾਹੀ ਫੌਜਾਂ ਦੀ ਸੂਹ ਲੱਗੀ ਤਾਂ ਉਹ ਇਸ ਕਿਲ੍ਹੇ ਨੂੰ ਖਾਲੀ ਕਰ ਲੋਹਗੜ ਨੂੰ ਨਿੱਕਲ ਗਏ।

ਮੰਗਲਵਾਰ 30 ਨਵੰਬਰ 1710 ਨੂੰ ਸ਼ਹਿਜਾਦੇ ਰਫੀ ਉਲ ਸ਼ਾਨ ਨੇ ਦਾਬੜ ਤੋਂ ਹੇਠਲੀਆਂ ਪਹਾੜੀਆਂ ਤੇ ਕਬਜਾ ਕਰ ਲਿਆ ਅਤੇ ਲੋਹਗੜ ਦੇ ਕਿਲ੍ਹੇ ਨੂੰ ਕੋਈ 60,000 ਦੀ ਗਿਣਤੀ ਦੀ ਪੈਦਲ ਅਤੇ ਘੋੜ ਸਵਾਰ ਸ਼ਾਹੀ ਫੌਜ ਨੇ ਕਰੜਾ ਘੇਰਾ ਪਾ ਲਿਆ। ਇਹਨਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਡਾਕੂ, ਲੁਟੇਰੇ, ਬਲੋਚ, ਰੁਹੇਲੇ ਅਤੇ ਪਠਾਣ ਵੀ ਇਸ ਮੁਹਿੰਮ ਵਿਚ ਸ਼ਾਮਲ ਸਨ। ਲੋਹਗੜ ਦਾ ਕਿਲ੍ਹਾ ਸਿੱਧੀ ਖੜੀ ਅਤੇ ਆਬੜ-ਖਾਬੜ ਪਹਾੜੀ ਦੀ ਚੋਟੀ ਉਤੇ ਸੀ ਅਤੇ ਇਸ ਦੇ ਦੁਆਲੇ ਵੱਖ ਵੱਖ ਧਰਾਤਲਾਂ ਉਤੇ ਫੌਜੀ ਟੁਕੜੀਆਂ

ਤਾਇਨਾਤ ਸਨ। ਇਹਨਾਂ ਹਾਲਾਤਾਂ ਵਿਚ ਮੁਗਲ ਫੌਜ ਵੱਲੋਂ ਕਿਲ੍ਹੇ ਉਤੇ ਤੁਰੰਤ ਹਮਲਾ ਕਰਨਾ ਬਹੁਤ ਮੁਸ਼ਕਲ ਸੀ। ਬਾਦਸ਼ਾਹ ਨੇ ਫੈਸਲਾ ਕੀਤਾ ਕਿ ਸਿਧੀ ਲੜਾਈ ਲੜਕੇ ਜਾਨੀ ਅਤੇ ਮਾਲੀ ਨੁਕਸਾਨ ਉਠਾਉਣ ਦੀ ਬਜਾਏ, ਸਿੱਖਾਂ ਨੂੰ ਭੁਖੇ ਮਾਰ ਕੇ ਬੰਦੇ ਨੂੰ ਆਤਮ ਸਮਰਪਣ ਕਰਨ ਲਈ ਮਜਬੂਰ ਕਰਨਾ ਹੀ ਮੁਨਾਸਬ ਅਤੇ ਲਾਹੇਵੰਦ ਤਰੀਕਾ ਹੈ। ਸਿੰਘ ਵੱਖ ਵੱਖ ਧਰਾਤਲਾਂ ਤੇ ਇਸ ਫੌਜ ਨਾਲੋਂ ਉਚੀ ਥਾਂ ਤੇ ਯੁੱਧ ਨੀਤੀ ਅਨੁਸਾਰ ਬਣਾਏ ਮੋਰਚਿਆਂ ਵਿਚ ਅਤੇ ਕੁਦਰਤੀ ਮੋੜਾਂ ਘੋੜਾਂ ਅਤੇ ਖੱਡਾਂ ਵਿਚ ਤਾਇਨਾਤ ਹੋਣ ਕਾਰਨ ਲਾਹੇਵੰਦੀ ਸਥਿਤੀ ਵਿਚ ਸਨ। ਪਰ ਘੇਰਾ ਏਨਾ ਤਕੜਾ ਅਤੇ ਸੰਪੂਰਨ ਸੀ ਕਿ ਸਿੰਘ ਕਿਸੇ ਤਰਾਂ ਵੀ ਖਾਣਾ ਦਾਣਾ ਅਤੇ ਪਾਣੀ ਪ੍ਰਾਪਤ ਨਹੀਂ ਕਰ ਸਕਦੇ ਸਨ। ਗੜਵਾਲ ਦੀਆਂ ਪਹਾੜੀਆਂ ਦੇ ਪਾਰੋਂ ਵਣਜਾਰਿਆਂ ਨੇ ਸਿੰਘਾਂ ਤੱਕ ਅੱਪੜਣ ਦੀ ਕੋਸ਼ਿਸ਼ ਕੀਤੀ ਪਰ ਘੇਰਾ ਇਤਨਾ ਮਜ਼ਬੂਤ ਅਤੇ ਪੀਡਾ ਸੀ ਕਿ ਉਹਨਾਂ ਦਾ ਪਹਾੜੀ ਦੀ ਚੋਟੀ ਤਕ ਅੱਪੜਨ ਦਾ ਹੌਸਲਾ ਨਾ ਪਿਆ। ਸੋ ਉਹਨਾਂ ਖਾਧ-ਖੁਰਾਕ ਨਾਲ ਲੱਦੇ ਆਪਣੇ ਚਾਲੀ ਊਠਾਂ ਸਮੇਤ ਨਾਹਨ ਵੱਲ ਨਿਕਲ ਜਾਣਾ ਹੀ ਵਾਜਿਬ ਸਮਝਿਆ।

ਬਾਦਸ਼ਾਹ ਨੇ ਆਪਣੇ ਵਜੀਰ ਮੁਨਾਇਮ ਖਾਨ ਨੂੰ ਸਪਸ਼ਟ ਹਿਦਾਇਤ ਕੀਤੀ ਸੀ ਕਿ ਉਹ ਆਪਣੀਆਂ ਕਾਰਵਾਈਆਂ ਨੂੰ ਕੇਵਲ ਘੇਰਾ ਪਾਈ ਬੈਠੀ ਫੌਜ ਦੀ ਨਿਗਰਾਨੀ ਤੀਕਰ ਹੀ ਸੀਮਿਤ ਰੱਖੇ ਅਤੇ ਬਿਨਾਂ ਪੂਰਵ ਆਗਿਆ ਦੇ ਕਿਲ੍ਹੇ ਤੇ ਹਮਲਾ ਨਾ ਕਰੇ। ਘੇਰਾ ਪਾ ਕੇ ਬੈਠੇ ਰਹਿਣਾ ਇਕ ਨਾ ਮੁਕਣ ਵਾਲਾ ਕੰਮ ਲੱਗਿਆ ਅਤੇ ਮੁਨਾਇਮ ਖਾਨ ਬੇਚੈਨ ਹੋ ਗਿਆ। ਇਕ ਦਿਨ ਜਦੋਂ ਉਹ ਪਹਾੜੀ ਦੇ ਨੇੜੇ ਹੋਇਆ ਤਾਂ ਉਹ ਅਤੇ ਉਸਦੇ ਆਦਮੀ ਸਿੰਘਾਂ ਦੀ ਮਾਰ ਹੇਠ ਆ ਗਏ। ਉਸਨੇ ਬਾਦਸ਼ਾਹ ਦੇ ਹੁਕਮ ਦੀ ਉਲੰਘਣਾ ਕਰਕੇ ਮੁਕਾਬਲੇ ਦਾ ਫੈਸਲਾ ਕੀਤਾ। ਉਸਨੂੰ ਜਿਆਦਾ ਚਿੰਤਾ ਆਪਣੀ ਇਕ ਹੰਢੇ ਵਰਤੇ ਯੋਧੇ ਵਾਲੀ ਸ਼ੁਹਰਤ ਦੀ ਸੀ ਅਤੇ ਬਾਦਸ਼ਾਹ ਦੀ ਹੁਕਮ ਅਦੂਲੀ ਦੇ ਨਤੀਜੇ ਵੱਜੋਂ ਹੋਣ ਵਾਲੇ ਉਲਟ ਨਤੀਜਿਆਂ ਪ੍ਰਤੀ ਉਹ ਘੱਟ ਚਿੰਤਤ ਸੀ। ਉਸਨੇ ਆਪਣੇ ਆਦਮੀਆਂ ਨੂੰ ਕਿਲ੍ਹੇ ਤੇ ਜੋਰਦਾਰ ਹੱਲਾ ਕਰਨ ਦਾ ਹੁਕਮ ਕਰ ਦਿਤਾ। ਰਫੀ ਉਲ ਸ਼ਾਨ ਅਤੇ ਰੁਸਤਮ ਦਿਲ ਖਾਨ ਵਰਗੇ ਦੂਸਰੇ ਜਰਨੈਲ ਜਿਹੜੇ ਕਿ ਬਾਦਸ਼ਾਹ ਦੇ ਹੁਕਮ ਅਨੁਸਾਰ ਵਿਹਲੇ ਬੈਠੇ ਸਨ ਇਹ ਸੋਚ ਕੇ ਕਿ ਕਿਧਰੇ ਜਿੱਤ ਦੀ ਸਾਰੀ ਸੋਭਾ ਕੇਵਲ ਮੁਨਾਇਮ ਖਾਨ ਹੀ ਨਾ ਲੈ ਜਾਏ ਆਪਣੇ ਆਪ ਨੂੰ ਰੋਕ ਨਾ ਸਕੇ ਅਤੇ ਹਮਲੇ ਵਿਚ ਜਾ ਸ਼ਾਮਲ ਹੋਏ। ਵੇਖਦੇ ਵੇਖਦੇ ਹੀ ਇਹ ਹਮਲਾ ਇਕ ਪੂਰਨ ਲੜਾਈ ਦਾ ਰੂਪ ਧਾਰ ਗਿਆ। ਸਿੰਘ ਕੁਝ ਸਮੇਂ ਤੱਕ ਬਹਾਦਰੀ ਨਾਲ ਲੜੇ ਪਰ ਹੱਲਾ ਇੰਨਾ ਜੋਰਦਾਰ ਸੀ ਕਿ ਉਹਨਾਂ ਨੂੰ ਮਜਬੂਰਨ ਹੇਠਲੀਆਂ ਚੌਕੀਆਂ ਖਾਲੀ ਕਰਨੀਆਂ ਪਈਆਂ। ਉਹ ਹੌਲੀ ਹੌਲੀ ਇਕ ਇਕ ਕਰਕੇ ਹੇਠਲੀਆਂ ਚੌਕੀਆਂ ਖਾਲੀ ਕਰਦੇ ਗਏ ਅਤੇ ਉਪਰ ਵੱਲ ਨੂੰ ਕਿਲ੍ਹੇ ਦੇ ਨੇੜੇ ਹੁੰਦੇ ਗਏ ਤੇ ਖਾਲੀ ਕੀਤੀਆਂ ਚੌਕੀਆਂ ਤੇ ਸ਼ਾਹੀ ਫੌਜ ਕਾਬਜ਼ ਹੁੰਦੀ ਗਈ।

ਸ਼ਸ਼ਤਰਾਂ ਅਤੇ ਹੋਰ ਸਾਧਨਾਂ ਨਾਲ ਲੈਸ ਇਕ ਬਹੁਤ ਵੱਡੀ ਸ਼ਾਹੀ ਫੌਜ ਅਤੇ ਥੋੜੀ ਗਿਣਤੀ ਸਿੱਖਾਂ ਦਰਮਿਆਨ ਇਹ ਇਕ ਭਿਆਨਕ ਅਤੇ ਖ਼ੂਨੀ ਟਕਰਾਅ ਸੀ। ਨਿਯਮਿਤ ਸ਼ਾਹੀ ਫੌਜ ਤੋਂ ਇਲਾਵਾ ਇਥੇ ਇਕੱਠੀ ਹੋਈ ਸੈਨਾ ਵਿਚ ਚੂੜਾਮਣੀ ਦੀ ਅਗਵਾਈ ਥੱਲੇ ਹਿੰਦੂ ਜਾਟ ਅਤੇ ਰਾਜਾ ਉਦਿੱਤ ਸਿੰਘ ਅਤੇ ਰਾਜਾ ਚਤੁਰਸਾਲ ਦੀ ਅਗਵਾਈ ਥੱਲੇ ਬੁੰਦੇਲੇ ਵੀ ਸ਼ਾਮਲ ਸਨ। ਬੰਦੇ ਬਹਾਦਰ ਨੂੰ ਫੜਨ ਦੀ ਸੋਭਾ ਪ੍ਰਾਪਤ ਕਰਨ ਲਈ ਇਹ ਇੱਕ ਦੂਜੇ ਤੋਂ

ਆਦਮੀਆਂ ਨੂੰ ਹੁਕਮ ਕੀਤਾ ਕਿ ਉਹ ਜਿਥੇ ਹਨ ਉਥੇ ਹੀ ਦੜੇ ਰਹਿਣ ਅਤੇ ਬਾਕੀ ਰਹਿੰਦੀ ਰਾਤ ਸਮੇਂ ਸੁਚੇਤ ਰਹਿਣ। ਕਿਸੇ ਨੂੰ ਵੀ ਖਾਣਾ ਖਾਣ ਜਾਂ ਢੌਂਕਾ ਲਾਉਣ ਲਈ ਆਪਣੀ ਜਗ੍ਹਾ ਤੋਂ ਹਿਲਣ ਦੀ ਆਗਿਆ ਨਹੀਂ ਸੀ। ਜੋ ਵੀ ਥੋੜਾ ਬਹੁਤ ਕਿਸੇ ਕੋਲ ਖਾਣ ਲਈ ਸੀ ਉਹੀ ਇਕ ਦੂਜੇ ਨਾਲ ਵੰਡ ਕੇ ਛਕਣ ਲਈ ਉਹਨਾਂ ਨੂੰ ਆਖਿਆ ਗਿਆ। ਮੁਨਾਇਮ ਖਾਨ ਨੂੰ ਡਰ ਸੀ ਕਿ ਜੇਕਰ ਉਸਦੇ ਆਦਮੀ ਭੋਜਨ ਛਕਣ ਅਤੇ ਅਰਾਮ ਲਈ ਚੌਂਕੀਆਂ ਖਾਲੀ ਕਰ ਗਏ ਤਾਂ ਸਿੱਖ ਇਹਨਾਂ ਤੇ ਰਾਤ ਨੂੰ ਦੁਬਾਰਾ ਕਬਜ਼ਾ ਕਰ ਲੈਣਗੇ। ਇਸ ਤਰਾਂ ਦਾ ਦਬਦਬਾ ਬੰਦੇ ਬਹਾਦਰ ਅਤੇ ਸਿੱਖਾਂ ਦਾ ਮੁਗਲਾਂ ਦੇ ਮਨਾਂ ਵਿਚ ਬੈਠਿਆ ਹੋਇਆ ਸੀ। ਖ਼ਾਫੀ ਖਾਂ ਲਿਖਦਾ ਹੈ "ਸਿੱਖਾਂ ਦਾ ਆਪਣੇ ਲੀਡਰ ਬੰਦਾ ਬਹਾਦਰ ਵਿਚ ਅਟੁੱਟ ਵਿਸ਼ਵਾਸ ਸੀ ਅਤੇ ਉਸਦਾ ਹੁਕਮ ਉਹ ਪੂਰੇ ਵਿਸ਼ਵਾਸ ਅਤੇ ਧਾਰਮਿਕ ਸ਼ਰਧਾ ਨਾਲ ਬਿਨਾਂ ਕਿਸੇ ਚੂੰ ਚੀਂ ਤੋਂ ਮੰਨਦੇ ਸਨ। ਉਹ ਸੰਪੂਰਣ ਵਿਸ਼ਵਾਸ ਅਤੇ ਸਮਰਪਣ ਦੀ ਭਾਵਨਾ ਨਾਲ ਕਿਲ੍ਹੇ ਵਿਚੋਂ ਨਿਕਲਦੇ ਅਤੇ ਜੈਕਾਰੇ ਗਜਾਉਂਦੇ ਹੋਏ ਸ਼ਾਹੀ ਤੋਪਖਾਨੇ ਉਪਰ ਤੀਰਾਂ, ਤਲਵਾਰਾਂ ਅਤੇ ਨੇਜ਼ਿਆਂ ਨਾਲ ਟੁੱਟ ਪੈਂਦੇ। ਉਹਨਾਂ ਨੂੰ ਮੌਤ ਦਾ ਕੋਈ ਖ਼ੌਫ ਹੀ ਨਹੀ ਸੀ ਤੇ ਉਹ ਇਸ ਤਰਾਂ ਅੱਗੇ ਵਧਦੇ ਜਿਵੇਂ ਪ੍ਰਵਾਨਾ ਸਮਾਂ ਵੱਲ ਆਉਂਦਾ ਹੈ। ਉਹ ਬੰਕਰਾਂ ਅਤੇ ਮੋਰਚਿਆਂ ਵਿਚ ਬੈਠੇ ਮੁਸਲਮਾਨਾਂ ਤੇ ਹੱਲੇ ਕਰ ਆਪਣੀ ਤਲਵਾਰ ਨਾਲ ਉਹਨਾਂ ਨੂੰ ਸ਼ਹਾਦਤ ਦਾ ਜਾਮ ਪਿਲਾ ਦੇਂਦੇ। ਜੇਕਰ ਕਿਧਰੇ ਦੋ ਤਿੰਨ ਹਜ਼ਾਰ ਦੀ ਫੌਜ ਵਿਚ ਇਹਨਾਂ ਸਿੱਖਾਂ ਵਰਗੇ ਵਫਾਦਾਰ ਤੇ ਸਮਰਪਤ ਦੋ ਤਿੰਨ ਸੌ ਸੈਨਿਕ ਵੀ ਹੋਣ ਤਾਂ ਉਹ ਫੌਜ ਜਿੱਤ ਅਤੇ ਸਨਮਾਨ ਦੀ ਹਕਦਾਰ ਹੋਵੇਗੀ। ਭਾਵੇਂ ਬਹੁਤੇ ਸਿੱਖ ਪੈਦਲ ਸੈਨਿਕ ਹੀ ਹਨ ਪਰ ਹਰ ਕੋਈ ਆਪਣੇ ਨੇਤਾ ਦੀ ਹਿਫਾਜਤ ਲਈ ਪੂਰੇ ਸਮਰਪਣ ਨਾਲ ਲੜਦਾ ਅਤੇ ਬੱਕਰੇ ਵਾਂਗ ਆਪਣੀ ਕੁਰਬਾਨੀ ਦੇ ਜਾਂਦਾ।"

ਰਾਤ ਸਮੇਂ ਇਕ ਪਾਸੇ ਮੁਨਾਇਮ ਖਾਨ ਅਗਲੇ ਦਿਨ ਇਕ ਕਾਮਯਾਬ ਹੱਲਾ ਕਰਨ ਲਈ ਯੁੱਧਨੀਤੀ ਘੜ ਰਿਹਾ ਸੀ ਦੂਸਰੇ ਪਾਸੇ ਬੰਦਾ ਅਤੇ ਉਸਦੇ ਸਮਰਪਤ ਸਾਥੀ ਇਸ ਪੀਡੇ ਘੇਰੇ ਵਿਚੋਂ ਬੱਚ ਨਿਕਲਣ ਦੀ ਤਰਕੀਬ ਬਣਾ ਰਹੇ ਸਨ – ਉਹ ਵੀ ਇਸ ਤਰਾਂ ਦੀ ਕਿ ਦੁਸ਼ਮਣ ਨੂੰ ਖਬਰ ਤੱਕ ਵੀ ਨਾ ਹੋਵੇ। ਬੰਦੇ ਦੇ ਕਿਲੇ ਵਿਚੋਂ ਬੱਚ ਨਿਕਲਣ ਦੀਆਂ ਭਾਵੇਂ ਕਈ ਕਹਾਣੀਆਂ ਪ੍ਰਚਲਤ ਨੇ ਪਰ ਇਸ ਗੱਲ ਦੀ ਪੂਰੀ ਜਾਣਕਾਰੀ ਕਿਧਰੋਂ ਵੀ ਨਹੀ ਮਿਲਦੀ ਕਿ ਉਹ ਕਦੋਂ ਅਤੇ ਕਿਵੇਂ ਉਥੋਂ ਖਿਸਕ ਗਿਆ। ਇਹ ਵੀ ਸਮਝ ਨਹੀਂ ਲਗਦੀ ਕਿ ਸ਼ਾਹੀ ਫੌਜਾਂ ਨੂੰ ਉਹਨਾਂ ਦੇ ਘੇਰੇ ਵਿਚੋਂ ਖਿਸਕ ਰਹੇ ਸਿੰਘਾਂ ਦੀ ਇਕ ਲੰਬੀ ਕਤਾਰ ਦੀ ਸੂਹ ਕਿਉਂ ਨਾ ਲੱਗੀ। ਡਾ. ਗੰਡਾ ਸਿੰਘ ਲਿਖਦਾ ਹੈ "ਪਹਿਲੀ ਦਸੰਬਰ 1710 ਜੁੰਮੇ ਨੂੰ ਸਵੇਰੇ ਪਹੁ-ਫੁਟਾਲੇ

ਉਸਦੀ ਨਿਰਾਸ਼ਤਾ, ਘਬਰਾਹਟ ਅਤੇ ਦੁੱਖ ਦਾ ਜਦ ਮੁਨਾਇਮ ਖਾਨ ਨੂੰ ਪਤਾ ਲੱਗਾ ਕਿ ਬਾਜ ਤਾਂ ਉਡਾਰੀ ਲਾ ਗਿਆ ਹੈ ਅਤੇ ਪਿਛੇ ਇਸ ਗੱਲ ਦਾ ਨਾਉਂ ਨਿਸ਼ਾਨ ਵੀ ਨਹੀ ਕਿ ਉਹ ਕਿੱਧਰ ਨੂੰ ਚਲਾ ਗਿਆ ਹੈ ? ਇਰਾਦਤ ਖਾਨ ਦਸਦਾ ਹੈ ਕਿ ਕੁਝ ਚਿਰ ਲਈ ਤਾਂ ਮੁਨਾਇਮ ਖਾਨ ਦੀ ਮੱਤ ਹੀ ਮਾਰੀ ਗਈ ਅਤੇ ਉਹ ਬਾਦਸ਼ਾਹ ਦੇ ਗੁਸੇ ਦੇ ਭੈਅ ਵਿਚ ਡੁੱਬ ਗਿਆ। ਸਰਬਰਾਹ ਖਾਨ ਕੋਤਵਾਲ ਨੇ ਭਾਈ ਗੁਲਾਬ ਸਿੰਘ ਨੂੰ (ਜਿਸ ਨੇ ਬੰਦਾ ਸਿੰਘ ਦਾ ਰੂਪ ਬਣਾਇਆ ਹੋਇਆ ਸੀ) ਅਤੇ ਦਸ ਬਾਰਾਂ ਹੋਰ ਜ਼ਖਮੀ ਅਤੇ ਮਰ ਰਹੇ ਸਿੰਘਾਂ ਨੂੰ ਫੜ ਲਿਆ ਸੀ। ਇਹਨਾਂ ਕੈਦੀਆਂ ਨੂੰ ਨਾਲ ਲੈ ਕੇ ਜਮਦਾਤੁਲ ਮੁਲਕ ਖਾਨਿ-ਖਾਨਾਂ, ਮੁਨਾਇਮ ਖਾਨ ਨਿਮੋਝੂਣਾ ਹੋਇਆ ਹੋਇਆ ਬਾਦਸ਼ਾਹੀ ਡੇਰੇ ਵੱਲ ਮੁੜਿਆ।" ਮੁਨਾਇਮ ਖਾਨ ਨੇ ਹਮਲਾ ਬੋਲ ਕੇ ਬਾਦਸ਼ਾਹ ਦੇ ਹੁਕਮ ਦੀ ਉਲੰਘਣਾ ਕੀਤੀ ਸੀ। ਜੇਕਰ ਉਹ ਬੰਦੇ ਨੂੰ ਫੜਨ ਵਿਚ ਕਾਮਯਾਬ ਹੋ ਜਾਂਦਾ ਤਾਂ ਉਸਦੀ ਇਹ ਗਲਤੀ ਵੀ ਮੁਆਫ ਹੋ ਜਾਣੀ ਸੀ ਅਤੇ ਹੋ ਸਕਦਾ ਸੀ ਕਾਫੀ ਇਨਾਮ ਤੇ ਸਨਮਾਨ ਵੀ ਮਿਲਦਾ। ਇਰਾਦਤ ਖਾਨ ਦਸਦਾ ਹੈ ਕਿ ਇਸ ਘਟਨਾ ਦਾ ਸੱਲ ਮੁਨਾਇਮ ਖਾਨ ਦੇ ਦਿਲ ਵਿਚ ਇਕ ਜ਼ਹਿਰੀਲੇ ਤੀਰ ਦੀ ਤਰਾਂ ਚੁਭਿਆ ਅਤੇ ਉਹ ਦੁਨਿਆਵੀ ਰੰਗ ਤਮਾਸ਼ਿਆਂ ਨਾਲ ਵੀ ਆਪਣਾ ਚਿੱਤ ਨਾ ਪਰਚਾ ਸਕਿਆ। ਇਸ ਜਲਾਲਤ ਕਾਰਨ ਉਸਦੀ ਸਿਹਤ ਡਿਗਣ ਲੱਗੀ ਅਤੇ ਉਹ ਜਲਦੀ ਹੀ ਇਸ ਦੁਨੀਆ ਤੋਂ ਕੂਚ ਕਰ ਗਿਆ।

ਮੁਨਇਮ ਖਾਨ ਨੇ ਨਿਗਰਾਨੀ ਕਰਦੇ ਸਮੇਂ ਪਹਾੜੀ ਦੇ ਨੇੜੇ ਜਾ ਕੇ ਬਹੁਤ ਭਾਰੀ ਗਲਤੀ ਕੀਤੀ ਸੀ । ਉਸਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਸੀ ਕਿ ਸਿੰਘਾਂ ਦੇ ਇੰਨਾ ਨੇੜੇ ਢੁੱਕਣਾ ਮੁਸੀਬਤ ਨੂੰ ਸੱਦਾ ਦੇਣ ਦੇ ਤੁੱਲ ਸੀ। ਬਾਦਸ਼ਾਹ ਦਾ ਖਿਆਲ ਸੀ ਕਿ ਜੇਕਰ ਬੰਦਾ ਜਿਉਂਦਾ ਜਾਂ ਮਰਿਆ ਫੜਿਆ ਗਿਆ ਤਾਂ ਇਹ ਵਿਦਰੋਹ ਖਤਮ ਹੋ ਜਾਏਗਾ ਪਰ ਜੇਕਰ ਉਹ ਬੱਚ ਨਿਕਲਣ ਵਿਚ ਕਾਮਯਾਬ ਰਿਹਾ ਤਾਂ ਇਹ ਝਗੜਾ ਲੰਬਾ ਚਲੇਗਾ। ਡਾ. ਗੋਪਾਲ ਸਿੰਘ ਲਿਖਦਾ ਹੈ "ਸਿੱਖਾਂ ਨੂੰ ਭੁਖਿਆ ਮਾਰਨ ਦੀ ਬਾਦਸ਼ਾਹ ਦੀ ਸਕੀਮ ਕਾਰਗਰ ਰਹੀ ਅਤੇ ਜਲਦੀ ਹੀ ਸਿੱਖਾਂ ਨੇ ਆਪਣੀ ਭੁੱਖ ਮਿਟਾਉਣ ਲਈ ਆਪਣੇ ਘੋੜੇ ਤੇ ਹੋਰ ਜਾਨਵਰ ਵੀ ਖਾ ਲਏ।" ਜੇਕਰ ਘੇਰਾ ਕੁਝ ਦਿਨ ਹੋਰ ਜਾਰੀ ਰਹਿੰਦਾ ਤਾਂ ਬੰਦੇ ਕੋਲ ਆਤਮ ਸਮਰਪਣ ਤੋਂ ਬਿਨਾਂ ਕੋਈ ਚਾਰਾ ਨਾ ਰਹਿੰਦਾ। ਸੋ ਆਪਣੇ ਵਜੀਰ ਦੀ ਹੁਕਮ ਅਦੂਲੀ ਅਤੇ ਬਦਇੰਤਜਾਮੀਂ ਕਾਰਨ ਬਾਦਸ਼ਾਹ ਦਾ ਅੱਗ ਬਬੂਲਾ ਹੋਣਾ ਵਾਜਬ ਹੀ ਸੀ। ਡਾ. ਗੋਪਾਲ ਸਿੰਘ ਲਿਖਦਾ ਹੈ "ਬਾਦਸ਼ਾਹ ਦਾ ਗੁੱਸਾ ਇੰਨਾ ਜਿਆਦਾ ਸੀ ਕਿ ਉਸਨੇ ਆਪਣੇ ਇਕ ਮੁਗਲ ਜਰਨੈਲ ਹਮੀਦ ਖਾਂ ਨੂੰ ਹੁਕਮ ਦਿਤਾ ਕਿ ਉਹ ਬੱਚ ਕੇ ਨਿਕਲ ਗਏ ਸਿੱਖ ਆਗੂ (ਬੰਦਾ ਬਹਾਦਰ) ਦਾ ਪਹਾੜਾਂ ਵਿਚ ਪਿੱਛਾ ਕਰੇ ਅਤੇ ਉਸਨੂੰ ਜਿੰਦਾ ਜਾਂ ਮੁਰਦਾ ਉਸ ਸਾਹਮਣੇ ਪੇਸ਼ ਕਰੇ। ਜੇ ਉਹ ਨਾ ਫੜਿਆ ਜਾ ਸਕੇ ਤਾਂ ਨਾਹਨ ਦੇ ਰਾਜੇ ਭੂਪ ਪ੍ਰਕਾਸ਼ ਨੂੰ ਕੈਦੀ ਬਣਾ ਲਿਆ ਜਾਵੇ ਅਤੇ ਗੁਲਾਬ ਸਿੰਘ ਸਮੇਤ ਦੋਹਾਂ ਨੂੰ ਲੋਹੇ ਦੇ ਪਿੰਜਰੇ ਵਿਚ ਪਾ ਕੇ ਦਿੱਲੀ ਪਹੁੰਚਾਇਆ ਜਾਵੇ।" ਡਾ. ਹਰੀ ਰਾਮ ਗੁਪਤਾ ਦਾ ਮੰਨਣਾ ਹੈ ਕਿ ਰਾਜਾ ਭੂਪ ਪ੍ਰਕਾਸ਼ ਵਿਰੁੱਧ ਇਹ ਕਰੜੀ ਕਾਰਵਾਈ ਇਸ ਕਾਰਨ ਨਹੀਂ ਸੀ ਕੀਤੀ ਗਈ ਕਿ ਬੰਦਾ ਬਹਾਦਰ ਉਸਦੀ ਰਿਆਸਤ ਵਿਚੋਂ ਦੀ ਬਚ ਨਿਕਲਿਆ ਸੀ ਸਗੋਂ ਇਸ ਲਈ ਕੀਤੀ ਗਈ ਸੀ ਕਿ ਬੰਦਾ ਉਸਦੀ ਪਰਜਾ ਵਿਚੋਂ ਸੀ ਤੇ ਉਸਨੂੰ ਫੜਨ ਦੀ ਜਿੰਮੇਵਾਰੀ ਇਸ ਰਾਜੇ ਉਪਰ ਸੀ । ਪਰ ਡਾ.

ਗੁਪਤਾ ਦੀ ਇਸ ਦਲੀਲ ਵਿਚ ਦਮ ਨਹੀਂ ਹੈ। ਇਹ ਸਾਰਾ ਮਾਮਲਾ ਬਿਲਕੁਲ ਸਪਸ਼ਟ ਹੈ। ਬਾਦਸ਼ਾਹ ਦਾ ਅੰਦਾਜਾ ਠੀਕ ਸੀ ਕਿ ਜਿਆਦਾ ਜੋਰ ਪੈਣ ਤੇ ਬੰਦਾ ਅਤੇ ਉਸਦੇ ਆਦਮੀ ਜਾਂ ਤਾਂ ਕਮਾਂਊਂ ਦੀਆਂ ਪਹਾੜੀਆਂ ਵਿਚ ਦੀ ਬੱਚ ਕੇ ਨਿਕਲਣਗੇ ਜਾਂ ਫਿਰ ਰਾਜਾ ਨਾਹਨ ਦੀਆਂ ਹੱਦਾਂ ਵਿਚੋਂ ਦੀ। ਇਸੇ ਲਈ ਇਹਨਾਂ ਦੋਹਾਂ ਪਹਾੜੀ ਰਾਜਿਆਂ ਨੂੰ ਅਗਾਊਂ ਹੀ ਚੇਤੰਨ ਕੀਤਾ ਗਿਆ ਸੀ ਕਿ ਉਹ ਸੁਚੇਤ ਰਹਿਣ ਤਾਂ ਜੋ ਬੰਦਾ ਉਹਨਾਂ ਦੇ ਇਲਾਕਿਆਂ ਵਿਚੋਂ ਦੀ ਬੱਚ ਕੇ ਨਾ ਨਿਕਲ ਸਕੇ। ਜਦੋਂ ਪਤਾ ਲੱਗਿਆ ਕਿ ਬੰਦਾ ਨਾਹਨ ਰਾਜ ਦੇ ਇਲਾਕਿਆਂ ਵਿਚੋਂ ਦੀ ਹੁੰਦਾ ਹੋਇਆ ਕੀਰਤਪੁਰ ਪਹੁੰਚ ਗਿਆ ਹੈ ਅਤੇ ਰਸਤੇ ਵਿਚ ਉਸਨੂੰ ਕਿਸੇ ਨੇ ਨਹੀਂ ਵੰਗਾਰਿਆ ਤਾਂ ਸਪਸ਼ਟ ਹੋ ਗਿਆ ਕਿ ਨਾਹਨ ਦੇ ਰਾਜੇ ਨੇ ਆਪਣੀ ਜਿੰਮੇਵਾਰੀ ਨਿਭਾਉਣ ਵਿਚ ਅਣਗਹਿਲੀ ਵਰਤੀ ਹੈ। ਇਸ ਉਪਰੰਤ ਹੀ ਉਸਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਹੋਏ।

ਲੋਹਗੜ ਦੀ ਲੜਾਈ ਇੰਨੀ ਸਾਦਾ ਅਤੇ ਥੋੜ ਚਿਰੀ ਨਹੀਂ ਹੋ ਸਕਦੀ ਜਿਤਨੀ ਕਿ ਡਾ. ਗੰਡਾ ਸਿੰਘ ਆਖਦਾ ਹੈ। ਜੇਕਰ ਕਿਲ੍ਹੇ ਵਿਚਲੇ ਸਿੰਘਾਂ ਦੇ ਹਾਲਾਤ ਇੰਨੀ ਬੇਬਸੀ ਵਾਲੇ ਹੋ ਗਏ ਸਨ ਕਿ ਉਹਨਾਂ ਨੂੰ ਭੋਜਨ ਲਈ ਆਪਣੇ ਘੋੜੇ ਅਤੇ ਦੂਸਰੇ ਜਾਨਵਰ ਮਾਰਨੇ ਪਏ ਤਾਂ ਸਾਫ ਹੈ ਕਿ ਘੇਰਾਬੰਦੀ ਕਾਫੀ ਲੰਬੀ ਰਹੀ ਹੋਵੇਗੀ। ਇਹ ਸੱਚ ਹੈ ਕਿ ਲੋਹਗੜ ਦਾ ਕਿਲ੍ਹਾ ਬਹੁਤ ਵੱਡਾ ਨਹੀਂ ਸੀ ਅਤੇ ਉਥੇ ਵੱਡੀ ਮਾਤਰਾ ਵਿਚ ਖਾਣਾ-ਦਾਣਾ ਅਤੇ ਪੱਠੇ ਭੰਡਾਰ ਨਹੀਂ ਕੀਤੇ ਜਾ ਸਕਦੇ ਸਨ ਪਰ ਕਿਲ੍ਹਾ ਇੰਨਾ ਛੋਟਾ ਵੀ ਨਹੀਂ ਸੀ ਕਿ ਮਹੀਨੇ ਭਰ ਦਾ ਰਾਸ਼ਨ ਵੀ ਉਥੇ ਭੰਡਾਰ ਨਾ ਕੀਤਾ ਜਾ ਸਕਦਾ। ਘੇਰਾਬੰਦੀ ਕਾਫੀ ਲੰਮੇ ਸਮੇਂ ਤੋਂ ਹੋਈ ਹੋਵੇਗੀ ਅਤੇ ਹੌਲੀ ਹੌਲੀ ਇਹ ਪੀਡੀ ਹੁੰਦੀ ਚਲੀ ਗਈ ਤੇ ਆਖਰ ਨੂੰ ਸ਼ਾਹੀ ਫੌਜਾਂ ਉਸ ਪਹਾੜੀ ਦੀਆਂ ਜੜਾਂ ਤੀਕਰ ਪਹੁੰਚ ਗਈਆਂ ਜਿਸ ਉਪਰ ਇਹ ਕਿਲ੍ਹਾ ਸਥਿਤ ਸੀ। ਇਹ ਗੱਲ ਵੀ ਦਿਲ ਨਹੀਂ ਲਗਦੀ ਕਿ ਬੰਦਾ ਅਤੇ ਉਸਦੇ ਆਦਮੀ 30 ਨਵੰਬਰ ਅਤੇ 1 ਦਸੰਬਰ ਦੀ ਦਰਮਿਆਨੀ ਰਾਤ ਨੂੰ ਇਕੱਠੇ ਹੀ ਇਕੋ ਵੇਰ ਚ ਕਿਲ੍ਹੇ ਵਿਚੋਂ ਨਿਕਲ ਗਏ। ਲਗਦਾ ਹੈ ਕਿ ਉਹ ਕਿਲ੍ਹੇ ਵਿਚੋਂ ਯੋਜਨਾਬੱਧ ਤਰੀਕੇ ਨਾਲ ਹੌਲੀ ਹੌਲੀ ਖਿੱਸਕੇ। ਸਿੰਘਾਂ ਦਾ ਇਕ ਜਥਾ ਕਥਿਤ ਸੋਨੇ ਦੀਆਂ ਮੋਹਰਾਂ ਨਾਲ ਲੱਦੇ ਚਾਲੀ ਊਠਾਂ ਸਮੇਤ 30 ਨਵੰਬਰ ਨੂੰ ਲੜੀ ਗਈ ਆਖਰੀ ਲੜਾਈ ਤੋਂ ਕਾਫੀ ਸਮਾਂ ਪਹਿਲਾਂ ਹੀ ਖਿਸਕ ਗਿਆ ਹੋਣਾ ਹੈ। ਊਠਾਂ, ਘੋੜਿਆਂ ਅਤੇ ਹੋਰ ਸਮਾਨ ਸਮੇਤ ਇਕ ਵੱਡੇ ਕਾਫਲੇ ਦਾ ਇਕ ਤੰਗ ਪਹਾੜੀ ਰਸਤੇ ਰਾਹੀਂ ਇਕੋ ਰਾਤ ਵਿਚ, ਬਿਨਾਂ ਕਿਸੇ ਨੂੰ ਖਬਰ ਹੋਇਆਂ, ਲੰਘ ਜਾਣਾ ਅਸੰਭਵ ਹੈ। ਜੇਕਰ ਮੰਨ ਵੀ ਲਈਏ ਕਿ ਬੰਦਾ ਬਹਾਦੁਰ ਉਸ ਅਖੀਰਲੀ ਰਾਤ ਹੀ ਉਸ ਕਿਲ੍ਹੇ ਵਿਚੋਂ ਖਿਸਕਿਆ ਸੀ ਤਾਂ ਉਸਦੇ ਜੱਥੇ ਵਿਚ ਕੁਝ ਇਕ ਦਰਜਨ ਵਿਅਕਤੀਆਂ ਤੋਂ ਵੱਧ ਬੰਦੇ ਨਹੀਂ ਹੋ ਸਕਦੇ ਸਨ।

ਚਾਲੀ ਸੋਨੇ ਲੱਦੇ ਊਠਾਂ ਦਾ ਬੰਦਾ ਬਹਾਦਰ ਨਾਲ ਲੋਹਗੜ ਦੇ ਕਿਲ੍ਹੇ ਵਿਚੋਂ ਨਿਕਲ ਜਾਣ ਵਾਲੀ ਕਹਾਣੀ ਵੀ ਸੱਚੀ ਪ੍ਰਤੀਤ ਨਹੀਂ ਹੁੰਦੀ। ਡਾ. ਗੋਪਾਲ ਸਿੰਘ ਅਨੁਸਾਰ ਮੁਗਲਾਂ ਨੂੰ ਕਿਲ੍ਹੇ ਵਿਚੋ ਪੰਜ ਹਾਥੀ, ਤਿੰਨ ਤੋਪਾਂ, ਸਤਾਰਾਂ ਰਹਿਕਲੇ, ਇਕ ਸਾਇਬਾਨ ਇਕ ਤੰਬੂ ਅਤੇ ਕੁਝ ਚਾਂਦੀ ਦੀਆਂ ਚੋਬਾਂ ਹੱਥ ਲਗੀਆਂ। ਪਰ ਡਾ. ਗੰਡਾ ਸਿੰਘ ਅਨੁਸਾਰ ਕਿਲ੍ਹੇ ਵਿਚੋਂ ਜੇਤੂਆਂ ਨੂੰ ਤਿੰਨ ਤੋਪਾਂ ਸਤਾਰਾਂ ਰਹਿਕਲੇ ਮਿਲੇ ਅਤੇ ਕਿਲ੍ਹੇ ਨੂੰ ਪੁਟਣ ਤੇ ਵੀਹ ਲੱਖ ਸਿਕੇ ਪ੍ਰਾਪਤ ਹੋਏ। 6 ਦਸੰਬਰ 1710 ਦੀਆਂ ਖਬਰਾਂ (ਅਖਬਾਰ-ਏ-ਦਰਬਾਰ-ਏ-ਮੁਅੱਲਾ) ਵਿਚ

ਬਾਦਸ਼ਾਹ ਨੂੰ ਦੱਸਿਆ ਗਿਆ ਕਿ ਕਿਲ੍ਹੇ ਨੂੰ ਪੁਟ ਕੇ ਵੇਖਿਆ ਗਿਆ ਹੈ ਅਤੇ ਉਥੋਂ 503400 ਅਸ਼ਰਫੀਆਂ ਮਿਲੀਆਂ ਹਨ। ਇਹ ਖਬਰ ਠੀਕ ਪ੍ਰਤੀਤ ਹੁੰਦੀ ਹੈ ਕਿਉਂਕਿ ਇਸ ਲੜਾਈ ਤੋਂ ਪਹਿਲਾਂ ਬੰਦੇ ਨੇ ਕਈ ਅਮੀਰ ਅਤੇ ਖੁਸ਼ਹਾਲ ਸ਼ਹਿਰਾਂ ਅਤੇ ਕਸਬਿਆਂ ਨੂੰ ਲੁੱਟਿਆ ਸੀ। ਸੋ ਇਸ ਤੋਂ ਸ਼ਪਸ਼ਟ ਹੈ ਕਿ ਬੱਚ ਨਿਕਲਣ ਸਮੇਂ ਬੰਦਾ ਆਪਣੇ ਖਜ਼ਾਨੇ ਨੂੰ ਨਾਲ ਨਹੀਂ ਲਿਜਾ ਸਕਿਆ ਅਤੇ ਉਥੇ ਹੀ ਦੱਬ ਗਿਆ ਕਿ ਸ਼ਾਇਦ ਕਦੇ ਭਵਿੱਖ ਵਿਚ ਇਹ ਹੱਥ ਲਗ ਸਕੇ।

ਇਸ ਗੱਲ ਦੀ ਸੰਭਾਵਨਾ ਜਿਆਦਾ ਪ੍ਰਤੀਤ ਹੁੰਦੀ ਹੈ ਕਿ ਲੋਹਗੜ ਦੀ ਆਖਰੀ ਲੜਾਈ ਤੋਂ ਕਈ ਦਿਨ ਪਹਿਲਾਂ ਹੀ ਬੰਦਾ ਭੇਸ ਵਟਾ ਕੇ ਵਣਜਾਰਿਆਂ ਦੇ ਚਾਲੀ ਉਠਾਂ ਦੇ ਕਾਫਲੇ ਨਾਲ ਸਿਰਮੌਰ ਦੀਆਂ ਪਹਾੜੀਆਂ ਰਾਹੀਂ ਖਿਸਕ ਗਿਆ ਸੀ। ਜਾਣ ਤੋਂ ਪਹਿਲਾਂ ਬੰਦੇ ਨੇ ਆਪਣੇ ਕਪੜੇ ਪੁਆ ਕੇ ਭਾਈ ਗੁਲਾਬ ਸਿੰਘ ਨੂੰ ਆਪਣੇ ਵਰਗਾ ਭੇਸ ਧਾਰਨ ਕਰਵਾ ਦਿਤਾ ਅਤੇ ਉਸਨੂੰ ਚਾਂਦੀ ਦੀਆਂ ਛੜਾਂ ਨਾਲ ਖੜੇ ਕੀਤੇ ਇਕ ਤੰਬੂ ਵਿਚ ਬਿਠਾ ਦਿਤਾ ਤਾਂ ਜੋ ਮੁਗਲ ਜਰਨੈਲਾਂ ਨੂੰ ਭੁਲੇਖਾ ਰਹੇ ਕਿ ਬਾਜ ਆਪਣੇ ਆਲ੍ਹਣੇ ਵਿਚ ਮੌਜੂਦ ਹੈ। ਕਿਲ੍ਹੇ ਦੇ ਕਬਜ਼ੇ ਤੋਂ ਪਹਿਲੀ ਰਾਤ ਹੀ ਸਾਰੇ ਸਿੰਘਾਂ ਦੇ ਖਿਸਕਣ ਦੀ ਕਹਾਣੀ ਵਿਚ ਵੀ ਦਮ ਨਹੀਂ ਹੈ। ਜਦੋਂ ਪਹਿਲੀ ਦਸੰਬਰ 1710 ਨੂੰ ਤੜਕੇ ਹੀ ਮੁਗਲ ਫੌਜਾਂ ਲੋਹਗੜ ਅਤੇ ਸਤਾਰਗੜ ਦੇ ਕਿਲ੍ਹਿਆਂ ਵਿਚ ਦਾਖਲ ਹੋਈਆਂ ਤਾਂ ਉਹਨਾਂ ਨੂੰ ਭਾਈ ਗੁਲਾਬ ਸਿੰਘ ਅਤੇ ਕੁਝ ਗੰਭੀਰ ਰੂਪ ਵਿਚ ਜ਼ਖਮੀ ਸਿੰਘ ਹੀ ਮਿਲੇ ਅਤੇ ਜਾਨਵਰਾਂ ਵਿਚ ਕੇਵਲ ਪੰਜ ਹਾਥੀ । ਸੋ ਸਪਸ਼ਟ ਹੈ ਕਿ ਬਾਕੀ ਦੇ ਜਾਨਵਰ ਅਤੇ ਸਿੰਘ ਉਥੋਂ ਪਹਿਲਾਂ ਹੀ ਕੁਝ ਦਿਨਾਂ ਵਿਚ ਇਕ ਸਿਆਣੀ ਤਰਕੀਬ ਅਨੁਸਾਰ ਖਿਸਕ ਗਏ ਸਨ। ਇਹ ਸਭ ਕੁਝ ਕੁਛ ਘੰਟਿਆਂ ਵਿਚ ਅੰਜਾਮ ਦੇਣਾ ਅਸੰਭਵ ਹੈ।

ਡਾ. ਗੰਡਾ ਸਿੰਘ ਲੋਹਗੜ ਦੀ ਹਾਰ ਨੂੰ ਕੋਈ ਬਹੁਤਾ ਮਹੱਤਵ ਨਹੀਂ ਦਿੰਦਾ ਪਰ ਨਿਰਪੱਖ ਹੋ ਕਿ ਵਿਚਾਰਿਆਂ ਇਸ ਹਾਰ ਨਾਲ ਜਿਥੇ ਮਾਲ ਅਸਬਾਬ ਦੇ ਪੱਖੋਂ ਕਾਫੀ ਨੁਕਸਾਨ ਹੋਇਆ ਉਥੇ ਬੰਦੇ ਦੀ ਪ੍ਰਤਿਸ਼ਠਾ ਅਤੇ ਉਪਮਾ ਨੂੰ ਵੀ ਸੱਟ ਲੱਗੀ। ਨਾ ਹੀ ਉਹ ਸਿੱਖਾਂ ਦੀਆਂ ਨਜ਼ਰਾਂ 'ਚ ਪਹਿਲਾਂ ਵਾਲਾ ਸਥਾਨ ਪ੍ਰਾਪਤ ਕਰ ਸਕਿਆ ਤੇ ਨਾ ਹੀ ਪਹਿਲਾਂ ਵਰਗੀਆਂ ਅਰਥ-ਭਰਪੂਰ ਜਿੱਤਾਂ ਪ੍ਰਾਪਤ ਕਰ ਸਕਿਆ। ਇਸ ਉਪਰੰਤ ਖਾਲਸਾ ਪੰਥ ਵਿਚਲੇ ਉਸਦੇ ਵਿਰੋਧੀ, ਬਾਬਾ ਬਿਨੋਦ ਸਿੰਘ, ਕਾਹਨ ਸਿੰਘ, ਬਾਜ ਸਿੰਘ ਅਤੇ ਦੂਸਰੇ ਵੀ, ਅਕਸਰ ਉਸਦੀ ਸਰਬਉਚਤਾ ਨੂੰ ਚੁਣੌਤੀ ਦੇਣ ਲਗ ਪਏ ਸਨ ਅਤੇ ਦੋ ਮੌਕਿਆਂ ਤੇ ਤਾਂ ਬਾਬਾ ਬਿਨੋਦ ਸਿੰਘ ਨੇ ਉਸਨੂੰ ਮਾਰਨ ਲਈ ਆਪਣੀ ਤਲਵਾਰ ਵੀ ਸੂਤ ਲਈ ਸੀ। ਕੀ ਲੋਹਗੜ ਦੀ ਹਾਰ ਤੋਂ ਪਹਿਲਾਂ ਅਜਿਹਾ ਸੰਭਵ ਸੀ ? ਜੇਕਰ ਬੰਦੇ ਵਿਚ ਲੀਡਰਾਂ ਵਾਲੀ ਤੀਖਣ ਬੁੱਧੀ ਅਤੇ ਸਿਆਣਪ ਹੁੰਦੀ ਤਾਂ ਉਹ ਇਸ ਹਾਰ ਕਾਰਨ ਹੋਏ ਇਸ ਨੁਕਸਾਨ ਦੀ ਭਰਪਾਈ ਕਰ ਦੁਬਾਰਾ ਖੁਦ ਨੂੰ ਖਾਲਸੇ ਦਾ ਨਿਰਵਿਵਾਦ ਨੇਤਾ ਸਥਾਪਤ ਕਰ ਲੈਂਦਾ। ਪਰ ਅਜਿਹਾ ਨਹੀਂ ਹੋਇਆ ਸਗੋਂ ਕਈ ਟੋਲੇ ਬੇਸ਼ਰਮੀ ਦੀਆਂ ਸਭ ਹੱਦਾਂ ਟੱਪ ਉਸ ਨਾਲੋਂ ਵੱਖ ਹੋ ਕੇ ਆਪਣੇ ਤੌਰ ਤੇ ਹੀ ਪੇਂਡੂ ਇਲਾਕਿਆਂ ਵਿਚ ਲੁਟਮਾਰ ਕਰਨ ਲਗ ਪਏ ਅਤੇ ਬਾਬਾ ਬਾਜ ਸਿੰਘ ਵੀ ਅਜਿਹੇ ਟੋਲਿਆਂ ਵਿਚ ਸ਼ਾਮਲ ਸੀ।

ਲੋਹਗੜ ਤੋਂ ਬੱਚ ਕੇ ਨਿਕਲਣ ਉਪਰੰਤ ਬੰਦਾ ਕਿਧਰ ਗਿਆ ? ਬੰਦੇ ਨੂੰ ਸ਼੍ਰੀਨਗਰ (ਗੜਵਾਲ) ਅਤੇ ਸਿਰਮੌਰ ਦੇ ਰਾਜਿਆਂ ਉਪਰ ਕੋਈ ਵਿਸ਼ਵਾਸ ਨਹੀਂ ਸੀ। ਉਸਨੂੰ ਪਤਾ ਸੀ ਕਿ ਇਹਨਾਂ ਨਾਲ ਜਾਂ ਕਿਸ ਹੋਰ ਰਾਜਪੂਤ ਪਹਾੜੀ ਰਾਜੇ ਨਾਲ ਜੇ ਉਸਨੇ ਸੰਪਰਕ ਕਰਨ ਦੀ

ਕੋਸ਼ਿਸ਼ ਕੀਤੀ ਤਾਂ ਉਸਨੂੰ ਫੜ ਲਿਆ ਜਾਵੇਗਾ ਜਾਂ ਉਸ ਨਾਲ ਛੱਲ ਕਪਟ ਕੀਤਾ ਜਾਵੇਗਾ ਕਿਉਂਕਿ ਇਹ ਸਭ ਮੁਗਲ ਬਾਦਸ਼ਾਹ ਤੋਂ ਮੌਤ ਵਰਗਾ ਭੈਅ ਖਾਂਦੇ ਸਨ। ਉਹ ਸੰਘਣੇ ਜੰਗਲਾਂ ਵਿਚੋਂ ਦੀ ਹੁੰਦਾ ਹੋਇਆ ਮਾਜਰੇ ਪਹੁੰਚਿਆ ਅਤੇ ਫਿਰ ਉਥੋਂ ਨਾਹਨ ਨੂੰ ਇਕ ਪਾਸੇ ਛੱਡਦਾ ਹੋਇਆ ਵਾਇਆ ਦਦਾਹੂ, ਸਰਾਹਾ, ਨਹਿਨਾ ਆਦਿ ਰਾਹੀ ਹੁੰਦਾ ਹੋਇਆ ਸਬਾਟੂ ਪਹੁੰਚ ਗਿਆ। ਉਥੋਂ ਕੁੰਡੂ ਹੁੰਦਾ ਹੋਇਆ ਉਹ ਆਪਣੀ ਮੰਜ਼ਿਲ ਕਰਤਾਰਪੁਰ ਪਹੁੰਚ ਗਿਆ । ਕੇਸ਼ੋ ਰਾਮ ਹਰਕਾਰੇ ਨੇ 11 ਦਸੰਬਰ 1710 ਨੂੰ ਬਾਦਸ਼ਾਹ ਨੂੰ ਖਬਰ ਦਿਤੀ ਕਿ ਬਾਗੀ ਗੁਰੂ ਨਾਹਨ ਦੇ ਜਿਮੀਂਦਾਰ ਦੇ ਇਲਾਕੇ ਤੋਂ ਪਾਰ 30 ਕੋਸ ਅੱਗੇ ਪਹੁੰਚ ਗਿਆ ਹੈ। ਇੰਝ ਲਗਦਾ ਹੈ ਕਿ ਜਦੋਂ ਕੇਸ਼ੋ ਰਾਮ ਨੂੰ ਆਪਣੇ ਸੂਹੀਏ ਤੋਂ ਇਹ ਖਬਰ ਮਿਲੀ ਉਸ ਸਮੇਂ ਬੰਦਾ ਕੁੰਡੂ ਦੇ ਲਾਗੇ ਸੀ।

ਵਿਚਾਰਨ ਵਾਲੀ ਗੱਲ ਇਹ ਹੈ ਕਿ ਕਿਉਂ ਕੇਵਲ ਰਾਜਪੂਤ ਰਾਜੇ ਭੂਪ ਪ੍ਰਕਾਸ਼ ਨੂੰ ਹੀ ਸਰਵਜਨਕ ਤੌਰ ਤੇ ਬੇਇਜ਼ਤ ਕੀਤਾ ਗਿਆ ਅਤੇ ਉਸ ਨਾਲ ਸਖਤੀ ਕੀਤੀ ਗਈ। ਇਸਦਾ ਕਾਰਨ ਕੇਵਲ ਬੰਦੇ ਦਾ ਉਸਦੀ ਰਿਆਸਤ ਰਾਹੀਂ ਬੱਚ ਕੇ ਨਿਕਲ ਜਾਣਾ ਨਹੀਂ ਹੋ ਸਕਦਾ। ਗੜਵਾਲ-ਕਮਾਊਂ ਦੀਆਂ ਪਹਾੜੀਆਂ ਰਾਹੀਂ ਵੀ ਵੱਡੀ ਗਿਣਤੀ ਵਿਚ ਸਿੱਖ ਬੱਚ ਕੇ ਨਿਕਲ ਗਏ ਸਨ ਜੋ ਕਿ ਅੱਗੇ ਬਰੇਲੀ ਅਤੇ ਮੋਰਾਦਾਬਾਦ ਵੱਲ ਨਿਕਲ ਗਏ।ਪਰ ਇਹਨਾਂ ਇਲਾਕਿਆਂ ਦੇ ਰਾਜਿਆਂ ਫਤਿਹ ਸ਼ਾਹ ਅਤੇ ਗਿਆਨ ਚੰਦ ਨੂੰ ਅਣਗਹਿਲੀ ਵਰਤਣ ਕਾਰਨ ਕਿਉਂ ਸਜਾ ਨਹੀਂ ਦਿਤੀ ਗਈ ? ਪ੍ਰਤੱਖ ਤੌਰ ਤੇ ਇਸ ਅਫਵਾਹ ਨੇ ਕਿ ਭੂਪ ਪ੍ਰਕਾਸ਼ ਦੀ ਮਿਲੀ ਭੁਗਤ ਕਾਰਨ ਉਸਨੇ ਆਪਣੇ ਇਲਾਕੇ ਰਾਹੀ ਸਿੱਖਾਂ ਨੂੰ ਸੋਨੇ ਦੇ ਸਿੱਕਿਆਂ ਨਾਲ ਲੱਦੇ ਚਾਲੀ ਊਠਾਂ ਸਮੇਤ ਲੰਘਾ ਦਿਤਾ ਹੈ, ਬਾਦਸ਼ਾਹ ਨੂੰ ਅੱਗ ਬਬੂਲਾ ਕਰ ਦਿਤਾ ਸੀ। ਇੰਝ ਲਗਦਾ ਹੈ ਕਿ ਸ਼ੰਕਾ ਇਹ ਕੀਤੀ ਗਈ ਕਿ ਜਾਂ ਤਾਂ ਰਾਜੇ ਨੇ ਰਿਸ਼ਵਤ ਖਾਧੀ ਹੈ ਜਾਂ ਇਹ ਦੌਲਤ ਉਸ ਕੋਲ ਜਮਾਂ ਹੈ। ਸੰਭਵਤਾ ਇਸ ਰਕਮ ਨੂੰ ਵਸੂਲਣ ਦੀ ਮਨਸ਼ਾ ਨਾਲ ਹੀ ਭੂਪ ਪ੍ਰਕਾਸ਼ ਨਾਲ ਅਸਾਧਾਰਣ ਸਖਤੀ ਕੀਤੀ ਗਈ। ਪਰ ਇਹ ਗੱਲ ਮੰਨਣੀ ਪਏਗੀ ਕਿ ਹੋਰ ਨੁਕਸਾਂ ਦੇ ਬਾਵਜੂਦ ਵੀ ਬਾਦਸ਼ਾਹ ਬਹਾਦਰ ਸ਼ਾਹ ਇਕ ਖੁਲ ਦਿਲਾ ਇਨਸਾਨ ਸੀ ਅਤੇ ਛੇਤੀ ਹੀ ਉਸਦਾ ਗੁੱਸਾ ਉਤਰ ਜਾਂਦਾ ਸੀ। ਇਥੇ ਇਹ ਦੱਸਣਾ ਮੁਨਾਸਿਬ ਰਹੇਗਾ ਕਿ ਉਸਨੇ 10 ਦਸੰਬਰ 1710 ਨੂੰ ਹੁਕਮ ਜਾਰੀ ਕੀਤਾ ਸੀ ਕਿ ਸਿੱਖ ਜਿਥੇ ਵੀ ਮਿਲਣ ਉਹਨਾਂ ਨੂੰ ਕਤਲ ਕਰ ਦਿਤਾ ਜਾਵੇ। ਇੱਕ ਹਫਤੇ ਬਾਅਦ ਹੀ ਉਸ ਨੂੰ ਆਪਣੀ ਇਸ ਅਹਿਮਕਾਨਾ ਕਾਰਵਾਈ ਦਾ ਅਹਿਸਾਸ ਹੋਇਆ ਤਾਂ ਉਸਨੇ ਆਪਣਾ ਇਹ ਹੁਕਮ ਵਾਪਸ ਲੈ ਲਿਆ ਅਤੇ ਹੁਕਮ ਕੀਤਾ "ਕੈਦ ਵਿਚ ਬੰਦ ਸਭ ਨਾਨਕ ਪੂਜਾ (ਭਾਵ ਸਿੱਖਾਂ) ਨੂੰ ਤੁਰੰਤ ਅਜ਼ਾਦ ਕਰ ਦਿਤਾ ਜਾਵੇ ਅਤੇ ਅੱਗੋਂ ਲਈ ਨਾਨਕ ਦੇ ਚੇਲਿਆਂ ਨੂੰ ਕੇਵਲ ਉਹਨਾਂ ਦੇ ਧਾਰਮਿਕ ਅਕੀਦਿਆਂ ਕਾਰਨ ਹੀ ਦੋਸ਼ੀ ਨਾ ਸਮਝਿਆ ਜਾਵੇ। ਨਾ ਹੀ ਨਾਨਕ ਪੂਜਾ ਤੋਂ, ਬੇਸ਼ੱਕ ਉਹ ਆਪਣੇ ਧਰਮ ਦਾ ਖੁੱਲੇ ਰੂਪ ਵਿਚ ਪ੍ਰਗਟਾਵਾ ਵੀ ਕਰਦੇ ਹੋਣ, ਦੁਗਣੇ ਰੇਟ ਤੇ ਜੱਜੀਆ ਲਿਆ ਜਾਵੇ।"

ਡਾ. ਗੰਡਾ ਸਿੰਘ ਭਾਵੇਂ ਜੋ ਮਰਜੀ ਸਫਾਈ ਦੇਈ ਜਾਵੇ ਪਰ ਲੋਹਗੜ ਦੀ ਹਾਰ ਨੇ ਇਕ ਗੱਲ ਨਿਸ਼ਚਿਤ ਤੌਰ ਤੇ ਪ੍ਰਮਾਣਿਤ ਕਰ ਦਿਤੀ ਕਿ ਮੁਗਲ ਸਲਤਨਤ, ਆਪਣੀ ਕਮਜ਼ੋਰ ਸਥਿਤੀ ਦੇ ਬਾਵਜੂਦ ਵੀ, ਹਾਲੇ ਇੰਨਾ ਕੁ ਦਮ ਰਖਦੀ ਸੀ ਕਿ ਉਸਦੀ ਪ੍ਰਭੂਸੱਤਾ ਨੂੰ ਅੰਦਰੂਨੀ ਤੌਰ ਤੇ ਚੁਣੌਤੀ ਦੇਣ ਵਾਲੇ ਕਿਸੇ ਵੀ ਵਿਰੋਧ ਨੂੰ ਦਬਾ ਸਕੇ । ਪਰ ਬੰਦੇ ਦੀ ਵਡਿਆਈ ਉਸ ਦੀ ਇਸ ਖੂਬੀ ਵਿਚ ਸੀ ਕਿ ਸਾਰੀਆਂ ਔਕੜਾਂ ਦੇ ਬਾਵਜੂਦ ਉਸਨੇ ਆਪਣਾ ਸੰਘਰਸ਼ ਜਾਰੀ ਰੱਖਿਆ।

ਲੋਹਗੜ੍ਹ ਦੀ ਹਾਰ ਦੇ ਬਾਵਜੂਦ ਵੀ ਬੰਦਾ ਹਥਿਆਰ ਤਿਆਗ ਕੇ ਆਪਣੀ ਜ਼ਿੰਦਗੀ ਏਕਾਂਤ ਵਿਚ ਸ਼ਾਂਤੀ ਨਾਲ ਗੁਜਾਰਨ ਦਾ ਇਰਾਦਾ ਨਹੀਂ ਰੱਖਦਾ ਸੀ। ਉਹ ਤਾਂ ਰਣਭੂਮੀ ਵਿਚ ਹੀ ਸ਼ਹਾਦਤ ਪਾਉਣ ਲਈ ਦ੍ਰਿੜ ਸੀ ਕਿਉਂਕਿ ਇਕ ਸਮਰਪਤ ਯੋਧੇ ਲਈ ਮੁਕਤੀ (ਮੋਕਸ਼) ਪ੍ਰਾਪਤ ਕਰਨ ਦਾ ਇਹੋ ਇਕ ਰਾਹ ਹੈ। ਗੀਤਾ ਦਾ ਫਲਸਫਾ ਵੀ ਕਹਿੰਦਾ ਹੈ ਰਣਭੂਮੀ ਵਿਚ ਜੇਕਰ ਸ਼ਹੀਦ ਹੋ ਗਿਆ ਤਾਂ ਸਵਰਗ ਮਿਲੇਗਾ ਤੇ ਜੇਕਰ ਜੇਤੂ ਰਿਹਾ ਤਾਂ ਦੁਨਿਆਵੀ ਸੁੱਖ ਭੋਗੇਂਗਾ।

ਕੀਰਤਪੁਰ ਪਹੁੰਚ ਬੰਦੇ ਨੂੰ ਅਹਿਸਾਸ ਹੋਇਆ ਕਿ ਸਾਧਨ ਅਤੇ ਸੈਨਿਕ ਦੋਵਾਂ ਪੱਖਾਂ ਤੋਂ ਹੀ ਉਹਨੂੰ ਡਾਹਢੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੋ ਉਸਨੇ ਸਿੱਖ ਸੰਗਤਾਂ ਦੇ ਨਾਉਂ ਹੁਕਮਨਾਮੇ ਭੇਜੇ ਕਿ ਗੱਭਰੂ ਹਥਿਆਰ ਬੰਦ ਹੋ ਕੇ ਉਸ ਕੋਲ ਕੀਰਤਪੁਰ ਆ ਪਹੁੰਚਣ। 12 ਪੋਹ ਬਿਕ੍ਰਮੀ 1767 (ਦਸੰਬਰ 1710) ਦਾ ਉਸ ਵਲੋਂ ਜੋਨਪੁਰ (ਉਤਰ ਪ੍ਰਦੇਸ਼) ਦੀ ਸੰਗਤ ਦੇ ਨਾਉਂ ਲਿਖਿਆ ਹੁਕਮਨਾਮਾ ਇੰਝ ਹੈ :

(ਮੋਹਰ) ਦੇਗੋ ਤੇਗੋ ਫਤਿਹ ਨੁਸਰਤ-ਬੇ-ਦਰੰਗ

ਯਾਫਤ ਅਜ ਨਾਨਕ-ਗੁਰੂ ਗੋਬਿੰਦ ਸਿੰਘ

੧ਓ ਫਤੇ ਦਰਸ਼ਨੁ

ਸਿਰੀ ਸੱਚੇ ਸਾਹਿਬ ਜੀ ਕਾ ਹੁਕਮ ਹੈ ਸਰਬਤ ਖਾਲਸਾ ਜਉਨ ਪੁਰ ਕਾ ਗੁਰੂ ਰੱਖੇਗਾ ਗੁਰੂ ਗੁਰੂ ਜਪਣਾ ਜਨਮੁ ਸਵਰੈਗਾ ਤੁਸੀਂ ਸਿਰੀ ਅਕਾਲ ਪੁਰਖ ਜੀ ਕਾ ਖਾਲਸਾ ਹੋ ਪੰਜ ਹਥੀਆਰ ਬਨਿ ਕੈ ਹੁਕਮੁ ਦੇਖਦਿਆਂ ਦਰਸਨਿ ਆਵਣਾ ਖਾਲਸੇ ਦੀ ਰਹਤ ਰਹਣਾ ਭੰਗ ਤਮਾਕੂ ਹਫੀਮ ਪੋਸਤੁ ਦਾਰੂ ਅਮਲੁ ਕੋਈ ਨਹੀਂ ਖਾਣਾ ਮਾਸੁ ਮਛਲੀ ਪਿਆਜੁ ਨਾਹੀ ਖਾਣਾ ਚੋਰੀ ਜਾਰੀ ਨਾਹੀ ਕਰਣੀ ਅਸਾਂ ਸਤ ਜੁਗੁ ਵਰਤਾਇਆ ਹੈ ਆਪ ਵਿਚਿ ਪਿਆਰ ਕਰਣਾ ਮੇਰਾ ਹੁਕਮ ਹੈ ਜੋ ਖਾਲਸੇ ਦੀ ਰਹਤ ਰਹੇਗਾ ਤਿਸ ਦੀ ਗੁਰੂ ਬਾਹੁੜੀ ਕਰੇਗਾ ਮਿਤੀ ਪੋਹੋ ੧੨ ਸੰਮਤ ਪਹਿਲਾ ੧ ਸਤਰਾ ਦਸ ੧੦

ਬੰਦਾ ਬਹਾਦਰ ਦੇ ਇਹਨਾਂ ਹੁਕਮਨਾਮਿਆਂ ਦਾ ਸਿੱਖਾਂ ਨੇ ਭਰਪੂਰ ਹੁੰਗਾਰਾ ਭਰਿਆ। ਵੱਖ ਵੱਖ ਇਲਾਕਿਆਂ ਤੋਂ ਸਿੱਖ ਵੱਡੀ ਗਿਣਤੀ ਵਿਚ ਹਥਿਆਰਬੰਦ ਹੋ ਕੇ ਕੀਰਤਪੁਰ ਆਣ ਜੁੜੇ। ਉਹ ਸਭ ਜਾਬਰ ਮੁਗਲ ਹਕੂਮਤ ਨਾਲ ਟੱਕਰ ਲੈਣ ਲਈ ਤਿਆਰ ਸਨ। ਇਸ ਨਾਲ ਬੰਦੇ ਦਾ ਵੀ ਕੁਦਰਤੀ ਤੌਰ ਤੇ ਬਹੁਤ ਹੌਸਲਾ ਵਧਿਆ। ਰਾਜਪੂਤ ਪਹਾੜੀ ਰਾਜਿਆਂ ਦੇ ਵਿਰੋਧ ਅਤੇ ਗਦਾਰੀ ਕਾਰਨ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਛੱਡਣਾ ਪਿਆ ਸੀ, ਉਹਨਾਂ ਦਾ ਪ੍ਰੀਵਾਰ ਵੀ ਖੇਰੂ ਖੇਰੂ ਹੋ ਗਿਆ ਸੀ, ਚਾਰੇ ਸਾਹਿਬਜ਼ਾਦੇ ਸ਼ਹਾਦਤ ਪ੍ਰਾਪਤ ਕਰ ਗਏ, ਬਿਰਧ ਮਾਤਾ ਜੀ ਪ੍ਰਾਣ ਤਿਆਗ ਗਏ ਸਨ ਅਤੇ ਆਪ ਉਹਨਾਂ ਨੂੰ ਲੰਬੇ ਸਮੇਂ ਤੱਕ ਥਾਂ ਥਾਂ ਭੱਟਕਣਾ ਪਿਆ ਸੀ। ਸੋ ਬੰਦੇ ਨੇ ਇਹਨਾਂ ਪਹਾੜੀ ਰਾਜਿਆਂ ਉਪਰ ਚੜ੍ਹਾਈ ਦਾ ਫੈਸਲਾ ਕੀਤਾ। ਮੈਕਾਲਿਫ ਲਿਖਦਾ ਹੈ "ਗੁਰੂ ਜੀ ਨੇ ਬੰਦੇ ਕੋਲ ਇਛਾ ਜ਼ਾਹਿਰ ਕੀਤੀ ਸੀ ਕਿ ਸਰਹਿੰਦ ਦੇ ਸੂਬੇਦਾਰ ਵਜੀਰ ਖਾਨ ਨੂੰ ਸੋਧਣ ਉਪਰੰਤ ਪਹਾੜੀ ਰਾਜਿਆਂ ਨੂੰ, ਜਿਹਨਾਂ ਨੇ ਕਿ ਗੁਰੂ ਸਾਹਿਬ ਵਿਰੁੱਧ ਅਕਸਰ ਜਾਲਮਾਨਾ ਵਧੀਕੀਆਂ ਕੀਤੀਆਂ ਸਨ, ਉਹੀ ਸਬਕ ਸਿੱਖਾਈ ਜੋ ਖਾਲਸੇ ਦੇ ਮੁਗਲ ਦੁਸ਼ਮਣਾਂ ਨੂੰ ਸਿਖਾਏਂਗਾ।" ਗੁਰੂ ਜੀ ਦੀ ਇਸ ਆਗਿਆ ਦੇ ਪਾਲਣ ਵਿਚ ਕੁਝ ਦੇਰੀ ਹੋ ਗਈ ਸੀ। ਭੀਮ ਚੰਦ ਕਹਿਲੂਰੀਆ (ਬਿਲਾਸਪੁਰ ਵਾਲਾ) ਜਿਹੜਾ ਕਿ

ਗੁਰੂ ਜੀ ਦੇ ਬਚਪਨ ਦੇ ਦਿਨਾਂ ਤੋਂ ਹੀ ਉਹਨਾਂ ਦਾ ਦੋਖੀ ਸੀ ਕੁਦਰਤੀ ਤੌਰ ਤੇ ਬੰਦੇ ਦਾ ਪਹਿਲਾ ਨਿਸ਼ਾਨਾ ਸੀ। ਬੰਦੇ ਨੇ ਭੀਮ ਚੰਦ ਨੂੰ ਅਲਟੀਮੇਟਮ ਦਿਤਾ ਕਿ ਉਹ ਈਨ ਮੰਨ ਲਵੇ। ਇਸ ਸਮੇਂ ਤੀਕਰ ਗੰਭੀਰ ਦਿਮਾਗੀ ਬਿਮਾਰੀ ਕਾਰਨ ਭੀਮ ਚੰਦ ਦੀ ਜਗ੍ਹਾ ਉਸਦਾ ਪੁਤਰ ਅਜਮੇਰ ਚੰਦ ਗੱਦੀ ਤੇ ਬੈਠ ਚੁੱਕਾ ਸੀ। ਲੋਹਗੜ ਦੀ ਹਾਰ ਦਾ ਨਤੀਜਾ ਸੀ ਕਿ ਅਜਮੇਰ ਚੰਦ ਨੇ ਇਸ ਅਲਟੀਮੇਟਮ ਵੱਲ ਕੋਈ ਧਿਆਨ ਨਾ ਦਿਤਾ ਅਤੇ ਬੰਦੇ ਦੀ ਇਸ ਵੰਗਾਰ ਦਾ ਸਾਹਮਣਾ ਕਰਨ ਲਈ ਬਿਲਾਸਪੁਰ ਦੇ ਕਿਲ੍ਹੇ ਨੂੰ ਮਜ਼ਬੂਤ ਕਰਨ ਅਤੇ ਇਸ ਵਿਚ ਮਾਲ ਸਬਾਬ ਜਮਾਂ ਕਰਨ ਦੀਆਂ ਕਾਰਵਾਈਆਂ ਸ਼ੁਰੂ ਕਰ ਦਿਤੀਆਂ। ਗੁਆਂਢੀ ਰਾਜਿਆਂ ਅਤੇ ਜਲੰਧਰ ਦੁਆਬ ਦੇ ਮੁਸਲਮਾਨ ਜਿਮੀਂਦਾਰਾਂ ਨੇ ਵੀ ਅਜਮੇਰ ਚੰਦ ਦੀ ਸੈਨਿਕ ਸਹਾਇਤਾ ਕੀਤੀ। ਇਸਦੇ ਬਾਵਜੂਦ ਵੀ ਸਿੰਘ ਪਹਿਲੇ ਹੱਲੇ ਹੀ ਕਿਲ੍ਹੇ ਵਿਚ ਜਾ ਵੜੇ ਅਤੇ ਕਰੀਬ 1300 ਮੀਆਂ ਰਾਜਪੂਤਾਂ ਨੂੰ ਮੌਤ ਦੇ ਘਾਟ ਉਤਾਰ ਦਿਤਾ। ਬਿਲਾਸਪੁਰ ਸ਼ਹਿਰ ਨੂੰ ਲੁਟ ਲਿਆ ਗਿਆ ਸੀ ਅਤੇ ਇਥੋਂ ਚੋਖਾ ਮਾਲ ਸਬਾਬ ਵੀ ਪ੍ਰਾਪਤ ਹੋਇਆ ਸੀ। ਅਜਮੇਰ ਚੰਦ ਨਾਲ ਜੋ ਹੋਇਆ ਉਸ ਤੋਂ ਬਾਕੀ ਪਹਾੜੀ ਰਾਜਿਆਂ ਨੇ ਇਹੀ ਸਿਖਿਆ ਲਿੱਤੀ ਕਿ ਸਿੰਘਾਂ ਦਾ ਵਿਰੋਧ ਕਰਕੇ ਸਿਰਫ ਬਰਬਾਦੀ ਹੀ ਸਹੇੜੀ ਜਾ ਸਕਦੀ ਸੀ। ਮੰਡੀ, ਕੁੱਲੂ ਅਤੇ ਚੰਬੇ ਦੇ ਰਾਜਿਆਂ ਨੇ ਬਿਨਾਂ ਕਿਸੇ ਹੀਲ ਹੁੱਜਤ ਦੇ ਬੰਦੇ ਦੀ ਈਨ ਮੰਨ ਲਈ ।ਡਾ. ਗੋਪਾਲ ਲਿਖਦਾ ਹੈ "ਚੰਬੇ ਦੇ ਰਾਜਾ ਉਦੇ ਸਿੰਘ ਨੇ ਤਾਂ ਸ਼ਾਹੀ ਘਰਾਣੇ ਦੀ ਇਕ ਲੜਕੀ ਦੀ ਸ਼ਾਦੀ ਬੰਦੇ ਨਾਲ ਕਰ ਦਿਤੀ । ਇਸ ਸ਼ਾਦੀ ਵਿਚੋਂ ਉਸ ਦੇ ਘਰ ਇਕ ਪੁੱਤਰ ਪੈਦਾ ਹੋਇਆ ਜਿਸ ਦਾ ਨਾਂ ਅਜੈ ਸਿੰਘ ਰੱਖਿਆ ਗਿਆ।" ਬੰਦੇ ਦੀ ਇਸ ਦੁੱਲਹਨ ਦੇ ਹੁਸਨ ਦਾ ਬਿਆਨ ਕਰਦਾ ਮੈਕਾਲਿਫ ਤਾਂ ਬਹੁਤ ਹੀ ਭਾਵੁਕਤਾ ਨਾਲ ਲਿਖਦਾ ਹੈ "ਚੰਬੇ ਦੇ ਰਾਜੇ ਨੇ ਬੰਦੇ ਨਾਲ ਸੁਲਹਾ ਕਰਨ ਦੀ ਨੀਯਤ ਨਾਲ ਇਕ ਬੇਹੱਦ ਖ਼ੂਬਸੂਰਤ ਲੜਕੀ ਉਸਨੂੰ ਪੇਸ਼ ਕੀਤੀ। ਉਸ ਦੀਆਂ ਵੱਡੀਆਂ ਵੱਡੀਆਂ ਅੱਖਾਂ ਸਨ, ਸ਼ਾਨਦਾਰ ਅਤੇ ਨਾਜ਼ੁਕ ਅੰਗ ਸਨ ਅਤੇ ਉਤਸ਼ਾਹੀ ਇਤਿਹਾਸਕਾਰਾਂ ਨੇ ਤਾਂ ਉਸ ਨੂੰ ਸਾਕਾਰ ਪਿਆਰ ਦੀ ਦੇਵੀ ਆਖਿਆ ਹੈ। ਉਸਨੂੰ ਵੇਖ ਬੰਦਾ ਵਿਲਾਸਤਾ ਦੇ ਸਮੁੰਦਰ ਵਿਚ ਡੁੱਬ ਗਿਆ ਅਤੇ ਇਹ ਵੀ ਭੁੱਲ ਗਿਆ ਕਿ ਸੰਜਮ ਖੋਣ ਕਾਰਨ ਉਸ ਨਾਲ ਕੀ ਵਾਪਰੇਗਾ।" ਲੜਕੀ ਦੀ ਖ਼ੂਬਸੂਰਤੀ ਬਾਰੇ ਤਾਂ ਕੋਈ ਸ਼ੱਕ ਨਹੀਂ ਹੈ ਪਰ ਦਿਤਾ ਗਿਆ ਵਿਵਰਣ ਤੱਤ ਖਾਲਸਾ ਵਾਲੀ ਬੋਲੀ ਬੋਲਦਾ ਹੈ। ਮੈਦਾਨਾਂ ਵਿਚ ਰਾਏਪੁਰ, ਬਹਿਰਾਮਪੁਰ, ਕਲਾਨੌਰ ਅਤੇ ਬਟਾਲੇ ਉਤੇ ਚੜਾਈ ਕਰਨ ਤੋਂ ਪਹਿਲਾਂ ਬੰਦੇ ਨੂੰ ਕੁਝ ਮਹੀਨੇ ਜੰਮੂ ਦੀਆਂ ਪਹਾੜੀਆਂ ਵਿਚ ਜਾ ਕੇ ਛੁਪਣਾ ਪਿਆ ਕਿਉਂਕਿ ਮੁਗਲ ਫੌਜ ਦਾ ਦਬਾਅ ਬਹੁਤ ਵਧ ਗਿਆ ਸੀ। ਸ਼ਹਿਰਾਂ ਤੇ ਹੱਲਾ ਕਰਕੇ ਲੁਟ-ਮਾਰ ਕਰ ਜਲਦੀ ਜਲਦੀ ਵਾਪਸ ਮੁੜ ਜਾਣਾ ਸਾਰੀ ਦੁਨੀਆ ਦੇ ਛਾਪਾ-ਮਾਰ ਯੁੱਧ ਦੀ ਤਕਨੀਕ ਹੈ। ਸੋ ਬੰਦੇ ਦੁਆਰਾ ਵਾਪਸ ਪਹਾੜਾਂ ਨੂੰ ਮੁੜ ਜਾਣਾ ਕੋਈ ਅਸਾਧਾਰਣ ਗਲ ਨਹੀਂ ਸੀ।

ਪਰ ਇਹਨਾਂ ਹੱਲਿਆਂ ਵਿਚ ਜਿਹੜੀ ਗਲ ਸਾਹਮਣੇ ਆਈ ਉਹ ਇਹ ਹੈ ਕਿ ਬੰਦੇ ਦਾ ਮੁਸਲਮਾਨਾਂ ਪ੍ਰਤੀ ਵਤੀਰਾ ਬਹੁਤ ਨਰਮ ਹੋ ਗਿਆ ਸੀ। ਮੁਸਲਮਾਨਾਂ ਪ੍ਰਤੀ ਪਾਗਲਪਣ ਦੀ ਹੱਦ ਤਕ ਦੀ ਨਫਰਤ ਉਤੇ ਉਸਨੇ ਕਾਬੂ ਪਾ ਲਿਆ ਸੀ ਅਤੇ ਉਹਨਾਂ ਦੇ ਮਨਾਂ ਵਿਚ ਭਰੋਸਾ ਪੈਦਾ ਕਰਨ ਦੇ ਯਤਨ ਅਰੰਭ ਦਿਤੇ ਸਨ। ਹਿਦਾਇਤ ਉਲਾ ਖਾਨ ਰਾਹੀ ਭਗਵਤੀ ਦਾਸ ਹਰਕਾਰੇ ਦੀ ਸੂਹੀਆ ਰਿਪੋਰਟ, ਜੋ ਕਿ ਬਾਦਸ਼ਾਹ ਦੇ ਹਜ਼ੂਰ 28 ਅਪ੍ਰੈਲ 1711 ਨੂੰ

ਪੇਸ਼ ਕੀਤੀ ਗਈ ਕਹਿੰਦੀ ਹੈ "ਨਾਨਕ-ਪੂਜਾ ਦਾ ਬਾਗੀ ਗੁਰੂ 26 ਅਪ੍ਰੈਲ ਤੱਕ ਕਲਾਨੌਰ ਠਹਿਰਿਆ ਹੋਇਆ ਸੀ । ਉਸਨੇ ਕਸਮ ਖਾ ਕੇ ਵਾਅਦਾ ਕੀਤਾ ਹੈ ਕਿ ਉਹ ਨਾ ਤਾਂ ਮੁਸਲਮਾਨਾਂ ਨੂੰ ਕੋਈ ਨੁਕਸਾਨ ਪਹੁੰਚਾਏਗਾ ਅਤੇ ਨਾ ਹੀ ਉਹਨਾਂ ਨੂੰ ਦੁਖੀ ਕਰੇਗਾ। ਜਿਹੜੇ ਵੀ ਮੁਸਲਮਾਨ ਉਸ ਲਈ ਕੰਮ ਕਰਦੇ ਹਨ ਉਹਨਾਂ ਨੂੰ ਚੰਗੀ ਤਨਖਾਹ ਅਤੇ ਦਿਹਾੜੀ ਦਿਤੀ ਜਾਂਦੀ ਹੈ ਅਤੇ ਉਹਨਾਂ ਦਾ ਪੂਰਾ ਖਿਆਲ ਰੱਖਿਆ ਜਾਂਦਾ ਹੈ। ਉਹਨਾਂ ਨੂੰ ਬਿਨਾਂ ਕਿਸੇ ਭੈਅ ਜਾਂ ਦਖਲ ਅੰਦਾਜੀ ਦੇ, ਜਿਵੇਂ ਵੀ ਉਹ ਚਾਹੁਣ ਨਮਾਜ ਅਤੇ ਖੁਤਬਾ ਪੜ੍ਹਨ ਦੀ ਅਜ਼ਾਦੀ ਹੈ। ਨਤੀਜੇ ਵੱਜੋਂ ਪੰਜ ਹਜ਼ਾਰ ਮੁਸਲਮਾਨ ਉਸਦੀ ਫੌਜ ਵਿਚ ਭਰਤੀ ਹੋ ਕੇ ਮਸਜਿਦਾਂ ਵਿਚ ਨਮਾਜ ਪੜ੍ਹਨ ਅਤੇ ਬਾਂਗ ਦੇਣ ਦੀ ਅਜ਼ਾਦੀ ਦਾ ਅਨੰਦ ਮਾਣ ਰਹੇ ਸਨ।"

ਬਦਕਿਸਮਤੀ ਨਾਲ ਡਾ. ਗੰਡਾ ਸਿੰਘ ਤੱਤ ਖਾਲਸਾ ਦੁਆਰਾ ਬੰਦੇ ਬਾਰੇ ਘੜੀਆਂ ਗਈਆਂ ਕਰਾਮਾਤੀ ਕਹਾਣੀਆਂ ਵਿਚੋਂ ਕੁਝ ਇਕ ਨੂੰ ਆਪਣੀਆਂ ਲਿਖਤਾਂ ਵਿਚ ਸ਼ਾਮਲ ਕਰਨ ਤੋਂ ਆਪਣੇ ਆਪ ਨੂੰ ਰੋਕ ਨਹੀਂ ਸਕਿਆ।

ਉਹ ਲਿਖਦਾ ਹੈ ਕਿ ਮੰਡੀ ਤੋਂ ਬੰਦਾ ਕੁਲੂ ਵੱਲ ਨੂੰ ਹੋ ਗਿਆ ਪਰ ਸੁਲਤਾਨਪੁਰ ਵਿਚ ਉਸਨੂੰ ਰਾਜਾ ਮਾਨ ਸਿੰਘ ਨੇ ਪਕੜ ਲਿਆ। ਬਾਕੀ ਪਹਾੜੀ ਰਾਜਿਆਂ ਵਾਂਗ ਹੀ ਉਸਨੂੰ ਵੀ ਮੁਗਲ ਬਾਦਸ਼ਾਹ ਵੱਲੋਂ ਹਦਾਇਤਾਂ ਮਿਲੀਆਂ ਸਨ ਕਿ ਜੇਕਰ ਬੰਦਾ ਉਸ ਦੀ ਹਦੂਦ ਵਿਚ ਮਿਲ ਜਾਵੇ ਤਾਂ ਉਸਨੂੰ ਗ੍ਰਿਫਤਾਰ ਕਰਕੇ ਦਿੱਲੀ ਭੇਜ ਦਿਤਾ ਜਾਵੇ ਅਤੇ ਬਾਦਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾਣ। ਦੱਸਿਆ ਜਾਂਦਾ ਹੈ ਕਿ ਮਾਨ ਸਿੰਘ ਨੇ ਬੰਦੇ ਨੂੰ ਕੋਈ ਕਰਾਮਾਤ ਵਿਖਾਉਣ ਲਈ ਆਖਿਆ। ਇਸ ਤੇ ਬੰਦੇ ਨੇ ਆਪਣੀ ਦਾਹੜੀ ਹੱਥ ਵਿਚ ਫੜੀ ਤੇ ਉਹ ਬਹੁਤ ਵੱਧ ਗਈ। ਰਾਜਾ ਮਾਨ ਸਿੰਘ ਨੇ ਆਪਣੇ ਮੂੰਹ ਵਿਚੋਂ ਅੱਗ ਦੀ ਲਾਟ ਕੱਢੀ ਅਤੇ ਉਹ ਦਾਹੜੀ ਭਸਮ ਹੋ ਗਈ। ਫਿਰ ਬੰਦੇ ਨੂੰ ਲੋਹੇ ਦੇ ਪਿੰਜਰੇ ਵਿਚ ਪਾ ਦਿਤਾ ਗਿਆ ਤਾਂ ਜੋ ਉਸਨੂੰ ਬਾਦਸ਼ਾਹ ਦੇ ਬੰਦਿਆਂ ਦੇ ਸਪੁਰਦ ਕੀਤਾ ਜਾ ਸਕੇ। ਮੰਡੀ ਦੇ ਰਾਜਾ ਸਿੱਧ ਸੈਨ ਨੇ ਬੰਦੇ ਨੂੰ ਮੁਕਤ ਕਰਾਉਣ ਲਈ ਕੁਲੂ ਉਤੇ ਚੜ੍ਹਾਈ ਦੀ ਤਿਆਰੀ ਕਰ ਲਈ ਪਰ ਉਸਦੇ ਚੜ੍ਹਾਈ ਕਰਨ ਤੋਂ ਪਹਿਲਾਂ ਹੀ ਬੰਦਾ ਕਿਸੇ ਰਹੱਸਮਈ ਢੰਗ ਨਾਲ ਮੰਡੀ ਪੁੱਜ ਗਿਆ। ਅਸਲੀ ਕਹਾਣੀ ਵਿਚ ਕਿਹਾ ਗਿਆ ਹੈ ਕਿ ਬੰਦਾ ਪਿੰਜਰੇ ਸਮੇਤ ਕੁਲੂ ਤੋਂ ਉਡ ਕੇ ਮੰਡੀ ਪੁੱਜ ਗਿਆ। ਡਾ. ਗੰਡਾ ਸਿੰਘ ਨੇ ਕਹਾਣੀ ਦੇ ਇਸ ਪੱਖ ਨੂੰ ਬਦਲ ਕੇ ਆਖ ਦਿਤਾ ਕਿ ਬੰਦਾ ਕਿਸੇ ਰਹੱਸਮਈ ਢੰਗ ਨਾਲ ਮੰਡੀ ਪਹੁੰਚ ਗਿਆ। ਪ੍ਰਤੱਖ ਤੌਰ ਤੇ ਅਜਿਹੀਆਂ ਰਹੱਸਮਈ ਕਹਾਣੀਆਂ ਤੱਤ ਖਾਲਸਾ ਦੇ ਹਮਾਇਤੀਆਂ ਵੱਲੋਂ ਬੰਦੇ ਦਾ ਮੌਜੂ ਉਡਾਉਣ ਲਈ ਘੜੀਆਂ ਗਈਆਂ ਸਨ। ਡਾ. ਗੋਪਾਲ ਸਿੰਘ, ਇਕ ਸਿੱਖ ਇਤਿਹਾਸਕਾਰ ਦੇ ਹਵਾਲੇ ਨਾਲ ਲਿਖਦਾ ਹੈ "ਅਕਾਲ ਪੁਰਖ ਦੀ ਇਹੀ ਇੱਛਾ ਸੀ। ਇਹ ਚਮਤਕਾਰੀ ਮਨੁੱਖ ਹੁਣ ਇਸ ਦਰਦਨਾਕ ਸਥਿਤੀ ਵਿਚ ਪਹੁੰਚ ਗਿਆ ਸੀ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿਖਿਆਵਾਂ ਦੇ ਉਲਟ ਉਸਨੇ ਆਪਣੇ ਲੋਕਾਂ ਦੇ ਉਪਰ ਆਪਣੀ ਹਕੂਮਤ ਠੋਸ ਦਿਤੀ ਸੀ।"

ਜਿਵੇਂ ਪਹਿਲਾਂ ਵੀ ਲਿਖਿਆ ਜਾ ਚੁੱਕਾ ਹੈ ਮੁਗਲ ਅਹਿਲਕਾਰ ਬੰਦੇ ਤੋਂ ਬਹੁਤ ਭੈਅ-ਭੀਤ ਸਨ। ਇਥੋਂ ਤੱਕ ਕਿ ਜਦੋਂ ਉਹ ਉਹਨਾਂ ਦੀ ਕੈਦ ਵਿਚ ਸੀ ਤਾਂ ਵੀ ਇਕ ਮੁਗਲ ਸੈਨਿਕ ਨੂੰ ਉਸ ਨਾਲ ਬੱਧਾ ਹੋਇਆ ਸੀ ਤਾਂ ਜੋ ਜੇਕਰ ਉਹ ਬੱਚ ਨਿਕਲਣ ਦੀ ਕੋਸ਼ਿਸ਼ ਕਰੇ ਤਾਂ ਉਹ ਸੈਨਿਕ ਆਪਣਾ ਖੰਜਰ ਉਸਦੇ ਢਿੱਡ ਵਿਚ ਖੋਭ ਸਕੇ। ਇਤਿਹਾਸ ਲਿਖਣ ਵਾਲੇ ਤੱਤ

ਖਾਲਸਾ ਦੇ ਹਮਦਰਦ ਮੁਗਲ ਸਲਤਨਤ ਦੀ ਪੂਰੀ ਜਾਹੋ ਜਲਾਲ ਤੇ ਚੜਤ ਵਾਲੇ ਦਿਨਾਂ ਤੋਂ ਕਾਫੀ ਬਾਅਦ ਦੇ ਸਮੇਂ ਵਿਚ ਹੋਣ ਕਾਰਨ ਇਹ ਨਾ ਸਮਝ ਸਕੇ ਕਿ ਜੋ ਜਾਲਮਾਨਾ ਵਿਹਾਰ ਬੰਦੇ ਨਾਲ ਕੀਤਾ ਗਿਆ ਉਸ ਵਿਚ ਕੁਝ ਵੀ ਅਸਾਧਾਰਨ ਨਹੀਂ ਸੀ। ਮੁਗਲਾਂ ਨੇ ਹਾਰੇ ਹੋਏ ਵਿਦਰੋਹੀਆਂ ਨਾਲ, ਭਾਵੇਂ ਉਹ ਉਹਨਾਂ ਦੇ ਆਪਣੇ ਕੁਨਬੇ ਦਾ ਹੀ ਹੋਵੇ, ਹਮੇਸ਼ਾਂ ਇਹੋ ਜਾਲਮਾਨਾ ਵਿਹਾਰ ਕੀਤਾ ਸੀ। ਔਰੰਗਜ਼ੇਬ ਦੇ ਹੁਕਮ ਨਾਲ ਸ਼ਿਵਾਜੀ ਦੇ ਪੁੱਤਰ ਸੰਭਾਜੀ ਅਤੇ ਉਸ ਦੇ ਵਜੀਰ ਕਵੀ ਕਲਾਸ ਨਾਲ ਵੀ ਬਿਲਕੁਲ ਅਜਿਹਾ ਹੀ ਵਿਹਾਰ ਕੀਤਾ ਗਿਆ ਸੀ। ਉਹਨਾਂ ਦੀਆਂ ਅੱਖਾਂ ਕੱਢ ਦਿੱਤੀਆਂ ਗਈਆਂ, ਜੀਭਾਂ ਵੱਢ ਦਿਤੀਆਂ ਗਈਆਂ ਅਤੇ ਸਰੀਰਾਂ ਦੀ ਬੋਟੀ ਬੋਟੀ ਕੀਤੀ ਗਈ ਸੀ।

****

ਲੋਹਗੜ੍ਹ ਤੇ ਮੁੜ ਕਬਜ਼ਾ

ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨਾ ਤਾਂ ਜਾਲਮ ਸੀ ਤੇ ਨਾ ਹੀ ਬੇਲੋੜਾ ਬਦਲਾ ਲਊ। ਸੱਯਦ ਮੁਹੰਮਦ ਲਤੀਫ ਲਿਖਦਾ ਹੈ " ਬਹਾਦਰ ਸ਼ਾਹ ਇਕ ਖੁੱਲ੍ਹ ਦਿਲਾ, ਦਿਆਲੂ ਅਤੇ ਚੰਗੇ ਸੁਭਾਅ ਦਾ ਮਾਲਕ ਸ਼ਹਿਜਾਦਾ ਸੀ। ਉਸ ਤੋਂ ਪਹਿਲੇ ਬਾਦਸ਼ਾਹ ਔਰੰਗਜ਼ੇਬ ਦੇ ਕਪਟੀ ਅਤੇ ਤੁਅੱਸਬੀ ਸੁਭਾਅ ਦੇ ਉਲਟ ਉਹ ਸਹਿਣਸ਼ੀਲ ਅਤੇ ਮਿਲਣਸਾਰ ਸੀ। ਉਸਦੇ ਬਾਪ ਨੇ ਉਸਨੂੰ ਸੱਤ ਸਾਲ ਨਜਰਬੰਦੀ ਵਿਚ ਰੱਖਿਆ ਸੀ ਕਿਉਂਕਿ ਉਸ ਉਪਰ ਦੋਸ਼ ਸੀ ਕਿ ਜਦੋਂ ਉਸਨੂੰ ਬੀਜਾਪੁਰ ਅਤੇ ਗੋਲਕੁੰਡਾ ਦੇ ਸੁਲਤਾਨਾਂ ਨੂੰ ਦਬਾਉਣ ਲਈ ਭੇਜਿਆ ਗਿਆ ਤਾਂ ਉਸਨੇ ਉਹਨਾਂ ਨਾਲ ਨਰਮਾਈ ਵਰਤੀ ਅਤੇ ਬਾਦਸ਼ਾਹ ਨਾਲ ਉਹਨਾਂ ਦੀ ਸੁਲਹਾ-ਸੁਫਾਈ ਕਰਵਾਉਣ ਲਈ ਸਾਂਠ-ਗਾਂਠ ਵੀ ਕੀਤੀ। ਪ੍ਰਤਿਕੂਲ ਪ੍ਰਸਥਿਤੀਆਂ ਨੇ ਉਸਨੂੰ ਇੰਨਾ ਸੁਸ਼ੀਲ ਅਤੇ ਦਿਆਲੂ ਬਣਾ ਦਿਤਾ ਸੀ ਕਿ ਲੋਕੀ ਉਸ ਨੂੰ ਸੰਤ ਬਾਦਸ਼ਾਹ ਕਹਿੰਦੇ ਸਨ।" ਜਦੋਂ ਪੰਜਾਬ ਵੱਲ 1695 ਵਿਚ ਉਸਨੂੰ ਭੇਜਿਆ ਗਿਆ ਤਾਂ ਉਸਨੇ ਗੁਰੂ ਗੋਬਿੰਦ ਸਿੰਘ ਜੀ ਤੇ ਹਮਲਾ ਕਰਨ ਤੋਂ ਇਨਕਾਰ ਕਰ ਦਿਤਾ ਅਤੇ ਸਗੋਂ ਆਪਣੀਆਂ ਫੌਜਾਂ ਗੁਰ ਜੀ ਦੇ ਦੋਖੀ ਪਹਾੜੀ ਰਾਜਿਆਂ ਨੂੰ ਦਬਾਉਣ ਲਈ ਇਸਤੇਮਾਲ ਕੀਤੀਆਂ । ਪ੍ਰਤੱਖ ਤੌਰ ਤੇ ਸ਼ਹਿਜ਼ਾਦਾ ਆਪਣੇ ਖੁਲੇ ਸੁਭਾਅ ਕਾਰਨ ਗੁਰੂ ਜੀ ਨੂੰ ਇਕ ਦਰਵੇਸ਼ ਸਮਝਦਾ ਸੀ ਅਤੇ ਉਹਨਾਂ ਨੂੰ ਕੋਈ ਤਕਲੀਫ ਨਹੀਂ ਦੇਣੀ ਚਾਹੁੰਦਾ ਸੀ। ਜਦੋਂ ਬਹਾਦਰ ਸ਼ਾਹ ਨੂੰ ਗੱਦੀ ਨਸ਼ੀਨੀ ਦੀ ਲੜਾਈ ਜਿੱਤਣ ਦੀ ਵਧਾਈ ਦੇਣ ਲਈ ਗੁਰੂ ਸਾਹਿਬ ਆਗਰੇ ਗਏ ਤਾਂ ਉਹਨਾਂ ਦਾ ਭਰਪੂਰ ਮਾਨ ਸਨਮਾਨ ਕੀਤਾ ਗਿਆ। ਮੈਕਾਲਿਫ ਲਿਖਦਾ ਹੈ "ਬਾਦਸ਼ਾਹ ਨੇ ਤਖਤ ਦੀ ਪ੍ਰਾਪਤੀ ਵਿਚ ਗੁਰੂ ਜੀ ਵੱਲੋਂ ਦਿਤੀ ਮੱਦਦ ਲਈ ਉਹਨਾਂ ਦਾ ਧੰਨਵਾਦ ਕੀਤਾ, ਕੀਮਤੀ ਤੋਹਫੇ ਦਿਤੇ ਅਤੇ ਕੁਝ ਸਮਾਂ ਉਸ ਪਾਸ ਗੁਜਾਰਨ ਦੀ ਬੇਨਤੀ ਕੀਤੀ। ਗੁਰੂ ਜੀ ਨੇ ਬਾਦਸ਼ਾਹ ਦਾ ਸੱਦਾ ਪ੍ਰਵਾਨ ਕਰ ਲਿਆ।" ਡਾ. ਗੋਪਾਲ ਸਿੰਘ ਅਨੁਸਾਰ ਗੁਰੂ ਜੀ ਨੂੰ ਇਕ ਹੀਰਿਆਂ ਜੜਿਆ ਖੰਜ਼ਰ (ਧੁਕ-ਧੁਕੀ) ਅਤੇ ਸਿਰੋਪਾ ਦਿਤਾ ਗਿਆ। ਜਦੋਂ ਨਾਦੇੜ 'ਚ ਗੁਰੂ ਜੀ ਦੇ ਗੁਲ ਖਾਨ ਪਠਾਣ ਵੱਲੋਂ ਕੀਤੇ ਹਮਲੇ ਵਿਚ ਜ਼ਖਮੀ ਹੋਣ ਦੀ ਖ਼ਬਰ ਬਹਾਦਰ ਸ਼ਾਹ ਨੂੰ ਮਿਲੀ ਤਾਂ ਉਸਨੇ ਆਪਣੇ ਸਭ ਤੋਂ ਜਿਆਦਾ ਤਜਰਬੇਕਾਰ ਜਿਰਾਹ ਗੁਰੂ ਜੀ ਦੇ ਜ਼ਖਮਾਂ ਦੇ ਇਲਾਜ ਲਈ ਭੇਜੇ। ਉਹਨਾਂ ਨੇ ਆਪਣਾ ਕੰਮ ਇਤਨੀ ਮੁਹਾਰਤ ਨਾਲ ਕੀਤਾ ਕਿ ਗੁਰੂ ਜੀ ਦੇ ਜ਼ਖਮ ਦੋ ਹਫਤਿਆਂ ਵਿਚ ਹੀ ਕਰੀਬ ਕਰੀਬ ਠੀਕ ਹੋ ਗਏ ਸਨ। ਜੇਕਰ ਉਸਨੇ ਬੰਦੇ ਨੂੰ ਸਜਾ ਦੇਣ ਲਈ ਲੋਹਗੜ੍ਹ ਅਤੇ ਸਢੌਰੇ ਉਪਰ ਚੜ੍ਹਾਈ ਕੀਤੀ ਤਾਂ ਅਜਿਹਾ ਕਰਨ ਦੇ ਵਾਜਬ ਕਾਰਨ ਸਨ। ਇਕ ਮੁਗਲ ਬਾਦਸ਼ਾਹ ਦੇ ਤੌਰ ਤੇ ਉਹ ਕਿਸੇ ਵਿਦਰੋਹੀ ਨੂੰ, ਭਾਵੇਂ ਉਹ ਸਿੱਖ ਹੋਵੇ, ਹਿੰਦੂ ਹੋਵੇ ਜਾਂ ਮੁਸਲਮਾਨ ਹੋਵੇ, ਆਪਣੇ ਸੂਬੇਦਾਰਾਂ ਜਾਂ ਚੌਧਰੀਆਂ ਨੂੰ ਮਾਰ ਕੇ ਉਹਨਾਂ ਦੇ ਇਲਾਕਿਆਂ ਉਪਰ ਕਾਬਜ ਹੋਣ ਦੀ ਇਜਾਜ਼ਤ ਨਹੀਂ ਦੇ ਸਕਦਾ ਸੀ। ਡਾ. ਹਰੀ ਰਾਮ

ਗੁਪਤਾ ਵੀ ਲਿਖਦਾ ਹੈ "ਪੰਜਾਹ ਹਜ਼ਾਰ ਮੁਸਲਮਾਨਾਂ ਦੇ ਕਤਲ ਦੇ ਵਹਿਸ਼ੀਪੁਣੇ ਨੂੰ ਕਿਸੇ ਵੀ ਯੁੱਗ ਵਿਚ ਕਿਸੇ ਵੱਲੋਂ ਵੀ ਵਾਜਬ ਨਹੀਂ ਠਹਿਰਾਇਆ ਜਾ ਸਕਦਾ।" ਸੋ ਇਹਨਾਂ ਹਾਲਾਤਾਂ ਵਿਚ ਬਹਾਦਰ ਸ਼ਾਹ ਦਾ ਇਕ ਬਾਦਸ਼ਾਹ ਹੁੰਦੇ ਹੋਏ ਆਪਣੀ ਸਲਤਨਤ ਦੀ ਹਿਫਾਜ਼ਤ ਲਈ ਇਕ ਵਿਦਰੋਹੀ ਵਿਰੁੱਧ ਕਾਰਵਾਈ ਪੂਰੀ ਤਰਾਂ ਜਾਇਜ਼ ਅਤੇ ਜ਼ਰੂਰੀ ਸੀ। ਇਮਾਨਦਾਰੀ ਨਾਲ ਗੱਲ ਕਰਦੇ ਹੋਏ ਅਸੀਂ ਉਸ ਉਪਰ ਤੁੱਅਸਬੀ, ਵਹਿਸ਼ੀ ਅਤੇ ਬਦਲਾ ਲਊ ਹੋਣ ਦਾ ਦੋਸ਼ ਨਹੀਂ ਲਗਾ ਸਕਦੇ।

17-18 ਫਰਵਰੀ 1712 ਦੀ ਦਰਮਿਆਨੀ ਰਾਤ ਨੂੰ ਬਹਾਦਰ ਸ਼ਾਹ ਇਕ ਅਜਿਹੀ ਅਗਿਆਤ ਬਿਮਾਰੀ ਨਾਲ ਮਰ ਗਿਆ ਜਿਸ ਬਾਰੇ ਉਸ ਦੀ ਸੇਵਾ ਵਿਚ ਹਾਜ਼ਰ ਹਕੀਮਾਂ ਨੂੰ ਪਤਾ ਹੀ ਨਹੀਂ ਲਗਿਆ। ਕੁਝ ਇਕ ਦਾ ਕਹਿਣਾ ਹੈ ਕਿ ਉਹ ਦਿਮਾਗ ਦੀ ਨਾੜੀ ਫਟਣ ਕਾਰਨ ਮਰਿਆ। ਪਰ ਕਈ ਹੋਰ ਇਸ ਦਾ ਕਾਰਨ ਤਿੱਲੀ ਦੀ ਸੋਜਿਸ਼ ਦੱਸਦੇ ਸਨ। ਪਰ ਲਾਹੌਰ ਦੇ ਰਹਿਣ ਵਾਲੇ ਹਿੰਦੂਆਂ ਦਾ ਆਮ ਤੌਰ ਤੇ ਵਿਸ਼ਵਾਸ ਸੀ ਕਿ ਬਾਦਸ਼ਾਹ ਦੀ ਮੌਤ ਕਿਸੇ ਜੋਗੀ ਨੇ ਆਪਣੀਆਂ ਤਾਂਤਰਿਕ ਸਕਤੀਆਂ ਜਾਂ ਕਾਲੇ ਜਾਦੂ ਨਾਲ ਕੀਤੀ ਹੈ। ਕਿਉਂਜੋ ਲਾਹੌਰ ਨੇੜੇ ਰਾਵੀ ਦੇ ਕੰਢੇ ਉਪਰ ਬਣੇ ਹੋਏ ਜੋਗੀਆਂ, ਉਦਾਸੀਆਂ, ਬੈਰਾਗੀਆਂ ਅਤੇ ਸਨਿਆਸੀਆਂ ਦੇ ਡੇਰਿਆਂ ਵਿਚ ਰਹਿਣ ਵਾਲੇ ਇਹਨਾਂ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਗਿਆ ਤੇ ਉਹਨਾਂ ਤੇ ਤਸ਼ੱਦਦ ਕਰਕੇ ਉਹਨਾਂ ਨੂੰ ਮਾਰਿਆ ਜਾ ਰਿਹਾ ਸੀ। ਬਹਾਨਾ ਇਹ ਘੜਿਆ ਜਾ ਰਿਹਾ ਸੀ ਕਿ ਇਹ ਲੋਕੀ ਫੌਜ ਦੀ ਨਕਲੋ ਹਰਕਤ ਬਾਰੇ ਗੁਪਤ ਜਾਣਕਾਰੀ ਬਾਗੀ ਬੰਦੇ ਬਹਾਦਰ ਤਕ ਪਹੁੰਚਾਉਂਦੇ ਹਨ। ਬਹਾਦਰ ਸ਼ਾਹ ਦੀ ਮੌਤ ਕਾਰਨ ਮੁਗਲਾਂ ਦੇ ਦਸਤੂਰ ਅਨੁਸਾਰ ਹੀ ਉਸਦੇ ਜਾਨਸ਼ੀਨਾਂ ਵਿਚ ਤਖਤ ਲਈ ਘਰੋਗੀ ਯੁੱਧ ਸ਼ੁਰੂ ਹੋ ਗਿਆ। ਆਖਰ ਦੂਸਰੇ ਦਾਅਵੇਦਾਰਾਂ ਦਾ ਸਫਾਇਆ ਕਰ 19 ਮਾਰਚ 1712 ਨੂੰ ਜਹਾਂਦਾਰ ਸ਼ਾਹ ਨੇ ਤਖਤ ਤੇ ਕਬਜ਼ਾ ਕਰ ਲਿਆ। ਜੌਹਨ ਕੀਅ (ਇੰਡੀਆ: ਇਕ ਇਤਿਹਾਸ) ਵਿਚ ਲਿਖਦਾ ਹੈ "ਭਾਵੇਂ ਤਖਤ ਤੇ ਕਬਜ਼ੇ ਦੀ ਇਹ ਲੜਾਈ ਦੀ ਵਿਉਂਤਬੰਦੀ ਸ਼ਹਿਨਸ਼ਾਹ ਦੇ ਚਾਰ ਸ਼ਾਹਿਜ਼ਾਦਿਆਂ, ਜਹਾਂਦਾਰ ਸ਼ਾਹ, ਅਜ਼ੀਮ-ਉਲ-ਸ਼ਾਅਨ, ਰਫੀਕ-ਉਲ-ਕਾਦਰ ਅਤੇ ਖੁਜੀਸਤਾ ਅੱਖਤਰ, ਦੀ ਬਜਾਏ ਮੁਗਲ ਦਰਬਾਰ ਦੇ ਉਚ ਅਧਿਕਾਰੀਆਂ ਨੇ ਕੀਤੀ ਸੀ ਪਰ ਫਿਰ ਵੀ ਇਹ ਦੌਲਤ ਅਤੇ ਮਨੁੱਖੀ ਜਾਨਾਂ ਪੱਖੋਂ ਕੋਈ ਸਸਤੀ ਸਾਬਤ ਨਾ ਹੋਈ। ਇਸ ਲੜਾਈ ਦੇ ਨਤੀਜੇ ਵੱਜੋਂ ਇਕ ਅਜਿਹੇ ਇਨਸਾਨ ਨੂੰ ਰਾਜ ਸੱਤਾ ਪ੍ਰਾਪਤ ਹੋਈ ਜਿਸਨੂੰ ਕਿ ਖ਼ਾਫੀ ਖਾਂ ਵਾਜਬ ਤੌਰ ਤੇ ਹੀ ਮੰਦਬੁਧ, ਸ਼ਰਾਬੀ ਅਤੇ ਨਿਕੰਮਾ ਦਸਦਾ ਹੈ ।ਉਹ ਕਹਿੰਦਾ ਹੈ ਚੰਗੇ ਭਾਗਾਂ ਨੂੰ ਇਸ ਲੰਮੇ ਸਮੇਂ ਦੇ ਆਯਾਸ਼ ਲਈ ਇਹ ਰਾਜਸੱਤਾ ਗਿਆਰਾਂ ਮਹੀਨੇ ਦੇ ਥੋੜੇ ਸਮੇਂ ਲਈ ਹੀ ਕਾਇਮ ਰਹਿ ਸਕੀ।" ਖ਼ਾਫੀ ਖਾਂ ਦੇ ਕਹਿਣ ਅਨੁਸਾਰ "ਇਹ ਸਮਾਂ ਚਾਪਲੂਸਾਂ, ਗਾਉਣ ਵਾਲਿਆਂ, ਨਚਾਰਾਂ ਅਤੇ ਤਮਾਸ਼ਾ ਕਰਨ ਵਾਲਿਆਂ ਲਈ ਹੀ ਸ਼ੁਭ ਸੀ।- - - ਕਾਬਲ, ਗੁਣਵਾਨ ਅਤੇ ਗਿਆਨਵਾਨ ਪੁਰਸ਼ਾਂ ਨੂੰ ਬਾਹਰ ਕੱਢ ਉਹਨਾਂ ਦੀ ਜਗ੍ਹਾ ਧੱਕੜਾਂ, ਗੁਸਤਾਖਾਂ ਅਤੇ ਮਸਖਰਿਆਂ ਤੇ ਚੁਟਕਲੇ ਸੁਣਾਉਣ ਵਾਲਿਆਂ ਨੇ ਲੈ ਲਈ ਸੀ।" ਹਮੇਸ਼ਾਂ ਹੀ ਇਹ ਚੁਟਕਲੇ ਬਾਦਸ਼ਾਹ ਦੀ ਉਪੱਦਰਵੀ ਰਖੇਲ ਲਾਲ ਕੁੰਵਰ (ਜਾਂ ਕੁਮਾਰੀ) ਬਾਰੇ ਹੁੰਦੇ ਜਿਸ ਦੀ ਮੌਜ-ਮਸਤੀ ਚ ਸ਼ਾਮਲ ਸਾਥੀਆਂ ਉਪਰ ਜਗੀਰਾਂ, ਮੱਨਸਬਾਂ, ਹਾਥੀਆਂ ਅਤੇ ਹੀਰਿਆਂ ਦੀ ਵਰਖਾ ਹੁੰਦੀ। ਸਟੀਵਰਟ ਗੋਰਡਨ ਲਿਖਦਾ ਹੈ ਕਿ ਹਾਲਾਤ ਇਥੋਂ ਤੱਕ ਨਿੱਘਰ

ਗਏ ਸਨ ਕਿ ਕਾਜ਼ੀ ਸੁਰਾਹੀਆਂ ਚੁੱਕੀ ਫਿਰਦੇ ਸਨ ਤੇ ਫੱਤਵੇ ਦੇਣ ਵਾਲੇ ਜਾਮ । ਜਹਾਂਦਾਰ ਸ਼ਾਹ ਦੀ ਮੌਤ ਨਾਲ ਇਕ ਪਾਸੇ ਤਾਂ ਇਹਨਾਂ ਮਹਿਫਲਾਂ ਦਾ ਅੰਤ ਹੋ ਗਿਆ ਅਤੇ ਮੁਗਲ ਦਰਬਾਰ ਵਿਚ ਅਸਥਾਈ ਤੌਰ ਤੇ ਮਰਯਾਦਾ ਵੀ ਲਾਗੂ ਹੋ ਗਈ। ਦੂਸਰੇ ਪਾਸੇ ਇਸ ਨਾਲ ਖਾਲਸੇ ਲਈ ਪ੍ਰਮਾਤਮਾ ਪਾਸੋਂ ਮਿਲਿਆ ਲਾਹਾ ਖੱਟਣ ਦਾ ਸੁਭਾਗਾ ਸਮਾਂ ਵੀ ਖਤਮ ਹੋ ਗਿਆ। ਜਹਾਂਦਾਰ ਸ਼ਾਹ ਨੂੰ ਮਾਰ ਕੇ ਉਸਦਾ ਭਤੀਜਾ ਫਰੁਖਸੀਅਰ ਦਿੱਲੀ ਦੇ ਤਖਤ ਤੇ ਬੈਠਿਆ। ਇਹ ਉਸਦੇ ਛੋਟੇ ਭਰਾ ਅਜ਼ੀਮ ਉਲ ਸ਼ਾਨ ਦਾ ਪੁੱਤਰ ਸੀ ਜਿਹੜਾ ਕਿ ਆਪਣੇ ਬਾਪ ਬਹਾਦਰ ਸ਼ਾਹ ਦੀ ਮੌਤ ਉਪਰੰਤ ਹੋਏ ਰਾਜ ਸੱਤਾ ਪ੍ਰਾਪਤੀ ਦੇ ਸੰਘਰਸ਼ ਦੌਰਾਨ ਆਪਣੇ ਹਾਥੀ ਦੇ ਰਾਵੀ ਵਿਚ ਡੁੱਬਣ ਕਾਰਨ ਮਰ ਗਿਆ ਸੀ। ਫਰੁਖਸੀਅਰ ਬੇਰਹਿਮ ਪਰ ਅਨੁਸ਼ਾਸਨ ਪਸੰਦ ਬਾਦਸ਼ਾਹ ਸੀ। ਜੌਹਨ ਕੀਅ ਲਿਖਦਾ ਹੈ "ਬੰਦਾ ਬਹਾਦਰ ਅਤੇ ਸਿੱਖਾਂ ਨੂੰ ਨਿਰਦਈ ਢੰਗ ਨਾਲ ਫਾਰੁਖਸੀਅਰ ਨੇ ਹੀ ਦਬਾਇਆ।" ਉਹ ਬੰਦਾ ਬਹਾਦਰ ਦੁਆਰਾ ਸ਼ੁਰੂ ਕੀਤੇ ਕਿਰਸਾਨੀ ਇਨਕਲਾਬ ਨੂੰ ਹਰ ਹੀਲੇ ਖਤਮ ਕਰਨ ਲਈ ਦ੍ਰਿੜ ਸੀ – ਭਾਵੇਂ ਇਸ ਦੀ ਕੋਈ ਵੀ ਕੀਮਤ ਤਾਰਨੀ ਪਏ।

ਉਧਰ ਬੰਦਾ ਬਹਾਦਰ ਲੋਹਗੜ ਦੀ ਹਾਰ ਉਪਰੰਤ ਪਹਾੜੀ ਰਾਜਿਆਂ ਨੂੰ ਈਨ ਮਨਾਉਣ ਬਾਅਦ ਜੰਮੂ ਦੀਆਂ ਪਹਾੜੀਆਂ ਵਿਚ ਆਪਣਾ ਸਮਾਂ ਗੁਜਾਰ ਰਿਹਾ ਸੀ। ਵਿਹਲਾ ਬੈਠਣਾ ਜਾਂ ਹੋਏ ਨੁਕਸਾਨ ਉਤੇ ਝੂਰਨਾ ਬੰਦੇ ਦਾ ਸੁਭਾਅ ਨਹੀਂ ਸੀ। ਉਹ ਇਕ ਸੱਚਾ ਗੁਰੀਲਾ ਯੋਧਾ ਸੀ ਸੋ ਉਸਨੇ ਸਭ ਕੁਝ ਬਰਦਾਸ਼ਤ ਕਰ ਲਿਆ ਸੀ। ਜੰਮੂ ਦੀਆਂ ਪਹਾੜੀਆਂ ਵਿਚ ਆਪਣੇ ਠਹਿਰਾਉ ਦੌਰਾਨ ਉਹ ਸੈਨਿਕ ਅਤੇ ਦੌਲਤ ਇਕੱਠੀ ਕਰਨ ਵਿਚ ਰੁਝਿਆ ਰਿਹਾ ਤਾਂ ਜੋ ਮੌਕਾ ਮਿਲਣ ਤੇ ਉਹ ਮੁਗਲਾਂ ਦੇ ਗੜ੍ਹਾਂ ਤੇ ਹਮਲਾ ਕਰ ਸਕੇ। ਜੰਮੂ ਦੇ ਫੌਜਦਾਰ ਬਜੀਦ ਖਾਨ ਨੂੰ ਜਦੋਂ ਉਸਦੇ ਇਲਾਕੇ ਵਿਚ ਬੰਦੇ ਦੀਆਂ ਕਾਰਵਾਈਆਂ ਦੀ ਸੂਹ ਮਿਲੀ ਤਾਂ ਉਸਨੇ ਸ਼ਾਹਦਾਦ ਖਾਨ ਦੀ ਅਗਵਾਈ ਵਿਚ 1500 ਘੋੜ ਸਵਾਰ ਸੈਨਿਕਾਂ ਦਾ ਜੱਥਾ ਸਿੰਘਾਂ ਨੂੰ ਵੰਗਾਰਨ ਲਈ ਘੱਲਿਆ। ਡਾ. ਸੁਖਦਿਆਲ ਸਿੰਘ ਇਕ ਮੁਸਲਿਮ ਇਤਿਹਾਸਕਾਰ ਦੇ ਹਵਾਲੇ ਨਾਲ ਇਸ ਲੜਾਈ ਦਾ ਹਾਲ ਇਉਂ ਲਿਖਦਾ ਹੈ "ਸੱਮਸ਼ ਖਾਨ ਨੇ ਆਪਦੇ ਨੇਜੇ ਨਾਲ ਬਾਜ ਸਿੰਘ ਉਪਰ ਵਾਰ ਕੀਤਾ। ਬਾਜ ਸਿੰਘ ਨੇ ਇਕ ਹੱਥ ਨਾਲ ਉਸਦਾ ਨੇਜਾ ਪਕੜ ਕੇ ਦੂਜੇ ਹੱਥ ਨਾਲ ਤਲਵਾਰ ਦਾ ਵਾਰ ਕਰਕੇ ਉਸ ਦੀ ਬਾਂਹ ਕੱਟ ਦਿਤੀ। ਜ਼ਖਮੀ ਹੋਇਆ ਸਮਸ਼ ਖਾਨ ਆਖਰੀ ਦਾਅ ਵਜੋਂ ਬਾਜ ਸਿੰਘ ਉਪਰ ਟੁੱਟਿਆ ਪਰ ਬਾਜ ਸਿੰਘ ਨੇ ਫਿਰ ਆਪਣੀ ਤਲਵਾਰ ਨਾਲ ਉਸ ਦੀ ਦੂਸਰੀ ਬਾਂਹ ਵੀ ਜਖਮੀ ਕਰ ਦਿਤੀ। ਨੇੜੇ ਹੀ ਖੜੇ ਬਾਜ ਸਿੰਘ ਦੇ ਭਰਾ ਪਹਾੜਾ ਸਿੰਘ ਨੇ ਸਮਸ਼ ਖਾਨ ਦਾ ਸਿਰ ਕੱਟ ਕੇ ਜਮੀਨ ਤੇ ਡੇਗ ਦਿਤਾ। ਬਾਯਜੀਦ ਖਾਨ ਨੇ ਜਦੋਂ ਆਪਣੇ ਭਤੀਜੇ ਨੂੰ ਇਸ ਤਰ੍ਹਾਂ ਮਰਦਾ ਹੋਇਆ ਦੇਖਿਆ ਤਾਂ ਉਸ ਨੇ ਇਕਦਮ ਬਾਜ ਸਿੰਘ ਤੇ ਹਮਲਾ ਕਰ ਦਿਤਾ।ਉਸ ਨੇ ਆਪਣੀ ਬੰਦੂਕ ਨਾਲ ਕਈ ਫਾਇਰ ਕੀਤੇ ਪਰ ਸਾਰੇ ਫਾਇਰ ਬਾਜ ਸਿੰਘ ਨੂੰ ਮਾਰ ਨਾ ਸਕੇ। ਉਸ ਨੇ ਗੁੱਸੇ ਵਿਚ ਆਪਣੀ ਬੰਦੂਕ ਹੀ ਤੋੜ ਦਿਤੀ। ਨੇੜੇ ਹੀ ਖੜ੍ਹੇ ਫਤਿਹ ਸਿੰਘ ਨੇ ਬਾਯਜੀਦ ਖਾਨ ਨੂੰ ਆਪਣੇ ਨਾਲ ਉਲਝਾ ਲਿਆ ਅਤੇ ਉਸ ਨੂੰ ਜ਼ਖਮੀ ਕਰ ਦਿਤਾ। ਜ਼ਖਮੀ ਹੋਇਆ ਬਾਯਜੀਦ ਖਾਨ ਹੇਠਾਂ ਡਿਗ ਗਿਆ ਅਤੇ ਤੁਰੰਤ ਹੀ ਬਾਜ ਸਿੰਘ ਨੇ ਉਸ ਦਾ ਸਿਰ ਕੱਟ ਲਿਆ। ਬਾਯਜੀਦ ਖਾਨ ਦੇ ਮਰਨ ਨਾਲ ਮੁਗਲ ਫੌਜ ਭੱਜਣ ਲਈ ਰਸਤੇ ਲੱਭਣ ਲੱਗੀ। ਉਹ ਸਮਸ਼ ਖਾਨ ਅਤੇ ਬਾਯਜੀਦ

ਖਾਨ ਦੇ ਸਿਰ ਚੁੱਕ ਕੇ ਲਿਜਾਣਾ ਚਾਹੁੰਦੇ ਸਨ। ਸਿੰਘਾਂ ਨੇ ਸਿਰਫ ਸੀਸ ਲੈ ਕੇ ਜਾਣ ਵਾਲੇ ਪਠਾਣਾਂ ਨੂੰ ਜਾਣ ਦਿਤਾ ਬਾਕੀ ਸਭ ਨੂੰ ਘੇਰ ਕੇ ਕਤਲ ਕਰ ਦਿਤਾ ਸੀ। ਸਾਰਾ ਫੌਜੀ ਸਾਜ-ਸਮਾਨ ਸਿੰਘਾਂ ਨੇ ਕਾਬੂ ਕਰ ਲਿਆ ਸੀ। ਉਹਨਾਂ ਦੇ ਡੇਰੇ ਦੇ ਸਭ ਹਥਿਆਰ ਕਾਬੂ ਕਰ ਲਏ ਸਨ। ਇਹ ਲੜਾਈ 6 ਮਾਰਚ, 1711 ਨੂੰ ਹੋਈ ਸੀ।"

ਸਾਧਨ ਇਕੱਠੇ ਕਰ ਬੰਦੇ ਨੇ ਕਲਾਨੌਰ ਉਪਰ ਹਮਲਾ ਕਰਕੇ ਇਸਦੇ ਨਾਲ ਲਗਦੇ ਇਲਾਕੇ ਉਪਰ ਕਬਜ਼ੇ ਦਾ ਫੈਸਲਾ ਕੀਤਾ। ਉਥੇ ਪਹੁੰਚ ਉਸਨੇ ਚਾਰੇ ਪਾਸੇ ਖਾਲਸਾ ਪੰਚਾਇਤਾਂ ਰਾਹੀ ਇਹ ਐਲਾਨ ਕਰਵਾ ਦਿਤਾ ਕਿ ਉਹ ਸਭ ਲੋਕ ਹੁਣ ਖਾਲਸੇ ਦੇ ਲੋਕ ਹਿਤੂ ਰਾਜ ਅਧੀਨ ਹਨ ਅਤੇ ਕਿਸੇ ਨੂੰ ਵੀ ਜਾਤ, ਨਸਲ ਅਤੇ ਧਰਮ ਦੇ ਅਧਾਰ ਤੇ ਕਿਸੇ ਵਿਤਕਰੇ ਜਾਂ ਸਜਾ ਦਾ ਡਰ ਆਪਣੇ ਮਨ ਵਿਚ ਨਹੀਂ ਰਖਣਾ ਚਾਹੀਦਾ। ਆਪਣੇ ਇਸ ਨਵੇਂ ਰੂਪ ਵਿਚ ਬੰਦੇ ਦਾ ਦ੍ਰਿਸ਼ਟੀਕੋਣ ਬਹੁਤ ਜਿਆਦਾ ਸਹਿਣਸ਼ੀਲ ਅਤੇ ਸਰਬੱਤ ਦੇ ਭਲੇ ਵਾਲਾ ਹੋ ਗਿਆ ਸੀ। ਉਸਨੇ ਔਰੰਗਜ਼ੇਬ ਵਾਲੀ ਜਾਲਮਾਨਾਂ ਹੱਠ ਧਰਮੀ ਤਿਆਗ ਬਹਾਦਰ ਸ਼ਾਹ ਵਾਲੀ ਖੁਲ ਦਿਲੀ ਅਤੇ ਦਿਆਲਤਾ ਅਪਣਾ ਲਈ ਸੀ। ਉਸਨੂੰ ਅਹਿਸਾਸ ਹੋ ਗਿਆ ਸੀ ਕਿ ਉਸਦੀ ਲੜਾਈ ਮੁਸਲਮਾਨਾਂ ਜਾਂ ਇਸਲਾਮ ਵਿਰੁੱਧ ਨਹੀਂ ਸਗੋਂ ਮੁਗਲਾਂ ਦੇ ਜੁਲਮਾਂ ਵਿਰੁੱਧ ਹੈ। ਇਸ ਨਾਲ ਬਹੁਤ ਉਪਯੋਗੀ ਪ੍ਰਭਾਵ ਪਿਆ। ਭਗਵਤੀ ਦਾਸ ਹਰਕਾਰਾ ਤਾਂ ਆਪਣੀ ਰਿਪੋਰਟ ਵਿਚ ਦਸਦਾ ਸੀ ਕਿ ਪੰਜ ਹਜ਼ਾਰ ਮੁਸਲਮਾਨ ਬੰਦੇ ਦੇ ਦਲ ਵਿਚ ਸ਼ਾਮਲ ਹੋ ਗਏ ਸਨ ਅਤੇ ਉਹਨਾਂ ਨੂੰ ਆਪਣੇ ਧਾਰਮਿਕ ਅਕੀਦਿਆਂ ਅਨੁਸਾਰ ਨਮਾਜ਼ ਪੜਨ ਅਤੇ ਹੋਰ ਧਾਰਮਿਕ ਰਸਮਾਂ ਬਿਨਾਂ ਕਿਸੇ ਡਰ ਭੈਅ ਦੇ ਖੁੱਲੇ ਰੂਪ ਵਿਚ ਕਰਨ ਦੀ ਪੂਰੀ ਅਜ਼ਾਦੀ ਸੀ।

ਕਲਾਨੌਰ ਤੋਂ ਬੰਦੇ ਨੇ ਟੁਕੜੀਆਂ ਰਾਵੀ ਪਾਰ ਪਸਰੂਰ ਵਗੈਰਾ ਵੱਲ ਵੀ ਭੇਜ ਦਿਤੀਆਂ ਅਤੇ ਇਸ ਇਲਾਕੇ ਦੇ ਪ੍ਰਬੰਧ ਲਈ ਠਾਣੇ ਵੀ ਸਥਾਪਤ ਕਰ ਦਿਤੇ। ਇਸੇ ਸਮੇਂ ਸੱਤ ਹਜ਼ਾਰ ਸਿੱਖਾਂ ਦੀ, ਜਿਹਨਾਂ ਵਿਚ ਘੋੜ ਸਵਾਰ ਅਤੇ ਪੈਦਲ ਸ਼ਾਮਲ ਸਨ, ਅਗਵਾਈ ਕਰਦਾ ਰਾਮ ਚੰਦ ਜੰਮੂ ਪਾਰ ਦੀਆਂ ਪਹਾੜੀਆਂ ਵੱਲੋਂ ਬਟਾਲੇ ਲਾਗੇ ਬੰਦੇ ਨੂੰ ਆ ਮਿਲਿਆ। ਜਦੋਂ ਬੰਦਾ ਅੱਛਲ ਪਿੰਡ ਲਾਗੇ ਡੇਰਾ ਲਾਈ ਬੈਠਾ ਸੀ ਤਾਂ ਬਟਾਲਾ ਨਿਵਾਸੀ ਹੋਣ ਵਾਲੀ ਨਿਸ਼ਚਿਤ ਲੁਟ ਮਾਰ ਅਤੇ ਅਗਜਨੀ ਤੋਂ ਭੈ ਭੀਤ ਹੋ ਸੁਰਖਿਅਤ ਸਥਾਨਾਂ ਵੱਲ ਨੱਸਣ ਲਗੇ। ਉਹਨਾਂ ਆਪਣੇ ਨਾਲ ਆਪਣਾ ਉਹ ਕੀਮਤੀ ਸਮਾਨ ਵੀ ਚੁੱਕ ਲਿਆ ਜੋ ਉਹ ਲਿਜਾ ਸਕਦੇ ਸਨ। ਪਰ ਸ਼ੇਖ ਅਹਿਮਦ ਸ਼ੇਖਉਲ ਹਿੰਦ ਨੇ ਮੁਕਾਬਲਾ ਕਰਨ ਦਾ ਫੈਸਲਾ ਕੀਤਾ। ਬੰਦੇ ਦੀ ਸੈਨਾ ਵਿਚ ਜਿਆਦਾ ਤਰ ਡਾਕੂ, ਲੁਟੇਰੇ ਅਤੇ ਮੌਕਾ ਪ੍ਰਸਤ ਸੈਨਿਕ ਸਨ ਅਤੇ ਪ੍ਰਤੀਬੱਧ ਅਤੇ ਅਨੁਸ਼ਾਸਨਬੱਧ ਸੈਨਿਕਾਂ ਦੀ ਗਿਣਤੀ ਬਹੁਤ ਥੋੜੀ ਸੀ। ਸ਼ੁਰੂ ਵਿਚ ਸ਼ੇਖ ਨੇ ਹਮਲੇ ਨੂੰ ਪਛਾੜ ਦਿਤਾ ਅਤੇ ਹਮਲਾਵਰ ਭੱਜ ਉਠੇ ਪਰ ਜਦੋਂ ਬੰਦਾ ਮੌਕੇ ਉਪਰ ਪਹੁੰਚ ਗਿਆ ਤਾਂ ਲੜਾਈ ਦਾ ਪਾਸਾ ਹੀ ਪਲਟ ਗਿਆ। ਸ਼ੇਖ ਬਹੁਤ ਬਹਾਦਰੀ ਨਾਲ ਲੜਿਆ ਅਤੇ ਸੂਰਮਿਆਂ ਵਾਲੀ ਮੌਤ ਮਰਿਆ। ਸ਼ਹਿਰ ਨੂੰ ਬੇਰਹਿਮੀ ਨਾਲ ਲੁੱਟਿਆ ਗਿਆ। ਡਾ. ਗੰਡਾ ਸਿੰਘ ਲਿਖਦਾ ਹੈ "ਮੁਹੰਮਦ ਫਜਲ ਦੀਨ ਦਾ ਖਾਲੀ ਪਿਆ ਮਦਰੱਸਾ, ਕੁਝ ਹੋਰ ਹਵੇਲੀਆਂ ਅਤੇ ਕਾਜ਼ੀ ਅਬਦੁਲ ਹੱਕ ਦਾ ਮੁਹੱਲਾ ਰਾਖ ਅਤੇ ਰੋੜਿਆਂ ਵਿਚ ਤਬਦੀਲ ਕਰ ਦਿਤੇ ਗਏ।" ਇਹ ਘਟਨਾ 18 ਮਈ 1711 ਦੀ ਦੱਸੀ ਜਾਂਦੀ ਹੈ।

ਜਦੋਂ ਪਤਾ ਲੱਗਿਆ ਕਿ ਮੁਗਲ ਬਾਦਸ਼ਾਹ ਹੁਸ਼ਿਆਰਪੁਰ ਪਹੁੰਚ ਗਿਆ ਹੈ ਅਤੇ

ਲਾਹੌਰ ਵੱਲ ਨੂੰ ਜਾ ਰਿਹਾ ਹੈ ਤਾਂ ਬੰਦੇ ਨੇ ਵਾਪਸ ਜੰਮੂ ਦੀਆਂ ਪਹਾੜੀਆਂ ਵੱਲੋਂ ਮੁੜ ਜਾਣ ਅਤੇ ਕੁਝ ਚਿਰ ਲਈ ਛਿਪੇ ਰਹਿਣ ਵਿਚ ਹੀ ਸਿਆਣਪ ਸਮਝੀ। ਵਾਪਸੀ ਸਮੇਂ ਉਸਦੀ ਫੌਜ ਨੇ ਪਸਰੂਰ ਅਤੇ ਔਰੰਗਾਬਾਦ ਨੂੰ ਵੀ ਲੁੱਟ ਲਿਆ। ਬੰਦਾ ਅਤੇ ਉਸਦੇ ਪ੍ਰਤੀਬੱਧ ਸੈਨਿਕ ਤਾਂ ਅਰਾਮ ਨਾਲ ਜੰਮੂ ਦੀਆਂ ਪਹਾੜੀਆਂ ਦੇ ਉਤਰ ਵਾਲੇ ਪਾਸੇ ਪਹੁੰਚ ਗਏ ਸਨ ਪਰ ਬਾਕੀ ਦੀ ਫੌਜ ਪਸਰੂਰ ਦੇ ਆਲੇ ਦੁਆਲੇ ਦੇ ਪਿੰਡਾਂ ਨੂੰ ਲੁੱਟਣ ਵਿਚ ਰੁਝੀ ਹੋਈ ਸੀ। ਇਕ ਜੂਨ 1711 ਨੂੰ ਇਹਨਾਂ ਫੌਜੀਆਂ ਦੀ ਲੜਾਈ ਮੁਹੰਮਦ ਅਮੀਨ ਖਾਨ ਦੀ ਅਗਵਾਈ ਵਾਲੀ ਮੁਗਲ ਫੌਜ ਨਾਲ ਹੋ ਗਈ। ਪਸਰੂਰ ਦੇ ਲਾਗੇ ਦੋਵੇਂ ਫੌਜਾਂ ਵਿਚ ਜਬਰਦਸਤ ਖ਼ੂਨੀ ਸੰਘਰਸ਼ ਹੋਇਆ ਜਿਸ ਵਿਚ ਦੋਵੇਂ ਧਿਰਾਂ ਦਾ ਕਾਫੀ ਜਾਨੀ ਨੁਕਸਾਨ ਹੋਇਆ। ਮੁਹੰਮਦ ਅਮੀਨ ਖਾਨ ਦਾ ਇਸ ਲੜਾਈ ਬਾਰੇ ਭੇਜਿਆ ਪੱਤਰ, ਜਿਹੜਾ ਕਿ 4 ਜੂਨ, 1711 ਨੂੰ ਬਾਦਸ਼ਾਹ ਪਾਸ ਲਾਹੌਰ ਪਹੁੰਚਿਆ, ਦਸਦਾ ਹੈ ਕਿ ਉਸਦੇ ਬਹੁਤ ਸੈਨਿਕ ਜ਼ਖਮੀ ਹੋ ਗਏ ਹਨ। ਈਸਾ ਖਾਨ ਅਤੇ ਮੁਹੰਮਦ ਅਮੀਨ ਖਾਨ ਦੇ ਹਾਥੀ ਇਸ ਲੜਾਈ ਵਿਚ ਬੁਰੀ ਤਰਾਂ ਜ਼ਖਮੀ ਹੋ ਗਏ ਸਨ ਅਤੇ ਉਹਨਾਂ ਦਾ ਆਪਣਾ ਬਚਾਅ ਬੜੀ ਮੁਸ਼ਕਲ ਨਾਲ ਹੋਇਆ ਸੀ। ਇਸ ਲੜਾਈ ਵਿਚ ਬੰਦਾ ਇਹਨਾਂ ਖਾਨਾਂ ਨੂੰ ਕਿਧਰੇ ਵੀ ਨਜ਼ਰੀ ਨਾ ਪਿਆ ਤਾਂ ਉਹਨਾਂ ਅੰਦਾਜ਼ਾ ਲਗਾਇਆ ਕਿ ਜਾਂ ਤਾਂ ਉਹ ਮਾਰਿਆ ਗਿਆ ਹੈ ਜਾਂ ਫਿਰ ਫੱਟੜਾਂ ਵਿਚ ਹੀ ਕਿਧਰੇ ਪਿਆ ਹੈ। ਇਸ ਲਈ ਉਹਨਾਂ ਮੋਇਆਂ ਜਾਂ ਫੱਟੜਾਂ ਵਿਚੋਂ ਬੰਦੇ ਨੂੰ ਲੱਭਣ ਲਈ ਉਹਨਾਂ ਲੋਕਾਂ ਦੀਆਂ ਸੇਵਾਵਾਂ ਲਈਆਂ ਜਿਹੜੇ ਕਿ ਬੰਦੇ ਨੂੰ ਚੰਗੀ ਤਰਾਂ ਪਛਾਣਨ ਦਾ ਦਾਅਵਾ ਕਰਦੇ ਸਨ। ਪਰ ਜਦੋਂ ਉਹ ਨਾ ਲੱਭਾ ਤਾਂ ਮੁਹੰਮਦ ਅਮੀਨ ਖਾਨ ਨੇ ਬਾਦਸ਼ਾਹ ਨੂੰ ਖਬਰ ਕੀਤੀ ਕਿ ਲਗਦਾ ਹੈ ਬੰਦਾ ਜੰਮੂ ਦੀਆਂ ਪਹਾੜੀਆਂ ਵੱਲ ਬੱਚ ਨਿਕਲਣ ਵਿਚ ਕਾਮਯਾਬ ਹੋ ਗਿਆ ਹੈ।

ਜੰਮੂ ਦੀਆਂ ਪਹਾੜੀਆਂ ਵਿਚ ਬੰਦਾ ਮੁਸ਼ਕਲ ਨਾਲ ਟਿਕਿਆ ਹੀ ਸੀ ਕਿ ਜੰਮੂ ਦੇ ਰਾਜਾ ਧਰੁਵ ਦੇਵ ਜੰਮਵਾਲ ਨੇ ਬਾਦਸ਼ਾਹ ਦੀ ਕ੍ਰਿਪਾ ਦ੍ਰਿਸ਼ਟੀ ਪ੍ਰਾਪਤ ਕਰਨ ਹਿੱਤ ਉਸ ਨੂੰ ਬੰਦੇ ਦੇ ਥਾਂ ਟਿਕਾਣੇ ਬਾਰੇ ਸੂਚਨਾ ਦਿਤੀ।ਉਸਨੇ ਰਜੌੜੀ ਦੇ ਸੱਯਦ ਅਜਮਤੁਲਾ ਖਾਨ ਨੂੰ ਵੀ ਹਾਲ ਪਾਹਰਿਆ ਕੀਤੀ ਕਿ ਉਹ ਬੰਦੇ ਨੂੰ ਫੜਨ ਵਿਚ ਉਸ ਦੀ ਮੱਦਦ ਕਰੇ। ਨਾਲ ਦੀ ਨਾਲ ਹੀ ਮੁਹੰਮਦ ਅਮੀਨ ਖਾਨ, ਰੁਸਤਮਦਿਲ ਖਾਨ, ਅਸਗਰ ਖਾਨ ਅਤੇ ਈਸਾ ਖਾਨ ਨੇ ਆਪਣੀਆਂ ਫੌਜਾਂ ਮੁੜ ਇਕੱਠੀਆਂ ਕਰ ਜੰਮੂ ਦੀਆਂ ਪਹਾੜੀਆਂ ਦੇ ਦੱਖਣ ਅਤੇ ਦੱਖਣ-ਪੱਛਮ ਵੱਲ ਦੇ ਸਾਰੇ ਰਸਤਿਆਂ ਅਤੇ ਦੱਰਿਆ ਉਪਰ ਨਾਕੇ ਲਾ ਲਏ ਤਾਂ ਜੋ ਬੰਦੇ ਦੇ ਪੰਜਾਬ ਦੇ ਮੈਦਾਨਾਂ ਵੱਲ ਬੱਚ ਨਿਕਲਣ ਨੂੰ ਅਸੰਭਵ ਬਣਾ ਦਿਤਾ ਜਾਵੇ। ਅਸਲੀਅਤ ਵਿਚ ਇਸ ਤਰਾਂ ਬੰਦੇ ਨੂੰ ਤਿੰਨਾਂ ਪਾਸਿਆਂ ਤੋਂ ਕਾਮਯਾਬੀ ਨਾਲ ਘੇਰ ਲਿਆ ਗਿਆ ਸੀ ਅਤੇ ਇਸ ਨਾਲ ਮੁਗਲ ਫੌਜਦਾਰਾਂ ਨੂੰ ਆਪਣੀ ਕਾਮਯਾਬੀ ਦਾ ਇੰਨਾ ਭਰੋਸਾ ਬਣ ਗਿਆ ਸੀ ਕਿ ਉਹਨਾਂ ਨੇ ਬਾਦਸ਼ਾਹ ਨੂੰ ਲਿਖ ਭੇਜਿਆ ਕਿ ਇਕ ਦੋ ਦਿਨਾਂ ਵਿਚ ਬੰਦਾ ਜਿਉਂਦਾ ਜਾਂ ਮੁਰਦਾ ਫੜ ਲਿਆ ਜਾਵੇਗਾ। ਬੰਦਾ ਇਕ ਮਹਾਨ ਗੁਰੀਲਾ ਤਾਂ ਹੈ ਈ ਸੀ ਸੋ ਉਸ ਨੇ ਰੁਸਤਮ ਦਿਲ ਖਾਨ ਦੀ ਫੌਜ ਦੁਆਰਾ ਘੇਰੇ ਗਏ ਇਲਾਕੇ ਤੇ ਅਚਨਚੇਤੀ ਹੱਲਾ ਕੀਤਾ ਅਤੇ ਉਸਦੇ ਬੰਦਿਆਂ ਦੀ ਵੱਡੀ ਗਿਣਤੀ ਦੇ ਆਹੂ ਲਾਹੁੰਦਾ ਅੱਖ ਦੇ ਫੋਰੇ ਵਿਚ ਉਹਨਾਂ ਦੀ ਪਹੁੰਚ ਤੋਂ ਦੂਰ ਨਿਕਲ ਗਿਆ। ਰੁਸਤਮ ਦਿਲ ਖਾਨ ਤਾਂ ਭੁਚੱਕਾ ਰਹਿ ਗਿਆ ਕਿਉਂਕਿ ਉਹ ਤਾਂ ਸੋਚ ਵੀ ਨਹੀਂ ਸਕਦਾ ਸੀ ਕਿ ਬੰਦਾ ਉਸ ਦੀ ਫੌਜ ਨੂੰ ਚੀਰ ਕੇ ਨਿੱਕਲਣ ਦਾ ਹੌਸਲਾ ਵੀ ਕਰ ਸਕਦਾ

ਸੀ। ਡਾ. ਗੰਡਾ ਸਿੰਘ ਲਿਖਦਾ ਹੈ ਕਿ ਆਪਣੀ ਇਸ ਨਾਕਾਮਯਾਬੀ ਦਾ ਗੁੱਸਾ ਰੁਸਤਮ ਦਿਲ ਖਾਨ ਨੇ ਪੜੋਲ, ਕੱਠੂਏ ਅਤੇ ਲਾਗੇ ਦੇ ਵਸਨੀਕਾਂ ਉਪਰ ਕੱਢਿਆ। ਉਸ ਨੇ ਕਈ ਬੇਗੁਨਾਹਾਂ ਨੂੰ ਇਹ ਆਖ ਫੜ ਲਿਆ ਕਿ ਉਹ ਸਿੱਖ ਹਨ ਅਤੇ ਉਹਨਾਂ ਨੂੰ ਗੁਲਾਮ ਬਣਾ ਕੇ ਆਪਣੇ ਸਿਪਾਹੀਆਂ ਨੂੰ ਤਨਖਾਹ ਵੱਜੋਂ ਦੇ ਦਿਤਾ। ਇਹਨਾਂ ਮੰਦਭਾਗਿਆਂ ਨੂੰ ਉਹਨਾਂ ਲਹੌਰ ਦੀ ਘੋੜ ਮੰਡੀ ਵਿਚ ਵੇਚ ਦਿਤਾ। ਪਰ ਰੁਸਤਮ ਦਿਲ ਖਾਨ ਬਾਦਸ਼ਾਹੀ ਕਹਿਰ ਤੋਂ ਨਾ ਬਚ ਸਕਿਆ । ਸ਼ਾਹੀ ਫੁਰਮਾਨ ਤੇ ਉਸ ਨੂੰ ਬੇੜੀਆਂ ਵਿਚ ਨੂੜ ਦਿਤਾ ਗਿਆ ਅਤੇ ਉਸ ਦੀ ਸਾਰੀ ਜਾਇਦਾਦ ਕੁਰਕ ਲਈ ਗਈ।

ਜੰਮੂ ਦੇ ਰਾਜੇ ਦੀ ਗਦਾਰੀ ਕਾਰਨ ਬੰਦੇ ਨੇ ਕਾਂਗੜੇ ਦੀਆਂ ਪਹਾੜੀਆਂ ਵੱਲ ਨਿਕਲ ਜਾਣ ਦਾ ਫੈਸਲਾ ਕੀਤਾ। ਉਹ ਦੂਰ ਦੁਰਾਡੇ ਦੇ ਇਲਾਕਿਆਂ ਵਿਚ ਠਹਿਰਦਾ ਲੰਬੇ ਘੁਮਾਉਦਾਰ ਰਸਤਿਆਂ ਰਾਹੀਂ ਕੀਰਤਪੁਰ ਪਹੁੰਚ ਗਿਆ। 15 ਸਤੰਬਰ 1711 ਦੀ ਜਸੂਸੀ ਰਿਪੋਰਟ ਵਿਚ ਬਾਦਸ਼ਾਹ ਨੂੰ ਦਸਿਆ ਗਿਆ ਕਿ ਬੰਦਾ ਪੰਜ ਹਜ਼ਾਰ ਸੈਨਿਕਾਂ ਦੇ ਲਸ਼ਕਰ ਨਾਲ, ਜਿਹਨਾਂ ਵਿਚ ਘੋੜ ਸਵਾਰ ਅਤੇ ਪੈਦਲ ਦੋਵੇਂ ਸ਼ਾਮਲ ਨੇ, ਕੀਰਤਪੁਰ ਵੱਲ ਨੂੰ ਜਾ ਰਿਹਾ ਹੈ ਅਤੇ ਉਸ ਦੀ ਅੰਤਿਮ ਮੰਜ਼ਿਲ ਲੋਹਗੜ ਹੈ। ਬੰਦੇ ਦੇ ਇਹਨਾਂ ਇਰਾਦਿਆਂ ਦੀ ਕਨਸੋ ਮਿਲਦਿਆਂ ਹੀ ਮੁਹੰਮਦ ਅਮੀਨ ਖਾਨ ਵਾਇਆ ਸਰਹਿੰਦ ਹੋ ਕੇ ਲੋਹਗੜ ਨੂੰ ਚਲ ਪਿਆ ਸੀ। ਸਰਹਿੰਦ ਦਾ ਹਟਾਇਆ ਗਿਆ ਫੌਜਦਾਰ ਸੁਲਤਾਨ ਕੁਲੀ ਖਾਨ ਦੋ ਹਜ਼ਾਰ ਘੋੜ ਸਵਾਰ ਸੈਨਿਕਾਂ ਦੀ ਅਗਵਾਈ ਕਰਦਾ ਬੰਦੇ ਦੇ ਲੋਹਗੜ ਵੱਲ ਨੂੰ ਵੱਧਦੇ ਕਦਮ ਰੋਕਣ ਲਈ ਚੜ ਪਿਆ। ਬੰਦੇ ਵਿਰੁੱਧ ਇਕ ਜਬਰਦਸਤ ਕਾਰਵਾਈ ਨੂੰ ਸੁਨਿਸ਼ਚਿਤ ਕਰਨ ਹਿਤ ਬਾਦਸ਼ਾਹ ਨੇ ਜੈਨ-ਉਲ-ਦੀਨ ਅਹਿਮਦ ਖਾਨ ਨੂੰ ਸਰਹਿੰਦ ਦਾ ਫੌਜਦਾਰ ਨਿਯੁਕਤ ਕੀਤਾ ਅਤੇ 800 ਜਾਤ ਤੇ 500 ਸਵਾਰ ਦਾ ਅਹੁਦਾ ਦਿਤਾ। ਇਹ ਭਰੋਸਾ ਵੀ ਉਸ ਨੂੰ ਦਿਤਾ ਗਿਆ ਕਿ ਜਲਦ ਹੀ ਉਸਨੂੰ ਉਹੀ ਅਹੁਦਾ ਦਿਤਾ ਜਾਏਗਾ ਜੋ ਵਜੀਰ ਖਾਨ ਪਾਸ ਸੀ।

ਸੰਭਵਤਾ ਕੀਰਤਪੁਰ 'ਚ ਠਹਿਰਾਉ ਦੌਰਾਨ ਬੰਦੇ ਨੂੰ ਮੁਗਲ ਫੌਜਾਂ ਦੇ ਸਰਹਿੰਦ, ਸੰਢੌਰੇ ਅਤੇ ਲੋਹਗੜ ਦੇ ਆਲੇ ਦੁਆਲੇ ਜਮਘਟੇ ਦਾ ਪਤਾ ਲਗ ਗਿਆ ਸੀ। ਆਪਣੇ ਕੋਲ ਸਾਧਨਾਂ ਦੀ ਘਾਟ ਨੂੰ ਮਹਿਸੂਸ ਕਰਦਿਆਂ ਉਸਨੇ ਲੋਹਗੜ ਨੂੰ ਜਾਣ ਦਾ ਇਰਾਦਾ ਤਿਆਗ ਦਿਤਾ ਅਤੇ ਆਪਣਾ ਸਾਰਾ ਧਿਆਨ ਅਤੇ ਸ਼ਕਤੀ ਸਾਧਨਾਂ ਨੂੰ ਵਧਾਉਣ ਵੱਲ ਲਗਾਉਣ ਦਾ ਫੈਸਲਾ ਕੀਤਾ। ਉਸਨੇ ਪਹਾੜੀ ਰਾਜਿਆਂ ਤੋਂ ਵਸੂਲੀ ਕਰਨ ਲਈ ਟੁਕੜੀਆਂ ਰਵਾਨਾ ਕਰ ਦਿਤੀਆਂ ਅਤੇ ਖੁਦ ਕੀਰਤਪੁਰ ਅਤੇ ਰੋਪੜ ਦਰਮਿਆਨ ਦੇ ਪਿੰਡਾਂ ਨੂੰ ਲੁਟਣਾ ਸ਼ੁਰੂ ਕਰ ਦਿਤਾ। ਜਿਉਂ ਹੀ ਬਾਦਸ਼ਾਹ ਨੂੰ ਬੰਦੇ ਦੀਆਂ ਕਾਰਵਾਈਆਂ ਦੀ ਖਬਰ ਮਿਲੀ ਤਾਂ ਉਸਨੇ ਜਲੰਧਰ ਦੁਆਬ ਦੇ ਫੌਜਦਾਰ ਹੋਸ਼ਦਾਰ ਖਾਨ ਨੂੰ ਬੰਦੇ ਨੂੰ ਅਤੇ ਉਹਨਾਂ ਸਾਰਿਆਂ ਨੂੰ ਸਜਾ ਦੇਣ ਲਈ ਭੇਜਿਆ ਜੋ ਗੜਬੜ ਪੈਦਾ ਕਰ ਰਹੇ ਸਨ।

ਜੋਧਪੁਰੀਆ ਰਾਜਾ ਅਜੀਤ ਸਿੰਘ ਅਤੇ ਜੈਪੁਰੀਆ ਰਾਜਾ ਜੈ ਸਿੰਘ ਅਕਤੂਬਰ ਦੇ ਅੱਧ 'ਚ ਸਢੋਰੇ ਪਹੁੰਚ ਗਏ ਸਨ ਅਤੇ ਉਹਨਾਂ ਨੂੰ ਹੁਕਮ ਸੀ ਕਿ ਜਦੋਂ ਬੰਦਾ ਲੋਹਗੜ ਤੇ ਮੁੜ ਕਬਜ਼ਾ ਕਰਨ ਦੀ ਕੋਸ਼ਿਸ਼ ਕਰੇ ਉਸ ਉਪਰ ਹਮਲਾ ਕਰ ਦਿਤਾ ਜਾਵੇ। ਸੁੰਦਰ ਰਾਉ ਹਰਕਾਰੇ ਦੀ ਜਸੂਸੀ ਰਿਪੋਰਟ ਤੋਂ , ਜਿਹੜੀ ਕਿ ਬਾਦਸ਼ਾਹ ਨੂੰ 30 ਨਵੰਬਰ ਨੂੰ ਪੇਸ਼ ਕੀਤੀ ਗਈ, ਇੰਝ ਭਾਸਦਾ ਹੈ ਕਿ ਬੰਦੇ ਨੇ ਇਹਨਾਂ ਰਾਜਿਆਂ ਨੂੰ ਸੁਨੇਹਾ ਘੱਲਿਆ ਸੀ ਕਿ ਉਹ ਤੁੰਰਤ ਆਪਣੇ

ਰਾਜਾਂ ਨੂੰ ਵਾਪਸ ਚਲੇ ਜਾਣ ਨਹੀਂ ਤਾਂ ਉਹਨਾਂ ਦੇ ਰਾਜਾਂ ਉਪਰ ਵੀ ਹੱਲਾ ਕੀਤਾ ਜਾਵੇਗਾ। ਰਾਜਿਆਂ ਨੇ ਬੰਦੇ ਦੀ ਗੱਲ ਤਾਂ ਕੀ ਮੰਨਣੀ ਸੀ ਸਗੋਂ ਸੁਨੇਹਾ ਲੈ ਕੇ ਗਏ ਵਿਅਕਤੀਆਂ ਦਾ ਕਤਲ ਵੀ ਕਰ ਦਿਤਾ। ਫਿਰ ਉਹਨਾਂ ਆਪਣੇ ਆਪਣੇ ਕੈਂਪ ਵਿਚ ਇਹ ਫੁਰਮਾਨ ਜਾਰੀ ਕਰ ਦਿਤਾ ਕਿ ਜਦੋਂ ਵੀ ਕੈਂਪ ਦੇ ਨੇੜੇ ਤੇੜੇ ਕੋਈ ਸਿੱਖ ਦਿਸੇ ਉਸਨੂੰ ਤੁਰੰਤ ਖਤਮ ਕਰ ਦਿਤਾ ਜਾਵੇ। ਦੋਵਾਂ ਰਾਜਿਆਂ ਨੇ ਹਜ਼ਾਰ ਹਜ਼ਾਰ ਸੈਨਿਕ ਪਾ ਕੇ ਦੋ ਹਜ਼ਾਰ ਸੈਨਿਕ ਇਕੱਠੇ ਕਰ ਲਏ ਤਾਂ ਜੋ ਪਹਾੜਾਂ ਦੇ ਪੈਰਾਂ ਵਿਚ ਅਸਰਦਾਰ ਗਸ਼ਤ ਕੀਤੀ ਜਾ ਸਕੇ।

ਗੁਰੀਲਿਆਂ ਨੂੰ ਦਬਾਉਣਾ ਕੋਈ ਸੌਖਾ ਕੰਮ ਨਹੀਂ ਹੈ। ਆਪਣੇ ਵਿਰੋਧੀ ਤੇ ਹਮਲਾ ਕਰਨ ਲਈ ਉਹ ਸਮਾਂ ਅਤੇ ਸਥਾਨ ਦੀ ਚੋਣ ਆਪਣੀ ਸਹੂਲਤ ਅਨੁਸਾਰ ਕਰਦੇ ਹਨ। ਉਹ ਉਨੀ ਦੇਰ ਹਮਲਾ ਨਹੀਂ ਕਰਦੇ ਜਿੰਨੀ ਦੇਰ ਉਹਨਾਂ ਨੂੰ ਆਪਣੀ ਕਾਮਯਾਬੀ ਤੇ ਪੂਰਾ ਯਕੀਨ ਨਾ ਹੋਵੇ। ਇਸੇ ਲਈ ਮੁਲਕ ਦੇ ਵੱਖ ਵੱਖ ਹਿੱਸਿਆਂ ਤੋਂ ਇਕੱਠੀ ਕੀਤੀ ਮੁਗਲ ਫੌਜ ਦੇ ਜਮਘਟੇ ਦੇ ਬਾਵਜੂਦ ਸਿੱਖ ਗੁਰੀਲੇ ਅਕਸਰ ਸ਼ਾਹੀ ਕੈਂਪ ਨੂੰ ਕਾਮਯਾਬੀ ਨਾਲ ਲੁੱਟ ਲੈਂਦੇ ਸਨ। ਮੁਹੰਮਦ ਅਮੀਨ ਖਾਨ ਦੁਆਰਾ ਨਵੇਂ ਹੀ ਸਥਾਪਤ ਕੀਤੇ ਰੰਘੜਪੁਰ ਦੇ ਥਾਣੇ ਤੇ ਸਿਘਾਂ ਨੇ 25 ਦਸੰਬਰ 1711 ਨੂੰ ਹੱਲਾ ਕਰਕੇ ਪਹਿਰੇਦਾਰਾਂ ਨੂੰ ਮਾਰ ਦਿਤਾ ਅਤੇ ਅਸਲਾ ਲੁੱਟ ਲਿਆ। ਫਿਰ 28 ਦਸੰਬਰ ਨੂੰ ਉਹਨਾਂ ਬਰਸਾਨਾ ਨਦੀ ਦੇ ਕੰਢੇ ਸਥਿਤ ਮੁਹੰਮਦ ਖਾਨ ਦੇ ਕੈਂਪ ਤੇ ਹਮਲਾ ਕਰਕੇ ਕਾਫੀ ਨੁਕਸਾਨ ਪਹੁੰਚਾਇਆ।

ਜਿਥੇ ਇਕ ਪਾਸੇ ਬੰਦਾ ਮੁਗਲ ਫੌਜ ਨਾਲ ਸੰਘਰਸ਼ ਕਰ ਰਿਹਾ ਸੀ ਅਤੇ ਸਿੱਖ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੇ ਸਨ। ਦੂਜੇ ਪਾਸੇ ਮਾਤਾ ਸੁੰਦਰੀ ਦੇ ਮੁਤਬੰਨੇ ਪੁਤਰ ਅਜੀਤ ਸਿਘ ਨੇ ਲਾਹੌਰ ਵਿਚ ਬਾਦਸ਼ਾਹ ਦੇ ਹਜ਼ੂਰ ਪੇਸ਼ ਹੋ ਨੌਂ ਅਸ਼ਰਫੀਆਂ ਦਾ ਨਜ਼ਰਾਨਾ ਭੇਟ ਕੀਤਾ ਅਤੇ ਇੰਨੀ ਹੀ ਰਕਮ ਦਾ ਸਿਰਵਾਰਨਾ ਵੀ ਕੀਤਾ। ਡਾ. ਸੁਖਦਿਆਲ ਸਿੰਘ ਲਿਖਦਾ ਹੈ "ਉਸਨੇ ਬੰਦਾ ਸਿੰਘ ਦੇ ਵਿਰੁੱਧ ਬਾਦਸ਼ਾਹ ਦੀ ਜਿੱਤ ਦੀ ਅਰਦਾਸ ਕੀਤੀ। ਬਾਦਸ਼ਾਹ ਨੇ ਖੁਸ਼ ਹੋ ਕੇ ਉਸਨੂੰ ਸਾਰੇ ਅੰਮ੍ਰਿਤਸਰ ਸ਼ਹਿਰ ਦੀ ਸਮੁੱਚੀ ਜਾਇਦਾਦ ਬਖਸ਼ ਦਿਤੀ। ਜਦੋਂ ਉਹ ਸ਼੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਸੰਭਾਲਣ ਲਈ ਉੱਥੇ ਪਹੁੰਚਿਆ ਤਾਂ ਸਥਾਨਕ ਸਿੱਖ ਸੰਗਤਾਂ ਨੇ ਉਸ ਦਾ ਬਾਈਕਾਟ ਕੀਤਾ।"

ਜਿਵੇਂ ਪਹਿਲਾਂ ਹੀ ਜਿਕਰ ਕੀਤਾ ਜਾ ਚੁਕਿਆ ਹੈ ਬਹਾਦਰ ਸ਼ਾਹ 17-18 ਫਰਵਰੀ ਦੀ ਦਰਮਿਆਨੀ ਰਾਤ ਨੂੰ ਕਿਸੇ ਰਹੱਸਮਈ ਬਿਮਾਰੀ ਕਾਰਨ ਮਰ ਗਿਆ । ਬਾਦਸ਼ਾਹ ਦੀ ਬਿਮਾਰੀ ਦੌਰਾਨ ਸਾਰੇ ਸ਼ਹਿਜਾਦੇ ਅਤੇ ਮਹੱਤਵਪੂਰਨ ਅਧਿਕਾਰੀ ਲਾਹੌਰ 'ਚ ਇਕੱਤਰ ਹੋ ਗਏ ਸਨ। ਉਹ ਸਾਰੇ ਬਾਦਸ਼ਾਹ ਦੀ ਮੌਤ ਅਤੇ ਉਸ ਉਪਰੰਤ ਤਖਤ ਦੀ ਪ੍ਰਾਪਤੀ ਲਈ ਨਿਸ਼ਚਿਤ ਤੌਰ ਤੇ ਹੋਣ ਵਾਲੇ ਸੰਘਰਸ਼ ਦਾ ਇੰਤਜਾਰ ਕਰ ਰਹੇ ਸਨ। ਜੈਪੁਰ ਅਤੇ ਜੋਧਪੁਰ ਦੇ ਰਾਜੇ ਵੀ ਆਪੋ ਆਪਣੇ ਰਾਜਾਂ ਨੂੰ ਮੁੜ ਗਏ ਸਨ। ਇਸ ਚੁਪ ਚਾਂ ਅਤੇ ਹੁਕਮਰਾਨ ਦੀ ਅਣਹੋਂਦ ਵਾਲੀ ਸਥਿਤੀ ਦਾ ਲਾਹਾ ਲੈਂਦਿਆਂ ਬੰਦੇ ਨੇ ਇਕ ਵੇਰਾਂ ਫਿਰ ਲੋਹਗੜ ਉਪਰ ਕਬਜ਼ਾ ਕਰ ਲਿਆ।

ਜਿਉਂ ਹੀ ਤਖਤ ਲਈ ਇਹ ਸੰਘਰਸ ਜਹਾਂਦਾਰ ਸ਼ਾਹ ਦੇ ਹੱਕ ਵਿਚ ਸਮਾਪਤ ਹੋਇਆ ਉਸਦੇ ਬਾਦਸ਼ਾਹ ਬਣਨ ਦਾ ਐਲਾਨ ਕਰ ਦਿਤਾ ਗਿਆ। ਉਸ ਨੇ 29 ਮਾਰਚ 1712 ਨੂੰ ਹੁਕਮ ਕੀਤਾ ਕਿ ਨੌਂ ਹਜ਼ਾਰ ਘੋੜ ਸਵਾਰ ਸੈਨਿਕ ਬੰਦੇ ਵਿਰੁੱਧ ਕਾਰਵਾਈ ਲਈ ਭੇਜੇ ਜਾਣ।

9 ਅਪਰੈਲ ਨੂੰ ਬਾਦਸ਼ਾਹ ਨੂੰ ਸੂਚਿਤ ਕੀਤਾ ਗਿਆ ਕਿ ਮੁਹੰਮਦ ਅਮੀਨ ਖਾਨ ਦੀ ਅਗਵਾਈ ਹੇਠ ਇਹ ਨਵੀਂ ਸਥਾਪਤ ਘੋੜ ਸਵਾਰ ਸੈਨਿਕ ਫੌਜ ਨੇ ਸਢੋਰੇ ਲਈ ਕੂਚ ਕਰ ਦਿਤਾ ਹੈ।

ਲਾਹੌਰ ਤੋਂ ਦਿੱਲੀ ਵੱਲ ਦੀ ਵਾਪਸੀ ਯਾਤਰਾ ਤੇ ਜਹਾਂਦਾਰ ਸ਼ਾਹ 25 ਮਈ 1712 ਨੂੰ ਸਰਹਿੰਦ ਪਹੁਚਿਆ। ਇਥੇ ਸਰਹਿੰਦ ਦੇ ਫੌਜਦਾਰ ਜੈਨਉਲ ਦੀਨ ਅਹਿਮਦ ਖਾਨ ਨੇ ਬਾਦਸ਼ਾਹ ਨੂੰ ਦੱਸਿਆ ਕਿ ਬੰਦਾ ਬਹਾਦਰ ਲੋਹਗੜ ਦੇ ਕਿਲ੍ਹੇ ਵਿਚ ਡੱਟਿਆ ਬੈਠਾ ਹੈ ਅਤੇ ਬੇਨਤੀ ਕੀਤੀ ਕਿ ਉਸਨੂੰ ਖਤਮ ਕਰਨ ਲਈ ਹੋਰ ਸੈਨਾ ਦੀ ਜਰੂਰਤ ਹੈ। ਬਾਦਸ਼ਾਹ ਨੇ ਤੁਰੰਤ ਅੱਠ ਹਜ਼ਾਰ ਨਵੇਂ ਸੈਨਿਕ ਭਰਤੀ ਕਰਨ ਦੀ ਮਨਜ਼ੂਰੀ ਦੇ ਦਿਤੀ ਅਤੇ ਹੁਕਮ ਕੀਤਾ ਕਿ ਬੰਦੇ ਨੂੰ ਤੁਰੰਤ ਜਿਉਂਦਾ ਜਾਂ ਮੁਰਦਾ ਫੜਿਆ ਜਾਵੇ। 29 ਮਈ ਨੂੰ ਜਦੋਂ ਬਾਦਸ਼ਾਹ ਥਨੇਸਰ 'ਚ ਠਹਿਰਿਆ ਹੋਇਆ ਸੀ ਤਾਂ ਉਸਨੇ ਨੌਕਰ ਰਾਏ ਮਾਨ ਨੂੰ ਹੁਕਮ ਕੀਤਾ ਕਿ ਸਰਹਿੰਦ ਨੂੰ ਹੋਰ ਸੈਨਿਕ ਸਹਾਇਤਾ ਭੇਜੀ ਜਾਵੇ ਤਾਂ ਜੋ ਬੰਦੇ ਵਿਰੁੱਧ ਕਾਰਵਾਈ ਤੁਰੰਤ ਕਾਮਯਾਬੀ ਨਾਲ ਮੁਕਾਈ ਜਾ ਸਕੇ ।

ਪਰ ਬੰਦੇ ਨੂੰ ਫੜਨਾ ਕੋਈ ਮਜਾਕ ਨਹੀਂ ਸੀ। ਘੇਰਾ ਜਾਰੀ ਰਿਹਾ ਅਤੇ ਦੋਵੇਂ ਧਿਰਾਂ ਵਿਚ ਕਦੇ ਕਦੇ ਝੱੜਪਾਂ ਵੀ ਹੁੰਦੀਆਂ ਰਹੀਆਂ। ਮੁਹੰਮਦ ਅਮੀਨ ਖਾਨ ਦੀ ਬੇਨਤੀ ਤੇ ਬਾਦਸ਼ਾਹ ਦੇ 8 ਸਤੰਬਰ ਦੇ ਹੁਕਮ ਨਾਲ ਉਸਨੂੰ ਦੋ ਹੋਰ ਤੋਪਾਂ ਦਿਤੀਆਂ ਗਈਆਂ। ਸਰਹਿੰਦ ਦੇ ਫੌਜਦਾਰ ਜੈਨਉਲਦੀਨ ਅਹਿਮਦ ਖਾਨ ਅਤੇ ਮੁਹੰਮਦ ਅਮੀਨ ਖਾਨ ਕੋਲ ਜੋ ਫੌਜਾਂ ਪਹਿਲਾਂ ਹੀ ਸਨ ਉਹਨਾਂ ਤੋਂ ਇਲਾਵਾ ਲਾਹੌਰ ਅਤੇ ਹੋਰ ਸਥਾਨਾਂ ਤੋਂ ਉਹਨਾਂ ਨੂੰ ਹੋਰ ਕੁਮਕ ਅਤੇ ਗੋਲੀ ਸਿੱਕਾ ਤੇ ਹਥਿਆਰ ਵੀ ਸਮੇਂ ਸਮੇਂ ਤੇ ਪਹੁੰਚਾਏ ਜਾਂਦੇ ਸਨ। ਬਿਨਾਂ ਕਿਸੇ ਫੈਸਲਾਕੁਨ ਨਤੀਜੇ ਦੇ ਇਹ ਘੇਰਾ ਕਈ ਮਹੀਨੇ ਜਾਰੀ ਰਿਹਾ। ਦੋਹਾਂ ਧਿਰਾਂ ਵਿਚ ਅਕਸਰ ਹੁੰਦੀਆਂ ਝੱੜਪਾਂ ਦਾ ਕੋਈ ਪ੍ਰਭਾਵ ਨਹੀਂ ਸੀ ਪੈ ਰਿਹਾ ਅਤੇ ਇਹ ਸਿਰਫ ਲੁਕਣ ਮੀਟੀ ਦੀ ਖੇਡ ਹੀ ਬਣ ਗਈ ਸੀ।

ਇਸ ਸਮੇਂ ਦੌਰਾਨ ਅਜੀਮ-ਉਲ-ਸ਼ਾਨ ਦੇ ਬੇਟੇ ਫਰੁਖਸੀਅਰ ਨੇ ਆਪਣੇ ਆਪਨੂੰ ਬਾਦਸ਼ਾਹ ਐਲਾਨ ਦਿਤਾ ਅਤੇ ਉਹ ਦਿੱਲੀ ਦੇ ਤਖਤ ਤੇ ਕਬਜ਼ਾ ਕਰਨ ਲਈ ਬਿਹਾਰ ਤੋਂ ਚਲ ਪਿਆ। ਜਹਾਂਦਾਰ ਸ਼ਾਹ ਨੇ ਫਰੁਖਸੀਅਰ ਦਾ ਟਾਕਰਾ ਕਰਨ ਲਈ ਆਗਰੇ ਵੱਲ ਨੂੰ ਚਾਲੇ ਪਾ ਦਿਤੇ ਅਤੇ ਮੁਹੰਮਦ ਅਮੀਨ ਖਾਨ ਨੂੰ ਹੁਕਮ ਕੀਤਾ ਕਿ ਉਹ ਤੁਰੰਤ ਉਸ ਨੂੰ ਅਕਬਰਾਬਾਦ ਨੇੜੇ ਮਿਲੇ। ਮੁਹੰਮਦ ਅਮੀਨ ਖਾਨ ਨੇ ਇਕ ਵੱਡੀ ਫੌਜ ਸਮੇਤ ਸਢੋਰਾ ਛੱਡ ਦਿਤਾ ਅਤੇ ਪਿਛੇ ਰਹਿ ਗਈ ਫੌਜ ਬੰਦੇ ਵਿਰੁੱਧ ਕੋਈ ਵੱਡਾ ਹੱਲਾ ਕਰਨ ਦੇ ਸਮਰੱਥ ਨਹੀਂ ਸੀ।

ਜਹਾਂਦਾਰ ਸ਼ਾਹ ਆਪਣੇ ਮਿਤਰਾਂ ਅਤੇ ਸਮਰਥਕਾਂ ਦਾ ਵਿਸ਼ਵਾਸ ਅਤੇ ਸਤਿਕਾਰ ਪਹਿਲਾਂ ਹੀ ਖੋ ਚੁਕਿਆ ਸੀ ਇਸ ਲਈ ਉਹ ਆਪਣੇ ਭਤੀਜੇ ਦਾ ਕੋਈ ਜਾਨਦਾਰ ਮੁਕਾਬਲਾ ਨਾ ਕਰ ਸਕਿਆ। ਜੌਹਨ ਕੀਅ ਲਿਖਦਾ ਹੈ "ਉਸ ਦੀਆਂ ਜਿਆਦਾਤਰ ਫੌਜਾਂ ਖਿਸਕ ਗਈਆਂ ਅਤੇ ਫਰੁਖਸੀਅਰ ਦਾ, ਜਿਸਨੇ ਪਹਿਲਾਂ ਹੀ ਆਪਣੇ ਆਪਨੂੰ ਬਾਦਸ਼ਾਹ ਐਲਾਨ ਦਿਤਾ ਸੀ, ਛੇ ਸਾਲਾ (1713-1719) ਸ਼ਾਸਨ ਅਰੰਭ ਹੋ ਗਿਆ। ਜਹਾਂਦਾਰ ਸ਼ਾਹ ਅਤੇ ਅਮੀਰ-ਉਲ-ਉਮਰਾ ਜ਼ੁਲਫਕਾਰ ਖਾਨ ਨੂੰ 1 ਫਰਵਰੀ 1713 ਨੂੰ ਮੌਤ ਦੇ ਘਾਟ ਉਤਾਰ ਦਿਤਾ ਗਿਆ। ਫਰੁਖਸੀਅਰ ਦੇ ਤਖਤ ਉਪਰ ਬੈਠਣ ਨਾਲ ਹੀ ਸਿੱਖਾਂ ਵਾਸਤੇ ਸਭ ਤੋਂ

ਦੁਖਦਾਈ ਸਮੇਂ ਦੀ ਸ਼ੁਰੂਆਤ ਹੋ ਗਈ।"

ਫ਼ਰੁਖਸੀਅਰ ਸਿੱਖਾਂ ਦੇ ਇਸ ਵਿਦਰੋਹ ਨੂੰ ਦਬਾਉਣ ਲਈ ਦ੍ਰਿੜ ਸੀ। ਗੱਦੀ ਤੇ ਬੈਠਦਿਆਂ ਹੀ ਪ੍ਰਬੰਧਕੀ ਤਬਦੀਲੀਆਂ ਕਰਦਿਆਂ ਉਸਨੇ ਪੰਜਾਬ ਅਤੇ ਜੰਮੂ ਦੀਆਂ ਪਹਾੜੀਆਂ ਵਿਚ ਸਿੱਖ ਵਿਦਰੋਹੀਆਂ ਨਾਲ ਨਜਿੱਠਣ ਲਈ ਆਪਣੇ ਵਫਾਦਾਰਾਂ ਨੂੰ ਨਿਯੁਕਤ ਕੀਤਾ। ਅਬਦੁਸ ਸਮਦ ਖਾਨ ਨੂੰ ਕਸ਼ਮੀਰ ਤੋਂ ਲਿਆਕੇ ਲਾਹੌਰ ਨਿਯੁਕਤ ਕੀਤਾ ਅਤੇ ਉਸਦੇ ਪੁੱਤਰ ਜਕਰੀਆਂ ਖਾਂਨ ਨੂੰ ਜੰਮੂ ਦਾ ਫੌਜਦਾਰ ਨਿਯੁਕਤ ਕੀਤਾ। ਲਾਹੌਰ ਦੇ ਗਵਰਨਰ ਜਬਰਦਸਤ ਖਾਨ ਨੂੰ ਅਬਦੁਸ ਸਮਦ ਖਾਂਨ ਦੀ ਜਗ੍ਹਾਂ ਕਸ਼ਮੀਰ 'ਚ ਤਾਇਨਾਤ ਕੀਤਾ ਗਿਆ। ਜੈਨਉਲ ਦੀਨ ਅਹਿਮਦ ਖਾਨ ਨੂੰ ਤਰੱਕੀ ਦੇ ਕੇ ਸਰਹਿੰਦ ਦਾ ਸੂਬੇਦਾਰ ਬਣਾ ਦਿਤਾ ਗਿਆ ਸੀ। ਇਹਨਾਂ ਸਾਰਿਆਂ ਨੂੰ ਬਹੁਤ ਹੀ ਸਪਸ਼ਟ ਸ਼ਬਦਾਂ ਵਿਚ ਹਿਦਾਇਤ ਕੀਤੀ ਗਈ ਕਿ ਉਹ ਸਿੱਖਾਂ ਦੇ ਇਸ ਵਿਦਰੋਹ ਨੂੰ ਦਬਾਉਣ ਅਤੇ ਬੰਦੇ ਨੂੰ ਜਿੰਦਾ ਜਾਂ ਮੁਰਦਾ ਫੜਨ ਲਈ ਪੱਥਰ ਦਿਲ ਹੋ ਜਾਣ। ਡਾ. ਗੋਪਾਲ ਸਿੰਘ ਲਿਖਦਾ ਹੈ "ਪੰਜਾਬ ਵਿਚ ਇਥੋਂ ਦੇ ਗਵਰਨਰ ਅਬਦੁਸ ਸਮਦ ਖਾਨ ਨੇ ਅਤੇ ਉਸਦੇ ਪੁੱਤਰ ਜੰਮੂ ਦੇ ਫੌਜਦਾਰ ਜਕਰੀਆ ਖਾਨ ਨੇ ਇਸ ਸ਼ਾਹੀ ਫੁਰਮਾਨ ਨੂੰ ਸਿੱਖਾਂ ਦਾ ਬੀਜ ਨਾਸ ਕਰਨ ਲਈ ਪੂਰੀ ਤਰ੍ਹਾਂ ਲਾਗੂ ਕੀਤਾ।"

10 ਮਾਰਚ 1713 ਨੂੰ ਸਰਹਿੰਦ ਦੇ ਇਲਾਕੇ ਦੇ ਹਰਕਾਰੇ ਨੇ ਬਾਦਸ਼ਾਹ ਦੇ ਪੇਸ਼ ਆਪਣੀ ਰਿਪੋਰਟ ਵਿਚ ਦੱਸਿਆ ਕਿ ਬਾਗੀਆਂ (ਨਾਨਕ ਪੂਜਾ) ਨੇ ਦਾਬੜ ਵਿਚ ਫਸਾਦ ਕੀਤਾ ਅਤੇ ਲੁਟਮਾਰ ਤੇ ਖੋਹ-ਖੋਹਾਈ ਕੀਤੀ। ਜੈਨਉਲ ਦੀਨ ਅਹਿਮਦ ਖਾਨ ਫੌਜਦਾਰ ਦੇ ਬੰਦਿਆਂ ਨਾਲ ਉਹਨਾਂ ਦੀ ਟੱਕਰ ਹੋ ਗਈ ਅਤੇ ਕਈ ਬਾਗੀ ਮਾਰੇ ਗਏ। ਜਦੋਂ ਉਹ ਮੁਗਲ ਫੌਜਾਂ ਦਾ ਸਾਹਮਣਾ ਨਾ ਕਰ ਸਕੇ ਤਾਂ ਉਹ ਭੱਜ ਗਏ। ਉਸੇ ਦਿਨ ਹੀ ਸਹਾਰਨਪੁਰ ਦੇ ਹਰਕਾਰੇ ਦੀ ਵੀ ਇਕ ਰਿਪੋਰਟ ਪੇਸ਼ ਕੀਤੀ ਗਈ ਜਿਸ ਅਨੁਸਾਰ ਬਾਗੀਆਂ ਨੇ ਕਈ ਜਗ੍ਹਾ ਸਿਰ ਚੁੱਕ ਲਿਆ ਹੈ ਅਤੇ ਸਰਹਿੰਦ ਦੇ ਇਲਾਕੇ ਵਿਚ ਖਰੂਦ ਮਚਾਇਆ ਹੋਇਆ ਹੈ। ਫੌਜਦਾਰ ਉਹਨਾਂ ਨਾਲ ਤਾਂ ਟੱਕਰ ਲੈਣ ਦੇ ਸਮਰਥ ਨਹੀਂ ਪਰ ਉਸਦੀ ਫੌਜ ਨੇ ਕਈ ਪਿੰਡਾਂ ਤੇ ਹਮਲਾ ਕਰਕੇ ਉਥੋਂ ਦੇ ਵਸਨੀਕਾਂ ਦਾ ਅੰਨ ਦਾਣਾ ਅਤੇ ਮਾਲ ਡੰਗਰ ਲੁਟ ਲਏ।

ਇਹਨਾਂ ਖਬਰਦਾਰ ਕਰਨ ਵਾਲੀਆਂ ਰਿਪੋਰਟਾਂ ਤੋਂ ਪਤਾ ਲਗਦਾ ਸੀ ਕਿ ਜੈਨਉਲ ਦੀਨ ਅਹਿਮਦ ਖਾਨ ਸਥਿਤੀ ਨਾਲ ਸਿੱਝਣ ਦੇ ਸਮਰੱਥ ਨਹੀਂ ਸੀ। ਸੋ ਇਸ ਸਥਿਤੀ ਨਾਲ ਸਿੱਝਣ ਲਈ ਬਾਦਸ਼ਾਹ ਨੇ ਲਾਹੌਰ ਦੇ ਗਵਰਨਰ ਅਬਦੁਸ ਸਮਦ ਖਾਨ ਨੂੰ ਹੁਕਮ ਕੀਤਾ ਕਿ ਸਰਹਿੰਦ ਪਹੁੰਚੇ ਅਤੇ ਉਥੋਂ ਦੇ ਫੌਜਦਾਰ ਨਾਲ ਰਲ ਕੇ ਬਾਗੀ ਗੁਰੂ (ਭਾਵ ਬੰਦਾ) ਨੂੰ ਸਜਾ ਦੇਵੇ ਜੋ ਕਿ ਦਾਬੜ ਵਿਚ ਡੱਟਿਆ ਬੈਠਾ ਸੀ।

ਲੋਹਗੜ ਦੇ ਭੰਡਾਰਾਂ ਨੂੰ ਭਰਨ ਲਈ ਅਨਾਜ ਅਤੇ ਹੋਰ ਸਮਾਨ ਖਰੀਦਣ ਲਈ ਬੰਦਾ ਨਾਹਨ ਗਿਆ ਹੋਇਆ ਸੀ ਪਰ ਮੰਡੀ ਵਿਚ ਇਹਨਾਂ ਚੀਜਾਂ ਦੀ ਅਣਹੋਂਦ ਕਾਰਨ ਉਹ 2 ਅਪਰੈਲ ਨੂੰ ਦਾਬੜ ਵਾਪਸ ਆ ਗਿਆ। ਸਰਹਿੰਦ ਦੇ ਹਰਕਾਰੇ ਦੀ ਰਿਪੋਰਟ ਅਨੁਸਾਰ ਉਥੋਂ ਬੰਦਾ 1000 ਘੋੜ ਸਵਾਰ ਸੈਨਿਕਾਂ ਨੂੰ ਨਾਲ ਲੈ ਸਢੌਰੇ ਦੇ ਕਿਲ੍ਹੇ ਦੀ ਮਜ਼ਬੂਤੀ ਕਰਨ ਦੀ ਨੀਯਤ ਨਾਲ ਸਢੌਰੇ ਨੂੰ ਚਲਾ ਗਿਆ।

ਜਹਾਂਦਾਰ ਸ਼ਾਹ ਨਾਲ ਬਾਦਸ਼ਾਹ ਦੀ ਲੜਾਈ 'ਚ ਅਬਦੁਸ ਸਮਦ ਖਾਨ ਤੇ ਬਾਦਸ਼ਾਹ ਦੀ ਕ੍ਰਿਪਾ ਦ੍ਰਿਸ਼ਟੀ ਹੋ ਗਈ ਸੀ। ਖਾਨ ਤੇਜੀ ਨਾਲ ਸਢੌਰੇ ਪਹੁੰਚ ਗਿਆ ਤਾਂ ਜੋ ਸਥਾਨਕ

ਫੌਜਦਾਰ ਨਾਲ ਰਲਕੇ ਬੰਦੇ ਨੂੰ ਫੜਨ ਲਈ ਰਣਨੀਤੀ ਘੜ ਸਕੇ। ਡਾ. ਗੰਡਾ ਸਿੰਘ ਲਿਖਦਾ ਹੈ "ਬੰਦਾ ਸਿੰਘ ਦੇ ਵਿਰੁੱਧ ਮੁਹਿੰਮ ਤੇਜ ਕਰਨ ਲਈ ਜਦ ਇਹ ਸਢੌਰੇ ਪੁੱਜਾ ਤਾਂ ਉਸ ਵੇਲੇ ਸਿੰਘ ਦੋਹੀਂ ਥਾਈਂ ਡਟੇ ਬੈਠੇ ਸਨ। ਬੰਦਾ ਖੁਦ ਲੋਹਗੜ ਵਿਚ ਸੀ ਅਤੇ ਸਢੌਰੇ ਦੀ ਗੜ੍ਹੀ ਵਿਚ ਭੀ ਸਿੰਘ ਡਟੇ ਹੋਏ ਸਨ। ਜੈਨਉਲ ਦੀਨ ਅਹਿਮਦ ਖਾਨ ਦੇ ਸਿੰਘਾਂ ਵਿਰੁੱਧ ਜਤਨ ਇਹ ਥਾਂ ਖਾਲੀ ਕਰਵਾ ਸਕਣ ਵਿਚ ਸਫਲ ਨਹੀਂ ਸੀ ਹੋ ਰਹੇ। ਇਹ ਵੇਖ ਕੇ ਕਿ ਇਕੋ ਵੇਲੇ ਦੋਨੋਂ ਕਿਲ੍ਹਿਆਂ ਉਤੇ ਕੀਤੇ ਹੱਲੇ ਸਫਲ ਨਹੀਂ ਹੋ ਸਕਣਗੇ, ਅਬਦੁਸ ਸਮਦ ਖਾਨ ਨੇ ਵਾਰੋ ਵਾਰੀ ਇਕੱਲੇ ਇਕੱਲੇ ਨੂੰ ਮਾਰਨ ਦਾ ਫੈਸਲਾ ਕੀਤਾ। ਅਬਦੁੱਸ ਸਮਦ ਖਾਨ ਜੈਨਉਲ ਦੀਨ ਅਹਿਮਦ ਖਾਨ ਅਤੇ ਇਨਾਮ ਖਾਨ ਆਦਿ ਦੀਆਂ ਹੋਰ ਫੌਜਾਂ ਨੇ, ਜੋ ਬਾਦਸ਼ਾਹ ਫਰੁਖਸੀਅਰ ਨੇ ਇਹਨਾਂ ਦੀ ਸਹਾਇਤਾ ਲਈ ਭੇਜੀਆਂ ਸਨ, ਰਲ ਕੇ ਸਢੌਰੇ ਦੀ ਗੜ੍ਹੀ ਦਾ ਘੇਰਾ ਕੱਸ ਦਿਤਾ। ਲੁੱਟ ਦੀ ਆਸ ਨਾਲ ਇਸ ਵੇਲੇ ਆਲੇ ਦੁਆਲੇ ਦਾ ਮੁਸਲਮਾਨ ਮੁਲਖਈਆ ਭੀ ਚੋਖਾ ਆ ਜਮ੍ਹਾਂ ਹੋਇਆ। ਇਸ ਤਰਾਂ ਘੇਰੇ ਦੇ ਤੰਗ ਹੋ ਜਾਣ ਨਾਲ ਸਿੰਘਾਂ ਦੀ ਆਵਾਜਾਈ ਬੜੀ ਔਖੀ ਹੋ ਗਈ ਅਤੇ ਖਾਣਾ ਦਾਣਾ ਪੁੱਜਣ ਦੀ ਤੰਗੀ ਵੱਧ ਗਈ। ਇਸ ਹਾਲਤ ਵਿਚ ਸਿੰਘਾਂ ਲਈ ਬਹੁਤਾ ਚਿਰ ਸਢੌਰੇ ਟਿਕੇ ਰਹਿਣਾ ਮੁਸਕਲ ਸੀ, ਇਹ ਦੇਖ ਦੇ ਬੰਦਾ ਸਿੰਘ ਲੋਹਗੜ ਤੋਂ ਸਹਾਇਤਾ ਭੇਜਣ ਦਾ ਜਤਨ ਕਰਨ ਲਗਾ।"

ਰਾਜਧਾਨੀ ਦੇ ਹਰਕਾਰੇ ਕੇਸ਼ੋ ਰਾਮ ਨੇ 27 ਜੂਨ 1713 ਦੀ ਰਿਪੋਰਟ ਵਿਚ ਦੱਸਿਆ ਕਿ ਸਢੌਰੇ ਦੇ ਕਿਲ੍ਹੇ ਨੂੰ ਘੇਰਾ 22 ਜੂਨ ਨੂੰ ਪੈ ਗਿਆ ਸੀ ਜਿਸ ਉਪਰੰਤ ਬਾਗੀ ਗੁਰੂ ਦੇ ਕਈ ਬੰਦੇ ਅੱਗੇ ਆ ਕੇ ਮੁਗਲ ਫੌਜ ਨਾਲ ਭਿੜ ਗਏ। ਬਹੁਤ ਸਾਰੇ ਬਾਗੀ ਜਾਂ ਤਾਂ ਮਾਰੇ ਗਏ ਜਾਂ ਫਿਰ ਜ਼ਖਮੀ ਹੋ ਗਏ।

ਡਾ. ਗੰਡਾ ਸਿੰਘ ਲਿਖਦਾ ਹੈ "ਬਾਦਸ਼ਾਹ ਵੱਲੋਂ ਨਵੀਂ ਆਈ ਫੌਜ ਦਾ ਇਕ ਉੱਘਾ ਆਗੂ ਬਕਾ ਬੇਗ ਖਾਨ, ਜੋ ਇਨਾਮ ਖਾਨ ਦੇ ਭਾਈਚਾਰੇ 'ਚੋਂ ਸੀ, ਅਤੇ ਉਸਦੇ ਕੁਝ ਸਾਥੀ ਮਾਰੇ ਗਏ। ਇਸ ਝੜਪ ਤੋਂ ਬਾਅਦ ਸਿੰਘ ਆਪਣੀ ਗੜ੍ਹੀ ਵਿਚ ਜਾ ਵੜੇ।"

17 ਜੁਲਾਈ ਦੀ ਰਿਪੋਰਟ ਤੋਂ ਪਤਾ ਲਗਦਾ ਹੈ ਕਿ ਅਬਦੁਸ ਸਮਦ ਖਾਨ ਨੇ ਪੌੜੀਆਂ ਰਾਹੀ ਕਿਲ੍ਹੇ ਦੀਆ ਕੰਧਾਂ ਸਰ ਕਰਨ ਦਾ ਫੈਸਲਾ ਲਿਆ ਅਤੇ ਇਸੇ ਮੰਤਵ ਲਈ 700 ਪੌੜੀਆਂ ਬਣਵਾਈਆਂ। ਘੇਰੇ ਨੂੰ ਹੌਲੀ ਹੌਲੀ ਉਦੋਂ ਤੱਕ ਤੰਗ ਕਰਦੇ ਜਾਣਾ ਸੀ ਜਦੋਂ ਤੀਕਰ ਪੌੜੀਆਂ ਨਾਲ ਕਿਲ੍ਹੇ ਦੀਆਂ ਕੰਧਾਂ ਟੱਪੀਆਂ ਜਾ ਸਕਣ। ਇਸ ਸਥਿਤੀ ਤੀਕਰ ਪਹੁੰਚਣ ਲਈ ਦੋ ਮਹੀਨੇ ਦਾ ਸਮਾਂ ਲੱਗਿਆ ਤੇ ਆਖਿਰ 18 ਸਤੰਬਰ 1713 ਦੇ ਨੇੜੇ ਤੇੜੇ ਆਖਰੀ ਹੱਲਾ ਕੀਤਾ ਗਿਆ। ਸਿਘਾਂ ਨੂੰ ਵੀ ਇਸ ਰਣਨੀਤੀ ਦੀ ਭਿਣਕ ਲਗ ਗਈ ਸੀ ਅਤੇ ਉਹਨਾਂ ਕਿਲ੍ਹੇ ਨੂੰ ਖਾਲੀ ਕਰਨ ਦਾ ਫੈਸਲਾ ਕਰ ਲਿਆ ਸੀ। ਆਪਣੇ ਇਸ ਮਨਸੂਬੇ ਅਨੁਸਾਰ ਉਹਨਾਂ ਕਿਲ੍ਹੇ ਵਿਚੋਂ ਨਿਕਲ ਕੇ ਜਿਮੀਂਦਾਰਾਂ ਦੇ ਕੱਚੀ-ਪੱਕੀ ਤਿਆਰੀ ਵਾਲੇ ਆਦਮੀਆਂ ਉਤੇ ਅਚਨਚੇਤੀ ਹੱਲਾ ਬੋਲਿਆ ਅਤੇ ਬਿਨਾਂ ਕਿਸੇ ਖਾਸ ਜਾਨੀ ਨੁਕਸਾਨ ਦੇ ਘੇਰੇ ਨੂੰ ਚੀਰਦੇ ਲੋਹਗੜ ਵੱਲ ਨੂੰ ਨਿਕਲ ਗਏ।ਗੁਪਤਚਰਾਂ ਵੱਲੋਂ ਭੇਜੀਆਂ ਰਿਪੋਰਟਾਂ ਅਨੁਸਾਰ, ਜਿਹੜੀਆਂ ਕਿ 24 ਸਤੰਬਰ ਨੂੰ ਦਿੱਲੀ ਪਹੁੰਚੀਆਂ, ਅਬਦੁਸ ਸਮਦ ਖਾਨ ਦੇ ਹੁਕਮਾਂ ਨਾਲ ਸਢੌਰੇ ਦੇ ਕਿਲ੍ਹੇ ਨੂੰ ਮਲੀਆ ਮੇਟ ਕਰ ਦਿਤਾ ਗਿਆ ਸੀ।

ਇਸ ਸਮੇਂ ਦੌਰਾਨ ਭਗਵਤੀ ਦਾਸ ਅਤੇ ਮੁਹੰਮਦ ਅਲੀ ਹਰਕਾਰਿਆਂ ਦੁਆਰਾ ਭੇਜੀ

4 ਅਗਸਤ ਦੀ ਰਿਪੋਰਟ ਤੋਂ ਪਤਾ ਲਗਦਾ ਹੈ ਕਿ ਫਤਿਹ ਸਿੰਘ ਨਾਨਕ ਪ੍ਰਜ ਦੀ ਵੱਡੀ ਗਿਣਤੀ ਨੂੰ ਨਾਲ ਲੈ ਕੇ ਬਖਲੌਹ ਦੇ ਇਲਾਕੇ ਵਿਚ ਘੁਸ ਆਇਆ ਹੈ ਅਤੇ ਲੋਕਾਂ ਨੂੰ ਮੁਗਲ ਹਕੂਮਤ ਵਿਰੁੱਧ ਬਗਾਵਤ ਲਈ ਭੜਕਾ ਰਿਹਾ ਹੈ। ਫਤਿਹ ਸਿੰਘ ਬੰਦਾ ਬਹਾਦਰ ਦਾ ਇਤਨਾ ਨਜਦੀਕੀ ਸੀ ਕਿ ਉਹ ਉਸਦੇ ਪੁਤਰ ਦੇ ਤੌਰ ਤੇ ਮਸ਼ਹੂਰ ਸੀ। ਇਹ ਲੋਕੀ ਇਸ ਇਲਾਕੇ ਵਿਚ ਲੁਟ ਮਾਰ ਅਤੇ ਫਸਾਦ ਕਰ ਰਹੇ ਸਨ। ਸੰਭਵਤਾ ਉਹਨਾਂ ਦਾ ਇਰਾਦਾ ਸੀ ਕਿ ਉਹਨਾਂ ਵਲੋਂ ਕੀਤੀ ਕਾਰਵਾਈ ਦਾ ਪਤਾ ਲੱਗਣ ਤੇ ਅਬਦੁਸ ਸਮਦ ਖਾਨ ਆਪਣੇ ਇਲਾਕੇ ਦੀ ਸੁਰੱਖਿਆ ਲਈ ਵਾਪਸ ਲਾਹੌਰ ਵੱਲ ਮੁੜ ਆਵੇਗਾ। ਇਸ ਤਰਾਂ ਲੋਹਗੜ ਅਤੇ ਸਢੋਰੇ ਚ ਸਿੱਖਾਂ ਤੇ ਬਣਿਆ ਦਬਾਅ ਘੱਟ ਜਾਵੇਗਾ। ਪਰ ਉਹਨਾਂ ਦੀ ਇਹ ਚਾਲ ਕਾਮਯਾਬ ਨਾ ਹੋ ਸਕੀ ਕਿਉਂਜੋ ਬੱਖਲੋਹ ਦੇ ਜਿਮੀਂਦਾਰਾਂ ਮੁਹੰਮਦ ਹੁਸੈਨ ਅਤੇ ਦੀਨਦਾਰ ਖਾਂ ਨਾਲ ਹੋਈ ਇਕ ਝੜਪ ਵਿਚ ਫਤਿਹ ਸਿੰਘ ਮਾਰਿਆ ਗਿਆ।

ਸਢੋਰੇ ਦੇ ਕਿਲ੍ਹੇ ਦਾ ਮਲੀਆ ਮੇਟ ਕਰਨ ਉਪਰੰਤ ਅਬਦੁਸ ਸਮਦ ਖਾਨ, ਇਨਾਮ ਖਾਨ ਅਤੇ ਜੈਨ-ਉਲ-ਦੀਨ ਅਹਿਮਦ ਖਾਨ ਨੇ ਆਪਣੇ ਸਾਰੇ ਸਾਧਨ ਜੋੜ ਕੇ ਲੋਹਗੜ ਤੇ ਚੜਾਈ ਕਰ ਦਿਤੀ। ਪਰ ਅਜਿਹੀ ਕੋਈ ਪ੍ਰਮਾਣਿਤ ਗਵਾਹੀ ਨਹੀਂ ਮਿਲਦੀ ਜਿਸ ਤੋਂ ਕਿ ਇਸ ਸਮੇਂ ਲੋਹਗੜ ਜਾਂ ਇਸ ਦੇ ਆਸ ਪਾਸ ਹੋਈ ਕਿਸੇ ਲੜਾਈ ਦੀ ਸੂਹ ਮਿਲਦੀ ਹੋਵੇ। ਜਿਆਦਾ ਸੰਭਾਵਨਾ ਇਸੇ ਗੱਲ ਦੀ ਹੈ ਕਿ ਸਢੋਰੇ ਦੇ ਘੇਰੇ ਸਮੇਂ ਲੋਹਗੜ ਵਿਚ ਮੌਜੂਦ ਸੀਮਿਤ ਖਾਣੇ ਦਾਣੇ ਦਾ ਭੰਡਾਰ ਵੀ ਖਤਮ ਹੋ ਗਿਆ ਅਤੇ ਅਜਿਹੀ ਹਾਲਤ ਵਿਚ ਕਿਲ੍ਹੇ ਨੂੰ ਖਾਲੀ ਕਰ ਜਾਣਾ ਹੀ ਬੰਦੇ ਨੂੰ ਉਚਿਤ ਲੱਗਿਆ। ਉਹ ਮੁਗਲ ਫੌਜ ਵੱਲੋਂ ਇਸ ਕਿਲ੍ਹੇ ਤੇ ਹਮਲੇ ਦੀ ਯੋਜਨਾ ਤੋਂ ਕਾਫੀ ਪਹਿਲਾਂ ਹੀ ਇਸ ਨੂੰ ਖਾਲੀ ਕਰ ਗਿਆ ਸੀ। ਡਾ. ਸੁਖਦਿਆਲ ਸਿੰਘ ਦਾ ਮੰਨਣਾ ਹੈ ਕਿ ਨਾਹਨ ਦਾ ਰਾਜਾ ਜਿਸ ਨੇ 1710 ਵਿਚ ਬੰਦੇ ਨੂੰ ਕਾਬੂ ਨਾ ਕਰ ਸਕਣ ਕਾਰਨ ਤਕੜੀ ਸਜਾ ਭੁਗਤੀ ਸੀ ਇਸ ਵਾਰੀ ਬਹੁਤ ਚੇਤੰਨ ਸੀ ਅਤੇ ਉਸਨੇ ਕਿਲ੍ਹੇ ਵਿਚ ਰਾਸ਼ਨ ਅਤੇ ਕੱਖ ਪੱਠਾ ਚੋਰੀ ਨਾ ਪਹੁੰਚਣ ਦਿਤਾ। 21 ਸਤੰਬਰ ਦੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਬਜਾਦਗੜ ਦਾ ਕਿਲ੍ਹਾ (ਸੰਭਵਤਾ ਸਢੋਰੇ ਅਤੇ ਦਾਬੜ ਦਰਮਿਆਨ ਦੀ ਕੋਈ ਜਗ੍ਹਾ) ਮੁਗਲ ਫੌਜ ਨੇ ਜਿਤ ਲਿਆ ਗਿਆ ਹੈ ਅਤੇ ਇਸਲਾਮ ਦੇ ਗਾਜੀਆਂ ਨੇ 70 ਵਿਦਰੋਹੀ ਮਾਰ ਦਿਤੇ ਹਨ। ਇਸੇ ਤਰਾਂ 27 ਸਤੰਬਰ ਦੀ ਰਿਪੋਰਟ ਚ ਦਾਅਵਾ ਹੈ ਕਿ ਅਬਦੁਸ ਸਮਦ ਖਾਨ ਬਹਾਦਰ ਨੇ ਦਾਬੜ ਦਾ ਕਿਲ੍ਹਾ ਫਤਿਹ ਕਰਨ ਉਪਰੰਤ 600 ਵਿਦਰੋਹੀਆਂ ਦੇ ਸਿਰ ਕੱਟ ਕੇ ਬਾਦਸ਼ਾਹ ਨੂੰ ਪੇਸ਼ ਕੀਤੇ। ਜਿਆਦਾ ਸੰਭਾਵਨਾ ਇਹੀ ਹੈ ਕਿ ਇਹ ਉਹਨਾਂ ਸਿੰਘਾਂ ਦੇ ਸਿਰ ਸਨ ਜਿਹੜੇ ਕਿ ਸਢੋਰੇ ਅਤੇ ਦਾਬੜ ਤੇ ਸਢੋਰੇ ਦਰਮਿਆਨ ਲੜਦੇ ਸ਼ਹੀਦ ਹੋ ਗਏ ਸਨ।

ਪਰ ਭਗਵਤੀ ਦਾਸ ਹਰਕਾਰੇ ਦੀਆਂ ਰਿਪੋਰਟਾਂ ਅਨੁਸਾਰ ਬੰਦਾ ਅਕਤੂਬਰ ਦੇ ਮਹੀਨੇ ਵੀ ਲੋਹਗੜ ਵਿਚ ਹੀ ਸੀ ਅਤੇ ਕਿਲ੍ਹੇ ਦੁਆਲੇ ਖਾਈ ਖੋਦੀ ਜਾ ਰਹੀ ਸੀ। ਕੇਸ਼ੋ ਰਾਮ ਹਰਕਾਰਾ ਵੀ ਦਾਅਵਾ ਕਰਦਾ ਹੈ ਕਿ ਲੋਹਗੜ ਦੇ ਕਿਲ੍ਹੇ ਨੂੰ ਘੇਰਾ 16 ਨਵੰਬਰ ਨੂੰ ਪਾਇਆ ਗਿਆ ਸੀ ਤੇ ਜਿਆਦਾਤਰ ਨਾਨਕ ਪ੍ਰਜ ਕਤਲ ਕਰ ਦਿਤੇ ਗਏ ਜਾਂ ਜ਼ਖਮੀਂ ਕਰ ਦਿਤੇ ਗਏ ਅਤੇ ਕਿਲ੍ਹੇ ਤੇ ਕਬਜ਼ਾ ਕਰ ਲਿਆ ਗਿਆ। ਉਥੇ ਮੌਜੂਦ ਹਥਿਆਰ ਅਤੇ ਗੋਲਾ ਬਾਰੂਦ ਜਬਤ ਕਰ ਲਿਆ ਗਿਆ। ਬਾਕੀ ਬਚਦੇ ਵਿਦਰੋਹੀ ਪਹਾੜਾਂ ਵੱਲ ਭੱਜ ਗਏ।

19 ਨਵੰਬਰ ਦੀ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਕਿ ਕਮਾਂਊਂ ਦੇ ਜਿਮੀਂਦਾਰ ਰਾਜਾ ਬਾਜ ਬਹਾਦਰ ਨੇ ਸ੍ਰੀਨਗਰ (ਗੜਵਾਲ) ਵਿਚ ਗੁਰੂ ਦੇ 228 ਮੰਨਣ ਵਾਲਿਆਂ ਦੇ ਨੱਕ ਕੱਟ ਦਿੱਤੇ। ਇਹਨਾਂ ਕੱਟੇ ਹੋਏ ਨੱਕਾਂ ਨੂੰ ਅੱਠ ਤਲਵਾਰਾਂ, ਇਕ ਜੱਮਦਰ, ਇਕ ਨਿਸ਼ਾਨ ਅਤੇ ਇਕ ਧੌਂਸੇ ਸਮੇਤ ਬਾਦਸ਼ਾਹ ਨੂੰ ਪੇਸ਼ ਕੀਤਾ ਗਿਆ। ਬਾਦਸ਼ਾਹ ਨੇ ਖ਼ੁਸ਼ ਹੋ ਕੇ ਰਾਜੇ ਨੂੰ ਤੋਹਫੇ ਦੇ ਰੂਪ ਵਿਚ ਇਕ ਵਿਸ਼ੇਸ਼ ਖਿੱਲਤ, ਇਕ ਹਾਥੀ ਅਤੇ ਜਿਗ੍ਹਾਂ ਕਲਗੀਂ ਭੇਜੀ।

ਇਹੀ ਗੱਲ ਸਚਾਈ ਦੇ ਜਿਆਦਾ ਨੇੜੇ ਪ੍ਰਤੀਤ ਹੁੰਦੀ ਹੈ ਕਿ ਬੰਦੇ ਨੇ ਖ਼ੁਦ ਹੀ ਲੋਹਗੜ ਦਾ ਕਿਲ੍ਹਾ ਖਾਲੀ ਕਰ ਦਿਤਾ ਸੀ ।ਸ਼ਾਇਦ ਇਸਦਾ ਕਾਰਨ ਖਾਣੇ-ਦਾਣੇ ਅਤੇ ਕੱਖ ਪੱਠੇ ਦਾ ਖਤਮ ਹੋ ਜਾਣਾ ਅਤੇ ਨੇੜੇ ਭਵਿਖ ਵਿਚ ਇਹਨਾਂ ਦੀ ਭਰਪਾਈ ਦੀ ਸੰਭਾਵਨਾ ਵੀ ਨਾ ਹੋਣੀ ਹੋਵੇ। ਕੇਸ਼ੋ ਰਾਮ ਹਰਕਾਰਾ ਵੀ ਠੀਕ ਹੀ ਕਹਿੰਦਾ ਲਗਦਾ ਹੈ ਕਿ ਬੰਦਾ ਅਤੇ ਉਸਦੇ ਸਾਥੀ ਪਹਾੜਾਂ ਵੱਲ ਨੂੰ ਭੱਜ ਗਏ ਨੇ। 11 ਦਸੰਬਰ 1713 ਦੀ ਰਿਪੋਰਟ ਤੋਂ ਖਬਰ ਮਿਲੀ ਬਾਗੀ ਗੁਰੂ ਜਲਾਪੁਰ ਪਹੁੰਚ ਗਿਆ ਹੈ ਅਤੇ ਉਥੇ ਦੰਗਾ ਫਸਾਦ ਅਤੇ ਬਗਾਵਤ ਕਰ ਰਿਹਾ ਹੈ। ਇਸ ਲਈ ਮੋਰਾਦਾਬਾਦ ਦੇ ਫੌਜਦਾਰ ਨੂੰ ਹੁਕਮ ਕੀਤਾ ਗਿਆ ਕਿ ਉਹ ਬਾਗੀਆਂ ਨੂੰ ਸਜਾ ਦੇਵੇ। 14 ਦਸੰਬਰ ਦੀ ਰਿਪੋਰਟ ਵੀ ਇਸਦੀ ਪੁਸ਼ਟੀ ਕਰਦੀ ਹੈ ਜਿਸ ਵਿਚ ਦੱਸਿਆ ਗਿਆ ਹੈ ਖਾਨ ਬਹਾਦਰ ਅਬਦੁਸ ਸਮਦ ਖਾਨ ਨੂੰ ਲੋਹਗੜ ਜਾਣ ਦਾ ਹੁਕਮ ਹੋਇਆ ਹੈ।ਬਾਕੀਆਂ ਨੂੰ ਬਾਗੀਆਂ ਦਾ ਪਿਛਾ ਕਰਨ ਲਈ ਆਖਿਆ ਗਿਆ ਹੈ ਜੋ ਕਿ ਮੋਰਾਦਾਬਾਦ ਵੱਲ ਜਾ ਰਹੇ ਹਨ।ਬੰਦਾ ਬਹਾਦਰ ਅਤੇ ਉਸਦੇ ਸਾਥੀਆਂ ਦਾ ਉਤਰਖੰਡ ਦੇ ਪਹਾੜੀ ਇਲਾਕੇ ਨੂੰ ਪਾਰ ਕਰਕੇ ਮੁਰਾਦਾਬਾਦ ਦੀ ਤਰਫ ਨਿਕਲ ਜਾਣਾ ਭੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਬੰਦਾ ਬਹਾਦਰ ਨੇ ਜੋਨਸਰ ਦੇ ਇਲਾਕੇ 'ਚ ਜਾ ਕੇ ਸਿਰਫ ਤਪਸਿਆ ਹੀ ਨਹੀਂ ਕੀਤੀ ਬਲਕਿ ਬਚਾਓ ਦੇ ਰਾਹਾਂ ਦਾ ਭੀ ਨਿਰੀਖਣ ਕੀਤਾ ਅਤੇ ਉਸ ਇਲਾਕੇ ਦੇ ਬੰਜਾਰਿਆਂ ਨੂੰ ਆਪਣੇ ਸਾਥੀ ਬਣਾਇਆ।

ਭਾਵੇਂ ਜੰਮੂ ਦੇ ਫੌਜਦਾਰ ਜਕਰੀਆ ਖਾਨ ਨੇ ਤੇਜੀ ਨਾਲ ਬੰਦਾ ਬਹਾਦਰ ਦਾ ਪਿੱਛਾ ਕੀਤਾ ਅਤੇ ਉਸ ਦੀ ਫੌਜ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਵੀ ਕੀਤਾ ਪਰ ਇਸ ਦੇ ਬਾਵਜੂਦ ਵੀ ਬੰਦਾ ਜੰਮੂ ਦੀਆਂ ਪਹਾੜੀਆਂ ਵਿਚ ਚਨਾਬ ਦਰਿਆ (ਚੰਦਰ-ਭਾਗਾ) ਕੰਢੇ ਬਣੇ ਆਪਣੇ ਡੇਰੇ ਵਿਚ ਪਹੁੰਚਣ ਵਿਚ ਕਾਮਯਾਬ ਹੋ ਗਿਆ। ਜਕਰੀਆ ਖਾਨ ਨਾਨਕ ਪੂਜਾ ਦੇ 900 ਸਿਰ ਲੈ ਕੇ ਦਿੱਲੀ ਗਿਆ।ਉਸਨੂੰ ਇਕ ਖਿਲਤ ਅਤੇ 3000 ਜਾਤ ਅਤੇ 1000 ਸਵਾਰ ਦਾ ਅਹੁਦਾ ਬਖਸ਼ਿਆ ਗਿਆ।

****

ਬੰਦੇ ਦਾ ਆਖਰੀ ਦਾਅ

ਜੋ ਮਰਜੀ ਹੋ ਜਾਵੇ ਬੰਦਾ ਵਿਹਲਾ ਨਹੀਂ ਬੈਠ ਸਕਦਾ ਸੀ। ਪਰ ਲਿਖਤੀ ਇਤਿਹਾਸ ਤੇ ਭਰੋਸੇਮੰਦ ਮੌਖਿਕ ਸਾਹਿਤ ਪ੍ਰੰਪਰਾ ਦੀ ਅਣਹੋਂਦ ਅਤੇ ਸਰੋਤਾਂ ਦੀ ਘਾਟ ਕਾਰਨ ਸਾਨੂੰ ਨਵੰਬਰ 1713 ਤੋਂ ਲੈ ਕੇ ਮਾਰਚ 1715 ਤੱਕ ਬੰਦੇ ਦੇ ਨਿਤਾ ਪ੍ਰਤੀ ਦੇ ਰੁਝੇਵਿਆਂ ਬਾਰੇ ਕੋਈ ਖਾਸ ਪਤਾ ਨਹੀਂ ਲਗਦਾ। ਇਸ ਸਮੇਂ ਦੀਆਂ ਉਸ ਦੀਆਂ ਕਾਰਵਾਈਆਂ ਸਬੰਧੀ ਜਾਣਕਾਰੀ ਧੁੰਦਲੀ ਜਿਹੀ ਹੀ ਹੈ ਤੇ ਠੋਸ ਜਾਣਕਾਰੀ ਨਾ ਮਾਤਰ ਹੀ ਹੈ। ਇਸ ਸਮੇਂ ਦੀਆਂ ਉਸਦੀਆਂ ਕਾਰਵਾਈਆਂ ਤੇ ਅਖਬਾਰ-ਏ-ਦਰਬਾਰ-ਏ- ਮੁਅੱਲਾ ਵੀ ਕੋਈ ਬਹੁਤੀ ਰੋਸ਼ਨੀ ਨਹੀਂ ਪਾਉਂਦਾ। ਇਸ ਤੋਂ ਇਤਨਾ ਕੁ ਪਤਾ ਜਰੂਰ ਲਗਦਾ ਹੈ ਕਿ ਉਸਦੇ ਸ਼ਰਧਾਲੂਆਂ ਦਾ ਇਕ ਵੱਡਾ ਹਿਸਾ ਆਪਣੇ ਆਪਨੂੰ ਉਸ ਤੋਂ ਦੂਰ ਕਰਦਾ ਜਾ ਰਿਹਾ ਸੀ।

ਬੰਦਾ ਇਸ ਤੱਥ ਤੋਂ ਬਿਲਕੁਲ ਅਣਜਾਣ ਸੀ ਕਿ ਕੱਲ ਤੱਕ ਉਸਦੇ ਨਾਲ ਮੈਦਾਨੇ ਜੰਗ ਵਿਚ ਜੂਝਣ ਵਾਲੇ ਸਾਥੀ ਉਸਦੇ ਵਿਨਾਸ਼ ਲਈ ਗੋਂਦਾਂ ਗੁੰਦ ਰਹੇ ਨੇ । ਇਸ ਦੀ ਭਿਣਕ ਉਸਨੂੰ ਮਾਖੋਵਾਲ ਪਹੁੰਚ ਕੇ ਪਈ। ਉਸਨੂੰ ਬਹੁਤ ਹੈਰਾਨੀ ਹੋਈ ਜਦੋਂ ਬਾਜ ਸਿੰਘ ਨੇ, ਜਿਹੜਾ ਕਿ ਕੱਲ੍ਹ ਤੱਕ ਆਪਣੇ ਆਪ ਨੂੰ ਉਸ ਦਾ ਸਭ ਤੋਂ ਵੱਧ ਵਫਾਦਾਰ ਹੋਣ ਦਾ ਢੰਡੋਰਾ ਪਿੱਟਦਾ ਸੀ, ਆਖ ਦਿਤਾ ਕਿ ਉਸ ਨਾਲ ਉਸ ਦਾ ਕੋਈ ਲੈਣਾ ਦੇਣਾ ਨਹੀਂ ਹੈ ਅਤੇ ਆਪਣੀਆਂ ਕਾਰਵਾਈਆਂ ਉਹ ਅਜ਼ਾਦਾਨਾ ਤੌਰ ਤੇ ਚਲਾਏਗਾ। ਬੰਦੇ ਲਈ ਇਹ ਇਕ ਵੱਡਾ ਝੱਟਕਾ ਸੀ ਕਿਉਂਕਿ ਬਾਜ ਸਿੰਘ ਉਹਨਾਂ ਪੰਜਾਂ ਸਿੰਘਾਂ ਵਿਚ ਸ਼ਾਮਲ ਸੀ ਜਿਹਨਾਂ ਨੂੰ ਨਾਦੇੜ ਵਿਖੇ ਦਸਵੇਂ ਗੁਰੂ ਸਾਹਿਬ ਨੇ ਇਹ ਹੁਕਮ ਕਰਕੇ ਬੰਦੇ ਨਾਲ ਤੋਰਿਆ ਸੀ ਕਿ ਉਹ ਉਸ ਨਾਲ ਸਹਿਯੋਗ ਕਰਨਗੇ ਅਤੇ ਸਹਾਇਤਾ ਵੀ ਕਰਨਗੇ। ਬਾਜ ਸਿੰਘ ਨੇ ਆਪਣੇ ਇਸ ਫੈਸਲੇ ਬਾਰੇ ਹੋਰਨਾਂ ਨੂੰ ਤਾਂ ਪਹਿਲਾਂ ਹੀ ਸੂਚਿਤ ਕਰ ਦਿਤਾ ਸੀ। ਸ਼ਾਹੀ ਹਰਕਾਰੇ ਅਨੰਦ ਰਾਉ ਦੀ ਖੁਫੀਆ ਰਿਪੋਰਟ ਅਨੁਸਾਰ, ਜੋ ਕਿ 9 ਜੁਲਾਈ 1714 ਨੂੰ ਪੇਸ਼ ਕੀਤੀ ਗਈ, ਆਮ ਪ੍ਰਚੱਲਤ ਖਬਰ ਅਨੁਸਾਰ ਬਾਗੀ ਬਾਜ ਸਿੰਘ ਨੇ ਸਰਾਪੇ ਬਾਗੀ ਗੁਰੂ ਨਾਲੋਂ ਆਪਣੇ ਆਪ ਨੂੰ ਵੱਖ ਕਰ ਲਿਆ ਹੈ ਅਤੇ ਇਕ ਵੱਡੀ ਫੌਜ ਦੀ ਅਗਵਾਈ ਕਰ ਰਿਹਾ ਹੈ। ਉਹ ਕਹਿਲੂਰ ਦੇ ਜਿਮੀਂਦਾਰ ਦੇ ਤੁੱਅਲਕੇ ਵਿਚ ਮਾਖੋਵਾਲ (ਅਨੰਦਪੁਰ) ਵਿਚ ਟਿਕਿਆ ਹੋਇਆ ਹੈ ਅਤੇ ਇਸ ਜਿਮੀਂਦਾਰ ਨਾਲ ਉਸਦੀ ਪੂਰੀ ਸਾਂਠ ਗਾਂਠ ਹੈ। ਸ਼ਾਹੀ ਫੌਜਾਂ ਨੇੜੇ ਹੋਣ ਦੇ ਬਾਵਜੂਦ ਵੀ ਉਹ ਲੁਟਮਾਰ ਕਰ ਰਿਹਾ ਹੈ। ਉਹ ਬਦਕਿਸਮਤ ਜਨਤਾ ਦਾ ਮਾਲ ਸਬਾਬ ਅਤੇ ਪਸ਼ੂ ਖੋਹ ਕੇ ਲੈ ਜਾਂਦਾ ਹੈ। ਇਸ ਰਿਪੋਰਟ ਦੀ ਪ੍ਰੋੜਤਾ ਸਰਹਿੰਦ ਦੇ ਚਕਲੇ ਦੇ ਹਰਕਾਰੇ ਦੀ 10 ਜੁਲਾਈ 1714 ਨੂੰ ਪੇਸ਼ ਕੀਤੀ ਰਿਪੋਰਟ ਵੀ ਕਰਦੀ ਹੈ ਜਿਸ ਅਨੁਸਾਰ ਬਾਜ ਸਿੰਘ ਨੇ ਇਕ ਵੱਡੇ ਜੱਥੇ ਸਮੇਤ ਆਪਣੇ ਆਪ ਨੂੰ ਨਾਨਕ ਪੂਜਾ ਤੋਂ ਵੱਖ ਕਰ ਲਿਆ ਹੈ ਅਤੇ

ਕਹਿਲੂਰ ਦੇ ਜਿਮੀਂਦਾਰ ਤੇ ਤੁਅਲਕੇ 'ਚ ਮਾਖੋਵਾਲ ਦੇ ਪਰਗਨੇ ਵਿਚ ਡੇਰਾ ਲਾਈ ਬੈਠਾ ਹੈ। ਉਸਨੂੰ ਕਹਿਲੂਰ ਦੇ ਜਿਮੀਂਦਾਰ ਦੀ ਸ਼ਹਿ ਪ੍ਰਾਪਤ ਹੈ। ਉਹ ਨੇੜੇ ਤੇੜੇ ਦੇ ਪਿੰਡਾਂ ਨੂੰ ਲੁੱਟ ਰਿਹਾ ਹੈ। ਉਹ ਜਨਤਾ ਦੀ ਚੱਲ ਜਾਇਦਾਦ ਅਤੇ ਪਸ਼ੂ ਖੋਹ ਕੇ ਲੈ ਜਾਂਦਾ ਹੈ। ਸੰਖੇਪ ਵਿਚ ਆਖਿਆ ਬਾਜ ਸਿੰਘ ਨੇ ਆਪਣੇ ਆਪ ਨੂੰ ਬੰਦੇ ਤੋਂ ਵੱਖ ਕਰ ਲਿਆ ਸੀ ਅਤੇ ਉਹ ਮਾਖੋਵਾਲ ਦੇ ਦੁਆਲੇ ਦੇ ਪਿੰਡਾਂ ਸੇਲੁਕ, ਲਖਾਤ, ਦੂਲ, ਮਲਕੀਯਤ, ਅਰਦੂਲ, ਮਹਿਲੂਕ, ਪਿੰਜੋਰ ਆਦਿ ਨੂੰ ਲੁਟ ਰਿਹਾ ਸੀ।

ਇਸ ਸਥਿਤੀ ਕਾਰਨ ਪੈਦਾ ਹੋਏ ਰੋਲ ਘਚੋਲੇ ਕਾਰਨ ਇਹ ਪਤਾ ਹੀ ਨਹੀਂ ਲਗਦਾ ਸੀ ਕਿ ਕੌਣ ਕਿਸ ਇਲਾਕੇ ਵਿਚ ਕਾਰਵਾਈਆਂ ਕਰ ਰਿਹਾ ਸੀ। ਲੁੱਟ ਦਾ ਸ਼ਿਕਾਰ ਹੋਇਆਂ ਲਈ ਤਾਂ ਇਹ ਹਮੇਸ਼ਾਂ ਬੰਦਾ ਅਤੇ ਉਸਦੇ ਸਾਥੀ ਹੀ ਹੁੰਦੇ ਸਨ। ਸੋ ਨਿਸ਼ਚਿਤ ਤੌਰ ਤੇ ਜਾਨਣ ਲਈ ਕਿ ਇਸ ਸਮੇਂ ਦੌਰਾਨ ਬੰਦਾ ਕੀ ਕਰਦਾ ਸੀ ਸਾਡੇ ਕੋਲ ਕੋਈ ਸਾਧਨ ਨਹੀਂ ਹਨ।

ਬੰਦੇ ਦੀ ਚੜਤ ਨੂੰ ਲੱਗੇ ਗ੍ਰਹਿਣ ਕਾਰਨ ਪਹਾੜੀ ਰਾਜਿਆਂ ਅਤੇ ਮੁਗਲ ਨਿਜ਼ਾਮ ਦੇ ਹੌਸਲੇ ਇਤਨੇ ਬੁਲੰਦ ਹੋ ਗਏ ਸਨ ਕਿ ਉਹਨਾਂ ਪੰਜਾਬ ਅਤੇ ਇਸ ਦੇ ਨਾਲ ਲਗਦੇ ਪਹਾੜੀ ਇਲਾਕਿਆਂ ਵਿਚ ਸਿੱਖਾਂ ਵਿਰੁਧ ਵਹਿਸ਼ੀ ਕਾਰਵਾਈਆਂ ਅਰੰਭ ਦਿਤੀਆਂ ਸਨ। 10 ਅਗਸਤ 1714 ਦੇ ਅਖਬਾਰ-ਏ-ਦਰਬਾਰ-ਏ-ਮੁਅੱਲਾ ਤੋਂ ਪਤਾ ਲਗਦਾ ਹੈ ਕਿ ਕਮਾਊਂ ਦੇ ਜਿਮੀਂਦਾਰ ਰਾਜਾ ਬਾਜ ਬਹਾਦਰ ਚੰਦ ਨੇ ਬਾਦਸ਼ਾਹ ਨੂੰ ਖਬਰ ਦਿਤੀ ਕਿ ਉਸਨੇ ਨਾਨਕ ਪੂਜਾ ਉਪਰ ਵਿਜੇ ਪਾ ਲਈ ਹੈ। ਇਸਦੇ ਸਬੂਤ ਵੱਜੋਂ ਉਸ ਨੇ 19 ਸਿੱਖ ਬਾਗੀਆਂ ਦੇ ਸਿਰ ਭੇਜੇ ਅਤੇ ਨਾਲ 100 ਅਸ਼ਰਫੀਆਂ ਦੀ ਭੇਟਾ ਵੀ। ਇਸ ਰਿਪੋਰਟ ਵਿਚ ਅੱਗੇ ਲਿਖਿਆ ਹੈ ਸ਼੍ਰੀਨਗਰ (ਗੜਵਾਲ) ਦੇ ਜਿਮੀਂਦਾਰ ਦੀਆਂ ਫੌਜਾਂ ਨਾਲ ਸਾਂਠ-ਗਾਂਠ ਕਰਕੇ ਬਾਗੀ ਗੁਰੂ ਦੀਆਂ ਫੌਜਾਂ ਪਹਾੜੀਆਂ ਵਿਚ ਦੀ ਬਣਜਾਰਿਆਂ (ਲੁਬਾਣਿਆ) ਨਾਲ ਤਾਲਮੇਲ ਕਰਕੇ ਬਰੇਲੀ ਅਤੇ ਮੁਰਾਦਾਬਾਦ ਵੱਲ ਵੱਧ ਗਈਆਂ ਹਨ। ਇਹ ਪਤਾ ਲੱਗਣ ਤੇ ਰਾਜਾ ਬਾਜ ਬਹਾਦਰ ਚੰਦ ਨੇ ਆਪਣੀ ਫੌਜ ਉਹਨਾਂ ਨੂੰ ਸਜਾ ਦੇਣ ਲਈ ਭੇਜੀ। ਲੜਾਈ ਤਿੰਨ ਦਿਨ ਜਾਰੀ ਰਹੀ। ਇਹ ਇਕ ਭਿਅੰਕਰ ਲੜਾਈ ਸੀ। ਆਖਿਰ ਬਾਗੀ ਰਾਜੇ ਦੀਆਂ ਫੌਜਾਂ ਦਾ ਮੁਕਾਬਲਾ ਨਾ ਕਰ ਸਕੇ ਅਤੇ ਫਰਾਰ ਹੋ ਗਏ। ਡਾ. ਗੰਡਾ ਸਿੰਘ ਲਿਖਦਾ ਹੈ "ਸਰਹਿੰਦ, ਮਾਝੇ ਅਤੇ ਰਿਆੜਕੀ ਦੇ ਇਲਾਕਿਆਂ ਦੇ ਮੁਸਲਮਾਨ ਤਾਂ ਸਿੰਘਾਂ ਦੇ ਵੈਰੀ ਹੀ ਬਣ ਗਏ ਅਤੇ ਹਰ ਕੋਈ ਉਹਨਾਂ ਨੂੰ ਫੜਨਾ ਜਾਂ ਮਾਰਨਾ ਮਰਵਾਉਣਾ ਆਪਣਾ ਫਰਜ਼ ਸਮਝਣ ਲਗ ਪਿਆ ਸੀ।" ਮੁਸਲਮਾਨਾਂ ਦਾ ਅਜਿਹਾ ਕਰਨਾ ਬਦਲਾ ਲਊ ਭਾਵਨਾਵਾਂ ਤੋਂ ਪ੍ਰੇਰਿਤ ਲਗਦਾ ਹੈ। ਸੰਨ 1710 ਤੋ 1713 ਦਰਮਿਆਨ ਮੁਸਲਮਾਨ ਮਰਦ ਔਰਤਾਂ ਅਤੇ ਬੱਚਿਆਂ ਦੇ ਬੇਲਗਾਮ ਕਤਲਾਂ ਵਿਚ ਸਿੱਖ ਸ਼ਾਮਿਲ ਰਹੇ। ਇਹ ਇਕ ਦੁਸ਼ਟ ਚੱਕਰ ਸੀ - ਮੁਸਲਮਾਨਾਂ ਦੇ ਕੀਤੇ ਜੁਲਮਾਂ ਨੇ ਸਿੰਘਾਂ ਅੰਦਰ ਗੁਸੇ ਦੇ ਭਾਂਬੜ ਬਾਲ ਦਿਤੇ ਅਤੇ ਸਿੰਘਾਂ ਵਲੋਂ ਬੇਲਗਾਮ ਕਤਲੋਗਾਰਤ ਨੇ ਮੁਸਲਮਾਨਾਂ ਨੂੰ ਸਿੱਖਾਂ ਨੂੰ ਮਾਰਨ ਲਈ ਉਕਸਾਇਆ। ਹਿੰਸਾ ਨਾਲ ਹਿੰਸਾ ਹੀ ਪੈਦਾ ਹੁੰਦੀ ਹੈ ਸਾਂਤੀ ਨਹੀਂ। ਪਰ ਮਨੁੱਖ ਨੇ ਇਤਿਹਾਸ ਤੋਂ ਕਦੇ ਕੋਈ ਸਬਕ ਨਹੀਂ ਸਿਖਿਆ। ਗੁਸਾ ਅਤੇ ਘ੍ਰਿਣਾ ਮਨੁੱਖ ਦੇ ਅਚੇਤ ਮਨ ਵਿਚ ਉਸਦੇ ਜੰਗਲ ਵਿਚ ਵਸੇਬੇ ਦੇ ਦਿਨਾਂ ਤੋਂ ਇੰਨੇ ਡੂੰਘੇ ਉਕਰੇ ਪਏ ਨੇ ਕਿ ਉਹ ਜਲਦੀ ਹੀ ਇਹਨਾਂ ਭਾਵਨਾਵਾਂ ਦੇ ਵਹਿਣ ਵਿਚ ਵਹਿ ਤੁਰਦਾ ਹੈ।

ਫਰੁਖਸੀਅਰ ਦੇ ਵਹਿਸ਼ੀ ਹੁਕਮਾਂ ਕਾਰਨ ਸਿੰਘਾਂ ਨੂੰ ਆਪਣੀਆਂ ਕਾਰਵਾਈਆਂ ਪਹਾੜਾਂ, ਛੰਬਾਂ ਅਤੇ ਜੰਗਲਾਂ ਤੇ ਮੰਝਾਂ ਤੱਕ ਹੀ ਸੀਮਿਤ ਕਰਨੀਆਂ ਪਈਆਂ। ਭਾਈ ਮਨੀ ਸਿੰਘ ਨੇ ਮਾਤਾ ਸੁੰਦਰੀ ਨੂੰ ਲਿਖੇ ਆਪਣੇ ਖਤ ਵਿਚ ਲਿਖਿਆ " ਸਿੰਘਾਂ ਦੀ ਤਾਕਤ ਅਤੇ ਦਬਦਬਾ ਖਤਮ ਹੋ ਗਿਆ ਹੈ ਅਤੇ ਹਾਲਾਤ ਨੇ ਉਹਨਾਂ ਨੂੰ ਪਹਾੜਾਂ, ਮਾਰੂਥਲਾਂ ਅਤੇ ਉਜਾੜ ਬੀਆਬਾਨਾਂ ਵਿਚ ਛੁਪਣ ਲਈ ਮਜਬੂਰ ਕਰ ਦਿਤਾ ਹੈ।" ਉਹਨਾਂ ਵਿਚੋਂ ਕਈਆਂ ਨੇ ਡਾਕੇ ਮਾਰਨੇ ਅਤੇ ਰਾਹੀਆਂ ਨੂੰ ਲੁੱਟਣ ਦਾ ਕੰਮ ਅਰੰਭ ਦਿਤਾ। ਲਾਹੌਰ ਦੇ ਹਰਕਾਰੇ ਦੁਆਰਾ ਬਾਦਸ਼ਾਹ ਨੂੰ ਭੇਜੀਆਂ ਰਿਪੋਰਟਾਂ ਵਿਚ ਸਪਸ਼ਟ ਦੱਸਿਆ ਗਿਆ ਹੈ ਕਿ ਏਮਨਾਬਾਦ ਦੇ ਪਰਗਣੇ ਦੇ ਫੌਜਦਾਰ ਅਮੀਨ ਇਰਾਦਤ ਮੰਦ ਖਾਨ ਨੇ ਇਹਨਾਂ ਅਰਾਜਕਤਾ ਪੂਰਨ ਸਥਿਤੀਆਂ ਦਾ ਲਾਹਾ ਲਿਆ ਅਤੇ ਬਾਗੀ ਗੁਰੂ ਦੇ ਕਈ ਲੁੱਟ ਮਾਰ ਕਰਨ ਵਾਲੇ ਪੈਰੋਕਾਰਾਂ ਨੂੰ ਸ਼ਰਨ ਦਿਤੀ। ਸਿੱਖ ਕਾਬਲ, ਕਸ਼ਮੀਰ, ਲਾਹੌਰ ਅਤੇ ਗੁਜਰਾਤ ਨੂੰ ਜਾਣ ਵਾਲੇ ਸ਼ਾਹਰਾਹਾਂ ਤੇ ਲੁਟਾਂ ਖੋਹਾ ਕਰਦੇ ਹਨ ਅਤੇ ਆਪਣੇ ਅਤੇ ਦੂਸਰੇ ਇਲਾਕੇ ਦੇ ਪਿੰਡਾਂ ਨੂੰ ਵੀ ਲੁੱਟ ਰਹੇ ਹਨ। ਇਹ ਲੁੱਟ ਦਾ ਮਾਲ ਇਰਾਦਤਮੰਦ ਖਾਨ ਅਤੇ ਸਿੱਖ ਬਰਾਬਰ ਵੰਡ ਲੈਂਦੇ ਹਨ।

ਜੰਮੂ ਦੇ ਚਕਲੇ ਦੀਆਂ ਘਟਨਾਵਾਂ ਦੀ ਜਾਣਕਾਰੀ ਦਿੰਦੀ ਅਸਫੰਦ ਯਾਰ ਖਾਨ ਦੀ ਭੇਜੀ ਰਿਪੋਰਟ ਸਰਹਿੰਦ ਅਤੇ ਲੋਹਗੜ ਤੋਂ ਬੱਚ ਕੇ ਨਿਕਲੇ ਅਤੇ ਸਕੇਤ ਅਤੇ ਮੰਡੀ ਦੁਆਲੇ ਦੀਆਂ ਪਹਾੜੀਆਂ ਵਿਚ ਅਵਾਰਾ ਘੁੰਮ ਰਹੇ ਸਿੰਘਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦੀ ਹੈ।

ਪਰ ਇੰਝ ਲਗਦਾ ਹੈ ਕਿ ਇਹ ਗਰੁਪ ਆਪਣੇ ਆਪ ਨੂੰ ਜਿੰਦਾ ਰਖਣ ਲਈ ਅਜ਼ਾਦਾਨਾ ਤੌਰ ਤੇ ਹੀ ਕਾਰਵਾਈਆਂ ਕਰ ਰਹੇ ਸਨ ਅਤੇ ਬੰਦੇ ਦਾ ਇਹਨਾਂ ਨਾਲ ਦੂਰ ਦਾ ਵੀ ਸਬੰਧ ਨਹੀਂ ਸੀ। ਜੇਕਰ ਬੰਦੇ ਦੇ ਵੱਸ ਹੁੰਦਾ ਤਾਂ ਉਹ ਰਾਹਗੀਰਾਂ ਨੂੰ ਲੁੱਟਣ ਦੀ ਕਦੇ ਵੀ ਇਜਾਜ਼ਤ ਨਾ ਦਿੰਦਾ। ਕਿਉਂਕਿ ਇਹ ਕਿਰਸਾਨੀ ਵਿਦਰੋਹ ਸੀ ਇਸ ਲਈ ਇਹ ਦੂਰ ਦੂਰ ਤੱਕ ਫੈਲਿਆ ਹੋਇਆ ਸੀ ਅਤੇ ਸਥਾਨਕ ਲੀਡਰ ਹੀ ਇਸ ਦੀ ਅਗਵਾਈ ਕਰ ਰਹੇ ਸਨ। ਬੰਦੇ ਦਾ ਨਾ ਤਾਂ ਇਕ ਬੱਰਕਤ ਵਾਲੇ ਚਿੰਨ ਵੱਜੋਂ ਹੀ ਵਰਤਿਆ ਜਾਂਦਾ ਸੀ। ਇਸ ਸਮੇਂ ਬੰਦਾ ਚਨਾਬ (ਚੰਦਰ-ਭਾਗਾ) ਦਰਿਆ ਦੇ ਕੰਢੇ ਭੱਭਰ ਪਿੰਡ ਦੇ ਨੇੜੇ ਤੇੜੇ ਠਹਿਰਿਆ ਹੋਇਆ ਸੀ। ਉਹ ਮੁਗਲ ਹਕੂਮਤ ਨੂੰ ਮਾਤ ਦੇ ਕੇ ਆਪਣੇ ਪੈਰੋਕਾਰਾਂ ਦੇ ਰਾਜਨੀਤਿਕ ਸੁਪਨੇ ਨੂੰ ਪੂਰਾ ਕਰਨ ਹਿੱਤ ਸਿੱਖ ਰਾਜ ਦੀ ਸਥਾਪਨਾ ਲਈ ਉਚਿਤ ਸਮੇ ਦੀ ਉਡੀਕ ਵਿਚ ਸੀ। ਗੁਰੀਲਾ ਉਸ ਵੇਲੇ ਤੀਕਰ ਹਮਲਾ ਨਹੀਂ ਕਰਦਾ ਜਦੋਂ ਤੀਕਰ ਉਸਨੂੰ ਯਕੀਨ ਨਾ ਹੋਵੇ ਕਿ ਉਹ ਆਪਣੇ ਦੁਸ਼ਮਣ ਦਾ ਹਮਲੇ ਨਾਲ ਤਰਾਹ ਕੱਢ ਦੇਵੇਗਾ ਅਤੇ ਉਸਦੇ ਨਿਸ਼ਾਨੇ ਦੀ ਪੂਰਤੀ ਕਾਫੀ ਹੱਦ ਤੀਕਰ ਸੰਭਵ ਹੈ। ਮਾਓ ਜੇ ਤੁੰਗ ਲਿਖਦਾ ਹੈ "ਆਪਣੇ ਦੁਸ਼ਮਣ ਤੇ ਹਮਲਾ ਉਦੋਂ ਕਰੋ ਜਦੋਂ ਉਹ ਥੱਕਿਆ ਅਤੇ ਉਦਾਸੀਨ ਹੋਵੇ; ਉਸ ਦਾ ਪਿਛਾ ਕਰੋ ਜਦੋਂ ਉਹ ਮੈਦਾਨ ਵਿਚੋਂ ਹੱਟ ਰਿਹਾ ਹੋਵੇ। ਦੁਸਮਣ ਨੂੰ ਪਰੇਸ਼ਾਨ ਕਰੋ, ਉਸ ਤੇ ਹਮਲਾ ਕਰੋ, ਉਸ ਨੂੰ ਖਿੰਡਾ ਦਿਉ, ਉਸ ਦਾ ਦਮ ਤੋੜ ਦੇਵੇ ਅਤੇ ਉਸ ਦਾ ਖਾਤਮਾ ਕਰ ਦਿਉ।" ਬੰਦੇ ਨੂੰ ਪਤਾ ਸੀ ਕਿ ਗੁਰੀਲਾ ਇਕੋ ਰਣ ਨੀਤੀ ਵਰਤ ਕੇ ਦੋ ਵੇਰਾਂ ਕਾਮਯਾਬ ਨਹੀਂ ਹੋ ਸਕਦਾ। ਉਸਨੂੰ ਦੁਸ਼ਮਨ ਦਾ ਤ੍ਰਾਹ ਕੱਢਣ ਅਤੇ ਛੋਟੀਆਂ ਛੋਟੀਆਂ ਲੜਾਈਆਂ ਜਿੱਤਣ ਲਈ ਨਵੇਂ ਨਵੇਂ ਢੰਗ ਤਰੀਕੇ ਸੋਚਦੇ ਰਹਿਣਾ ਚਾਹੀਦਾ ਹੈ। ਪਰ ਬਦਕਿਸਮਤੀ ਨਾਲ ਜਦੋਂ ਬੰਦਾ ਮੁਗਲਾਂ ਦੇ ਗੜਾਂ ਤੇ ਹਮਲੇ ਕਰਨ ਲਈ

ਨਵੇਂ ਢੰਗ ਤਰੀਕੇ ਅਤੇ ਨਵੀਂ ਰਣਨੀਤੀ ਘੜ ਰਿਹਾ ਸੀ ਤਾਂ ਉਸ ਸਮੇਂ ਉਸਦੇ ਪਿਆਰੇ ਸਾਥੀ ਜੋ ਕਿ ਮੈਦਾਨੇ ਜੰਗ ਵਿਚ ਉਸਦੇ ਨਾਲ ਜੂਝਦੇ ਰਹੇ ਸਨ ਉਸਦੇ ਪਰ ਕੁਤਰਨ ਲਈ, ਉਸਦੇ ਵਿਰੁੱਧ ਨਫਰਤ ਫੈਲਾਉਣ ਲਈ ਅਤੇ ਉਸਦੇ ਵਿਨਾਸ਼ ਲਈ ਗੋਂਦਾਂ ਗੁੰਦ ਰਹੇ ਸਨ। ਬਦਕਿਸਮਤੀ ਨਾਲ ਉਸਨੂੰ ਇਸ ਦੀ ਭਿਣਕ ਤਕ ਵੀ ਨਹੀਂ ਸੀ। ਕਰਨਲ ਆਰ.ਡੀ. ਪਲਸੋਕਰ ਲਿਖਦਾ ਹੈ "ਗੁਰੀਲੇ ਲੋਕਾਂ ਦੀ ਹਮਦਰਦੀ ਦੇ ਸਹਾਰੇ ਹੀ ਲੰਮੇ ਸਮੇਂ ਤਕ ਜਿੰਦਾ ਨਹੀਂ ਰਹਿ ਸਕਦੇ। ਉਹਨਾਂ ਦੀ ਜੱਦੋ ਜਹਿਦ 'ਚ ਇਕ ਸਮਾਂ ਅਜਿਹਾ ਆਉਂਦਾ ਹੈ ਜਿਥੇ ਉਹਨਾਂ ਨੂੰ ਆਪਣਾ ਬੋਝ ਖੁਦ ਹੀ ਉਠਾਉਣਾ ਪੈਂਦਾ ਹੈ। ਅਜਿਹਾ ਕਰਨ ਲਈ ਉਹਨਾਂ ਨੂੰ ਮੁਲਕ ਦੇ ਅੰਦਰ ਹੀ ਇਕ ਠੋਸ ਅਧਾਰ ਸਥਾਪਤ ਕਰਨਾ ਜਰੂਰੀ ਹੈ ਜਿਸ ਨੂੰ ਕਿ ਉਹ ਆਪਣਾ ਵੀ ਆਖ ਸਕਣ ਅਤੇ ਜਿਸਦੀ ਉਹ ਹਿਫਾਜਤ ਵੀ ਕਰ ਸਕਣ।" ਮਾਰਚ 1711 ਵਿਚ ਬੰਦੇ ਨੇ ਕਲਾਨੌਰ ਤੇ ਕਬਜਾ ਕਰਕੇ ਅਤੇ ਰਾਵੀ ਦੇ ਦੋਨੀਂ ਪਾਸੀ ਇਸ ਦੇ ਆਲੇ ਦੁਆਲੇ ਦੇ ਪਿੰਡਾਂ ਤੇ ਕਬਜ਼ਾ ਕਰਕੇ ਇਸੇ ਉਦੇਸ਼ ਦੀ ਪੂਰਤੀ ਕਰਨੀਂ ਚਾਹੀ। ਪਰ ਕਿਉਂਜੋ ਬਾਦਸ਼ਾਹ ਬਹਾਦਰ ਸ਼ਾਹ ਲਾਹੌਰ ਪਹੁੰਚ ਗਿਆ ਸੀ ਅਤੇ ਉਸ ਕੋਲ ਇਕ ਵੱਡੀ ਸੈਨਾ ਵੀ ਸੀ ਸੋ ਇਥੇ ਡੱਟੇ ਰਹਿਣਾ ਸਿਆਣਪ ਨਹੀਂ ਸੀ। ਹੁਣ ਮਾਰਚ 1715 ਵਿਚ ਕਲਾਨੌਰ ਤੇ ਕਬਜ਼ਾ ਕਰਕੇ ਠੋਸ ਅਧਾਰ ਸਥਾਪਤ ਕਰਨ ਦਾ ਇਕ ਚੰਗਾ ਮੌਕਾ ਫਿਰ ਦਿਸ ਰਿਹਾ ਸੀ। ਮੁਗਲ ਦਰਬਾਰ ਵਿਚ ਤੁਰਾਨੀ ਗਰੁਪ ਦਾ ਵਿਰੋਧ ਹਿੰਦੋਸਤਾਨੀ ਪਾਰਟੀ ਕਰਦੀ ਸੀ ਜਿਸ ਦੀ ਅਗਵਾਈ ਸੱਯਦ ਭਰਾ ਕਰਦੇ ਸਨ। ਸੰਭਵਤਾ ਇਹਨਾਂ ਸੱਯਦ ਭਰਾਵਾਂ ਦੀ ਚੁਕ ਕਾਰਨ ਕਸੂਰ ਦੇ ਹੁਸੇਨ ਖਾਨ ਕਸੋਗੀ ਨੇ ਲਾਹੌਰ ਦੇ ਗਵਰਨਰ ਅਬਦੁਸ ਸਮਦ ਖਾਨ ਵਿਰੁੱਧ ਵਿਦਰੋਹ ਕਰ ਦਿਤਾ ਅਤੇ ਕਸੂਰ ਦੇ ਗੁਆਂਢ ਦੇ ਕਈ ਇਲਾਕਿਆਂ ਤੇ ਕਬਜ਼ਾ ਕਰ ਲਿਆ। ਕਿਉਂਜੋ ਗਵਰਨਰ ਇਸ ਵਿਦਰੋਹ ਨੂੰ ਦਬਾਉਣ ਵਿਚ ਰੁਝਿਆ ਹੋਇਆ ਸੀ ਇਸ ਲਈ ਲਾਹੌਰ ਵਿਚ ਫੌਜ ਬਹੁਤ ਥੋੜੀ ਗਿਣਤੀ ਵਿਚ ਹੀ ਸੀ। ਇਸ ਸੂਚਨਾ ਨੇ ਬੰਦੇ ਦੇ ਮਨ ਵਿਚ ਕਾਮਯਾਬੀ ਦੀ ਇਕ ਉਮੀਦ ਜਗਾ ਦਿਤੀ ਅਤੇ ਉਸਨੇ ਇਕ ਵੇਰਾਂ ਫਿਰ ਆਪਣੀ ਕਿਸਮਤ ਅਜਮਾਉਣ ਦਾ ਫੈਸਲਾ ਕਰ ਲਿਆ। ਸਿੰਘਾਂ ਨੂੰ ਕਲਾਨੌਰ ਦੇ ਸੰਘਰਸ਼ ਲਈ ਤਿਆਰ ਹੋਣ ਲਈ ਹੁਕਮ ਕਰ ਦਿਤੇ ਗਏ।

ਜਦੋਂ ਕਲਾਨੌਰ ਦੇ ਫੌਜਦਾਰ ਸੋਹਰਾਬ ਖਾਨ ਨੂੰ ਗੁਪਤਚਰਾਂ ਤੋਂ ਪਤਾ ਲੱਗਿਆ ਕਿ ਬੰਦਾ ਪਹਾੜਾਂ ਵਿਚੋਂ ਨਿਕਲ ਕੇ ਕਲਾਨੌਰ ਵੱਲ ਨੂੰ ਵਧ ਰਿਹਾ ਹੈ ਤਾਂ ਉਸ ਨੇ ਆਪਣੇ ਕਾਨੂੰਗੋ ਸੰਤੋਖ ਰਾਏ ਨੂੰ ਆਖਿਆ ਕਿ ਉਹ ਬੰਦਾ ਅਤੇ ਉਸਦੇ ਸਿੰਘਾਂ ਦੇ ਮੁਕਾਬਲੇ ਲਈ ਹਰ ਸੰਭਵ ਸਾਧਨ ਇਕੱਤਰ ਕਰੇ ਤਾਂ ਜੋ ਮਜ਼ਬੂਤੀ ਨਾਲ ਬੰਦੇ ਦਾ ਮੁਕਾਬਲਾ ਕੀਤਾ ਜਾ ਸਕੇ। ਸੰਤੋਖ ਰਾਏ ਨੇ ਆਪਣੇ ਭਰਾ ਅਨੋਖ ਰਾਏ ਨੂੰ ਵੀ ਸੁਨੇਹੇ ਭੇਜ ਦਿਤੇ ਕਿ ਪੈਦਾ ਹੋ ਰਹੀ ਬਿਪਤਾ ਦੇ ਟਾਕਰੇ ਲਈ ਉਹ ਤੁਰੰਤ ਆਪਣੀਆਂ ਫੌਜਾਂ ਭੇਜਣ। ਕਾਫਰਾਂ ਵਿਰੁੱਧ ਹੋਣ ਵਾਲੇ ਜਹਾਦ ਲਈ ਲੋਟੂ ਸੈਨਿਕਾਂ ਨੂੰ ਵੀ ਸੱਦਾ ਦਿਤਾ ਗਿਆ। ਇਸ ਤਰਾਂ ਚੰਗਾ ਇਕਠ ਬਣ ਗਿਆ। ਜਦੋਂ ਬੰਦੇ ਨੇ ਆਪਣੇ ਸੈਨਿਕਾਂ ਸਮੇਤ ਕਲਾਨੌਰ ਤੇ ਹੱਲਾ ਬੋਲਿਆ ਤਾਂ ਸਭ ਤੋਂ ਪਹਿਲਾਂ ਇਹ ਭਾੜੇ ਦੇ ਸੈਨਿਕ ਭੱਜੇ। ਇਸ ਨਾਲ ਸੋਹਰਾਬ ਖਾਨ ਤੇ ਉਸ ਦੇ ਸਾਥੀਆਂ ਦਾ ਵੀ ਹੌਸਲਾ ਟੁੱਟ ਗਿਆ ਅਤੇ ਉਹ ਵੀ ਭੱਜ ਉਠੇ। ਕਲਾਨੌਰ ਉਤੇ ਸਿੱਖਾਂ ਦਾ ਕਬਜ਼ਾ ਸਹਿਜ ਹੀ ਹੋ ਗਿਆ। ਉਥੇ ਕਾਨੂੰਨ ਵਿਵਸਥਾ ਕਾਇਮ ਕਰਨ ਲਈ ਉਹਨਾਂ ਆਪਣਾ ਠਾਣਾ ਕਾਇਮ ਕਰ ਲਿਆ।

ਡਾਕੂ ਲੁਟੇਰੇ ਤੇ ਭਾੜੇ ਦੇ ਸੈਨਿਕਾਂ ਦਾ ਫੁਰਤੀ ਨਾਲ ਪਿਛਾ ਕੀਤਾ ਗਿਆ ਅਤੇ ਉਹਨਾਂ ਵਿਚੋਂ ਵੱਡੀ ਗਿਣਤੀ ਨੂੰ ਮੌਤ ਦੇ ਘਾਟ ਉਤਾਰ ਦਿਤਾ ਗਿਆ।

ਘੋੜ ਸਵਾਰ ਅਤੇ ਪੈਦਲ ਸੈਨਿਕਾਂ ਦੇ ਇਕ ਛੋਟੇ ਜੱਥੇ ਨੂੰ ਪਿਛੇ ਛੱਡ ਕੇ ਬੰਦਾ ਆਪਣੀ ਫੌਜ ਨਾਲ ਬਰਾਸਤਾ ਪਿੰਡ ਅੱਛਲ ਬਟਾਲੇ ਵੱਲ ਨੂੰ ਅੱਗੇ ਵਧ ਗਿਆ। ਬਟਾਲੇ ਦਾ ਫੌਜਦਾਰ ਮੁਹੰਮਦ ਦਾਇਮ ਇਕ ਤਜਰਬੇਕਾਰ ਯੋਧਾ ਸੀ। ਉਸਨੇ ਆਪਣੇ ਸੈਨਿਕ ਇਕਠੇ ਕੀਤੇ ਅਤੇ ਮੁਕਾਬਲੇ ਲਈ ਸ਼ਹਿਰੋਂ ਬਾਹਰ ਆ ਗਿਆ। ਇਕ ਭਿਆਨਕ ਲੜਾਈ ਹੋਈ ਜਿਹੜੀ ਕਿ ਛੇ ਘੰਟੇ ਚਲਦੀ ਰਹੀ ਅਤੇ ਦੋਨੇ ਧਿਰਾਂ ਦਾ ਭਾਰੀ ਨੁਕਸਾਨ ਹੋਇਆ। ਬਟਾਲੇ ਦੇ ਕਈ ਉਘੇ ਅਤੇ ਮਸ਼ਹੂਰ ਪਰਿਵਾਰ ਪੂਰੀ ਤਰਾਂ ਖਤਮ ਕਰ ਦਿਤੇ ਗਏ। ਆਖਰ ਵਿਚ ਸਿੰਘ ਜੇਤੂ ਰਹੇ ਅਤੇ ਮੁਹੰਮਦ ਦਾਇਮ ਫੌਜਦਾਰ, ਬਟਾਲੇ ਨੂੰ ਤਕਦੀਰ ਦੇ ਰਹਿਮੋਂ ਕਰਮ ਤੇ ਛੱਡ ਆਪਣੇ ਜੱਦੀ ਕਸਬੇ ਭੈਰੋਵਾਲ ਨੂੰ ਖਿਸਕ ਗਿਆ। ਬਹੁਤ ਸਾਰੇ ਲੋਕ, ਕੀ ਧਨਵਾਨ ਅਤੇ ਕੀ ਨਿਰਧਨ, ਆਪਣੇ ਘਰ ਘਾਟ ਛੱਡ ਕੇ ਆਲੇ ਦੁਆਲੇ ਦੇ ਪਿੰਡਾਂ ਵਿਚ ਆਪਣੇ ਸਬੰਧੀਆਂ ਪਾਸ ਜਾ ਟਿਕੇ। ਕਈ ਲਾਹੌਰ ਨੂੰ ਚਲੇ ਗਏ ਅਤੇ ਜਿਹਨਾਂ ਨੂੰ ਕੋਈ ਹੋਰ ਠਾਹਰ ਨਾ ਦਿਸੀ ਉਹ ਜਾਂ ਤਾਂ ਚੰਬੇ ਦੀਆਂ ਪਹਾੜੀਆਂ ਵੱਲ ਚੜ ਗਏ ਜਾਂ ਬਿਆਸ ਦਰਿਆ ਪਾਰ ਕਰਕੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਦਸੂਹੇ ਵੱਲ ਨੂੰ ਚਲੇ ਗਏ। ਬਾਦਸ਼ਾਹ ਪਾਸ 14 ਮਾਰਚ 1715 ਨੂੰ ਪੇਸ਼ ਕੀਤੀ ਗੁਪਤਚਰ ਦੀ ਰਿਪੋਰਟ ਅਨੁਸਾਰ ਬਾਗੀ ਗੁਰੂ ਨੇ ਇਕ ਵੱਡੀ ਸੈਨਾ ਇਕਠੀ ਕਰਕੇ ਕਲਾਨੌਰ, ਰਾਏਪੁਰ ਅਤੇ ਬਟਾਲੇ ਉਪਰ ਕਬਜ਼ਾ ਕਰ ਲਿਆ ਹੈ ਅਤੇ ਉਸਦਾ ਕੋਈ ਜਿਆਦਾ ਵਿਰੋਧ ਵੀ ਨਹੀਂ ਹੋਇਆ। ਇਸ ਰਿਪੋਰਟ ਵਿਚ ਇਹ ਦੋਸ਼ ਵੀ ਲਾਇਆ ਗਿਆ ਕਿ ਕਿਸੇ ਵੀ ਫੌਜਦਾਰ ਜਾਂ ਠਾਣੇਦਾਰ ਨੇ ਬੰਦੇ ਦੇ ਵੱਧਦੇ ਕਦਮਾਂ ਨੂੰ ਠੱਲਣ ਲਈ ਕੋਈ ਗੰਭੀਰ ਯਤਨ ਨਹੀਂ ਕੀਤੇ। ਲਾਹੌਰ ਦੇ ਗਵਰਨਰ ਅਬਦੁਸ ਸਮਦ ਖਾਨ ਨੂੰ, ਜੋ ਕਿ ਭੱਟੀਆਂ ਦਾ ਝਗੜਾ ਨਿਪਟਾਉਣ ਲਈ ਇਸ ਸਮੇਂ ਮਾਲਵੇ ਵਿਚ ਗਿਆ ਹੋਇਆ ਸੀ, ਹੁਕਮ ਹੋਇਆ ਕਿ ਉਹ ਤੁਰੰਤ ਲਾਹੌਰ ਪਹੁੰਚੇ। ਬਾਗੀ ਗੁਰੂ ਵਿਰੁੱਧ ਇਕ ਜੋਰਦਾਰ ਕਾਰਵਾਈ ਕਰਨ ਦੇ ਉਦੇਸ਼ ਨਾਲ ਰਾਜਾ ਉਦਿਤ ਸਿੰਘ, ਰਾਜਾ ਗੋਪਾਲ ਸਿੰਘ ਭਦੌੜੀਆ, ਮੁੱਜਫਰ ਖਨ, ਦਲਪੱਤ ਬੁੰਦੇਲਾ ਕਮਰੁਦਦੀਨ ਆਦਿ ਨੂੰ ਹੁਕਮ ਹੋਇਆ ਕਿ ਉਹ ਤੁਰੰਤ ਲਾਹੌਰ ਦੇ ਗਵਰਨਰ ਕੋਲ ਪਹੁੰਚਣ।

ਜਿਵੇਂ ਪਹਿਲਾਂ ਵੀ ਆਖਿਆ ਗਿਆ ਹੈ ਬੰਦਾ ਇਕ ਮਹਾਨ ਯੋਧਾ ਤਾਂ ਸੀ ਪਰ ਉਸ ਵਿਚ ਪ੍ਰਬੰਧਕੀ ਸਮਰੱਥਾ ਦੀ ਘਾਟ ਸੀ। ਰਾਏਪੁਰ, ਕਲਾਨੌਰ ਆਦਿ ਦੇ ਇਲਾਕਿਆਂ ਉਪਰ ਕਬਜ਼ੇ ਉਪਰੰਤ ਉਸਨੂੰ ਆਪਣੇ ਬਚਾਅ ਲਈ ਕਿਲ੍ਹੇ ਆਦਿ ਦੀ ਉਸਾਰੀ ਕਰਨੀ ਚਾਹੀਦੀ ਸੀ ਕਿਉਂਕਿ ਉਸ ਉਪਰ ਮੁੜਦਾ ਵਾਰ ਤਾਂ ਹਰ ਹਾਲਤ ਵਿਚ ਹੋਣਾ ਸਪਸ਼ਟ ਸੀ। ਪਰ ਉਹ ਬਟਾਲਾ ਅਤੇ ਇਸਦੇ ਆਲੇ ਦੁਆਲੇ ਦੇ ਇਲਾਕਿਆਂ ਨੂੰ ਜਿੱਤਣ ਉਪਰੰਤ ਅੰਮ੍ਰਿਤਸਰ ਨੂੰ ਰਵਾਨਾ ਹੋ ਗਿਆ। ਡਾ. ਸੁਖਦਿਆਲ ਸਿੰਘ ਲਿਖਦਾ ਹੈ "ਬੰਦਾ ਸਿੰਘ ਨੇ ਆਪਣੇ ਤੁਫਾਨੀ ਹਮਲਿਆਂ ਨਾਲ ਅਜੇ ਇਹ ਇਲਾਕਾ ਮੱਲਣਾ ਹੀ ਸ਼ੁਰੂ ਕੀਤਾ ਸੀ ਕਿ ਬਾਦਸ਼ਾਹ ਫਾਰੁਖਸੀਅਰ ਦਾ ਇਕ ਬਹੁਤ ਹੀ ਕਰੋਧ ਭਰਿਆ ਹੁਕਮ ਅਬਦੁਸ ਸਮਦ ਖਾਨ ਦੇ ਨਾਂ ਲਾਹੌਰ ਪਹੁੰਚਿਆ। ਇਸ ਹੁਕਮ ਵਿਚ ਇਹ ਪੁੱਛਿਆ ਗਿਆ ਸੀ ਕਿ ਬੰਦਾ ਸਿੰਘ ਲਾਹੌਰ ਦੇ ਆਲੇ ਦੁਆਲੇ ਦੇ ਸਿਰਫ ਪੰਝੀ-ਤੀਹ ਕਿਲੋਮੀਟਰ ਦੀ ਦੂਰੀ ਤੇ ਮੱਲਾਂ ਮਾਰ ਰਿਹਾ ਹੈ ਪਰ ਅਬਦੁਸ ਸਮਦ ਖਾਨ ਲਾਹੌਰ ਵਿਚ ਕੀ ਕਰ ਰਿਹਾ ਹੈ।"

ਉਧਰ ਬੰਦੇ ਨੇ ਅਬਦੁਸ ਸਮਦ ਖਾਨ ਦੇ ਅਤੇ ਬਾਦਸ਼ਾਹ ਵੱਲੋਂ ਭੇਜੀਆਂ ਫੌਜਾਂ ਦੇ ਅੱਪੜਨ ਤੋਂ ਪਹਿਲਾਂ ਹੀ ਲਹੌਰ ਤੇ ਕਬਜ਼ੇ ਦੀ ਕੋਸ਼ਿਸ਼ ਕੀਤੀ। ਉਸਨੇ ਅੰਮ੍ਰਿਤਸਰ ਚੱਲ ਕੇ ਖਿਆਲੀ ਪਿੰਡ ਦੇ ਨਜਦੀਕ ਡੇਰਾ ਜਾ ਲਾਇਆ। ਅਗਲਾ ਪੜਾਅ ਉਸਨੇ ਘਣੀਕੇ ਜਾ ਕੀਤਾ। ਉਥੋਂ ਉਸਨੇ ਲਾਹੌਰ ਉਪਰ ਚੜਾਈ ਕਰ ਦਿਤੀ। ਜਦੋਂ ਉਸਦਾ ਮੁਕਾਬਲਾ ਕਰਨ ਲਈ ਮੁਗਲ ਫੌਜ ਅੱਗੇ ਆਈ ਤਾਂ ਬੰਦਾ ਸਿੰਘ ਇਹ ਵੇਖ ਕੇ ਭੁਚੱਕਾ ਰਹਿ ਗਿਆ ਕਿ ਅੱਗੇ ਵਾਲੀ ਟੁਕੜੀ ਬਾਬਾ ਬਿਨੋਦ ਸਿੰਘ ਦੇ ਪੋਤਰੇ ਮੀਰੀ ਸਿੰਘ ਦੀ ਅਗਵਾਈ ਹੇਠ ਤੱਤ ਖਾਲਸਾ ਵਾਲਿਆਂ ਦੀ ਸੀ। ਜੋ ਕੱਲ੍ਹ ਤੱਕ ਮੈਦਾਨੇ ਜੰਗ ਵਿਚ ਉਸਦੇ ਸਾਥੀ ਸਨ ਅੱਜ ਉਸਦੇ ਦੁਸਮਣਾਂ ਨਾਲ ਰਲ ਕੇ ਉਸਦੇ ਵਿਰੁੱਧ ਲੜਾਈ ਵਿਚ ਨਿਤਰੇ ਖੜੇ ਸਨ। ਇਹ ਵੇਖ ਬੰਦੇ ਨੂੰ ਬਹੁਤ ਰੋਹ ਵੀ ਚੜਿਆ ਅਤੇ ਬੇਇਜ਼ਤੀ ਵੀ ਮਹਿਸੂਸ ਹੋਈ। ਉਸਨੂੰ ਮਹਾਰਾਸ਼ਟਰ ਵਿਚ ਸਤਾਰੇ ਦੇ ਪੂਰਵ ਵੱਲ ਸਥਿਤ ਭੁਪਾਲਗੜ ਦੇ ਕਿਲ੍ਹੇ ਤੇ ਮੁਗਲ ਜਰਨੈਲ ਦਲੇਰ ਖਾਨ ਵੱਲੋਂ ਕੀਤੇ ਕਬਜ਼ੇ ਦੀ ਯਾਦ ਤਾਜਾ ਹੋ ਗਈ। ਭੁਪਾਲਗੜ ਦਾ ਕਿਲ੍ਹਾ ਸ਼ਿਵਾਜੀ ਅਤੇ ਉਹਨਾਂ ਦੇ ਪਰਿਵਾਰ ਦੇ ਵਫਾਦਾਰ ਮਰਾਠਾ ਸੈਨਿਕਾਂ ਦਾ ਟਿਕਾਣਾ ਸੀ ਜਿਸ ਤੇ 16 ਅਪਰੈਲ 1679 ਨੂੰ ਦਲੇਰ ਖਾਨ ਦੀਆਂ ਫੌਜਾਂ ਨੇ ਹਮਲਾ ਕਰ ਦਿਤਾ। ਜਦੋਂ ਮਰਾਠਿਆਂ ਨੇ ਵੇਖਿਆ ਕਿ ਮੁਗਲ ਫੌਜ ਦੀ ਮੂਹਰਲੀ ਟੁਕੜੀ ਦੀ ਅਗਵਾਈ ਸ਼ਿਵਾਜੀ ਦਾ ਬੇਟਾ ਸੰਭਾਜੀ ਕਰ ਰਿਹਾ ਹੈ ਤਾਂ ਉਹ ਅਜਿਹੀ ਉਲਝਣ ਵਿਚ ਫਸੇ ਕਿ ਉਹਨਾਂ ਨੂੰ ਸਮਝ ਹੀ ਨਾ ਆਵੇ ਕਿ ਉਹ ਕੀ ਕਰਨ। ਸ਼ਿਵਾਜੀ ਦੇ ਪ੍ਰਤੀ ਉਹਨਾਂ ਦੀ ਵਫਾਦਾਰੀ ਉਹਨਾਂ ਨੂੰ ਉਸਦੇ ਬੇਟੇ ਅਤੇ ਮਰਾਠਾ ਭਰਾਵਾਂ ਨਾਲ ਯੁਧ ਕਰਨ ਤੋਂ ਰੋਕਦੀ ਸੀ ਅਤੇ ਬਿਨਾਂ ਸੰਘਰਸ਼ ਤੋਂ ਕਿਲ੍ਹਾ ਮੁਗਲਾਂ ਹਵਾਲੇ ਕਰਨਾ ਡੁੱਬ ਮਰਨ ਵਾਲੀ ਗੱਲ ਸੀ। ਸ਼ਿਵਾਜੀ ਪ੍ਰਤੀ ਵਫਾਦਾਰੀ ਨੇ ਇਸ ਕਿਲੇ ਵਿਚਲੇ ਮਰਹੱਟਿਆ ਨੂੰ ਸੰਭਾਜੀ ਅਤੇ ਉਸ ਦੇ ਸਾਥੀ ਮਰਹੱਟੇ ਸੈਨਿਕਾਂ ਦਾ ਖ਼ੂਨ ਡੋਹਲਣ ਤੋਂ ਵਰਜ ਲਿਆ। ਉਹਨਾਂ ਨੇ ਬਿਨਾਂ ਯੁੱਧ ਕੀਤੇ ਹੀ ਹਥਿਆਰ ਸੁਟ ਦਿਤੇ ਪਰ ਅਜਿਹਾ ਕਰਦੇ ਸਮੇਂ ਗੁਸੇ ਅਤੇ ਨਮੋਸ਼ੀ ਕਾਰਨ ਉਹਨਾਂ ਦੇ ਬੁਲ ਫਰਕ ਰਹੇ ਸਨ ਅਤੇ ਗੱਲਾਂ ਉਪਰੋਂ ਦੀ ਹੰਝੂਆਂ ਦੀਆਂ ਧਾਰਾਂ ਵਹਿ ਰਹੀਆਂ ਸਨ। ਬਿਲਕੁਲ ਇਸੇ ਤਰਾਂ ਦੀ ਸਥਿਤੀ ਇਥੇ ਬਣੀ ਹੋਈ ਸੀ। ਜੇ ਖਾਲਸਾ ਖਾਲਸੇ ਨੂੰ ਮਾਰਦਾ ਸੀ ਤਾਂ ਮੁਗਲਾਂ ਨੇ ਖੁਸ਼ੀਆਂ ਮਨਾਉਣੀਆਂ ਸਨ। ਭਰੇ ਮਨ ਨਾਲ ਬੰਦਾ ਇਕ ਵੀ ਗੋਲੀ ਚਲਾਉਣ ਤੋਂ ਬਿਨਾਂ ਹੀ ਪਿਛੇ ਹਟ ਗਿਆ ਪਰ ਗੁਸੇ ਨਾਲ ਉਸ ਦੀਆਂ ਅੱਖਾਂ ਲਾਲ ਅੰਗਿਆਰ ਬਣੀਆਂ ਪਈਆਂ ਸਨ। ਅਫਸੋਸ ਕਿ ਅਜਿਹਾ ਹੋਣ ਨਾਲ ਲਾਹੌਰ ਤੇ ਕਬਜ਼ਾ ਕਰਨ ਅਤੇ ਮੁਗਲਾਂ ਨੂੰ ਇਕ ਸਬਕ ਸਿੱਖਾਉਣ ਦਾ ਮੌਕਾ ਹੱਥੋਂ ਜਾਂਦਾ ਰਿਹਾ ਸੀ। ਜਿਹੜੇ ਵਿਅਕਤੀਆਂ ਨੂੰ ਗੁਰੂ ਸਾਹਿਬ ਨੇ ਨਾਦੇੜ ਤੋਂ ਬੰਦੇ ਨਾਲ ਇਹ ਹੁਕਮ ਕਰਕੇ ਤੋਰਿਆ ਸੀ ਕਿ ਉਹ ਪੰਜਾਬ ਦੇ ਗਰੀਬ ਅਤੇ ਦੱਬੇ ਕੁਚਲੇ ਲੋਕਾਂ ਵਲੋਂ ਜਾਲਮ ਮੁਗਲ ਹਕੂਮਤ ਵਿਰੁਧ ਜਬਰਦਸਤ ਇਨਕਲਾਬ ਲਿਆਉਣ ਵਿਚ ਬੰਦੇ ਦੀ ਸਹਾਇਤਾ ਕਰਨਗੇ ਅਤੇ ਉਸਦਾ ਮਾਰਗ ਦਰਸ਼ਨ ਵੀ ਕਰਨਗੇ ਉਹਨਾਂ ਨੇ ਹੀ ਪਹਿਲਾਂ ਮਾਖੋਵਾਲ ਵਿਚ ਅਤੇ ਹੁਣ ਲਾਹੌਰ ਵਿਚ ਬੰਦੇ ਦੀ ਪ੍ਰਭਤਾ ਵਿਰੁਧ ਬਗਾਵਤ ਕਰਕੇ ਖਾਲਸੇ ਦੇ ਸੁਪਨੇ ਚਕਨਾ ਚੂਰ ਕੀਤੇ। ਡਾ ਐਚ.ਆਰ. ਗੁਪਤਾ ਲਿਖਦਾ ਹੈ "ਹੁਣ ਸਿੱਖ ਸ਼ਕਤੀ ਦੀ ਹਾਰ ਨਿਸ਼ਚਿਤ ਸੀ।" ਇਸ ਘਰ ਕੋ ਆਗ ਲਗ ਗਈ ਘਰ ਕੇ ਚਿਰਾਗ ਸੇ। ਪਰ ਬੰਦਾ ਬਹੁਤ ਦਲੇਰ ਸੀ ਅਤੇ ਇਸ ਘਟਨਾ ਕਾਰਨ ਉਸਨੇ ਦਿਲ ਨਹੀਂ ਹਾਰਿਆ ਅਤੇ ਮੁਗਲਾਂ ਦੀ ਤਬਾਹੀ ਅਤੇ ਬਰਬਾਦੀ ਦਾ ਆਪਣਾ

ਮਿਸ਼ਨ ਜਾਰੀ ਰੱਖਿਆ। ਪਰ ਆਪਣੇ ਆਪਨੂੰ ਸੱਚਾ ਖਾਲਸਾ ਅਖਵਾਉਣ ਵਾਲਿਆਂ ਦਾ ਪੋਲ ਜਰੂਰ ਖੁੱਲ ਗਿਆ ਸੀ।

ਲਾਹੌਰ ਵਿਚ ਹੋਰ ਫੌਜਾਂ ਦੇ ਪਹੁੰਚਣ ਨਾਲ ਅਤੇ ਖਾਲਸਾ ਫੌਜ ਦੀ ਇਕ ਵੱਡੀ ਗਿਣਤੀ ਦੇ ਮੁਗਲਾਂ ਨਾਲ ਰਲ ਜਾਣ ਕਾਰਨ ਬੰਦੇ ਦੀ ਸਥਿਤੀ ਦਿਨ ਪ੍ਰਤੀ ਦਿਨ ਪਤਲੀ ਹੁੰਦੀ ਚਲੀ ਗਈ। ਫਰੁਖਸੀਅਰ ਦੀਆਂ ਚਾਲਾਂ ਖਾਲਸੇ ਵਿਚ ਦੁਫੇੜ ਪਾਉਣ ਵਿਚ ਕਾਮਯਾਬ ਰਹੀਆਂ। ਅਬਦੁਸ ਸਮਦ ਖਾਨ ਉਚੀਆਂ ਹਵਾਵਾਂ ਵਿਚ ਸੀ। ਕਮਰੁਦਦੀਨ, ਉਦਿਤ ਸਿੰਘ ਬੁਦੇਲਾ, ਗੋਪਾਲ ਸਿੰਘ ਭਦੌੜੀਆ, ਫੌਜਦਾਰ ਮਿਰਜਾ ਅਹਿਮਦ ਖਾਨ, ਇਰਾਦਤ ਮੰਦ ਖਾਨ, ਨੂਰ ਮੁਹੰਮਦ ਖਾਨ, ਸ਼ੇਖ ਮੁਹੰਮਦ ਕਾਇਮ, ਸੱਯਦ ਹਫੀਜ ਅਲੀ ਖਾਨ, ਸੋਹਰਾਬ ਖਾਂਨ ਅਤੇ ਇਕ ਵੱਡੀ ਫੌਜ ਨਾਲ ਕਾਂਗੜੇ ਦੇ ਰਾਜਾ ਹਮੀਰ ਚੰਦ ਕਟੋਚ ਦੇ ਪਹੁੰਚਣ ਤੇ ਬੰਦਾ ਬਹਾਦਰ ਨੂੰ ਉਸਦੇ ਆਪਣੇ ਘੁਰਨੇ ਵਿਚ ਹੀ ਘੇਰ ਕੇ ਮਾਰਨਾ ਬਹੁਤ ਅਸਾਨ ਹੋ ਗਿਆ ਸੀ। ਬਾਬਾ ਮੀਰੀ ਸਿੰਘ ਅਤੇ ਉਸਦਾ ਪਿਉ ਬਾਬਾ ਕਾਹਨ ਸਿੰਘ ਬਾਦਸ਼ਾਹ ਨੂੰ ਸਿੱਖਾਂ ਦਾ ਪਾਲਣਹਾਰ ਦੱਸਕੇ ਸਿੱਖਾਂ ਨੂੰ ਬੰਦੇ ਨਾਲੋਂ ਤੋੜਕੇ ਬਾਦਸ਼ਾਹ ਵੱਲ ਕਰਨ ਵਿਚ ਜੋਰ ਸ਼ੋਰ ਨਾਲ ਰੁਝੇ ਹੋਏ ਸਨ।

ਬੰਦਾ ਅਜਿਹੇ ਹਾਲਾਤ ਵਿਚ ਵੀ ਦ੍ਰਿੜ ਅਤੇ ਅਡੋਲ ਰਿਹਾ ਅਤੇ ਇੱਕਤਰ ਹੋਈ ਮੁਗਲੀਆ ਫੌਜ ਨੂੰ ਚਿੜਾਉਂਦਾ ਰਿਹਾ। ਪਰ ਇਸ ਜਹਾਜ਼ ਨੂੰ ਉਹ ਕਿੰਨੀ ਕੁ ਦੇਰ ਤੈਰਦਾ ਰੱਖ ਸਕਦਾ ਸੀ ਜਿਸ ਵਿਚ ਕਿ ਉਸਦੇ ਆਪਣੇ ਹੀ ਲਫਟੈਣਾਂ ਨੇ ਮਘੋਰੇ ਕਰ ਦਿਤੇ ਸਨ।

ਮੇਰਾ ਅਜ਼ਮ ਇਤਨਾ ਬੁਲੰਦ ਹੈ, ਮੁਝੇ ਪਰਾਏ ਸ਼ੋਲੋਂ ਕਾ ਡਰ ਨਹੀਂ
ਮੁਜੇ ਖ਼ੌਫ ਆਤਿਸ਼ੇ ਗੁਲ ਸੇ ਹੈ, ਕਹੀਂ ਯਹ ਚਮਨ ਕੋ ਜਲਾ ਨਾ ਦੇ।

****

ਸ਼ਰਮਨਾਕ ਗੱਦਾਰੀ

ਦੇਖਤੇ ਹੀ ਦੇਖਤੇ ਕਿਤਨੇ ਬਦਲ ਜਾਤੇ ਹੈਂ ਲੋਗ,
ਹਰ ਕਦਮ ਪਰ ਏਕ ਨਯੇ ਸਾਂਚੇ ਮੇਂ ਢਲ ਜਾਤੇ ਹੈਂ ਲੋਗ,
ਕੀਜੀਏ ਕਿਸ ਕੇ ਲੀਏ ਗਮਗੱਸ਼ਤਾ ਜ਼ੰਨਤ ਕੀ ਤਲਾਸ਼ ?
ਜਬ ਕਿ ਮਿਟੀ ਕੇ ਖਿਲੋਨੋਂ ਸੇ ਬਹਿਲ ਜਾਤੇ ਹੈ ਲੋਗ।

(ਹਿੰਮਤ ਅਲੀ ਸ਼ਾਇਰ)

ਗੁਰਦਾਸ ਨੰਗਲ ਦੀ ਲੜਾਈ ਬੰਦੇ ਦੀ ਆਖਰੀ ਲੜਾਈ ਹੋ ਨਿਬੜੀ। ਸਿੱਖਾਂ ਨੂੰ ਆਪਣੇ ਰਾਜ ਦੀ ਸਥਾਪਤੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਲਗਭਗ ਇਕ ਸਦੀ ਤੀਕਰ ਇੰਤਜਾਰ ਕਰਨਾ ਪਿਆ ਅਤੇ ਬਹੁਤ ਵੱਡੀ ਗਿਣਤੀ ਵਿਚ ਜਾਨਾਂ ਵਾਰ ਕੇ ਇਸਦੀ ਕੀਮਤ ਚੁਕਾਉਣੀ ਪਈ। ਇਹ ਕਹਿਣਾ ਕਿ ਅਬਦੁਸ ਸਮੱਦ ਖਾਨ ਦਲੇਰ ਜੰਗ ਦੀ ਅਗਵਾਈ ਵਾਲੀ ਮੁਗਲ ਸੈਨਾ ਨੇ, ਜਿਸ ਨਾਲ ਇਕ ਪਾਸੇ ਕੁਮਾਰਉਦਦੀਨ, ਜਕਰੀਆ ਖਾਨ, ਇਰਾਤਦਮੰਦ ਖਾਨ, ਨੂਰ ਮੁਹੰਮਦ ਖਾਨ ਆਦਿ ਤਜਰਬੇਕਾਰ ਮੁਸਲਮਾਨ ਜਰਨੈਲ ਸਨ ਤੇ ਦੂਜੇ ਪਾਸੇ ਉਦਿੱਤ ਸਿੰਘ ਬੁੰਦੇਲਾ ਅਤੇ ਗੋਪਾਲ ਸਿੰਘ ਭਦੌੜੀਆ ਵਰਗੇ ਹਿੰਦੂ ਰਾਜੇ ਸਨ ਤੇ ਨਾਲ ਹੀ ਰਲੇ ਹੋਏ ਸਨ ਤੱਤ ਖਾਲਸਾ ਵਾਲੇ ਗੱਦਾਰ ਜਿਹਨਾਂ ਦੀ ਅਗਵਾਈ ਕਰ ਰਹੇ ਸਨ ਬਾਬਾ ਕਾਹਨ ਸਿੰਘ ਅਤੇ ਉਸਦਾ ਪੁੱਤਰ ਮੀਰੀ ਸਿੰਘ, ਬੰਦਾ ਬਹਾਦਰ ਨੂੰ ਹਰਾ ਦਿਤਾ, ਜਿਥੇ ਸਚਾਈ ਤੋਂ ਮੂਹ ਮੋੜਨਾ ਹੈ ਉਥੇ ਬੰਦੇ ਨਾਲ ਵੀ ਬੇਇਨਸਾਫੀ ਹੈ। ਹਕੀਕਤ ਇਹ ਹੈ ਕਿ ਮੁਗਲਾਂ ਨੂੰ ਲੱਕ ਤੋੜਵੀਂ ਹਾਰ ਦੇਣ ਲਈ ਸਾਧਨ ਜੁਟਾਉਣ ਦੇ ਕੰਮ ਵਿਚ ਬੰਦਾ ਏਨਾ ਰੁੱਝ ਗਿਆ ਸੀ ਕਿ ਉਹ ਆਪਣੇ ਸਾਥੀਆਂ ਦੀਆਂ ਸਰਗਰਮੀਆਂ ਤੇ ਬਾਜ ਅੱਖ ਨਾ ਰੱਖ ਸਕਿਆ। ਇਸੇ ਕਾਰਨ ਹੀ ਉਹ ਇਹ ਭਾਂਪਣ ਵਿਚ ਨਾ-ਕਾਮਯਾਬ ਰਿਹਾ ਕਿ ਉਸ ਦੇ ਆਪਣੇ ਲਫਟੈਣ ਹੀ ਉਸ ਦੀ ਬਰਬਾਦੀ ਦੀਆਂ ਗੋਂਦਾਂ ਗੁੰਦ ਰਹੇ ਨੇ। ਇਕ ਲੰਬੀ ਲੜਾਈ ਵਿਚ ਆਪਣਿਆਂ ਹੱਥੋਂ ਹੀ ਧੋਖਾ, ਗੱਦਾਰੀ, ਧਰੋਹ, ਪਿੱਠ ਵਿਚ ਛੁਰਾ ਘੋਪਣ ਜਿਹੀਆਂ ਕਰਤੂਤਾਂ ਆਮ ਗਲ ਹੈ। ਮਨੁਖੀ ਸੁਭਾਅ ਦੇ ਇਹਨਾਂ ਔਗੁਣਾਂ ਦੇ ਗੁਰੀਲੇ ਸੌਖੇ ਸ਼ਿਕਾਰ ਹੁੰਦੇ ਹਨ। ਕਰਨਲ ਆਰ.ਡੀ. ਪਲਸੋਕਰ ਲਿਖਦਾ ਹੈ "ਸਥਾਪਤ ਸਰਕਾਰੀ ਫੌਜਾਂ ਵਰਗੇ ਸੰਗਠਨ ਦੀ ਅਣਹੋਂਦ ਅਤੇ ਸਾਥੀਆਂ ਦੀ ਘੱਟ ਗਿਣਤੀ ਕਾਰਨ ਗੁਰੀਲੇ ਹਾਰ ਬਰਦਾਸ਼ਤ ਨਹੀਂ ਕਰ ਸਕਦੇ। ਸਿਖਲਾਈ ਪ੍ਰਾਪਤ ਫੌਜਾਂ ਦੇ ਮੁਕਾਬਲੇ 'ਚ ਸਵੈਇਛਕ ਫੌਜ ਹਾਰ ਨਾਲ ਛੇਤੀ ਦਿਲ ਛੱਡਦੀ ਹੈ। ਨਿਯਮਿਤ ਫੌਜਾਂ ਨੂੰ ਤਾਂ ਹਾਰ ਦੇ ਕਾਰਨ ਸਮਝਾਏ ਜਾ ਸਕਦੇ ਹਨ ਅਤੇ ਇਸ ਤਰਾਂ ਉਹਨਾਂ ਦਾ ਵਿਸ਼ਵਾਸ ਉਹਨਾਂ ਦੇ ਲੀਡਰ ਵਿਚ ਕਾਇਮ ਰੱਖਿਆ ਜਾ ਸਕਦਾ ਹੈ ਪਰ ਗੁਰੀਲੇ ਹਾਰ ਕਾਰਨ ਛੇਤੀ ਹੀ ਆਪਣੇ ਲੀਡਰ ਵਿਚ ਆਪਣਾ ਵਿਸ਼ਵਾਸ ਖੋਲ ਲੈਂਦੇ ਹਨ।"

ਬੰਦੇ ਦੀ ਹਾਰ ਦੇ ਕਾਰਨ ਬਹੁਤ ਜਿਆਦਾ ਗੁੰਝਲਦਾਰ ਅਤੇ ਵਿਭਿੰਨ ਸਨ। ਉਸਨੂੰ ਹਰਾਉਣ ਦੀਆਂ ਕੁਚਾਲਾਂ ਦਾ ਮੋਢੀ ਤਾਂ ਗੁਰੂ ਸਾਹਿਬ ਦੀ ਮੌਤ ਤੋਂ ਤੁੰਰਤ ਬਾਅਦ ਹੀ ਇਸ ਪਾਸੇ ਤੁਰ ਪਿਆ ਸੀ। ਬਾਬਾ ਬਿਨੋਦ ਸਿੰਘ ਬੰਦੇ ਨੂੰ ਸਿੱਖ ਪੰਥ ਵਿਚ ਸ਼ਾਮਲ ਕਰਕੇ ਸਭ ਤੋਂ ਉਚੀ ਪਦਵੀ ਦੇਣ ਦੇ ਖਿਲਾਫ ਸੀ। ਪਰ ਕਿਉਂਜੋ ਗੁਰੂ ਜੀ ਦੀ ਇਛਾ ਦਾ ਵਿਰੋਧ ਕਰਨਾ ਸੰਭਵ ਨਹੀਂ ਸੀ ਸੋ ਉਸਨੇ ਚੁਪ ਰਹਿ ਕੇ ਦਿਖਾਵੇ ਮਾਤਰ ਫੈਸਲੇ ਨੂੰ ਮੰਨਣ ਦੀ ਨੀਤੀ ਧਾਰਨੀ ਹੀ ਮੁਨਾਸਬ ਸਮਝੀ। ਉਹ ਤਾਂ ਦੇਹ ਧਾਰੀ ਗੁਰੂ ਦੀ ਪ੍ਰੰਪਰਾ ਨੂੰ ਖਤਮ ਕਰਨ ਨਾਲ ਵੀ ਸਹਿਮਤ ਨਹੀਂ ਸੀ। ਮਾਤਾ ਸੁੰਦਰੀ ਦੇ ਮੁਤਬੰਨੇ ਪੁਤਰ ਅਜੀਤ ਸਿੰਘ ਖੁਦ ਨੂੰ ਗੁਰੂ ਥਾਪਣ ਅਤੇ ਜਿਥੋਂ ਤੀਕਰ ਸੰਭਵ ਹੋਵੇ ਸਵਰਗਵਾਸੀ ਗੁਰੂ ਦੀ ਨਕਲ ਕਰਨ ਲਈ ਵੀ ਇਸ ਨੇ ਉਕਸਾਇਆ ਸੀ। ਮੈਕਾਲਿਫ ਲਿਖਦਾ ਹੈ "ਉਹ (ਭਾਵ ਅਜੀਤ ਸਿੰਘ) ਅਕਸਰ ਦਰਬਾਰ ਲਾਉਂਦਾ ਸੀ, ਆਪਣੇ ਆਪ ਨੂੰ ਗੁਰੂ ਦੱਸਦਾ ਸੀ ਅਤੇ ਨੌਕਰ ਚਾਕਰ ਵੀ ਨਾਲ ਰੱਖਦਾ ਸੀ।" ਪਾਂਡੇ ਦੀ ਵਹੀ ਦੇ ਇੰਦਰਾਜ, ਜਿਹਨਾਂ ਦੀ ਖੋਜ ਡਾ. ਗੰਡਾ ਸਿੰਘ ਨੇ ਕੀਤੀ, ਇਹ ਗੱਲ ਸਪਸ਼ਟ ਕਰਦੇ ਹਨ ਕਿ ਅਜੀਤ ਸਿੰਘ ਦੀਆਂ ਗੁਰੂ ਜੀ ਦੇ ਫਰਮਾਨ ਦੇ ਉਲਟ ਅਜਿਹੀਆਂ ਕਾਰਵਾਈਆਂ ਵਿਚ ਮਾਤਾ ਸੁੰਦਰੀ ਵੀ ਸ਼ਾਮਿਲ ਸੀ। ਪਾਂਡਾ ਝੰਡੂ ਰਾਮ ਕੁਰੂਕਸ਼ੇਤਰੀ ਦੀ ਕਰਤਾਰਪੁਰ ਵਾਲੀ ਵਹੀ ਦੇ ਪੰਨਾ 56 ਤੇ ਦਰਜ ਹੈ "- - - ਗੁਰੂ ਗੋਬਿੰਦ ਸਿੰਘ ਬੇਟਾ ਗੁਰੂ ਤੇਗ ਬਹਾਦਰ, ਗੁਰੂ ਅਜੀਤ ਸਿਘ ਬੇਟਾ ਗੁਰੂ ਗੋਬਿੰਦ ਸਿਘ, ਗੁਰੂ ਹਾਥੀ ਸਿੰਘ ਬੇਟਾ ਗੁਰੂ ਅਜੀਤ ਸਿੰਘ, ਮਾਤਾ ਗੁਜਰੀ ਔਰ ਮਾਤਾ ਸੁੰਦਰੀ ਜੋ ਗੁਰੂ ਅਜੀਤ ਸਿੰਘ ਕੀ ਮਾਂ ਹੈ ਗੰਗਾ ਜੀ ਆਏ।" ਇਥੇ ਅਜੀਤ ਸਿੰਘ ਅਤੇ ਉਸਦੇ ਪੁਤਰ ਹਾਥੀ ਸਿੰਘ ਦੇ ਨਾਂ ਅੱਗੇ ਗੁਰੂ ਸ਼ਬਦ ਵਰਤਿਆ ਗਿਆ ਹੈ। ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਮੌਤ ਉਪਰੰਤ ਵੀ ਲੰਮੇ ਸਮੇਂ ਤੀਕਰ ਦੇਹ ਧਾਰੀ ਗੁਰੂ ਦੀ ਪ੍ਰਥਾ ਚਲਦੀ ਰਹੀ। ਦਿੱਲੀ ਦੇ ਆਲੇ ਦੁਆਲੇ ਦੇ ਸਿੱਖ ਬਹੁਤ ਲੰਮੇ ਸਮੇਂ ਤਕ ਅਜੀਤ ਸਿੰਘ (ਮਲ) ਨੂੰ ਗੁਰੂ ਮੰਨ ਕੇ ਪੂਜਦੇ ਰਹੇ ਸਨ ਅਤੇ ਉਸਦੀ ਸ਼ਰਮਨਾਕ ਮੌਤ ਤੋਂ ਬਾਅਦ ਉਸਦੇ ਪੁਤਰ ਹਠੀ ਸਿੰਘ ਨੂੰ। ਬਾਅਦ ਵਿਚ ਇਹਨਾਂ ਸਿੱਖਾਂ ਨੂੰ ਅਜੀਤ ਮੱਲੀਏ ਸਿੱਖ ਕਿਹਾ ਜਾਂਦਾ ਸੀ ਅਤੇ ਇਹ ਗੁਰਗੱਦੀ ਮਾਤਾ ਸੁੰਦਰੀ ਦੀ ਮੌਤ ਦੇ ਬਾਅਦ ਹੀ ਖਤਮ ਹੋਈ ਸੀ। ਇਸੇ ਕਾਰਨ ਹੀ ਬੰਦੇ ਨੂੰ ਗੁਰੂ ਆਖਿਆ ਜਾਂਦਾ ਰਿਹਾ। ਇਸੇ ਲਈ ਮੁਗਲ ਦਰਬਾਰ ਦੇ ਅਖਬਾਰ ਅਤੇ ਹਰਕਾਰਿਆਂ ਦੀਆਂ ਖੁਫੀਆਂ ਰਿਪੋਰਟਾਂ ਵਿਚ ਉਸਨੂੰ ਨਾਨਕ ਪੂਜਾ ਦਾ ਬਾਗੀ ਗੁਰੂ ਲਿਖਿਆ ਜਾਂਦਾ ਰਿਹਾ।

ਅਜੀਤ ਸਿੰਘ ਦੀ ਤੀਬਰ ਇੱਛਾ ਸੀ ਕਿ ਮੁਗਲ ਹਕੂਮਤ ਉਸਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜਾਨਸ਼ੀਨ ਵੱਜੋਂ ਮਾਨਤਾ ਦੇ ਦੇਵੇ। ਅਖਬਾਰੇ-ਦਰਬਾਰੇ-ਮੁਅੱਲਾ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਦਾ ਪ੍ਰਬੰਧ ਮੀਣੇ ਸਿੱਖਾਂ ਤੋਂ ਲੈ ਕੇ ਸਰਕਾਰੀ ਤੌਰ ਤੇ ਅਜੀਤ ਸਿੰਘ ਨੂੰ ਮਿਤੀ 26 ਸਤੰਬਰ 1710 ਨੂੰ ਸੌਪ ਦਿਤਾ। ਰਾਜਾ ਚਤੁਰਸਾਲ ਬੁੰਦੇਲਾ ਖੁਦ ਅਜੀਤ ਸਿੰਘ ਨੂੰ ਦਿੱਲੀ ਤੋਂ ਲੈ ਕੇ ਆਇਆ ਸੀ। ਸਿੱਖਾਂ ਦੀਆਂ ਇਹਨਾਂ ਸੰਸਥਾਵਾਂ ਦਾ ਕੰਟਰੋਲ ਅਤੇ ਪ੍ਰਬੰਧ ਤੋਂ ਇਲਾਵਾ ਅਜੀਤ ਸਿੰਘ ਨੂੰ ਇਕ ਖਿਲੱਤ ਅਤੇ ਕੀਮਤੀ ਤੋਹਫੇ ਵੀ ਦਿਤੇ ਗਏ। ਅਜੀਤ ਸਿੰਘ ਨੇ ਆਪਣੇ ਤਰਫੋਂ ਨੌਂ ਅਸ਼ਰਫੀਆਂ ਭੇਟ ਕੀਤੀਆਂ ਅਤੇ ਇਤਨੀ ਹੀ ਰਕਮ ਦਾ ਸਿਰਵਾਰਨਾ ਵੀ ਕੀਤਾ। ਡਾ. ਸੁਖਦਿਆਲ ਸਿੰਘ ਲਿਖਦਾ ਹੈ "ਉਸਨੇ ਬੰਦੇ ਬਹਾਦਰ ਵਿਰੁਧ

ਵਿਢੀ ਲੜਾਈ 'ਚ ਬਾਦਸ਼ਾਹ ਦੀ ਜਿੱਤ ਦੀ ਅਰਦਾਸ ਵੀ ਕੀਤੀ।" ਇਬਰਤਨਾਮਾ 'ਚ ਭੀ ਇਹ ਦਰਜ ਹੈ ਕਿ ਇਕ ਅਫਗਾਨ ਹੱਥੋਂ ਗੁਰੂ ਜੀ (ਗੋਬਿੰਦ ਸਿੰਘ) ਦੇ ਮਾਰੇ ਜਾਣ ਪਿਛੋਂ ਓਹੁਨਾਂ ਦੇ ਮੁਤਬੰਨੇ ਅਜੀਤ ਸਿੰਘ ਨੂੰ ਸਰਕਾਰੀ ਸਰਪਰਸਤੀ ਮਿਲ ਗਈ ਸੀ।

ਬਿਨਾਂ ਸ਼ੱਕ ਬਾਬਾ ਬਿਨੋਦ ਸਿੰਘ ਅਤੇ ਉਸਦਾ ਪੁੱਤਰ ਕਾਹਨ ਸਿੰਘ ਮਾਤਾ ਸੁੰਦਰੀ ਅਤੇ ਅਜੀਤ ਸਿੰਘ ਨਾਲ ਲਗਾਤਾਰ ਸੰਪਰਕ ਵਿਚ ਸਨ। ਬਾਬਾ ਬਿਨੋਦ ਸਿੰਘ ਨੂੰ ਤਾਂ ਉਹ ਆਪਣਾ ਦੋਸਤ, ਫਿਲਾਸਫਰ ਅਤੇ ਮਾਰਗ ਦਰਸ਼ਕ ਸਮਝਦੇ ਸਨ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਅਜੀਤ ਸਿੰਘ ਦੀਆਂ ਇਹਨਾਂ ਸਾਰੀਆਂ ਕਾਰਵਾਈਆਂ ਅਤੇ ਕਾਰਨਾਮਿਆਂ ਪਿਛੇ ਦਿਮਾਗ ਬਾਬਾ ਬਿਨੋਦ ਸਿੰਘ ਦਾ ਹੀ ਸੀ।

ਦੂਸਰੇ ਪਾਸੇ ਬਾਬਾ ਬਿਨੋਦ ਸਿੰਘ ਲਈ ਤਾਂ ਬੰਦਾ ਬਹਾਦਰ ਕੇਵਲ ਇਕ ਓਪਰਾ ਹੀ ਨਹੀਂ ਸੀ ਸਗੋਂ ਗੈਰ-ਖੱਤਰੀ ਵੀ ਸੀ। ਮੁਸਲਿਮ ਸ਼ਹਿਰਾਂ ਦੀ ਲੁਟ, ਸਰਹਿੰਦ ਦੀ ਜਿੱਤ ਅਤੇ ਸਿੱਖ ਰਾਜ ਦੀ ਸਥਾਪਨਾ ਦੀਆਂ ਜੋ ਸ਼ੁਰੂਆਤੀ ਕਾਮਯਾਬੀਆਂ ਬੰਦੇ ਨੂੰ ਮਿਲੀਆਂ ਸਨ ਉਸ ਨਾਲ ਸਿੱਖਾਂ ਵਿਚ ਅਤੇ ਖਾਸ ਕਰਕੇ ਨੀਵੀਆਂ ਜਾਤਾਂ ਵਾਲਿਆਂ ਵਿਚ ਬੰਦੇ ਦੀ ਬਹੁਤ ਚੱੜ ਮੱਚੀ ਹੋਈ ਸੀ। ਇਸ ਨਾਲ ਸਿੱਖ ਪੰਥ ਵਿਚ ਸ਼ਾਮਲ ਖੱਤਰੀਆਂ ਦੀ ਚੌਧਰ ਲਈ ਖਤਰਾ ਪੈਦਾ ਹੋ ਗਿਆ ਸੀ। ਇਹ ਸਭ ਬਾਬਾ ਬਿਨੋਦ ਸਿੰਘ ਅਤੇ ਉਸਦੇ ਰਿਸ਼ਤੇਦਾਰਾਂ ਨੂੰ ਮਨਜ਼ੂਰ ਨਹੀਂ ਸੀ। ਇਸੇ ਕਾਰਨ ਉਹਨਾਂ ਲਈ ਇਹ ਜਰੂਰੀ ਹੋ ਗਿਆ ਸੀ ਕਿ ਉਹ ਬੰਦੇ ਦੇ ਪਰ ਕੁਤਰ ਕੇ ਆਪਣੇ ਕੁਨਬੇ ਵਿਚੋਂ ਕਿਸੇ ਨੂੰ ਅੱਗੇ ਲਿਆਉਣ।

ਤੀਸਰੇ, ਲੋਹਗੜ ਦੀ ਹਾਰ ਅਤੇ ਇਸਦੇ ਕਾਰਨ ਵੱਡੀ ਮਾਤਰਾ ਵਿਚ ਹੋਏ ਧਨ ਦੌਲਤ ਦਾ ਨੁਕਸਾਨ ਬਾਬਾ ਬਿਨੋਦ ਸਿੰਘ ਅਤੇ ਉਸਦੇ ਬੇਟੇ ਬਾਬਾ ਕਾਹਨ ਸਿੰਘ ਦੀ ਬਰਦਾਸ਼ਤ ਤੋਂ ਬਾਹਰ ਸੀ। ਇਸ ਤੋਂ ਬਾਅਦ ਦੀਆਂ ਹਾਰਾਂ ਨੇ ਵੀ ਉਹਨਾਂ ਨੂੰ ਯਕੀਨ ਕਰਵਾ ਦਿਤਾ ਸੀ ਕਿ ਸਿੱਖ ਰਾਜ ਦੀ ਸਥਾਪਨਾ ਸੰਭਵ ਨਹੀਂ। ਸੋ ਉਹਨਾਂ ਦੀ ਨਿੱਜੀ ਸੁਰੱਖਿਆ ਅਤੇ ਖੁਸ਼ਹਾਲੀ ਲਈ ਹੁਣ ਇਕੋ ਹੀ ਰਾਹ ਬੱਚਿਆ ਸੀ ਕਿ ਉਹ ਮੁਗਲ ਹਕੂਮਤ ਨਾਲ ਸੌਦੇ ਬਾਜ਼ੀ ਕਰਕੇ ਉਹਨਾਂ ਨਾਲ ਰਲ ਜਾਣ ਅਤੇ ਬੰਦੇ ਬਹਾਦਰ ਦਾ ਸਾਥ ਛੱਡ ਜਾਣ।

ਇਹੀ ਉਹ ਮਜਬੂਰੀਆਂ ਸਨ ਜਿਹਨਾਂ ਕਾਰਨ ਬਾਬਾ ਬਿਨੋਦ ਸਿੰਘ ਅਤੇ ਉਸਦੇ ਪੁਤਰ ਕਾਹਨ ਸਿੰਘ ਨੇ ਗਦਾਰੀ ਕੀਤੀ। ਦੁਨੀਆ ਦੇ ਮਹਾਨ ਯੋਧਿਆਂ ਵਾਂਗ ਹੀ ਬੰਦਾ ਵੀ ਕੁਝ ਕਮਜੋਰੀਆਂ ਅਤੇ ਊਣਤਾਈਆਂ ਤੋਂ ਪਾਕ ਨਹੀਂ ਸੀ। ਉਹ ਆਪਣੇ ਆਪ ਵਿਚ ਹੀ ਰਹਿਣਾ ਪਸੰਦ ਕਰਦਾ ਸੀ । ਇਹ ਕਹਿਣਾ ਮੁਸ਼ਕਲ ਹੈ ਕਿ ਉਸਦੇ ਸੁਭਾਅ ਦਾ ਇਹ ਪੱਖ ਜਮਾਂਦਰੂ ਸੀ ਜਾਂ ਫਿਰ ਧਿਆਨ ਸਾਧਨਾ ਲਈ ਲੰਮੇ ਸਮੇਂ ਤੱਕ ਇਕਾਂਤ 'ਚ ਰਹਿਣ ਕਾਰਨ ਉਭਰਿਆ ਸੀ। ਇਸ ਤਰਾਂ ਦੇ ਸੁਭਾਅ ਵਾਲਿਆਂ ਵਾਂਗ ਉਸਨੂੰ ਵੀ ਸਾਥੀਆਂ ਵਿਚ ਘੁਟਣ ਮਹਿਸੂਸ ਹੁੰਦੀ ਸੀ ਤੇ ਉਹ ਦਿਲ ਦੀ ਗਲ ਕਿਸੇ ਨਾਲ ਸਾਂਝੀ ਨਹੀਂ ਸੀ ਕਰਦਾ। ਇਥੋਂ ਤੱਕ ਕਿ ਉਹ ਯੁੱਧ-ਨੀਤੀ ਬਾਰੇ ਆਪਣੇ ਨੇੜੇ ਦੇ ਸਾਥੀਆਂ ਅਤੇ ਲੜਾਈ ਵਿਚ ਸਾਥ ਦੇਣ ਵਾਲਿਆਂ ਨਾਲ ਵੀ ਕੋਈ ਵਿਚਾਰ-ਚਰਚਾ ਨਹੀਂ ਸੀ ਕਰਦਾ। ਜਦੋਂ ਇਕ ਵੇਰ ਉਹ ਕੋਈ ਫੈਸਲਾ ਕਰ ਲੈਂਦਾ ਸੀ ਤਾਂ ਉਹ ਚਾਹੁੰਦਾ ਸੀ ਕਿ ਇਸ ਨੂੰ ਬਿਨਾਂ ਕਿਸੇ ਵਿਰੋਧ ਜਾਂ ਹੀਲ-ਹੁਜਤ ਦੇ ਪੂਰੇ ਦਿਲ-ਉ-ਜਾਨ ਨਾਲ ਲਾਗੂ ਕੀਤਾ ਜਾਵੇ। ਉਹ ਆਪੂ ਘੜੀਆਂ ਸਕੀਮਾਂ ਬਾਰੇ ਵਿਚਾਰ ਚਰਚਾ ਨਹੀਂ ਕਰਦਾ ਸੀ ਕਿਉਂਜੋ ਉਹ ਵਿਰੋਧ ਜਾਂ ਅਸਿਹਮਤੀ ਬਰਦਾਸ਼ਤ

ਨਹੀਂ ਕਰ ਸਕਦਾ ਸੀ। ਪਰ ਮਨੁੱਖੀ ਸੁਭਾਅ ਦਾ ਇਹ ਪੱਖ – ਜਿਸ ਨੂੰ ਕਮਜ਼ੋਰੀ ਵੀ ਆਖਿਆ ਜਾ ਸਕਦਾ ਹੈ – ਦੁਨੀਆ ਦੇ ਸਾਰੇ ਮਹਾਨ ਯੋਧਿਆਂ ਅਤੇ ਤਾਨਾਸ਼ਾਹਾਂ ਵਿਚ, ਜਿਹਨਾਂ ਵਿਚ ਸਿਕੰਦਰ ਮਹਾਨ ਤੋਂ ਲੈ ਕੇ ਨਪੋਲੀਅਨ, ਨਾਦਿਰ ਸ਼ਾਹ, ਹਿਟਲਰ ਤੇ ਸਟਾਲਿਨ ਵੀ ਸ਼ਾਮਲ ਨੇ, ਸਾਂਝਾ ਹੈ। ਇਰਾਕ ਦਾ ਸੱਦਾਮ ਹੁਸੈਨ ਵੀ ਇਸ ਪੱਖੋਂ ਬਾਕੀਆਂ ਦੇ ਨਾਲ ਹੀ ਹੈ। ਪਰ ਸੁਭਾਅ ਦਾ ਇਹ ਗੁਣ ਗੁਪਤ ਵਿਰੋਧੀਆਂ ਨੂੰ ਯੋਧੇ ਜਾਂ ਤਾਨਾਸ਼ਾਹ ਨੂੰ ਬਦਨਾਮ ਕਰਨ ਵਾਲੀਆਂ ਕਹਾਣੀਆਂ ਘੜਨ ਅਤੇ ਫੈਲਾਉਣ ਲਈ ਵਧੀਆ ਮੌਕਾ ਪ੍ਰਦਾਨ ਕਰਦਾ ਹੈ। ਜਦੋਂ ਵੀ ਅਜਿਹੇ ਯੋਧੇ ਜਾਂ ਤਾਨਾਸ਼ਾਹ ਦਾ ਪਤਨ ਹੁੰਦਾ ਹੈ, ਜਿਹਾ ਕਿ ਅਕਸਰ ਹੁੰਦਾ ਹੈ, ਤਾਂ ਅਜਿਹੀਆਂ ਪ੍ਰਚਲਤ ਕੀਤੀਆਂ ਮਨ ਲੁਭਾਊ ਕਹਾਣੀਆਂ ਉਸਦੇ ਸ਼ਾਨਦਾਰ ਗੁਣਾਂ ਨੂੰ ਢੱਕ ਕੇ ਉਸਦੀ ਸਖਸ਼ੀਅਤ ਦੇ ਉਘੜਵੇਂ ਪੱਖਾਂ ਅਤੇ ਕੀਤੇ ਚੰਗੇ ਕੰਮਾਂ ਉਪਰ ਕਾਲਖ ਪੋਚ ਦਿੰਦੀਆਂ ਹਨ। ਸਮਾਂ ਪਾ ਕੇ ਇਹ ਕਾਲਖ ਦਾ ਪੋਚਾ ਸੁਕ ਕੇ ਖਿੰਡਣਾ ਅਤੇ ਝੜਨਾ ਸ਼ੁਰੂ ਹੋ ਜਾਂਦਾ ਹੈ ਅਤੇ ਪੁਰਾਣੀ ਸ਼ਾਨ ਪਰਤਣੀ ਸ਼ੁਰੂ ਹੋ ਜਾਂਦੀ ਹੈ। ਪਰ ਫਿਰ ਵੀ ਕਾਲਖ ਦੇ ਕੁਝ ਨਾ ਕੁਝ ਦਾਗ ਚਿੰਬੜੇ ਹੀ ਰਹਿ ਜਾਂਦੇ ਹਨ ਅਤੇ ਉਤਰਨ ਦਾ ਨਾਂ ਹੀ ਨਹੀਂ ਲੈਂਦੇ। ਸੋ ਬੰਦੇ ਨਾਲ ਵੀ ਅਜਿਹਾ ਹੀ ਹੋਇਆ। ਗੁਰਬਾਣੀ ਵਿਚ ਵੀ ਗੁਰੂ ਰਾਮਦਾਸ ਜੀ ਦਾ ਕਥਨ ਹੈ :

ਕੂੜੁ ਠਗੀ ਗੁਝੀ ਨਾ ਰਹੇ ਮੁੰਲਮਾ ਪਾਜੁ ਲਹਿ ਜਾਇ।

(ਪੰਨਾ ੩੦੩)

ਬੰਦੇ ਦੀ ਇਕ ਹੋਰ ਖਾਮੀ, ਆਧੁਨਿਕ ਸਮੇਂ ਦੇ ਐਰਨੇਸਟੋ ਚੀ ਗੁਵੇਰਾ ਵਾਂਗ ਹੀ, ਇਹ ਸੀ ਕਿ ਉਹ ਜਿੱਤੇ ਹੋਏ ਇਲਾਕਿਆਂ ਦੇ ਪ੍ਰਬੰਧ ਵਿਚ ਕੋਈ ਦਿਲਚਸਪੀ ਨਹੀਂ ਲੈਂਦਾ ਸੀ। ਪ੍ਰਬੰਧ ਦੀ ਜਿੰਮੇਵਾਰੀ ਉਹ ਆਪਣੇ ਉਹਨਾਂ ਦੋਸਤਾਂ ਅਤੇ ਸਾਥੀਆਂ ਉਪਰ ਪਾ ਦਿੰਦਾ ਸੀ ਜਿਹਨਾਂ ਨੇ ਲੜਾਈ ਵਿਚ ਲਾ-ਮਿਸਾਲ ਬਹਾਦਰੀ ਅਤੇ ਦਲੇਰੀ ਦਿਖਾਈ ਹੁੰਦੀ ਸੀ। ਡਾ. ਗੋਪਾਲ ਸਿੰਘ ਲਿਖਦਾ ਹੈ "ਸਰਹਿੰਦ ਦੀ ਫਤਿਹ ਉਪਰੰਤ ਬੰਦੇ ਨੇ ਬਾਜ ਸਿੰਘ ਨੂੰ ਸਰਹਿੰਦ ਦਾ ਗਵਰਨਰ ਥਾਪ ਦਿਤਾ ਅਤੇ ਅਲੀ ਸਿੰਘ ਨੂੰ ਉਸ ਦਾ ਨਾਇਬ। ਇਹ ਬਾਜ ਸਿੰਘ ਗੁਰੂ ਜੀ ਵੱਲੋਂ ਨਾਦੇੜ ਤੋਂ ਬੰਦੇ ਨਾਲ ਭੇਜੇ ਚੁਣਵੇ ਸਿੰਘਾਂ ਵਿਚ ਸ਼ਾਮਲ ਸੀ। ਥਨੇਸਰ ਅਤੇ ਸਮਾਣਾ ਉਸਨੇ ਆਪਣੇ ਦੂਸਰੇ ਭਰੋਸੇਯੋਗ ਸਾਥੀਆਂ ਨੂੰ ਸੌਂਪ ਦਿਤਾ।" ਪਰ ਡਾ. ਗੰਡਾ ਸਿੰਘ ਅਨੁਸਾਰ ਭਾਈ ਫਤਿਹ ਸਿੰਘ ਨੂੰ ਸਮਾਣੇ ਦਾ ਗਵਰਨਰ ਥਾਪਿਆ ਗਿਆ ਸੀ ਅਤੇ ਬਾਜ ਸਿੰਘ ਦੇ ਭਰਾ ਰਾਮ ਸਿੰਘ ਨੂੰ ਥਨੇਸਰ ਦਾ ਗਵਰਨਰ ਥਾਪ ਦਿਤਾ ਗਿਆ ਅਤੇ ਬਾਬਾ ਬਿਨੋਦ ਸਿੰਘ ਨੂੰ ਉਸਦਾ ਨਾਇਬ ਥਾਪਿਆ ਗਿਆ ਸੀ। ਐਚ.ਏ. ਰੋਜ਼ ਅਨੁਸਾਰ "ਬੰਦਾ ਖੁਦ ਜੋਹਨਸਰ ਦੀਆਂ ਪਹਾੜੀਆਂ ਵੱਲ ਨੂੰ ਨਿੱਕਲ ਗਿਆ ਤਾਂ ਜੋ ਉਹ ਧਿਆਨ ਸਾਧਨਾਂ ਕਰਕੇ ਆਪਣੀਆਂ ਤਾਂਤਰਿਕ ਸ਼ਕਤੀਆਂ ਮੁੜ ਜਵਾਨ ਕਰ ਸਕੇ ਜਦੋਂ ਕਿ ਇਸ ਸਮੇਂ ਉਸਦੀ ਹਾਜ਼ਰੀ ਲੋਹਗੜ ਵਿਖੇ ਜਰੂਰੀ ਸੀ ਤਾਂ ਜੋ ਉਹ ਗਵਰਨਰਾਂ ਤੇ ਨਿਗਾਹ ਰੱਖ ਸਕੇ ਅਤੇ ਮੁਗਲ ਸਲਤਨਤ ਦੀ ਹਿਲਜੁਲ ਅਤੇ ਜਵਾਬੀ ਕਾਰਵਾਈ ਬਾਰੇ ਵੀ ਸੁਚੇਤ ਰਹਿ ਸਕੇ। ਇਸੇ ਤਰਾਂ ਹੀ ਨਵੰਬਰ ਸੰਨ 1713 ਤੋਂ ਫਰਵਰੀ ਸੰਨ 1715 ਤਕ ਦੇ ਬੰਦਾ ਸਿੰਘ ਦੇ ਹਾਲਾਤ ਦਾ ਵੇਰਵੇ ਸਹਿਤ ਬਹੁਤਾ ਕੁਝ ਪਤਾ ਨਹੀਂ ਲਗਦਾ। ਇਸ ਸਮੇਂ ਦੀਆਂ ਬਾਦਸ਼ਾਹੀ ਖਬਰਾਂ ਵੀ ਸਾਡੀ ਕੁਝ ਬਹੁਤੀ ਸਹਾਇਤਾ ਨਹੀਂ ਕਰਦੀਆਂ। ਕਿਧਰੇ ਕਿਧਰੇ ਇਕੀ ਦੁਕੀ ਖਬਰ ਵਿਚ ਇਸ਼ਾਰੇ ਮਾਤਰ ਜਿਕਰ ਆਉਂਦਾ ਹੈ ਜਿਸ ਤੋਂ ਸਾਫ ਤੌਰ ਤੇ ਇਹ ਨਹੀਂ ਕਿਹਾ ਜਾ ਸਕਦਾ ਹੈ

ਕਿ ਇਸ ਦਾ ਮਤਲਬ ਖੁਦ ਬੰਦਾ ਸਿੰਘ ਤੋਂ ਹੈ।" ਪ੍ਰਤੱਖ ਤੌਰ ਤੇ ਬੰਦੇ ਦੀ ਇਸ ਗੈਰਹਾਜ਼ਰੀ ਨੇ ਉਸਦੇ ਵਿਰੋਧੀਆਂ ਨੂੰ ਝੂਠੀਆਂ ਅਤੇ ਮਨਘੜੰਤ ਕਹਾਣੀਆਂ ਫੈਲਾ ਕੇ ਉਸਦੀ ਪ੍ਰਤੀਮਾ ਨੂੰ ਦਾਗਦਾਰ ਕਰਨ ਅਤੇ ਉਸ ਪ੍ਰਤੀ ਨਫਰਤ ਫੈਲਾਉਣ ਦਾ ਮੌਕਾ ਬਖਸ਼ਿਆ। ਬੰਦਾ ਕਿਉਂਜੋ ਕੇਵਲ ਇਕ ਯੋਧਾ ਹੀ ਸੀ ਅਤੇ ਪ੍ਰਸ਼ਾਸਨਿਕ ਯੋਗਤਾ ਉਸ ਵਿਚ ਨਹੀਂ ਸੀ ਇਸ ਕਰਕੇ ਉਹ ਆਪਣੇ ਪ੍ਰਮੁਖ ਸਾਥੀਆਂ ਅਤੇ ਸਲਾਹਕਾਰਾਂ ਵਿਚ ਉਸ ਵਿਰੁੱਧ ਫੈਲੇ ਸਾੜੇ, ਨਫਰਤ ਅਤੇ ਘ੍ਰਿਣਾ ਦਾ ਅੰਦਾਜਾ ਨਾ ਲਾ ਸਕਿਆ। ਦਰਅਸਲ ਇਹੋ ਜਿਹੇ ਅਹਿਸਾਸ ਉਹਨਾਂ ਵਿਚ ਉਸ ਦਿਨ ਤੋਂ ਹੀ ਉਠਣੇ ਸ਼ੁਰੂ ਹੋ ਗਏ ਸਨ ਜਿਸ ਦਿਨ ਤੋਂ ਉਹਨਾਂ ਰਾਜਨੀਤਕ ਤਾਕਤ ਦਾ ਸੁਆਦ ਚੱਖਿਆ ਸੀ।

ਮੁਗਲ ਬਾਦਸ਼ਾਹ ਫਰੁਖਸੀਅਰ ਸਿੱਖ ਵਿਦਰੋਹ ਨੂੰ ਬੇਰਹਿਮੀ ਨਾਲ ਦਬਾਉਣ ਲਈ ਦ੍ਰਿੜ ਸੀ ।ਸੱਤਾ ਸੰਭਾਲਦੇ ਹੀ ਉਸਨੇ ਆਪਣੇ ਖਾਸ ਵਿਸ਼ਵਾਸ਼ਪਾਤਰਾਂ ਨੂੰ ਇਸ ਕੰਮ ਦੀ ਜਿੰਮੇਵਾਰੀ ਸੌਂਪੀ। ਉਹਨੇ ਇਸ ਕੰਮ ਉਤੇ ਲਾਏ ਗਏ ਆਪਣੇ ਅਹਿਲਕਾਰਾਂ ਨੂੰ ਸਪਸ਼ਟ ਹਦਾਇਤਾਂ ਦਿਤੀਆਂ ਕਿ ਉਹ ਇਸ ਵਿਦਰੋਹ ਨੂੰ ਦਬਾਉਣ ਲਈ ਕਾਰਵਾਈ ਕਰਦੇ ਸਮੇਂ ਕੋਈ ਰਹਿਮ ਦੀ ਭਾਵਨਾ ਨਾ ਰੱਖਣ। ਬੰਦੇ ਬਹਾਦਰ ਨੂੰ ਹਰ ਕੀਮਤ ਤੇ ਜਿੰਦਾ ਜਾਂ ਮੁਰਦਾ ਗ੍ਰਿਫਤਾਰ ਕਰਨ ਦਾ ਹੁਕਮ ਸੀ। ਡਾ. ਗੋਪਾਲ ਸਿੰਘ ਲਿਖਦਾ ਹੈ "ਪੰਜਾਬ ਵਿਚ ਉਸਦੇ ਗਵਰਨਰ ਅਬਦੁਸ ਸਮੱਦ ਖਾਨ ਨੇ ਅਤੇ ਉਸਦੇ ਪੁਤਰ ਜੰਮੂ ਦੇ ਫੌਜਦਾਰ ਜੱਕਰੀਆ ਖਾਨ ਨੇ ਇਹਨਾਂ ਬਾਦਸ਼ਾਹੀ ਹੁਕਮਾਂ ਨੂੰ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਇੰਨ ਬਿੰਨ ਲਾਗੂ ਕਰ ਦਿਤਾ।"

ਸਿੱਖਾਂ ਨਾਲ ਬੇਰਹਿਮੀ ਦੇ ਸ਼ਾਹੀ ਫੁਰਮਾਨਾਂ ਅਤੇ ਯੁੱਧਾਂ ਵਿਚ ਹੋਏ ਭਾਰੀ ਨੁਕਸਾਨਾਂ ਕਾਰਨ ਬਾਬੇ ਦਿਲ ਹੀ ਛੱਡ ਬੈਠੇ । ਸੋ ਉਹਨਾਂ ਫੈਸਲਾ ਕੀਤਾ ਕਿ ਜੇਕਰ ਸੰਭਵ ਹੋਵੇ ਤਾਂ ਉਹ ਬੰਦੇ ਕੋਲੋਂ ਦੂਰ ਹੋ ਕੇ ਮੁਗਲ ਬਾਦਸ਼ਾਹ ਨਾਲ ਸਮਝੌਤਾ ਕਰ ਲੈਣ। ਜੁਲਾਈ 1714 ਵਿਚ ਮੁਗਲਾਂ ਦੇ ਦਿੱਲੀ ਦਰਬਾਰ ਵਿਚ ਲਗਾਤਾਰ ਪਹੁੰਚਦੀਆਂ ਖੁਫੀਆ ਰਿਪੋਰਟਾਂ ਤੋਂ ਸਪਸ਼ਟ ਸੰਕੇਤ ਮਿਲਦਾ ਹੈ ਕਿ ਬਾਗੀ ਬਾਜ ਸਿੰਘ ਨੇ ਇਕ ਵੱਡੀ ਫੌਜ ਸਮੇਤ ਲਾਅਨੱਤ ਮਾਰੇ ਬਾਗੀ ਗੁਰੂ ਨਾਲੋਂ ਤੋੜ ਵਿਛੋੜਾ ਕਰ ਲਿਆ ਹੈ ਅਤੇ ਉਹ ਕਹਿਲੂਰ ਦੇ ਜਿਮੀਂਦਾਰ ਦੇ ਤਅੱਲਕੇ ਵਿਚ ਮਾਖੋਵਾਲ ਪਰਗਨੇ ਵਿਚ ਡੇਰਾ ਲਾਈ ਬੈਠਾ ਹੈ। ਇਹ ਖਬਰ ਬਾਦਸ਼ਾਹ ਲਈ ਬਹੁਤ ਦਿਲ ਵਧਾਊ ਸੀ। ਸੋ ਉਸਨੇ ਫੌਜੀ ਅਤੇ ਕੂਟਨੀਤਿਕ, ਦੋਵੇਂ ਤਰੀਕਿਆਂ ਨਾਲ ਆਪਣੇ ਸਾਰੇ ਸਾਧਨ ਵਰਤ ਕੇ ਸਿੱਖਾਂ ਦੇ ਇਸ ਵਿਦਰੋਹ ਨੂੰ ਦਬਾਉਣ ਲਈ ਇਕ ਦ੍ਰਿੜ ਅਤੇ ਪੂਰੀ ਤਿਆਰੀ ਵਾਲਾ ਹੰਭਲਾ ਮਾਰਨ ਦਾ ਫੈਸਲਾ ਕੀਤਾ। ਬਾਦਸ਼ਾਹ ਨੂੰ ਇਸ ਗਲ ਦਾ ਅਹਿਸਾਸ ਸੀ ਕਿ ਉਸ ਕੋਲ ਧਨ ਦੌਲਤ, ਫੌਜੀ ਸਾਜੋ ਸਮਾਨ ਅਤੇ ਆਦਮੀਆਂ ਦੀ ਘਾਟ ਹੈ ਅਤੇ ਦੱਖਣ ਵਿਚ ਮਰਹੱਟੇ ਅਤੇ ਰਾਜਪੂਤਾਨੇ ਵਿਚ ਰਾਜਪੂਤ ਸਿਰ ਚੁੱਕ ਰਹੇ ਹਨ। ਸੋ ਇਹਨਾਂ ਹਾਲਾਤਾਂ ਵਿਚ ਸਿੱਖਾਂ ਦੀਆਂ ਰਾਜਨੀਤਿਕ ਇਛਾਵਾਂ ਨੂੰ ਦਬਾਉਣਾ ਉਨੀ ਦੇਰ ਸੰਭਵ ਨਹੀਂ ਸੀ ਜਿੰਨੀ ਦੇਰ ਬੰਦੇ ਦੇ ਆਪਣੇ ਆਦਮੀਆਂ ਨੂੰ ਹੀ ਉਸ ਵਿਰੁੱਧ ਵਰਤ ਕੇ ਉਸਨੂੰ ਇਕਲਾ ਨਿਖੇੜਿਆ ਨਹੀਂ ਜਾਂਦਾ। ਦੱਖਣ ਦੇ ਤਜਰਬੇ ਤੋਂ ਮੁਗਲਾਂ ਨੂੰ ਇਹ ਸਬਕ ਮਿਲ ਗਿਆ ਸੀ ਕਿ ਗੁਰੀਲਾ ਵਿਦਰੋਹ ਨੂੰ ਕੇਵਲ ਸ਼ਕਤੀ ਰਾਹੀਂ ਖਤਮ ਕਰਨਾ ਸੰਭਵ ਨਹੀਂ ਹੈ। ਆਪਣੀ ਯੋਜਨਾ ਦੀ ਕਾਮਯਾਬੀ ਲਈ ਜਰੂਰੀ ਸੀ ਕਿ ਉਹ ਦੁਸਮਣ ਦੇ ਖੇਮੇ ਵਿਚ

ਗੱਦਾਰਾਂ ਦੀ ਪਛਾਣ ਕਰਨ ਅਤੇ ਉਹਨਾਂ ਨੂੰ ਰਿਸ਼ਵਤ ਦੇ ਕੇ ਇਸ ਲਹਿਰ ਦੇ ਮੁਖ ਧੁਰੇ ਨੂੰ ਉਹਨਾਂ ਰਾਹੀ ਗ੍ਰਿਫਤਾਰ ਕਰਨ ਜਾਂ ਖਤਮ ਕਰ ਦੇਣ। ਬਾਦਸ਼ਾਹ ਨੂੰ ਆਪਣੇ ਨਿਜੀ ਤਜਰਬੇ ਤੋਂ ਪਤਾ ਸੀ ਕਿ ਜਿਥੇ ਸ਼ਕਤੀ ਦੀ ਵਰਤੋਂ ਲੋੜੀਂਦੇ ਨਤੀਜੇ ਹਾਸਲ ਕਰਨ ਵਿਚ ਨਾਕਾਮਯਾਬ ਰਹੇ ਉਥੇ ਕਪਟ ਅਤੇ ਧੋਖਾ ਅਕਸਰ ਕਾਮਯਾਬ ਹੋ ਜਾਂਦੇ ਹਨ। ਡਾ. ਹਰੀ ਰਾਮ ਗੁਪਤਾ ਲਿਖਦਾ ਹੈ "ਸਿੱਖਾਂ ਦੇ ਵਿਦਰੋਹ ਨੂੰ ਦਬਾਉਣ ਲਈ ਫਰੁਖਸੀਅਰ ਨੇ ਕੂਟਨੀਤਿਕ ਅਤੇ ਸੈਨਿਕ ਕਾਰਵਾਈ ਨੂੰ ਦ੍ਰਿੜਤਾ ਨਾਲ ਅਮਲ ਵਿਚ ਲਿਆਂਦਾ। ਉਹ ਇਸ ਗੱਲੋਂ ਬਹੁਤ ਨਿਰਾਸ਼ ਸੀ ਕਿ ਮੁਗਲ ਸਲਤਨਤ ਆਪਣੇ ਵਿਸ਼ਾਲ ਸਾਧਨਾਂ ਦੇ ਬਾਵਜੂਦ ਵੀ ਸਿੱਖ ਨੇਤਾ ਨੂੰ ਫੜਨ ਵਿਚ ਨਾਕਾਮਯਾਬ ਰਹੀ ਸੀ। ਉਸਨੇ ਇਸ ਕੰਮ ਲਈ ਦਿੱਲੀ 'ਚ ਰਹਿੰਦੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਧਵਾ, ਮਾਤਾ ਸੁੰਦਰੀ ਨੂੰ ਵਰਤਣ ਦੀ ਇਕ ਯੋਜਨਾ ਉਲੀਕੀ।" ਬਾਦਸ਼ਾਹ ਵੱਲੋਂ ਅਖਤਿਆਰ ਕੀਤੀ ਇਸ ਯੁਧ ਨੀਤੀ ਦੀ ਨਿੰਦਾ ਕਰਦਾ ਡਾ. ਸੁਖਦਿਆਲ ਸਿੰਘ ਲਿਖਦਾ ਹੈ "ਬਾਦਸ਼ਾਹ ਨੇ ਹੁਣ ਲੜਾਈ ਦੇ ਪੱਖ ਤੋਂ ਪਰੇ ਹੱਟ ਕੇ ਵੀ ਕੁਝ ਐਸੀਆਂ ਅਣਇਖਲਾਕੀ ਚਾਲਾਂ ਚਲਣੀਆਂ ਸ਼ੁਰੂ ਕਰ ਦਿਤੀਆਂ ਸਨ ਜਿਹੜੀਆਂ ਬਾਦਸ਼ਾਹ ਜੈਸੇ ਸਰਬਉਚ ਰੁਤਬੇ ਵਾਲੇ ਨੇਤਾ ਨੂੰ ਸ਼ੋਭਦੀਆਂ ਨਹੀਂ ਸਨ। ਉਸਨੇ ਬੰਦਾ ਸਿੰਘ ਦੇ ਖਿਲਾਫ ਸਿੱਖਾਂ ਦੇ ਅੰਦਰੋਂ ਹੀ ਵਿਰੋਧੀ ਪੈਦਾ ਕਰਨੇ ਸ਼ੁਰੂ ਕਰ ਦਿਤੇ । ਇਸ ਮਕਸਦ ਲਈ ਉਸਨੇ ਕਈ ਮੁਹਾਜਾਂ ਤੇ ਕੰਮ ਕਰਨਾ ਸੁਰੂ ਕਰ ਦਿਤਾ ਸੀ। ਇਕ ਮੁਹਾਜ ਸੀ ਬੰਦਾ ਸਿੰਘ ਦੇ ਸਾਥੀ ਸਿੰਘਾਂ ਵਿਚੋਂ ਕਿਸੇ ਐਸੇ ਗੱਦਾਰ ਦੀ ਭਾਲ ਕਰਨੀ ਜੋ ਬੰਦਾ ਸਿੰਘ ਦਾ ਸਾਥ ਛੱਡ ਕੇ ਹਕੂਮਤ ਦੇ ਪੱਖ ਦੀ ਗੱਲ ਕਰੇ।" ਦੂਜਾ ਮੁਹਾਜ ਸੀ ਮਾਤਾ ਸੁੰਦਰੀ ਨੂੰ ਬਲੈਕਮੇਲ ਕਰਕੇ ਬੰਦੇ ਵਿਰੁਧ ਨਫਰਤ ਪੈਦਾ ਕਰਨ ਲਈ ਉਸਨੂੰ ਵਰਤਣਾ।

ਅਜੀਤ ਸਿੰਘ ਆਪਣੀ ਮਰਜੀ ਨਾਲ ਹੀ ਮੁਗਲਾਂ ਦੇ ਹੱਥਾਂ ਦੀ ਕਠਪੁਤਲੀ ਬਣਿਆ ਹੋਇਆ ਸੀ। ਸੋ ਬਾਬਾ ਬਿਨੋਦ ਸਿਘ ਅਤੇ ਉਸ ਦੇ ਪੁੱਤਰ ਕਾਹਨ ਸਿੰਘ ਨਾਲ ਸਾਂਠ-ਗਾਂਠ ਲਈ ਉਸਨੂੰ ਖੁਫੀਆ ਤੌਰ ਤੇ ਵਰਤਣ ਵਿਚ ਕੋਈ ਔਖਿਆਈ ਨਹੀਂ ਸੀ। ਬਾਬੇ ਤਾਂ ਪਹਿਲਾਂ ਹੀ ਬੰਦੇ ਨੂੰ ਧੋਖਾ ਦੇ ਕੇ ਮੁਗਲਾਂ ਨਾਲ ਸਾਂਠ-ਗਾਂਠ ਲਈ ਤਿਆਰ ਸਨ ਤਾਂ ਜੋ ਉਹ ਆਪਣਾ ਬਾਕੀ ਦਾ ਜੀਵਨ ਅਨੰਦ ਨਾਲ ਜਿਉਂ ਸਕਣ। ਅਜੀਤ ਸਿੰਘ ਰਾਹੀ ਪ੍ਰਾਪਤ ਹੋਈ ਪੇਸ਼ਕਸ਼ ਦਾ ਉਹਨਾਂ ਸਵਾਗਤ ਕੀਤਾ ਕਿਉਂਕਿ ਬੰਦੇ ਨੂੰ ਖਤਮ ਕਰਨ ਨਾਲ ਉਹ ਗੁਰਗੱਦੀ ਦੇ ਇਕ ਸੰਭਾਵਤ ਦਾਅਵੇਦਾਰ ਨੂੰ ਰਸਤੇ ਵਿਚੋਂ ਹਟਾ ਦੇਣਗੇ ਅਤੇ ਅਜੀਤ ਸਿੰਘ ਨੂੰ ਗੁਰਗੱਦੀ ਤੇ ਬਿਠਾ ਉਹ ਸਿੱਖਾਂ ਉਪਰ ਆਪਣੀ ਪਕੜ ਮਜ਼ਬੂਤ ਕਰ ਲੈਣਗੇ।

ਬਾਦਸ਼ਾਹ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਬਾਬਾ ਬਿਨੋਦ ਸਿੰਘ ਅਤੇ ਉਸਦਾ ਪੁਤਰ ਸਹਿਜ ਨਾਲ ਹੀ ਬਾਦਸ਼ਾਹ ਦੀ ਇੱਛਾ ਪੂਰੀ ਕਰਨ ਲਈ ਸਹਿਮਤ ਹੋ ਗਏ। ਆਪਣਾ ਇਮਾਨ ਉਹ ਬਹੁਤ ਹੀ ਥੋੜੀ ਕੀਮਤ ਤੇ ਵੇਚਣ ਲਈ ਤਿਆਰ ਹੋ ਗਏ, ਜਿਵੇਂ ਆਂਹਦੇ ਨੇ ਸਿਰਫ ਦਾਣਿਆਂ ਦੀ ਇਕ ਮੁੱਠ ਪਿਛੇ। ਸ਼ਾਇਦ ਇਸ ਦਾ ਕਾਰਨ ਉਹਨਾਂ ਦੀਆਂ ਭਾਵਨਾਵਾਂ ਨੂੰ ਲੱਗੀ ਠੇਸ ਕਾਰਨ ਉਹਨਾਂ ਦੇ ਮਨ ਵਿਚ ਬੰਦੇ ਵਿਰੁੱਧ ਪੈਦਾ ਹੋਈ ਨਫਰਤ ਸੀ। ਸਰਹਿੰਦ ਦੀ ਫਤਿਹ ਉਪਰੰਤ ਜਦੋਂ ਬੰਦੇ ਨੇ ਗਵਰਨਰੀਆਂ ਵੰਡੀਆਂ ਤਾਂ ਉਸਨੇ ਬਾਬਾ ਕਾਹਨ ਸਿੰਘ ਨੂੰ ਬਿਲਕੁਲ ਅੱਖੋਂ ਪਰੋਖੇ ਹੀ ਕਰ ਦਿਤਾ ਸੀ ਅਤੇ ਬਾਬਾ ਬਿਨੋਦ ਸਿਘ ਨੂੰ ਪੂਰੀ ਗਵਰਨਰੀ ਨਾ ਦੇ ਕੇ ਕੇਵਲ ਰਾਮ ਸਿੰਘ ਦਾ ਨਾਇਬ ਹੀ ਥਾਪਿਆ ਸੀ।

ਵਿਸਾਹਘਾਤ ਦੀ ਅਸਲੀ ਕਹਾਣੀ ਕਹਿਣ ਤੋਂ ਪਹਿਲਾਂ ਉਹਨਾਂ ਕਸ਼ੱਤ੍ਰੀ ਖਾਨਦਾਨਾਂ ਦੇ ਚਰਿਤਰ ਅਤੇ ਸੁਭਾਅ ਬਾਰੇ ਵਿਚਾਰ ਚਰਚਾ ਲਾਹੇਵੰਦੀ ਰਹੇਗੀ ਜਿਹੜਿਆਂ ਨੂੰ ਅਚਨਚੇਤੀ ਹੀ ਪੂਜਨੀਕ ਹੋਣ ਦੀ ਵੱਡਿਆਈ ਸਿਰਫ ਇਸ ਕਾਰਨ ਮਿਲ ਗਈ ਸੀ ਕਿ ਸਿੱਖ ਗੁਰੂ ਇਹਨਾਂ ਖਾਨਦਾਨਾਂ – ਬੇਦੀ, ਤਰੇਹਿਨ, ਭੱਲੇ ਅਤੇ ਸੋਢੀ – ਵਿਚ ਪੈਦਾ ਹੋਏ ਸਨ। ਅਜਿਹਾ ਸਿਰਫ ਹਿੰਦੋਸਤਾਨ ਵਿਚ ਹੀ ਸੰਭਵ ਹੈ ਕਿਉਂਕਿ ਇਥੋਂ ਦਾ ਸਮਾਜ ਬ੍ਰਾਹਮਣੀ ਵਿਚਾਰਧਾਰਾ ਦੇ ਗੂੜੇ ਪ੍ਰਭਾਵ ਥੱਲੇ ਹੈ। ਯਸੂ ਮਸੀਹ ਇਕ ਤਰਖਾਣ ਦੇ ਪ੍ਰੀਵਾਰ ਵਿਚ ਪੈਦਾ ਹੋਇਆ ਸੀ ਪਰ ਇਸ ਕਾਰਨ ਤਰਖਾਣਾਂ ਨੂੰ ਕੋਈ ਵਿਸ਼ੇਸ਼ ਪਵਿੱਤਰਤਾ ਦਾ ਦਰਜਾ ਪ੍ਰਾਪਤ ਨਹੀਂ ਹੋਇਆ ਜਿਹੋ ਜਿਹਾ ਕਿ ਇਥੇ ਕਸ਼ੱਤ੍ਰੀਆਂ ਨੂੰ ਪ੍ਰਾਪਤ ਹੋਇਆ। ਅਜਿਹਾ ਕਿਉਂ ਹੋਇਆ ?

ਲੰਮੇ ਸਮੇਂ ਤੋਂ ਕਸ਼ੱਤ੍ਰੀਆਂ ਨੂੰ ਇਕ ਮਾਰਸ਼ਲ ਕੌਮ ਮੰਨਿਆ ਜਾਂਦਾ ਸੀ। ਪਰ ਅੱਠਵੀਂ ਸਦੀ ਦੇ ਲਗਭਗ ਉਹ ਆਪਣੇ ਇਸ ਮਸ਼ਹੂਰ ਦਲੇਰੀ ਅਤੇ ਹਿੰਮਤੀ ਸੁਭਾਅ ਤੋਂ ਪਿਛੇ ਖਿਸਕਣ ਲਗ ਪਏ ਅਤੇ ਮੌਕਾ ਮੇਲ ਹੀ ਸਮਝੋ ਕਿ ਇਸੇ ਸਮੇਂ ਇਸਲਾਮ ਦੀ ਚੜ੍ਹਤ ਸ਼ੁਰੂ ਹੋਈ। ਗਿਆਰਵੀਂ ਸਦੀ ਵਿਚ ਜਦੋਂ ਸ਼ਾਹੀ ਵੰਸ਼ ਦੇ ਰਾਜ ਦਾ ਖਾਤਮਾ ਸੁਬੁਕਤਗੀਨ ਅਤੇ ਉਸਦੇ ਪੁਤਰ ਮਹਿਮੂਦ ਗਜਨਵੀ ਦੇ ਹੱਥੋਂ ਹੋ ਗਿਆ ਤਾਂ ਕਸ਼ੱਤਰੀ ਬਿਲਕੁਲ ਹੀ ਦਿਲ ਛੱਡ ਬੈਠੇ। ਉਹ ਸਾਧਨਾਂ ਅਤੇ ਇਛਾ ਸਕਤੀ ਪੱਖੋਂ ਇੰਨੇ ਨਿਤਾਣੇ ਹੋ ਗਏ ਕਿ ਉਹ ਮੁਸਲਮਾਨ ਹਮਲਾਵਰ ਦਾ ਮੁਕਾਬਲਾ ਕਰਨ ਜੋਗੇ ਹੀ ਨਾ ਰਹੇ। ਉਹਨਾਂ ਆਪਣੇ ਹੱਥੋਂ ਤਲਵਾਰ ਸੁੱਟ ਦਿਤੀ ਅਤੇ ਵੈਸ਼ ਜਾਤ ਵਾਲਾ ਖੇਤੀ ਅਤੇ ਵਣਜ ਦਾ ਧੰਦਾ ਆਪਣਾ ਲਿਆ। ਜੇ. ਡੀ. ਕਨਿੰਘਮ ਲਿਖਦਾ ਹੈ "ਕਸ਼ੱਤਰੀ, ਜਿਹੜੇ ਕਿ ਸੈਨਿਕ ਅਤੇ ਰਾਜੇ ਸਨ, ਅਧੋਗਤੀ ਕਾਰਨ ਦੁਕਾਨਦਾਰ ਅਤੇ ਵਿਉਪਾਰੀ ਬਣ ਗਏ ਅਤੇ ਇਤਿਹਾਸ ਵਿਚ ਅਜਿਹੀ ਹੀ ਉਦਾਹਰਣ ਯਹੂਦੀਆਂ ਬਾਰੇ ਵੀ ਮਿਲਦੀ ਹੈ। ਚੁਸਤ ਦਿਮਾਗ ਵਾਲੇ ਇਨਸਾਨ ਆਪਣੇ ਲਈ ਕੋਈ ਨਾ ਕੋਈ ਰੋਜਗਾਰ ਲੱਭ ਹੀ ਲੈਂਦੇ ਨੇ। – – – ਪਿੰਡਾਂ ਅਤੇ ਕਸਬਿਆਂ ਦੇ ਕਸ਼ੱਤਰੀ ਅਤੇ ਅਰੋੜੇ, ਵਿਉਪਾਰੀਆਂ ਵਰਗੇ ਉਦਮੀ ਅਤੇ ਦੁਕਾਨਦਾਰਾਂ ਵਰਗੇ ਕਿਰਸੀ ਸਨ। ਉਹ ਮੁਲਕ ਦੇ ਪ੍ਰਮੁੱਖ ਸ਼ਾਹੂਕਾਰ ਅਤੇ ਲੇਖਾਕਾਰ ਹਨ। ਪਰ ਲੰਮਾ ਅਰਸਾ ਰਾਜ ਘਰਾਣੇ ਨਾਲ ਸਬੰਧਤ ਰਹੇ ਕਸ਼ੱਤਰੀਆਂ ਵਿਚ ਕਦੇ ਕਦੇ ਪ੍ਰਾਚੀਨ ਸੈਨਿਕਾਂ ਵਾਲਾ ਉਤਸ਼ਾਹ ਮੁੜ ਪ੍ਰਗਟ ਹੋ ਜਾਂਦਾ ਹੈ ਅਤੇ ਉਹ ਰਾਜਾਂ ਦੇ ਸੁਯੋਗ ਗਵਰਨਰ ਅਤੇ ਫੌਜਾਂ ਦੇ ਤਜਰਬੇਕਾਰ ਜਰਨੈਲ ਬਣ ਆਪਣਾ ਸਿੱਕਾ ਮਨਵਾਉਂਦੇ ਹਨ।" ਪਰ ਕੁਝ ਵੀ ਹੋਵੇ ਤਾਕਤ ਅਤੇ ਮਾਇਆ ਦੀ ਲਾਲਸਾ ਤਿਆਗਣੀ ਉਹਨਾਂ ਲਈ ਔਖਾ ਕੰਮ ਸੀ। ਉਹਨਾਂ ਵਿਚੋਂ ਜਿਆਦਾਤਰ ਜਾਂ ਤਾਂ ਮੁਸਲਮਾਨ ਹਾਕਮਾਂ ਦੀ ਨੌਕਰੀ ਪ੍ਰਾਪਤ ਕਰਨ ਵਿਚ ਕਾਮਯਾਬ ਰਹੇ ਜਾਂ ਫਿਰ ਉਹ ਪੁਜਾਰੀ ਬਣ ਗਏ। ਇਕ ਕਸ਼ੱਤਰੀ ਦਾ ਪੁਜਾਰੀ ਹੋਣਾ ਇਕ ਵਿਰੋਧਾਭਾਸ ਵਾਲੀ ਸਥਿਤੀ ਸੀ ਪਰ ਹਾਲਾਤ ਨੇ ਉਹਨਾਂ ਨੂੰ ਅਜਿਹਾ ਹੀ ਬਣਾ ਦਿੱਤਾ। ਭਾਰਤ ਦੇ ਉਤਰ-ਪੱਛਮੀ ਭਾਗ ਦੇ ਮੈਦਾਨਾਂ ਵਿਚ ਵਸ ਰਹੇ ਕਰਮ ਕਾਂਡੀ ਬ੍ਰਾਹਮਣ ਬਾਰ-ਬਾਰ ਹੁੰਦੇ ਮੁਸਲਮਾਨੀ ਹਮਲਿਆਂ ਤੋਂ ਇਤਨੇ ਭੈਅ ਭੀਤ ਹੋ ਗਏ ਸਨ ਕਿ ਉਹ ਸ਼ਿਵਾਲਿਕ ਜਾ ਹਿਮਾਲਿਆ ਦੀਆਂ ਪਹਾੜੀਆਂ ਵਿਚ ਜਾ ਛੁਪੇ ਅਤੇ ਆਪਣੇ ਦੇਵੀ ਦੇਵਤਿਆਂ ਨੂੰ ਨਾਲ ਹੀ ਲੈ ਗਏ। ਇਸ ਤਰਾਂ ਖਾਲੀ ਹੋਈ ਜਗਾ ਕਿਸੇ ਨੇ ਤਾਂ ਭਰਨੀ ਹੀ ਸੀ। ਇਸ ਕੰਮ ਲਈ ਕਸ਼ੱਤਰੀ ਕਬੀਲੇ ਦੇ ਕੁਝ ਮੈਂਬਰ ਅਗੇ ਆਏ ਅਤੇ ਉਹਨਾਂ ਕਰਮਕਾਂਡੀ ਬ੍ਰਾਹਮਣ ਦਾ ਦਾਨ-ਦਕਸ਼ਨਾ ਇਕੱਠੀ ਕਰਨ ਦਾ ਕੰਮ ਸਾਂਭ ਲਿਆ।

ਸਿੱਖ ਗੁਰੂ ਭਾਵੇਂ ਕਸ਼ੱਤਰੀ ਕੁਨਬੇ ਵਿਚ ਪੈਦਾ ਹੋਏ ਪਰ ਉਹ ਬਹੁਤ ਪਹੁੰਚੀਆਂ ਹੋਈਆਂ ਰੂਹਾਂ ਸਨ ਅਤੇ ਉਹ ਉਚੇ ਸੁੱਚੇ ਮਾਣ ਸਤਿਕਾਰ ਦੇ ਹੱਕਦਾਰ ਨੇ। ਪਰ ਇਸਦਾ ਇਹ ਮਤਲਬ ਨਹੀਂ ਕਿ ਉਹਨਾਂ ਦੀ ਔਲਾਦ ਅਤੇ ਨੇੜਲੇ ਰਿਸ਼ਤੇਦਾਰ ਵੀ ਇਸੇ ਸਤਿਕਾਰ ਦੇ ਪਾਤਰ ਨੇ। ਗੁਰੂ ਨਾਨਕ ਦੇਵ ਜੀ ਨੇ ਆਪਣੇ ਪੁੱਤਰਾਂ, ਬਾਬਾ ਸ਼੍ਰੀ ਚੰਦ ਅਤੇ ਬਾਬਾ ਲੱਖਮੀ ਚੰਦ ਨੂੰ ਅੱਖੋਂ ਪਰੋਖੇ ਕਰਕੇ ਗੁਰ ਗੱਦੀ ਆਪਣੇ ਸੇਵਕ ਭਾਈ ਲਹਿਣੇ ਨੂੰ (ਜੋ ਗੁਰੂ ਅੰਗਦ ਦੇਵ ਜੀ ਬਣੇ) ਦੇ ਦਿਤੀ ਕਿਉਂਜੋ ਉਹਨਾਂ ਦੇ ਪੁੱਤਰ ਉਹਨਾਂ ਦੀਆਂ ਉਮੀਦਾਂ ਤੇ ਖਰੇ ਨਹੀਂ ਸਨ ਉਤਰੇ। ਬਾਬਾ ਸ਼੍ਰੀ ਚੰਦ ਜੀ ਇਸ ਕਾਰਨ ਆਪਣੇ ਸਨਮਾਨ ਨੂੰ ਲਗੀ ਠੇਸ ਨੂੰ ਬਰਦਾਸ਼ਤ ਨਾ ਕਰ ਸਕੇ ਅਤੇ ਉਹਨਾਂ ਆਪਣਾ ਵੱਖਰਾ ਉਦਾਸੀ ਮੱਤ ਖੜਾ ਕਰ ਲਿਆ। ਅਜਿਹਾ ਕਰਨ ਲਈ ਉਸਨੇ ਗੁਰੂ ਜੀ ਦੀਆਂ ਸਿਖਿਆਵਾਂ ਦੇ ਆਪਣੇ ਢੰਗ ਨਾਲ ਮਤਲਬ ਕੱਢੇ, ਇਹਨਾਂ ਵਿਚ ਕੁਝ ਤਬਦੀਲੀਆਂ ਕੀਤੀਆਂ ਅਤੇ ਇਸ ਨਾਲ ਤਾਂਤਰਿਕ ਮੰਤਰ ਤੇ ਕ੍ਰਿਆਵਾਂ ਜੋੜ ਲਈਆਂ – ਜਿਹਨਾਂ ਨੂੰ ਕਿ ਗੁਰੂ ਜੀ ਨੇ ਕਦੇ ਵੀ ਪ੍ਰਵਾਨ ਨਹੀਂ ਕੀਤਾ ਸੀ। ਫਿਰ ਗੁਰੂ ਅੰਗਦ ਦੇਵ ਜੀ ਨੇ ਆਪਣੇ ਪੁੱਤਰ ਦਾਤੂ ਨੂੰ ਨਜ਼ਰ ਅੰਦਾਜ ਕਰਕੇ ਗੁਰੂ ਗੱਦੀ ਆਪਣੇ ਸੇਵਕ ਗੁਰੂ ਅਮਰ ਦਾਸ ਜੀ ਨੂੰ ਸੌਂਪ ਦਿਤੀ। ਇਸ ਤੇ ਦਾਤੂ ਅੱਗ ਬਬੂਲਾ ਹੋ ਗਿਆ ਅਤੇ ਉਸਨੇ ਫੁਰਮਾਨ ਜਾਰੀ ਕਰ ਦਿਤਾ "ਅਮਰੂ ਬਿਰਧ ਹੈ। ਉਹ ਮੇਰਾ ਨੌਕਰ ਹੈ। ਮੈਂ ਗੁਰੂ ਦੇ ਵੰਸ਼ ਦਾ ਰਾਜ ਕੁਮਾਰ ਹਾਂ। ਇਸ ਲਈ ਗੱਦੀ ਮੇਰੀ ਹੈ।" ਇੰਨੀ ਬੇਇਜ਼ਤੀ ਕਰਨ ਨਾਲ ਵੀ ਜਿਵੇਂ ਉਸਦਾ ਮਨ ਨਹੀਂ ਭਰਿਆ ਸੀ। ਉਹ ਖਡੂਰ ਸਾਹਿਬ ਤੋਂ ਗੋਇੰਦਵਾਲ ਜਾ ਪਹੁੰਚਿਆ ਜਿਥੇ ਕੀ ਗੁਰੂ ਸਾਹਿਬ ਨੇ ਦੀਵਾਨ ਲਾਇਆ ਹੋਇਆ ਸੀ। ਜਦੋਂ ਉਸਨੇ ਗੁਰੂ ਜੀ ਨੂੰ ਸ਼ਾਨੋ ਸ਼ੌਕਤ ਨਾਲ ਬੈਠੇ ਦੇਖਿਆ ਤਾਂ ਉਸਨੇ ਉਚੀ ਅਵਾਜ਼ ਵਿਚ ਆਖਿਆ "ਕੱਲ੍ਹ ਤਕ ਤੂੰ ਸਾਡੇ ਘਰ ਵਿਚ ਪਾਣੀ ਢੋਂਦਾ ਸੈਂ ਅਤੇ ਅੱਜ ਤੂੰ ਗੁਰੂ ਬਣਿਆ ਬੈਠਾ ਏਂ।" ਇਹ ਆਖ ਉਸਨੇ ਲੱਤ ਮਾਰ ਗੁਰੂ ਸਾਹਿਬ ਨੂੰ ਉਹਨਾਂ ਦੇ ਆਸਣ ਤੋਂ ਥੱਲੇ ਸੁੱਟ ਦਿੱਤਾ। ਗੁਰੂ ਜੀ ਨੇ ਨਿਮਰਤਾ ਨਾਲ ਆਖਿਆ "ਉਹ ਰਾਜਨ ਮੈਨੂੰ ਮਾਫ ਕਰਦੇ। ਜਰੂਰ ਤੇਰੇ ਪੈਰ ਤੇ ਸੱਟ ਲੱਗੀ ਹੋਵੇਗੀ।"

ਫਿਰ ਜਦੋਂ ਗੁਰੂ ਅਮਰ ਦਾਸ ਜੀ ਨੇ ਆਪਣੇ ਪੁੱਤਰਾਂ ਮੋਹਨ ਅਤੇ ਮੋਹਰੀ ਨੂੰ ਨਜ਼ਰ ਅੰਦਾਜ਼ ਕਰ ਗੁਰ ਗੱਦੀ ਆਪਣੇ ਜਵਾਈ ਜੇਠੇ ਨੂੰ ਬਖਸ਼ੀ (ਜਿਹਨਾਂ ਨੂੰ ਗੁਰੂ ਰਾਮ ਦਾਸ ਦੇ ਨਾਂ ਨਾਲ ਜਾਣਿਆ ਜਾਂਦਾ ਹੈ) ਤਾਂ ਉਹਨਾਂ ਦੋਵਾਂ ਨੇ ਵੀ ਆਪਣੀ ਹੇਠੀ ਸਮਝੀ ਅਤੇ ਉਹ ਆਪਣੇ ਪਿਤਾ ਨਾਲ ਨਰਾਜ਼ ਹੋ ਗਏ। ਮੋਹਨ ਨੇ ਗੁਰੂ ਰਾਮ ਦਾਸ ਜੀ ਨੂੰ ਮੱਥਾ ਟੇਕਣ ਤੋਂ ਇਨਕਾਰ ਕਰਦਿਆਂ ਆਖਿਆ "ਉਹ ਤਾਂ ਸਾਡਾ ਨੌਕਰ ਏ ਅਸੀਂ ਉਸਨੂੰ ਮੱਥਾ ਕਿਉਂ ਟੇਕੀਏ।" ਜਦੋਂ ਮੋਹਰੀ ਨੇ ਵੀ ਨਰਾਜ਼ਗੀ ਪ੍ਰਗਟ ਕੀਤੀ ਤਾਂ ਭਾਈ ਜੇਠੇ (ਗੁਰੂ ਰਾਮ ਦਾਸ) ਨੇ ਗੁਰੂ ਅਮਰ ਦਾਸ ਜੀ ਨੂੰ ਬੇਨਤੀ ਕੀਤੀ "ਐ ਸੱਚੇ ਪਾਤਸ਼ਾਹ ਗੁਰਗੱਦੀ ਮੋਹਰੀ ਨੂੰ ਦੇ ਦਿਉ ਅਤੇ ਮੈਂ ਤੁਹਾਡਾ ਸੇਵਕ ਹੀ ਖੁਸ਼ ਹਾਂ।" ਭਾਈ ਜੇਠੇ ਨੂੰ ਆਪਣੇ ਹੀ ਰਿਸ਼ਤੇਦਾਰਾਂ ਦੇ ਹੱਥੋਂ ਵੀ ਬੇਇਜ਼ਤੀ ਸਹਿਣੀ ਪਈ। ਉਸਨੂੰ ਤਾਅਨੇ ਦਿਤੇ ਜਾਂਦੇ ਸਨ ਪਾਣੀ ਭਰ ਕੇ ਲਿਆਉਂਦਾ ਏ, ਜੂਠੇ ਭਾਂਡੇ ਮਾਂਜਦਾ ਏ ਤੇ ਗੁਰੂ ਨੂੰ ਇਸ਼ਨਾਨ ਕਰਵਾਉਂਦਾ ਏ ਕੀ ਤੈਨੂੰ ਆਪਣੇ ਬਾਪ ਦੇ ਘਰ ਰੋਟੀ ਨਸੀਬ ਨਹੀਂ ਹੁੰਦੀ। ਮੈਕਾਲਿਫ ਲਿਖਦਾ ਹੈ "ਗੁਰੂ ਜੀ ਨੇ ਇਹ ਗਲ ਭਾਂਪ ਲਈ ਸੀ ਕਿ ਉਹਨਾਂ ਦੇ ਪੁਤਰ ਮੋਹਨ ਤੇ ਮੋਹਰੀ, ਭਾਈ ਜੇਠੇ ਲਈ ਮੁਸੀਬਤਾਂ ਖੜੀਆਂ ਕਰਨਗੇ। ਸੋ

ਉਹਨਾਂ ਭਾਈ ਜੇਠੇ ਨੂੰ ਆਖਿਆ ਆਪਣੇ ਸਿੱਖਾਂ ਦੇ ਰਹਿਣ ਲਈ ਗੋਇੰਦਵਾਲ ਨੂੰ ਛੱਡ ਕੇ ਕੋਈ ਹੋਰ ਜਗ੍ਹਾਂ ਤਲਾਸ਼ ਕਰ । ਪਾਸੇ ਜਾ ਕੇ ਕੋਈ ਵੱਡਾ ਸ਼ਹਿਰ ਵਸਾ ਅਤੇ ਉਸ ਨੂੰ ਆਬਾਦ ਕਰ।"

ਗੁਰੂ ਰਾਮ ਦਾਸ ਦੇ ਤਿੰਨ ਪੁੱਤਰ ਸਨ, ਪਿਰਥੀਆ, ਮਹਾਂਦੇਵ ਅਤੇ ਅਰਜਨ ਮੱਲ। ਗੁਣਾਂ ਦੇ ਅਧਾਰ ਤੇ ਉਹਨਾਂ ਗੁਰਗੱਦੀ ਲਈ ਆਪਣੇ ਛੋਟੇ ਪੁੱਤਰ ਅਰਜਨ ਨੂੰ ਚੁਣਿਆ। ਮੈਕਾਲਿਫ ਲਿਖਦਾ ਹੈ "ਗੁਰੂ ਰਾਮ ਦਾਸ ਨੇ ਆਖਿਆ ਕਿ ਗੁਰਗੱਦੀ ਤਾਂ ਗੁਣਾਂ ਦੇ ਅਧਾਰ ਤੇ ਹੀ ਮਿਲੇਗੀ। ਜੋ ਨਿਮਾਣਾ ਅਤੇ ਨਿੱਮਰ ਹੈ ਇਹ ਉਸੇ ਨੂੰ ਮਿਲੇਗੀ। ਸੋ ਇਹ ਗੁਰਗੱਦੀ ਅਰਜਨ ਮੈਂ ਤੈਨੂੰ ਬਖਸ਼ਦਾ ਹਾਂ।" ਇਹ ਜਾਣ ਪਿਰਥੀਏ ਦੇ ਸੱਤੀਂ ਕੱਪੜੀ ਅੱਗ ਲਗ ਗਈ। ਮੈਕਾਲਿਫ ਅੱਗੇ ਲਿਖਦਾ ਹੈ "ਪਿਰਥੀਏ ਦਾ ਗੁਸਾ ਕਾਬੂ ਤੋਂ ਬਾਹਰ ਸੀ ਤੇ ਉਸਨੇ ਆਪਣੇ ਪਿਤਾ ਨਾਲ ਵੀ ਗਾਲੀ ਗਲੋਚ ਕੀਤਾ ਅਤੇ ਬਾਬਾ ਬੁੱਢਾ ਜੀ ਨੂੰ ਵੀ ਆਖ ਦਿਤਾ ਕਿ ਉਸਦੇ ਪਿਤਾ ਨੇ ਜ਼ਿਆਦਤੀ ਕੀਤੀ ਹੈ । ਗੁਰਗੱਦੀ ਤੇ ਉਸਦਾ ਅਧਿਕਾਰ ਸੀ ਫਿਰ ਵੀ ਇਹ ਉਸ ਦੇ ਛੋਟੇ ਭਰਾ ਨੂੰ ਦੇ ਦਿਤੀ ਹੈ। ਉਸਨੇ ਕਸਮ ਖਾਧੀ ਕਿ ਉਹ ਗੁਰੂ ਅਰਜਨ ਨੂੰ ਉਤਾਰ ਖੁਦ ਗੱਦੀ ਤੇ ਬੈਠੇਗਾ ਅਤੇ ਉਸਦੇ ਇਸ ਦਾਅਵੇ ਨੂੰ ਬਾਦਸ਼ਾਹ ਖੁਦ ਵੀ ਤਸਲੀਮ ਕਰੇਗਾ।" ਗੁਰੂ ਰਾਮ ਦਾਸ ਜੀ ਦੀ ਜਲਦੀ ਮੌਤ ਦਾ ਇਕ ਕਾਰਨ ਪਿਰਥੀਏ ਦੀ ਇਹ ਬਦਸਲੂਕੀ ਵੀ ਹੈ ਜਿਹਾ ਕਿ ਉਹਨਾਂ ਦੀ ਰਚੀ ਉਸ ਬਾਣੀ ਤੋਂ ਸਪਸ਼ਟ ਹੈ ਜੋ ਹੇਠਾਂ ਦਿਤੀ ਜਾਂਦੀ ਹੈ:

ਸਾਰੰਗ ਮਹਲਾ ੪ ਘਰ ੩ ਦੁਪਦਾ ੧ੴ ਸਤਿਗੁਰ ਪ੍ਰਸਾਦਿ।
ਕਾਹੇ ਪੂਤ ਝਗਰਤ ਹਉ ਸੰਗਿ ਬਾਪ।
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ।੧।ਰਹਾਉ।
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ।
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ।੧।
ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ।
ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ।੨।
(ਪੰਨਾ ੧੨੦੦)

ਪਿਰਥੀਆ ਅਤੇ ਉਸ ਦਾ ਪੁਤਰ ਮਨੋਹਰ ਮਿਹਰਬਾਨ ਦਿਵਾਨ ਚੰਦੂ ਸ਼ਾਹ ਨਾਲ ਮਿਲ ਕੇ ਲਗਾਤਾਰ ਗੁਰੂ ਅਰਜਨ ਦੇਵ ਜੀ ਲਈ ਮੁਸ਼ਕਲਾਂ ਖੜੀਆਂ ਕਰਦੇ ਰਹੇ ਤੇ ਉਹਨਾਂ ਨੂੰ ਕਸੂਤੀਆਂ ਸਥਿਤੀਆਂ ਵਿਚ ਫਸਾਉਂਦੇ ਰਹੇ। ਆਖਿਰ ਉਹ ਆਪਣੀਆਂ ਕੁਚਾਲਾਂ ਵਿਚ ਕਾਮਯਾਬ ਹੋ ਗਏ ਅਤੇ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਦੇ ਕੇ ਲਹੌਰ ਵਿਚ ਸ਼ਹੀਦ ਕਰਵਾ ਦਿਤਾ। ਗੁਰੂ ਹਰਿ ਰਾਏ ਜੀ (ਸੱਤਵੇਂ ਗੁਰੂ – ਜੋ ਗੁਰੂ ਹਰਗੋਬਿੰਦ ਸਾਹਿਬ ਦੇ ਪੋਤਰੇ ਸਨ) ਨੂੰ ਜਦੋਂ ਗੱਦੀ ਮਿਲੀ ਤਾਂ ਇਸ ਦਾ ਵਿਰੋਧ ਕੇਵਲ ਉਸਦੇ ਵੱਡੇ ਭਰਾ ਧੀਰ ਮੱਲ ਨੇ ਹੀ ਨਾ ਕੀਤਾ ਸਗੋਂ ਗੁਰੂ ਹਰਗੋਬਿੰਦ ਸਾਹਿਬ ਦੀ ਛੋਟੀ ਸੁਪਤਨੀ ਮਾਤਾ ਨਾਨਕੀ ਨੇ ਵੀ ਕੀਤਾ। ਗੁਰੂ ਜੀ ਨੂੰ ਮਾਤਾ ਨਾਨਕੀ ਨੂੰ ਕਹਿਣਾ ਪਿਆ "ਹਰ ਚੀਜ਼ ਸੰਤੋਖ ਨਾਲ ਮਿਲਦੀ ਹੈ। ਹੁਣ ਤੂੰ ਬਕਾਲੇ ਚਲੀ ਜਾ ਜਿਥੇ ਮੇਰੀ ਮਾਤਾ ਗੰਗਾ ਦੀ ਸਮਾਧ ਹੈ ਅਤੇ ਉਥੇ ਹੀ ਰਹਿ।" ਸੂਰਜ ਮੱਲ ਦਾ ਦਾਅਵਾ ਵੀ ਕੁਝ ਸਿੱਖਾਂ ਨੇ ਪੇਸ਼ ਕੀਤਾ ਤਾਂ ਗੁਰੂ ਸਾਹਿਬ ਨੇ ਉਸਨੂੰ ਪੁੱਛਿਆ ਕਿ

ਉਹ ਕੀ ਚਾਹੁੰਦਾ ਹੈ। ਸੂਰਜ ਮੱਲ ਕਿਉਂਜੋ ਅਭਿਲਾਸ਼ੀ ਨਹੀਂ ਸੀ ਸੋ ਉਸ ਆਖ ਦਿਤਾ ਕਿ ਉਹ ਤਾਂ ਕੇਵਲ ਸੱਚਾ ਸਿੱਖ ਹੀ ਰਹਿਣਾ ਚਾਹੁੰਦਾ ਹੈ।

ਜਦੋਂ ਰਾਮ ਰਾਏ ਨੂੰ ਛੱਡ ਗੁਰ ਗੱਦੀ ਉਸ ਦੇ ਛੋਟੇ ਭਰਾ ਸ਼੍ਰੀ ਹਰਿ ਕ੍ਰਿਸ਼ਨ ਜੀ ਨੂੰ ਦੇ ਦਿਤੀ ਗਈ ਤਾਂ ਉਸਨੇ ਵੀ ਪਿਰਥੀਏ ਵਾਲੇ ਲੱਛਣ ਫੜ ਲਏ। ਪਹਿਲਾਂ ਉਸਨੇ ਆਪਣੇ ਤਾਏ ਧੀਰਮਲ ਰਾਹੀ ਆਪਣੇ ਪਿਤਾ ਗੁਰੂ ਹਰਿ ਰਾਏ ਜੀ ਤੇ ਜ਼ੋਰ ਪਾਉਣ ਦੀ ਕੋਸ਼ਿਸ਼ ਕੀਤੀ। ਪਰ ਜਦੋਂ ਉਸਨੂੰ ਇਸ ਤਰਾਂ ਕਾਮਯਾਬੀ ਨਾ ਮਿਲੀ ਤਾਂ ਉਸਨੇ ਖੁਦ ਹੀ ਆਪਣੇ ਆਪ ਨੂੰ ਗੁਰੂ ਐਲਾਨ ਦਿੱਤਾ। ਫਿਰ ਉਸਨੇ ਮਸੰਦਾਂ ਨੂੰ ਇਕਠੇ ਕਰ ਹੁਕਮ ਕੀਤਾ ਕਿ ਉਹ ਸਾਰੇ ਪਾਸੇ ਜਾ ਕੇ ਐਲਾਨ ਕਰਨ ਕਿ ਗੁਰ ਗੱਦੀ ਉਸਨੂੰ ਮਿਲ ਗਈ ਹੈ ਅਤੇ ਸ਼ਰਧਾਲੂਆਂ ਵੱਲੋਂ ਭੇਟ ਕੀਤੀ ਮਾਇਆ ਲਿਆ ਕੇ ਉਸਨੂੰ ਦੇਣ। ਨਾਲ ਦੀ ਨਾਲ ਉਸਨੇ ਬਾਦਸ਼ਾਹ ਨੂੰ ਵੀ ਇਸ ਮਾਮਲੇ ਵਿਚ ਦਖਲ ਦੇਣ ਦੀ ਫਰਿਆਦ ਕੀਤੀ। ਸ਼ੁਰੂ ਵਿਚ ਔਰੰਗਜ਼ੇਬ ਦਖਲ ਨਹੀਂ ਦੇਣਾ ਚਾਹੁੰਦਾ ਸੀ ਇਸ ਲਈ ਉਸਨੇ ਰਾਮ ਰਾਇ ਨੂੰ ਮਸ਼ਵਰਾ ਦਿਤਾ ਕਿ ਉਹ ਆਪਣਾ ਦਾਅਵਾ ਛੱਡ ਦੇਵੇ। ਪਰ ਜਦੋਂ ਰਾਮ ਰਾਇ ਵਾਰ ਵਾਰ ਜ਼ੋਰ ਪਾਉਂਦਾ ਰਿਹਾ ਤਾਂ ਬਾਦਸ਼ਾਹ ਨੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਤਲਬ ਕਰਨ ਦਾ ਹੁਕਮ ਕਰ ਦਿਤਾ। ਸੰਖੇਪ ਵਿਚ ਆਖਿਆਂ, ਰਾਮ ਰਾਏ ਨੇ ਨਾ ਕੇਵਲ ਗੁਰੂ ਹਰਿ ਰਾਇ ਜੀ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਲਈ ਹੀ ਪ੍ਰੇਸ਼ਾਨੀਆਂ ਖੜੀਆਂ ਕੀਤੀਆਂ ਸਗੋਂ ਗੁਰੂ ਤੇਗ ਬਹਾਦਰ ਸਾਹਿਬ ਵਿਰੁੱਧ ਹੋਈ ਕਾਰਵਾਈ ਲਈ ਵੀ ਉਹ ਕਾਫੀ ਹੱਦ ਤਕ ਜਿੰਮੇਵਾਰ ਹੈ। ਜਦੋਂ ਤਕ ਨੌਵੇਂ ਗੁਰੂ ਜੀ ਸ਼ਹੀਦ ਨਹੀਂ ਕਰ ਦਿਤੇ ਗਏ ਉਸਨੂੰ ਚੈਂਨ ਨਹੀਂ ਪਿਆ। ਸ਼ਾਇਦ ਰਾਮ ਰਾਏ ਨੂੰ ਇਹ ਭੀ ਗਿਲਾ ਸੀ ਕਿ ਉਸਦਾ ਹੱਕ ਕੇਵਲ ਇਸ ਲਈ ਲਿਤਾੜਿਆ ਜਾ ਰਿਹਾ ਹੈ ਕਿਉਂਕਿ ਉਹ ਦਾਸੀ ਦੇ ਪੇਟੋਂ ਜਨਮਿਆ ਸੀ।

ਗੁਰੂਆਂ ਨੂੰ ਉਹਨਾਂ ਦੀ ਆਪਣੀ ਔਲਾਦ ਅਤੇ ਰਿਸ਼ਤੇਦਾਰਾਂ ਵੱਲੋਂ ਦਿਤੇ ਮਾਨਸਿਕ ਅਤੇ ਸਰੀਰਕ ਕਸ਼ਟਾਂ ਦੀ ਇਹ ਸੰਖੇਪ ਕਹਾਣੀ ਹੈ। ਇਥੇ ਫਸਾਦ ਦੀ ਜੜ੍ਹ ਸਿਰਫ ਇਹੋ ਸੀ ਕਿ ਵਿਰੋਧ ਕਰਨ ਵਾਲਿਆਂ ਨੂੰ ਗੁਰ ਗੱਦੀ ਤੇ ਬੈਠਣ ਦਾ ਮੌਕਾ ਨਹੀਂ ਮਿਲਿਆ ਸੀ। ਭਾਰਤ ਦੀਆਂ ਇਕ ਸਮੇਂ ਸੂਰਬੀਰ ਰਹੀਆਂ ਕੌਮਾਂ ਵਿਚ ਧੋਖਾ ਅਤੇ ਗਦਾਰੀ ਵੇਦਾਂ ਜਿੰਨੀ ਹੀ ਪੁਰਾਣੀ ਹੈ। ਭਾਈ ਗੁਰਦਾਸ ਜੀ ਨੇ ਵੀ ਆਪਣੀ ਇਕ ਵਾਰ ਵਿਚ ਗੁਰੂ ਪੁਤਰਾਂ ਦੇ ਇਸ ਵਤੀਰੇ ਦਾ ਵਰਨਨ ਇਉਂ ਕੀਤਾ ਹੈ।

ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ।
ਲਖਮੀਦਾਸਹੁ ਧਰਮਚੰਦ ਪੋਤਾ ਹੁਇਕੈ ਆਪੁ ਗਣਾਇਆ।
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿੱਖ ਆਇਆ।
ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ।
ਮੀਣਾ ਹੋਆ ਪਿਰਥੀਆ ਕਰਿ ਕਰਿ ਟੇਢਕ ਬਰਲ ਚਲਾਇਆ।
ਮਹਾਦੇਉ ਅਹਮੇਉ ਕਰਿ ਕਰਿ ਬੇਮੁਖ ਕੁਤਾ ਭਉਕਾਇਆ।
ਚੰਦਨ ਵਾਸੁ ਨ ਵਾਸ ਬੋਹਾਇਆ(ਵਾਰ 26 ਪਾਉੜੀ 33)

ਗੁਰੂ ਅਰਜਨ ਦੇਵ ਜੀ ਵੀ ਕਸ਼ੱਤਰੀਆਂ ਦੇ ਸੁਭਾਅ ਵਿਚ ਹੰਕਾਰ, ਸਾੜਾ ਅਤੇ ਚਾਲਬਾਜ਼ੀ ਦੀ ਬਹੁਤਾਤ ਬਾਰੇ ਸੁਚੇਤ ਸਨ। ਮੈਕਾਲਿਫ ਲਿਖਦਾ ਹੈ "ਗੁਰੂ ਜੀ ਨੇ ਬਹੁਤ

ਮਿਹਨਤ ਨਾਲ ਸੰਗ੍ਰਿਹ ਕੀਤੇ ਜਾ ਰਹੇ ਬੇਸ਼ਕੀਮਤੀ ਗ੍ਰੰਥ ਦੇ ਦਰਸ਼ਨਾਂ ਲਈ ਸਾਰੇ ਸਿੱਖਾਂ ਨੂੰ ਸੱਦਾ ਦਿਤਾ। ...... ਕੰਮ ਦੀ ਸਮਾਪਤੀ ਉਪਰੰਤ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਆਖਿਆ ਕਿ ਗੁਰੂ ਗ੍ਰੰਥ ਸਾਹਿਬ ਗੁਰੂਆਂ ਦਾ ਸਾਕਾਰ ਰੂਪ ਹੈ ਇਸ ਲਈ ਇਸਦਾ ਬੇਹੱਦ ਸਤਿਕਾਰ ਕਰਨਾ ਹੈ। ਫਿਰ ਉਹਨਾਂ ਵਿਚਾਰ ਕੀਤਾ ਕਿ ਇਸ ਪਵਿਤਰ ਗ੍ਰੰਥ ਨੂੰ ਕਿਸ ਨੂੰ ਸੌਂਪਿਆ ਜਾਵੇ। ਜੇਕਰ ਇਹ ਬੇਦੀਆਂ, ਤਰੇਹਨਾਂ, ਭੱਲਿਆਂ ਜਾਂ ਸੋਢੀਆਂ ਨੂੰ ਸੌਂਪ ਦਿਤਾ ਤਾਂ ਉਹ ਬਹੁਤ ਅਭਿਮਾਨੀ ਬਣ ਜਾਣਗੇ ਅਤੇ ਆਪਣੇ ਆਪ ਨੂੰ ਬਾਕੀਆਂ ਤੋਂ ਉਤਮ ਸਮਝਣ ਲਗ ਜਾਣਗੇ। ਜਾਂ ਫਿਰ ਅਜਿਹਾ ਵੀ ਹੋ ਸਕਦਾ ਹੈ ਕਿ ਆਪਸੀ ਸਾੜੇ ਅਤੇ ਝਗੜਿਆਂ ਕਾਰਨ ਉਹ ਇਸ ਦਾ ਨਿਰਾਦਰ ਕਰਨ।" ਕੇਸਰ ਸਿੰਘ ਛਿੱਬਰ ਨੇ ਵੀ ਆਪਣੇ ਬੰਸਾਵਾਲੀ ਨਾਮਾ ਦਸਾਂ ਗੁਰੂਆਂ ਦਾ 'ਚ ਲਿਖਿਆ ਹੈ ਕਿ ਖਖੇ ਦਾ ਖਖਾ ਵੈਰੀ (ਖੱਤਰੀ ਦਾ ਖੱਤਰੀ ਵੈਰੀ)।

ਹੁਣ ਬੰਦਾ ਬਹਾਦਰ ਨਾਲ ਗਦਾਰੀ ਵਾਲੀ ਕਹਾਣੀ ਵੱਲ ਵਾਪਸ ਆਈਏ। ਬਾਦਸ਼ਾਹ ਫਰੁਖਸੀਅਰ ਦੇ ਖੁਸ਼ ਹੋਣ ਦਾ ਇਕ ਵੱਡਾ ਕਾਰਨ ਇਹ ਵੀ ਸੀ ਕਿ ਬਾਬਾ ਬਿਨੋਦ ਸਿੰਘ ਅਤੇ ਉਸ ਦੇ ਪੁਤਰ ਕਾਹਨ ਸਿੰਘ ਨੇ ਸਿੱਖਾਂ ਵਿਚ ਪਾੜਾ ਪਾਉਣ ਦੀ ਜਿੰਮੇਵਾਰੀ ਖੁਸ਼ੀ ਖੁਸ਼ੀ ਸਵੀਕਾਰ ਕਰ ਲਈ ਸੀ ਤੇ ਇਸ ਤਰਾਂ ਉਹਨਾਂ ਬੰਦਾ ਬਹਾਦਰ ਦੀ ਪਿਠ ਵਿਚ ਛੁਰਾ ਮਾਰਨਾ ਆਪਣੇ ਉਤੇ ਲੈ ਲਿਆ ਸੀ। ਇਹ ਵੀ ਨਿਸ਼ਚਿਤ ਹੋ ਗਿਆ ਸੀ ਕਿ ਸਾਜਸ਼ ਨੂੰ ਅੰਜਾਮ ਇਤਨੇ ਗੁਪਤ ਅਤੇ ਗੁਝੇ ਢੰਗ ਨਾਲ ਦੇਣਾ ਸੀ ਕਿ ਬੰਦੇ ਨੂੰ ਇਸਦੀ ਉਦੋਂ ਤੀਕਰ ਭਿਣਕ ਨਾ ਪਵੇ ਜਦੋਂ ਤੱਕ ਕਿ ਸਭ ਕੁਝ ਉਸਦੇ ਹੱਥੋਂ ਨਿੱਕਲ ਨਾ ਜਾਵੇ। ਸੌਦੇਬਾਜੀ ਦੋਵੇਂ ਧਿਰਾਂ ਦੀ ਤਸੱਲੀ ਅਨੁਸਾਰ ਹੋਈ ਅਤੇ ਵਿਚੋਲੇ ਅਜੀਤ ਸਿੰਘ ਨੂੰ ਇਕ ਖਿੱਲਤ ਮਿਲੀ ਅਤੇ ਇਹ ਭਰੋਸਾ ਵੀ ਕਿ ਉਸਨੂੰ ਗਿਆਰਵੇਂ ਗੁਰੂ ਵੱਜੋਂ ਮਾਨਤਾ ਦਿਤੀ ਜਾਵੇਗੀ। ਬਾਬਾ ਬਿਨੋਦ ਸਿੰਘ ਅਤੇ ਉਸਦੇ ਪੁਤਰ ਕਾਹਨ ਸਿੰਘ ਨੂੰ ਖੁੱਲ ਦਿਤੀ ਗਈ ਸੀ ਕਿ ਉਹਨਾਂ ਦੇ ਇਸ ਛਲ ਕਪਟ ਤੇ ਫਰੇਬ ਵਿਚ ਪੂਰੀ ਪੂਰੀ ਮਦਦ ਕੀਤੀ ਜਾਵੇਗੀ। ਪਰ ਸ਼ਰਤ ਇਹ ਲਗਾਈ ਗਈ ਸੀ ਕਿ ਸੁਹਿਰਦਤਾ ਦਾ ਭਰੋਸਾ ਦੇਣ ਲਈ ਬਾਬਾ ਕਾਹਨ ਸਿਘ ਜਾਂ ਉਸਦੇ ਪੁਤਰ ਮੀਰੀ ਸਿਘ ਨੂੰ ਸਿੱਖਾਂ ਦੇ ਇਕ ਵੱਡੇ ਜੱਥੇ ਸਮੇਤ ਲਹੌਰ ਦੇ ਗਵਰਨਰ ਦੀ ਮੁਲਾਜਮਤ ਕਰਨੀ ਪਵੇਗੀ। ਬਾਬਾ ਬਿਨੋਦ ਸਿੰਘ ਆਪਣੇ ਪੁਤਰ ਕਾਹਨ ਸਿੰਘ ਨੂੰ ਜਿਹੜਾ ਕਿ ਉਸਦਾ ਸਭ ਤੋਂ ਭਰੋਸੇਮੰਦ ਵਿਅਕਤੀ ਸੀ ਇਸ ਕੰਮ ਲਈ ਫਾਰਗ ਨਹੀਂ ਕਰ ਸਕਦਾ ਸੀ ਕਿਉਂਜੋ ਉਸ ਦੀ ਗੈਰ ਮੌਜੂਦਗੀ ਸ਼ੰਕਾ ਪੈਦਾ ਕਰ ਸਕਦੀ ਸੀ। ਸੋ ਫੈਸਲਾ ਇਹ ਕੀਤਾ ਗਿਆ ਕਿ ਮੀਰੀ ਸਿੰਘ 5,000 ਸਿੰਘਾਂ ਦੇ ਜੱਥੇ ਸਮੇਤ ਲਹੌਰ ਦੇ ਗਵਰਨਰ ਕੋਲ ਜਾਵੇਗਾ ਅਤੇ ਆਪਣੇ ਨਾਲ ਭਾਈ ਭਗਤੂ ਦੇ ਪੜਪੋਤਰੇ ਫਤਿਹ ਸਿੰਘ ਨੂੰ ਅਤੇ ਸ਼ਾਮ ਸਿੰਘ ਨੈਰੰਗਵਾਲੀਏ ਨੂੰ ਵੀ ਲੈ ਜਾਵੇਗਾ। ਡਾ. ਐਚ. ਆਰ. ਗੁਪਤਾ ਲਿਖਦਾ ਹੈ "ਹਰ ਘੋੜ ਸਵਾਰ ਨੂੰ 30 ਰੁਪਏ ਮਹੀਨਾ, ਪੈਦਲ ਨੂੰ 15 ਰੁਪਏ ਮਹੀਨਾ ਅਤੇ ਸਰਦਾਰ ਨੂੰ ਪੰਜ ਰੁਪਏ ਰੋਜ਼ਾਨਾ ਮਿਲਦੇ ਸਨ।" ਮਾਤਾ ਸੁੰਦਰੀ ਦੇ ਮੁਤਬੰਨੇ ਪੁਤਰ ਅਜੀਤ ਸਿੰਘ ਨੂੰ ਅੰਮ੍ਰਿਤਸਰ ਸਥਿਤ ਸ਼੍ਰੀ ਹਰਿਮੰਦਰ ਸਾਹਿਬ ਅਤੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਕੰਮ ਕਾਜ ਦੀ ਨਿਗਰਾਨੀ ਕਰਨ ਅਤੇ ਚੜਾਵਾ ਖੁਦ ਰੱਖ ਲੈਣ ਦਾ ਅਧਿਕਾਰ ਦੇ ਦਿਤਾ ਗਿਆ ਸੀ। ਪਰ ਬਾਦਸ਼ਾਹ ਦੇ ਬੰਦਿਆਂ ਵੱਲੋਂ ਉਸਦੀ ਹਰ ਨਕਲੋ ਹਰਕਤ ਉਪਰ ਨਿਗਰਾਨੀ ਰੱਖੀ ਜਾਂਦੀ ਸੀ। ਡਾ. ਸੁਖਦਿਆਲ ਸਿੰਘ ਲਿਖਦਾ ਹੈ "ਅਸਲ ਵਿਚ ਬਾਵਾ ਬਿਨੋਦ ਸਿੰਘ ਅਤੇ ਬਾਬਾ ਕਾਨ੍ਹ ਸਿੰਘ ਮੁਗਲ ਹਕੂਮਤ ਵਲੋਂ ਖਰੀਦੇ ਗਏ ਸਨ

ਅਤੇ ਇਹ ਬੰਦਾ ਸਿੰਘ ਬਹਾਦਰ ਦਾ ਸਾਥ ਛੱਡ ਕੇ ਆਪਣਾ ਵੱਖਰਾ ਧੜਾ ਬਣਾ ਬੈਠੇ ਸਨ। ਇਨ੍ਹਾਂ ਵੱਲੋਂ ਵੱਖਰੇ ਧੜੇ ਦਾ ਨਾਂ ਤੱਤ ਖਾਲਸਾ ਰੱਖਿਆ ਗਿਆ ਸੀ। ਤੱਤ ਖਾਲਸਾ ਦਾ ਭਾਵ ਤਾਂ ਅਸਲੀ ਖਾਲਸੇ ਤੋਂ ਹੈ ਪਰ ਇਹ ਤੱਤ ਖਾਲਸਾ ਬੰਦਾ ਸਿੰਘ ਬਹਾਦਰ ਦੇ ਖਿਲਾਫ ਮੁਗਲ ਹਕੂਮਤ ਦੀ ਮੱਦਦ ਕਰਦਾ ਸੀ।"

ਖਾਲਸਾ ਪੰਥ ਵਿਚ ਦਰਾੜ ਪਾਉਣ ਬਾਰੇ ਜਿਸ ਛੜਯੰਤਰ ਦਾ ਮੈਕਾਲਿਫ ਜਿਕਰ ਕਰਦਾ ਹੈ ਉਹ ਉਕਾ ਭਰੋਸੇਯੋਗ ਨਹੀਂ। ਬੰਦੇ ਦੇ ਮਰਨ ਤੋਂ ਬਹੁਤ ਬਾਅਦ ਉਸਨੂੰ ਬਦਨਾਮ ਕਰਨ ਲਈ ਘੜੀ ਕਹਾਣੀ ਨੂੰ ਉਸਨੇ ਆਪਣੀ ਲਿਖਤ ਦਾ ਅਧਾਰ ਬਣਾਇਆ ਜਾਪਦਾ ਹੈ। ਉਹ ਲਿਖਦਾ ਹੈ "ਉਸ ਤੋਂ ਬਾਅਦ ਬੰਦੇ ਨੇ ਅੰਮ੍ਰਿਤਸਰ ਦੇ ਮਹਾਨ ਮੰਦਰ ਦੀ ਯਾਤਰਾ ਕੀਤੀ। ਉਸ ਨੇ ਦੱਸਿਆ ਕਿ ਗੁਰੂ ਨੇ ਉਸਨੂੰ ਆਗਿਆ ਕੀਤੀ ਸੀ ਕਿ ਉਹ ਗੁਰੂ ਦੇ ਉਤਰਅਧਿਕਾਰੀ ਵੱਜੋਂ ਗੁਰਗੱਦੀ ਸਾਂਭ ਲਵੇ। ਸਿੱਖਾਂ ਨੇ ਵਿਚਾਰ ਕੀਤੀ ਕਿ ਉਹ ਤਾਂ ਖਾਲਸੇ ਦੀ ਰਹਿਤ ਅਨੁਸਾਰ ਆਪਣਾ ਜੀਵਨ ਬਸਰ ਨਹੀਂ ਕਰ ਰਿਹਾ। ਉਸਦਾ ਇਮਤਿਹਾਨ ਲੈਣ ਲਈ ਉਹਨਾਂ ਮੀਟ ਉਸਦੇ ਸਾਹਮਣੇ ਰੱਖਿਆ ਜਿਸ ਨੂੰ ਵੇਖ ਕੇ ਉਹ, ਆਪਣੀ ਪੂਰਵ ਧਾਰਨਾ ਕਾਰਨ, ਜੀ ਭਿਆਣਾ ਹੋ ਗਿਆ। ਜਿਹੜੇ ਸਿੱਖਾਂ ਨੇ ਅਜਿਹਾ ਕਰਕੇ ਉਸਦਾ ਇਮਤਿਹਾਨ ਲਿਆ ਸੀ ਉਹਨਾਂ ਨਾਲ ਉਹ ਨਰਾਜ ਹੋ ਗਿਆ। ਦੂਸਰੇ ਬੰਨੇ ਸਿੱਖ ਬਹੁਤ ਗੁੱਸੇ ਵਿਚ ਆ ਗਏ ਕਿਉਂਜੋ ਉਸਨੇ ਮੀਟ ਨਹੀਂ ਖਾਧਾ ਸੀ, ਜਿਸ ਦੇ ਖਾਣ ਦੀ ਇਜਾਜ਼ਤ ਉਹਨਾਂ ਦਾ ਧਰਮ ਦਿੰਦਾ ਹੈ, ਅਤੇ ਉਸ ਨੇ (ਬੰਦੇ ਨੇ) ਹੋਰ ਵੀ ਬਹੁਤ ਸਾਰੀਆਂ ਕੁਰਿਹਤਾਂ ਕੀਤੀਆਂ ਸਨ। ਨਤੀਜੇ ਵੱਜੋਂ ਸਿੱਖ ਦੋ ਧੜਿਆਂ ਵਿਚ ਵੰਡੇ ਗਏ ਜਿਹੜਿਆਂ ਨੇ ਬੰਦੇ ਨੂੰ ਨਕਾਰ ਦਿਤਾ ਉਹ ਤੱਤ ਖਾਲਸਾ ਭਾਵ ਅਸਲੀ ਸਿੱਖ ਅਖਵਾਏ ਅਤੇ ਜਿਹਨਾਂ ਨੇ ਬੰਦੇ ਨੂੰ ਸਵੀਕਾਰ ਕੀਤਾ ਉਹ ਬੰਦਈ ਖਾਲਸਾ ਭਾਵ ਬੰਦੇ ਦੇ ਸ਼ਰਧਾਲੂ ਅਖਵਾਏ।" ਬਹੁਤ ਹੈਰਾਨੀ ਹੁੰਦੀ ਹੈ ਕਿ ਮੈਕਾਲਿਫ ਨੇ ਕਿਵੇਂ ਤੱਤ ਖਾਲਸਾ ਦੇ ਹਮਾਇਤੀਆਂ ਦੀ ਇਸ ਮਨ ਘੜਤ ਕਹਾਣੀ ਨੂੰ ਸਚ ਮੰਨ ਲਿਆ ਅਤੇ ਉਹਨਾਂ ਦੇ ਵਿਰੁਧ ਮਿਲਦੇ ਜਬਰਦਸਤ ਸਬੂਤਾਂ ਨੂੰ ਅੱਖੋਂ ਪਰੋਖੇ ਕਰ ਦਿਤਾ। ਜੇਕਰ ਮੈਕਾਲਿਫ ਵਾਲੀ ਕਹਾਣੀ ਨੂੰ ਸੱਚ ਮੰਨ ਲਈਏ ਤਾਂ ਇਸ ਨਾਲ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ। ਜੇਕਰ ਬੰਦਾ ਉਸ ਸਾਹਮਣੇ ਪਰੋਸਿਆ ਮੀਟ ਖਾ ਲੈਂਦਾ ਤਾਂ ਕੀ ਸਿੱਖਾਂ ਨੂੰ ਉਸਨੂੰ ਆਪਣਾ ਗੁਰੂ ਮੰਨਣ ਵਿਚ ਕੋਈ ਉਜਰ ਨਹੀਂ ਸੀ ? ਕੀ ਉਸ ਸਮੇਂ ਤੀਕਰ ਦੇਹ ਧਾਰੀ ਗੁਰੂ ਦੀ ਸੰਸਥਾ ਜੀਵਤ ਸੀ ?

ਬਾਬਾ ਬਿਨੋਦ ਸਿੰਘ ਦਾ ਉਸਦੇ ਸਿੱਖ ਧਰਮ ਦੇ ਗਿਆਨ ਅਤੇ ਅਖੌਤੀ ਗੁਰੂ ਖਾਨਦਾਨ ਕਾਰਨ ਸਿੱਖਾਂ ਵਿਚ ਬਹੁਤ ਸਤਿਕਾਰ ਸੀ ਭਾਵੇਂ ਉਸਦਾ ਅਸਲੀ ਕਿਰਦਾਰ ਤੇ ਨੈਤਿਕ ਕਦਰਾਂ ਕੀਮਤਾਂ ਜੋ ਵੀ ਸਨ। ਉਹ ਆਪਣੇ ਆਪ ਨੂੰ ਸਿੱਖਾਂ ਦੇ ਦੂਸਰੇ ਗੁਰੂ, ਗੁਰੂ ਅੰਗਦ ਦੇਵ ਜੀ ਦੀ ਕੁਲ ਵਿਚੋਂ ਦਸਦਾ ਸੀ ਜਿਹੜੇ ਕਿ ਤਰੇਹਨ ਗੋਤ ਦੇ ਖੱਤਰੀ ਸਨ। ਕਿਉਂਜੋ ਅਸੀ ਹਿੰਦੋਸਤਾਨੀ ਵਹਿਮਾਂ ਭਰਮਾਂ ਵਿਚ ਗ੍ਰੱਸੇ ਹੋਏ ਹਾਂ ਅਤੇ ਦੇਵਤਿਆਂ ਦੀ ਪੂਜਾ ਕਰਨ ਵਾਲੇ ਹਾਂ ਸੋ ਬਾਬੇ ਦੇ ਮੁਖ ਤੋਂ ਨਿਕਲਿਆ ਹਰ ਸ਼ਬਦ ਲਾਈਲਗ ਲੋਕਾਈ ਲਈ ਸੱਚਾ ਅਤੇ ਵਿਸ਼ਵਾਸ ਕਰਨ ਯੋਗ ਸੀ। ਬਾਬੇ ਨੂੰ ਆਪਣੀ ਇਸ ਪੈਹਠ ਦਾ ਪਤਾ ਸੀ। ਸੋ ਉਸਨੇ ਬੰਦੇ ਨੂੰ ਬਦਨਾਮ ਕਰਕੇ ਉਸ ਪ੍ਰਤੀ ਸਿੱਖਾਂ ਦੇ ਮਨਾਂ ਵਿਚ ਨਫਰਤ ਪੈਦਾ ਕਰਨ ਦਾ ਇਕ ਮਨਸੂਬਾ ਘੜਿਆ ਤਾਂ ਜੋ ਬੰਦੇ ਦੀ ਲੀਡਰਸ਼ਿਪ ਵਿਚੋਂ ਸਿੱਖਾਂ ਦਾ ਵਿਸ਼ਵਾਸ ਖਤਮ ਕੀਤਾ ਜਾ ਸਕੇ ਕਿਉਂਜੋ ਜੇਕਰ ਇਸ

ਤਰਾਂ ਉਸਦੇ ਪਰ ਕੁਤਰ ਦਿਤੇ ਜਾਣ ਤਾਂ ਫਿਰ ਉਸਨੂੰ ਖਤਮ ਕਰਨਾ ਸੌਖਾ ਹੋਵੇਗਾ। ਇਸ ਲਈ ਉਸਨੇ ਬੰਦੇ ਵਿਰੁੱਧ ਝੂਠੇ ਅਤੇ ਮਨ ਘੜੰਤ ਦੂਸ਼ਣਾਂ ਦਾ ਗੁਝੀ ਚਲਾਕੀ ਨਾਲ ਸਿੱਖ ਸੈਨਿਕਾਂ ਵਿਚ ਪ੍ਰਚਾਰ ਕੀਤਾ। ਇਹਨਾਂ ਵਿਚੋ ਕੁਝ ਇੰਝ ਸਨ।

1. ਗੁਰੂ ਸਾਹਿਬ ਨੇ ਆਪਣੀ ਰੂਹਾਨੀ ਸ਼ਕਤੀ ਬੰਦੇ ਨੂੰ ਬਖਸ਼ਣ ਵੇਲੇ ਸ਼ਰਤ ਲਾਈ ਸੀ ਕਿ ਬੰਦਾ ਬ੍ਰਹਮਚਾਰੀ ਰਹੇਗਾ। ਪਰ ਬੰਦੇ ਨੇ ਦੋ ਵਿਆਹ ਕਰਵਾ ਲਏ। ਗੁਰੂ ਸਾਹਿਬ ਨੇ ਇਹ ਵੀ ਆਖਿਆ ਸੀ ਕਿ ਜਦੋਂ ਤੱਕ ਜਤ-ਸਤ ਵਿਚ ਰਹੇਗਾ ਤੇਰਾ ਇਕਬਾਲ ਬੁਲੰਦ ਰਹੇਗਾ। ਜੋ ਜਤ-ਸਤ ਵਿਚ ਹੈ ਉਹ ਯੁੱਧ ਤੋਂ ਪਾਸਾ ਨਹੀਂ ਵੱਟਦਾ ਤੇ ਉਸਦਾ ਦੁਸ਼ਮਣ ਉਸ ਦਾ ਮੁਕਾਬਲਾ ਨਹੀਂ ਕਰ ਸਕਦਾ। ਜਤੀ-ਸਤੀ ਮਨੁੱਖ ਹਰ ਪਾਸੇ ਕਾਮਯਾਬ ਰਹੇਗਾ। ਜੇਕਰ ਤੂੰ ਖਾਲਸੇ ਦੇ ਅਸੂਲਾਂ ਦੀ ਪਾਲਣਾ ਨਹੀਂ ਕਰੇਂਗਾ ਅਤੇ ਔਰਤ ਦਾ ਸੰਗ ਕਰੇਂਗਾ ਤਾਂ ਤੇਰੀ ਦਲੇਰੀ ਖਤਮ ਹੋ ਜਾਵੇਗੀ।

2. ਬੰਦੇ ਨੇ ਆਪਣੇ ਆਪ ਨੂੰ ਸਵਰਗਵਾਸੀ ਗੁਰੂ ਦਾ ਜਾਨਸ਼ੀਨ ਐਲਾਨ ਦਿਤਾ, ਸ਼ਾਹੀ ਪਹਿਰਾਵਾ ਪਹਿਨ ਲਿਆ ਅਤੇ ਖਾਲਸੇ ਦੀ ਖੰਡੇ ਦੀ ਪਾਹੁਲ ਦੀ ਜਗ੍ਹਾ ਪਹਿਲਾਂ ਵਾਲੀ 'ਚਰਨ-ਪਾਹੁਲ' ਸ਼ੁਰੂ ਕਰ ਦਿਤੀ।

3. ਬੰਦੇ ਨੇ ਆਪਣੀ ਵੱਖਰੀ ਸੰਪਰਦਾ ਸ਼ੁਰੂ ਕਰ ਲਈ ਅਤੇ 'ਵਾਹਿਗੁਰੂ ਜੀ ਕਾ ਖਾਲਸਾ,ਵਾਹਿਗੁਰੂ ਜੀ ਕੀ ਫਤਿਹ' ਦੀ ਜਗ੍ਹਾ 'ਫਤਿਹ ਦਰਸ਼ਨ' ਦਾ ਜੈਕਾਰਾ ਸ਼ੁਰੂ ਕਰ ਦਿਤਾ।

4. ਬੰਦੇ ਨੇ ਖਾਲਸੇ ਦਾ ਨੀਲੇ ਰੰਗ ਵਾਲਾ ਲਿਬਾਸ ਛੱਡ ਲਾਲ ਰੰਗ ਦਾ ਲਿਬਾਸ ਧਾਰਨ ਕਰ ਲਿਆ ਅਤੇ ਖਾਲਸੇ ਦਾ ਮਾਸਾਹਾਰੀ ਭੋਜਨ ਤਿਆਗ ਰਿਵਾਇਤੀ ਹਿੰਦੂਆਂ ਵਾਲਾ ਸ਼ਾਕਾਹਾਰੀ ਭੋਜਨ ਲਾਗੂ ਕਰ ਦਿੱਤਾ।

5. ਬੰਦਾ ਹੰਕਾਰ ਵਿਚ ਆ ਕੇ ਆਖਦਾ ਹੈ ਕਿ ਸਿੱਖਾਂ ਨੂੰ ਰਾਜ-ਭਾਗ ਉਸਨੇ ਲੈ ਕੇ ਦਿਤਾ ਨਹੀਂ ਉਹ ਤਾਂ ਭਾੜੇ ਦੇ ਸੈਨਿਕਾਂ ਵਰਗੇ ਹੀ ਸਨ।

6. ਬੰਦਾ ਅੰਮ੍ਰਿਤਧਾਰੀ ਸਿੰਘ ਨਹੀਂ ਹੈ। ਉਹ ਤਾਂ ਇਕ ਹਿੰਦੂ ਬੈਰਾਗੀ ਹੈ।

ਬਾਬਾ ਬਿਨੋਦ ਸਿਘ ਇਕ ਬਹੁਤ ਸ਼ਾਤਰ ਵਿਅਕਤੀ ਸੀ। ਉਸਨੂੰ ਪਤਾ ਸੀ ਕਿ ਉਸ ਦੁਆਰਾ ਸ਼ੁਰੂ ਕੀਤਾ ਇਹ ਕਾਨਾਫੂਸੀ ਦਾ ਅਭਿਆਨ ਆਪਣੇ ਆਪ ਵਿਚ ਬੰਦੇ ਦਾ ਮਿਥਿਆ ਨੁਕਸਾਨ ਕਰਨ ਦੇ ਸਮਰੱਥ ਨਹੀਂ ਹੈ। ਇਸ ਦਾ ਸੀਮਿਤ ਉਦੇਸ਼ ਤਾਂ ਕੇਵਲ ਬੰਦੇ ਦੇ ਚਰਿਤਰ ਅਤੇ ਸਾਖ ਪ੍ਰਤੀ ਸ਼ੰਕੇ ਪੈਦਾ ਕਰਨਾ ਸੀ ਤਾਂ ਜੋ ਜਦੋਂ ਉਸ ਵਿਰੁਧ ਕੋਈ ਪ੍ਰਤੱਖ ਕਾਰਵਾਈ ਕੀਤੀ ਜਾਵੇ ਤਾਂ ਸਿੱਖ ਸਮੂਹਿਕ ਰੂਪ ਵਿਚ ਉਸ ਦੀ ਹਿਮਾਇਤ ਵਿਚ ਉਠ ਨਾ ਖੜੋਨ। ਬਾਬੇ ਨੇ ਹਾਲੇ ਇਕ ਹੋਰ ਗੁੱਝਾ ਹਥਿਆਰ ਵੀ ਬੰਦੇ ਤੇ ਚੋਟ ਕਰਨ ਲਈ ਸਾਂਭਿਆ ਹੋਇਆ ਸੀ। ਇਹ ਸੀ ਮਾਤਾ ਸੁੰਦਰੀ ਨੂੰ ਮਜਬੂਰ ਕਰਕੇ ਬੰਦੇ ਨੂੰ ਸਿੱਖ ਪੰਥ ਵਿਚੋਂ ਛੇਕਣ ਦਾ ਹੁਕਮਨਾਮਾ ਜਾਰੀ ਕਰਵਾਉਣਾ। ਇਕ ਵਾਰੀ ਹੁਕਮਨਾਮਾ ਜਾਰੀ ਹੋ ਗਿਆ ਫਿਰ ਬੰਦੇ ਨੂੰ ਕਮਜ਼ੋਰ ਕਰਨ ਦੇ ਮਨਸੂਬੇ ਦੀ ਪੂਰਤੀ ਲਈ ਇਸ ਦਾ ਰੱਜ ਕੇ ਦੁਰਉਪਯੋਗ ਕੀਤਾ ਜਾ ਸਕਦਾ ਸੀ।

ਮੁਗਲ ਬਾਦਸ਼ਾਹ ਦੀ ਇਜਾਜ਼ਤ ਅਤੇ ਅਸ਼ੀਰਵਾਦ ਨਾਲ ਬਾਬੇ ਨੇ ਮਾਤਾ ਸੁੰਦਰੀ ਤਕ ਪਹੁੰਚ ਕੀਤੀ ਅਤੇ ਮੱਕਰਾ ਬਣ ਆਖਣ ਲਗਾ ਕਿ ਬਾਦਸ਼ਾਹ ਨੇ ਉਸਨੂੰ ਇਹ ਬੇਨਤੀ

ਕਰਨ ਭੇਜਿਆ ਹੈ ਕਿ ਤੁਸੀ ਬਾਦਸ਼ਾਹ ਦੀ ਤਰਫੋਂ ਬੰਦੇ ਨਾਲ ਗੱਲਬਾਤ ਵਿਚ ਵਿਚੋਲਗਿਰੀ ਕਰੋ। ਉਸ ਦਲੀਲ ਦਿਤੀ ਕਿ ਕਿਉਂਜੋ ਮੁਗਲ ਬਾਦਸ਼ਾਹ ਇਮਾਨਦਾਰ ਅਤੇ ਸੁਹਿਰਦ ਹੈ ਸੋ ਮੁਗਲਾਂ ਨਾਲ ਸਮਝੌਤਾ ਕਰਨ ਦਾ ਉਚਿਤ ਸਮਾਂ ਹੈ। ਉਸ ਅੱਗੇ ਆਖਿਆ ਕਿ ਬਾਦਸ਼ਾਹ ਬੰਦੇ ਦੇ ਗੁਨਾਹ ਮਾਫ ਕਰਕੇ ਉਸਨੂੰ ਇਕ ਸਨਮਾਨ ਯੋਗ ਜਗੀਰ ਬਖਸ਼ਣ ਦੇ ਨਾਲ ਨਾਲ ਗੁਰੂ ਘਰ ਅਤੇ ਪਹਾੜੀ ਰਾਜਿਆਂ ਵਿਚਕਾਰ ਸੁਲਹ ਸਫਾਈ ਲਈ ਵੀ ਸਹਿਮਤ ਹੋ ਗਿਆ ਹੈ। ਅਜੀਤ ਸਿੰਘ ਵੀ ਇਸ ਗੱਲਬਾਤ ਵਿਚ ਸ਼ਾਮਲ ਹੋ ਗਿਆ ਸੀ ਤੇ ਉਸ ਆਖਿਆ ਕਿ ਸ਼ਾਂਤੀ ਸਥਾਪਤ ਹੋਣ ਉਪਰੰਤ ਅਨੰਦਪੁਰ ਸਾਹਿਬ ਦੀ ਉਹ ਜਾਇਦਾਦ ਵਾਪਸ ਲੈਣ ਲਈ ਬਾਦਸ਼ਾਹ ਨੂੰ ਮੱਦਦ ਕਰਨ ਲਈ ਸਹਿਮਤ ਕੀਤਾ ਜਾ ਸਕਦਾ ਹੈ ਜਿਸ ਉਪਰ ਕਿ ਗੁਲਾਬ ਰਾਏ ਨੇ ਕਹਿਲੂਰ ਦੇ ਰਾਜੇ ਨੂੰ 60,000 ਰੁਪਏ ਦੀ ਅਦਾਇਗੀ ਕਰਕੇ ਜਬਰੀ ਕਬਜ਼ਾ ਕਰ ਰੱਖਿਆ ਹੈ। ਇਹ ਇਕ ਬਹੁਤ ਲੁਭਾਉ ਪੇਸ਼ਕਸ਼ ਸੀ। ਮਾਤਾ ਸੁੰਦਰੀ ਅਜਿਹਾ ਕਦਮ ਚੁੱਕਣ ਤੋਂ ਹਿਚਕਚਾਉਂਦੀ ਸੀ। ਪਰ ਬਾਬੇ ਨੇ ਜੋ ਕਿ ਆਪਣੀ ਚੁਸਤ ਅਤੇ ਮਿਠੀ ਬਾਣੀ ਲਈ ਮਸ਼ਹੂਰ ਸੀ, ਬੜੇ ਪ੍ਰਭਾਵਸ਼ਾਲੀ ਢੰਗ ਨਾਲ ਦਲੀਲ ਦਿਤੀ ਕਿ ਇਸ ਸਮੇਂ ਜਦੋਂ ਕਿ ਹਾਲਾਤ ਸਿੱਖਾਂ ਦੇ ਵਿਰੁੱਧ ਨੇ ਸਿੱਖ ਇਸ ਤੋਂ ਜਿਆਦਾ ਲਾਹੇਵੰਦ ਸਮਝੌਤੇ ਦੀ ਉਮੀਦ ਨਹੀਂ ਕਰ ਸਕਦੇ। ਜਦੋਂ ਉਸ ਦੀਆਂ ਇਹਨਾਂ ਦਲੀਲਾਂ ਨਾਲ ਵੀ ਮਾਤਾ ਉਸ ਦੀ ਤਜਵੀਜ ਨਾਲ ਸਹਿਮਤ ਨਾ ਹੋਈ ਤਾਂ ਉਸਨੇ ਮਾਤਾ ਨੂੰ ਸਹਿਮਤ ਕਰਾਉਣ ਲਈ ਸਪਸ਼ਟ ਸਬਦਾਂ ਵਿਚ ਆਖ ਦਿਤਾ ਕਿ ਬਾਦਸ਼ਾਹ ਦੀ ਇਸ ਨੇਕ ਦਿਲ ਕ੍ਰਿਪਾਲੂ ਤਜਵੀਜ਼ ਨੂੰ ਰੱਦ ਕਰਨ ਨਾਲ ਬਾਦਸ਼ਾਹ ਕ੍ਰੋਧਿਤ ਹੋ ਜਾਵੇਗਾ ਅਤੇ ਇਸ ਦਾ ਨਤੀਜਾ ਉਸ ਲਈ ਅਤੇ ਉਸਦੇ ਮੁਤਬੰਨੇ ਪੁਤਰ ਲਈ ਤਬਾਹਕੁਨ ਹੋਵੇਗਾ। ਉਸਦੀ ਇਹ ਧਮਕੀ ਕਾਮਯਾਬ ਰਹੀ ਅਤੇ ਮਾਤਾ ਨੇ ਇਸ ਤਜਵੀਜ਼ ਪ੍ਰਤੀ ਆਪਣਾ ਵਿਰੋਧ ਛੱਡ ਦਿੱਤਾ। ਪਰ ਕਿਉਂਜੋ ਮਾਤਾ ਸੁੰਦਰੀ ਨੂੰ ਸਹਿਮਤ ਕਰਨ ਦੇ ਚੱਕਰ ਵਿਚ ਬਾਬਾ ਕੁਝ ਜਿਆਦਾ ਹੀ ਅੱਗੇ ਵਧ ਗਿਆ ਸੀ ਸੋ ਉਸਨੇ ਆਪਣੀ ਮਕਾਰੀ ਕਾਇਮ ਰਖਦਿਆਂ ਤਜਵੀਜ਼ ਦਿਤੀ ਕਿ ਬੰਦੇ ਨੂੰ ਹਾਲ ਦੀ ਘੜੀ ਪੰਥ ਵਿਚੋਂ ਸਿੱਧਾ ਹੀ ਛੇਕਿਆ ਤਾਂ ਨਾ ਜਾਵੇ ਪਰ ਉਸਨੂੰ ਸਲਾਹ ਦਿਤੀ ਜਾਵੇ ਕਿ ਉਹ ਸੰਘਰਸ਼ ਦਾ ਰਾਹ ਤਿਆਗ ਕੇ ਬਾਦਸ਼ਾਹ ਨਾਲ ਸੁਲਹ ਸਫਾਈ ਦਾ ਰਸਤਾ ਅਖਤਿਆਰ ਕਰੇ। ਬਾਬੇ ਨੇ ਹੁਕਮ ਨਾਮਾ ਲਿਖਿਆ ਅਤੇ ਮਾਤਾ ਨੇ, ਜਿਥੇ ਬਾਬੇ ਨੇ ਆਖਿਆ, ਦਸਤਖਤ ਕਰ ਦਿਤੇ। ਪਰ ਇੰਝ ਜਾਪਦਾ ਹੈ ਕਿ ਉਕਤ ਹੁਕਮਨਾਮੇ ਦਾ ਸਹਾਰਾ ਲੈ ਕੇ ਕਿਸੇ ਵੀ ਮੱਕਾਰ ਸ਼ਖਸ਼ ਵਾਂਗ ਬਾਬਾ ਬਿਨੋਦ ਸਿੰਘ ਨੇ ਇਹ ਅਫਵਾਹ ਫੈਲਾ ਦਿਤੀ ਕਿ ਬੰਦਾ ਬਹਾਦੁਰ ਨੂੰ ਪੰਥ 'ਚੋਂ ਛੇਕ ਦਿਤਾ ਗਿਆ ਹੈ।

ਰਤਨ ਸਿੰਘ ਭੰਗੂ ਲਿਖਤ ਪਰਾਚੀਨ ਪੰਥ ਪ੍ਰਕਾਸ਼ (ਪੰਨਾ 128-150) ਵਿਚ ਇਸ ਘਟਨਾ ਨੂੰ ਥੋੜ੍ਹਾ ਤ੍ਰੋੜ-ਮ੍ਰੋੜ ਕੇ ਪੇਸ਼ ਕੀਤਾ ਗਿਆ ਹੈ। ਇਸ ਅਨੁਸਾਰ ਮਾਤਾ ਸੁੰਦਰੀ ਨੂੰ ਬਾਦਸ਼ਾਹ ਫਰੁਖਸੀਅਰ ਨੇ ਆਪਣਾ ਇਹ ਸੁਨੇਹਾ ਭਾਈ ਨੰਦ ਲਾਲ ਗੋਆ ਰਾਹੀਂ ਭੇਜਿਆ ਸੀ। ਪਰ ਭਾਈ ਨੰਦ ਲਾਲ ਤਾਂ ਫਰੁਖਸੀਅਰ ਦੀ ਗੱਦੀ ਨਸ਼ੀਨੀ ਤੋਂ ਕਾਫੀ ਸਮਾਂ ਪਹਿਲਾਂ ਹੀ ਅਕਾਲ ਚਲਾਣਾ ਕਰ ਚੁੱਕਿਆ ਸੀ। ਭੰਗੂ ਨੇ ਤਾਂ ਤੱਤ ਖਾਲਸਾ ਵਾਲਿਆਂ ਦਾ ਪੱਖ ਹੀ ਪ੍ਰਚਾਰਿਆ ਹੈ।

ਬੰਦਾ ਇਸ ਪੱਕ ਰਹੀ ਖਿਚੜੀ ਤੋਂ ਅਣਜਾਣ ਜੰਮੂ ਦੀਆਂ ਪਹਾੜੀਆਂ ਵਿਚ ਆਪਣੇ ਆਦਮੀਆਂ ਨੂੰ ਇਕੱਠੇ ਅਤੇ ਸੰਗਠਤ ਕਰਨ ਵਿਚ ਮਸਰੂਫ ਸੀ। ਬੰਦੇ ਦੀਆਂ ਕਾਰਵਾਈਆਂ ਪਹਾੜੀਆਂ ਤਕ ਹੀ ਸੀਮਿਤ ਸਨ ਅਤੇ ਇਸ ਸਮੇਂ ਦੌਰਾਨ ਉਸਦੀ ਕਿਸੇ ਮੁਗਲ ਫੌਜਦਾਰ ਨਾਲ ਕੋਈ ਜਿਕਰਯੋਗ ਲੜਾਈ ਵੀ ਨਹੀਂ ਹੋਈ। ਸੋ ਇਸ ਸਮੇਂ ਦੇ ਉਸਦੇ ਰੁਝੇਵਿਆਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਡਾ. ਸੁਖਦਿਆਲ ਸਿੰਘ ਲਿਖਦਾ ਹੈ "15 ਨਵੰਬਰ 1713 ਤੋਂ ਲੈ ਕੇ ਮਾਰਚ 1715 ਤਕ ਪੰਜਾਬ ਵਿਚ ਕਿਸੇ ਵੀ ਥਾਂ ਤੇ ਮੁਗਲ ਫੌਜ ਅਤੇ ਬੰਦਾ ਸਿੰਘ ਬਹਾਦੁਰ ਦੇ ਵਿਚਕਾਰ ਕੋਈ ਗਹਿਗੱਚ ਲੜਾਈ ਨਹੀਂ ਹੋਈ। ਬੰਦਾ ਸਿੰਘ ਬਹਾਦਰ ਆਪਣੀ ਖਾਲਸਾ ਸੈਨਾ ਨਾਲ ਪੰਜਾਬ ਦੇ ਨੀਮ-ਪਹਾੜੀ ਖੇਤਰ ਵਿਚ ਵਿੱਚਰਦਾ ਰਿਹਾ ਸੀ। ਪਹਾੜੀ ਰਾਜਪੂਤ ਰਿਆਸਤਾਂ ਬੰਦਾ ਸਿੰਘ ਲਈ ਕੋਈ ਬਹੁਤ ਚੈਲਿੰਜ ਨਹੀਂ ਬਣ ਸਕਦੀਆਂ ਸਨ।" ਅਸਲ ਵਿਚ ਬੰਦਾ ਮੁਗਲ ਤਾਕਤ ਦੇ ਗੜ੍ਹ ਲਹੌਰ ਅਤੇ ਸਰਹਿੰਦ ਦੀਆਂ ਸਰਕਾਰਾਂ ਉਤੇ ਭਰਵਾਂ ਵਾਰ ਕਰਨ ਲਈ ਮੁਨਾਸਬ ਮੌਕੇ ਦੀ ਉਡੀਕ ਕਰ ਰਿਹਾ ਸੀ। ਉਹ ਆਪਣੇ ਸੀਮਿਤ ਸਾਧਨਾਂ ਬਾਰੇ ਪੂਰਨ ਰੂਪ ਵਿਚ ਸੁਚੇਤ ਸੀ ਇਸੇ ਲਈ ਉਹ ਅਜਿਹਾ ਮੌਕਾ ਭਾਲਦਾ ਸੀ ਜਦੋਂ ਉਸਦੀ ਕਾਮਯਾਬੀ ਦੀ ਸੰਭਾਵਨਾ ਜਿਆਦਾ ਹੋਵੇ ਜਿਹੀ ਕਿ ਗੁਰੀਲਿਆਂ ਦੀ ਯੁੱਧ ਨੀਤੀ ਹੁੰਦੀ ਹੈ।

ਆਓ ਏਥੇ ਜਰਾ ਰੁਕ ਕੇ ਬਾਬੇ ਦੁਆਰਾ ਆਪਣੇ ਕਾਨਾਫੂਸੀ ਅਭਿਆਨ ਰਾਹੀ ਬੰਦੇ ਤੇ ਲਾਏ ਦੋਸ਼ਾਂ ਦੀ ਪੁਣਛਾਣ ਕਰ ਲਈਏ।

ਇਹ ਸੱਚ ਹੈ ਕਿ ਬੰਦੇ ਨੇ ਦੋ ਵਿਆਹ ਕਰਵਾਏ, ਪਹਿਲਾਂ ਚੰਬੇ ਦੀ ਰਾਜਕੁਮਾਰੀ ਸ਼ੁਸ਼ੀਲ ਕੌਰ ਨਾਲ ਤੇ ਦੂਜਾ ਵਜ਼ੀਰਾਬਾਦ ਦੇ ਸ਼ਿਵ ਰਾਮ ਦੀ ਪੁਤਰੀ ਸਾਹਿਬ ਦੇਵੀ ਨਾਲ। ਪਰ ਅਜਿਹਾ ਕਰਕੇ ਉਸਨੇ ਸਿੱਖ ਧਰਮ ਦੇ ਕਿਹੜੇ ਅਸੂਲ ਦੀ ਅਵੱਗਿਆ ਕੀਤੀ ? ਸਿੱਖਾਂ ਦੇ ਸਾਰੇ ਗੁਰੂ ਗ੍ਰਹਿਸਤੀ ਸਨ ਅਤੇ ਕਈਆਂ ਨੇ ਇਕ ਤੋਂ ਵੱਧ ਵਿਆਹ ਕਰਵਾਏ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਤਿੰਨ ਵਿਆਹ ਕਰਵਾਏ। ਪਹਿਲਾ 16 ਸਾਲ ਦੀ ਉਮਰ ਵਿਚ ਅਤੇ ਦੂਸਰਾ 23 ਸਾਲ ਦੀ ਉਮਰ ਵਿਚ। ਗੁਰੂ ਹਰਗੋਬਿੰਦ ਸਾਹਿਬ ਨੇ ਤਿੰਨ ਵਿਆਹ ਕਰਵਾਏ। ਸੋ ਇਹਨਾਂ ਹਾਲਾਤਾਂ ਵਿਚ ਕਿਵੇਂ ਕੋਈ ਸਿੱਖ ਗੁਰੂ ਬ੍ਰਹਮਚਾਰੀ ਦੀ ਪ੍ਰਸੰਸਾ ਅਤੇ ਗ੍ਰਿਸਤੀ ਦੀ ਨਿੰਦਿਆ ਕਰ ਸਕਦਾ ਹੈ। ਹਿੰਦੂ ਸੰਤਾਂ ਦੇ ਉਲਟ ਗੁਰੂ ਸਾਹਿਬਾਨਾਂ ਨੇ ਕਦੇ ਵੀ ਔਰਤ ਨੂੰ ਮੰਦਾ ਨਹੀਂ ਆਖਿਆ। ਗੁਰੂ ਨਾਨਕ ਦੇਵ ਜੀ ਨੇ ਤਾਂ ਔਰਤ ਦੀ ਵੱਡਿਆਈ ਕਰਦਿਆਂ ਆਖਿਆ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵੀਆਹੁ।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।
ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ।
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ। (ਪੰਨਾ ੪੭੩)

ਅਤੇ ਵਿਆਹ ਨਾ ਕਰਵਾਉਣ ਵਾਲੇ ਜੋਗੀ ਨੂੰ ਗੁਰੂ ਨਾਨਕ ਦੇਵ ਜੀ ਸਮਝਾਉਂਦੇ ਕਹਿਦੇ ਨੇ

ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥

(ਪੰਨਾ ੭੩੦)

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਵਿਆਹ ਨਾ ਕਰਵਾਉਣ ਦੀ ਨਿੰਦਿਆ ਕਰਦਿਆਂ ਲਿਖਿਆ ਹੈ:

ਘੁਘੂ ਮਟਬਾਸੀ, ਲਗੇ ਡੋਲਤ ਉਦਾਸੀ ਮ੍ਰਿਗ ;
ਤਰਵਰ ਸਦੀਵ ਮੋਨ ਸਾਧੇ ਹੀ ਮਰਤ ਹੈ।
ਬਿੰਦ ਕੇ ਸਧੱਯਾ, ਤਾਹਿ ਹੀਜ ਕੀ ਬਡੱਯਾ ਦੇਤ ;
ਬੰਦਰਾ ਸਦੀਵ ਪਾਂਇ ਨਾਂਗੇ ਈ ਫਿਰਤ ਹੈ।

(ਅਕਾਲ ਉਸਤਤਿ ੭੧)

ਭਗਤ ਕਬੀਰ ਜੀ ਵੀ ਫਰਮਾਉਂਦੇ ਨੇ :
ਬਿੰਦੁ ਰਾਖਿ ਜੌ ਤਰੀਐ ਭਾਈ। ਖੁਸਰੈ ਕਿਉ ਨ ਪਰਮ ਗਤਿ ਪਾਈ।

(ਪੰਨਾ ੩੨੪)

ਇਹ ਅਧਾਰਹੀਣ ਦੋਸ਼ ਅਸਲ ਵਿਚ ਪਹਿਲਾਂ ਹੀ ਸਿੱਖ ਇਤਿਹਾਸਕਾਰਾਂ ਵਲੋਂ ਬੇਹੂਦਾ ਆਖ ਰੱਦ ਕੀਤਾ ਜਾ ਚੁਕਿਆ ਹੈ। ਡਾ. ਗੋਪਾਲ ਸਿੰਘ ਲਿਖਦਾ ਹੈ "ਇਹ ਨਹੀਂ ਹੋ ਸਕਦਾ, ਜਿਵੇਂ ਕਿ ਕੁਝ ਇਤਿਹਾਸਕਾਰਾਂ ਨੇ ਆਖਿਆ ਹੈ, ਕਿ ਗੁਰੂ ਸਾਹਿਬ ਨੇ ਬੰਦੇ ਨੂੰ ਵਿਆਹ ਨਾ ਕਰਵਾਉਣ ਲਈ ਆਖਿਆ ਹੋਵੇ। ਜੇਕਰ ਪਵਿਤਰ ਰਹਿਣ ਲਈ – ਭਾਵ ਕਿ ਸਮਾਜਕ ਤੌਰ ਤੇ ਪ੍ਰਵਾਣਤ ਸਬੰਧਾਂ ਦੀ ਹੱਦ ਅੰਦਰ ਹੀ ਕਾਮਪੂਰਤੀ – ਆਖਿਆ ਹੋਵੇ ਤਾਂ ਇਹ ਬਿਲਕੁਲ ਵਖਰੀ ਗਲ ਹੈ।" ਇਹ ਕਹਾਣੀ ਤੱਤ ਖਾਲਸਾ ਵਾਲਿਆਂ ਨੇ ਬੰਦੇ ਦੇ ਮਰਨ ਤੋਂ ਬਹੁਤ ਬਾਅਦ ਘੜੀ ਜਾਪਦੀ ਹੈ ਤਾਂ ਜੋ ਲੋਹਗੜ੍ਹ, ਬਟਾਲਾ, ਗੁਰਦਾਸ ਨੰਗਲ ਆਦਿ ਦੀਆਂ ਹਾਰਾਂ ਦਾ ਦੋਸ਼ ਬੰਦੇ ਸਿਰ ਇਹ ਆਖ ਕੇ ਮੜਿਆ ਜਾ ਸਕੇ ਕਿ ਉਸਨੇ ਗੁਰੂ ਜੀ ਦੀ ਅਵੱਗਿਆ ਕਰਕੇ ਵਿਆਹ ਕਰਵਾਏ ਸਨ ਅਤੇ ਇਸੇ ਕਾਰਨ ਉਸਦੀ ਕਿਸਮਤ ਨੇ ਪੁਠੇ ਪਾਸੇ ਨੂੰ ਪਲਟਾ ਖਾਧਾ। ਬਦਕਿਸਮਤੀ ਨਾਲ ਭਾਰਤ ਦਾ ਆਮ ਆਦਮੀ ਬ੍ਰਾਹਮਣ ਪੁਜਾਰੀਆਂ, ਨਾਥਾਂ ਅਤੇ ਜੋਗੀਆਂ ਦੇ ਪ੍ਰਭਾਵ ਥੱਲੇ ਬ੍ਰਹਮਚਰਿਆ ਨੂੰ ਅਲੌਕਿਕ ਸ਼ਕਤੀਆਂ ਨਾਲ ਜੋੜਦਾ ਹੈ। ਬਾਬੇ ਨੂੰ ਪੂਰਾ ਭਰੋਸਾ ਸੀ ਕਿ ਉਹ ਇਸ ਬਕੜਬਾਹ ਨਾਲ ਖਾਲਸੇ ਨੂੰ ਵਰਗਲਾ ਕੇ ਛੜਯੰਤਰਕਾਰੀ ਲਾਹਾ ਲੈ ਸਕਦੇ ਹਨ। ਉਹ ਆਪਣੇ ਇਸ ਮਿਸ਼ਨ ਵਿਚ ਕਾਫੀ ਹੱਦ ਤੱਕ ਕਾਮਯਾਬ ਵੀ ਰਿਹਾ। ਇਸਨੂੰ ਕਿਸਮਤ ਦਾ ਮਜਾਕ ਹੀ ਸਮਝੋ ਕਿ ਜਿਸ ਗੁਰੂ ਨੇ ਭਗੌਤੀ (ਤਲਵਾਰ) ਨੂੰ ਸਰਵਉਤਮ ਆਖਿਆ ਅਤੇ ਇਸ ਦੀ ਇਹ ਸਿਫਤ ਆਪ ਪ੍ਰਗਟ ਵੀ ਕੀਤੀ ਅਤੇ ਜਿਸ ਲਈ ਪ੍ਰਮਾਤਮਾ ਸਰਵਲੋਹ ਹੈ ਉਸਨੂੰ ਬ੍ਰਾਹਮਣਾਂ ਦੇ ਰਿਵਾਜ ਅਨੁਸਾਰ ਇਕ ਪੁਰਾਣਿਕ ਦੇਵਤਾ ਬਣਾ ਧਰਿਆ ਜੋ ਕਿ ਵਰ ਦਿੰਦਾ ਹੈ। ਅਤੇ ਇਹ ਕੀਤਾ ਵੀ ਉਹਨਾਂ ਬਾਬਿਆਂ ਨੇ ਜਿਹੜੇ ਕਿ ਉਸਦੇ ਨਾਂ ਦੀਆਂ ਕਸਮਾਂ ਖਾਂਦੇ ਸਨ।

ਬੰਦੇ ਨੇ ਆਪਣੇ ਜਿਉਂਦੇ ਜੀ ਕਦੇ ਗੁਰੂ ਗੋਬਿੰਦ ਸਿੰਘ ਜੀ ਦਾ ਜਾਨਸ਼ੀਨ ਹੋਣ ਦਾ ਦਾਅਵਾ ਕੀਤਾ ਹੋਵੇ ਅਜਿਹਾ ਕੋਈ ਰੱਤੀ ਭਰ ਸਬੂਤ ਵੀ ਉਸ ਦੀਆਂ ਸਮਕਾਲੀ ਲਿਖਤਾਂ ਜਾਂ ਉਸਦੇ ਸਮੇਂ ਦੇ ਨੇੜੇ ਤੇੜੇ ਦੀਆਂ ਲਿਖਤਾਂ ਜਾਂ ਕਿਸੇ ਹੋਰ ਪ੍ਰਮਾਣਤ ਰਿਕਾਰਡ ਤੋਂ ਨਹੀਂ ਮਿਲਦਾ। ਇਹ ਵੱਖਰੀ ਗੱਲ ਹੈ ਕਿ ਸ਼ਾਹੀ ਗੁਪਤਚਰਾਂ ਨੇ ਆਪਣੀਆਂ ਰਿਪੋਰਟਾਂ ਵਿਚ ਉਸ ਨੂੰ ਨਾਨਕ ਪੂਜਾ ਦਾ ਬਾਗੀ ਗੁਰੂ ਆਖਿਆ ਹੈ। ਅਜਿਹਾ ਆਖੇ ਜਾਣ ਦਾ ਪ੍ਰਤੱਖ ਕਾਰਨ ਇਹ ਸੀ ਕਿ ਉਸ ਦੀ ਪੁਕਾਰ ਤੇ ਜੋ ਲੋਕ ਉਸ ਦੇ ਇਰਦ ਗਿਰਦ ਇਕੱਤਰ ਹੋਏ ਸਨ ਉਹ ਦੱਬੇ ਕੁਚਲੇ ਅਤੇ ਗਰੀਬ ਲੋਕ ਸਨ ਤੇ ਉਹ ਉਸਦੀ ਪੂਜਾ ਇੰਞ ਕਰਦੇ ਸਨ ਜਿਵੇਂ ਕਿ ਉਹ ਸੱਚੀਂ ਹੀ ਗੁਰੂ ਹੋਵੇ। ਇਹਨਾਂ ਲੋਕਾਂ ਵਿਚ ਗੁੱਜਰ, ਜੱਟ, ਬੋਰੀਏ, ਬਣਜਾਰੇ, ਸਹਿੰਸੀ, ਝਿਊਰ, ਨਾਈ, ਤਰਖਾਣ, ਰਾਏ ਸਿੱਖ, ਧੋਬੀ, ਚਮਾਰ, ਭੰਗੀ ਤੇ ਹੋਰ ਅਜਿਹੇ ਹੀ ਸਮਾਜਿਕ ਰੁਤਬੇ 'ਚ ਬੇਪਛਾਣ ਲੋਕ ਸਨ। ਇਹਨਾਂ ਦੀ ਉਸ ਦਾ ਨਾਂ ਅਤੇ ਪਿਛੋਕੜ ਜਾਣਨ ਦੀ ਕਦੇ ਖਾਹਿਸ਼ ਹੀ ਨਹੀਂ ਹੋਈ। ਜਿਵੇਂ ਦੁਨੀਆ ਦੇ ਮਸ਼ਹੂਰ ਇਨਕਲਾਬੀ ਐਰਨੇਸਟੋ ਗੁਵੇਰਾ ਨੂੰ ਉਸਦੇ ਸੰਘਰਸ਼ ਦੇ ਸਾਥੀ ਚੀ ਵੱਜੋਂ ਹੀ ਜਾਣਦੇ ਸਨ (ਬਾਅਦ ਵਿਚ ਇਸ ਚੀ ਨੂੰ ਮਜਬੂਰਨ ਉਸ ਦੇ ਨਾਂ ਵਿਚਕਾਰ ਜੋੜਨਾ ਪਿਆ ਅਤੇ ਉਸ ਦਾ ਨਾਂ ਐਰਨੇਸਟੋ ਚੀ ਗੁਵੇਰਾ ਬਣ ਗਿਆ।) ਇਸੇ ਤਰਾਂ ਹੀ ਬੰਦੇ ਦੇ ਸਾਥੀ ਉਸਨੂੰ ਗੁਰੂ ਆਖਦੇ ਸਨ ਅਤੇ ਸ਼ਾਹੀ ਗੁਪਤਚਰਾਂ ਨੂੰ ਉਸਦਾ ਅਸਲੀ ਨਾਂ ਪਤਾ ਹੀ ਨਹੀਂ ਸੀ। ਸੋ ਜਦੋਂ ਉਹ ਆਪਣੀਆਂ ਖੁਫੀਆਂ ਰਿਪੋਰਟਾਂ ਵਿਚ ਉਸਨੂੰ 'ਬਾਗੀ ਗੁਰੂ' ਆਖਦੇ ਹਨ ਤਾਂ ਉਹ ਸਚਾਈ ਤੋਂ ਬਹੁਤੀ ਦੂਰ ਵੀ ਨਹੀਂ ਸਨ। ਬੰਦੇ ਦੁਆਲੇ ਜੁੜਿਆ ਉਹ ਹਜੂਮ, ਜਿਸ ਦੀ ਉਹ ਅਗਵਾਈ ਕਰਦਾ ਸੀ, ਜੇਕਰ ਉਸਨੂੰ ਇਸ ਨਾਂ ਨਾਲ ਪੁਕਾਰਦਾ ਸੀ ਤਾ ਇਸ ਲਈ ਬੰਦੇ ਨੂੰ ਦੋਸ਼ੀ ਨਹੀਂ ਗਰਦਾਨਿਆ ਜਾ ਸਕਦਾ। ਇਸਦਾ ਇਕ ਹੋਰ ਕਾਰਨ ਭੀ ਹੋ ਸਕਦਾ ਹੈ। ਗੁਰੂ ਜੀ ਨੇ ਜੋ ਹੁਕਮਨਾਮੇ ਸੰਗਤਾਂ ਦੇ ਨਾਮ ਨਾਦੇੜ ਤੋਂ ਭੇਜੇ ਸਨ ਉਹਨਾਂ ਵਿਚ ਇਹ ਹਿਦਾਇਤ ਸੀ ਕਿ ਬੰਦਾ ਬਹਾਦੁਰ ਨੂੰ ਉਹੀ ਸਤਿਕਾਰ ਦੇਣਾ ਜੋ ਤੁਸੀ ਮੈਨੂੰ ਦਿੰਦੇ ਹੋ। ਹੋ ਸਕਦਾ ਹੈ ਇਸੇ ਕਾਰਨ ਕੁਝ ਸਿੱਖਾਂ ਨੇ ਉਸਨੂੰ ਗੁਰੂ ਕਹਿਣਾ ਸ਼ੁਰੂ ਕਰ ਦਿਤਾ ਹੋਵੇ। ਇਸੇ ਤਰਾਂ ਹੀ ਉਸਦੇ ਨਾਲ ਜੋ ਕਰਾਮਾਤਾਂ ਇਸ ਜਮਘਟੇ ਤੇ ਮੁਸਲਮਾਨ ਇਤਿਹਾਸਕਾਰਾਂ ਨੇ ਜੋੜ ਦਿਤੀਆਂ ਹਨ ਉਸ ਲਈ ਵੀ ਬੰਦਾ ਕਸੂਰਵਾਰ ਨਹੀਂ ਹੈ।

ਦੂਸਰੇ ਬੰਨੇ ਇਸ ਗਲ ਦੇ ਕਾਫੀ ਪ੍ਰਮਾਣਿਕ ਸਬੂਤ ਮੌਜੂਦ ਨੇ ਕਿ ਬੰਦਾ ਅੰਮ੍ਰਿਤਧਾਰੀ ਸਿੱਖ ਸੀ, ਜਿਸ ਨੂੰ ਆਪਣੇ ਗੁਰੂ ਵਿਚ ਅਤੁੱਟ ਵਿਸ਼ਵਾਸ ਸੀ ਅਤੇ ਜਿਸ ਨੇ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਈ। ਡਾ. ਗੰਡਾ ਸਿੰਘ ਲਿਖਦਾ ਹੈ "ਬੰਦਾ ਇਕ ਸ਼ਰਧਾਵਾਨ ਅੰਮ੍ਰਿਤਧਾਰੀ ਸਿੱਖ ਸੀ ਅਤੇ ਉਸ ਦਾ ਸਿੱਖ ਗੁਰੂਆਂ ਵਿਚ ਵਿਸ਼ਵਾਸ ਚਟਾਨ ਦੀ ਤਰਾਂ ਅਡੋਲ ਸੀ। ਉਸ ਨੇ ਜੋ ਸਿਕੇ ਜਾਰੀ ਕੀਤੇ ਉਹ ਸੱਚੇ ਗੁਰੂ ਦੇ ਨਾਂ ਤੇ ਜਾਰੀ ਕੀਤੇ ਅਤੇ ਇਹਨਾਂ ਉਪਰ ਉਕਰੇ ਸ਼ਬਦ ਬੰਦੇ ਦੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਅਥਾਹ ਸ਼ਰਧਾ ਅਤੇ ਵਿਸ਼ਵਾਸ ਦਾ ਮੂਹੋਂ ਬੋਲਦਾ ਸਬੂਤ ਹੈ।" ਇਹਨਾਂ ਸਿਕਿਆਂ ਤੇ ਪਹਿਲਾਂ ਅੰਕਿਤ ਸ਼ਬਦ ਸਨ (ਫਾਰਸੀ ਵਿਚ)

ਸਿਕਾ ਜ਼ਦ ਬਰ ਹਰ ਦੋ ਆਲਮ ਤੇਗਿ ਨਾਨਕ ਵਾਹਿਬ ਅਸਤ।

ਫਤਿਹ ਗੋਬਿੰਦ ਸਿੰਘ ਸ਼ਾਹਿ ਸ਼ਾਹਾਨ ਫਜਲਿ ਸਚਾ ਸਾਹਿਬ ਅਸਤ।

ਅਰਥਾਤ

ਸਿੱਕਾ ਮਾਰਿਆ ਦੋ ਜਹਾਨ ਉਤੇ, ਬਖਸ਼ਾਂ ਬਖਸ਼ੀਆਂ ਨਾਨਕ ਦੀ ਤੇਗ ਨੇ ਜੀ।
ਫਤਿਹ ਸ਼ਾਹਿ ਸ਼ਾਹਾਨ ਗੋਬਿੰਦ ਸਿੰਘ ਦੀ, ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ।

ਬਾਅਦ ਵਿਚ ਇਹਨਾਂ ਸਬਦਾਂ ਨੂੰ ਬਦਲ ਕੇ ਇੰਝ ਕਰ ਦਿਤਾ ਗਿਆ (ਫਾਰਸੀ ਵਿਚ)

ਦੇਗੋ ਤੇਗੋ ਫਤਿਹ ਨੁਸਰਤ ਬੇ-ਦਰੰਗ
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਅਰਥਾਤ

ਦੇਗ, ਤੇਗ, ਜਿਤ ਸੇਵ ਨਿਰਾਲਮ, ਗੁਰੂ ਨਾਨਕ – ਗੋਬਿੰਦ ਸਿੰਘ ਤੋਂ ਪਾਈ।

ਬੰਦੇ ਨੇ ਕਿਧਰੇ ਵੀ ਨਾ ਤਾਂ ਆਪਣਾ ਨਾਂ ਲਿਖਿਆ ਤੇ ਨਾ ਹੀ ਖੁਦ ਬਾਰੇ ਕੋਈ ਗਲ ਕੀਤੀ। ਉਸ ਨੇ ਆਪਣੇ ਸਰਕਾਰੀ ਦਸਤਾਵੇਜਾਂ ਅਦਿ ਤੇ ਲਾਉਣ ਲਈ ਜੋ ਮੋਹਰ ਬਣਵਾਈ ਉਸ ਤੇ ਉਕਰੇ ਸ਼ਬਦ ਸਨ (ਫਾਰਸੀ ਵਿਚ)

ਅਜ਼ਮਤਿ ਨਾਨਕ ਗੁਰੂ ਹਮ ਜਾਹਿਰੋ ਹਮ ਬਾਤਿਨ ਅਸਤ
ਪਾਦਸ਼ਾਹਿ ਦੀਨੋ ਦੁਨੀਆ ਆਪ ਸੱਚਾ ਸਾਹਿਬ ਅਸਤ

ਅਰਥਾਤ

ਗੁਰੂ ਨਾਨਕ ਦੀ ਵਡਿਆਈ ਹੈ ਬਾਹਰ ਅੰਦਰ ਸਾਰੇ ।
ਦੀਨ ਦੁਨੀ ਦਾ ਵਾਲੀ ਹੈ ਉਹ ਆਪੇ ਰੱਬ ਸੱਚਾ ਰੇ।

ਇਸ ਸਭ ਤੋਂ ਉਲਟ ਜੋ ਵਿਅਕਤੀ ਗਿਆਰਵਾਂ ਗੁਰੂ ਹੋਣ ਦਾ ਦਾਅਵਾ ਕਰਦਾ ਰਿਹਾ ਉਹ ਮਾਤਾ ਸੁੰਦਰੀ ਦਾ ਮੁਤਬੰਨਾ ਪੁਤਰ ਅਜੀਤ ਸਿੰਘ ਸੀ ਤੇ ਉਸਤੋਂ ਬਾਅਦ ਉਸਦਾ ਪੁਤਰ ਹੱਠੀ ਸਿੰਘ। ਮੈਕਾਲਿਫ ਲਿਖਦਾ ਹੈ "ਮੱਥਰਾ ਵਿਚ ਹੱਠੀ ਸਿੰਘ ਜਵਾਨ ਹੋਇਆ ਅਤੇ ਉਸ ਨੇ ਆਪਣੇ ਬਾਪ ਦੀ ਨਕਲ ਕਰਨੀ ਸ਼ੁਰੂ ਕਰ ਦਿਤੀ ਤੇ ਉਹ ਆਪਣੇ ਨਾਲ 60 ਘੋੜ ਸਵਾਰ ਸੇਵਕਾਂ ਦਾ ਜੱਥਾ ਰੱਖਦਾ ਸੀ। ਉਸਨੇ ਬਾਣੀ ਰਚਣ ਦੀ ਕੋਸ਼ਿਸ਼ ਕੀਤੀ ਪਰ ਨਾਕਾਮਯਾਬ ਰਿਹਾ। ਫਿਰ ਉਸਨੇ ਗੁਰੂ ਗ੍ਰੰਥ ਸਾਹਿਬ ਵਿਚੋਂ ਕੁਝ ਤੁਕਾਂ ਚੋਰੀ ਕਰਕੇ ਜਿਥੇ ਨਾਨਕ ਸ਼ਬਦ ਆਉਂਦਾ ਸੀ ਉਥੇ ਆਪਣਾ ਨਾਂ ਲਿਖ ਕੇ ਕਾਮਯਾਬ ਹੋਣ ਦੀ ਨਾਕਾਮਯਾਬ ਕੋਸ਼ਿਸ਼ ਕੀਤੀ।" ਅਜੀਤ ਸਿੰਘ ਦੀ ਗਿਆਰਵਾਂ ਗੁਰੂ ਬਣਨ ਦੀ ਕੋਸ਼ਿਸ਼ ਅਤੇ ਉਸਤੋਂ ਬਾਅਦ ਉਸਦੇ ਪੁਤਰ ਹੱਠੀ ਸਿੰਘ ਦੇ ਗਿਆਰਵੇਂ ਗੁਰੂ ਬਣਨ ਦੀ ਕੋਸ਼ਿਸ਼ ਦਾ ਦੋਸ਼ ਮਾਤਾ ਸੁੰਦਰੀ ਤੇ ਆਉਂਦਾ ਹੈ। ਬਾਬਾ ਬਿਨੋਦ ਸਿੰਘ ਨੇ ਜੋ ਕਿ ਪੰਥ ਵਿਚ ਖੱਤਰੀਆਂ ਦੀ ਪ੍ਰਧਾਨਤਾ ਦਾ ਵੱਡਾ ਪ੍ਰਚਾਰਕ ਸੀ, ਇਸ ਸਥਿਤੀ ਦਾ ਬੰਦੇ ਨੂੰ ਖਤਮ ਕਰਨ ਲਈ ਪੂਰੀ ਤਰਾਂ ਦੁਰਉਪਯੋਗ ਕੀਤਾ ਕਿਉਂਕਿ ਉਸਨੂੰ ਡਰ ਸੀ ਕਿ ਜੇਕਰ ਦੇਹ ਧਾਰੀ ਗੁਰੂ ਦੀ ਪ੍ਰਥਾ ਕਾਇਮ ਰਹਿੰਦੀ ਹੈ ਤਾਂ ਬੰਦਾ ਕਾਮਯਾਬੀ ਨਾਲ ਇਸ ਤੇ ਆਪਣਾ ਦਾਅਵਾ ਜਤਾ ਸਕਦਾ ਹੈ।

ਬੰਦਾ ਤੇ ਇਕ ਹੋਰ ਦੋਸ਼ ਇਹ ਸੀ ਕਿ ਉਸਨੇ ਖਾਲਸੇ ਦਾ ਨੀਲਾ ਰੰਗ ਛੱਡ ਕੇ ਲਾਲ ਰੰਗ ਦੇ ਕਪੜੇ ਪਾਉਣੇ ਸ਼ੁਰੂ ਕਰ ਦਿਤੇ ਅਤੇ ਖਾਲਸੇ ਦਾ ਮਾਸਾਹਾਰੀ ਭੋਜਨ ਵੀ ਤਿਆਗ ਦਿਤਾ ਹੈ। ਪਹਿਲਾਂ ਤਾਂ ਅਜਿਹਾ ਕੋਈ ਪ੍ਰਮਾਣਕ ਸਬੂਤ ਨਹੀਂ ਮਿਲਦਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ ਸਿੱਖਾਂ ਲਈ ਜਾਂ ਖਾਲਸੇ ਲਈ ਨੀਲਾ ਰੰਗ ਪਹਿਨਣ ਦੀ

ਕੋਈ ਤਾਕੀਦ ਕੀਤੀ ਹੋਵੇ ਜਾਂ ਗੁਰੂ ਸਾਹਿਬ ਖੁਦ ਕੇਵਲ ਨੀਲਾ ਰੰਗ ਹੀ ਪਹਿਨਦੇ ਹੋਣ। ਮੈਕਾਲਿਫ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਵਿਚੋਂ ਬਚ ਕੇ ਨਿਕਲੇ ਉਸ ਸਮੇਂ ਉਹਨਾਂ ਨੀਲੇ ਰੰਗ ਦੇ ਵਸਤਰ ਨਹੀਂ ਪਹਿਨੇ ਹੋਏ ਸਨ। ਉਹ ਤਾਂ ਮਾਛੀਵਾੜੇ ਦੇ ਇਲਾਕੇ ਵਿਚ ਉਹਨਾਂ ਨੂੰ ਭਾਲ ਰਹੀਆਂ ਮੁਗਲ ਫੌਜਾਂ ਦੇ ਅੱਖੀਂ ਘੱਟਾ ਪਾਉਣ ਲਈ ਉਹਨਾਂ ਨੇ ਆਪਣੇ ਪਹਿਰਾਵੇ ਨੂੰ ਨੀਲਾ ਰੰਗ ਦੇ ਲਿਆ ਸੀ ਤਾਂ ਜੋ ਉਹ ਮੁਸਲਮਾਨ ਪੀਰ ਨਜ਼ਰ ਆਉਣ। ਮੈਕਾਲਿਫ ਲਿਖਦਾ ਹੈ "ਗੁਰੂ ਜੀ ਨੇ ਕਪੜੇ ਨੂੰ ਨੀਲਾ ਰੰਗ ਕਰਵਾ ਕੇ ਇਸ ਵਿਚੋਂ ਚੋਲਾ ਸਵਾ ਲਿਆ ਅਤੇ ਕੁਝ ਕਪੜਾ ਅਣ ਸੀਤਾ ਵੀ ਰੱਖ ਲਿਆ ਤਾਂ ਜੋ ਉਹ ਮੁਸਲਮ ਤੀਰਥ ਯਾਤਰੀ ਲਗਣ।" ਸਪਸ਼ਟ ਹੈ ਕਿ ਗੁਰੂ ਜੀ ਨੇ ਮਾਛੀਵਾੜੇ ਤੋਂ ਰਾਏਕੋਟ ਵੱਲ ਨੂੰ ਬਚਕੇ ਨਿਕਲਣ ਸਮੇਂ ਨੀਲੇ ਵਸਤਰ ਕੇਵਲ ਮੁਗਲ ਸੈਨਿਕਾਂ ਨੂੰ ਭੁਲੇਖਾ ਦੇਣ ਲਈ ਹੀ ਪਹਿਨੇ ਸਨ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਨੇ ਹਿੰਦੂਆਂ ਦੁਆਰਾ ਨੀਲੇ ਕਪੜੇ ਪਹਿਨਣ ਤੇ ਚੋਟ ਕਰਦਿਆਂ ਲਿਖਿਆ ਹੈ;

ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।

(ਪੰਨਾ ੪੭੦)

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣ ਮਿਲੇਛ ਧਾਨੁ ਲੇ ਪੂਜਹਿ ਪੁਰਾਣੁ।

(ਪੰਨਾ ੪੭੨)

ਮੁਸਲਮਾਨ ਇਤਿਹਾਸਕਾਰ ਨੇ ਤਾਂ ਲਿਖਿਆ ਹੈ ਕਿ ਸਿੰਘਾਂ ਦਾ ਪਹਿਰਾਵਾ ਬਹੁਤ ਭੈੜਾ ਹੁੰਦਾ ਸੀ ਤੇ ਉਹ ਫਟੇ ਪੁਰਾਣੇ ਕਪੜਿਆਂ ਵਿਚ ਭਿਖਾਰੀ ਦਿਸਦੇ ਸਨ। ਅਜਿਹੇ ਹਾਲਾਤਾਂ ਵਿਚ ਜਦੋਂ ਖਾਲਸੇ ਵਾਸਤੇ ਕੋਈ ਨਿਸ਼ਚਿਤ ਵਰਦੀ ਹੀ ਨਹੀਂ ਸੀ ਫਿਰ ਰੰਗ ਦੀ ਚੋਣ ਦਾ ਸਵਾਲ ਹੀ ਕਿਥੇ ਪੈਦਾ ਹੁੰਦਾ ਹੈ। ਇਸਦਾ ਇਹ ਵੀ ਮਤਲਬ ਨਹੀਂ ਹੈ ਕਿ ਗੁਰੂ ਨਾਨਕ ਦੇਵ ਜੀ ਜਾਂ ਗੁਰੂ ਗੋਬਿੰਦ ਸਿੰਘ ਜੀ ਨੀਲੇ ਪਹਿਰਾਵੇ ਦੇ ਵਿਰੁਧ ਸਨ। ਉਹਨਾਂ ਦੀ ਟਿਪਣੀ ਤਾਂ ਉਹਨਾਂ ਹਿੰਦੂਆਂ ਦੀ ਗੁਲਾਮ ਮਾਨਸਿਕਤਾ ਤੇ ਸੀ ਜਿਹੜੇ ਮੁਸਲਮਾਨ ਹਾਕਮਾਂ ਨੂੰ ਖੁਸ਼ ਕਰਨ ਲਈ ਨੀਲਾ ਪਹਿਰਾਵਾ ਪਹਿਨਦੇ ਸਨ। ਗੁਰੂ ਗੋਬਿੰਦ ਸਿੰਘ ਜੀ ਕਿਸੇ ਖਾਸ ਪਹਿਰਾਵੇ ਜਾਂ ਕਿਸੇ ਖਾਸ ਰੰਗ ਦੇ ਮਾਮਲੇ ਵਿਚ ਨਘੋਚੀ ਨਹੀਂ ਸਨ। ਐਮ.ਏ. ਮੈਕਾਲਿਫ ਤਾਂ ਲਿਖਦਾ ਹੈ "ਹਰੀਕੇ ਤੋਂ ਆਏ ਕੁੱਝ ਸਿੱਖ ਗੁਰੂ ਜੀ ਲਈ ਲੂੰਗੀ ਅਤੇ ਖੇਸ ਦੀ ਭੇਟਾ ਲਿਆਏ। ਗੁਰੂ ਜੀ ਨੇ ਖੇਸ ਮੋਢੇ ਤੇ ਧਰ ਲਿਆ ਅਤੇ ਲੂੰਗੀ ਲਕ ਦੁਆਲੇ ਵਲ ਲਈ। ਮਾਨ ਸਿੰਘ ਨੇ ਟੋਕਦੇ ਹੋਏ ਗੁਰੂ ਜੀ ਨੂੰ ਯਾਦ ਕਰਵਾਇਆ ਕਿ ਉਹਨਾਂ ਨੇ ਖੁਦ ਹੀ ਲੂੰਗੀ ਪਹਿਨਣ ਤੇ ਪਾਬੰਦੀ ਲਾਈ ਹੋਈ ਹੈ। - - - ਗੁਰੂ ਜੀ ਨੇ ਜੁਆਬ ਦਿਤਾ: ਜੇਹਾ ਦੇਸ ਵੈਸਾ ਭੇਸ, ਤੇੜ ਲੂੰਗੀ ਮੋਢੇ ਖੇਸ।"

ਇਕ ਹੋਰ ਵਿਚਾਰਨ ਯੋਗ ਗੱਲ ਇਹ ਹੈ ਕਿ ਬੰਦਾ ਇਕ ਗੁਰੀਲਾ ਯੋਧਾ ਸੀ ਅਤੇ ਉਸਨੂੰ ਮੁਗਲ ਸੈਨਿਕਾਂ ਨਾਲ ਅਕਸਰ ਹੀ ਹੁਸ਼ਿਆਰੀ ਕਰਨੀ ਪੈਂਦੀ ਸੀ। ਸੋ ਇਕੋ ਹੀ ਰੰਗ ਢੰਗ ਦੇ ਕੱਪੜੇ ਹਮੇਸ਼ਾਂ ਪਹਿਨਣਾ ਉਸ ਲਈ ਖਤਰਨਾਕ ਸੀ। ਮਜਬੂਰਨ ਉਸਨੂੰ ਵੱਖ ਵੱਖ ਰੰਗਾਂ ਦੇ ਕੱਪੜੇ ਪਹਿਨਣੇ ਪੈਂਦੇ ਸਨ। ਉਸਦੀ ਲੜਾਈ ਇਕ ਸਲਤਨਤ ਨਾਲ ਸੀ ਅਤੇ ਉਹ ਸਿਰਫ ਇਕ ਵਿਸ਼ੇਸ਼ ਰੰਗ ਨਾਲ ਪ੍ਰਤੀਬੱਧਤਾ ਵਿਖਾ ਕੇ ਆਪਣੀ ਜ਼ਿੰਦਗੀ ਨੂੰ ਖਤਰੇ ਵਿਚ ਨਹੀਂ ਸੀ ਪਾ ਸਕਦਾ। ਇਸ ਗੱਲ ਦੇ ਪ੍ਰਮਾਣ ਮਿਲਦੇ ਹਨ ਕਿ ਬੰਦਾ ਅਕਸਰ ਆਪਣੀ ਵੇਸ-ਭੂਸਾ ਬਦਲ ਕਦੇ ਫਕੀਰ ਦਾ ਰੂਪ ਧਾਰ ਲੈਂਦਾ ਸੀ, ਕਦੇ ਬ੍ਰਾਹਮਣ ਦਾ, ਕਦੇ ਲਕੜਹਾਰੇ ਦਾ।

ਸਾਰੀ ਦੁਨੀਆਂ ਦੇ ਗੁਰੀਲੇ ਅਜਿਹਾ ਹੀ ਕਰਦੇ ਹਨ। ਉਹਨਾਂ ਲਈ ਆਪਣੇ ਨਿਸ਼ਾਨੇ ਦੀ ਪੂਰਤੀ ਬਾਕੀ ਸਾਰੀਆਂ ਗੱਲਾਂ ਨਾਲੋਂ ਮਹੱਤਵਪੂਰਨ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਮਾਛੀਵਾੜੇ ਤੋਂ ਬਚ ਕੇ ਨਿਕਲਣ ਸਮੇਂ ਨੀਲੇ ਰੰਗ ਦੇ ਬਸਤਰ ਪਹਿਨ ਕੇ ਪੀਰ ਦਾ ਵੇਸ ਧਾਰਨ ਕਰਨਾ ਪਿਆ ਸੀ। ਪਹਿਰਾਵੇ ਪ੍ਰਤੀ ਜਿਹੋ ਜਿਹੀ ਕੱਟੜ ਧਾਰਨਾ ਦਾ ਪ੍ਰਚਾਰ ਤੱਤ-ਖਾਲਸਾ ਵਾਲੇ ਕਰਦੇ ਸਨ ਜੇਕਰ ਗੁਰੂ ਜੀ ਇਹੋ ਜਿਹੀ ਸੋਚ ਅਪਣਾਉਂਦੇ ਤਾਂ ਖਾਲਸੇ ਦੀ ਮੌਤ ਇਸਦੇ ਬਚਪਨ ਵਿਚ ਹੀ ਹੋ ਜਾਂਦੀ ਤੇ ਇਹ ਮਾਛੀਵਾੜੇ ਦੇ ਰੇਤ ਦੇ ਟਿਬਿਆਂ ਵਿਚ ਡੂੰਘਾ ਦਫਨ ਹੋ ਜਾਂਦਾ। ਪਰ ਗੁਰੂ ਜੀ ਦਾ ਦ੍ਰਿਸ਼ਟੀਕੋਣ ਅਜਿਹੀਆਂ ਤੁਛ ਗੱਲਾਂ ਨਾਲ ਪ੍ਰਭਾਵਿਤ ਨਹੀਂ ਸੀ ਹੁੰਦਾ। ਉਹਨਾਂ ਨੀਲੇ ਬਸਤਰ ਮਾਛੀਵਾੜੇ ਜਰੂਰ ਪਹਿਨੇ ਪਰ ਜਿਉਂ ਹੀ ਉਹ ਫਰੀਦਕੋਟ ਦੇ ਨੇੜੇ ਬਰਗਾੜੀ ਪਹੁੰਚੇ ਉਹਨਾਂ ਆਪਣੇ ਨੀਲੇ ਕਪੜੇ ਫਾੜ ਕੇ ਅਗਨ ਭੇਟ ਕਰ ਦਿਤੇ ਤੇ ਉਚਾਰਿਆ :

ਨੀਲ ਬਸਤ੍ਰ ਲਾਹ ਕੱਪੜੇ ਫਾੜੇ, ਤੁਰਕ ਪਠਾਣੀ ਅਮਲ ਗਿਆ।

ਬੰਦੇ ਦੁਆਰਾ ਮੀਟ ਖਾਣ ਅਤੇ ਸ਼ਰਾਬ ਪੀਣ ਤੋਂ ਇਨਕਾਰ ਬਾਰੇ ਵੀ ਵਿਚਾਰ ਕਰ ਲਈਏ। ਇਹ ਸੱਚ ਹੈ ਕਿ ਬੰਦੇ ਨੇ ਮੀਟ ਖਾਣ ਅਤੇ ਸ਼ਰਾਬ ਪੀਣ ਤੋਂ ਇਨਕਾਰ ਕਰ ਦਿਤਾ ਸੀ ਪਰ ਇਹ ਸਿੱਖ ਰਹਿਤ ਦੇ ਅਨੁਸਾਰ ਹੀ ਸੀ। 12 ਦਸੰਬਰ 1710 ਦੇ ਜੌਨਪੁਰ ਦੇ ਖਾਲਸੇ ਨੂੰ ਲਿਖੇ ਆਪਣੇ ਹੁਕਮਨਾਮੇ ਵਿਚ ਬੰਦੇ ਨੇ ਲਿਖਿਆ ਹੈ ਖਾਲਸੇ ਦਾ ਰਹਿਤ ਰਹਿਣਾ, ਭੰਗ, ਤਮਾਕੂ, ਅਫੀਮ, ਪੋਸਤ ਦਾਰੂ ਅਮਲ ਕੋਈ ਨਹੀਂ ਖਾਣਾ ਮਾਸ ਮਛਲੀ ਪਿਆਜ ਨਹੀਂ ਖਾਣਾ। ਅਸਲ ਵਿਚ ਉਸ ਸਮੇਂ ਦੀ ਖਾਲਸਾ ਰਹਿਤ ਮਰਯਾਦਾ ਵਿਚ ਮੀਟ ਖਾਣਾ ਤੇ ਸ਼ਰਾਬ ਪੀਣਾ ਸ਼ਾਮਲ ਨਹੀਂ ਸੀ। ਤੇ ਇਹ ਸ਼ਾਮਲ ਹੋ ਵੀ ਨਹੀਂ ਸਕਦਾ ਸੀ। ਏਥੇ ਜਿਕਰਯੋਗ ਹੋਵੇਗਾ ਕਿ ਇਕ ਦਿਨ ਗੁਰਤੇਜ ਸਿੰਘ (ਸੇਵਾ ਮੁਕਤ ਆਈ.ਏ.ਐਸ.) ਨੇ ਸੰਤ ਭਿੰਡਰਾਂਵਾਲੇ ਨੂੰ - ਜਿਹਨਾਂ ਨੂੰ ਬਹੁਤ ਸਾਰੇ ਸੀਨੀਅਰ ਸਿਵਲ ਅਫਸਰ ਅਤੇ ਫੌਜ ਦੇ ਜਰਨੈਲ ਗੁਰੂ ਗੋਬਿੰਦ ਸਿੰਘ ਜੀ ਦਾ ਪੁਨਰਅਵਤਾਰ ਸਮਝਦੇ ਸਨ - ਇਹ ਸੁਆਲ ਕੀਤਾ ਕਿ ਕੀ ਸਿੱਖ ਰਹਿਤ ਮਰਿਆਦਾ ਅਨੁਸਾਰ ਅੰਮ੍ਰਿਤਧਾਰੀ ਸਿੱਖ ਲਈ ਮੀਟ ਖਾਣਾ ਲਾਜਮੀ ਨਹੀਂ ਹੈ। ਸੰਤ ਜੀ ਖੁਦ ਮੀਟ ਨਹੀਂ ਖਾਂਦੇ ਸਨ। ਉਹਨਾਂ ਉਤਰ ਦਿਤਾ: "ਜੇਕਰ ਕੋਈ ਮੇਰੀ ਇਹ ਤਸੱਲੀ ਕਰਾ ਦੇਵੇ ਕਿ ਸਿੱਖ ਰਹਿਤ ਮਰਿਆਦਾ 'ਚ ਕਿਤੇ ਭੀ ਮੀਟ ਖਾਣਾ ਲਾਜਮੀ ਕਰਾਰ ਦਿਤਾ ਗਿਆ ਹੈ ਤਾਂ ਮੈ ਖੜੇ ਖੜੋਤੇ ਡੇਢ ਕਿਲੋ ਮੀਟ ਖਾ ਜਾਉਗਾ।" ਗੁਰੂ ਜੀ ਨੇ ਸਿੱਖਾਂ ਜਾ ਖਾਲਸੇ ਨੂੰ ਭੋਜਨ ਸਬੰਧੀ ਕੋਈ ਹਿਦਾਇਤਾਂ ਨਹੀਂ ਸਨ ਦਿਤੀਆਂ। ਉਹਨਾਂ ਦੇ ਜੱਟ ਸ਼ਰਧਾਲੂ ਬਾਕੀ ਕਬਾਇਲੀ ਜਾਂ ਖੇਤੀ ਅਧਾਰਤ ਕੌਮਾਂ ਵਾਂਗ ਹੀ ਸ਼ਰਾਬ ਪੀਣ ਅਤੇ ਮੀਟ ਖਾਣੇ ਦੀ ਆਦਤ ਕਾਰਨ ਬਦਨਾਮ ਸਨ ਪਰ ਗੁਰੂ ਜੀ ਨੇ ਉਹਨਾਂ ਦੀਆਂ ਖਾਣ ਪੀਣ ਦੀਆਂ ਆਦਤਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰਨਾ ਮੁਨਾਸਿਬ ਨਾ ਸਮਝਿਆ। ਸਿੱਖ ਗੁਰੂ ਕਿਉਂਜੋ ਖੱਤਰੀਆਂ ਵਿਚੋਂ ਸਨ ਸੋ ਸ਼ਰਾਬ ਜਾਂ ਮੀਟ ਉਹਨਾਂ ਲਈ ਵਰਜਿਤ ਨਹੀਂ ਸੀ। ਬਾਕੀ ਭਗਤ ਤਾਂ ਜੋਰ ਸ਼ੋਰ ਨਾਲ ਮੀਟ ਸ਼ਰਾਬ ਅਤੇ ਦੂਜੇ ਨਸ਼ਿਆਂ ਵਿਰੁੱਧ ਪ੍ਰਚਾਰ ਕਰਦੇ ਸਨ ਪਰ ਗੁਰੂ ਜੀ ਨੇ ਖਾਣ ਪੀਣ ਦਾ ਮਸਲਾ ਨਿੱਜੀ ਮਰਜੀ ਤੇ ਹੀ ਛੱਡ ਦਿਤਾ। ਹਾਂ ਤੰਬਾਕੂ ਦੀ ਮਨਾਹੀ ਉਹਨਾਂ ਜਰੂਰ ਕੀਤੀ ਸੀ। ਤੰਬਾਕੂ ਉਪਰ ਤਾਂ ਬਾਦਸ਼ਾਹ ਜਹਾਂਗੀਰ ਨੇ ਵੀ ਪਾਬੰਦੀ ਲਾ ਰੱਖੀ ਸੀ। ਮਹਾਭਾਰਤ ਦੇ ਕਰਤਾ ਰਿਸ਼ੀ ਵਿਆਸ ਨੇ ਵੀ ਜੋਰ ਦੇ ਕੇ ਆਖਿਆ ਹੈ ਕਿ ਖਾਣ-ਪੀਣ ਦੇ ਮਾਮਲੇ ਵਿਚ ਕੋਈ

ਕਰੜਾ ਨਿਯਮ ਜਾਂ ਕਾਨੂੰਨ ਲਾਗੂ ਨਹੀਂ ਕੀਤਾ ਜਾ ਸਕਦਾ। ਬੰਦੇ ਨੂੰ ਹਰ ਹਾਲ ਜਿਉਂਦੇ ਰਹਿਣਾ ਚਾਹੀਦਾ ਹੈ ਅਤੇ ਜੇਕਰ ਹਾਲਾਤ ਦੀ ਮਜਬੂਰੀ ਕਾਰਨ ਵਰਜਿਤ ਭੋਜਨ ਖਾਣਾ ਪੈ ਜਾਵੇ ਫਿਰ ਤਾਂ ਬ੍ਰਾਹਮਣ ਅਤੇ ਰਿਸ਼ੀ ਨੂੰ ਵੀ, ਜੋ ਵੀ ਮਿਲੇ ਅਤੇ ਜਿਵੇਂ ਵੀ ਮਿਲੇ, ਉਸਤੋਂ ਸੰਕੋਚ ਨਹੀਂ ਕਰਨਾ ਚਾਹੀਦਾ।" ਸਿੰਘਾਂ ਨੇ ਗਊ ਦਾ ਵਰਜਿਤ ਮੀਟ ਵੀ ਲੋਹਗੜ੍ਹ ਅਤੇ ਗੁਰਦਾਸ ਨੰਗਲ ਦੇ ਘੇਰੇ ਸਮੇਂ ਖਾਧਾ ਸੀ। ਖਾਣੇ ਦੀ ਚੋਣ ਵਿਅਕਤੀ ਦੀ ਨਿੱਜੀ ਇਛਾ, ਖਾਣੇ ਦੀ ਸੁਲੱਭਤਾ ਅਤੇ ਅਨੁਕੂਲਤਾ ਉਪਰ ਨਿਰਭਰ ਹੈ। ਸੋ ਬੰਦਾ ਬਹਾਦਰ ਦਾ ਮੀਟ ਖਾਣ ਤੋਂ ਇਨਕਾਰ ਕਰਨਾ ਬਿਲਕੁਲ ਵਾਜਿਬ ਸੀ ਕਿਉਂਕਿ ਇਸ ਮਾਮਲੇ ਵਿਚ ਹਾਲਾਤ ਅਤੇ ਨਿਜੀ ਮਰਜੀ ਹੀ ਫੈਸਲਾਕੁਨ ਸਨ। ਸਪਸ਼ਟ ਹੈ ਕਿ ਖਾਣੇ ਸਬੰਧੀ ਇਹ ਤੱਤ ਖਾਲਸਾ ਦਾ ਬਦਨੀਤੀ ਪ੍ਰੇਰਿਤ ਪ੍ਰਚਾਰ ਬੰਦੇ ਨੂੰ ਬਦਨਾਮ ਕਰਨ ਲਈ ਹੀ ਸੀ। ਇਸ ਤਰਾਂ ਕਰਕੇ ਇਕ ਪਾਸੇ ਤਾਂ ਉਹ ਬੰਦੇ ਪ੍ਰਤੀ ਆਪਣੀ ਘ੍ਰਿਣਾ ਨੂੰ ਪੱਠੇ ਪਾ ਰਹੇ ਸਨ ਤੇ ਦੂਜੇ ਪਾਸੇ ਮਲੀਨ ਧਨ ਦੌਲਤ ਦੇ ਬਦਲ 'ਚ ਬਾਦਸ਼ਾਹ ਨੂੰ ਖੁਸ਼ ਕਰ ਰਹੇ ਸਨ। ਸਿੱਖ ਨਾ ਤਾਂ ਰੂੜੀਵਾਦੀ ਸਨ ਤੇ ਨਾ ਹੀ ਕਰਮ ਕਾਂਡੀ ਸਗੋਂ ਉਹਤਾਂ ਆਪਣੇ ਖੁਲੇ ਵਿਚਾਰਾਂ ਕਾਰਨ ਮਸ਼ਹੂਰ ਸਨ। ਮੈਕਾਲਿਫ ਗੁਰੂ ਹਰਗੋਬਿੰਦ ਜੀ ਦੀ ਜੀਵਨੀ ਬਾਰੇ ਲਿਖਦਾ ਕਹਿੰਦਾ ਹੈ "ਖਾਣ ਪੀਣ ਦੇ ਮਾਮਲੇ 'ਚ ਸਿੱਖਾਂ ਤੇ ਕੋਈ ਪਾਬੰਦੀ ਨਹੀਂ ਹੈ। ਇਕ ਹਿੰਦੂ ਨੌਜਵਾਨ ਨੂੰ, ਜੋ ਕਿ ਜਾਤ ਅਧਾਰਤ ਬੰਦਸ਼ਾਂ ਤੋਂ ਤੰਗ ਆ ਕੇ ਮੁਸਲਮਾਨ ਬਣਨਾ ਚਾਹੁੰਦਾ ਸੀ, ਇਕ ਗੁਣੀ ਗਿਆਨੀ ਵਿਅਕਤੀ ਪਰਤਾਪ ਮੱਲ ਨੇ ਕਿਹਾ "ਮੁਸਲਮਾਨ ਕਿਉਂ ਬਣਨਾ ਹੈ ? ਜੇਕਰ ਤੂੰ ਚਾਹੁੰਦਾ ਹੈ ਕਿ ਤੇਰੇ ਖਾਣ-ਪੀਣ ਤੇ ਕੋਈ ਬੰਦਸ਼ ਨਾ ਹੋਵੇ ਤਾਂ ਤੂੰ ਸਿੱਖ ਬਣ ਜਾ।ਆਮ ਲੋਕਾਂ ਵਿਚ ਸਿੱਖਾਂ ਬਾਰੇ ਅਜਿਹੀ ਧਾਰਨਾ ਸੀ।"

ਇਹ ਤੁਹਮਤਾਂ ਤੇ ਛੜਯੰਤਰ ਵੀ ਬੰਦੇ ਨੂੰ ਪਛਾੜ ਨਾ ਸਕੇ। ਉਹ ਇਕ ਮਹਾਨ ਯੋਧਾ ਤੇ ਬੁਧੀਮਾਨ ਵਿਅਕਤੀ ਸੀ ਜਿਹੜਾ ਕਿ ਦੁਸ਼ਟ ਬਾਬਿਆਂ ਤੋਂ ਬਹੁਤ ਉਤਾਂਹਾ ਸੀ।ਉਹ ਕਿਸੇ ਸਰਾਪ ਤੋਂ ਨਹੀਂ ਡਰਦਾ ਸੀ ਕਿਉਂਕਿ ਸਰਾਪਾਂ ਤੋਂ ਵਹਿਮੀ ਅਤੇ ਕਮਜੋਰ ਮਨ ਹੀ ਡਰਦੇ ਨੇ। ਬਾਬਾ ਬਿਨੋਦ ਸਿੰਘ ਵੱਲੋਂ ਲਿਖਿਆ ਅਤੇ ਡਰਾ ਕੇ ਮਾਤਾ ਸੁੰਦਰੀ ਤੋਂ ਦਸਤਖਤ ਕਰਵਾਏ ਹੁਕਮਨਾਮੇ ਦੇ ਬੰਦੇ ਪਾਸ ਪਹੁੰਚਣ ਬਾਰੇ ਗੰਭੀਰ ਸ਼ੰਕਾ ਹੈ।ਜੇ ਇਹ ਪਹੁੰਚਿਆ ਭੀ ਮੰਨ ਲਈਏ ਤਾਂ ਫਿਰ ਭੀ ਇਸ ਵਿਚ ਕੋਈ ਇਤਰਾਜਯੋਗ ਗੱਲ ਨਹੀਂ ਜੇਕਰ ਉਸਨੇ ਕਥਿਤ ਉੱਤਰ 'ਚ ਇਹ ਕਿਹਾ ਹੋਵੇ ਕਿ ਉਹ ਇਕ ਔਰਤ ਹੋਣ ਕਾਰਨ ਇਹ ਨਹੀਂ ਸਮਝਦੀ ਕਿ ਇਹਨਾਂ ਤੁਰਕਾਂ ਦੇ ਜੇ ਮੈਂ ਹੱਥ ਆ ਗਿਆ ਤਾਂ ਇਹਨਾਂ ਮੇਰੀ ਜਾਨ ਨਹੀਂ ਬਖਸ਼ਣੀ।ਇਸ ਮਾਮਲੇ 'ਚ ਮਾਤਾ ਨੂੰ ਦਖਲ ਦੇਣ ਦਾ ਅਧਿਕਾਰ ਹੀ ਨਹੀਂ ਸੀ। ਨਾ ਇਨ੍ਹਾਂ ਮਾਮਲਿਆਂ ਦੀ ਉਸਨੂੰ ਕੋਈ ਸਮਝ ਜਾਂ ਤਜਰਬਾ ਸੀ।ਦੂਜਾ, ਇਸ ਪੱਖ 'ਚ ਸਾਰੇ ਅਧਿਕਾਰ ਗੁਰੂ ਸਾਹਿਬ ਨੇ ਬੰਦਾ ਬਹਾਦਰ ਨੂੰ ਦਿਤੇ ਸਨ ਕਿਉਂਕਿ ਕੇਵਲ ਉਹੀ ਇਸਦੇ ਯੋਗ ਸੀ। ਤੀਸਰਾ ਬਾਬਿਆਂ ਅਤੇ ਤੱਤ ਖਾਲਸਾ ਵਾਲਿਆਂ ਦੀ ਗਦਾਰੀ ਦੇ ਬਾਵਜੂਦ ਬੰਦੇ ਦੀ ਸ਼ਹਾਦਤ ਉਪਰੰਤ ਵੀ ਫਰੁਖਸੀਅਰ ਵੱਲੋਂ ਸਿੰਘਾਂ ਉਪਰ ਸਖਤੀ ਉਵੇਂ ਹੀ ਜਾਰੀ ਰਹੀ। ਡਾ. ਹਰੀ ਰਾਮ ਗੁਪਤਾ ਲਿਖਦਾ ਹੈ "ਬਾਦਸ਼ਾਹ ਨੇ ਇਕ ਆਮ ਫੁਰਮਾਨ ਜਾਰੀ ਕੀਤਾ ਜਿਹੜਾ ਕਿ ਸਾਰੇ ਮੁਲਕ ਉਪਰ ਲਾਗੂ ਸੀ। ਇਸ ਅਨੁਸਾਰ ਜਿਥੇ ਵੀ ਕੋਈ ਸਿੱਖ ਮਿਲੇ ਉਸਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਜੇਕਰ ਉਹ ਇਸਲਾਮ ਕਬੂਲ ਨਾ ਕਰੇ ਤਾਂ ਬਿਨਾਂ ਝਿਜਕ ਉਸਨੂੰ ਤੁਰੰਤ ਹੀ ਮੌਤ ਦੇ ਘਾਟ ਉਤਾਰ ਦਿਤਾ ਜਾਵੇ।" ਬਾਬਿਆਂ ਅਤੇ ਮਾਤਾ ਸੁੰਦਰੀ ਨੇ ਕੀ ਮੁਗਲ ਬਾਦਸ਼ਾਹ ਨਾਲ ਇਹੀ ਸੌਦਾ ਕੀਤਾ

ਸੀ ? ਇਹ ਨਿਰਾ ਬਕਵਾਸ ਹੀ ਹੈ ਕਿ ਬੰਦੇ ਨੇ ਮਾਤਾ ਨੂੰ ਹੁਕਮਨਾਮੇ ਦੇ ਜੁਆਬ ਵਿਚ ਇਹ ਲਿਖ ਭੇਜਿਆ ਸੀ ਕਿ ਉਹ ਉਸਦਾ ਸਿੱਖ ਨਹੀਂ ਹੈ। ਪਹਿਲੀ ਗੱਲ ਬੰਦਾ ਤਾਂ ਗੁਰੂ ਦਾ ਸਿੱਖ ਸੀ ਨਾ ਕਿ ਮਾਤਾ ਦਾ ਜਾਂ ਅਜੀਤ ਮੱਲੀਆ। ਉਹ ਤਾਂ ਮਾਤਾ ਨੂੰ ਕਦੇ ਮਿਲਿਆ ਵੀ ਨਹੀਂ ਸੀ। ਜਦੋਂ ਮਾਤਾ ਸਾਹਿਬ ਕੌਰ ਨੂੰ ਦਿਲੀ ਛੱਡਣ ਗਏ ਸਨ ਉਸ ਸਮੇਂ ਵੀ ਨਹੀਂ। ਦੂਸਰਾ ਗੁਰੂ ਸਾਹਿਬ ਦਾ ਫੁਰਮਾਨ ਸੀ ਕਿ ਦੁਨਿਆਵੀ ਮਾਮਲਿਆਂ ਵਿਚ ਬੰਦਾ ਸਿਰਮੌਰ ਹੈ ਸੋ ਮਾਤਾ ਨੂੰ ਉਸ ਦੇ ਕੰਮਾਂ ਅਤੇ ਫੈਸਲਿਆਂ ਵਿਚ ਦਖਲ ਅੰਦਾਜ਼ੀ ਦਾ ਕੋਈ ਹੱਕ ਨਹੀਂ ਸੀ। ਤੀਸਰਾ ਮਾਤਾ ਵਲੋਂ ਜਾਰੀ ਹੁਕਮਨਾਮੇ ਕਲੰਕਤ ਸਨ ਜਿਵੇਂ ਕਿ ਪ੍ਰਾਚੀਨ ਪੰਥ ਪ੍ਰਕਾਸ਼ ਦਾ ਕਰਤਾ ਰਤਨ ਸਿੰਘ ਭੰਗੂ ਭੀ ਲਿਖਦਾ ਹੈ ਕਿ ਇਹ ਹੁਕਮਨਾਮੇ ਦਬਾਉ ਵਿਚ ਆ ਕੇ ਲਿਖੇ ਹੋਣ ਕਾਰਨ ਲਾਗੂ ਨਹੀਂ ਸਨ ਹੋ ਸਕਦੇ ਮਾਨੋ ਇਹਨਾਂ ਦਾ ਵਜੂਦ ਹੀ ਨਹੀਂ ਸੀ। ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ ਬੰਦੇ ਦਾ ਆਪਣੇ ਗੁਰੂ ਵਿਚ ਅਡੋਲ ਨਿਸ਼ਚਾ ਇਕ ਚਟਾਨ ਦੀ ਤਰਾਂ ਮਜ਼ਬੂਤ ਸੀ ਅਤੇ ਆਖਰੀ ਦਮ ਤੱਕ ਉਸਨੇ ਇਸ ਨੂੰ ਨਿਭਾਇਆ। ਬੰਦੇ ਨਾਲ ਫੜੇ ਗਏ ਸਿੱਖਾਂ ਦੇ ਦਿੱਲੀ ਵਿਚ ਕਤਲ ਸਮੇਂ ਬਰਤਾਨੀਆਂ ਦੀ ਈਸਟ ਇੰਡੀਆ ਕੰਪਨੀ ਦੇ ਦੋ ਨੁਮਾਇੰਦੇ ਮੌਜੂਦ ਸਨ ਜਿਹਨਾਂ ਨੇ ਇਹ ਨਜ਼ਾਰਾ ਆਪਣੇ ਅੱਖੀਂ ਵੇਖਿਆ। ਉਹਨਾਂ ਕੰਪਨੀ ਨੂੰ ਲਿਖੀ 10 ਮਾਰਚ 1716 ਦੀ ਚਿਠੀ ਵਿਚ ਅੰਕਿਤ ਕੀਤਾ "ਜਿਸ ਧੀਰਜ ਨਾਲ ਉਹ ਆਪਣੀ ਤਕਦੀਰ ਨੂੰ ਪ੍ਰਵਾਨ ਕਰਦੇ ਹਨ ਇਹ ਵੱਡੇ ਮਾਅਰਕੇ ਦੀ ਗੱਲ ਹੈ। ਅੰਤ ਤਕ ਅਜਿਹੀ ਕੋਈ ਜਾਣਕਾਰੀ ਨਹੀਂ ਮਿਲੀ ਕਿ ਉਹਨਾਂ ਵਿਚੋਂ ਕਿਸੇ ਇਕ ਨੇ ਵੀ ਆਪਣੇ ਇਸ ਨਵੇਂ ਧਰਮ ਨੂੰ ਤਿਆਗਿਆ ਹੋਵੇ।" ਦੂਸਰੇ ਬੰਨੇ ਥੋੜ੍ਹਾ ਹੀ ਜੋਰ ਪੈਣ ਤੇ ਮਾਤਾ ਝੁਕ ਗਈ ਅਤੇ ਹੁਕਮਨਾਮਾ ਜਾਰੀ ਕਰ ਦਿਤਾ। ਭੰਗੂ ਲਿਖਦਾ ਹੈ "ਬਾਦਸ਼ਾਹ ਨੇ ਇਹਨਾਂ ਔਰਤਾਂ ਉਪਰ ਲਾਈਆਂ ਪਾਬੰਦੀਆਂ ਨੂੰ ਸਖਤ ਕਰ ਦਿਤਾ। ਮਾਤਾ ਨੇ ਬੰਦੇ ਨੂੰ ਹੁਕਮ ਕੀਤਾ ਕਿ ਜਾਂ ਤਾਂ ਉਹ ਉਸਦਾ ਕਹਿਣਾ ਮੰਨੇ ਨਹੀਂ ਉਸਨੂੰ ਪੰਥ ਵਿਚੋਂ ਛੇਕ ਦਿਤਾ ਜਾਏਗਾ।" ਇਥੇ ਪ੍ਰਮੁੱਖ ਸਵਾਲ ਇਹ ਹੈ ਕਿ ਬੰਦੇ ਨੂੰ ਛੇਕਣ ਦਾ ਅਖਤਿਆਰ ਮਾਤਾ ਨੂੰ ਕਿਥੋਂ ਪ੍ਰਾਪਤ ਹੋਇਆ ਸੀ ? ਉਸਦਾ ਮਾਣ ਸਤਿਕਾਰ ਸਿਰਫ ਤੇ ਸਿਰਫ ਇਸ ਲਈ ਸੀ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੀਆਂ ਧਰਮਪਤਨੀਆਂ 'ਚੋਂ ਇਕ ਸੀ। ਗੁਰੂ ਜੀ ਨੇ ਉਸਨੂੰ ਕੋਈ ਵੀ ਅਖਤਿਆਰ ਧਾਰਮਿਕ ਜਾਂ ਦੁਨਿਆਵੀ ਨਹੀਂ ਦਿਤਾ ਸੀ। ਗੁਰੂ ਜੀ ਦੇ ਅੰਤਮ ਸਮੇਂ ਅਤੇ ਅੰਤਮ ਸਮੇਂ ਦੀਆਂ ਰਸਮਾਂ ਸਮੇਂ ਵੀ ਉਹ ਮੌਕੇ ਤੇ ਮੌਜੂਦ ਨਹੀਂ ਸੀ। ਦੁਨਿਆਵੀ ਮਾਮਲਿਆਂ 'ਚ ਗੁਰੂ ਸਾਹਿਬ ਨੇ ਬੰਦੇ ਨੂੰ ਆਪਣਾ ਜਾਨਸ਼ੀਨ ਥਾਪਿਆ ਸੀ ਅਤੇ ਲੜਾਈ ਤੇ ਸਮਰਪਣ ਦੁਨਿਆਵੀ ਮਾਮਲੇ ਹਨ। ਜਾਹਰਾ ਤੌਰ ਤੇ ਜੋ ਭੀ ਮਾਤਾ ਨੇ ਕੀਤਾ ਜਾਂ ਉਸ ਦੇ ਨਾਂ ਲਾਇਆ ਗਿਆ ਉਹ ਗੁਰੂ ਸਾਹਿਬ ਜੀ ਦੀ ਆਗਿਆ ਦੀ ਉਲੰਘਣਾ ਸੀ। ਸੋ ਬੰਦਾ ਇਸ ਨੂੰ ਮੰਨਣ ਦਾ ਪਾਬੰਦ ਨਹੀਂ ਸੀ। ਸਗੋਂ ਇਹ ਤਾਂ ਮਾਤਾ ਵਲੋਂ ਕੀਤੀ ਇਕ ਧਾਰਮਿਕ ਅਵੱਗਿਆ ਦਾ ਮਾਮਲਾ ਬਣਦਾ ਹੈ।

ਬੰਦੇ ਨੂੰ ਪੰਥ ਵਿਚੋਂ ਛੇਕ ਦਿਤਾ ਗਿਆ ਸੀ ਅਤੇ ਤੱਤ ਖਾਲਸਾ ਮੁਗਲਾਂ ਨਾਲ ਰਲ ਗਿਆ ਸੀ। ਸੋ ਮੁਗਲਾਂ ਲਈ ਬੰਦੇ ਨੂੰ ਘੇਰਨ ਦਾ ਇਹ ਇਕ ਸੁਨਹਿਰੀ ਮੌਕਾ ਸੀ । ਡਾ. ਹਰੀ ਰਾਮ ਗੁਪਤਾ ਲਿਖਦਾ ਹੈ "ਬਾਦਸ਼ਾਹ ਫਰੁਖਸੀਅਰ ਨੇ ਕੁਮਰਉਦਦੀਨ ਖਾਨ ਦੀ ਅਗਵਾਈ 'ਚ 20,000 ਦੀ ਤਕੜੀ ਫੌਜ ਦਿਲੀ ਤੋਂ ਭੇਜੀ ਅਤੇ ਉਹਨਾਂ ਨਾਲ 5,000 ਦੀ ਫੌਜ ਸਰਹਿੰਦ ਤੋਂ ਸ਼ਾਮਲ ਹੋ ਗਈ। ਅਬਦੁਸ ਸਮੱਦ ਖਾਨ ਅਤੇ ਉਸਦੇ ਪੁਤਰ ਜੱਕਰੀਆ ਖਾਨ ਨੂੰ

ਹੁਕਮ ਕੀਤਾ ਗਿਆ ਸੀ ਕਿ ਬੰਦੇ ਨੂੰ ਜਿਉਂਦਾ ਪਕੜਨਾ ਹੈ।" ਚੜਦੀ ਵੱਲੋਂ (ਭਾਵ ਦਿੱਲੀ ਅਤੇ ਸਰਹਿੰਦ) ਚੋਣਵੀਆਂ ਫੌਜਾਂ ਦੇ ਆ ਜਾਣ ਨਾਲ ਲਹੌਰ ਦਾ ਗਵਰਨਰ ਅਬਦੁਸ ਸਮੱਦ ਖਾਨ ਹੌਸਲੇ ਵਿਚ ਹੋ ਗਿਆ ਸੀ। ਉਸਨੇ ਕੁਝ ਪਹਾੜੀ ਹਿੰਦੂ ਰਾਜਿਆਂ ਤੋਂ ਵੀ, ਜਿਵੇਂ ਕਿ ਕਾਂਗੜਾ ਅਤੇ ਜਸਰੋਟਾ ਦੇ ਰਾਜੇ, ਤੋਂ ਫੌਜੀ ਸਹਾਇਤਾ ਲਈ। ਬੰਦੇ ਨੂੰ ਫੜਨ ਲਈ ਜਿਹੜਾ ਕਿ ਇਸ ਸਮੇਂ ਲਹੌਰ ਕਲਾਨੋਰ ਅਤੇ ਬਟਾਲੇ ਦੇ ਉਤਰ ਵੱਲ ਸਰਗਰਮ ਸੀ, ਹੁਣ ਲਹੌਰ ਦੇ ਗਵਰਨਰ ਨੇ ਚੜਾਈ ਕਰ ਦਿਤੀ। ਜੇ.ਡੀ. ਕਨਿੰਘਮ ਲਿਖਦਾ ਹੈ "ਅਬਦੁਸ ਸਮੱਦ ਖਾਨ ਨੇ ਕੁਝ ਹਜ਼ਾਰ ਆਪਣੇ ਦੇਸ਼ ਦੇ ਸੈਨਿਕਾਂ (ਤੁਰਾਨੀਆਂ) ਨੂੰ ਵੀ ਨਾਲ ਲਿਆ ਅਤੇ ਜਿਉਂ ਹੀ ਉਸਨੂੰ ਤੋਪਖਾਨਾ ਪ੍ਰਾਪਤ ਹੋਇਆ ਉਹ ਲਹੌਰੋਂ ਨਿੱਕਲ ਪਿਆ। ਬੰਦੇ ਵੱਲੋਂ ਸਖਤ ਮੁਕਾਬਲੇ ਦੇ ਬਾਵਜੂਦ ਵੀ ਉਸਨੇ ਸਿੱਖ ਫੌਜ ਨੂੰ ਹਰਾ ਦਿਤਾ। ਇਸ ਕਾਮਯਾਬੀ ਤੋਂ ਬਾਅਦ ਵੀ ਉਸਨੇ ਪਿਛਾ ਕਰਨਾ ਜਾਰੀ ਰੱਖਿਆ । ਬੰਦਾ ਬਹਾਦਰੀ ਨਾਲ ਲੜਦਾ ਤੇ ਆਪਣੇ ਦੁਸ਼ਮਣਾਂ ਦਾ ਭਾਰੀ ਨੁਕਸਾਨ ਕਰਦਾ ਪਿਛੇ ਹਟਦਾ ਰਿਹਾ। ਆਖਿਰ ਉਸਨੂੰ ਮਜਬੂਰਨ ਗੁਰਦਾਸਪੁਰ ਭਾਵ ਗੁਰਦਾਸ ਨੰਗਲ ਦੇ ਕਿਲ੍ਹੇ ਵਿਚ ਪਨਾਹ ਲੈਣੀ ਪਈ। ਉਸਨੂੰ ਪੀਡਾ ਘੇਰਾ ਪਾਇਆ ਗਿਆ ਸੀ ਅਤੇ ਬਾਹਰੋਂ ਉਸਨੂੰ ਕੋਈ ਵੀ ਸਹਾਇਤਾ ਨਹੀਂ ਪਹੁੰਚਦੀ ਸੀ। ਰਾਸ਼ਨ ਖਤਮ ਹੋਣ ਤੇ ਉਹਨਾਂ ਨੂੰ ਘੋੜੇ, ਗਧੇ ਅਤੇ ਇਥੋਂ ਤਕ ਕਿ ਵਰਜਿਤ ਬਲਦ ਵੀ ਖਾਣੇ ਪਏ ਤੇ ਆਖਿਰ ਉਸਨੂੰ ਸਮਰਪਣ ਕਰਨਾ ਪਿਆ।" ਜੋ ਕਨਿੰਘਮ ਨੇ ਆਖਿਆ ਉਹ ਸੱਚ ਹੈ ਪਰ ਇਹ ਕਹਾਣੀ ਸੰਪੂਰਨ ਨਹੀਂ। ਇਸ ਵਿਚ ਬਹੁਤ ਸਾਰੀ ਖਾਮੀਆਂ ਹਨ।

ਇੰਝ ਲਗਦਾ ਹੈ ਕਿ ਕਿਲ੍ਹੇ ਵਿਚ ਕੇਵਲ ਸਿੰਘ ਹੀ ਨਹੀਂ ਸਨ ਸਗੋਂ ਉਹਨਾਂ ਦੀਆਂ ਪਤਨੀਆਂ ਅਤੇ ਬੱਚੇ ਵੀ ਨਾਲ ਹੀ ਸਨ। ਇਸ ਕਾਰਨ ਸਥਿਤੀ ਜ਼ਿਆਦਾ ਗੁੰਝਲਦਾਰ ਅਤੇ ਤਰਸਯੋਗ ਹੋ ਗਈ ਸੀ। ਘੇਰਾ ਇਤਨਾ ਤਕੜਾ ਸੀ ਕਿ ਮੁਕ ਰਹੇ ਰਾਸ਼ਨ ਅਤੇ ਬਾਲਣ ਦੇ ਭੰਡਾਰ ਦੀ ਭਰਪਾਈ ਸੰਭਵ ਹੀ ਨਹੀਂ ਸੀ। ਬਾਲਗ ਮਨੁੱਖ ਤਾਂ ਥੋੜੇ ਭੋਜਨ ਨਾਲ ਵੀ ਸਾਰ ਲੈਂਦੇ ਸਨ ਪਰ ਬਚੇ ਉਚੀ ਉਚੀ ਰੋਂਦੇ ਤੇ ਵਿਲਕਦੇ ਸਨ। ਬੰਦੇ ਨੇ ਭਾਈ ਮਨੀ ਸਿੰਘ ਅਤੇ ਦੂਸਰਿਆਂ ਨੂੰ ਇਸ ਭੀੜ ਭਰੇ ਸਮੇਂ ਬਾਰੇ ਕਈ ਸੁਨੇਹੇ ਘੱਲੇ ਕਿ ਉਹਨਾਂ ਨੂੰ ਰਾਸ਼ਨ ਅਤੇ ਸੈਨਿਕ ਸਹਾਇਤਾ ਦੀ ਬੇਹੱਦ ਜਰੂਰਤ ਹੈ ਪਰ ਕੋਈ ਸਹਾਇਤਾ ਨਾ ਪਹੁੰਚੀ। ਇਸ ਦੇ ਦੋ ਕਾਰਨ ਸਨ। ਇਕ ਕਾਰਨ ਤਾਂ ਸੀ ਕਿ ਬੰਦੇ ਨੂੰ ਪੰਥ ਵਿਚੋਂ ਛੇਕ ਦਿਤਾ ਗਿਆ ਸੀ, ਜਿਸ ਬਾਰੇ ਬੰਦੇ ਨੂੰ ਕੁਝ ਵੀ ਪਤਾ ਨਹੀਂ ਸੀ। ਦੂਸਰਾ ਕਾਰਨ ਸੀ ਮੁਗਲਾਂ ਵੱਲੋਂ ਸਿੱਖਾਂ ਉਤੇ ਕੀਤੀ ਬੇਪਨਾਹ ਸਖਤੀ। ਕਿਸੇ ਪਾਸਿਉਂ ਵੀ ਕੋਈ ਸਹਾਇਤਾ ਨਾ ਮਿਲਣ ਕਾਰਨ ਬੰਦਾ ਬਹੁਤ ਹੈਰਾਨ ਸੀ। ਜਿਹਨਾਂ ਨੂੰ ਬੰਦਾ ਪੁਕਾਰ ਰਿਹਾ ਸੀ ਉਹਨਾਂ ਵਿਚ ਤਾਂ ਸ਼ਾਇਦ ਬੰਦੇ ਲਈ ਅਰਦਾਸ ਕਰਨ ਦਾ ਵੀ ਹੌਸਲਾ ਨਹੀਂ ਸੀ। ਦੂਸਰੇ ਬੰਨੇ ਬਾਬਾ ਬਿਨੋਦ ਸਿੰਘ ਲਗਾਤਾਰ ਇਹੀ ਮਸ਼ਵਰਾ ਦੇਈ ਜਾ ਰਿਹਾ ਸੀ ਕਿ ਉਹਨਾਂ ਨੂੰ ਬਾਹਰ ਨਿਕਲ ਕੇ ਮੁਗਲ ਫੌਜ ਦਾ ਮੁਕਾਬਲਾ ਕਰਦੇ ਹੋਏ ਘੇਰਾ ਤੋੜ ਕੇ ਨਿੱਕਲ ਜਾਣਾ ਚਾਹੀਦਾ ਹੈ। ਬੰਦੇ ਨੂੰ ਪਤਾ ਸੀ ਕਿ ਘੇਰਾ ਪਾਈ ਬੈਠੇ ਮੁਗਲਾਂ ਦੇ ਮੁਕਾਬਲੇ ਉਸਦੇ ਸਾਧਨ ਬਹੁਤ ਸੀਮਿਤ ਹਨ। ਉਹਨਾਂ ਕੋਲ ਕਾਫੀ ਵੱਡਾ ਤੋਪਖਾਨਾ ਅਤੇ ਬਹੁਤ ਵੱਡੀ ਗਿਣਤੀ ਵਿਚ ਚੰਗੀ ਸਿੱਖਲਾਈ ਪ੍ਰਾਪਤ ਸੈਨਿਕ ਵੀ ਸਨ। ਬਾਬਾ ਤਾਂ ਬੰਦੇ ਨੂੰ ਛੇਤੀ ਤੋਂ ਛੇਤੀ ਜਾਲ ਵਿਚ ਫਸਾਉਣ ਲਈ ਵਿਆਕੁਲ ਸੀ। ਜਦੋਂ ਬਾਬੇ ਨੂੰ ਲੱਗਿਆ ਕਿ ਉਸਦੀ ਜਿੱਦ ਕਾਰਨ ਬੰਦੇ ਨੂੰ ਉਸਦੇ ਇਰਾਦਿਆਂ ਤੇ ਸ਼ੱਕ ਹੋਣ ਲਗ ਪਿਆ

ਹੈ ਤਾਂ ਉਸਨੇ ਬੰਦੇ ਨਾਲ ਝਗੜਾ ਖੜਾ ਕਰ ਲਿਆ ਤਾਂ ਜੋ ਉਸਨੂੰ ਆਪਣੇ ਬੰਦਿਆਂ ਸਮੇਤ ਕਿਲ੍ਹੇ ਵਿਚੋਂ ਖਿਸਕ ਜਾਣ ਦਾ ਬਹਾਨਾ ਮਿਲ ਸਕੇ।

ਵਿਚਾਰਨ ਵਾਲੀ ਗਲ ਇਹ ਹੈ ਕਿ ਜੇਕਰ ਘੇਰਾ ਇਨਾ ਪੀਡਾ ਸੀ ਕਿ ਬਾਹਰੋਂ ਨਾ ਕੋਈ ਚੀਜ਼ ਅੰਦਰ ਜਾ ਸਕਦੀ ਸੀ ਨਾ ਹੀ ਕੋਈ ਵਿਅਕਤੀ ਤਾਂ ਫਿਰ ਬਾਬਾ ਬਿਨੋਦ ਸਿੰਘ ਅਤੇ ਉਸਦੇ ਆਦਮੀ ਕਿਵੇਂ ਬਿਨਾਂ ਝਰੀਟ ਲਗਣ ਦੇ ਹੀ ਮੁਗਲ ਫੌਜ ਨੂੰ ਚੀਰਦੇ ਹੋਏ ਬਚ ਕੇ ਨਿਕਲ ਗਏ। ਇਹ ਤਾਂ ਹੀ ਸੰਭਵ ਸੀ ਜੇਕਰ ਬਾਬੇ ਦਾ ਅਬਦੁਸ ਸਮੱਦ ਖਾਨ ਨਾਲ ਲਗਾਤਾਰ ਰਾਬਤਾ ਸੀ ਅਤੇ ਉਸਨੇ ਹੀ ਸੁਰੱਖਿਅਤ ਲਾਂਘਾ ਉਹਨਾਂ ਨੂੰ ਮੁਹੱਈਆ ਕਰਵਾਇਆ ਸੀ।

ਡਾ. ਗੋਪਾਲ ਸਿੰਘ ਲਿਖਦਾ ਹੈ "ਇਸ ਦੇ ਬਾਵਜੂਦ ਵੀ ਬਾਬਾ ਬਿਨੋਦ ਸਿੰਘ ਤੋਂ ਇਲਾਵਾ, ਜਿਸਦੇ ਕਿ ਯੁੱਧਨੀਤੀ ਸਬੰਧੀ ਬੰਦੇ ਨਾਲ ਮੱਤਭੇਦ ਹੋ ਗਏ ਸਨ ਕਿਉਂਕਿ ਉਹ ਚਾਹੁੰਦਾ ਸੀ ਕਿ ਸਿੱਖ ਫੌਜਾਂ ਘੇਰਾ ਤੋੜ ਕੇ ਨਿੱਕਲ ਜਾਣ ਅਤੇ ਦੁਸ਼ਮਣ ਦਾ ਮੁਕਾਬਲਾ ਰਣ ਵਿਚ ਕਰਨ, ਕਿਸੇ ਹੋਰ ਨੇ ਇਸ ਕੈਂਪ ਨੂੰ ਨਹੀਂ ਛੱਡਿਆ ਅਤੇ ਕਈ ਮਹੀਨਿਆਂ ਤੀਕਰ (ਕੁਝ ਇਤਿਹਾਸਕਾਰਾਂ ਅਨੁਸਾਰ ਪੂਰੇ ਨੌਂ ਮਹੀਨੇ) ਬੰਦੇ ਨੇ ਮੁਗਲ ਸਲਤਨਤ ਦੁਆਰਾ ਉਸ ਵਿਰੁਧ ਵੱਧ ਤੋਂ ਵੱਧ ਇਕਤਰ ਕੀਤੀ ਜਾ ਸਕਦੀ ਫੌਜ ਦਾ ਕਾਮਯਾਬੀ ਨਾਲ ਸਾਹਮਣਾ ਕੀਤਾ।" ਪਰ ਇਕਲਾ ਬਾਬਾ ਬਿਨੋਦ ਸਿੰਘ ਹੀ ਕਿਉਂ ਇਹ ਕੈਂਪ ਛਡ ਗਿਆ ? ਇਹ ਆਖ ਕੇ ਇਸ ਸਵਾਲ ਤੋਂ ਖਹਿੜਾ ਨਹੀਂ ਛੁਡਾਇਆ ਜਾ ਸਕਦਾ ਕਿ ਯੁਧਨੀਤੀ ਬਾਰੇ ਉਸਦੇ ਬੰਦੇ ਨਾਲ ਮੱਤਭੇਦ ਹੋ ਗਏ ਸਨ ਕਿਉਂਕਿ ਉਹ ਚਾਹੁੰਦਾ ਸੀ ਕਿ ਸਿੱਖ ਫੌਜਾਂ ਬਾਹਰ ਨਿਕਲ ਦੁਸ਼ਮਣ ਦਾ ਮੁਕਾਬਲਾ ਕਰਦੇ ਹੋਏ ਘੇਰਾ ਤੋੜ ਕੇ ਨਿੱਕਲ ਜਾਣ। ਇਸ ਸਵਾਲ ਦਾ ਜਵਾਬ ਲੱਭਣ ਲਈ ਸਾਨੂੰ ਖ਼ਾਫੀ ਖਾਂ ਦੀ ਲਿਖਤ ਵਲ ਮੁੜਨਾ ਪਏਗਾ ਜਿਸ ਅਨੁਸਾਰ ਭਾਵੇਂ ਉਹ ਕਿਲ੍ਹੇ ਵਿਚ ਘਿਰੇ ਹੋਏ ਸਨ ਅਤੇ ਬੱਚ ਕੇ ਨਿਕਲਣ ਦਾ ਕੋਈ ਰਸਤਾ ਨਹੀਂ ਸੀ ਪਰ ਕਾਫਿਰਾਂ ਇੰਨੀ ਘਮਸਾਣ ਦਾ ਯੁੱਧ ਕੀਤਾ ਕਿ ਉਹ ਤਕਰੀਬਨ ਤਕਰੀਬਨ ਇਸਲਾਮੀ ਫੌਜ ਤੇ ਭਾਰੂ ਹੋ ਹੀ ਗਏ ਸਨ। ਉਹ ਵਾਰ ਵਾਰ ਆਪਣੀ ਬਹਾਦਰੀ ਅਤੇ ਹੌਸਲੇ ਦਾ ਸਬੂਤ ਦਿੰਦੇ ਹੋਏ ਸ਼ਾਹੀ ਫੌਜਾਂ ਤੇ ਰਾਤ ਸਮੇਂ ਹਮਲੇ ਕਰਦੇ। ਜੇ ਸਿੰਘ ਬਾਹਰ ਨਿਕਲ ਕੇ ਨਹੀਂ ਸਨ ਲੜਦੇ ਤਾਂ ਫਿਰ ਕਿਵੇਂ ਉਹ ਤਕਰੀਬਨ ਤਕਰੀਬਨ ਇਸਲਾਮੀ ਫੌਜ ਤੇ ਭਾਰੂ ਹੋ ਹੀ ਗਏ ਸਨ। ਬੰਦੇ ਨੇ ਮੱਦਦ ਲਈ ਭਾਈ ਮਨੀ ਸਿੰਘ ਨੂੰ ਸੁਨੇਹੇ ਤਾਂ ਭੇਜੇ ਪਰ ਉਸਨੂੰ ਇਹ ਪਤਾ ਨਹੀਂ ਸੀ ਕਿ ਜਿਸ ਸਮੇਂ ਉਹ ਜੰਮੂ ਦੀਆਂ ਪਹਾੜੀਆਂ ਵਿਚ ਸੀ ਉਸ ਸਮੇਂ ਦੌਰਾਨ ਪਿਛੇ ਸਿੱਖ ਜਥੇਬੰਦੀ ਵਿਚ ਬਹੁਤ ਕੁਝ ਵਾਪਰ ਚੁੱਕਾ ਸੀ। ਭਾਈ ਮਨੀ ਸਿੰਘ ਵੱਲੋਂ ਬੰਦੇ ਨੂੰ ਪੰਥ ਵਿਚੋਂ ਛੇਕਣ ਵਾਲੇ ਹੁਕਮਨਾਮੇ ਦਾ ਵਿਰੋਧ ਕਰਨ ਕਾਰਨ ਉਸ ਦੇ ਹੱਥੋਂ ਸਿੱਖ ਸੰਗਤ ਅਤੇ ਅੰਮ੍ਰਿਤਸਰ ਦੇ ਧਾਰਮਿਕ ਸਥਾਨਾਂ ਦਾ ਕੰਟਰੋਲ ਜਾਂਦਾ ਰਿਹਾ ਸੀ। ਪਰ ਘੇਰੇ ਅੰਦਰ ਫਸੇ ਸਿੰਘਾਂ ਦੀ ਦੁਖਦਾਇਕ ਹਾਲਤ ਅਤੇ ਬੰਦੇ ਦੀ ਦ੍ਰਿੜਤਾ ਦੀ ਮੂੰਹ ਬੋਲਦੀ ਤਸਵੀਰ ਹੇਠਾਂ ਦਿਤੀ ਜਾਂਦੀ ਉਸ ਚਿਠੀ ਤੋਂ ਪ੍ਰਗਟ ਹੁੰਦੀ ਹੈ ਜੋ ਬੰਦੇ ਨੇ ਭਾਈ ਮਨੀ ਸਿੰਘ ਨੂੰ ਲਿਖੀ।

"ਗੁਰ ਫਤਿਹ॥ ਮਾਣ ਯੋਗ ਭਾਈ ਜੀਓ, ਵੈਰੀ ਨੇ ਜਬਰਦਸਤ ਘੇਰਾ ਘਤਿਓਸੁ॥ ਅਨਾਜ ਪਾਣੀ ਦੀ ਕੋਈ ਆਮਦ ਨਾਹੀ। ਪਰਿਵਾਰ ਸਖਤ ਮੁਸਕਲ ਮੇ ਹੈਣ॥ ਨਿਆਣੇ ਰੋਈ ਜਾਤ ਹੈ। ਸਿੱਖ ਸੰਗਤਾਂ ਨੋ ਸਤਾਬੀ ਹਥਯਾਰ ਦੇਕਰ ਭੇਜੋ॥ ਕਿਸੀ ਵਕਤ ਕਾ ਭਰੋਸਾ ਨਾਹੀ।

ਬੁੰਗੇ ਸਾਹਿਬ ਅਰਦਾਸ ਕਰਨ॥ ਖਾਲਸੇ ਦੀ ਫਤਿਹ ਹੋਗੁ। ਅਸਾਂ ਅੰਤਮ ਸਮੇਂ ਤੀਕ ਜੂਜਣੇ ਦਾ ਨੇਮ ਕੀਤੋਸ॥"

ਭਾਈ ਸਾਹਿਬ ਨੂੰ ਲਿਖੀ ਚਿਠੀ ਤੇ ਲਾਹੇਵੰਦੀ ਕਾਰਵਾਈ ਹੋਣ ਦੀ ਬੰਦੇ ਦੀ ਉਮੀਦ ਗਲਤ ਸੀ। ਅਸਲੀ ਹਾਲਾਤ ਬਾਰੇ ਉਹ ਬਿਲਕੁਲ ਅਣਜਾਣ ਸੀ। ਭਾਈ ਸਾਹਿਬ ਖੁਦ ਮਾਤਾ ਸੁੰਦਰੀ ਦੇ ਗੋਦ ਲਏ ਪੁਤਰ ਅਜੀਤ ਸਿੰਘ ਦੇ ਰਹਿਮੋ ਕਰਮ ਤੇ ਸੀ। ਅੰਮ੍ਰਿਤਸਰ ਹੁਣ ਅਸਲੋਂ ਇਕ ਵੱਖਰੀ ਜਗ੍ਹਾ ਬਣ ਗਈ ਸੀ। ਬਾਬਾ ਮੀਗੀ ਸਿੰਘ (ਬਾਬਾ ਬਿਨੋਦ ਸਿੰਘ ਦਾ ਪੋਤਰਾ) ਅਤੇ ਉਸ ਦੇ ਮਿੱਤਰ ਫਤਿਹ ਸਿੰਘ ਭਗਤੂ ਅਤੇ ਸ਼ਾਮ ਸਿੰਘ ਨਾਰੰਗਵਾਲੀਆ 5,000 ਸਿੰਘਾਂ ਦੇ ਜੱਥੇ ਸਮੇਤ ਲਹੌਰ ਦੇ ਮੁਗਲ ਗਵਰਨਰ ਅਬਦੁਸ ਸਮੱਦ ਖਾਨ ਦੀ ਮੁਲਾਜਮਤ ਵਿਚ ਸਨ। ਜਿਹੜੇ ਸਿੰਘ ਹਥਿਆਰ ਸੁੱਟਣਾ ਮੰਨ ਗਏ ਸਨ ਪਰ ਅੰਮ੍ਰਿਤਸਰ ਨਾਲ ਜੁੜੇ ਰਹਿਣਾ ਚਾਹੁੰਦੇ ਸਨ ਉਹਨਾਂ ਦੇ ਗੁਜਾਰੇ ਲਈ ਵੱਡੀ ਰਕਮ ਮਨਜ਼ੂਰ ਕਰ ਦਿਤੀ ਗਈ ਸੀ। ਸੋ ਅਜਿਹੀ ਸਥਿਤੀ ਵਿਚ ਸ਼ਸ਼ਤਰਧਾਰੀ ਸਿੱਖ ਵਲੰਟੀਅਰ ਕਿਥੋਂ ਲਭਣੇ ਸੀ। ਸਿੰਘ ਜਾਂ ਤਾਂ ਮੁਗਲਾਂ ਨਾਲ ਸਨ ਜਾਂ ਫਿਰ ਜੰਗਲਾਂ, ਪਹਾੜਾਂ, ਬੀਆਬਾਨਾਂ ਤੇ ਛੰਭਾਂ ਵਿਚ ਜਾ ਲੁਕੇ ਸਨ। ਬੰਦਾ ਅਤੇ ਉਸ ਦੇ ਸਾਥੀ ਭੁਖ ਨਾਲ ਜਾਂ ਮੁਗਲਾਂ ਹੱਥੋਂ ਮਰਨ ਲਈ ਇਕਲੇ ਰਹਿ ਗਏ ਸਨ। ਹੁਣ ਉਹ ਮੌਤ ਦੇ ਜਬਾੜਿਆਂ ਵਿਚ ਫਸੇ ਪਏ ਸਨ।

ਅਜਿਹੇ ਹਾਲਾਤ ਵਿਚ ਬੰਦੇ ਨੇ ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਜੂਝਦਿਆਂ ਜਾਨ ਦੀ ਅਹੂਤੀ ਕਿਉਂ ਨਾ ਦਿਤੀ ? ਭਾਈ ਮਨੀ ਸਿੰਘ ਨੂੰ ਲਿਖੇ ਖਤ ਵਿਚ ਤਾਂ ਸਪਸ਼ਟ ਹੈ ਕਿ ਉਸਨੇ ਅਜਿਹਾ ਕਰਨ ਦਾ ਪ੍ਰਣ ਕੀਤਾ ਹੋਇਆ ਸੀ। ਫਿਰ ਅਜਿਹਾ ਕਿਹੜਾ ਭਾਣਾ ਵਰਤਿਆ ਕਿ ਉਹ ਆਪਣੇ ਇਸ ਪ੍ਰਣ ਨੂੰ ਪੂਰਾ ਨਾ ਕਰ ਸਕਿਆ ? ਡਾ. ਗੋਪਾਲ ਸਿੰਘ ਲਿਖਦਾ ਹੈ "ਇਹਨਾਂ ਹਾਲਾਤਾਂ ਵਿਚ (ਭੁਖਮਰੀ) ਬੰਦੇ ਨੇ ਕਿਲ੍ਹੇ ਦੇ ਦਰਵਾਜ਼ੇ ਖੋਲਣ ਦਾ ਫੈਸਲਾ ਕੀਤਾ ਅਤੇ ਸ਼ਾਹੀ ਫੌਜਾਂ ਨੇ 7 ਦਸੰਬਰ 1715 ਨੂੰ ਕਿਲ੍ਹੇ ਉਪਰ ਕਬਜਾ ਕਰ ਲਿਆ। ਬੰਦਾ ਅਤੇ ਉਸ ਦੇ ਬਚੇ ਹੋਏ ਕੁਝ ਸੌ ਸਾਥੀਆਂ ਨੇ ਬਿਨਾਂ ਕਿਸੇ ਵਿਰੋਧ ਜਾਂ ਪਛਤਾਵੇ ਦੇ ਆਪਣੇ ਆਪ ਨੂੰ ਦੁਸ਼ਮਣਾਂ ਹਵਾਲੇ ਕਰ ਦਿਤਾ। ਇਕ ਸਿੱਖ ਇਤਿਹਾਸਕਾਰ ਦਾ ਕਹਿਣਾ ਹੈ ਗੁਰੂ ਦੀ ਇਹੀ ਇਛਾ ਸੀ। ਕਰਾਮਾਤਾਂ ਕਰਨ ਵਾਲੇ ਦੀ ਇਹ ਦੁਰਦਸ਼ਾ ਇਸ ਲਈ ਹੋਈ ਸੀ ਕਿਉਂਕਿ ਉਸਨੇ ਖੁਦ ਨੂੰ ਆਪਣੇ ਲੋਕਾਂ ਦਾ ਪ੍ਰਮੁੱਖ ਥਾਪ ਲਿਆ ਸੀ ਜੋ ਕਿ ਗੁਰੂ ਜੀ ਦੀਆਂ ਸਿਖਿਆਵਾਂ ਦੇ ਬਿਲਕੁਲ ਉਲਟ ਸੀ।" ਜਿਸ ਸਿੱਖ ਇਤਿਹਾਸਕਾਰ ਦਾ ਹਵਾਲਾ ਡਾ. ਗੋਪਾਲ ਸਿੰਘ ਨੇ ਦਿਤਾ ਹੈ ਉਹ ਪ੍ਰਤੱਖ ਤੌਰ ਤੇ ਤੱਤ ਖਾਲਸਾ ਦਾ ਸਮੱਰਥਕ ਹੈ। ਇਹ ਖਾਲਸਾ ਪੰਥ ਦਾ ਉਹੀ ਧੜਾ ਹੈ ਜਿਸ ਨੇ ਨਿਗੁਣੇ ਨਿਜੀ ਲਾਭਾਂ ਵਾਸਤੇ ਖੁਦ ਨੂੰ ਮੁਗਲਾਂ ਪਾਸ ਵੇਚ ਦਿਤਾ ਸੀ।

ਆਉ ਹੁਣ ਬਾਬਾ ਬਿਨੋਦ ਸਿੰਘ ਅਤੇ ਉਸਦੇ ਆਦਮੀਆਂ ਦੇ ਗੜ੍ਹੀ ਵਿਚੋਂ ਸਾਫ ਬਚ ਨਿੱਕਲਣ ਦੇ ਮਾਮਲੇ ਵੱਲ ਮੁੜੀਏ ਕਿ ਇਹ ਅਜਬ ਚਮਤਕਾਰ ਕਿਵੇਂ ਹੋ ਗਿਆ ? ਜਦੋਂ ਘੇਰਾ ਐਨਾ ਪੀਡਾ ਸੀ ਤੇ ਮੁਗਲ ਫੌਜ ਪੂਰੀ ਤਰਾਂ ਸਤਰਕ ਸੀ ਫਿਰ ਇਹ ਘਟਨਾ ਕਿਵੇਂ ਵਾਪਰ ਗਈ। ਡਾ. ਗੰਡਾ ਸਿੰਘ ਅਨੁਸਾਰ ਤਾਂ ਬਾਬਾ ਬਿਨੋਦ ਸਿੰਘ ਇਸ ਸਮੇਂ ਇਕਲਾ ਹੀ ਕਿਲ੍ਹੇ ਵਿਚੋਂ ਬਾਹਰ ਨਿਕਲਿਆ ਅਤੇ ਅੱਖ ਦੇ ਫੋਰੇ ਵਿਚ ਹੀ ਮੁਗਲ ਸੈਨਿਕਾਂ ਨੂੰ ਚੀਰਦਾ ਘੇਰੇ ਵਿਚੋਂ ਬਚ ਨਿਕਿਲਆ। ਹਜ਼ਾਰਾਂ ਹੀ ਸਤਰਕ ਸਿਪਾਹੀਆਂ ਵਿਰੁਧ ਇਕ ਇੱਕਲਾ ਇਨਸਾਨ ਕਈਆਂ ਨੂੰ ਮਾਰ ਗਿਆ ਤੇ ਉਸਨੂੰ ਝਰੀਟ ਤੱਕ ਵੀ ਨਾ ਆਈ। ਇਹ ਜਾਂ ਤਾਂ

ਸੁਪਨੇ ਵਿਚ ਹੋ ਸਕਦਾ ਹੈ ਜਾਂ ਫਿਰ ਹਿੰਦੀ ਫਿਲਮਾਂ ਵਿਚ। ਮੈਦਾਨੇ ਜੰਗ ਵਿਚ ਇਹ ਸੰਭਵ ਨਹੀਂ ਹੈ।

ਫਿਰ ਵੀ ਇਹ ਭੇਦ ਕੋਈ ਇਤਨਾ ਗੁੰਝਲਦਾਰ ਜਾਂ ਗੁੱਝਾ ਨਹੀਂ ਹੈ। ਕੇਵਲ ਸਾਰੀ ਸਥਿਤੀ ਨੂੰ ਬੇਲਾਗ ਹੋ ਨੀਝ ਲਾ ਘੋਖਣ ਦੀ ਲੋੜ ਹੈ। ਬਦਕਿਸਮਤੀ ਨਾਲ ਸਿੱਖ ਇਤਿਹਾਸਕਾਰਾਂ ਨੇ ਜਿਹਨਾਂ 'ਚ ਕਾਬਲ ਤੇ ਘੱਟ ਕਾਬਲ ਦੋਵੇਂ ਤਰਾਂ ਦੇ ਸ਼ਾਮਲ ਨੇ, ਤੱਤ-ਖਾਲਸਾ ਦਾ ਹੀ ਪੱਖ ਪੂਰਿਆ ਹੈ – ਕਿਸੇ ਨੇ ਘੱਟ ਤੇ ਕਿਸੇ ਨੇ ਵੱਧ – ਕਿਉਂਕਿ ਸਿੱਖਾਂ ਦੀ ਸੋਚ ਉਪਰ ਉਹੀ ਪੱਖ ਭਾਰੂ ਹੈ। ਨਹੀਂ ਤਾ ਬਾਬਾ ਬਿਨੋਦ ਸਿੰਘ ਦਾ ਸਾਫ ਬਚ ਨਿੱਕਲਣਾ ਤੇ ਉਸਨੂੰ ਝਰੀਟ ਵੀ ਨਾ ਲੱਗਣਾ ਅਤੇ ਬੰਦੇ ਦਾ ਬਿਨਾਂ ਕਿਸੇ ਵਿਰੋਧ ਦੇ ਆਤਮ ਸਮਰਪਣ ਕੋਈ ਇੰਨੀ ਗੁੰਝਲਦਾਰ ਪਹੇਲੀ ਨਹੀਂ ਹੈ ਕਿ ਜਿਸ ਨੂੰ ਸੁਲਝਾਇਆ ਹੀ ਨਾ ਜਾ ਸਕੇ।

ਜਦੋਂ ਮਾਤਾ ਸੁੰਦਰੀ ਦੇ ਹੁਕਮਨਾਮੇ ਰਾਹੀ ਬੰਦੇ ਨੂੰ ਪੰਥ ਵਿਚੋਂ ਛੇਕ ਦਿਤਾ ਗਿਆ ਸੀ ਅਤੇ ਸਾਰੇ ਸ਼ਰਧਾਵਾਨ ਸਿੱਖਾਂ ਨੂੰ ਹੁਕਮ ਸੀ ਕਿ ਉਹ ਬੰਦੇ ਨਾਲ ਕੋਈ ਸਾਂਝ ਨਾ ਰੱਖਣ। ਫਿਰ ਬਾਬਾ ਬਿਨੋਦ ਸਿੰਘ ਤੇ ਉਸਦਾ ਪੁੱਤਰ ਕਾਹਨ ਸਿੰਘ, ਜੋ ਕਿ ਸ਼ਰਧਾਵਾਨ ਸਿੱਖਾਂ ਦੇ ਆਗੂ ਸਨ ਕਿਉਂ ਬੰਦਾ ਬਹਾਦਰ ਨਾਲ ਗੁਰਦਾਸ ਨੰਗਲ ਦੀ ਗੜ੍ਹੀ (ਜਾਂ ਦੁਨੀ ਚੰਦ ਦੀ ਹਵੇਲੀ) ਚ ਜਾ ਜੁੜੇ ? ਇਸ ਦਾ ਜਵਾਬ ਹੈ ਕਿ, ਜਿਵੇਂ ਪਹਿਲਾਂ ਹੀ ਦੱਸਿਆ ਜਾ ਚੁਕਿਆ ਹੈ, ਮਾਤਾ ਸੁੰਦਰੀ ਦੇ ਮੁਤਬੰਨੇ ਪੁਤਰ ਅਜੀਤ ਸਿੰਘ, ਬਾਬਾ ਬਿਨੋਦ ਸਿੰਘ ਅਤੇ ਬਾਬਾ ਕਾਹਨ ਸਿੰਘ ਨੇ ਪਹਿਲਾਂ ਹੀ ਬਾਦਸ਼ਾਹ ਫਰੁਖਸੀਅਰ ਨਾਲ ਸੌਦੇਬਾਜੀ ਕਰ ਲਈ ਸੀ। ਇਸ ਅਨੁਸਾਰ ਅਜੀਤ ਸਿੰਘ ਨੂੰ ਅਮ੍ਰਿਤਸਰ ਵਿਚਲੇ ਸਿੱਖ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਸੌਂਪ ਦਿਤਾ ਗਿਆ ਸੀ ਅਤੇ ਬਾਬਿਆਂ ਨੇ ਬਾਬਾ ਬਿਨੋਦ ਸਿੰਘ ਦੇ ਪੋਤਰੇ ਮੀਰੀ ਸਿੰਘ ਅਤੇ ਕੁਝ ਹੋਰ ਸਿੱਖ ਸਰਦਾਰਾਂ ਦੀ ਅਗਵਾਈ ਥੱਲੇ 5,000 ਸਿੱਖਾਂ ਦਾ ਜੱਥਾ ਲਹੌਰ ਦੇ ਗਵਰਨਰ ਅਬਦੁਸ ਸਮੱਦ ਖਾਨ ਦੀ ਮੁਲਾਜਮਤ ਵਿਚ ਚਲਾ ਗਿਆ ਸੀ। ਉਹਨਾਂ ਬੰਦਾ ਬਹਾਦਰ ਵਿਰੁਧ ਮੁਗਲ ਸਲਤਨਤ ਦੀ ਮੱਦਦ ਕਰਨ ਦੀਆਂ ਕਸਮਾਂ ਖਾਧੀਆਂ ਸਨ ਤੇ ਇਸੇ ਸੌਦੇਬਾਜੀ ਅਨੁਸਾਰ ਹੀ ਬੰਦੇ ਨੂੰ ਪੰਥ ਵਿਚੋਂ ਛੇਕਿਆ ਗਿਆ ਸੀ। ਪ੍ਰਤੱਖ ਤੌਰ ਤੇ ਬਾਬਾ ਬਿਨੋਦ ਸਿੰਘ ਅਤੇ ਬਾਬਾ ਕਾਹਨ ਸਿੰਘ ਦੀ ਜੋੜੀ ਮੁਗਲਾਂ ਦੇ ਏਜੰਟਾਂ ਦੇ ਤੌਰ ਤੇ ਹੀ ਗੜ੍ਹੀ ਵਿਚ ਮੌਜੂਦ ਸਨ। ਉਹ ਅੰਦਰਲੀ ਹਰ ਕਾਰਵਾਈ ਦੀ ਸੂਹ ਮੁਗਲਾਂ ਤੱਕ ਪਹੁੰਚਾਉਂਦੇ ਸਨ। ਬੰਦੇ ਦੇ ਆਦਮੀ ਭੁਖਮਰੀ ਦਾ ਸਾਹਮਣਾ ਜਰੂਰ ਕਰ ਰਹੇ ਸਨ ਪਰ ਉਹ ਇੰਨੇ ਨਿਤਾਣੇ ਨਹੀਂ ਸਨ ਹੋਏ ਜਿੰਨੇ ਕਿ ਡਾ. ਗੰਡਾ ਸਿੰਘ ਉਹਨਾਂ ਨੂੰ ਦਰਸਾਉਂਦਾ ਹੈ। ਉਹਨਾਂ ਦਾ ਆਪਣੇ ਲੀਡਰ ਬੰਦਾ ਬਹਾਦਰ ਵਿਚ ਵਿਸ਼ਵਾਸ ਵੀ ਪਹਿਲਾਂ ਦੀ ਹੀ ਤਰਾਂ ਕਾਇਮ ਸੀ।

ਅਬਦੁਸ ਸਮੱਦ ਖਾਨ ਚਿੰਤਾ ਵਿਚ ਸੀ। ਉਸਨੂੰ 25,000 ਤੋਂ ਵੀ ਵੱਧ ਚੋਣਵੀਆਂ ਫੌਜਾਂ ਦਿਲੀ ਅਤੇ ਸਰਹਿੰਦ ਤੋਂ ਮਿਲੀਆਂ ਸਨ ਜਿਹਨਾਂ ਵਿਚ ਹਜ਼ਾਰਾਂ ਤੁਰਾਨੀ ਯੋਧੇ ਵੀ ਸ਼ਾਮਲ ਸਨ। ਇਸ ਤੋਂ ਇਲਾਵਾ ਉਸ ਦੀਆਂ ਆਪਣੀਆਂ ਫੌਜਾਂ ਅਤੇ ਕਾਂਗੜੇ ਅਤੇ ਜਸਰੋਟਾ ਦੇ ਰਾਜਿਆਂ ਵਲੋਂ ਭੇਜੀਆਂ ਫੌਜਾਂ ਵੀ ਇਸ ਮੁਹਿੰਮ ਵਿਚ ਸ਼ਾਮਲ ਸਨ। ਇਹਨਾਂ ਨਾਲ ਮੀਰੀ ਸਿੰਘ ਅਤੇ ਦੂਜੇ ਸਿੱਖ ਸਰਦਾਰਾਂ ਦੀ ਅਗਵਾਈ ਵਾਲੀ ਤੱਤ ਖਾਲਸਾ ਦੀ ਫੌਜ ਵੀ ਜੋੜ ਲਈ ਜਾਵੇ। ਇਤਨੀ ਫੌਜ ਵੱਡੀ ਮਾਤਰਾ ਵਿਚ ਗੋਲੀ ਸਿੱਕਾ ਤੇ ਤੋਪਾਂ, ਪਰ ਫਿਰ ਵੀ ਉਹ ਬੰਦੇ ਨੂੰ ਫੜਨ ਵਿਚ ਕਾਮਯਾਬ ਨਹੀਂ ਹੋ ਰਿਹਾ ਸੀ ਤੇ ਘੇਰਾ ਪਏ ਨੂੰ ਛੇ ਮਹੀਨੇ ਤੋਂ ਵੀ

ਵੱਧ ਸਮਾਂ ਗੁਜਰ ਚੁੱਕਾ ਸੀ। ਉਹ ਜਲਦੀ ਗੜ੍ਹੀ ਵਿਚ ਘੁਸਣਾ ਚਾਹੁੰਦਾ ਸੀ। ਸੋ ਉਸ ਨੇ ਬਾਬਿਆਂ ਨੂੰ ਅਜਿਹਾ ਪ੍ਰਬੰਧ ਕਰਨ ਲਈ ਕਿਹਾ ਕਿ ਉਸ ਦੀਆਂ ਫੌਜਾਂ ਬਿਨਾਂ ਕਿਸੇ ਵਿਰੋਧ ਦੇ ਅੰਦਰ ਵੜ ਕੇ ਅਚਨਚੇਤ ਹੀ ਬੰਦੇ ਨੂੰ ਕਾਬੂ ਕਰ ਸਕਣ। ਦੋਨਾਂ ਬਾਬਿਆਂ ਨੇ ਪੂਰੀ ਚਤੁਰਾਈ ਨਾਲ ਅਜਿਹੀ ਵਿਉਂਤ ਘੜੀ ਕਿ ਰਾਤ ਦੇ ਸਮੇਂ ਗੜੀ ਦੇ ਦਰਵਾਜ਼ੇ ਖੋਲ੍ਹੇ ਜਾ ਸਕਣ। ਬਰੀਕੀ ਨਾਲ ਘੜੀ ਗਈ ਵਿਉਂਤ ਦੀ ਜਾਣਕਾਰੀ ਅਬਦੁਸ ਸਮਦ ਖਾਨ ਨੂੰ ਵੀ ਦਿਤੀ ਗਈ। ਇਸ ਤੇ ਕਾਰਵਾਈ ਕਰਦਿਆਂ ਬਾਬਾ ਬਿਨੋਦ ਸਿੰਘ ਨੇ ਬੰਦੇ ਨਾਲ ਝਗੜਾ ਸ਼ੁਰੂ ਕਰ ਦਿਤਾ ਅਤੇ ਗਰਮ ਦਲੀਲਬਾਜੀ ਦੇ ਚਲਦਿਆਂ ਬਾਬਾ ਬਿਨੋਦ ਸਿੰਘ ਨੇ ਬੰਦੇ ਤੇ ਵਾਰ ਕਰਨ ਲਈ ਆਪਣੀ ਤਲਵਾਰ ਧੂ ਲਈ। ਵਿਉਂਤ ਅਨੁਸਾਰ ਬਾਬਾ ਕਾਹਨ ਸਿੰਘ ਨੇ ਵਿਚ ਪੈ ਕੇ ਦੋਹਾਂ ਨੂੰ ਵੱਖ ਕੀਤਾ। ਡਾ. ਗੰਡਾ ਸਿੰਘ ਲਿਖਦਾ ਹੈ "ਗੱਲਾਂ ਗੱਲਾਂ ਵਿਚ ਦੋਹਾਂ ਦੇ ਹੱਥ ਤਲਵਾਰਾਂ ਦੀਆਂ ਮੁੱਠਾਂ ਉਤੇ ਚਲੇ ਗਏ। ਇਹ ਦੇਖ ਕੇ ਬਾਬਾ ਬਿਨੋਦ ਸਿੰਘ ਦਾ ਪੁੱਤਰ ਕਾਹਨ ਸਿੰਘ ਆਪਣੇ ਪਿਤਾ ਅਤੇ ਬੰਦਾ ਸਿੰਘ ਦੇ ਵਿਚਕਾਰ ਆ ਖੜੋਤਾ । ਫੈਸਲਾ ਇਹ ਹੋਇਆ ਕਿ ਜੋ ਗੜੀ ਵਿਚੋਂ ਨਿੱਕਲ ਜਾਣਾ ਚਾਹੁੰਦਾ ਹੈ ਉਹ ਨਿਕਲ ਜਾਏ। ਬਾਬਾ ਬਿਨੋਦ ਸਿੰਘ ਨੇ ਇਹ ਫੈਸਲਾ ਪ੍ਰਵਾਨ ਕਰ ਲਿਆ।" ਬਾਬਾ ਬਿਨੋਦ ਸਿੰਘ ਅਤੇ ਉਸ ਦੇ ਆਦਮੀਆਂ ਨੂੰ ਅੱਧੀ ਰਾਤ ਦੇ ਨੇੜੇ ਤੇੜੇ ਗੜ੍ਹੀ ਵਿਚੋਂ ਨਿਕਲ ਜਾਣ ਵਾਸਤੇ ਮੁਖ ਦਰਵਾਜ਼ਾ ਖੋਹਲਣਾ ਹੀ ਪੈਣਾ ਸੀ। ਜਿਉਂ ਹੀ ਬਾਬਾ ਬਿਨੋਦ ਸਿੰਘ ਅਤੇ ਉਸਦੇ ਸਾਥੀ ਗੜੀ ਵਿਚੋਂ ਘੋੜਿਆਂ ਤੇ ਚੜ ਕੇ ਨਿੱਕਲੇ ਮੁਗਲ ਫੌਜ ਅੰਦਰ ਘੁਸ ਆਈ ਤੇ ਬੰਦਾ ਤੇ ਉਸ ਦੇ ਸਾਥੀ ਅਚਨਚੇਤ ਤੇ ਖਾਲੀ ਹੱਥ ਸੌਖਿਆਂ ਹੀ ਕਾਬੂ ਆ ਗਏ। ਉਹਨਾਂ ਵਿਚੋਂ ਅੱਠ ਸੌ ਨੂੰ ਜਿਹਨਾਂ ਵਿਚ ਦੋ ਜਾਸੂਸ ਬਾਬਾ ਕਾਹਨ ਸਿੰਘ ਤੇ ਬਾਬਾ ਬਾਜ ਸਿੰਘ ਵੀ ਸ਼ਾਮਲ ਸਨ, ਬੇੜੀਆਂ ਵਿਚ ਜਕੜ ਕੇ ਇਕ ਜਲੂਸ ਦੀ ਸ਼ਕਲ ਵਿਚ ਦਿੱਲੀ ਲਿਜਾਇਆ ਗਿਆ ਅਤੇ ਉਥੇ ਉਹਨਾਂ ਦੀ ਪਰੇਡ ਕਰਵਾਈ ਗਈ।

****

ਸ਼ਹਾਦਤ

ਜਿਸ ਧੱਜ ਸੇ ਕੋਈ ਮੱਕਤਲ ਮੇਂ ਗਿਆ, ਵੋਹ ਸ਼ਾਨ ਸਲਾਮਤ ਰਹਿਤੀ ਹੈ।
ਇਸ ਜਾ ਕੀ ਤੋ ਕੋਈ ਬਾਤ ਨਹੀਂ, ਯਹ ਜਾਨ ਤੋ ਆਨੀ ਜਾਨੀ ਹੈ।

ਫੈਜ਼ ਅਹਿਮਦ 'ਫੈਜ਼'

ਬੰਦਾ ਬਹਾਦਰ ਬਾਬਾ ਬਿਨੋਦ ਸਿੰਘ ਦੇ ਇਸ ਕਪਟੀ ਵਤੀਰੇ ਤੋਂ ਬੇਹੱਦ ਪਰੇਸ਼ਾਨ ਸੀ ਤੇ ਬਦਕਿਸਮਤੀ ਨਾਲ ਉਸਨੇ ਗੜ੍ਹੀ ਵਿਚ ਹੋ ਰਹੀ ਅਸਾਧਾਰਨ ਹਿਲਜੁਲ ਵੱਲ ਇਹ ਸੋਚ ਕੇ ਧਿਆਨ ਨਾ ਦਿਤਾ ਕਿ ਬਾਬਾ ਬਿਨੋਦ ਸਿੰਘ ਆਪਣੇ ਸਾਥੀਆਂ ਨੂੰ ਗੜ੍ਹੀ ਵਿਚੋਂ ਨਾਲ ਚੱਲਣ ਲਈ ਮਜਬੂਰ ਕਰ ਰਿਹਾ ਹੈ। ਫਿਰ ਅਚਨਚੇਤੀ ਹੀ ਉਸਦੇ ਕਮਰੇ ਦਾ ਦਰਵਾਜਾ ਚਪੱਟ ਖੁਲ ਗਿਆ ਅਤੇ ਅਬਦੁਸ ਸਮੱਦ ਖਾਨ ਅਪਣੇ ਤੁਰਾਨੀ ਕਮਾਂਡੋਆਂ ਵਿਚ ਘਿਰਿਆ ਉਸਦੇ ਕਮਰੇ ਵਿਚ ਦਾਖਲ ਹੋਇਆ ਅਤੇ ਉਸ ਆਪਣੀ ਬੰਦੂਕ ਬੰਦੇ ਦੇ ਸਿਰ ਵੱਲ ਸੇਧ ਲਈ ਜਿਹੜਾ ਕਿ ਇਕ ਖੁਰਦਰੀ ਦਰੀ ਤੇ ਗੁੱਛਾ ਮੁੱਛਾ ਹੋਇਆ ਪਿਆ ਸੀ। ਬਚਣ ਜਾਂ ਮੁਕਾਬਲਾ ਕਰਨ ਦਾ ਕੋਈ ਮੌਕਾ ਹੀ ਨਾ ਮਿਲਿਆ। ਤਾਤਾਰੀ ਸਿਪਾਹੀ ਉਸ ਉਪਰ ਝੱਪਟ ਪਏ ਅਤੇ ਉਸਦੇ ਹੱਥ ਉਸਦੀ ਪਿੱਠ ਪਿਛੇ ਭਾਰੀ ਸੰਗਲਾਂ ਨਾਲ ਜਕੜ ਦਿਤੇ। ਫਿਰ ਜ਼ਖਮਾਂ ਤੇ ਮੱਲਮ ਲਗਾਉਂਦਿਆਂ ਅਬਦੁਸ ਸਮੱਦ ਖਾਨ ਨੇ ਬੰਦੇ ਨੂੰ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ ਕਿ ਉਹ ਬਾਦਸ਼ਾਹ ਨੂੰ ਬੇਨਤੀ ਕਰੇਗਾ ਕਿ ਉਸਨੂੰ ਅਤੇ ਉਸਦੇ ਆਦਮੀਆਂ ਨੂੰ ਸ਼ਾਹੀ ਮੁਆਫੀ ਦੇ ਦਿਤੀ ਜਾਵੇ ਅਤੇ ਉਸ ਨਾਲ ਉਸਦੇ ਰੁਤਬੇ ਦੇ ਅਨੁਸਾਰ ਹੀ ਵਿਹਾਰ ਕੀਤਾ ਜਾਵੇਗਾ। ਪਰ ਖਾਨ ਦਾ ਇਹ ਭਰੋਸਾ ਬੰਦੇ ਨੂੰ ਮੂਰਖ ਨਹੀਂ ਸੀ ਬਣਾ ਸਕਦਾ। ਕਿਸੇ ਦੇ ਉਸਨੂੰ ਦੱਸਣ ਦੀ ਲੋੜ ਨਹੀਂ ਸੀ ਕਿ ਮੁਗਲ ਬਾਗੀਆਂ ਨਾਲ ਕਿਹੋ ਜਿਹਾ ਸਲੂਕ ਕਰਦੇ ਹਨ – ਬਾਗੀ ਭਾਵੇਂ ਉਹਨਾਂ ਦੇ ਆਪਣੇ ਕੁਨਬੇ ਦਾ ਹੀ ਕਿਉਂ ਨਾ ਹੋਵੇ। ਉਸ ਆਪਣੀ ਤਕਦੀਰ ਨਾਲ ਸਮਝੌਤਾ ਕਰ ਲਿਆ ਅਤੇ ਬਿਲਕੁਲ ਸ਼ਾਂਤ ਹੋ ਗਿਆ ਜਿਵੇਂ ਕਿ ਉਸ ਦੀ ਲਿਵ ਲੱਗ ਗਈ ਹੋਵੇ।

ਆਪਣੇ ਅੱਠ ਸੌ ਸਮਰਪਤ ਸੈਨਿਕਾਂ ਦੇ ਅੱਗੇ ਅੱਗੇ ਜ਼ੰਜੀਰਾਂ ਵਿਚ ਜਕੜੇ ਬੰਦਾ ਬਹਾਦੁਰ ਨੂੰ ਤਾਤਾਰੀ ਫੌਜੀਆਂ ਦੀ ਨਿਗਰਾਨੀ ਹੇਠ ਦੁਨੀ ਚੰਦ ਦੀ ਹਵੇਲੀ ਵਿਚੋਂ ਬਾਹਰ ਕੱਢ ਕੇ ਸ਼ਾਹੀ ਕੈਂਪ ਵਿਚ ਕੈਦ ਕਰਨ ਲਈ ਲਿਜਾਇਆ ਗਿਆ। ਦੁਨੀ ਚੰਦ ਦੀ ਹਵੇਲੀ ਦੇ ਅਹਾਤੇ ਵਿਚ ਦੋ ਤਿੰਨ ਸੌ ਸਿੰਘ ਅਜਿਹੇ ਹੋਰ ਵੀ ਸਨ ਜਿਹੜੇ ਕਿ ਪੇਚਸ਼ ਤੇ ਇਸ ਨਾਲ ਸਬੰਧਤ ਬਿਮਾਰੀਆਂ ਕਾਰਨ ਉਠ ਕੇ ਚੱਲਣ ਤੋਂ ਵੀ ਅਸਮਰੱਥ ਸਨ। ਉਹਨਾਂ ਨੂੰ ਮੁਗਲ ਅਤੇ ਤਾਤਾਰੀ ਫੌਜੀਆਂ ਦੇ ਹਵਾਲੇ ਕਰ ਦਿਤਾ ਗਿਆ ਜਿਹਨਾਂ ਨੇ ਉਹਨਾਂ ਨੂੰ ਮੌਕੇ ਤੇ ਹੀ ਕਤਲ ਕਰ ਦਿਤਾ।

ਅਬਦੁਸ ਸਮੱਦ ਖਾਨ ਅਤੇ ਉਸਦੀ ਫੌਜ ਨੇ ਕੁਝ ਦਿਨਾਂ ਤੀਕਰ ਇਸ ਅਚਾਨਕ ਹੋਈ

ਜਿੱਤ ਦੇ ਜਸ਼ਨ ਮਨਾਏ। ਫੇਰ ਉਹ ਆਪਣੇ ਕੈਦੀਆਂ ਨੂੰ ਨਾਲ ਲੈ ਲਹੌਰ ਨੂੰ ਚਲ ਪਏ। ਕਾਮਵਰ ਖਾਨ ਇਸ ਜਿਤ ਬਾਰੇ ਬੇਬਾਕ ਹੋ ਕੇ ਲਿਖਦਾ ਹੈ "ਇਹ ਕਿਸੇ ਦੀ ਅਕਲਮੰਦੀ ਜਾਂ ਬਹਾਦਰੀ ਦਾ ਨਤੀਜਾ ਨਹੀਂ ਸੀ ਬਲਕਿ ਖੁਦਾ ਦੀ ਮਿਹਰਬਾਨੀ ਸੀ ਕਿ ਇਹ ਇਸ ਤਰਾਂ ਹੋ ਗਿਆ। ਨਹੀਂ ਤਾਂ ਹਰ ਕਿਸੇ ਨੂੰ ਪਤਾ ਹੈ ਕਿ ਬਾਦਸ਼ਾਹ ਬਹਾਦਰ ਸ਼ਾਹ ਨੇ ਆਪਣੇ ਚਾਰੇ ਸਹਿਜ਼ਾਦਿਆਂ ਅਤੇ ਅਣਗਿਣਤ ਅਹਿਲਕਾਰਾਂ ਅਤੇ ਜਰਨੈਲਾਂ ਸਮੇਤ ਇਹਨਾਂ ਕਾਫਰਾਂ (ਸਿੱਖਾਂ) ਦੀ ਬਗਾਵਤ ਨੂੰ ਦਬਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਸੀ ਪਰ ਉਸਦੇ ਸਾਰੇ ਜਤਨ ਨਿਹਫਲ ਗਏ ਸਨ।" ਇਸੇ ਤਰਾਂ ਬਾਦਸ਼ਾਹ ਫਰੁਖਸੀਅਰ ਦਾ ਮੁਨਸ਼ੀ ਮੌਲਵੀ ਗੁਲਾਮ ਅਲੀ ਲਿਖਦਾ ਹੈ "ਸਿੰਘਾਂ ਦੇ ਪੰਥ ਤੇ ਬੰਦੇ ਬੈਰਾਗੀ ਵਿਚ ਈਸ਼ਵਰ ਦੀ ਕੁਦਰਤ ਨੇ ਐਸੀ ਲਾਸਾਨੀ ਤਾਕਤ ਬਖਸ਼ੀ ਸੀ ਜੋ ਹਰ ਕਿਸੇ ਨੂੰ ਪ੍ਰਾਪਤ ਨਹੀਂ। ਇਹਨਾਂ ਲੁਟੇਰਿਆਂ ਨੇ ਸੂਬੇ ਸਰਹਿੰਦ ਤੇ ਲਾਹੌਰ ਨੂੰ ਬਰਬਾਦ ਕਰ ਛੱਡਿਆ, ਅਨੇਕ ਵਾਰੀ ਇਹਨਾਂ ਪਰ ਲਸ਼ਕਰ ਗਿਆ ਪਰ ਏਹ ਕਾਬੂ ਨਹੀਂ ਆਏ। ਇਹਨਾਂ ਨੇ ਐਸੇ ਐਸੇ ਚਾਲੇ ਫੰਦ ਫਰੇਬ ਕੀਤੇ ਤੇ ਸ਼ਾਹੀ ਅਫਸਰਾਂ ਨੂੰ ਹੱਥ ਦਿਖਾਏ ...ਉੜਕ ਬਾਦਸ਼ਾਹ ਨੇ ਇਹਨਾਂ ਵਿਚ ਨਿਫਾਕ ਪਾ ਕੇ ਕੁਝ ਸਿੱਖਾਂ ਸਮੇਤ ਬੰਦੇ ਨੂੰ ਬੜੀ ਮੁਸ਼ਕਿਲ ਨਾਲ ਫੜਕੇ ਦਿੱਲੀ ਮੰਗਾ ਕੇ ਮਰਵਾਇਆ। ਸੋ ਭੀ ਧੋਖੇ ਵਿਚ ਆ ਕੇ ਫੜਿਆ ਗਿਆ। ਨਹੀਂ ਤਾਂ ਉਸਨੂੰ ਕਿਸ ਮਾਈ ਦੇ ਪੁੱਤਰ ਨੇ ਫੜਨਾ ਸੀ।"

ਬੰਦਾ ਬਹਾਦਰ ਤੇ ਉਸ ਦੇ ਸਮਰਪਤ ਸਾਥੀ 7 ਦਸੰਬਰ 1715 ਨੂੰ ਕਾਬੂ ਕਰ ਲਏ ਸਨ ਪਰ ਬਾਦਸ਼ਾਹ ਫਰੁਖਸੀਅਰ ਕੋਲ ਇਹ ਖੁਸ਼ੀ ਦੀ ਖਬਰ ਮੁਹੰਮਦ ਅਮੀਨ ਖਾਨ ਜਰੀਏ 12 ਦਸੰਬਰ 1715 ਨੂੰ ਪਹੁੰਚੀ। ਉਸ ਸਮੇਂ ਦੇ ਸੰਚਾਰ ਅਤੇ ਆਵਾਜਾਈ ਦੇ ਸਾਧਨਾਂ ਨੂੰ ਜੇਕਰ ਧਿਆਨ ਗੋਚਰ ਕਰੀਏ ਤਾਂ ਇਸ ਨੂੰ ਦੇਰੀ ਨਹੀਂ ਆਖਿਆ ਜਾ ਸਕਦਾ। ਪਰ ਇਕ ਗੱਲ ਸਮਝ ਨਹੀਂ ਪੈਂਦੀ ਕਿ ਇਹਨਾਂ ਕੈਦੀਆਂ ਨੂੰ ਦਿੱਲੀ ਲਿਜਾ ਕੇ ਬਾਦਸ਼ਾਹ ਸਾਹਮਣੇ ਪੇਸ਼ ਕਰਨ ਲਈ ਤਿੰਨ ਮਹੀਨੇ ਕਿਉਂ ਲੱਗੇ। ਖਾਫੀ ਖ਼ਾਂ ਦਸਦਾ ਹੈ ਕਿ ਮੁਹਰਮ ਦੇ ਮਹੀਨੇ (29 ਫਰਵਰੀ 1716) ਇਹ ਕੈਦੀ ਅਤੇ ਸ਼ਹੀਦ ਹੋਏ ਸਿਘਾਂ ਦੇ ਸਿਰ ਦਿੱਲੀ ਦੇ ਨਜਦੀਕ ਅਗਰਾਬਾਦ ਕੋਲ ਪਹੁੰਚ ਰਹੇ ਸਨ। ਬਖਸ਼ੀ ਇਤਮਾਦੁਲ ਦੌਲਾ ਮੁਹੰਮਦ ਅਮੀਨ ਖਾਨ ਨੂੰ ਬਾਦਸ਼ਾਹ ਵੱਲੋਂ ਹੁਕਮ ਹੋਇਆ ਕਿ ਉਹ ਸ਼ਹਿਰੋਂ ਬਾਹਰ ਜਾ ਕੇ ਕੈਦੀਆਂ ਦੇ ਮੂੰਹ ਕਾਲੇ ਕਰੇ ਅਤੇ ਉਹਨਾਂ ਦੇ ਲੱਕੜ ਦੀਆਂ ਟੋਪੀਆਂ ਪਹਿਨਾਵੇ। ਇਹ ਵੀ ਪਤਾ ਚਲਦਾ ਹੈ ਕਿ ਅਬਦੁਸ ਸਮੱਦ ਖਾਨ ਨੂੰ ਇਹ ਇਜਾਜ਼ਤ ਨਾ ਦਿਤੀ ਗਈ ਕਿ ਉਹ ਖੁਦ ਇਹਨਾਂ ਕੈਦੀਆਂ ਨੂੰ ਲਿਆਕੇ ਬਾਦਸ਼ਾਹ ਦੇ ਹਜ਼ੂਰ ਪੇਸ਼ ਕਰੇ। ਉਸਨੂੰ ਕੂਟਨੀਤਿਕ ਢੰਗ ਨਾਲ ਇਹ ਹਿਦਾਇਤ ਦਿਤੀ ਗਈ ਕਿ ਉਹ ਆਪਣੇ ਇਲਾਕਿਆਂ ਦੇ ਪ੍ਰਬੰਧ ਉਪਰ ਨਿਗਾਹ ਰੱਖੇ ਅਤੇ ਕੈਦੀਆਂ ਨੂੰ ਦਿੱਲੀ ਲੈ ਕੇ ਆਉਣ ਦਾ ਜਿੰਮਾ ਆਪਣੇ ਪੁਤਰ ਜ਼ਕਰੀਆ ਖਾਨ ਅਤੇ ਮੁਹੰਮਦ ਅਮੀਨ ਦੇ ਪੁਤਰ ਕੁਮਰੁਦਦੀਨ ਨੂੰ ਸੌਂਪ ਦੇਵੇ। ਬੰਦੇ ਨੂੰ ਜਿਉਂਦਾ ਫੜਨ ਦੀ ਆਪਣੀ ਕਰਾਮਾਤੀ ਸਫਲਤਾ ਉਪਰ ਅਬਦੁਸ ਸਮਦ ਖਾਨ ਦਾ ਫ਼ਖ਼ਰ ਕਰਨਾ ਜਾਇਜ਼ ਸੀ ਅਤੇ ਇਸ ਲਈ ਬਾਦਸ਼ਾਹ ਪਾਸੋਂ ਮਾਣ ਸਨਮਾਨ ਦੀ ਉਮੀਦ ਕਰਨਾ ਵੀ ਕੋਈ ਗਲਤ ਨਹੀਂ ਸੀ। ਪਰ ਉਸਨੂੰ ਕੈਦੀਆਂ ਨੂੰ ਨਾਲ ਲੈ ਕੇ ਦਿੱਲੀ ਆਉਣ ਦੀ ਇਜਾਜ਼ਤ ਨਾ ਦੇਣ ਤੋਂ ਬਾਦਸ਼ਾਹ ਦੀ ਨਾਖੁਸ਼ੀ ਝਲਕਦੀ ਸੀ। ਬਾਦਸ਼ਾਹ ਦੀ ਨਰਾਜ਼ਗੀ ਦਾ ਕੀ ਕਾਰਨ ਸੀ ? ਅਬਦੁਸ ਸਮਦ ਖਾਨ ਨੂੰ ਉਸਨੇ ਖੁਦ ਕਸ਼ਮੀਰ ਤੋਂ ਲਿਆ ਕੇ ਲਹੌਰ ਲਾਇਆ ਸੀ ਤਾਂ ਜੋ ਸਿੱਖਾਂ ਨੂੰ ਦਬਾਇਆ ਜਾ ਸਕੇ। ਸੰਭਵਤਾ

ਅਬਦੁਸ ਸਮਦ ਖਾਨ ਨੇ ਸਿੱਖਾਂ ਨਾਲ ਕੀਤੇ ਆਪਣੇ ਵਾਅਦੇ ਅਨੁਸਾਰ ਬਾਦਸ਼ਾਹ ਪਾਸ ਆਮ ਖਾਸ ਸਿੱਖਾਂ ਨੂੰ ਅਤੇ ਇਹਨਾਂ ਕੈਦੀਆਂ ਨੂੰ ਮੁਆਫੀ ਦੇਣ ਦੀ ਬੇਨਤੀ ਕਰ ਦਿਤੀ ਸੀ। ਸ਼ਾਇਦ ਉਸਦਾ ਮੰਤਵ ਇਹ ਸੀ ਕਿ ਉਹ ਬਾਗੀ ਸਿੱਖਾਂ ਨਾਲ ਗਲਬਾਤ ਕਰਕੇ ਉਹਨਾਂ ਨੂੰ ਸੰਘਰਸ਼ ਦਾ ਰਾਹ ਤਿਆਗ ਸਾਂਤੀ ਪੂਰਵਕ ਜੀਵਨ ਬਸਰ ਕਰਨ ਲਈ ਮਨਾਉਣਾ ਚਾਹੁੰਦਾ ਸੀ। ਫਰੁਖਸੀਅਰ ਵਿਚ ਆਪਣੇ ਦਾਦਾ ਬਹਾਦਰ ਸ਼ਾਹ ਵਰਗੀ ਫਰਾਖ ਦਿੱਲੀ ਨਹੀਂ ਸੀ। ਉਹ ਤਾਂ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਦ੍ਰਿੜ ਸੀ। ਸੋ ਅਬਦੁਸ ਸਮਦ ਖਾਨ ਦੀ ਬੇਨਤੀ ਤੋਂ ਉਹ ਚਿੜ ਗਿਆ ਸੀ। ਉਸਨੇ ਖਾਨ ਨੂੰ ਹੁਕਮ ਕੀਤਾ ਕਿ ਉਹ ਸਖਤੀ ਨਾਲ ਸਿੱਖਾਂ ਨੂੰ ਖਤਮ ਕਰੇ ਅਤੇ ਹਰ ਸੰਭਵ ਤਰੀਕੇ ਨਾਲ ਬੰਦਾ ਬਹਾਦਰ ਤੇ ਉਸਦੇ ਸਾਥੀਆਂ ਨੂੰ ਜਲੀਲ ਕਰੇ। ਡਾ. ਗੰਡਾ ਸਿੰਘ ਲਿਖਦਾ ਹੈ "ਅਬਦੁਸ ਸਮਦ ਖਾਨ ਨੇ ਇਸ ਉਘੇ ਕੈਦੀ ਨੂੰ ਦਿੱਲੀ ਲੈ ਕੇ ਆਉਣ ਦੀ ਆਗਿਆ ਮੰਗੀ ਜਿਸ ਦੇ ਉਤਰ ਵਿਚ ਬਾਦਸ਼ਾਹ ਨੇ ਹੁਕਮ ਦਿਤਾ ਕਿ ਉਹ ਸੂਬੇ ਦੇ ਰਾਜ ਪ੍ਰਬੰਧ ਵੱਲ ਵੇਖੇ ਅਤੇ ਕੈਦੀਆਂ ਨੂੰ ਆਪਣੇ ਪੁੱਤਰ ਜ਼ਕਰੀਆ ਖਾਨ ਅਤੇ ਮੁਹੰਮਦ ਅਮੀਨ ਦੇ ਪੁੱਤਰ ਕਮਰੁਦਦੀਨ ਖਾਨ ਨਾਲ ਦਿੱਲੀ ਭੇਜ ਦੇਵੇ। ਲਹੌਰੋਂ ਤੁਰਨ ਵੇਲੇ ਜ਼ਕਰੀਆ ਖਾਨ ਨੂੰ ਬਾਦਸ਼ਾਹ ਦੇ ਪੇਸ਼ ਕਰਨ ਲਈ ਦੋ ਕੁ ਸੌ ਸਿੰਘਾਂ ਦੇ ਸਿਰ ਕੁਝ ਥੋੜੇ ਜਾਪੇ। ਇਸ ਲਈ ਉਸਨੇ ਇਲਾਕੇ ਵਿਚ ਸਿੰਘਾਂ ਦੀ ਭਾਲ ਸ਼ੁਰੂ ਕਰਵਾ ਦਿਤੀ। ਫੌਜਦਾਰ ਅਤੇ ਚੌਧਰੀ ਇਲਾਕੇ ਵਿਚ ਫਿਰ ਨਿਕਲੇ ਅਤੇ ਪਿੰਡਾਂ ਵਿਚੋਂ ਅਨੇਕਾਂ ਬੇਗੁਨਾਹ ਲੋਕਾਂ ਨੂੰ ਫੜਕੇ ਸਿਰਾਂ ਦੀ ਗਿਣਤੀ ਪੂਰੀ ਕਰਨ ਲਈ ਜ਼ਕਰੀਆ ਖਾਨ ਪਾਸ ਭੇਜ ਦਿਤਾ।"

ਇੰਝ ਲਗਦਾ ਹੈ ਕਿ ਬਾਦਸ਼ਾਹ ਨੇ ਵੀ ਅਬਦੁਸ ਸਮੱਦ ਖਾਨ ਦੀ ਬੇਨਤੀ ਤੇ ਫੈਸਲਾ ਕਰਨ ਲਈ ਕਾਫੀ ਸਮਾਂ ਲਾਇਆ ਤੇ ਫਿਰ ਜ਼ਕਰੀਆ ਖਾਨ ਨੇ ਵੀ ਬਾਦਸ਼ਾਹ ਨੂੰ ਪ੍ਰਭਾਵਿਤ ਕਰਨ ਜੋਗੇ ਸਿਰ ਇਕੱਠੇ ਕਰਨ ਲਈ ਵੀ ਕੁਝ ਸਮਾਂ ਲਾਇਆ। ਸੋ ਇਸ ਸਾਰੇ ਮਾਮਲੇ ਨੂੰ ਵਿਚਾਰਨ ਉਪਰੰਤ ਇਹੀ ਲਗਦਾ ਹੈ ਕਿ ਇਹ ਜਲੂਸ ਲਹੌਰ ਤੋਂ ਜਨਵਰੀ ਦੇ ਅਖੀਰਲੇ ਹਫਤੇ ਜਾਂ ਫਰਵਰੀ 1716 ਦੇ ਪਹਿਲੇ ਹਫਤੇ ਚੱਲਿਆ।

ਬਾਦਸ਼ਾਹ ਦੀ ਖੁਸ਼ੀ ਪ੍ਰਾਪਤ ਕਰਨ ਦੀ ਇਛਾ ਨਾਲ ਲਹੌਰ ਤੋਂ ਦਿੱਲੀ ਦੇ ਰਸਤੇ 'ਚ ਪੈਂਦੇ ਸਾਰੇ ਮਹੱਤਵਪੂਰਨ ਸ਼ਹਿਰਾਂ ਵਿਚ ਇਹਨਾਂ ਕੈਦੀਆਂ ਦਾ ਜਲੂਸ ਕੱਢਿਆ ਜਾਂਦਾ ਤੇ ਖਿਲੀ ਉਡਾਈ ਜਾਂਦੀ। ਇਸ ਦਾ ਉਦੇਸ਼ ਗੈਰ-ਮੁਸਲਿਮਾਂ ਦੇ ਮਨਾਂ ਵਿਚ ਭੈਅ ਪੈਦਾ ਕਰਨਾ ਸੀ ਅਤੇ ਮੁਸਲਮਾਨਾਂ ਦਾ ਹੌਸਲਾ ਵਧਾਉਣਾ ਸੀ ਜਿਹਨਾਂ ਨੇ ਬੰਦਾ ਬਹਾਦਰ ਤੇ ਉਸਦੇ ਸਾਥੀਆਂ ਹੱਥੋਂ ਸਰਹੰਦ, ਸਮਾਣਾ ਅਤੇ ਸਢੌਰਾ ਆਦਿ ਸ਼ਹਿਰਾਂ ਵਿਚ ਬਹੁਤ ਸੰਤਾਪ ਭੋਗਿਆ ਸੀ।

ਜਲੂਸ ਦੇ ਮੂਹਰੇ ਢੋਲ ਵਜਦੇ ਸਨ ਅਤੇ ਉਹਨਾਂ ਦੇ ਪਿਛੇ ਵੱਖ ਵੱਖ ਸਾਜਿੰਦੇ ਸੰਗੀਤ ਵਜਾਉਂਦੇ ਜਾ ਰਹੇ ਸਨ ਤਾਂ ਜੋ ਆਮ ਜਨਤਾ ਦਾ ਧਿਆਨ ਇਸ ਨਜ਼ਾਰੇ ਵੱਲ ਖਿਚਿਆ ਜਾ ਸਕੇ। ਉਹਨਾਂ ਦੇ ਪਿਛੇ ਮੁਗਲ ਸੈਨਿਕਾਂ ਦੀ ਇਕ ਲੰਬੀ ਕਤਾਰ ਸੀ ਜਿਸ ਨੇ ਨੇਜਿਆਂ ਅਤੇ ਬਾਂਸਾਂ ਉਪਰ ਸ਼ਹੀਦ ਹੋਏ ਸਿੰਘਾਂ ਦੇ ਸਿਰ ਟੰਗੇ ਹੋਏ ਸਨ। ਉਸ ਤੋਂ ਬਾਅਦ ਉਹ ਹਾਥੀ ਸੀ ਜਿਸ ਉਪਰ ਬੰਦਾ ਬਹਾਦਰ ਨੂੰ ਇਕ ਲੋਹੇ ਦੇ ਪਿੰਜਰੇ ਵਿਚ ਬੰਦ ਕਰਕੇ ਬਿਠਾਇਆ ਗਿਆ ਸੀ। ਉਸਨੂੰ ਲੋਹੇ ਦੀਆਂ ਜੰਜੀਰਾਂ ਨਾਲ ਜਕੜਿਆ ਹੋਇਆ ਸੀ ਅਤੇ ਜੋਕਰਾਂ ਵਰਗੇ ਕਪੜੇ ਪੁਆਏ ਗਏ ਸਨ। ਉਸਦੇ ਪਿੰਜਰੇ ਦੇ ਪਿਛੇ ਇਕ ਮੁਗਲ ਸਿਪਾਹੀ ਨੰਗਾ ਛੁਰਾ ਲਈ ਬੈਠਾ

ਸੀ ਤਾਂ ਜੋ ਜੇਕਰ ਬੰਦਾ ਸੰਗਲਾਂ ਵਿਚੋਂ ਅਜ਼ਾਦ ਹੋਣ ਦੀ ਕੋਸ਼ਿਸ਼ ਕਰੇ ਤਾਂ ਇਹ ਛੁਰਾ ਉਸ ਦੇ ਘੋਪਿਆ ਜਾ ਸਕੇ। ਬੰਦੇ ਦੇ ਹਾਥੀ ਦੇ ਪਿਛੇ ਸੰਗਲਾਂ ਵਿਚ ਬੁਰੀ ਤਰਾਂ ਨਰੜੇ ਹੋਏ ਉਸਦੇ ਯੁੱਧਾਂ ਦੇ ਸਾਥੀ ਸਨ ਜਿਹਨਾਂ ਨੂੰ ਮਰੀਅਲ ਅਤੇ ਬੁੱਢੇ ਖੋਤਿਆਂ ਅਤੇ ਊਠਾਂ ਉਪਰ ਬਿਠਾਇਆ ਗਿਆ ਸੀ। ਉਹਨਾਂ ਤੋਂ ਥੋੜਾ ਹੱਟਕੇ ਪਿਛੇ ਪਿਛੇ ਆ ਰਹੀ ਸੀ ਹਿੰਦੂ ਪਹਾੜੀ ਰਾਜਿਆਂ ਤੇ ਉਹਨਾਂ ਦੇ ਸੈਨਿਕਾਂ ਦੀ ਭੀੜ ਤੇ ਉਹਨਾਂ ਦੇ ਪਿਛੇ ਸਨ ਮੁਸਲਿਮ ਜਗੀਰਦਾਰ ਅਤੇ ਮੱਨਸਬਦਾਰ, ਆਪਣੀਆਂ ਛੋਟੀਆਂ ਫੌਜੀ ਟੁਕੜੀਆਂ ਸਮੇਤ। ਜ਼ਕਰੀਆ ਖਾਨ ਅਤੇ ਕਮਰੁਦਦੀਨ ਇਸ ਸਭ ਕਾਸੇ ਤੇ ਬਾਜ ਅੱਖ ਰਖ ਰਹੇ ਸਨ ਤਾਂ ਕਿ ਕੋਈ ਗੜਬੜ ਨਾ ਹੋ ਜਾਵੇ।

ਇਸ ਜਲੂਸ ਦਾ ਆਖਰੀ ਪੜਾਅ ਦਿੱਲੀ ਦੇ ਲਾਗੇ ਅਗਰਾਬਾਦ ਸੀ। ਬਾਦਸ਼ਾਹ ਦੇ ਹੁਕਮ ਅਨੁਸਾਰ ਇਸ ਜਗ੍ਹਾ ਕੈਦੀਆਂ ਦੇ ਮੂੰਹ ਕਾਲੇ ਕੀਤੇ ਗਏ ਅਤੇ ਉਹਨਾਂ ਨੂੰ ਲੱਕੜ ਦੀਆਂ ਟੋਪੀਆਂ ਪਹਿਨਾਈਆਂ ਗਈਆਂ। ਇਸ ਗੱਲ ਦੀ ਠੋਸ ਗਵਾਹੀ ਮੌਜੂਦ ਹੈ ਕਿ ਬੰਦਾ ਤੇ ਉਸਦੇ ਸਾਥੀਆਂ ਨੇ ਇਸ ਦੁਖਦਾਇਕ ਸਥਿਤੀ ਦਾ ਸਾਹਮਣਾ ਖਿੜੇ ਮੱਥੇ ਗੁਰਬਾਣੀ ਦੇ ਸ਼ਬਦ ਗਾਉਂਦੇ ਹੋਏ ਕੀਤਾ। ਉਹਨਾਂ ਦੇ ਚਿਹਰਿਆਂ ਉਪਰ ਚਿੰਤਾ ਜਾਂ ਅਫਸੋਸ ਦਾ ਨਿਸ਼ਾਨ ਮਾਤਰ ਵੀ ਨਹੀਂ ਸੀ। ਹੌਸਲੇ ਅਤੇ ਧੀਰਜ ਦਾ ਇਹ ਇਕ ਸ਼ਾਨਮੱਤਾ ਪ੍ਰਗਟਾਵਾ ਸੀ। ਇਹ ਜਲੂਸ ਜਦੋਂ ਦਿੱਲੀ ਵਿਚ ਦਾਖਲ ਹੋਇਆ ਤਾਂ ਦਿੱਲੀ ਦੀਆਂ ਗਲੀਆਂ ਵਿਚ ਜੋ ਭੀੜ ਇਹਨਾਂ ਬਹਾਦਰ ਸਿੱਖਾਂ ਦੀ ਖਿੱਲੀ ਉਡਾਉਣ ਅਤੇ ਫਿਕਰੇ ਕਸਣ ਲਈ ਜੁੜੀ ਸੀ ਉਹ ਇਹਨਾਂ ਦੇ ਚੇਹਰੇ ਦਾ ਜਾਹੋ ਜਲਾਲ ਵੇਖ ਖੁਦ ਸ਼ਰਮਿੰਦਗੀ ਮਹਿਸੂਸ ਕਰ ਰਹੀ ਸੀ। ਕੈਸਾ ਅਜਬ ਨਜ਼ਾਰਾ ਸੀ ਕਿ ਜਿਹੜੇ ਕਿਸੇ ਦਾ ਮੌਜੂ ਉਡਾਉਣ ਲਈ ਇਕਠੇ ਹੋਏ ਸਨ ਉਹਨਾਂ ਦਾ ਖੁਦ ਦਾ ਹੀ ਮੌਜੂ ਬਣ ਗਿਆ ਸੀ।

ਸੋਰਠਿ ਮਹਲਾ ੯।
ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ।੧।ਰਹਾਉ।
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ।
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ।(ਪੰਨਾ ੬੩੩)

ਡਾ. ਗੋਪਾਲ ਸਿੰਘ ਲਿਖਦਾ ਹੈ "ਜਦੋਂ ਇਹ ਜਲੂਸ ਬਾਦਸ਼ਾਹ ਅੱਗੋਂ ਗੁਜਰ ਗਿਆ ਤਾਂ ਹੁਕਮ ਹੋਇਆ ਕਿ ਗੁਰੂ (ਭਾਵ ਬੰਦਾ), ਉਸ ਦੇ ਪੁੱਤਰ ਅਤੇ ਪਤਨੀ ਅਤੇ ਦੋ ਜਾਂ ਤਿੰਨ ਪ੍ਰਮੁਖ ਸਾਥੀਆਂ ਨੂੰ ਕਿਲ੍ਹੇ ਵਿਚ ਕੈਦ ਕਰ ਦਿਤਾ ਜਾਵੇ।" ਬਾਕੀ ਕੈਦੀਆਂ ਨੂੰ ਦੋ ਦੋ ਸੌ ਜਾਂ ਤਿੰਨ ਤਿੰਨ ਸੌ ਦੇ ਜੱਥਿਆਂ ਵਿਚ ਹਰ ਰੋਜ਼ ਕਤਲ ਕੀਤਾ ਜਾਣਾ ਸੀ। ਪਰ ਸ਼ਾਇਦ ਇੰਨੀ ਵੱਡੀ ਗਿਣਤੀ ਨੂੰ ਇਕ ਦਿਨ ਵਿਚ ਕਤਲ ਕਰਨਾ ਵਿਹਾਰਕ ਨਹੀਂ ਸੀ। ਬਰਤਾਨੀਆਂ ਦੀ ਈਸਟ ਇੰਡੀਆਂ ਕੰਪਨੀ ਦੇ ਦੋ ਅਫਸਰਾਂ ਜੋਹਨ ਸਰਮਨ ਅਤੇ ਐਡਵਰਡ ਸਟੀਫਨਸਨ ਨੇ ਲਿਖਿਆ ਹੈ ਕਿ ਹਰ ਰੋਜ਼ ਕੇਵਲ ਸੌ ਕੈਦੀਆਂ ਦੇ ਹੀ ਸਿਰ ਕਲਮ ਕੀਤੇ ਜਾਂਦੇ ਸਨ। ਇਹ ਗੱਲ ਉਹਨਾਂ ਆਪਣੀ 10 ਮਾਰਚ 1716 ਦੀ ਚਿੱਠੀ ਵਿਚ ਲਿਖੀ ਜੋ ਉਹਨਾਂ ਫੋਰਟ ਵਿਲੀਅਮ ਐਂਡ ਕਾਉਂਸਲ ਇਨ ਬੰਗਾਲ ਦੇ ਪ੍ਰੈਜ਼ੀਡੈਂਟ ਅਤੇ ਗਵਰਨਰ ਰੋਬਰਟ ਹੈਸ ਨੂੰ ਲਿਖੀ ਸੀ। ਚਿਠੀ ਦੀ ਇਬਾਰਤ ਇਉਂ ਹੈ :

"ਮਹਾਨ ਬਾਗੀ ਗੁਰੂ ਨੂੰ ਜਿਸ ਨੇ ਕਿ ਕਰੀਬ 20 ਸਾਲ ਤੋਂ ਲਹੌਰ ਦੇ ਸੂਬੇ ਵਿਚ ਮੁਸ਼ਕਲਾਂ ਖੜੀਆਂ ਕੀਤੀਆਂ ਹੋਈਆਂ ਸਨ, ਆਖਰ ਉਸ ਪ੍ਰਦੇਸ਼ ਦੇ ਸੂਬੇਦਾਰ ਅਬਦੁਸ ਸਮੱਦ ਖਾਨ ਨੇ ਉਸ ਦੇ ਸਾਰੇ ਪ੍ਰੀਵਾਰ ਅਤੇ ਸੰਗੀਆਂ ਸਮੇਤ ਪਕੜ ਲਿਆ। ਕੁਝ ਦਿਨ ਪਹਿਲਾਂ ਉਹ ਜਕੜੇ ਹੋਏ ਇਸ ਸ਼ਹਿਰ ਵਿਚ ਦਾਖਲ ਹੋਏ, ਉਸਦੇ ਸਾਰੇ ਸਾਥੀ ਜੋ ਜਿਉਂਦੇ ਬਚੇ ਉਹਨਾਂ ਦੀ ਗਿਣਤੀ ਕਰੀਬ 780 ਹੈ। ਇਹਨਾਂ ਸਾਰਿਆਂ ਨੂੰ ਉਹਨਾਂ ਊਠਾਂ ਉਤੇ ਅਲਿਹਦਾ ਅਲਿਹਦਾ ਬਿਠਾਇਆ ਹੋਇਆ ਹੈ ਜਿਹੜੇ ਕਿ ਇਹਨਾਂ ਨੂੰ ਲੈ ਕੇ ਆਉਣ ਲਈ ਸ਼ਹਿਰੋਂ ਭੇਜੇ ਗਏ ਸਨ। ਇਸ ਤੋਂ ਇਲਾਵਾ ਕਰੀਬ ਦੋ ਹਜ਼ਾਰ ਸਿਰ ਬਾਂਸਾਂ ਉਪਰ ਟੰਗੇ ਹੋਏ ਵੀ ਹਨ ਜਿਹੜੇ ਕਿ ਉਹਨਾਂ ਦੇ ਹਨ ਜੋ ਲੜਦੇ ਹੋਏ ਮਾਰੇ ਗਏ। ਉਸਨੂੰ ਬਾਦਸ਼ਾਹ ਦੇ ਹਜ਼ੂਰ ਪੇਸ਼ ਕੀਤਾ ਗਿਆ ਅਤੇ ਫਿਰ ਉਥੋਂ ਇਕ ਸਖਤ ਨਿਗਰਾਨੀ ਵਾਲੀ ਜੇਲ ਵਿਚ ਲਿਜਾਇਆ ਗਿਆ। ਇਸ ਵੇਲੇ ਉਸਦੀ ਅਤੇ ਉਸਦੇ ਮੁਤਸੱਦੀਆਂ (ਉਘੇ ਸਾਥੀਆਂ) ਵਿਚੋਂ ਬਹੁਤਿਆਂ ਦੀ ਜ਼ਿੰਦਗੀ ਇਸ ਲਈ ਵਧਾ ਦਿਤੀ ਗਈ ਕਿ ਉਸਦੇ ਰਾਜ ਵਿਚ ਵੱਖ ਵੱਖ ਸਥਾਨਾਂ ਤੇ ਛੁਪਾਏ ਖਜਾਨੇ ਬਾਰੇ ਅਤੇ ਉਹਨਾਂ ਵਿਅਕਤੀਆਂ ਬਾਰੇ ਜੋ ਕਿ ਉਸਦੀ ਮੱਦਦ ਕਰਦੇ ਰਹੇ ਸਨ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ। ਇਸ ਪਿਛੋਂ ਉਸਨੂੰ ਵੀ ਕਤਲ ਕਰ ਦਿਤਾ ਜਾਵੇਗਾ। ਬਾਕੀਆਂ ਵਿਚੋਂ ਹਰ ਰੋਜ਼ 100 ਨੂੰ ਕਤਲ ਕਰ ਦਿਤਾ ਜਾਂਦਾ ਹੈ। ਜਿਸ ਧੀਰਜ ਨਾਲ ਉਹ ਆਪਣੀ ਤਕਦੀਰ ਦਾ ਸਾਹਮਣਾ ਕਰਦੇ ਹਨ ਉਹ ਕੋਈ ਘੱਟ ਵਚਿੱਤਰ ਨਹੀਂ । ਕਿਸੇ ਇਕ ਨੇ ਵੀ ਆਪਣੇ ਇਸ ਨਵੇਂ ਸਥਾਪਤ ਧਰਮ ਤੋਂ ਮੁਖ ਮੋੜਿਆ ਹੋਵੇ ਅਜਿਹੀ ਖਬਰ ਆਖਿਰ ਤਕ ਨਹੀਂ ਮਿਲੀ।"

ਕੈਦੀਆਂ ਦੇ ਆਪਣੇ ਧਰਮ ਅਤੇ ਆਪਣੇ ਗੁਰੂ ਵਿਚ ਵਿਸ਼ਵਾਸ ਦੀ ਦ੍ਰਿੜਤਾ ਨੂੰ ਪ੍ਰਗਟਾਉਂਦੀ ਇਕ ਕਹਾਣੀ ਵੀ ਹੈ – ਭਾਵੇਂ ਕਿ ਇਸ ਦੀ ਸਚਾਈ ਦੀ ਪ੍ਰਮਾਣਕਤਾ ਤੇ ਸ਼ੱਕ ਵੀ ਕੀਤਾ ਜਾ ਸਕਦਾ ਹੈ। ਇਹ ਇਕ ਨੌਜਵਾਨ ਸਿੱਖ ਮੁੰਡੇ ਬਾਰੇ ਹੈ ਜਿਸ ਨੂੰ ਉਸਦੀ ਬੀਮਾਰ ਅਤੇ ਬੁੱਢੀ ਮਾਂ ਦੀ ਫਰਿਆਦ ਤੇ ਬਾਦਸ਼ਾਹ ਨੇ ਮੁਆਫ ਕਰ ਦਿਤਾ ਸੀ। ਮਾਂ ਨੇ ਕਿਹਾ ਸੀ ਕਿ ਉਸ ਦਾ ਮੁੰਡਾ ਸਿੱਖ ਨਹੀਂ ਹੈ। ਉਸਨੂੰ ਜਬਰਦਸਤੀ ਧੱਕੇ ਨਾਲ ਇਹ ਲੋਕ ਫੜ ਕੇ ਆਪਣੇ ਕੈਂਪ ਵਿਚ ਲੈ ਗਏ ਸਨ। ਜਦੋਂ ਬਾਦਸ਼ਾਹ ਵੱਲੋਂ ਦਿਤੇ ਮੁਆਫੀਨਾਮੇ ਅਤੇ ਰਿਹਾਈ ਦੇ ਹੁਕਮ ਜ਼ਲਾਦ ਕੋਲ ਪਹੁੰਚਾਏ ਗਏ ਉਹ ਉਸ ਮੁੰਡੇ ਨੂੰ ਮੌਤ ਦੇ ਘਾਟ ਉਤਾਰਨ ਹੀ ਵਾਲੇ ਸਨ। ਉਸਨੂੰ ਆਖ ਦਿਤਾ ਗਿਆ ਕਿ ਬਾਦਸ਼ਾਹ ਨੇ ਉਸ ਦੀ ਜ਼ਾਨ ਬਖਸ਼ ਦਿਤੀ ਹੈ ਅਤੇ ਉਹ ਜਾ ਸਕਦਾ ਹੈ । ਪਰ ਜਿਉਂ ਹੀ ਮੁੰਡੇ ਨੂੰ ਉਸ ਦੀ ਰਿਹਾਈ ਵਿਚਲੀ ਕਹਾਣੀ ਦਾ ਪਤਾ ਲੱਗਾ ਤਾ ਉਹ ਗੁੱਸੇ ਵਿਚ ਉਚੀ ਉਚੀ ਕਹਿਣ ਲੱਗਾ "ਮੇਰੀ ਮਾਂ ਝੂਠ ਬੋਲਦੀ ਹੈ । ਮੈਂ ਦਿਲ ਜਾਨ ਨਾਲ ਆਪਣੇ ਗੁਰੂ ਦਾ ਸਿੱਖ ਹਾਂ। ਮੈਨੂੰ ਜਲਦੀ ਮੇਰੇ ਸਾਥੀਆਂ ਪਿਛੇ ਘੱਲੋ।" ਉਸ ਨੌਜਵਾਨ ਮੁੰਡੇ ਨੇ ਸ਼ਹੀਦਾਂ ਵਾਲੀ ਮੌਤ ਮਰਨ ਨੂੰ ਤਰਜੀਹ ਦਿਤੀ।

ਖ਼ੌਫ ਆਤਾ ਹੇ ਜਿਨ ਕੋ ਮਰਨੇ ਸੇ, ਉਨ ਕਾ ਜੀਨਾ ਹਰਾਮ ਹੋਤਾ ਹੈ।
ਜੀਨੇ ਵਾਲੇ ਭੀ ਮਰ ਹੀ ਜਾਤੇ ਹੈਂ, ਮਰਨੇ ਵਾਲੋਂ ਕਾ ਨਾਮ ਹੋਤਾ ਹੈ।

(ਮੇਲਾ ਰਾਮ ਵੱਫਾ)

ਡਾ. ਗੋਪਾਲ ਸਿੰਘ ਲਿਖਦਾ ਹੈ "ਉਹਨਾਂ ਵਿਚੋਂ ਹਰੇਕ ਨੂੰ ਇਹ ਪੇਸ਼ਕਸ਼ ਕੀਤੀ ਗਈ ਕਿ ਜੇਕਰ ਉਹ ਆਪਣਾ ਧਰਮ ਤਿਆਗ ਮੁਸਲਮਾਨ ਬਣ ਜਾਵੇ ਤਾਂ ਉਸਦੀ ਜਾਨ ਬਖਸ਼ੀ ਜਾ ਸਕਦੀ ਹੈ। ਪਰ (ਗੁਰੂ) ਗੋਬਿੰਦ ਸਿੰਘ ਦੇ ਕਿਸੇ ਇਕ ਵੀ ਸਪੂਤ ਨੇ ਆਪਣੇ ਪੁਰਖਿਆਂ ਦੇ

ਧਰਮ ਨਾਲ ਧ੍ਰੋਹ ਨਹੀਂ ਕੀਤਾ। ਹਰ ਇਕ ਨੇ ਆਪਣੀ ਤਕਦੀਰ ਨੂੰ ਦ੍ਰਿੜਤਾ ਅਤੇ ਸੰਤੋਖ ਨਾਲ ਝੱਲਿਆ। ਉਹ ਤਾਂ ਇਕ ਦੂਜੇ ਤੋਂ ਮੂਹਰੇ ਹੋ ਹੋ ਕੇ ਪਹਿਲਾਂ ਕਤਲ ਹੋਣ ਲਈ ਖਹਿਬੜਦੇ ਵੀ ਸਨ।"

ਸੀਅਰੁਲ-ਮੁਤਾਖਿਰੀਨ ਦਾ ਲਿਖਾਰੀ, ਜੋ ਕਿ ਬਾਕੀ ਮੁਸਲਮਾਨ ਇਤਿਹਾਸਕਾਰਾਂ ਵਾਂਗ ਹੀ ਬੰਦੇ ਦੀਆਂ ਪ੍ਰਾਪਤੀਆਂ ਦਾ ਕੱਟੜ ਵਿਰੋਧੀ ਸੀ, ਦਸਦਾ ਹੈ ਕਿ ਮੁਹੰਮਦ ਅਮੀਨ ਖਾਨ, ਜੋ ਕਿ ਬੰਦੇ ਨੂੰ ਕਤਲ ਕਰਨ ਵਾਲੇ ਟੋਲੇ ਦਾ ਮੈਂਬਰ ਸੀ, ਬੰਦੇ ਦੇ ਚਿਹਰੇ ਤੇ ਅਸਾਧਾਰਣ ਠਰ੍ਹੰਮਾ ਤੇ ਤੇਜ ਪ੍ਰਤਾਪ ਅਤੇ ਅੱਖਾਂ ਵਿਚ ਸ਼ਾਂਤੀ ਅਤੇ ਧੀਰਜ ਵੇਖ ਹੈਰਾਨ ਹੋ ਆਖਣ ਲੱਗਿਆ "ਐ ਖੁਦਾ ਦੇ ਬੰਦੇ ਜਿਹਦੇ ਚਿਹਰੇ ਤੋਂ ਇਤਨਾ ਗਿਆਨ ਝਲਕਦਾ ਹੋਵੇ ਅਤੇ ਜਿਸਦੇ ਵਰਤੋਂ ਵਿਹਾਰ 'ਚ ਇੰਨੀ ਯੋਗਤਾ ਹੋਵੇ ਉਹ ਕਿਉਂ ਅਜਿਹੇ ਘਿਨਾਉਣੇ ਜੁਰਮਾਂ ਦਾ ਦੋਸ਼ੀ ਹੋ ਗਿਆ।" ਬੰਦਾ ਬਹਾਦਰ ਨੇ ਬੜੇ ਧੀਰਜ ਅਤੇ ਠਰ੍ਹੰਮੇ ਨਾਲ ਉਤਰ ਦਿਤਾ। "ਜਦੋਂ ਮਨੁਖ ਅਜਿਹੇ ਪਾਪੀ ਅਤੇ ਦੁਸ਼ਟ ਹੋ ਜਾਣ ਕਿ ਉਹ ਇਨਸਾਫ ਦਾ ਮਾਰਗ ਤਿਆਗ ਦੇਣ ਅਤੇ ਹਰ ਕਿਸਮ ਦੀਆਂ ਜ਼ਿਆਦਤੀਆਂ ਕਰਨ ਤਾਂ ਪ੍ਰਮਾਤਮ ਅਜਿਹੇ ਦੁਸ਼ਟਾਂ ਨੂੰ ਸੋਧਣ ਲਈ ਮੇਰੇ ਜਿਹੇ ਬੰਦੇ ਪੈਦਾ ਕਰਦਾ ਹੈ। ਜਦੋਂ ਉਹਨਾਂ ਦੁਸ਼ਟਾਂ ਦੀ ਸਜਾ ਪੂਰੀ ਹੋ ਜਾਂਦੀ ਹੈ ਫਿਰ ਉਹ ਤੇਰੇ ਜਿਹੇ ਬੰਦੇ ਪੈਦਾ ਕਰਦਾ ਹੈ ਤਾਂ ਜੋ ਸੋਧਣ ਵਾਲੇ ਦਾ ਵੀ ਹਿਸਾਬ ਕਿਤਾਬ ਬਰਾਬਰ ਕੀਤਾ ਜਾ ਸਕੇ।"

ਡਾ. ਗੋਪਾਲ ਸਿੰਘ ਲਿਖਦਾ ਹੈ "ਤਿੰਨ ਮਹੀਨਿਆਂ ਬਾਅਦ 9 ਜੂਨ 1716 ਨੂੰ ਬੰਦੇ ਦੀ ਵਾਰੀ ਆਈ। ਹੁਣ ਤੱਕ ਉਸਦੀ ਅਤੇ ਉਸਦੇ 26 ਸਾਥੀਆਂ ਦੀ ਜ਼ਿੰਦਗੀ ਇਸ ਲਈ ਲਮਕਾਈ ਗਈ ਸੀ ਤਾਂ ਜੋ ਉਹਨਾਂ ਦੇ ਖਜਾਨਿਆਂ ਦਾ ਪਤਾ ਲਾਇਆ ਜਾ ਸਕੇ। ਇਕ ਅਸੱਭਿਆ ਅਤੇ ਵਹਿਸ਼ੀ ਰਾਜ ਦਾ ਆਪਣੇ ਇਕ ਤਾਕਤਵਰ ਸਾਬਕਾ ਦੁਸ਼ਮਣ ਦੀ ਕੀਤੀ ਜਲਾਲਤ ਨਾਲ ਹਾਲੇ ਦਿਲ ਨਹੀਂ ਭਰਿਆ ਸੀ ਸੋ ਉਸਦਾ ਅਤੇ ਉਸ ਦੇ ਸਾਥੀਆਂ ਦਾ ਇਕ ਵੇਰਾਂ ਫੇਰ ਦਿੱਲੀ ਦੀਆਂ ਗਲੀਆਂ ਵਿਚ ਜਲੂਸ ਕੱਢਿਆ ਗਿਆ। ਫਿਰ ਉਹਨਾਂ ਨੂੰ ਕੁਤਬ ਮੀਨਾਰ ਦੇ ਨੇੜੇ ਲਿਜਾਇਆ ਗਿਆ ਤਾਂ ਜੋ ਬਹਾਦਰ ਸ਼ਾਹ ਦੇ ਮਕਬਰੇ ਦੀ ਪ੍ਰਕਰਮਾ ਕਰਵਾਈ ਜਾ ਸਕੇ।"

ਕਨਿੰਘਮ ਨੇ ਠੀਕ ਹੀ ਲਿਖਿਆ ਹੈ ਕਿ ਜਿਹੋ ਜਿਹਾ ਵਿਹਾਰ ਬੰਦੇ ਅਤੇ ਉਸ ਦੇ ਸਾਥੀਆਂ ਨਾਲ ਕੀਤਾ ਗਿਆ ਹੈ ਉਹੋ ਜਿਹਾ ਵਿਹਾਰ ਕੱਟੜ ਪੰਥੀ ਅਤੇ ਜਾਂਗਲੀ ਜਾਂ ਅਸੱਭਿਆ ਲੋਕਾਂ ਵਿਚ ਹੀ ਆਮ ਹੈ। ਫਰੁਖਸੀਅਰ ਵੀ ਬਾਅਦ ਦੇ ਮੁਗਲ ਬਾਦਸਾਹਾਂ ਵਾਂਗ ਹੀ ਜਾਲਮ ਅਤੇ ਅਸੁਰੱਖਿਅਤ ਤਾਨਾਸ਼ਾਹ ਹੋਣ ਕਾਰਨ ਆਪਣੇ ਫੈਸਲਿਆਂ ਤੇ ਵਿਹਾਰ ਵਿਚ ਫਰਾਖਦਿਲੀ ਅਤੇ ਰਹਿਮਦਿਲੀ ਨਹੀਂ ਸੀ ਵਿਖਾ ਸਕਦਾ। ਇਸੇ ਕਾਰਨ ਹੀ ਉਸਦਾ ਆਪਣਾ ਅੰਤ ਵੀ ਵਹਿਸ਼ੀ ਢੰਗ ਨਾਲ ਹੋਇਆ। ਜਿਹੋ ਜਿਹਾ ਕੋਈ ਬੀਜਦਾ ਹੈ ਉਹੋ ਜਿਹਾ ਹੀ ਉਹ ਵੱਢਦਾ ਹੈ।

ਬੰਦੇ ਨੂੰ ਧੂ ਕੇ ਪਿੰਜਰੇ ਵਿਚੋਂ ਕੱਢਿਆ ਗਿਆ ਅਤੇ ਇਕ ਛੋਟੇ ਜਿਹੇ ਥੜੇ ਉਤੇ ਬਿਠਾ ਦਿਤਾ ਗਿਆ। ਬਾਂਸਾਂ ਉਤੇ ਟੰਗੇ ਉਸਦੇ ਸਾਥੀਆਂ ਦੇ ਸਿਰ ਉਸਦੇ ਆਲੇ ਦੁਆਲੇ ਘੁਮਾਏ ਗਏ। ਇਸਲਾਮ ਜਾਂ ਮੌਤ ਵਿਚੋਂ ਇਕ ਚੁਣਨ ਦਾ ਸ਼ਾਹੀ ਫਰਮਾਨ ਇਕ ਵੇਰਾਂ ਫੇਰ ਉਸਨੂੰ ਮੁਹੰਮਦ ਅਮੀਨ ਖਾਨ ਨੇ ਸੁਣਾਇਆ। ਜਿਵੇਂ ਉਮੀਦ ਸੀ ਬੰਦੇ ਨੇ ਮੁਸਕਰਾ ਕੇ ਮੌਤ ਚੁਣੀ।

ਕਨਿੰਘਮ ਲਿਖਦਾ ਹੈ ਕਿ ਉਸਨੂੰ ਹੋਰ ਝਟਕਾ ਦੇਣ ਲਈ ਉਸਦੇ ਤਿੰਨ ਸਾਲਾਂ ਦੇ ਪੁੱਤਰ ਨੂੰ ਉਸ ਦੇ ਗੋਡਿਆਂ ਤੇ ਲਿਟਾ ਇਕ ਛੁਰਾ ਉਸਦੇ ਹੱਥ ਫੜਾ ਕੇ ਉਸਨੂੰ ਆਪਣੇ ਪੁੱਤਰ ਦੀ ਜਾਨ ਲੈਣ ਲਈ ਆਖਿਆ ਗਿਆ। ਉਸਨੇ ਚੁਪ ਚਾਪ ਬਿਨਾਂ ਭਾਵਨਾਵਾਂ ਦੇ ਵਹਿਣ ਵਿਚ ਰੁੜਿਆਂ ਸਹਿਜ ਨਾਲ ਇਹ ਕੰਮ ਵੀ ਕਰ ਦਿਤਾ। ਮੁਹੰਮਦ ਲਤੀਫ ਵੀ ਆਪਣੀ ਕਿਤਾਬ ਪੰਜਾਬ ਦਾ ਇਤਿਹਾਸ ਵਿਚ ਇਹੋ ਆਖਦਾ ਹੈ।

ਜਦੋਂ ਬੰਦੇ ਨੂੰ ਆਪਣੇ ਹੀ ਪੁਤਰ ਦੀ ਜਾਨ ਲੈਣ ਲਈ ਮਜਬੂਰ ਕੀਤਾ ਜਾ ਰਿਹਾ ਸੀ ਉਸ ਸਮੇਂ ਬਾਬਾ ਬਾਜ ਸਿੰਘ ਅਤੇ ਬਾਬਾ ਕਾਹਨ ਸਿੰਘ ਨੂੰ ਜਿਹੜੇ ਕਿ ਬੰਦੇ ਦੀਆਂ ਜੇਲ ਅੰਦਰਲੀਆਂ ਸਰਗਰਮੀਆਂ ਤੇ ਨਿਗਾਹ ਰੱਖਣ ਲਈ ਖੁਫੀਆ ਜਸੂਸ ਦਾ ਕੰਮ ਕਰਦੇ ਸਨ, ਮੁਗਲ ਅਫਸਰ ਮੌਕੇ ਤੋਂ ਖਿਸਕਾ ਕੇ ਲੈ ਗਏ। ਮੈਕਾਲਿਫ ਲਿਖਦਾ ਹੈ "ਬਾਬਾ ਕਾਹਨ ਸਿੰਘ ਅਤੇ ਬਾਬਾ ਬਾਜ ਸਿੰਘ, ਜਿਹਨਾਂ ਨੂੰ ਗੁਰੂ ਜੀ ਨੇ ਬੰਦੇ ਨਾਲ ਭੇਜਿਆ ਸੀ, ਇਥੋਂ ਬਚ ਨਿਕਲਣ ਵਿਚ ਕਾਮਯਾਬ ਰਹੇ।" ਜਦੋਂ ਸੁਰੱਖਿਆ ਇਨੀ ਕਰੜੀ ਹੋਵੇ ਤਾਂ ਕਿਵੇਂ ਕੋਈ ਜੰਜੀਰਾਂ ਵਿਚ ਜਕੜਿਆ ਬੰਦਾ ਬਚ ਕੇ ਨਿਕਲ ਸਕਦਾ ਹੈ ? ਸਰੂਪ ਦਾਸ ਭੱਲਾ ਨੇ ਆਪਣੀ ਲਿਖਤ 'ਮਹਿਮਾ ਪ੍ਰਕਾਸ਼' ਵਿਚ ਬਾਬਾ ਕਾਹਨ ਸਿੰਘ ਨੂੰ ਛੁਡਾਉਣ ਦੀ ਘਟਨਾ ਦਾ ਵੇਰਵੇ ਸਹਿਤ ਵਰਨਣ ਕੀਤਾ ਹੈ। ਜੇਕਰ ਸਰੂਪ ਦਾਸ ਭੱਲਾ ਵਲੋਂ ਦਿਤੇ ਵਿਵਰਣ ਨੂੰ ਸਚ ਮੰਨ ਲਈਏ ਤਾਂ ਬਾਬਾ ਕਾਹਨ ਸਿੰਘ ਨੂੰ ਛੁਡਾਉਣ ਲਈ ਦਰੋਗੇ ਨੂੰ ਰਿਸ਼ਵਤ ਦਿਤੀ ਗਈ ਸੀ ਅਤੇ ਕੈਦੀਆਂ ਦੀ ਗਿਣਤੀ ਪੂਰੀ ਕਰਨ ਲਈ ਇਕ ਗਰੀਬ ਸਿੱਖ ਨੂੰ ਉਸ ਦੀ ਜਗ੍ਹਾ ਬਿਠਾ ਦਿਤਾ ਗਿਆ ਸੀ। ਇਸ ਤੋਂ ਵੱਧ ਕੇ ਸ਼ਰਮਨਾਕ ਗਲ ਇਹਨਾਂ ਬਾਬਿਆਂ ਲਈ ਹੋਰ ਕੀ ਹੋ ਸਕਦੀ ਹੈ। ਭੱਲਾ ਅੱਗੇ ਲਿਖਦਾ ਹੈ ਕਿ ਆਪਣੇ ਪੁਤਰ ਨੂੰ ਅਜ਼ਾਦ ਕਰਵਾਉਣ ਲਈ ਬਾਬਾ ਬਿਨੋਦ ਸਿੰਘ ਨੇ ਸਿਰਤੋੜ ਯਤਨ ਕੀਤੇ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਬਾਬਾ ਬਿਨੋਦ ਸਿੰਘ ਬੰਦੇ ਨਾਲ ਝਗੜ ਕੇ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਬਾਹਰ ਆਉਣ ਤੋਂ ਪਹਿਲਾਂ ਹੀ ਮੁਗਲਾਂ ਨਾਲ ਰੱਲਿਆ ਹੋਇਆ ਨਹੀਂ ਸੀ ਤਾਂ ਫਿਰ ਮੁਗਲਾਂ ਨੇ ਉਸਨੂੰ ਅਜ਼ਾਦੀ ਨਾਲ ਫਿਰ ਤੁਰ ਕੇ ਵੱਖ ਵੱਖ ਮੁਗਲ ਅਧਿਕਾਰੀਆਂ ਤੱਕ ਆਪਣੇ ਪੁਤਰ ਨੂੰ ਛੁਡਾਉਣ ਸਬੰਧੀ ਪਹੁੰਚ ਕਰਨ ਦੀ ਇਜਾਜ਼ਤ ਕਿਵੇਂ ਦੇ ਰੱਖ ਸੀ ? ਉਸਨੂੰ ਇਹ ਵਿਸ਼ੇਸ਼ ਅਧਿਕਾਰ ਕਿਵੇਂ ਪ੍ਰਾਪਤ ਹੋਇਆ ? ਇਸ ਦਾ ਮੁਨਾਸਬ ਉਤਰ ਤਾਂ ਇਹੀ ਬਣਦਾ ਹੈ ਕਿ ਉਹ ਮੁਗਲਾਂ ਨਾਲ ਘਿਓ ਖਿਚੜੀ ਸੀ। ਪਰ ਕਰਮ ਸਿੰਘ ਹਿਸਟੋਰੀਅਨ ਕਹਿੰਦਾ ਹੈ ਕਿ ਮਾਤਾ ਸੁੰਦਰੀ ਨੇ ਦਰੋਗੇ ਨੂੰ ਰਿਸ਼ਵਤ ਦੇ ਕੇ ਬਾਬਾ ਕਾਹਨ ਸਿੰਘ ਨੂੰ ਮੁਕਤ ਕਰਵਾਇਆ। ਤਾਂ ਕੀ ਫਿਰ ਉਹ ਵੀ ਇਸ ਛੜਯੰਤਰ ਵਿਚ ਸ਼ਾਮਲ ਸੀ ?

ਕਾਹਨ ਸਿਘ ਦੇ ਬਚ ਨਿਕਲਣ ਦੀ ਜਾਂ ਉਸਨੂੰ ਮੁਕਤ ਕਰਵਾ ਲੈਣ ਦੀਆਂ ਕਹਾਣੀਆਂ ਇਸ ਲਈ ਘੜੀਆਂ ਗਈਆਂ ਤਾਂ ਜੋ ਤੱਤ-ਖਾਲਸਾ ਦੇ ਲਾਈਲਗ ਹਿਮਾਇਤੀਆਂ ਦੀਆਂ ਅੱਖਾਂ ਵਿਚ ਧੂੜ ਝੋਕੀ ਜਾ ਸਕੇ ਅਤੇ ਬਾਬੇ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਇਕ ਕਾਇਰ ਅਤੇ ਵਿਸਾਹਘਾਤੀ ਹੋਣ ਤੋਂ ਬਚਾਇਆ ਜਾ ਸਕੇ। ਉਹ ਅਤੇ ਉਸਦਾ ਬਾਪ ਬਾਬਾ ਬਿਨੋਦ ਸਿੰਘ ਮੁਗਲ ਅਫਸਰਾਂ ਦੀਆਂ ਹਿਦਾਇਤਾਂ ਅਨੁਸਾਰ ਹੀ ਕੰਮ ਕਰ ਰਹੇ ਸਨ ਅਤੇ ਜੋ ਵੀ ਕੰਮ ਉਹਨਾਂ ਨੂੰ ਸੌਂਪਿਆ ਜਾਂਦਾ ਸੀ ਉਸਨੂੰ ਪੂਰਾ ਕਰਨ ਲਈ ਉਹ ਵਚਨਬੱਧ ਸਨ। ਉਹਨਾਂ ਦੀ ਆਪਣੀ ਕੋਈ ਮਰਜ਼ੀ ਨਹੀਂ ਸੀ ਉਹ ਤਾਂ ਆਪਣੇ ਮਾਲਕ ਦੇ ਗੁਲਾਮ ਸਨ। ਜੇਕਰ ਕਾਹਨ

ਸਿਘ ਨੂੰ ਦਰੋਗੇ ਨੂੰ ਰਿਸ਼ਵਤ ਦੇ ਕੇ ਹੀ ਮੁਕਤ ਕਰਵਾਇਆ ਗਿਆ ਸੀ ਫਿਰ ਉਸ ਨੂੰ ਜੰਮੂ ਦੇ ਫੌਜਦਾਰ ਜ਼ਕਰੀਆ ਖਾਨ ਕੋਲ ਮੁਲਾਜਮਤ ਕਿਵੇਂ ਮਿਲ ਗਈ ਸੀ। ਡਾ ਸੁਖਦਿਆਲ ਸਿੰਘ ਲਿਖਦਾ ਹੈ ਕਿ ਬਾਬਾ ਕਾਹਨ ਸਿੰਘ ਜ਼ਕਰੀਆ ਖਾਂਨ ਦੀ ਮੁਲਾਜ਼ਮਤ ਵਿਚ 500 ਘੋੜ ਸਵਾਰਾਂ ਦੇ ਜੱਥੇ ਦਾ ਪ੍ਰਮੁਖ ਸੀ । ਇਸ ਸੈਨਿਕ ਜਿੰਮੇਵਾਰੀ ਦੇ ਨਾਲ ਨਾਲ ਉਸਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧਕ ਵੀ ਤਾਇਨਾਤ ਕਰ ਦਿਤਾ ਗਿਆ ਸੀ । ਸ਼ਾਹੀ ਦਰਬਾਰ ਵੱਲੋਂ ਮਿਲੀਆਂ ਇਹਨਾਂ ਸਹੂਲਤਾਂ ਤੋਂ ਜੱਗ ਜ਼ਾਹਰ ਹੋ ਜਾਂਦਾ ਹੈ ਕਿ ਉਸਦੀ ਵਫਾਦਾਰੀ ਮੁਗਲ ਹਕੂਮਤ ਨਾਲ ਸੀ। ਸੋ ਇਸ ਹਾਲਤ ਵਿਚ ਬਾਬਾ ਕਾਹਨ ਸਿਘ ਨੂੰ ਬਚਾਉਣ ਲਈ ਕਿਸੇ ਨੂੰ ਵੀ ਦਖਲ ਅੰਦਾਜ਼ੀ ਕਰਨ ਦੀ ਲੋੜ ਨਹੀਂ ਸੀ ਕਿਉਂਕਿ ਉਸਨੂੰ ਬਚਾਉਣ ਅਤੇ ਕੀਤੀ ਸੇਵਾ ਬਦਲੇ ਇਨਾਮ ਦੇਣ ਦੀ ਜਿੰਮੇਵਾਰੀ ਉਸਦੇ ਮੁਗਲ ਮਾਲਕਾਂ ਉਪਰ ਹੀ ਆਉਂਦੀ ਸੀ।

ਜਦੋਂ ਬੰਦੇ ਤੇ ਇਸ ਭਾਵਨਾਤਮਕ ਸੱਟ ਦਾ ਵੀ ਕੋਈ ਅਸਰ ਨਾ ਹੋਇਆ ਤਾਂ ਇਕ ਇਕ ਕਰਕੇ ਉਸ ਦੀਆਂ ਦੋਵੇਂ ਅੱਖਾਂ ਕੱਢ ਦਿਤੀਆਂ ਗਈਆਂ ਅਤੇ ਫਿਰ ਉਸਦੇ ਹੱਥ ਅਤੇ ਪੈਰ ਵੱਢ ਦਿਤੇ ਗਏ। ਅੱਗ ਨਾਲ ਲਾਲ ਕੀਤੇ ਜਮੂਰਾਂ ਨਾਲ ਉਸਦਾ ਮਾਸ ਨੋਚਿਆ ਗਿਆ ਤੇ ਆਖਿਰ ਜਲਾਦ ਨੇ ਇਕ ਭਰਵੇਂ ਵਾਰ ਨਾਲ ਉਸਦਾ ਸੀਸ ਧੜ ਤੋਂ ਜੁਦਾ ਕਰ ਦਿਤਾ।

ਫਾਰਸੀ ਲਿਖਾਰੀ ਖ਼ਾਫੀ ਖਾਂ ਕਹਿੰਦਾ ਹੈ ਕਿ ਸਿਰ ਕਲਮ ਹੋਣ ਤੋਂ ਪਹਿਲਾਂ ਬੰਦੇ ਨੇ ਉਥੇ ਮੌਜੂਦ ਵਿਅਕਤੀਆਂ ਨੂੰ ਚਿਤਾਵਨੀ ਦਿੰਦਿਆਂ ਆਖਿਆ : ਆਪਣੇ ਕੀਤੇ ਦਾ ਫਲ ਕਿਸ ਨੇ ਨਹੀਂ ਭੋਗਿਆ ? ਉਹ ਕੌਣ ਹੈ ਜਿਸ ਨੇ ਆਪਣਾ ਬੀਜਿਆ ਨਹੀਂ ਵੱਢਿਆ ? ਇਹ ਨਾ ਭੁੱਲੋ ਕਿ ਆਪਣੇ ਕਰਮਾਂ ਦਾ ਫਲ ਤੁਹਾਨੂੰ ਵੀ ਭੁਗਤਣਾ ਪੈਣਾ ਹੈ। ਕਣਕ ਤੋਂ ਕਣਕ ਪੈਦਾ ਹੁੰਦੀ ਹੈ ਅਤੇ ਜੌਂ ਤੋਂ ਜੌਂ।

ਜਿਉਂ ਹੀ ਉਸ ਦੀ ਰੂਹ ਨੇ ਸਵਰਗਾਂ ਵੱਲ ਪ੍ਰਵਾਜ ਕੀਤਾ ਉਸਦਾ ਚਿਤ੍ਰਣ ਕਵੀ ਨੇ ਇਉਂ ਕੀਤਾ ਹੈ :

ਰੱਖਨੇ ਕੇ ਲੀਏ ਤਾਜ-ਏ-ਸ਼ਹਾਦਤ ਤੇਰੇ ਸਰ ਪਰ,
ਜੱਨਤ ਮੇਂ ਸਜਾਇਆ ਗਿਆ ਦਰਬਾਰ-ਏ-ਸ਼ਹਾਦਤ।
ਤਹਿਸੀਨ ਕੇ ਫੂਲੋਂ ਕੀ ਹੁਈ ਅਰਸ਼ ਸੇ ਬਾਰਿਸ਼,
ਹੂਰੋਂ ਨੇ ਬੰਧਾਈ ਤੁਜੇ ਦਸਤਾਰ-ਏ-ਸ਼ਹਾਦਤ।
ਸ਼ਾਦਾਬ ਜਿਸੇ ਤੂੰ ਨੇ ਕੀਆ ਅਪਨੇ ਲਹੂ ਸੇ,
ਸ਼ਾਦਾਬ ਹੈ ਅਬ ਤਕ ਭੀ ਵੋਹ ਗੁਲਜਾਰ-ਏ-ਸ਼ਹਾਦਤ।

ਭਾਵੇਂ ਅਬਦੁਸ ਸਮੱਦ ਖਾਨ ਨੇ ਬਾਦਸ਼ਾਹ ਕੋਲ ਸਾਰੇ ਸਿੱਖ ਕੈਦੀਆਂ ਨੂੰ ਆਮ ਮੁਆਫੀ ਦੀ ਦਲੀਲ ਪੇਸ਼ ਕੀਤੀ ਸੀ ਪਰ ਫਿਰ ਵੀ ਬੰਦਾ ਬਹਾਦਰ ਸਮੇਤ ਸਾਰਿਆਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਗਿਆ ਸੀ। ਫਰੁਖਸੀਅਰ ਇਕ ਕਮਜ਼ੋਰ ਬਾਦਸ਼ਾਹ ਸੀ ਅਤੇ ਦਲੇਰਾਨਾ ਫੈਸਲੇ ਕਰਨ ਦੀ ਹਿੰਮਤ ਨਹੀਂ ਰਖਦਾ ਸੀ। ਇਸੇ ਕਾਰਨ ਨਾ ਤਾਂ ਉਹ ਫਰਾਖਦਿਲੀ ਵਿਖਾ ਸਕਿਆ ਅਤੇ ਨਾ ਹੀ ਉਹ ਅਬਦੁਸ ਸਮੱਦ ਖਾਨ ਦੀ ਦਲੀਲ ਦਾ ਤਰਕ ਸਮਝ ਸਕਿਆ। ਲੀਉ ਰੋਸਕਿਨ ਲਿਖਦਾ ਹੈ "ਕਮਜ਼ੋਰ ਹੀ ਜਾਲਮ ਹੁੰਦੇ ਨੇ। ਨਰਮੀ ਦੀ ਉਮੀਦ ਇਕ ਤੱਕੜੇ

ਤੋਂ ਹੀ ਕੀਤੀ ਜਾ ਸਕਦੀ ਹੈ।" ਪਰ ਬੰਦੇ ਦੀ ਹਾਰ ਅਤੇ ਨਿਰਦਈ ਮੌਤ ਦਾ ਕਾਰਨ ਮੁਗਲ ਫੌਜਾਂ ਦੀ ਉਤਮਤਾ ਨਹੀਂ ਸੀ ਸਗੋਂ ਬਾਬਿਆਂ ਵੱਲੋਂ ਕੀਤੀ ਸ਼ਰਮਨਾਕ ਗਦਾਰੀ ਸੀ ਜਿਸ ਦਾ ਇਸ਼ਾਰਾ ਬਾਖੁਬੀ ਮੌਲਵੀ ਗੁਲਾਮ ਅਲੀ ਮੁਨਸ਼ੀ ਨੇ ਆਪਣੀ ਕਿਤਾਬ 'ਤਵਾਰੀਖ ਮੁਹੱਯਤ ਆਜ਼ਮ' ਵਿਚ ਕੀਤਾ ਹੈ।

ਇਹਨਾਂ ਨਾ ਕੇਵਲ ਬੰਦੇ ਨਾਲ ਗਦਾਰੀ ਕੀਤੀ ਅਤੇ ਖਾਲਸਾ ਪੰਥ ਵਿਚ ਫੁੱਟ ਹੀ ਪਾਈ ਸਗੋਂ ਇਹਨਾਂ ਤਾਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਹਨਾਂ ਵਿਚ ਪ੍ਰਗਟਾਏ ਭਰੋਸੇ ਨਾਲ ਵੀ ਧੋਖਾ ਕੀਤਾ। ਉਹਨਾਂ ਆਪਣੀਆਂ ਸੇਵਾਵਾਂ ਅਤੇ ਇਮਾਨ ਉਸ ਮੁਗਲ ਬਾਦਸ਼ਾਹ ਫਰੁਖਸੀਅਰ ਕੋਲ ਤੁਛ ਲਾਭਾਂ ਪਿਛੇ ਵੇਚਿਆ ਜਿਸ ਨੇ ਤਖਤ ਤੇ ਬੈਠਣ ਵਾਲੇ ਦਿਨ ਹੀ ਸਿੱਖਾਂ ਦੀ ਨਸਲ ਖਤਮ ਕਰਨ ਦੀ ਕਸਮ ਖਾਧੀ ਸੀ। ਬੰਦਾ ਬਹਾਦਰ ਅਤੇ ਉਹਨਾਂ ਸਾਰੇ ਸਿੱਖਾਂ ਦੇ ਕਤਲ ਦਾ ਦੋਸ਼, ਜਿਹਨਾਂ ਇਸਲਾਮ ਧਾਰਨ ਕਰਨ ਤੇ ਮੁਗਲਾਂ ਦੇ ਰਹਿਮੋਕਰਮ ਨੂੰ ਅਸਵੀਕਾਰ ਕਰ ਜਾਨ ਦੀ ਅਹੂਤੀ ਦਿਤੀ, ਇਹਨਾਂ ਬਾਬਿਆਂ ਅਤੇ ਇਹਨਾਂ ਦੇ ਅਖੌਤੀ ਤੱਤ ਖਾਲਸਾ ਦੇ ਸਿਰ ਆਉਂਦਾ ਹੈ। ਤੱਤ ਖਾਲਸਾ ਦੇ ਹਿਮਾਇਤੀ ਸਿੱਖ ਲਿਖਾਰੀਆਂ ਦੁਆਰਾ ਜਿਹੜੇ ਕਿ ਪਹਿਲੀ ਵੇਰਾਂ 1769 ਵਿਚ ਸਾਹਮਣੇ ਆਏ, ਜਾਣ ਬੁਝ ਕੇ ਬੰਦਾ ਬਹਾਦਰ ਬਾਰੇ ਪੈਦਾ ਕੀਤਾ ਧੁੰਦਲਾਪਨ, ਹੌਲੀ ਹੌਲੀ ਖਤਮ ਹੋ ਰਿਹਾ ਹੈ ਅਤੇ ਗਦਾਰਾਂ ਦੇ ਚਿਹਰੇ ਨੰਗੇ ਹੋ ਰਹੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਇਤਿਹਾਸ ਦੀ ਸ਼ਕਲੋ ਸੂਰਤ ਇਤਿਹਾਸ ਲਿਖਣ ਵਾਲੇ ਤੇ ਨਿਰਭਰ ਹੈ ਪਰ ਇਹ ਵੀ ਇਤਨੀ ਹੀ ਵੱਡੀ ਸਚਾਈ ਹੈ ਕਿ ਸਮੇਂ ਦੇ ਬੀਤਣ ਨਾਲ ਝੂਠ ਦਾ ਮੁਲੰਮਾ ਉਤਰ ਜਾਂਦਾ ਹੈ ਅਤੇ ਸੱਚ ਪ੍ਰਗਟ ਹੋ ਜਾਂਦਾ ਹੈ। ਗੁਰਬਾਣੀ ਦਾ ਵੀ ਕਥਨ ਹੈ

ਕੂੜੁ ਠਗੀ ਗੁਝੀ ਨ ਰਹੈ ਮੁਲੰਮਾ ਪਾਜ ਲਹਿ ਜਾਇ। (ਪੰਨਾ ੩੦੩)

****

ਸਿੱਖ ਮਾਨਸਿਕਤਾ ਦਾ ਸਿਆਸੀਕਰਨ

ਮਗਰ ਮਿਟੇ ਹੋ ਕਹੀਂ ਜ਼ਬਰ ਔਰ ਤਸ਼ੱਦਦ ਸੇ
ਵੋਹ ਫਲਸਫੇ ਕਿ ਜਲਾ ਦੇ ਗਏ ਦਿਮਾਗੋਂ ਕੋ
ਕੋਈ ਸਿਪਾਹ-ਏ-ਸਿਤਮ ਪੇਸ਼ਾ ਚੂਰ ਕਰ ਨਾ ਸਕੀ
ਬਸ਼ਰ ਕੀ ਜਾਗੀ ਹੁਈ ਰੂਹ ਕੇ ਅਯਾਗੋਂ ਕੋ।

ਸਾਹਿਰ ਲੁਧਿਆਣਵੀ

ਇਸ ਵਿਚ ਕੋਈ ਸ਼ੱਕ ਨਹੀਂ ਕਿ ਬੰਦਾ ਬਹਾਦੁਰ ਮੁਗਲ ਹਕੂਮਤ ਦੇ ਪੰਜਾਬ ਵਿਚਲੇ ਢਾਂਚੇ ਨੂੰ ਪੂਰੀ ਤਰਾਂ ਤਹਿਸ ਨਹਿਸ ਕਰਨ ਵਿਚ ਕਾਮਯਾਬ ਨਹੀਂ ਸੀ ਹੋ ਸਕਿਆ ਅਤੇ ਉਸ ਦੀ ਕਾਮਯਾਬੀ ਕੇਵਲ ਚਾਰ ਦਿਨ ਕੀ ਚਾਂਦਨੀ ਹੀ ਬਣ ਕੇ ਰਹਿ ਗਈ ਸੀ। ਜਿਸ ਖਾਲਸੇ ਲਈ ਉਸਨੇ ਨਾਦੇੜ ਵਿਚਲੀ ਅਰਾਮਦਾਇਕ ਜ਼ਿੰਦਗੀ ਤਿਆਗੀ, ਆਪਣੇ ਪੁਤਰ ਅਜੈ ਸਿੰਘ ਸਮੇਤ ਆਪਣਾ ਸੱਭ ਕੁਝ ਹੀ ਨਿਛਾਵਰ ਕਰ ਦਿਤਾ ਅਤੇ ਇਕ ਭਿਆਨਕ ਮੌਤ ਮਰਿਆ ਉਸ ਖਾਲਸੇ ਨੇ ਉਸਦੀ ਮੌਤ ਉਪਰ ਨਾ ਹੀ ਚਾਰ ਹੰਝੂ ਬਹਾਏ ਤੇ ਨਾ ਹੀ ਉਸਦੀ ਬੇਮਿਸਾਲ ਕੁਰਬਾਨੀ ਦੀ ਪ੍ਰਸੰਸਾ 'ਚ ਗੀਤ ਗਾਏ। ਅਬਰਾਹਮ ਅੱਖਾਂ ਤੇ ਪੱਟੀ ਬੰਨ ਕੇ ਵੀ ਜੋ ਨਹੀਂ ਸੀ ਕਰ ਸਕਿਆ ਉਹ ਬੰਦੇ ਨੇ ਬਿਨਾਂ ਆਹ ਭਰਿਆਂ ਨੰਗੀਆਂ ਅੱਖਾਂ ਨਾਲ ਕੀਤਾ। ਛੇ ਸਾਲਾਂ ਦੇ ਥੋੜੇ ਸਮੇਂ ਵਿਚ ਹੀ ਉਸਨੇ ਸਿੱਖ ਇਤਿਹਾਸ ਦਾ ਰੁਖ ਵੀ ਮੋੜ ਦਿਤਾ ਅਤੇ ਸਿੱਖ ਸੋਚ ਵਿਚ ਇਕ ਜਬਰਦਸਤ ਪਰਿਵਰਤਨ ਵੀ ਲਿਆ ਦਿਤਾ। ਉਸਨੇ ਉਸ ਲਹਿਰ ਨੂੰ, ਜੋ ਜਨਮ ਤੋਂ ਅਮਨਪਸੰਦ ਸੀ ਅਤੇ ਜਿਸ ਵਿਚ ਥੋੜਾ ਜਿਹਾ ਜੁਝਾਰੂਪਣ ਵੀ ਆ ਗਿਆ ਸੀ, ਇਕ ਜਬਰਦਸਤ ਖੂਨੀ ਕਿਰਸਾਨੀ ਇਨਕਲਾਬ ਵਿਚ ਬਦਲ ਦਿਤਾ। ਉਸਨੇ ਸ਼ਿਵਾਜੀ ਮਰਹੱਟੇ ਵਾਂਗ ਹੀ ਇਹਨਾਂ ਲੋਕਾਂ ਅੰਦਰ ਡੂੰਘੀਆਂ ਸੁਤੀਆਂ ਪਈਆਂ ਸ਼ਕਤੀਆਂ ਨੂੰ ਹਲੂਣ ਕੇ ਜਗਾ ਦਿਤਾ ਅਤੇ ਉਹਨਾਂ ਦੇ ਤਸੱਵਰ ਵਿਚ ਹਰ ਹੀਲੇ, ਚੰਗੇ-ਮਾੜੇ ਜਾਇਜ਼-ਨਜਾਇਜ਼ ਤਰੀਕੇ ਨਾਲ ਰਾਜਨੀਤਿਕ ਸ਼ਕਤੀ ਪ੍ਰਾਪਤ ਕਰਨ ਦੀ ਪ੍ਰਬਲ ਇਛਾ ਸ਼ਕਤੀ ਪੈਦਾ ਕਰ ਦਿਤੀ। ਉਹਨਾਂ ਨੂੰ ਪੂਰੀ ਤਰਾਂ ਅਹਿਸਾਸ ਹੋ ਗਿਆ ਸੀ ਕਿ ਰਾਜਨੀਤਿਕ ਸ਼ਕਤੀ ਤੋਂ ਬਿਨਾਂ ਕੋਈ ਵੀ ਕੌਮ ਪਸ਼ੂਆਂ ਨਿਆਈ ਹੈ ਅਤੇ ਉਸਦਾ ਮਾਣ ਸਤਿਕਾਰ ਤਾਂ ਕੀ ਹੋਣਾ ਸੀ ਉਸ ਦੀ ਆਪਣੀ ਪਛਾਣ ਵੀ ਕੋਈ ਨਹੀਂ ਹੁੰਦੀ। ਉਹ ਹਮੇਸ਼ਾਂ ਹਾਕਮਾਂ ਦੇ ਰਹਿਮੋਕਰਮ ਤੇ ਹੀ ਹੁੰਦੀ ਹੈ ਅਤੇ ਰਾਜਨੀਤਿਕ ਸ਼ਕਤੀ ਦੀ ਪ੍ਰਾਪਤੀ ਸੰਘਰਸ਼ ਤੋਂ ਬਿਨਾਂ ਨਹੀਂ ਹੋ ਸਕਦੀ ਕੋਉ ਕਿਸੀ ਕੋ ਰਾਜ ਨਾ ਦੇਹ, ਹੈ ਜੋ ਲੇ ਹੈ ਨਿਜ ਬਲ ਸੇ ਲੇ ਹੈ। ਕੁਦਰਤੀ ਨਿਯਮ ਵੀ ਇਹ ਹੀ ਹੈ- ਜਿਉਂਦੇ ਰਹਿਣ ਲਈ ਸਭ ਨੂੰ ਸੰਘਰਸ਼ ਕਰਨਾ ਪੈਂਦਾ ਹੈ। ਇਹਨਾਂ ਲੋਕਾਂ ਦਾ ਨਿਸ਼ਾਨਾ ਹੁਣ ਮੋਕਸ਼ ਦੀ ਪ੍ਰਾਪਤੀ ਜਾਂ ਸਹੀ ਵਿਹਾਰ ਨਾ ਰਹਿ ਕੇ ਰਾਜਨੀਤਿਕ ਤਾਕਤ ਦੀ ਪ੍ਰਾਪਤੀ ਬਣ ਗਿਆ ਸੀ।

ਬੰਦੇ ਨੇ ਸਿੱਖਾਂ ਨੂੰ ਇਕ ਬੇਤਰਸ ਖ਼ੂਨੀ ਸੰਘਰਸ਼ ਦੇ ਰਾਹ ਪਾ ਦਿਤਾ ਸੀ ਜਿਸ ਵਿਚ ਨਿਸ਼ਾਨੇ ਦੀ ਪ੍ਰਾਪਤੀ ਲਈ ਸਭ ਕੁਝ ਜਾਇਜ਼ ਸੀ। ਪ੍ਰਮਾਤਮਾ ਤਾਂ ਸਭ ਤੋਂ ਵੱਡਾ ਹੈ ਈ ਅਤੇ ਧਰਮ ਵੀ ਆਪਣੀ ਥਾਂ ਠੀਕ ਹੈ ਪਰ ਹੁਣ ਉਹਨਾਂ ਲਈ ਰਾਜਨੀਤਿਕ ਸ਼ਕਤੀ ਪਹਿਲੀ ਪ੍ਰਾਥਮਿਕਤਾ ਸੀ। ਉਹ ਦਸਾਂ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਤਾ ਕਰਦੇ ਰਹੇ ਪਰ ਉਹਨਾਂ ਦੇ ਦਿਲ ਕਿਸੇ ਹੋਰ ਪਾਸੇ ਸਨ। ਉਹ ਮੁਗਲ ਹਕੂਮਤ ਦੇ ਭਾਰੇ ਜੂਲੇ ਨੂੰ ਗਲੋਂ ਲਾਹ ਆਪਣੀ ਤਕਦੀਰ ਦੇ ਖ਼ੁਦ ਮਾਲਕ ਬਣਨ ਲਈ ਉਤਾਵਲੇ ਸਨ। ਸ਼ਾਂਤੀ ਦੇ ਦਿਨ ਲੱਦ ਗਏ ਸਨ ਤੇ ਹੁਣ ਹਿੰਸਾ ਦਾ ਜਵਾਬ ਹਿੰਸਾ ਨਾਲ ਦੇਣ ਦਾ ਸਮਾਂ ਆ ਗਿਆ ਸੀ – ਭਗੌਤੀ ਦੀ ਬੇਰੋਕ-ਟੋਕ ਵਰਤੋਂ ਦਾ ਸਮਾਂ।

ਬੰਦਾ ਨਾ ਤਾਂ ਹਵਾਈ ਘੋੜੇ ਦੌੜਾਨ ਵਾਲਾ ਫਿਲਾਸਫਰ ਸੀ ਨਾ ਹੀ ਜੋਸ਼ੀਲਾ ਧਰਮ ਪ੍ਰਚਾਰਕ ਅਤੇ ਨਾ ਹੀ ਬੈਰਾਗੀ ਜਾਂ ਤਿਆਗੀ। ਹੁਣ ਉਹ ਇਕ ਤਿਆਰ ਬਰ ਤਿਆਰ ਸਿੰਘ ਸੀ ਜੋ ਭਗੌਤੀ ਦੀ ਪੂਜਾ ਕਰਦਾ ਸੀ। ਆਪਣੇ ਵਿਸ਼ਵਾਸ ਕਿ ਪ੍ਰਮਾਤਮਾ ਉਹਨਾਂ ਦੀ ਹੀ ਮੱਦਦ ਕਰਦਾ ਹੈ ਜੋ ਆਪਣੀ ਮੱਦਦ ਆਪ ਕਰਦੇ ਹਨ, ਦੀ ਸਚਾਈ ਨੂੰ ਦਰਸਾਉਣ ਦੇ ਇਰਾਦੇ ਨਾਲ ਉਸਨੇ ਸ਼ਾਹੀ ਖਜਾਨੇ ਅਤੇ ਰਈਸਾਂ ਦੇ ਮਹਿਲਾਂ ਨੂੰ ਲੁੱਟਿਆ ਅਤੇ ਪ੍ਰਾਪਤ ਧਨ ਦੌਲਤ ਫਰਾਖਦਿਲੀ ਨਾਲ ਗਰੀਬਾਂ ਅਤੇ ਨਿਤਾਣਿਆਂ ਨੂੰ ਵੰਡ ਦਿਤੀ। ਉਸਨੇ ਸਿੱਖਾਂ ਨੂੰ ਕਰ ਕੇ ਵਿਖਾ ਦਿਤਾ ਸੀ ਕਿ ਰਾਜਨੀਤਿਕ ਸ਼ਕਤੀ ਦੀ ਪ੍ਰਾਪਤੀ ਉਹਨਾਂ ਦੀ ਪਹੁੰਚ ਵਿਚ ਹੈ ਤੇ ਇਸ ਨਾਲ ਹੀ ਖਾਲਸੇ ਦੀ ਪਹਿਚਾਣ ਸਥਾਪਤ ਹੋਵੇਗੀ। ਪਰ ਇਸਨੂੰ ਪ੍ਰਾਪਤ ਕਰਨ ਦੀ ਕੀਮਤ ਖ਼ੂਨ ਨਾਲ ਅਤੇ ਕਸ਼ਟਾਂ ਨੂੰ ਬਰਦਾਸ਼ਤ ਕਰਕੇ ਦੇਣੀ ਪਵੇਗੀ। ਇਸੇ ਤਰਾਂ ਹੀ ਇੰਗਲੈਂਡ ਦੇ ਪ੍ਰਧਾਨ ਮੰਤਰੀ ਵਿੰਨਸਟਨ ਚਰਚਿਲ ਨੇ ਦੂਸਰੇ ਮਹਾਂਯੁਧ (1939–1944) ਦੌਰਾਨ ਆਪਣੇ ਦੇਸ਼ ਵਾਸੀਆਂ ਨੂੰ ਸੰਬੋਧਿਤ ਹੁੰਦਿਆਂ ਆਖਿਆ ਸੀ "ਤੁਸੀਂ ਮੈਨੂੰ ਖ਼ੂਨ ਪਸੀਨਾ ਅਤੇ ਕਰੜੀ ਘਾਲਣਾ ਦੇਵੋ ਮੈਂ ਤੁਹਾਨੂੰ ਅਜ਼ਾਦੀ ਦਿਆਂਗਾ।" ਜਿਹੜੇ ਲੋਕਾਂ ਨੇ ਅਣਗਿਣਤ ਪੁਸ਼ਤਾਂ ਤੋਂ ਜਲਾਲਤ ਤੇ ਅਤਿਆਚਾਰ ਬਰਦਾਸ਼ਤ ਕੀਤਾ ਸੀ ਤੇ ਘੋਰ ਗਰੀਬੀ ਭੋਗੀ ਸੀ ਉਹਨਾਂ ਲਈ ਬੰਦਾ ਅਜਿਹੇ ਹੀ ਮਸੀਹੇ ਦੇ ਰੂਪ ਵਿਚ ਪ੍ਰਗਟ ਹੋਇਆ ਸੀ। ਹੁਣ ਸਵਰਗ ਅਤੇ ਨਰਕ ਬਾਰੇ ਉਹ ਨਹੀਂ ਸਨ ਸੋਚਦੇ। ਹੁਣ ਤਾਂ ਉਹ ਆਪਣੀ ਮੌਜੂਦਾ ਜ਼ਿਦਗੀ ਅਜਿਹੀ ਬਣਾਉਣੀ ਲੋਚਦੇ ਸਨ ਜਿਹੜੀ ਜ਼ੁਲਮ ਅਤੇ ਗੁਲਾਮੀ ਤੋਂ ਰਹਿਤ ਹੋਵੇ ਅਤੇ ਮਾਣ ਸਨਮਾਨ ਤੇ ਖੁਸ਼ਹਾਲੀ ਭਰਪੂਰ ਹੋਵੇ। ਜਿਮੀਂਦਾਰਾਂ, ਕੰਮੀਆਂ ਅਤੇ ਗਰੀਬਾਂ ਲਈ ਤਾਂ ਉਹ ਇਕ ਅਜਿਹਾ ਦੇਵਤਾ ਸੀ ਜੋ ਉਹਨਾਂ ਦੇ ਦੁੱਖ ਤਕਲੀਫ ਸਮਝਦਾ ਸੀ ਅਤੇ ਉਹਨਾਂ ਦੇ ਚਿਹਰੇ ਤੇ ਪ੍ਰਸੰਨਤਾ ਤੇ ਖੇੜਾ ਲਿਆਉਣ ਲਈ ਦ੍ਰਿੜ ਸੀ। ਉਹ ਲੋਕਾਂ ਲਈ ਕੋਈ ਅਰਸ਼ੀ ਸੁਨੇਹਾ ਜਾਂ ਕੋਈ ਨਵੀਂ ਫਿਲਾਸਫੀ ਨਹੀਂ ਲੈ ਕੇ ਆਇਆ ਸੀ। ਉਹ ਤਾਂ ਇਕ ਯੋਧਾ ਸੀ ਤੇ, ਜਿਵੇਂ ਕ੍ਰਿਸ਼ਨ ਜੀ ਨੇ ਗੀਤਾ ਉਪਦੇਸ਼ 'ਚ ਆਖਿਆ ਹੈ, ਉਸਦਾ ਕਰਤਵ ਤਾਂ ਮੈਦਾਨੇ ਜੰਗ ਵਿਚ ਜੂਝਣਾ ਮਰਨਾ ਤੇ ਮਾਰਨਾ ਸੀ। ਬੰਦੇ ਲਈ ਮੁਕਤੀ ਦਾ ਮੰਤਰ ਬਹੁਤ ਸਿਧਾ ਸਾਦਾ ਸਾਫ ਤੇ ਸਪਸ਼ਟ ਸੀ ਜੇਕਰ ਉਹ ਖੇਤ ਜਿਹਨਾਂ ਨੂੰ ਵਾਹ ਕੇ ਤੂੰ ਫਸਲ ਪੈਦਾ ਕਰਦਾ ਹੈਂ ਤੇਰਾ ਢਿਡ ਨਹੀਂ ਭਰ ਸਕਦੇ ਤੇ ਤੇਰੇ ਚਿਹਰੇ ਤੇ ਖੇੜਾ ਨਹੀਂ ਲਿਆ ਸਕਦੇ ਤਾਂ ਅਜਿਹੇ ਖੇਤਾਂ ਨੂੰ ਅੱਗ ਲਾ ਕੇ ਫੂਕ ਦੇ ਤਾਂ ਜੋ ਇਹਨਾਂ ਦੇ ਮਾਲਕ ਵੀ ਤੇਰੇ ਨਾਲ ਹੀ ਭੁਖੇ ਮਰਨ। ਉਹਨਾਂ ਨਾਲ ਉਹ ਕੋਈ ਵੱਡੇ ਦਾਅਵੇ ਵੀ ਨਹੀਂ ਸੀ ਕਰਦਾ। ਉਸਦਾ ਆਖਣਾ ਸੀ ਕਿ ਰਾਜ ਸੱਤਾ ਦੀ ਪ੍ਰਾਪਤੀ

ਹੀ ਉਹਨਾਂ ਦੀਆਂ ਸਾਰੀਆਂ ਮੁਸ਼ਕਲਾਂ ਦਾ ਹੱਲ ਹੈ। ਡਾ. ਗੋਪਾਲ ਸਿੰਘ ਲਿਖਦਾ ਹੈ "ਸਭ ਤੋਂ ਮਹੱਤਵਪੂਰਨ ਗਲ ਇਹ ਹੈ ਕਿ ਇਤਿਹਾਸ ਵਿਚ ਪਹਿਲੀ ਵੇਰਾਂ ਰਿਸ਼ਵਤਖੋਰ ਤੇ ਜਬਰੀ ਵਸੂਲੀ ਕਰਨ ਵਾਲੀ ਜਿਮੀਂਦਾਰੀ ਪ੍ਰਥਾ ਦਾ ਖਾਤਮਾ ਬੰਦੇ ਨੇ ਕੀਤਾ। ਉਸਨੇ ਜਮੀਨ ਅਸਲੀ ਕਿਸਾਨਾਂ ਵਿਚ ਵੰਡ ਦਿਤੀ ਜਿਸ ਨਾਲ ਇਕ ਅਜਿਹੀ ਜਮਾਤ ਪੈਦਾ ਹੋ ਗਈ ਜਿਹੜੀ ਕਿ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਪੰਜਾਬ ਵਿਚ ਚੱਲੀਆਂ ਧਾਰਮਿਕ ਤੇ ਰਾਜਨੀਤਿਕ ਅਜ਼ਾਦੀ ਦੀਆਂ ਲਹਿਰਾਂ ਦੀ ਰੀੜ ਦੀ ਹੱਡੀ ਸਾਬਤ ਹੋਈ।" ਜਮੀਨੀ ਪ੍ਰਬੰਧ ਦੀ ਇਸ ਨਵੀਂ ਜੁਗਤ ਨੇ ਨਾ ਕੇਵਲ ਪੰਜਾਬ ਦੀ ਹੀ ਆਰਥਿਕਤਾ ਵਿਚ ਇਨਕਲਾਬ ਲਿਆਂਦਾ ਸਗੋਂ ਜਮੀਨ ਦੇ ਮਾਲਿਕ ਕਿਸਾਨਾਂ ਵਿਚ ਵੀ ਇਕ ਨਵਾਂ ਆਤਮ ਸਨਮਾਨ ਅਤੇ ਆਪਣੀ ਤਕਦੀਰ ਦੇ ਖੁਦ ਮਾਲਕ ਹੋਣ ਦਾ ਆਤਮ ਵਿਸ਼ਵਾਸ ਭਰ ਦਿਤਾ।

ਬ੍ਰਾਹਮਣਾਂ ਦੇ ਪ੍ਰਭਾਵ ਹੇਠ ਹਿੰਦੂ ਸਮਾਜ ਵਿਚ ਜੱਟਾਂ, ਕਲਾਲਾਂ, ਤਰਖਾਣਾਂ, ਝਿਉਰਾਂ ਤੇ ਕਰਾੜਾਂ (ਛੋਟੇ ਵਿਉਪਾਰੀਆਂ) ਨੂੰ ਹਮੇਸ਼ਾਂ ਤੋਂ ਸ਼ੂਦਰ ਹੀ ਸਮਝਿਆ ਜਾਂਦਾ ਰਿਹਾ ਸੀ। ਦੱਖਣੀ ਭਾਰਤ ਵਿਚ ਤਾਂ ਮਰਾਠਿਆਂ ਅਤੇ ਮਹਾਜਨਾਂ ਨੂੰ ਵੀ ਸ਼ੂਦਰਾਂ ਦੇ ਵਰਗ ਵਿਚ ਹੀ ਰੱਖਿਆ ਗਿਆ ਸੀ। ਇਸੇ ਕਾਰਨ ਬ੍ਰਾਹਮਣਾਂ ਨੇ ਸ਼ਿਵਾਜੀ ਮਰਹੱਟੇ ਦਾ ਰਾਜ ਤਿਲਕ ਕਰਨ ਤੋਂ ਇਨਕਾਰ ਕਰ ਦਿਤਾ ਸੀ। ਭਾਵੇਂ ਕਿ ਉਸਨੇ ਇਸ ਸਮੇਂ ਤੱਕ ਬਹੁਤ ਵੱਡੇ ਇਲਾਕੇ ਤੇ ਕਬਜ਼ਾ ਵੀ ਕਰ ਲਿਆ ਸੀ ਅਤੇ ਕਈ ਕਿਲ੍ਹਿਆਂ ਅਤੇ ਗੜੀਆਂ ਦੀ ਸਥਾਪਨਾ ਵੀ ਕਰ ਲਈ ਸੀ। ਪਰ ਫਿਰ ਵੀ ਉਸਨੂੰ ਕਸ਼ੱਤਰੀ ਨਹੀਂ ਮੰਨਿਆ ਗਿਆ ਸੀ। ਬ੍ਰਾਹਮਣਾਂ ਦੇ ਮੱਤ ਅਨੁਸਾਰ ਵੇਦਾਂ ਦੇ ਪਵਿੱਤਰ ਮੰਤ੍ਰਾਂ ਦੀ ਅਵਾਜ ਸ਼ੂਦਰ ਦੇ ਕੰਨਾਂ ਵਿਚ ਨਹੀਂ ਪੈਣੀ ਚਾਹੀਦੀ ਸੀ। ਕੌਣ ਪ੍ਰਮਾਤਮਾ ਦਾ ਨਾਮ ਜੱਪ ਸਕਦਾ ਹੈ ਜਾਂ ਕੌਣ ਮੰਦਰ ਵਿਚ ਦਾਖਲ ਹੋ ਸਕਦਾ ਹੈ ਇਸ ਦਾ ਫੈਸਲਾ ਬ੍ਰਾਹਮਣ ਪੁਜਾਰੀ ਕਰਦਾ ਸੀ। ਉਸਦੇ ਫੈਸਲੇ ਦੀ ਉਲੰਘਣਾ ਕਰਨ ਵਾਲੇ ਦੀ ਜੀਭ ਵੱਢੀ ਜਾ ਸਕਦੀ ਸੀ ਜਾਂ ਉਸਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਇਆ ਜਾ ਸਕਦਾ ਸੀ। ਸਮਾਜ ਦੇ ਵੱਖ ਵੱਖ ਵਰਗਾਂ ਲਈ ਵੱਖਰੇ ਵੱਖਰੇ ਕਾਨੂੰਨ ਸਨ। ਜਬਰ-ਜਨਾਹ ਦੇ ਦੋਸ਼ੀ ਬ੍ਰਾਹਮਣ ਨੂੰ ਚਿੰਤਾਵਨੀ ਦੇ ਕੇ ਛੱਡਿਆ ਜਾ ਸਕਦਾ ਸੀ ਅਤੇ ਇਸੇ ਦੋਸ਼ ਦੇ ਦੋਸ਼ੀ ਕਸ਼ੱਤਰੀ ਨੂੰ ਥੋੜਾ ਜਿਹਾ ਜੁਰਮਾਨਾ ਕਰਕੇ। ਪਰ ਸਮਾਜ ਦੇ ਦੂਸਰੇ ਵਰਗਾਂ ਨੂੰ ਇਸੇ ਦੋਸ਼ ਕਾਰਨ ਅੰਗਹੀਣ ਕਰਨ ਦੀ ਜਾਂ ਮੌਤ ਵਰਗੀ ਮਿਸਾਲੀ ਸਜਾ ਦਿਤੀ ਜਾ ਸਕਦੀ ਸੀ। ਜਾਤੀ ਅਧਾਰਤ ਇਸ ਭੇਦ ਭਾਵ ਵਿਰੁੱਧ ਭਗਤਾਂ ਵੱਲੋਂ ਅਵਾਜ ਉਠਾਈ ਜਾ ਰਹੀ ਸੀ ਅਤੇ ਸਿੱਖ ਗੁਰੂ ਵੀ ਇਸ ਕੰਮ ਵਿਚ ਵੱਧ ਚੜ ਕੇ ਆਪਣਾ ਹਿੱਸਾ ਪਾ ਰਹੇ ਸਨ ਪਰ ਫਿਰ ਵੀ ਨਤੀਜਾ ਪ੍ਰਭਾਵਸ਼ਾਲੀ ਨਹੀਂ ਸੀ। ਸਮਾਜਕ ਬਣਤਰ ਵਿਚ ਬ੍ਰਾਹਮਣ ਦੇ ਪ੍ਰਭਾਵ ਨੂੰ ਪੰਜਾਬ ਵਿਚ ਖਤਮ ਕਰਨ ਦਾ ਸਿਹਰਾ ਬੰਦੇ ਨੂੰ ਜਾਂਦਾ ਹੈ। ਉਸਨੂੰ ਜੋ ਵੀ ਮਿਲਣ ਆਉਂਦਾ, ਭਾਵੇਂ ਉਹ ਚਮਾਰ ਜਾਂ ਭੰਗੀ ਹੀ ਕਿਉਂ ਨਾ ਹੋਵੇ, ਉਸਨੂੰ ਉਹ ਘੁਟ ਕੇ ਜੱਫੀ ਪਾਉਂਦਾ ਅਤੇ ਪਿਆਰ ਨਾਲ ਉਸਨੂੰ ਸਿੰਘ ਆਖ ਬੁਲਾਉਂਦਾ। ਆਪਣੇ ਖੀਸੇ ਵਿਚ ਹੱਥ ਪਾ, ਮੋਹਰ ਜਾਂ ਰੁਪਈਆ ਜੋ ਵੀ ਹੱਥ ਆਉਂਦਾ ਉਸ ਮਿਲਣ ਆਏ ਦੇ ਹੱਥ ਧਰਦਾ। ਘੁਮਿਆਰ, ਤੇਲੀ, ਝਿਉਰ, ਜੁਲਾਹੇ, ਪਾਣੀ ਢੋਣ ਵਾਲੇ, ਗੱਲ ਕੀ ਜਿਹੜਾ ਵੀ ਗਰੀਬ ਉਸ ਦੀ ਥੋੜ੍ਹੀ ਜਿੰਨੀ ਵੀ ਸੇਵਾ ਕਰਦਾ ਉਸਨੂੰ ਉਹ ਮਿਹਨਤਾਨੇ ਵੱਜੋਂ ਸੋਨੇ ਦਾ ਸਿੱਕਾ ਦਿੰਦਾ। ਇਸ ਨਾਲ ਉਹਨਾਂ ਗਰੀਬਾਂ ਦਾ ਆਤਮ ਵਿਸ਼ਵਾਸ ਵੀ ਵੱਧਦਾ ਅਤੇ ਇਸ ਦਾ ਚੰਗਾ ਪ੍ਰਭਾਵ ਵੀ ਪੈਂਦਾ। ਇਸ ਨਾਲ ਸਮਾਜ ਦੇ ਦੱਬੇ ਕੁਚਲੇ ਲੋਕਾਂ ਨੂੰ ਮਾਣ ਸਨਮਾਨ ਮਿਲਦਾ ਸੀ।

ਸਮਾਜ ਦੇ ਸਾਰੇ ਵਰਗਾਂ ਅਤੇ ਜਾਤਾਂ ਦੀ ਸਹਾਇਤਾ ਨਾਲ ਬੰਦਾ ਬਹਾਦਰ ਨੇ ਖਾਲਸੇ ਦੇ ਛੋਟੇ ਜਿਹੇ ਜੱਥੇ ਵਲੋਂ ਲੜੀ ਜਾਣ ਵਾਲੀ ਲੜਾਈ ਨੂੰ ਲੋਕਾਂ ਦੀ ਲੜਾਈ ਵਿਚ ਬਦਲ ਦਿਤਾ ਸੀ। ਅਜਿਹਾ ਕਰਨ ਦਾ ਇਕ ਸਪਸ਼ਟ ਮਕਸਦ ਸੀ – ਨਾ ਸਿਰਫ ਜਾਲਮ ਮੁਗਲ ਹਕੂਮਤ ਤੋਂ ਖਹਿੜਾ ਹੀ ਛੁਡਾਉਣਾ ਸੀ ਸਗੋਂ ਆਪਣੀ ਹਕੂਮਤ ਵੀ ਕਾਇਮ ਕਰਨੀ ਸੀ। ਇਸ ਤੋਂ ਪਹਿਲਾਂ ਕਿਸੇ ਸ਼ਪਸ਼ਟ ਨਿਸ਼ਾਨੇ ਦੀ ਘਾਟ ਸੀ। ਸਿੱਖ ਗੁਰੂ ਸ਼ਾਂਤੀ ਪਸੰਦ ਸਨ ਤੇ ਉਹ ਹਥਿਆਰਬੰਦ ਹਮਲਾਵਰ ਰੁਖ ਤਾਂ ਕੀ ਹਥਿਆਰਬੰਦ ਵਿਰੋਧ ਦੇ ਵੀ ਹੱਕ ਵਿਚ ਨਹੀਂ ਸਨ। ਉਹ ਅਹਿੰਸਕ ਸੰਘਰਸ਼ ਭਾਵ ਸਾਂਤਮਈ ਵਿਰੋਧ ਦੇ ਪ੍ਰਚਾਰਕ ਸਨ। ਜਦੋਂ ਛੇਵੇਂ ਗੁਰੂ ਸ੍ਰੀ ਹਰਗੋਬਿੰਦ ਸਾਹਿਬ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰ ਲਈਆਂ ਤਦ ਵੀ ਇਹ ਸੰਘਰਸ਼ ਸਿਰਫ ਹਥਿਆਰਬੰਦ ਵਿਰੋਧ ਤਕ ਹੀ ਸੀਮਤ ਸੀ। ਉਹਨਾਂ ਦੇ ਮਨਸੂਬਿਆਂ ਵਿਚ ਹਥਿਆਰਬੰਦ ਸੰਘਰਸ਼ ਤੇ ਆਪਣੇ ਰਾਜ ਦੀ ਸਥਾਪਨਾ ਸ਼ਾਮਲ ਨਹੀਂ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ, ਜਿਹਨਾਂ ਕਿ ਸ਼ਾਂਤਮਈ ਸਿਧਾਂਤ ਤੋਂ ਤਿੱਖਾ ਮੋੜ ਕੱਟਦਿਆਂ ਖੰਡੇ ਦੀ ਪਾਹੁਲ ਛਕਾ ਕੇ ਇਸ ਲਹਿਰ ਨੂੰ ਜੁਝਾਰੂ ਰੁਖ ਜਰੂਰ ਪ੍ਰਦਾਨ ਕੀਤਾ, ਆਪਣੇ ਸਿਧਾਂਤ ਵਿਚ ਹਮਲਾਵਰ ਰੁਖ ਅਤੇ ਸ਼ਹਿਰਾਂ ਤੇ ਕਸਬਿਆਂ ਦੀ ਲੁਟਮਾਰ ਨੂੰ ਸ਼ਾਮਲ ਨਹੀਂ ਸੀ ਕੀਤਾ। ਇਹ ਸੱਚ ਹੈ ਕਿ ਉਹਨਾਂ ਭਾੜੇ ਦੇ ਸੈਨਿਕਾਂ ਦੀਆਂ ਸੇਵਾਵਾਂ ਲਈਆਂ ਪਰ ਫਿਰ ਵੀ ਅਜਿਹਾ ਕੋਈ ਪ੍ਰਮਾਣ ਨਹੀਂ ਮਿਲਦਾ ਜੋ ਕਿ ਇਹ ਦਰਸਾਵੇ ਕਿ ਉਹ ਕੁਝ ਇਲਾਕਿਆਂ ਵਿਚ ਆਪਣੀ ਹਕੂਮਤ ਸਥਾਪਿਤ ਕਰਨਾ ਚਾਹੁੰਦੇ ਸਨ। ਉਹਨਾਂ ਦਾ ਮੰਤਵ ਤਾਂ ਸਿਰਫ ਗਵਾਂਢੀ ਪਹਾੜੀ ਰਾਜਿਆਂ ਅਤੇ ਸਰਹਿੰਦ ਦੇ ਸੂਬੇਦਾਰ ਵਜੀਰ ਖਾਨ ਦੇ ਹਮਲਿਆਂ ਤੋਂ ਆਪਣੇ ਆਪ ਨੂੰ ਸੁਰੱਖਿਅਤ ਕਰਨ ਤਕ ਹੀ ਮਹਿਦੂਦ ਸੀ। ਇਸੇ ਲਈ ਉਹਨਾਂ ਆਪਣੀਆਂ ਸਾਰੀਆਂ ਲੜਾਈਆਂ ਅਤੇ ਝੜਪਾਂ ਵਿਚ, ਜਿਥੋਂ ਤਕ ਸੰਭਵ ਸੀ, ਬਚਾਅ ਵਾਲੀ ਨੀਤੀ ਹੀ ਅਪਣਾਈ, ਚਾਹੇ ਇਹ ਲੜਾਈਆਂ ਪਹਾੜੀ ਰਾਜਿਆਂ ਵਿਰੁਧ ਸਨ, ਜਾਂ ਔਰੰਗਜ਼ੇਬ ਜਾਂ ਬਹਾਦਰ ਸ਼ਾਹ ਵਿਰੁਧ। ਕਿਉਂਜੋਂ ਗੁਰੂ ਸਾਹਿਬ ਆਪਣੀ ਕੌਮ ਦੇ ਅਧਿਆਤਮਕ ਰਹਿਬਰ ਸਨ ਸੋ ਸਰਬੱਤ ਦਾ ਭਲਾ, ਸ਼ਾਂਤੀ ਤੇ ਸਹਿਜ ਦਾ ਪ੍ਰਚਾਰ ਕਰਨਾ ਉਹਨਾਂ ਦੀ ਮਜਬੂਰੀ ਸੀ। ਪਰ ਬੰਦੇ ਲਈ ਅਜਿਹੀ ਕੋਈ ਮਜਬੂਰੀ ਨਹੀਂ ਸੀ। ਉਹ ਇਕ ਸੂਰਮਾ ਸੀ, ਯੋਧਾ ਸੀ ਗੁਰੂ ਨਹੀਂ ਸੀ। ਉਹ ਨਾਮ ਸਿਮਰਨ ਨਾਲ ਤਾਂ ਸਹਿਮਤ ਸੀ ਪਰ ਭਗਤ ਕਬੀਰ ਜੀ ਦੇ ਆਖਣ ਨਾਲ ਵੀ ਸਹਿਮਤ ਸੀ ਕਿ ਭੂਖੇ ਭਗਤਿ ਨ ਕੀਜੈ। ਯਹ ਮਾਲਾ ਅਪਨੀ ਲੀਜੈ। ਉਸ ਲਈ ਭੁਖ ਤੇ ਜਿੱਤ ਪ੍ਰਾਪਤ ਕਰਨੀ ਮਾਲਾ ਫੇਰਨ ਅਤੇ ਕਰਮਾਂ ਦੇ ਆਸਰੇ ਤੇ ਜ਼ਿੰਦਗੀ ਬਤੀਤ ਕਰਨ ਨਾਲੋਂ ਬਹੁਤ ਜਿਆਦਾ ਮਹੱਤਵਪੂਰਨ ਸੀ। ਉਸਨੂੰ ਯਕੀਨ ਸੀ ਕਿ ਇਸ ਮਾਇਆ ਰੂਪੀ ਸੰਸਾਰ ਵਿਚ ਕੋਈ ਕਿਸੇ ਤੇ ਰਹਿਮ ਨਹੀਂ ਕਰਦਾ ਤੇ ਹਰੇਕ ਨੂੰ ਜਿਉਂਦੇ ਰਹਿਣ ਲਈ ਸੰਘਰਸ਼ ਕਰਨਾ ਹੀ ਪੈਂਦਾ ਹੈ।

ਆਪਣੀਆਂ ਸਾਰੀਆਂ ਲੜਾਈਆਂ ਵਿਚ ਬੰਦੇ ਨੂੰ ਇਕ ਅਜਿਹੇ ਮਿਲਗੋਭਾ ਭੀੜ ਦੀ ਅਗਵਾਈ ਕਰਨੀ ਪੈਂਦੀ ਸੀ ਜਿਸ ਵਿਚ ਸਮਰਪਤ ਸਿੱਖਾਂ ਨਾਲੋਂ ਲੁਟਮਾਰ ਦੇ ਉਦੇਸ਼ ਨਾਲ ਆ ਜੁੜੇ ਬਾਉਰੀਆ, ਸਹਿੰਸੀ, ਕਲਾਲ, ਤਰਖਾਣਾਂ ਡਾਕੂ ਲੁਟੇਰੇ ਤੇ ਧਾੜਵੀਆਂ ਦੀ ਗਿਣਤੀ ਕਿਤੇ ਜਿਆਦਾ ਹੁੰਦੀ ਸੀ। ਆਪਣੇ ਇਸ ਪਵਿਤਰ ਸੰਘਰਸ਼ ਵਿਚ ਉਹ ਸਿੱਖਾਂ ਤੇ ਗੈਰ ਸਿੱਖਾਂ ਵਿਚ ਕੋਈ ਵਖਰੇਵਾਂ ਨਹੀਂ ਸੀ ਕਰਦਾ। ਚੰਗਾ-ਮਾੜਾ, ਇਥੋਂ ਤਕ ਕਿ ਦੁਸ਼ਮਣ ਦੇ ਕੈਂਪ ਨੂੰ ਛੱਡ ਕੇ ਆਇਆਂ ਦਾ ਵੀ ਉਹ ਸਵਾਗਤ ਕਰਦਾ ਸੀ। ਇਹਨਾਂ ਸਾਰੀਆਂ ਲੜਾਈਆਂ ਵਿਚ

ਫੌਜੀ ਤਾਕਤ ਦੇ ਪੱਖੋਂ ਉਹ ਕਮਜ਼ੋਰ ਹੀ ਸੀ ਸੋ ਉਸਨੂੰ ਆਪਣੀ ਕਾਮਯਾਬੀ ਲਈ ਇਸ ਮੁਲਖੀਏ ਦੀ ਗਿਣਤੀ ਅਤੇ ਟਿੱਡੀ ਦਲ ਦੀ ਤੇਜੀ ਵਰਗੇ ਹਮਲੇ ਤੇ ਹੀ ਟੇਕ ਰੱਖਣੀ ਪੈਂਦੀ ਸੀ। ਸੋ ਇਹਨਾਂ ਹਾਲਾਤਾਂ ਵਿਚ ਬੰਦੇ ਨੂੰ ਬਹੁਤੀ ਵੇਰਾਂ ਇਸ ਸੰਘਰਸ਼ ਵਿਚ ਸ਼ਾਮਲ ਹੋਏ ਸੈਨਿਕਾਂ ਦੀਆਂ ਗੈਰ ਇਖਲਾਕੀ ਕਾਰਵਾਈਆਂ ਪ੍ਰਤੀ ਅੱਖਾਂ ਵੀ ਮੀਟਣੀਆਂ ਪੈਂਦੀਆਂ ਸਨ। ਅਕਸਰ ਹੀ ਉਸਨੂੰ ਆਪਣੇ ਆਦਮੀਆਂ ਦੁਆਰਾ ਕੀਤੀ ਲੁਟ ਮਾਰ ਅਤੇ ਬੇਗੁਨਾਹ ਹਿੰਦੂ, ਮੁਸਲਮਾਨਾਂ ਦੇ ਕੀਤੇ ਕਤਲਾਂ ਨੂੰ ਅੱਖੋਂ ਪਰੋਖੇ ਕਰਨਾ ਪੈਂਦਾ ਸੀ। ਉਸਦੀ ਦਲੀਲ ਸੀ ਕਿ ਵੇਗ ਵਿਚ ਚੜ੍ਹੇ ਦਰਿਆ ਤੇ ਜੰਗਲ ਦੀ ਭੜਕੀ ਅੱਗ ਸਾਹਮਣੇ, ਅਮੀਰ-ਗਰੀਬ, ਬੇਕਸੂਰ ਤੇ ਕਸੂਰਵਾਰ, ਜੋ ਵੀ ਸਾਹਮਣੇ ਆ ਗਿਆ ਖਤਮ ਹੋ ਜਾਂਦਾ ਹੈ। ਸੋ ਆਪਣੇ ਬੰਦਿਆਂ ਤੇ ਇਕ ਹੱਦ ਤੋਂ ਵਧ ਅੰਕੁਸ਼ ਰੱਖਣਾ ਨਾ ਹੀ ਬੰਦੇ ਬਹਾਦਰ ਲਈ ਸੰਭਵ ਸੀ ਤੇ ਨਾ ਹੀ ਸਿਆਣਪ ਭਰਪੂਰ।

ਬੰਦੇ ਦੀਆਂ ਜਿੱਤਾਂ ਭਾਵੇਂ ਥੋੜੇ ਸਮੇਂ ਲਈ ਹੀ ਸਾਰਥਿਕ ਰਹੀਆਂ ਪਰ ਇਹਨਾਂ ਨੇ ਗਰੀਬਾਂ ਅਤੇ ਦਬੇ ਕੁਚਲਿਆਂ ਲਈ ਇਕ ਅਜਿਹੇ ਚਾਨਣ ਮੁਨਾਰੇ ਦਾ ਕੰਮ ਕੀਤਾ ਜਿਸਨੇ ਕਿ ਭਵਿਖ ਵਿਚ ਰਾਜਸੱਤਾ ਦੀ ਪ੍ਰਾਪਤੀ ਲਈ ਉਹਨਾਂ ਦੇ ਕਦਮਾਂ ਦਾ ਮਾਰਗ ਦਰਸ਼ਨ ਕੀਤਾ। ਉਹਨਾਂ ਆਪਣੇ ਆਪ ਨੂੰ ਛੋਟੇ ਵੱਡੇ ਗਰੁੱਪਾਂ ਵਿਚ ਸੰਗਠਿਤ ਕਰ ਲਿਆ, ਜੋ ਕਿ ਬਾਅਦ ਵਿਚ ਮਿਸਲਾਂ ਅਖਵਾਏ। ਉਹਨਾਂ ਬੰਦੇ ਦੁਆਰਾ ਦਰਸਾਏ ਮਾਰਗ ਤੇ ਚਲਦਿਆਂ ਦੱਖਣ-ਪੂਰਬੀ ਪੰਜਾਬ ਅਤੇ ਪੱਛਮੀ ਉਤਰ ਪ੍ਰਦੇਸ਼ 'ਚ ਵੀ ਲੁੱਟ ਮਾਰ ਕੀਤੀ। ਮੁਸਲਮਾਨ ਚੌਧਰੀਆਂ ਨੂੰ ਉਹਨਾਂ ਹਰਾਇਆ ਵੀ, ਉਹਨਾਂ ਨਾਲ ਮੌਕਾਪ੍ਰਸਤ ਸਮਝੌਤੇ ਵੀ ਕੀਤੇ, ਬੇਸ਼ਰਮੀ ਨਾਲ ਉਹਨਾਂ ਨਾਲ ਧੋਖੇ ਅਤੇ ਠੱਗੀਆਂ ਵੀ ਕੀਤੀਆਂ, ਪਰ ਹੌਸਲੇ ਨਾਲ ਉਹ ਰਾਜ ਸੱਤਾ ਪ੍ਰਾਪਤ ਕਰਨ ਦੇ ਆਪਣੇ ਅੰਤਿਮ ਉਦੇਸ਼ ਵੱਲ ਕਦਮ ਦਰ ਕਦਮ ਵੱਧਦੇ ਗਏ। ਮਿਸਲਾਂ ਚੰਗੇ ਅਸੂਲਾਂ ਅਤੇ ਉਚਪਾਏ ਦੇ ਚਾਲ ਚਲਣ ਵਾਲੇ ਉਦੇਸ਼ਾਂ ਤੋਂ ਪ੍ਰਭਾਵਿਤ ਨਹੀਂ ਸਨ। ਗੁਰੂ ਜੀ ਦੀ ਸਿਖਿਆ ਸਿਰਫ ਬ੍ਰਾਹਮਣ ਦੇ ਵਰਨ ਆਸ਼ਰਮ ਤੋਂ ਬਚਣ ਤੱਕ ਹੀ ਸਾਰਥਿਕ ਸੀ। ਉਹ ਧਾਰਮਿਕ ਜਾਂ ਦੇਸ਼ ਭਗਤੀ ਦੀਆਂ ਭਾਵਨਾਵਾਂ ਤੋਂ ਵੀ ਪ੍ਰਭਾਵਿਤ ਨਹੀਂ ਸਨ। ਉਹਨਾਂ ਆਪਣੀ ਅੰਤਰ-ਆਤਮਾ ਨੂੰ ਦਰ-ਕਿਨਾਰ ਕਰ ਹਰ ਉਸ ਵਿਅਕਤੀ ਤੋਂ ਸਹਿਯੋਗ ਲਿਤਾ ਜਿਹੜਾ ਉਹਨਾਂ ਦੇ ਰਾਜਨੀਤਿਕ ਅਤੇ ਆਰਥਿਕ ਉਦੇਸ਼ ਦੀ ਪੂਰਤੀ ਵਿਚ ਸਹਾਈ ਸੀ - ਭਾਵੇਂ ਇਹ ਸਮਝੌਤਾ ਇਖਲਾਕੀ ਸੀ ਜਾਂ ਗੈਰ ਇਖਲਾਕੀ। ਉਹਨਾਂ ਦੇ ਥੋੜ੍ਹਾ ਬਹੁਤ ਆਪਸੀ ਸਹਿਯੋਗ ਦਾ ਅਧਾਰ ਸਿਰਫ ਉਹਨਾਂ ਦਾ ਪੇਂਡੂ ਪਿਛੋਕੜ, ਸਾਂਝਾ ਦੁਸ਼ਮਣ ਅਤੇ ਕੁਝ ਹੱਦ ਤੱਕ ਇਕ ਧਰਮ ਦੇ ਅਨੁਯਾਈ ਹੋਣਾ ਸੀ। ਡਬਲਯੂ. ਐਚ. ਮੈਕਲਿਉਡ ਲਿਖਦਾ ਹੈ "ਅਠਾਰਵੀਂ ਸਦੀ ਇਕ ਬਹੁਤ ਹੀ ਭੰਬਲਭੂਸੇ ਦਾ ਸਮਾਂ ਸੀ। ਪੁਰਾਣੇ ਵਿਸ਼ਵਾਸ ਤੇ ਵਰਤੋਂ ਵਿਹਾਰ ਜਾਂ ਤਾਂ ਅਲੋਪ ਹੋ ਗਏ ਸਨ ਜਾਂ ਫਿਰ ਨਵੀਆਂ ਲੋੜਾਂ ਦੇ ਅਨੁਕੂਲ ਨਹੀਂ ਸਨ ਰਹੇ। ਅਜਿਹੇ ਗੜਬੜ ਵਾਲੇ ਹਾਲਾਤ ਵਿਚ ਨਵੀਂਆਂ ਧਾਰਨਾਵਾਂ ਦਾ ਪੈਦਾ ਹੋਣਾ ਕੋਈ ਹੈਰਾਨੀਜਨਕ ਨਹੀਂ ਹੈ। ਉਮੀਦ ਅਨੁਸਾਰ ਹੀ ਸਿੱਖ ਪੰਥ ਵਿਚ ਜੋ ਵਿਚਾਰ ਤੇ ਰਿਵਾਜ ਜਿਆਦਾ ਪ੍ਰਚਲਤ ਹੋ ਗਏ ਸਨ ਉਹ ਪੰਥ ਦੇ ਪੁਸ਼ਤੈਨੀ ਤੌਰ ਤੇ ਪ੍ਰਾਪਤ ਉਹਨਾਂ ਵਿਸ਼ੇਸ਼ ਤੱਤਾਂ, ਸਭਿਆਚਾਰ ਅਤੇ ਵਿਲੱਖਣ ਹਾਲਾਤਾਂ ਦੇ ਅਨੁਕੂਲ ਹੀ ਸਨ ਜਿਹਨਾਂ ਕਾਰਨ ਇਹ ਤਬਦੀਲੀ ਵਾਪਰੀ ਸੀ। ਮਜਬੂਰੀ ਕਾਰਨ ਜੋ ਨਵੀਆਂ ਧਾਰਨਾਵਾਂ ਪ੍ਰਚਲਤ ਹੋਈਆਂ ਉਹ ਜਿਆਦਾਤਰ ਜੱਟਾਂ ਦੀ ਪ੍ਰਾਥਮਿਕਤਾ ਅਤੇ ਉਸ ਸਦੀ ਦੇ ਮੱਧ ਵਿਚ ਪ੍ਰਚਲਤ ਯੁੱਧਕਲਾ ਦੇ ਸੁਭਾਅ ਅਨੁਸਾਰ ਹੀ

ਸਨ।" ਕੁਝ ਹੋਰ ਅੱਗੇ ਚਲ ਕੇ ਮੈਕਲਿਉਡ ਲਿਖਦਾ ਹੈ "ਭਾਵੇਂ ਗੁਰੂ ਨਾਨਕ (ਦੇਵ ਜੀ) ਦੀਆਂ ਸਿਖਿਆਵਾਂ ਨੂੰ ਕਦੇ ਵੀ ਤਿਲਾਂਜਲੀ ਨਹੀਂ ਸੀ ਦਿਤੀ ਗਈ ਪਰ ਅਠਾਰਵੀਂ ਸਦੀ ਦੇ ਅੰਤ ਵਿਚ ਜੋ ਕੌਮ ਖਾਲਸੇ ਦੇ ਰੂਪ ਵਿਚ ਉਭਰੀ ਉਹ ਕਰਤਾਰਪੁਰ ਵਿਚ ਪਹਿਲੀ ਵੇਰਾਂ ਇਕੱਠੇ ਹੋਏ ਸ਼ਰਧਾਲੂਆਂ ਨਾਲੋਂ ਮਹੱਤਵਪੂਰਨ ਢੰਗ ਨਾਲ ਭਿੰਨ ਸੀ।"

ਸਿੱਖ ਗੁਰੂ ਸਾਹਿਬਾਨ ਦੇ ਸੁਪਨੇ ਅਤੇ ਸਿੱਖ ਰਾਜ ਦੀ ਹਕੀਕਤ ਦਰਮਿਆਨ ਬੰਦਾ ਬਹਾਦਰ ਇਕ ਫੈਸਲਾਕੁਨ ਮੋੜ ਸੀ। ਗੁਰੂ ਸਾਹਿਬਾਨ ਕ੍ਰਿਸਾਨਾਂ ਅਤੇ ਮਜ਼ਦੂਰਾਂ ਅੰਦਰ ਘੂਕ ਸੁਤੇ ਜੋਸ਼ ਨੂੰ ਉਭਾਰਨ ਵਿਚ ਤਾਂ ਕਾਮਯਾਬ ਰਹੇ ਪਰ ਉਹਨਾਂ ਦੇ ਉਚੇ ਨੈਤਿਕ ਅਸੂਲ ਉਹਨਾਂ ਦੀਆਂ ਸਿਖਿਆਵਾਂ ਨਾਲ ਪੈਦਾ ਹੋਈ ਤਾਕਤ ਨੂੰ ਖਾਲਸਾ ਰਾਜ ਦੀ ਸਥਾਪਨਾ ਵਾਲੇ ਕਿਸੇ ਰਸਤੇ ਤੇ ਤੁਰਨ ਵਿਚ ਅੜਿੱਕਾ ਬਣ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਵਿਚ ਭਾਵੇਂ ਜੁਝਾਰੂ ਗੁਣਾਂ ਨੂੰ ਸ਼ਾਮਲ ਕੀਤਾ ਅਤੇ ਉਹਨਾਂ ਨੂੰ ਕਾਮਯਾਬ ਯੋਧੇ ਵੀ ਬਣਾਇਆ ਪਰ ਉਹਨਾਂ ਦਾ ਪਹਿਲਾਂ ਹਮਲਾ ਨਾ ਕਰਨ ਦੇ ਅਸੂਲ ਨੇ ਜੁਝਾਰੂ ਜੋਸ਼ ਨੂੰ ਨਿਸ਼ਕਿਰਿਆ ਕਰ ਦਿਤਾ। ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੇ ਨਿਸ਼ਾਨਿਆਂ ਵਿਚ ਇਲਾਕੇ ਜਿਤਣੇ ਸ਼ਾਮਲ ਨਹੀਂ ਸੀ ਸੋ ਉਹਨਾਂ ਦਾ ਕੋਈ ਰਾਜਨੀਤਿਕ ਉਦੇਸ਼ ਵੀ ਨਹੀਂ ਸੀ। ਲੋਕਾਂ ਦੀਆਂ ਅਭਿਲਾਸ਼ਾਵਾਂ ਦੇ ਅਨੁਕੂਲ ਕਿਸੇ ਰਾਜਨੀਤਿਕ ਨਿਸ਼ਾਨੇ ਦੀ ਅਣਹੋਂਦ ਦੀ ਸਥਿਤੀ ਵਿਚ ਕਿਸੇ ਹਥਿਆਰਬੰਦ ਸੰਘਰਸ਼ ਨੂੰ ਲੰਮੇ ਸਮੇਂ ਤੀਕ ਜਾਰੀ ਨਹੀਂ ਰੱਖਿਆ ਜਾ ਸਕਦਾ। ਅਜ਼ਾਦ ਚੀਨ ਦੇ ਪਿਤਾਮਾ ਮਾਓ ਜੇ ਤੁੰਗ, ਜਿਸਨੇ ਕਿ ਗੁਰੀਲਾ ਯੁੱਧਕਲਾ ਦੀ ਤਕਨੀਕ ਨੂੰ ਨਿਪੁੰਨਤਾ ਬਖਸ਼ੀ, ਆਪਣੀ ਕਿਤਾਬ ਪ੍ਰਾਈਮਰ ਆਨ ਗੁਰੀਲਾ ਵਾਰ ਵਿਚ ਲਿਖਦਾ ਹੈ "ਰਾਜਨੀਤਿਕ ਨਿਸ਼ਾਨੇ ਦੀ ਅਣਹੋਂਦ ਦੀ ਸਥਿਤੀ ਵਿਚ ਗੁਰੀਲਾ ਯੁੱਧ ਦੀ ਨਾਕਾਮਯਾਬੀ ਨਿਸ਼ਚਿਤ ਹੈ। ਜੇਕਰ ਇਸ ਦਾ ਰਾਜਨੀਤਿਕ ਨਿਸ਼ਾਨਾ ਲੋਕਾਂ ਦੀਆਂ ਅਭਿਲਾਸ਼ਾਵਾਂ ਦੇ ਅਨੁਸਾਰ ਨਹੀਂ ਤਾਂ ਇਸ ਸੰਘਰਸ਼ ਨੂੰ ਉਹਨਾਂ ਦੀ ਹਮਦਰਦੀ, ਸਹਿਯੋਗ ਅਤੇ ਸਹਾਇਤਾ ਨਹੀਂ ਮਿਲ ਸਕੇਗੀ ਅਤੇ ਫਿਰ ਇਸ ਦਾ ਫੇਲ ਹੋਣਾ ਨਿਸ਼ਚਿਤ ਹੈ।"

ਜੱਟ ਗੁਰੂ ਸਾਹਿਬ ਤੋਂ ਬਹੁਤ ਖੁਸ਼ ਸਨ ਕਿਉਂਕਿ ਉਹਨਾਂ ਨੇ ਇਹਨਾ ਦਾ ਸਮਾਜਿਕ ਰੁਤਬਾ ਉਚਾ ਚੁਕ ਬ੍ਰਾਹਮਣਾਂ ਦੇ ਬਰਾਬਰ ਹੀ ਕਰ ਦਿਤਾ ਸੀ। ਜੱਟਾਂ ਵਿਚੋਂ ਮਸੰਦ ਥਾਪ ਕੇ ਉਹਨਾਂ ਨੂੰ ਗੁਰੂ ਵਾਲੀਆਂ ਰਸਮਾਂ ਨਿਭਾਉਣ ਦੇ ਵਿਸ਼ੇਸ਼ ਅਧਿਕਾਰ ਵੀ ਦੇ ਦਿਤੇ ਸਨ। ਪਰ ਫਿਰ ਵੀ ਉਹ ਬਹੁਤੇ ਉਤਸ਼ਾਹੀ ਨਹੀਂ ਸਨ ਕਿਉਂਜੋ ਉਹਨਾਂ ਨੂੰ ਖੂਨ ਖਰਾਬਾ ਅਤੇ ਲੁੱਟਮਾਰ ਦੀ ਇਜਾਜ਼ਤ ਨਹੀਂ ਸੀ। ਸ਼ਾਇਦ ਇਹੀ ਕਾਰਨ ਹੈ ਕਿ ਭੰਗਾਣੀ ਦੀ ਲੜਾਈ ਵਿਚ ਗੁਰੂ ਸਾਹਿਬ ਦੇ ਸਾਥੀਆਂ ਵਿਚ ਬਹੁਤੇ ਜੱਟ ਨਹੀਂ ਸਨ। ਅਨੰਦਪੁਰ ਸਾਹਿਬ ਵਿਚ ਵੀ ਚਾਹਲ ਗੋਤ ਦੇ ਜੱਟਾਂ ਨੇ ਗੁਰੂ ਸਾਹਿਬ ਨੂੰ ਬੇਦਾਵਾ ਦੇ ਦਿਤਾ ਸੀ ਤੇ ਮਜਬੂਰਨ ਗੁਰੂ ਸਾਹਿਬ ਨੂੰ ਕਿਲ੍ਹਾ ਖਾਲੀ ਕਰਨਾ ਪਿਆ ਸੀ। ਇਸੇ ਤਰਾਂ ਹੀ ਬਰਾੜਾਂ ਨੇ ਵੀ ਗੁਰੂ ਸਾਹਿਬ ਨਾਲੋਂ ਉਸ ਸਮੇਂ ਤੋੜ-ਵਿਛੋੜਾ ਕਰਨ ਨੂੰ ਝੱਟ ਨਾ ਲਾਈ ਜਦੋਂ ਗੁਰੂ ਸਾਹਿਬ ਨੂੰ ਉਹਨਾਂ ਦੀਆਂ ਸੇਵਾਵਾਂ ਦੀ ਬੇਹੱਦ ਲੋੜ ਸੀ। ਡੱਲਾ ਸਿੰਘ ਸਿੱਧੂ ਜੱਟ, ਜਿਸ ਨੂੰ ਗੁਰੂ ਸਾਹਿਬ ਦਾ ਬਹੁਤ ਨਜਦੀਕੀ ਸਮਝਿਆ ਜਾਂਦਾ ਸੀ ਅੱਧੀ ਰਾਤ ਨੂੰ ਹੀ ਚੁਪ-ਚੁਪੀਤੇ ਗੁਰੂ ਸਾਹਿਬ ਨਾਲੋਂ ਖਿਸਕ ਗਿਆ ਸੀ। ਇਸ ਸਭ ਕੁਝ ਦੇ ਵਾਪਰਨ ਦਾ ਕਾਰਨ ਇਹੀ ਸੀ ਕਿ ਸਾਥੀਆਂ ਦੇ ਸਹਿਯੋਗ ਅਤੇ ਵਫਾਦਾਰੀ ਨੂੰ ਜੋੜੀ ਰੱਖਣ ਲਈ ਕੋਈ ਰਾਜਨੀਤਿਕ ਨਿਸ਼ਾਨਾ ਨਹੀਂ ਸੀ। ਕਨਿੰਘਮ ਦੀ

ਇਹ ਟਿਪਣੀ ਠੀਕ ਹੀ ਪ੍ਰਤੀਤ ਹੁੰਦੀ ਹੈ "(ਗੁਰੂ) ਗੋਬਿੰਦ (ਸਿੰਘ) ਦੀਆਂ ਗਤੀਵਿਧੀਆਂ ਦੀ ਤਰਤੀਬ ਅਤੇ ਕਾਰਵਾਈ ਦੇ ਵਿਸ਼ੇਸ਼ ਉਦੇਸ਼ ਨੂੰ ਸਮਝਣਾ ਸੌਖਾ ਨਹੀਂ ਹੈ।"

ਸ਼ਿਵਾਜੀ ਆਪਣੇ ਲੋਕਾਂ ਦੀਆਂ ਸੁਤੀਆਂ ਸ਼ਕਤੀਆਂ ਨੂੰ ਜਗਾਉਣ ਅਤੇ ਉਜੱਡ ਆਜੜੀਆਂ ਨੂੰ ਕਾਮਯਾਬ ਸੈਨਿਕ ਬਣਾਉਣ ਵਿਚ ਨਿਸ਼ਚਿਤ ਤੌਰ ਤੇ ਸਫਲ ਰਿਹਾ। ਫਿਰ ਇਹਨਾਂ ਦੀ ਸਹਾਇਤਾ ਨਾਲ ਇਲਾਕਾਈ ਚੌਧਰੀ ਬਣਨ ਵਿਚ ਉਹ ਬੇਹੱਦ ਕਾਮਯਾਬ ਮੁੱਖ ਤੌਰ ਤੇ ਇਸ ਲਈ ਰਿਹਾ ਸੀ ਕਿਉਂਜੋ ਉਸ ਤੇ ਕੋਈ ਬਹੁਤੇ ਉਚੇ ਨੈਤਿਕ ਅਸੂਲਾਂ ਜਾਂ ਧਾਰਮਿਕ ਨਿਯਮਾਂ ਦਾ ਅੰਕੁਸ਼ ਨਹੀਂ ਸੀ। ਉਸ ਦਾ ਨਿਸ਼ਾਨਾ ਹਰ ਹੀਲੇ ਰਾਜਨੀਤਿਕ ਸ਼ਕਤੀ ਦੀ ਪ੍ਰਾਪਤੀ ਸੀ ਅਤੇ ਉਹ ਆਪਣੇ ਨਿਸ਼ਾਨੇ ਬਾਰੇ ਪੂਰੀ ਤਰਾਂ ਸਪਸ਼ਟ ਸੀ। ਦਾਦਾਜੀ ਨਾਰਸੀ ਪ੍ਰਭੂ ਦੇ ਪੱਤਰ ਦੇ ਉਤਰ ਵਿਚ ਸ਼ਿਵਾਜੀ ਨੇ ਲਿਖਿਆ "ਪ੍ਰਮਾਤਮਾ ਨੇ ਹੀ, ਜਿਸ ਦਾ ਨਿਵਾਸ ਤੁਹਾਡੀ ਵਾਦੀ ਦੀਆਂ ਉਚੀਆਂ ਪਹਾੜੀਆਂ ਵਿਚ ਹੈ, ਸਾਨੂੰ ਪ੍ਰੇਰਨਾ ਦਿਤੀ ਹੈ ਅਤੇ ਉਹੀ ਸਾਡੇ ਆਪਣੇ ਰਾਜ ਦੀ ਸਥਾਪਤੀ ਦੀ ਸਾਡੇ ਸਾਰਿਆਂ ਦੀ ਇਛਾ ਦੀ ਪੂਰਤੀ ਕਰੇਗਾ। ਤੁਸੀਂ ਮੈਂ ਅਤੇ ਦਾਦਾਜੀ ਕੋਨਦਿਉ ਨੇ ਪ੍ਰਮਾਤਮਾ ਦੀ ਮੂਰਤੀ ਸਾਹਮਣੇ ਵਫਾਦਾਰੀ ਦੀ ਕਸਮ ਚੁਕੀ ਸੀ। ਇਹ ਕਸਮ ਸਦੀਵੀ ਹੈ । ਇਹ ਪ੍ਰਮਾਤਮਾ ਦੀ ਇਛਾ ਹੈ ਕਿ ਅਸੀਂ ਆਪਣਾ ਰਾਜ ਸਥਾਪਤ ਕਰੀਏ ਅਤੇ ਅਜ਼ਾਦ ਹੋਈਏ।" ਗੁਰੂ ਸਾਹਿਬ ਦੀ ਵਿਉਂਤ ਵਿਚਲੀ ਇਸ ਘਾਟ ਦੀ ਪੂਰਤੀ ਬੰਦਾ ਬਹਾਦਰ ਨੇ ਕੀਤੀ। ਸ਼ਿਵਾਜੀ ਵਾਂਗ ਹੀ ਉਹ ਵੀ ਨਿਸ਼ਾਨੇ ਦੀ ਪ੍ਰਾਪਤੀ ਲਈ ਸਾਧਨਾ ਦੀ ਪਵਿਤਰਤਾ ਬਾਰੇ ਕੋਈ ਧੁੜਕੂ ਨਹੀਂ ਸੀ ਰੱਖਦਾ। ਬੰਦਾ ਬਹਾਦਰ ਦੀ ਲੀਡਰਸ਼ਿਪ ਦੇ ਅਸੂਲ ਜੱਟਾਂ ਦੀ ਮਾਨਸਿਕਤਾ ਦੇ ਅਨੁਕੂਲ ਹੋਣ ਕਾਰਨ ਇਸ ਨੇ ਜੱਟਾਂ ਵਿਚ ਇਕ ਅਜਿਹੀ ਜੋਸ਼ ਦੀ ਜਬਰਦਸਤ ਲਹਿਰ ਪੈਦਾ ਕੀਤੀ ਕਿ ਸਾਰੇ ਪੰਜਾਬ ਵਿਚ ਜੱਟ ਉਸਦੇ ਝੰਡੇ ਹੇਠ ਆ ਇਕੱਠੇ ਹੋਏ। ਆਪਣੀ ਰਵਾਇਤ ਅਨੁਸਾਰ ਹੀ ਉਹ ਸੂਰਮਗਤੀ ਨਾਲ ਲੜੇ। ਉਹਨਾਂ ਸ਼ਹਿਰਾਂ ਅਤੇ ਕਸਬਿਆਂ ਨੂੰ ਲੁੱਟਿਆ ਅਤੇ ਬੇਖੌਫ਼ ਹੋ ਅਗਜਨੀ ਅਤੇ ਅਪਹਰਣਾਂ ਵਿਚ ਸ਼ਾਮਲ ਹੋਏ। ਇਹੀ ਕਾਰਨ ਸੀ ਕਿ ਬੰਦੇ ਨੂੰ ਆਪਣੀਆਂ ਹੈਰਾਨਕੁਨ ਜਿੱਤਾਂ ਦੇ ਬਾਵਜੂਦ ਵੀ ਪ੍ਰਸੰਸਾ ਨਾ ਮਿਲੀ । ਡਾ. ਹਰੀ ਰਾਮ ਗੁਪਤਾ ਲਿਖਦਾ ਹੈ ਲੱਗਦਾ ਹੈ ਕਿ ਬੰਦੇ ਨੇ ਕਰੀਬ 50 ਹਜ਼ਾਰ ਮੁਸਲਮਾਨ ਖਤਮ ਕੀਤੇ ਅਤੇ ਅਜਿਹੀ ਦਰਿੰਦਗੀ ਕਿਸੇ ਵੀ ਜ਼ਮਾਨੇ ਵਿਚ ਸਵੀਕਾਰਨ ਯੋਗ ਨਹੀਂ ਹੈ।" ਪਰ ਇਸ ਸਭ ਕਾਸੇ ਲਈ ਕੇਵਲ ਬੰਦਾ ਬਹਾਦਰ ਨੂੰ ਹੀ ਜਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ । ਉਹ ਇਕ ਅਜਿਹੇ ਹਜੂਮ ਦੀ ਅਗਵਾਈ ਕਰ ਰਿਹਾ ਸੀ ਜਿਸ ਵਿਚ ਡਾਕੂ ਲੁਟੇਰਿਆਂ ਦੀ ਗਿਣਤੀ ਸਿੱਖਾਂ ਨਾਲੋਂ ਬਹੁਤ ਜਿਆਦਾ ਸੀ। ਫਿਰ ਵੀ ਇਸ ਮੂੜ ਦਰਿੰਦਗੀ ਨੇ ਉਸਦੇ ਮਾਣ ਸਨਮਾਨ ਨੂੰ ਹਮੇਸ਼ਾਂ ਲਈ ਦਾਗਦਾਰ ਕਰ ਦਿਤਾ। ਕਨਿੰਘਮ ਦੀ ਇਹ ਟਿਪਣੀ ਠੀਕ ਹੀ ਹੈ "ਹਮੇਸ਼ਾਂ ਕਾਮਯਾਬੀ ਹੀ ਮਹਾਨਤਾ ਦਾ ਪੈਮਾਨਾ ਨਹੀਂ ਹੁੰਦੀ। ਸਿੱਖਾਂ ਦੇ ਆਖਰੀ ਪੈਗੰਬਰ (ਗੁਰੂ ਗੋਬਿੰਦ ਸਿੰਘ) ਆਪਣੇ ਉਦੇਸ਼ ਦੀ ਪ੍ਰਾਪਤੀ ਵੇਖਣ ਲਈ ਜਿੰਦਾ ਨਾ ਰਹੇ। ਪਰ ਉਹ ਹਾਰੇ ਹੋਏ ਲੋਕਾਂ ਦੀਆਂ ਸੁਤੀਆਂ ਹੋਈਆਂ ਸ਼ਕਤੀਆਂ ਨੂੰ ਜਗਾ ਕੇ ਉਹਨਾਂ ਵਿਚ ਸਮਾਜਿਕ ਸੁਧਾਰ ਅਤੇ ਕੌਮੀ ਚੜ੍ਹਤ ਦੀ ਉਚੀ ਪਰ ਵਾਜਿਬ ਚਾਹਤ ਜਗਾਉਣ ਵਿਚ ਕਾਰਗਰ ਰਹੇ। (ਗੁਰੂ) ਨਾਨਕ ਦੁਆਰਾ ਪ੍ਰਚਾਰੀ ਪੂਜ ਦੀ ਪਵਿਤਰਤਾ ਦੇ ਇਹੀ ਠੀਕ ਸਮਿਲਤ ਪਦਾਰਥ ਸਨ।" ਅੱਗੇ ਬੰਦੇ ਦਾ ਪੱਖ ਪੂਰਦਿਆਂ ਡਾ. ਗੁਪਤਾ ਲਿਖਦਾ ਹੈ "ਬੰਦੇ ਨੇ ਇਹ ਗੱਲ ਦਰਸਾ ਦਿਤੀ ਕਿ ਪੱਕੇ ਦੁਸ਼ਮਣ ਦਾ ਮੁਕਾਬਲਾ ਕਰਨ ਦਾ ਇਕੋ ਹੀ ਤਰੀਕਾ ਹੈ ਕਿ ਉਸਨੂੰ ਉਸਦੀ ਬੋਲੀ ਵਿਚ ਹੀ ਜੁਆਬ ਦਿਤਾ ਜਾਵੇ ਭਾਵ ਕਿ ਦੰਦ

ਬਦਲੇ ਦੰਦ ਭੰਨ ਕੇ ਅੱਖ ਬਦਲੇ ਅੱਖ ਕੱਢ ਕੇ ਹਿਸਾਬ ਬਰਾਬਰ ਕੀਤਾ ਜਾਵੇ। ਸਿੱਖਾਂ ਨੇ ਇਹ ਪਾਠ ਬੰਦੇ ਤੋਂ ਪੜ੍ਹਿਆ ਅਤੇ ਆਪਣੀ ਜਨਮ ਭੂਮੀ ਵਿਚ ਆਪਣੀ ਹਕੂਮਤ ਸਥਾਪਤ ਕਰਨ ਦੀ ਕਾਮਯਾਬੀ ਲਈ ਉਹ ਪ੍ਰਸੰਸਾ ਦੇ ਹੱਕਦਾਰ ਨੇ।" ਬੰਦੇ ਨੇ ਇਹਨਾਂ ਕਤਲੇਆਮਾਂ ਦੀ ਜਿੰਮੇਵਾਰੀ ਕਬੂਲ ਕਰਨ ਸਮੇਂ ਕੋਈ ਸੰਕੋਚ ਨਹੀਂ ਦਿਖਾਇਆ। ਉਸ ਨੇ ਮੁਹੰਮਦ ਅਮੀਨ ਖਾਨ ਨੂੰ ਆਖਿਆ ਸੀ "ਜਦੋਂ ਮਨੁਖ ਅਜਿਹੇ ਪਾਪੀ ਅਤੇ ਦੁਸ਼ਟ ਹੋ ਜਾਣ ਕਿ ਉਹ ਇਨਸਾਫ ਦਾ ਮਾਰਗ ਤਿਆਗ ਦੇਣ ਅਤੇ ਹਰ ਕਿਸਮ ਦੀਆਂ ਜ਼ਿਆਦਤੀਆਂ ਕਰਨ ਲਗ ਪੈਣ ਤਾਂ ਪ੍ਰਮਾਤਮਾ ਅਜਿਹੇ ਦੁਸ਼ਟਾਂ ਨੂੰ ਸੋਧਣ ਲਈ ਮੇਰੇ ਜਿਹੇ ਬੰਦੇ ਪੈਦਾ ਕਰਦਾ ਹੈ। ਜਦੋਂ ਉਹਨਾਂ ਦੁਸ਼ਟਾਂ ਦੀ ਸਜਾ ਪੂਰੀ ਹੋ ਜਾਂਦੀ ਹੈ ਫਿਰ ਉਹ ਤੇਰੇ ਜਿਹੇ ਬੰਦੇ ਪੈਦਾ ਕਰਦਾ ਹੈ ਤਾਂ ਜੋ ਸੋਧਣ ਵਾਲੇ ਦਾ ਵੀ ਹਿਸਾਬ-ਕਿਤਾਬ ਬਰਾਬਰ ਕੀਤਾ ਜਾ ਸਕੇ।" ਉਸਨੂੰ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਦੀ ਹੋਈ ਭਿਅੰਕਰ ਤਬਾਹੀ ਦਾ ਕੋਈ ਮਲਾਲ ਨਹੀਂ ਸੀ ਤੇ ਨਾ ਹੀ ਉਸਨੂੰ ਦਿਤੀ ਜਾ ਰਹੀ ਸਜਾ ਤੇ ਕੋਈ ਸ਼ਿਕਵਾ ਸ਼ਿਕਾਇਤ ਸੀ। ਗੀਤਾ ਉਪਦੇਸ਼ ਤੇ ਪੂਰਾ ਉਤਰਦਾ ਜਿਉਂਦਾ-ਜਾਗਦਾ ਮਨੁੱਖ ਇਸ ਧਰਤੀ ਤੇ ਜੇਕਰ ਕਦੀ ਪੈਦਾ ਹੋਇਆ ਹੈ ਤਾਂ ਉਹ ਕੇਵਲ ਬੰਦਾ ਬਹਾਦਰ ਹੀ ਹੈ।

ਸਿੱਖ ਮਾਨਸਿਕਤਾ ਵਿਚ ਗਰਮ ਖਿਆਲੀ ਝੁਕਾਅ ਆਉਣ ਦਾ ਇਕ ਮਹੱਤਵਪੂਰਨ ਨਤੀਜਾ ਇਹ ਨਿਕਲਿਆ ਕਿ ਜੱਟਾਂ ਨੇ ਪ੍ਰਮੁੱਖ ਕੇਂਦਰੀ ਸਥਾਨ ਮੱਲ ਲਿਆ ਅਤੇ ਪਵਿੱਤਰ ਖੱਤਰੀ ਕੁਨਬੇ ਜਿਵੇਂ ਕਿ ਬੇਦੀ, ਤਰੇਹਨ, ਭੱਲੇ, ਸੋਢੀ ਆਦਿ ਸਮਾਜਿਕ ਰੁਤਬੇ ਵਿਚ ਪਿਛੇ ਅਤੇ ਨੀਵਾਣ ਵੱਲ ਧੱਕ ਦਿਤੇ ਗਏ। ਸਿੱਖ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਚਲਾਉਣਾ ਬਾਬਾ ਬਿਨੋਦ ਸਿੰਘ ਵਰਗਿਆਂ ਦਾ ਉਚੇਚਾ ਹੱਕ ਨਹੀਂ ਰਹਿ ਗਿਆ ਸੀ। ਜੱਟਾਂ, ਕਲਾਲਾਂ, ਤਰਖਾਣਾਂ, ਸਹਿੰਸੀਆਂ ਅਤੇ ਮਜ਼ਬੀਆਂ ਸਭ ਨੇ ਰਾਜਨੀਤਿਕ ਤਾਕਤ ਤੇ ਆਪਣਾ ਹੱਕ ਜਿਤਾਇਆ ਪਰ ਆਖਿਰ ਜਿੱਤ ਸਹਿੰਸੀਆਂ ਦੀ ਹੋਈ।ਐਚ.ਏ. ਰੋਜ਼ ਲਿਖਦਾ ਹੈ "ਸਮੇਂ ਸਮੇਂ ਅਤੇ ਵਾਰ ਵਾਰ ਪਵਿੱਤਰ ਖੱਤਰੀ ਪਰਿਵਾਰਾਂ ਦੇ ਨੁਮਾਇੰਦਿਆਂ ਅਧੀਨ ਸਿੱਖ ਧਾਰਮਿਕ ਖੇਤਰ ਨੂੰ ਲਿਆਉਣ ਦੀ ਕੋਸ਼ਿਸ਼ ਕੀਤੀ ਗਈ। ਮਿਸਾਲ ਦੇ ਤੌਰ ਤੇ ਸੰਨ 1800 ਵਿਚ ਸਾਹਿਬ ਸਿੰਘ ਬੇਦੀ ਨੇ ਜੋ ਕਿ ਗੁਰੂ ਨਾਨਕ ਦੇਵ ਜੀ ਦੀ ਕੁੱਲ ਵਿਚੋਂ ਸੀ, ਧਾਰਮਿਕ ਪ੍ਰੇਰਨਾ ਦਾ ਬਹਾਨਾ ਘੜ ਕੇ ਇਕ ਵੱਡੀ ਫੌਜ ਇਕਠੀ ਕਰ ਲਈ ਅਤੇ ਲੁਧਿਆਣੇ ਨੂੰ ਘੇਰਾ ਪਾ ਲਿਆ ਤੇ ਮਲੇਰਕੋਟਲੇ ਉਪਰ ਕਬਜ਼ਾ ਕਰ ਲਿਆ। ਉਸਨੇ ਜੋਰਜ ਥੋਮਸ ਨੂੰ ਆਖਿਆ ਕਿ ਸਿੱਖ ਪੈਗੰਬਰ ਦਾ ਅਸਲੀ ਨੁਮਾਇਦਾ ਹੋਣ ਦੇ ਨਾਤੇ ਉਸਦਾ (ਸਾਹਿਬ ਸਿੰਘ ਬੇਦੀ) ਹੁਕਮ ਮੰਨਿਆ ਜਾਵੇ। ਪਰ ਸਮਾਂ ਹੁਣ ਜੁਝਾਰੂ ਸਿੱਖ ਲੀਡਰਾਂ ਵੱਲ ਦਾ ਸੀ ਸੋ ਬੇਦੀ ਜਲਦੀ ਹੀ ਸਤਲੁਜ ਦੇ ਉਤਰ ਵਲ ਨੂੰ ਲੰਘ ਗਿਆ।" ਮਾਤਾ ਸੁੰਦਰੀ ਦੇ ਮੁਤਬੰਨੇ ਪੁਤਰ ਅਜੀਤ ਸਿੰਘ ਅਤੇ ਪੋਤਰੇ ਹਾਥੀ ਸਿੰਘ ਨੇ ਵੀ ਆਪਣੇ ਆਪ ਨੂੰ ਗੁਰੂ ਥੋਪਣ ਦੀ ਕੋਸ਼ਿਸ਼ ਕੀਤੀ।ਪਰ ਸਿੰਘ ਹੁਣ ਖੱਤਰੀਆਂ ਦੀ ਚੌਧਰ ਕਾਇਮ ਰੱਖਣ ਜਾਂ ਕਿਸੇ ਅਖੌਤੀ ਉਚੀ ਜਾਤ ਵਾਲੇ ਨੂੰ ਗੁਰੂ ਮੰਨਣ ਦੇ ਰੌਂ ਵਿਚ ਨਹੀਂ ਸਨ।ਅਸਲ ਵਿਚ ਉਹਨਾਂ ਹੀ ਗੁਰੂ ਮਾਨਿਓ ਗ੍ਰੰਥ ਦੇ ਹੱਕ ਵਿਚ ਫੈਸਲਾ ਕੀਤਾ ਸੀ। ਡਬਲਯੂ. ਐਚ. ਮੈਕਲਿਉਡ ਲਿਖਦਾ ਹੈ "ਆਖਿਰਕਾਰ ਖਾਲਸਾ ਸਿਧਾਂਤ ਹੀ ਸਿੱਖਾਂ ਦੀ ਸਮਾਜਿਕ ਪਹਿਚਾਣ ਦੀ ਇਕਲੌਤੀ ਪ੍ਰੰਪਰਾਗਤ ਕਸਵੱਟੀ ਵੱਜੋਂ ਉਭਰੇ। ਹਾਲਾਤ ਨੇ ਖਾਲਸਾ ਸਿਧਾਤਾਂ ਦਾ ਪੱਖ ਪੂਰਿਆ ਅਤੇ ਅਠਾਰਵੀਂ ਸਦੀ ਦੇ ਪਿਛਲੇਰੇ ਭਾਗ ਵਿਚ ਇਸ ਦੀ ਚੜਤ ਨੇ ਧਾਰਮਿਕ ਰਵਾਇਤਾਂ ਨੂੰ ਬੇ-ਮਾਅਨੀ ਬਣਾ ਦਿਤਾ।"

ਅਸਲ ਵਿਚ ਇਹੋ ਪ੍ਰਕਿਰਿਆ ਮਹਾਰਾਜਾ ਰਣਜੀਤ ਸਿਘ ਦੇ ਰਾਜਕਾਲ ਦੌਰਾਨ ਵੀ ਜਾਰੀ ਰਹੀ ਜਦੋਂ ਸਰਬੱਤ ਖਾਲਸਾ ਅਤੇ ਗੁਰਮੱਤੇ ਦੇ ਸਿਧਾਂਤ ਖਤਮ ਕਰ ਦਿਤੇ ਗਏ ਸਨ ਅਤੇ ਅੰਮ੍ਰਿਤਸਰ 'ਚ ਸ਼ੁਧ ਧਾਰਮਿਕ ਇਕੱਤਰਤਾਵਾਂ ਤੋਂ ਬਿਨਾਂ ਬਾਕੀ ਹਰ ਕਿਸਮ ਦੇ ਇਕੱਠਾਂ ਤੇ ਪਾਬੰਦੀ ਲਗਾ ਦਿਤੀ ਗਈ ਸੀ।

ਰਾਜਨੀਤੀਕਰਨ ਦਾ ਇਕ ਹੋਰ ਨਤੀਜਾ ਇਹ ਨਿਕਲਿਆ ਕਿ ਧਰਮ ਨੂੰ ਤਾਂ ਪਿਛੇ ਧਕੇਲ ਦਿਤਾ ਗਿਆ ਅਤੇ ਰਾਜਸੱਤਾ ਦੀ ਪ੍ਰਾਪਤੀ ਨਾ ਕੇਵਲ ਪ੍ਰਾਥਮਿਕਤਾ ਗ੍ਰਹਿਣ ਕਰ ਗਈ ਸਗੋਂ ਲਹੂ ਚੂਸਦੀ ਤੀਬਰ ਲਾਲਸਾ ਵੀ ਬਣ ਗਈ। ਸਿੱਖ ਗੁਰੂਆਂ ਨੇ ਭਾਵੇਂ ਸਮਾਜਿਕ ਧਾਰਮਿਕ ਅਤੇ ਰਾਜਨੀਤਿਕ ਅਜ਼ਾਦੀ ਉਪਰ ਤਾਂ ਜੋਰ ਦਿਤਾ ਸੀ ਪਰ ਉਹਨਾਂ ਕਦੇ ਵੀ ਸਿੱਖ ਰਾਜ ਦੀ ਸਥਾਪਨਾ ਦਾ ਵਿਚਾਰ ਪੇਸ਼ ਨਹੀਂ ਕੀਤਾ ਸੀ। ਅਸਲ ਵਿਚ ਉਹਨਾਂ ਦੀਆਂ ਸਿਖਿਆਵਾਂ ਤਾਂ ਉਸ ਇਕੋ ਪ੍ਰਮਾਤਮਾ ਦੀ ਸੰਤਾਨ ਸਮੂਹ ਲੋਕਾਈ ਲਈ ਸਨ – ਸਰਬੱਤ ਦੇ ਭਲੇ ਲਈ। ਉਹ ਆਪਣੇ ਆਪ ਨੂੰ ਕਿਸੇ ਇਕ ਰਾਜ ਦੇ ਤੁੱਛ ਵਿਚਾਰ ਨਾਲ ਨਹੀਂ ਬੰਨਣਾ ਚਾਹੁੰਦੇ ਸਨ। ਉਹਨਾਂ ਨੂੰ ਪੂਰਾ ਗਿਆਨ ਸੀ ਕਿ ਰਾਜਸੱਤਾ ਮਨੁੱਖ ਨੂੰ ਪਾਪੀ ਬਣਾ ਦਿੰਦੀ ਹੈ ਅਤੇ ਮੋਕਸ਼ ਦੀ ਪ੍ਰਾਪਤੀ ਵਿਚ ਇਹ ਇਕ ਭਾਰੀ ਅੜਿੱਕਾ ਬਣ ਜਾਂਦੀ ਹੈ।ਸੋ ਉਹਨਾਂ ਆਪਣੇ ਆਪ ਨੂੰ ਇਕ ਸਲਤਨਤ ਸਥਾਪਤ ਕਰਨ ਦੇ ਵਿਚਾਰ ਤੋਂ ਨਿਰਲੇਪ ਹੀ ਰੱਖਿਆ । ਉਹ ਅਧਿਆਤਮਕ ਗੁਰੂ ਸਨ ਅਤੇ ਮੁਗਲ ਬਾਦਸ਼ਾਹ ਵੀ ਉਹਨਾਂ ਨੂੰ ਅਜਿਹੇ ਫਕੀਰਾਂ ਦੇ ਰੂਪ ਵਿਚ ਵੇਖਦੇ ਸਨ ਜਿਹਨਾਂ ਦੀਆਂ ਕੋਈ ਇਲਾਕਾਈ ਅਭਿਲਾਸ਼ਾਵਾਂ ਨਹੀਂ ਹਨ। ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਮੌਤ ਉਪਰੰਤ ਉਹਨਾਂ ਦੀ ਜਾਇਦਾਦ ਜਬਤ ਕਰਨ ਜਾਂ ਲਾਵਾਰਿਸ ਸਮਝ ਕਬਜ਼ੇ ਵਿਚ ਲੈਣ ਤੋਂ ਇਸ ਅਧਾਰ ਤੇ ਨਾਂਹ ਕਰ ਦਿਤੀ ਸੀ ਕਿ ਗੁਰੂ ਜੀ ਇਕ ਫਕੀਰ ਸਨ ਅਤੇ ਕਿਸੇ ਫਕੀਰ ਦੀ ਜਾਇਦਾਦ ਜ਼ਬਤ ਕਰਨਾ ਕਿਸੇ ਸਲਤਨਤ ਨੂੰ ਸ਼ੋਭਾ ਨਹੀਂ ਦਿੰਦਾ। ਪਰ ਬੰਦੇ ਦੇ ਮਾਮਲੇ ਵਿਚ ਸਥਿਤੀ ਬਿਲਕੁਲ ਵੱਖਰੀ ਸੀ ਕਿਉਂਕਿ ਉਹ ਇਕ ਅਧਿਆਤਮਿਕ ਨੇਤਾ ਨਹੀਂ ਸੀ। ਉਹ ਇਕ ਗੁਰੀਲਾ ਯੋਧਾ ਸੀ ਅਤੇ ਡਾ. ਹਰੀ ਰਾਮ ਗੁਪਤਾ ਦੇ ਅੰਦਾਜ਼ੇ ਅਨੁਸਾਰ "ਉਹ ਕਿਸੇ ਗੱਲੋਂ ਵੀ ਸਿਕੰਦਰ ਮਹਾਨ, ਚੰਗੇਜ਼ ਖਾਂਨ, ਨਾਦਿਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਜਾਂ ਨਪੋਲੀਅਨ ਬੋਨਾਪਾਰਟ ਨਾਲੋਂ ਘੱਟ ਨਹੀਂ ਸੀ।" ਸ਼ਿਵਾਜੀ ਮਰਹੱਟੇ ਜਾਂ ਚੀਨ ਦੇ ਨੇਤਾ ਮਾਉ ਜੇ ਤੁੰਗ ਵਾਂਗਰ ਹੀ ਉਸਦਾ ਵੀ ਸਿਆਸੀ ਨਿਸ਼ਾਨਾ ਸੀ। ਇਸੇ ਲਈ ਉਸਨੇ ਲੜਾਈ ਜਾਲਮਾਂ ਨੂੰ ਸਜਾ ਦੇਣ ਤੇ ਇਕ ਰਾਜ ਦੀ ਸਥਾਪਨਾ ਲਈ ਵਿੱਢੀ ਸੀ। ਇਹ ਰਾਜ ਭਾਵੇਂ ਛੋਟਾ ਹੀ ਸੀ ਪਰ ਉਸਨੇ ਇਸ ਦੀ ਇਕ ਰਾਜਧਾਨੀ ਮੁਕੱਰਰ ਕੀਤੀ ਅਤੇ ਸੱਚੇ ਗੁਰੂ ਦੇ ਨਾਂ ਤੇ ਸਿੱਕਾ ਵੀ ਜਾਰੀ ਕੀਤਾ। ਨਿਰਵਾਣ ਜਾਂ ਮੋਕਸ਼ ਸਿਰਫ ਇਕ ਵਿਚਾਰ ਹੀ ਹੈ, ਇਕ ਪਵਿੱਤਰ ਤਾਂਘ, ਇਕ ਇੱਛਾ ਅਤੇ ਇਸ ਦੀ ਕੋਈ ਠੋਸ ਹਕੀਕਤ ਨਹੀਂ ਹੈ। ਦੂਸਰੇ ਬੰਨੇ ਰਾਜ ਜਾਂ ਬਾਦਸ਼ਾਹਤ ਇਕ ਠੋਸ ਹਕੀਕਤ ਹੈ ਜਿਸ ਬਾਰੇ ਵਿਚਾਰਿਆ ਜਾ ਸਕਦਾ ਹੈ ਅਤੇ ਇਹ ਖਿੱਚ ਪਾਊ ਵੀ ਹੈ। ਇਸੇ ਲਈ ਰਾਜ ਸਥਾਪਤੀ ਦੇ ਵਾਅਦੇ ਨੇ ਸਿੱਖਾਂ ਦੀ ਸੋਝੀ ਅਤੇ ਰਵੱਈਏ ਵਿਚ ਇਕ ਬਹੁਤ ਵੱਡੀ ਤਬਦੀਲੀ ਲੈ ਆਂਦੀ। ਦਰ ਹਕੀਕਤ ਗੁਰੂ ਹਰਗੋਬਿੰਦ ਜੀ ਵੱਲੋਂ ਲਾਏ ਰਾਜਨੀਤਕ ਅਭਿਲਾਸ਼ਾ ਦੇ ਬੂਟੇ ਨੇ ਬੰਦੇ ਦੀ ਰਹਿਨੁਮਾਈ ਹੇਠ ਇਕ ਵੱਡੇ ਬਿਰਖ ਦਾ ਰੂਪ ਧਾਰਨ ਕਰ ਲਿਆ। ਇਸ ਤਰਾਂ ਹੋਣ ਨਾਲ ਪੀਰੀ ਦੇ ਕੰਮ ਵੱਲ ਧਿਆਨ ਬਹੁਤ ਘਟ ਗਿਆ ਅਤੇ ਰਾਜ ਕਰੇਗਾ ਖਾਲਸਾ

ਸਿੱਖਾਂ ਦੀ ਰੋਜ਼ਾਨਾ ਅਰਦਾਸ ਦਾ ਅਨਿਖੜਵਾਂ ਅੰਗ ਬਣ ਗਿਆ। ਸਿੱਖ ਮੋਕਸ਼ ਦੀ ਬਜਾਏ ਰਾਜ ਦਾ ਵਧੇਰੇ ਅਭਿਲਾਸ਼ੀ ਬਣ ਗਏ।

ਗੁਰੂ ਦੀਆਂ ਸਿਖਿਆਵਾਂ ਤੋਂ ਹਟਵੀਂ ਇਕ ਹੋਰ ਗਲ ਇਹ ਹੋਈ ਕਿ ਇਲਾਹੀ ਹੁਕਮ ਦੇ ਮੁਕਾਬਲੇ ਇਨਸਾਨੀ ਕੋਸ਼ਿਸ਼ ਅਤੇ ਸੂਝ ਨੂੰ ਜਿਆਦਾ ਮਹੱਤਤਾ ਦਿਤੀ ਜਾਣ ਲੱਗੀ। ਬੰਦੇ ਦਾ ਫਲਸਫਾ ਇਹ ਸੀ ਕਿ ਜੇਕਰ ਆਮ ਜਨਤਾ ਆਪਣੇ ਛੋਟੇ ਛੋਟੇ ਮੱਤਭੇਦ ਭੁਲਾ ਕੇ ਇਕਠੇ ਹੋ ਇਕ ਜਬਰਦਸਤ ਹੰਭਲਾ ਮਾਰੇ ਤਾਂ ਉਹ ਆਪਣੀਆਂ ਗੁਲਾਮੀ ਦੀਆਂ ਜੰਜੀਰਾਂ ਨੂੰ ਸੌਖਿਆਂ ਹੀ ਤੋੜ ਸਕਦੀ ਹੈ ਅਤੇ ਜਾਲਮ ਹੁਕਮਰਾਨਾਂ ਦਾ ਖਾਤਮਾ ਕਰ ਸਕਦੀ ਹੈ। ਡਾ. ਗੋਪਾਲ ਸਿੰਘ ਆਪਣੀ ਪੁਸਤਕ "ਹਿਸਟਰੀ ਆਫ ਸਿੱਖ ਪੀਪਲ" ਵਿਚ ਇਕ ਕਹਾਣੀ ਬਿਆਨ ਕਰਦੇ ਹਨ ਜਿਸ ਦੀ ਸਚਾਈ ਤਾਂ ਭਾਵੇਂ ਸ਼ੱਕੀ ਹੈ ਪਰ ਵਿਚਾਰ ਅਧੀਨ ਮੁਦੇ ਨਾਲ ਇਹ ਸਿਧੇ ਤੌਰ ਤੇ ਜੁੜੀ ਹੋਈ ਹੈ। ਕਾਹਣੀ ਇਉਂ ਹੈ:

"ਬੰਦਾ ਜਦੋਂ ਸਢੋਰੇ 'ਚ ਕਿਆਮ ਕਰ ਰਿਹਾ ਸੀ ਤਾਂ ਕੁਝ ਹਿੰਦੂਆਂ ਨੇ ਉਸ ਕੋਲ ਆ ਕੇ ਮੁਸਲਮਾਨ ਜਿਮੀਂਦਾਰਾਂ ਦੇ ਜ਼ੁਲਮਾਂ ਬਾਰੇ ਸ਼ਿਕਾਇਤ ਕੀਤੀ। ਬੰਦੇ ਨੇ ਆਪਣੇ ਅੰਗ ਰੱਖਿਅਕਾਂ ਨੂੰ ਹੁਕਮ ਕੀਤਾ ਕਿ ਇਹਨਾਂ ਨੂੰ ਗੋਲੀ ਮਾਰ ਦਿਤੀ ਜਾਵੇ। ਜਦੋਂ ਉਹਨਾਂ ਅਰਜ ਗੁਜਾਰੀ ਕਿ ਫਰਿਆਦੀਆਂ ਨੂੰ ਅਜਿਹੀ ਭਿਆਨਕ ਸਜਾ ਕਿਸ ਗੁਨਾਹ ਬਦਲੇ ਦਿਤੀ ਜਾ ਰਹੀ ਹੈ ਤਾਂ ਬੰਦੇ ਨੇ ਜੁਆਬ ਦਿਤਾ ਤੁਹਾਡੇ ਤੇ ਜ਼ੁਲਮ ਕਰਨ ਵਾਲਿਆਂ ਨਾਲੋਂ ਤੁਸੀਂ ਬਹੁਤ ਵੱਡੀ ਗਿਣਤੀ ਵਿਚ ਹੋ। ਫਿਰ ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਤੁਸੀਂ ਇਕੱਠੇ ਹੋ ਕੇ ਉਹਨਾਂ ਜ਼ਾਲਮਾਂ ਦਾ ਫੱਸਤਾ ਵੱਢਣ ਦੀ ਥਾਂ ਆਪਣੇ ਦੁਖਾਂ ਦਾ ਰੋਣਾ ਰੋਂਦੇ ਫਿਰਦੇ ਹੋ। ਫਰਿਆਦੀਆਂ ਨੇ ਉਵੇਂ ਕੀਤਾ ਜਿਵੇਂ ਉਹਨਾਂ ਨੂੰ ਆਖਿਆ ਗਿਆ ਸੀ ਅਤੇ ਉਹਨਾਂ ਦੀ ਇਹ ਕਾਰਵਾਈ ਦੀ ਖਬਰ ਚਾਰੇ ਪਾਸੇ ਜੰਗਲ ਦੀ ਅੱਗ ਵਾਂਗੂ ਫੈਲ ਗਈ।" ਕਹਾਣੀ ਭਾਵੇਂ ਸੱਚੀ ਹੋਵੇ ਜਾਂ ਝੂਠੀ ਪਰ ਇਸ ਤੋਂ ਬੰਦੇ ਦੇ ਜਨ-ਸ਼ਕਤੀ ਦੇ ਹੰਭਲੇ ਵਿਚ ਵਿਸ਼ਵਾਸ ਦੀ ਝਲਕ ਮਿਲਦੀ ਹੈ। ਇਕ ਚਿਰ ਸਥਾਪਤ ਅਤੇ ਸ਼ਕਤੀਸਾਲੀ ਰਾਜ ਨਾਲ ਮੱਥਾ ਲਾਉਣਾ ਕੋਈ ਬੱਚਿਆਂ ਦੀ ਖੇਡ ਨਹੀਂ ਸੀ। ਸੋ ਬੰਦੇ ਦਾ ਇਹ ਫਲਸਫਾ ਭਾਵੇਂ ਹਰ ਸਥਿਤੀ ਵਿਚ ਕਾਮਯਾਬੀ ਨਾਲ ਲਾਗੂ ਨਹੀਂ ਹੋ ਸਕਦਾ ਪਰ ਆਮ ਜਨਤਾ ਵਿਚ ਇਹ ਕਾਫੀ ਹਰਮਨ ਪਿਆਰਾ ਹੋ ਗਿਆ ਕਿਉਂਕਿ ਇਸ ਵਿਚੋਂ ਹੀ ਉਹਨਾਂ ਨੂੰ ਆਸ ਦੀ ਕਿਰਨ ਨਜ਼ਰ ਆਉਂਦੀ ਸੀ ਅਤੇ ਇਹ ਉਹਨਾਂ ਲਈ ਲਾਹੇਵੰਦ ਵੀ ਸਾਬਤ ਹੋ ਰਿਹਾ ਸੀ। ਬੰਦਾ ਬਹਾਦਰ ਦੇ ਇਸ ਫਲਸਫੇ ਤੇ ਚਲਦਿਆਂ ਜਿਥੇ ਉਹ ਮੁਗਲ ਰਾਜ ਦੀ ਗੁਲਾਮੀ ਦੇ ਜੂਲੇ ਥੱਲਿਉਂ ਨਿਕਲਣ ਵਿਚ ਸਫਲ ਰਹੇ ਉਥੇ ਆਪਣੀ ਸਲਤਨਤ ਸਥਾਪਤ ਕਰਨ ਵਿਚ ਵੀ ਕਾਮਯਾਬ ਰਹੇ। ਬੰਦੇ ਦੀਆਂ ਜਿੱਤਾਂ ਦੀ ਜ਼ਿੰਦਗੀ ਭਾਵੇਂ ਥੋੜ੍ਹੀ ਚਿਰੀ ਹੀ ਸੀ ਪਰ ਉਸਦੇ ਫਲਸਫੇ ਤੋਂ ਪ੍ਰਭਾਵਤ ਲੋਕਾਂ ਨੇ ਹਿੰਦੂਕੁਸ਼ ਪਰਬਤਾਂ ਦੇ ਪਾਰੋਂ ਆਉਂਦੇ ਹਮਲਾਵਰਾਂ ਨੂੰ ਡੱਕ ਕੇ ਤੇ ਖਹਿਬਰ ਦੱਰੇ ਤੇ ਆਪਣਾ ਝੰਡਾ ਗੱਡ ਕੇ ਨਵਾਂ ਇਤਿਹਾਸ ਵੀ ਸਿਰਜਿਆ। ਕਰੀਬ ਹਜ਼ਾਰ ਸਾਲ ਤੋਂ ਵਿਦੇਸ਼ੀਆਂ ਤੋਂ ਮਾਰ ਖਾਂਦੇ ਲੋਕਾਂ ਦੀ ਇਹ ਪ੍ਰਾਪਤੀ ਕੋਈ ਛੋਟੀ ਪ੍ਰਾਪਤੀ ਨਹੀਂ ਸੀ।

ਸਿੱਖੀ ਦੀਆਂ ਬੁਨੀਆਦੀ ਸਿਖਿਆਵਾਂ ਤੋਂ ਇਸ ਤੋੜ-ਵਿਛੋੜੇ ਦਾ ਇਕ ਭੈੜਾ ਪੱਖ ਵੀ ਸੀ। ਬੇਤਰਸ ਤੇ ਅਹਿਮਕਾਨਾ ਹਿੰਸਾ ਨੇ ਸ਼ੁਰੂ ਵਿਚ ਤਾਂ ਸਲਤਨਤ ਦੀ ਸਥਾਪਤੀ ਵਿਚ ਸਹਾਇਤਾ ਕੀਤੀ ਤੇ ਫਿਰ ਇਹੀ ਹਿੰਸਾ ਇਸ ਸਲਤਨਤ ਨੂੰ ਲੈ ਡੁੱਬੀ। ਇਹ ਸ਼ਾਨਦਾਰ

ਸਲਤਨਤ ਕਿਸੇ ਬਾਹਰੀ ਹਮਲੇ ਨੇ ਨਹੀਂ ਖਤਮ ਕੀਤੀ ਸਗੋਂ ਇਸਦੇ ਖਤਮ ਹੋਣ ਦਾ ਕਾਰਨ ਇਹ ਸੀ ਕਿ ਇਸ ਦੀਆਂ ਨੀਹਾਂ ਹੀ ਗਦਾਰੀ ਤੇ ਧੋਖੇ ਦੀ ਜਨਮਜਾਤ ਅਸਥਿਰ ਚਟਾਨ ਤੇ ਟਿਕੀਆਂ ਹੋਈਆਂ ਸਨ। ਛੜਯੰਤ੍ਰ, ਫਰੇਬ, ਕਤਲ ਅਤੇ ਸਰਦਾਰਾਂ ਦੇ ਅਨੈਤਿਕ ਵਿਹਾਰ ਜਿਹੀ ਸਮੱਗਰੀ ਨਾਲ ਸਥਾਪਤ ਇਹ ਰਾਜ ਵੱਖ ਵੱਖ ਸਰਦਾਰਾਂ ਨੂੰ ਆਪਸ ਵਿਚ ਜੋੜੀ ਰੱਖਣ ਦੇ ਸਮਰੱਥ ਨਹੀਂ ਸੀ। ਸੋ ਇਹ ਰਾਜ ਚਾਰ ਦਿਨਾਂ ਦੀ ਚਾਂਦਨੀ ਹੀ ਸਾਬਤ ਹੋਇਆ। ਜਿਹੜੇ ਹੱਥਾਂ ਨੇ ਇਸ ਨੂੰ ਮਿਹਨਤ ਨਾਲ ਉਸਾਰਿਆ ਸੀ ਉਹਨਾਂ ਹੀ ਕਲੰਕਤ ਤਰੀਕੇ ਨਾਲ ਇਸਨੂੰ ਉਦੋਂ ਗਰਕ ਕੀਤਾ ਜਦੋਂ ਇਕ ਸਰਦਾਰ ਦੇ ਹੱਥੋਂ ਦੂਜੇ ਦਾ ਬੇਰਹਿਮੀ ਤੇ ਧੋਖੇ ਨਾਲ ਕਤਲ ਹੁੰਦਾ ਰਿਹਾ। ਲੂੰ ਕੰਡੇ ਖੜੇ ਕਰਨ ਵਾਲੀ ਸਿੱਖਾਂ ਦੀ ਚੜਤ ਅਤੇ ਗਿਰਾਵਟ ਦੀ ਇਸ ਦਾਸਤਾਨ ਵਿਚ ਸ਼ਾਨਦਾਰ ਜਿਤਾਂ ਅਤੇ ਸ਼ਰਮਨਾਕ ਹਾਰਾਂ ਸ਼ਾਮਲ ਨੇ। ਪਰ ਇਸ ਨਾਲ ਸਿੱਖੀ ਦੀਆਂ ਬੁਨਿਆਦੀ ਸਿਖਿਆਵਾਂ ਦੀ ਪਰਪੱਕਤਾ ਦਾ ਅਤੇ ਮੈਕਵਿਲੀਅਨ ਨੀਤੀਆਂ ਰਾਹੀ ਪ੍ਰਾਪਤ ਚਲੰਤ ਦੁਨਿਆਵੀ ਲਾਭਾਂ ਦੇ ਖੋਖਲੇਪਨ ਦਾ ਸਭ ਪਾਸੇ ਚਾਨਣ ਹੋ ਗਿਆ।

ਬੰਦੇ ਦੀ ਅਗਵਾਈ ਹੇਠਲੇ ਤੇ ਉਸ ਦੁਆਰਾ ਹੀ ਸ਼ੁਰੂ ਕੀਤੇ ਕਿਰਸਾਨੀ ਵਿਦਰੋਹ ਨੇ ਸਿੱਖਾਂ ਅਤੇ ਸਿੱਖੀ ਉਪਰ ਅਮਿੱਟ ਛਾਪ ਛੱਡੀ। ਇਸਨੇ ਇਹਨਾਂ ਨੂੰ ਅਧਿਆਤਮਕ ਤੇ ਦੁਨਿਆਵੀ ਪੱਖ ਵੱਲ, ਭਾਵ ਧਰਮ ਤੋਂ ਰਾਜਨੀਤੀ ਵੱਲ ਮੋੜਿਆ। ਡਬਲਿਯੂ. ਐਚ. ਮੈਕਲਿਉਡ ਲਿਖਦਾ ਹੈ "ਖਾਲਸੇ ਦੀ ਸ਼ਕਤੀ ਧਰਮਸਾਲ ਦੇ ਧਾਰਮਿਕ ਕੰਮਾਂ ਦੀ ਬਜਾਏ ਹੋਰਨਾਂ ਕਾਰਵਾਈਆਂ ਵਿਚ ਲੱਗੀ ਰਹੀ ਸੀ।- - - - ਫੌਜੀ ਜਰੂਰਤਾਂ ਅਤੇ ਖਾਲਸੇ ਦੇ ਪ੍ਰਭਾਵ ਕਾਰਨ ਪੰਥ ਦੀ ਮੁਖ ਦਿਲਚਸਪੀ ਸੰਗਤ ਦੀ ਬਜਾਏ ਪਹਿਲਾਂ ਜੱਥਿਆਂ ਤੇ ਫਿਰ ਮਿਸਲਾਂ ਵਿਚ ਰਹੀ।" ਬਦਕਿਸਮਤੀ ਨਾਲ ਇਸ ਮਿਸਾਲੀ ਤਬਦੀਲੀ ਨਾਲ ਸਿੱਖ ਧਰਮ ਦਾ ਭਵਿਖੀ ਵਿਕਾਸ ਪੂਰੀ ਤਰਾਂ ਰੁਕ ਗਿਆ ਅਤੇ ਇਹ ਆਪਣੇ ਆਪ ਤੱਕ ਹੀ ਸਿਮਟ ਇਕ ਕਾਕੂਨ ਬਣ ਗਿਆ ਜਿਸ ਵਿਚ ਤਾਜੀ ਹਵਾ ਆਉਣ ਲਈ ਕੋਈ ਬੂਹਾ ਬਾਰੀ ਨਹੀਂ ਸੀ। ਜਿਹਨਾਂ ਦਾ ਅਜਿਹੇ ਮਹੌਲ ਵਿਚ ਦਮ ਘੁੱਟਦਾ ਸੀ ਉਹ ਇਸ 'ਚੋਂ ਉਪਜੀ ਨਿਰਾਸਤਾ ਕਾਰਨ ਵੱਖ ਵੱਖ ਤਰਾਂ ਦੇ ਨਾਮਨਿਹਾਦ ਸੰਤਾਂ, ਗਰੂਆਂ ਦੇ ਡੇਰਿਆਂ ਵੱਲ ਨੂੰ ਤੁਰ ਗਏ। ਵੱਖ ਵੱਖ ਸ਼ਤਾਬਦੀਆਂ ਦੇ ਜਸ਼ਨ ਮਨਾਉਣ ਦੇ ਬਾਵਜੂਦ ਵੀ ਸਿੱਖ ਧਰਮ ਇਕ ਰੂਹ ਤੋਂ ਸੱਖਣੇ ਕਲਬੂਤ ਵਾਂਗ ਹੀ ਰਹਿ ਗਿਆ ਹੈ।

ਸਿੱਖ ਸ਼ਹੀਦਾਂ ਦੇ ਅਕਾਸ਼ ਮੰਡਲ ਵਿਚੋਂ ਭਾਵੇਂ ਬੰਦਾ ਬਹਾਦਰ ਜਿਆਦਾਤਰ ਅਲੋਪ ਹੀ ਰਿਹਾ ਪਰ ਸਿੱਖਾਂ ਅਤੇ ਸਿੱਖੀ ਉਪਰ ਉਸਦੀ ਛਾਪ ਡੂੰਘੀ, ਦੀਰਘ ਕਾਲੀਨ ਅਤੇ ਅਮਿੱਟ ਹੈ। ਉਸਨੇ ਆਪਣੇ ਪਿਛੇ ਲਲਕਾਰਨ ਵਾਲਾ ਵਿਰੋਧ ਅਤੇ ਫਿਰਕੂ ਮਿਲੀਟੈਂਸੀ ਦੀ ਵਿਰਾਸਤ ਛੱਡੀ। ਮੁਜ਼ੱਫਰ ਆਲਮ ਲਿਖਦਾ ਹੈ "ਭਾਵੇਂ ਬੰਦਾ ਬਹਾਦਰ – – – ਅਤੇ ਉਸਦੇ ਸੱਤ ਸੌ ਹੋਰ ਸਿੱਖ ਸਾਥੀ 1715 ਵਿਚ ਪਕੜ ਕੇ ਕਤਲ ਕਰ ਦਿਤੇ ਗਏ ਸਨ ਪਰ ਸਿੱਖਾਂ ਦੇ ਵਿਦਰੋਹ ਨੇ ਮੁਗਲ ਹਕੂਮਤ ਦੀਆਂ ਨੀਂਹਾਂ ਨੂੰ ਕਮਜ਼ੋਰ ਕਰਨਾ ਉਸ ਸਮੇਂ ਤਕ ਜਾਰੀ ਰੱਖਿਆ ਜਦੋਂ ਤੀਕਰ ਕਿ ਸਾਰਾ ਸੂਬਾ ਹੀ ਅਠਾਰਵੀਂ ਸਦੀ ਦੇ ਅੱਧ ਵਿਚ ਅਰਾਜਕਤਾ ਦੀ ਜਕੜ ਵਿਚ ਨਹੀਂ ਪੁਹੰਚ ਗਿਆ।" ਬੰਦੇ ਦੁਆਰਾ ਸ਼ੁਰੂ ਕੀਤੇ ਇਨਕਲਾਬ ਨੇ, ਜਿਸ ਵਿਚ ਤਕੜੀ ਭਾਗੀਦਾਰੀ ਨੀਵੀਆਂ ਜਾਤਾਂ ਵਾਲਿਆਂ ਦੀ ਸੀ, ਰਾਜ ਕਰੇਗਾ ਖਾਲਸਾ ਦੀ ਇਛਾ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਸਥਾਪਤ ਕਰ ਇਕ ਹਕੀਕਤ ਵਿਚ ਬਦਲ ਦਿਤਾ। ਭਾਵੇਂ ਕਿ ਅਜਿਹਾ ਕਰਨ ਵਿਚ ਉਸਨੂੰ ਇਕ ਸਦੀ ਦੇ ਕਰੀਬ ਸਮਾਂ ਲੱਗਿਆ।

ਆਖਰੀ ਸ਼ਬਦ

ਬੰਦਾ ਬਹਾਦਰ ਨਾ ਤਾਂ ਇਕ ਸੰਤ ਸੀ ਤੇ ਨਾ ਹੀ ਇਕ ਸ਼ੈਤਾਨ ।ਉਹ ਤਾਂ ਸਿਰਫ ਇਕ ਸਿਰਲੱਥ ਯੋਧਾ ਸੀ ਜਿਸ ਵਿਚ ਮਨੁਖੀ ਕਮਜ਼ੋਰੀਆਂ ਵੀ ਸਨ। ਪਰ ਬਦਕਿਸਮਤੀ ਨਾਲ ਸੰਸਾਰ ਦੇ ਮਹਾਨਤਮ ਯੋਧਿਆਂ ਦੀ ਬਰਾਬਰੀ ਕਰਨ ਵਾਲੇ ਇਸ ਮਨੁੱਖ ਨੂੰ ਇਨੀ ਬਰੀ ਤਰਾਂ ਭੰਡਿਆ ਗਿਆ ਹੈ ਜਿੰਨਾ ਕਿ ਸਿੱਖ ਇਤਿਹਾਸ ਵਿਚ ਕਿਸੇ ਵੀ ਹੋਰ ਯੋਧੇ ਨੂੰ ਨਹੀਂ ਭੰਡਿਆ ਗਿਆ। ਉਸ ਓਪਰ ਅਜਿਹੇ ਗੁਨਾਹਾਂ ਦੀਆਂ ਊਜਾਂ ਲਾਈਆਂ ਗਈਆਂ ਜਿਹੜੇ ਉਸਨੇ ਕਦੇ ਕੀਤੇ ਹੀ ਨਹੀਂ ਸਨ।ਉਸ ਦੀਆਂ ਮਹਾਨ ਕੁਰਬਾਨੀਆਂ ਨੂੰ, ਜਿਹੜੀਆਂ ਕਿਸੇ ਵੀ ਹੋਰ ਇਕ ਸਿੱਖ ਨਾਲੋਂ ਵੱਧ ਸਨ, ਵਿਸਾਰ ਹੀ ਦਿਤਾ ਗਿਆ ਸੀ। ਉਸਨੂੰ ਸਜਾ ਵੀ ਉਹਨਾਂ ਲੋਕਾਂ ਨੇ ਦਿਤੀ ਜਿਨ੍ਹਾਂ ਨੇ ਹਰਾਮ ਦੀ ਧਨ ਦੌਲਤ ਬਦਲੇ ਨਾ ਕੇਵਲ ਆਪਣੀ ਜਮੀਰ ਹੀ ਵੇਚੀ ਸਗੋਂ ਆਪਣੇ ਇਮਾਨ ਨੂੰ ਮਾਰ ਕੇ ਗੁਰੂ ਵਲੋਂ ਉਹਨਾਂ ਵਿਚ ਪ੍ਰਗਟਾਏ ਭਰੋਸੇ ਨੂੰ ਵੀ ਤੋੜਿਆ ਸੀ। ਉਸਨੂੰ ਪੰਥ ਵਿਚੋਂ ਛੇਕਣ ਦੀ ਕਾਰਵਾਈ ਉਸਨੇ ਕੀਤੀ ਜਿਸ ਕੋਲ ਅਜਿਹਾ ਕਰਨ ਦਾ ਕੋਈ ਅਧਿਕਾਰ ਹੀ ਨਹੀਂ ਸੀ ਅਤੇ ਇਸ ਤੋਂ ਵੱਧਕੇ ਬੇਸ਼ਰਮੀ ਦੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਅਜਿਹਾ ਮੁਗਲ ਬਾਦਸ਼ਾਹ ਦੇ ਦਬਾਅ ਹੇਠ ਆ ਕੇ ਕੀਤਾ ਗਿਆ ਸੀ।ਉਸ ਤੇ ਡਰਪੋਕ ਹੋਣ ਦੀਆਂ ਊਜਾਂ ਉਹਨਾਂ ਲਾਈਆਂ ਜਿਨ੍ਹਾਂ ਦੀਆਂ ਆਪਣੀਆਂ ਲੱਤਾਂ ਡਰ ਕਾਰਨ ਕੰਬਦੀਆਂ ਸਨ ਤੇ ਜਿਨ੍ਹਾਂ ਸ਼ਹੀਦੀ ਪ੍ਰਾਪਤੀ ਦੇ ਮਿਲੇ ਅਵਸਰ ਤੋਂ ਮੁਖ ਮੋੜ, ਜੇਲ ਦੇ ਦਰੋਗੇ ਨੂੰ ਵੱਢੀ ਦੇ ਕੇ ਕਿਸੇ ਹੋਰ ਗਰੀਬ ਸਿੱਖ ਨੂੰ ਆਪਣੀ ਥਾਂ ਬਲੀ ਦਾ ਬੱਕਰਾ ਬਣਾਇਆ। ਉਸ ਉਪਰ ਅੰਮ੍ਰਿਤਧਾਰੀ ਸਿੰਘ ਨਾ ਹੋਣ ਦੇ ਦੋਸ਼ ਮੜ੍ਹਨ ਵਾਲੇ ਖੁਦ ਮੁਗਲ ਹਕੂਮਤ ਤੋਂ ਤਨਖਾਹਾਂ ਲੈਂਦੇ ਸਨ ਅਤੇ ਸੱਚੇ ਸੁੱਚੇ ਸਿੱਖਾਂ ਨੂੰ ਮਰਵਾਉਣ ਵਿਚ ਮੁਗਲਾਂ ਦੀ ਮੱਦਦ ਕਰਦੇ ਸਨ। ਇਹ ਕੈਸੀ ਤਕਦੀਰ ਦੀ ਸਿਤਮ-ਜਰੀਫੀ ਹੈ ?

ਬੁੱਤ ਮੋਮਨ ਕੋ ਕਹੇ ਕਾਫਿਰ ....।

ਇਸ ਵਿਚ ਕੋਈ ਸ਼ੱਕ ਨਹੀਂ ਕਿ ਬਾਬਾ ਬਿਨੋਦ ਸਿੰਘ ਖਾਲਸਾ ਪੰਥ ਨੂੰ ਇਸ ਦੇ ਬਚਪਨ ਵਿਚ ਹੀ ਦੋ ਧੜਿਆਂ, ਤੱਤ ਖਾਲਸਾ ਤੇ ਬੰਦਈ ਖਾਲਸਾ ਵਿਚ ਵੰਡਣ ਵਿਚ ਕਾਮਯਾਬ ਹੋ ਗਿਆ ਸੀ। ਤੱਤ ਖਾਲਸਾ ਉਹ ਸੀ ਜੋ ਬਾਬਾ ਬਿਨੋਦ ਸਿੰਘ ਨੂੰ ਆਪਣਾ ਨੇਤਾ ਮੰਨਦਾ ਸੀ ਜਦੋਂ ਕਿ ਬੰਦਈ ਖਾਲਸਾ ਵਾਲੇ ਬੰਦਾ ਬਹਾਦਰ ਦੀ ਮੌਤ ਦੇ ਬਾਵਜੂਦ ਵੀ ਉਸ ਨਾਲ ਪ੍ਰਤੀਬੱਧ ਸਨ। ਇਸ ਵੰਡ ਨੇ ਬੰਦੇ ਦੀ ਮੌਤ ਉਪਰੰਤ ਹੀ ਠੋਸ ਰੂਪ ਧਾਰਿਆ ਅਤੇ ਕਿਉਂਜੋ ਬਾਬਾ ਬਿਨੋਦ ਸਿੰਘ ਨੂੰ ਮੁਗਲ ਹਕੂਮਤ ਦੀ ਸਰਪ੍ਰਸਤੀ ਸੀ ਸੋ ਤੱਤ ਖਾਲਸਾ ਵਾਲਿਆਂ ਦੀ ਬੰਦਈ ਖਾਲਸਾ ਵਾਲਿਆਂ ਉਪਰ ਚੜ੍ਹਤ ਹੋ ਗਈ। ਹੌਲੀ ਹੌਲੀ ਬੰਦਈ ਖਾਲਸਾ ਵਾਲਿਆਂ ਨੂੰ ਪ੍ਰਮੁੱਖ ਧਾਰਮਿਕ ਅਸਥਾਨਾਂ ਤੋਂ ਬਾਹਰ ਕੱਢ ਦਿਤਾ ਗਿਆ ਤੇ ਉਹ ਬਹੁਤ ਹੀ ਥੋੜੀ ਗਿਣਤੀ ਵਿਚ ਰਹਿ ਗਏ।

ਤੱਤ ਖਾਲਸਾ ਵਾਲਿਆਂ ਨੇ ਕਿਵੇਂ ਬੰਦਈ ਖਾਲਸਾ ਵਾਲਿਆਂ ਉਪਰ, ਜਿਨ੍ਹਾਂ ਨੂੰ ਉਹ ਵਿਅੰਗਆਤਮਕ ਤਰੀਕੇ ਨਾਲ ਬੰਦੇ ਦੇ ਗੁਲਾਮ ਕਹਿੰਦੇ ਸਨ, ਕਾਬੂ ਪਾਇਆ ਤੇ ਕਿਵੇਂ ਉਹਨਾਂ ਨੂੰ ਖਤਮ ਕੀਤਾ ਇਸ ਦੀਆਂ ਕਈ ਬਹੁਤ ਦਿਲਚਸਪ ਘਟਨਾਵਾਂ ਸੁਣਨ ਪੜ੍ਹਨ ਨੂੰ ਮਿਲਦੀਆਂ ਹਨ। ਸਿੱਖ ਜਗਤ ਵਿਚ ਤਰਕ ਅਤੇ ਦਲੀਲਾਂ ਤਾਂ ਖਤਮ ਹੋ ਗਈਆਂ ਸਨ ਤੇ ਹਰ ਫੈਸਲਾ ਜਾਂਗਲੀ ਜਾਂ ਅਤਰਕ ਤਰੀਕਿਆਂ ਨਾਲ ਹੀ ਕੀਤਾ ਜਾਂਦਾ ਸੀ। ਝਗੜਿਆਂ ਨੂੰ ਨਿਪਟਾਉਣ ਦੇ ਦੋ ਹੀ ਤਰੀਕੇ ਸਨ ਜੋਰ-ਅਜਮਾਈ ਜਾਂ ਪਰਚੀ ਪਾਉਣੀ। ਉਦਾਹਰਣ ਦੇ ਤੌਰ ਤੇ ਜਦੋਂ ਲੰਬੇ ਅਰਸੇ ਬਾਅਦ ਪੰਜਾਬ ਦੇ ਗੜਬੜੀ ਵਾਲੇ ਹਾਲਾਤ ਕੁਝ ਸ਼ਾਂਤ ਹੋਏ ਤਾਂ ਬਿਕ੍ਰਮੀ 1778 (ਸੰਨ 1721) ਦੀ ਵੈਸਾਖੀ ਤੇ ਅੰਮ੍ਰਿਤਸਰ ਵਿਚ ਸਿੱਖਾਂ ਦਾ ਬਹੁਤ ਭਾਰੀ ਇਕੱਠ ਹੋਇਆ ਜਿਹੜੇ ਕਿ ਹਰੀਮੰਦਿਰ ਸਾਹਿਬ ਦੇ ਦਰਸ਼ਨਾਂ ਤੇ ਸਰੋਵਰ ਵਿਚ ਇਸ਼ਨਾਨ ਕਰਨ ਆਏ ਸਨ। ਇਸ ਕਾਰਨ ਚੜ੍ਹਾਵੇ ਦੀ ਭਾਰੀ ਰਕਮ ਇਕਠੀ ਹੋ ਗਈ। ਵੈਸਾਖੀ ਦਾ ਮੇਲਾ ਮੁਕਣ ਉਪਰੰਤ ਇਸ ਚੜ੍ਹਾਵੇ ਦੀ ਵਰਤੋਂ ਨੂੰ ਲੈ ਕੇ ਤੱਤ ਖਾਲਸਾ ਦੇ ਬੰਦਿਆਂ ਅਤੇ ਬੰਦਈ ਸਿੱਖਾਂ ਵਿਚ ਝਗੜਾ ਹੋ ਗਿਆ। ਤੱਤ ਖਾਲਸਾ ਦੀ ਅਗਵਾਈ ਉਹੀ ਬਾਬਾ ਬਿਨੋਦ ਸਿੰਘ ਕਰ ਰਿਹਾ ਸੀ, ਜਿਹੜਾ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਬੰਦਾ ਬਹਾਦਰ ਦਾ ਸਾਥ ਛੱਡ ਕੇ ਖਿਸਕ ਆਇਆ ਸੀ ਅਤੇ ਬੰਦਈ ਸਿੱਖਾਂ ਦੀ ਅਗਵਾਈ ਬਾਬਾ ਅਮਰ ਸਿੰਘ ਖੇਮਕਰਨੀਆ ਕਰ ਰਿਹਾ ਸੀ। ਮਾਤਾ ਗੁਜਰੀ ਦੁਆਰਾ ਥਾਪੇ ਸ੍ਰੀ ਦਰਬਾਰ ਸਾਹਿਬ ਦੇ ਮੁਖ ਗ੍ਰੰਥੀ ਭਾਈ ਮਨੀ ਸਿੰਘ ਨੇ ਤਜਵੀਜ਼ ਰੱਖੀ ਕਿ ਝਗੜੇ ਦਾ ਫੈਸਲਾ ਪਰਚੀਆਂ ਪਾ ਕੇ ਕਰ ਲਿਆ ਜਾਵੇ। ਇਥੇ ਇਹ ਯਾਦ ਕਰਵਾਉਣਾ ਮੁਨਾਸਿਬ ਰਹੇਗਾ ਕਿ ਬੰਦਾ ਬਹਾਦਰ ਨੂੰ ਪੰਥ ਵਿਚੋਂ ਛੇਕਣ ਵਾਲਾ ਹੁਕਮਨਾਮਾ ਲਿਖਿਆ ਤਾਂ ਭਾਵੇਂ ਬਾਬਾ ਬਿਨੋਦ ਸਿੰਘ ਨੇ ਸੀ ਪਰ ਇਸ ਤੇ ਮੋਹਰ ਅਤੇ ਦਸਤਖਤ ਮਾਤਾ ਸੁੰਦਰੀ ਦੇ ਸਨ ਜਦੋਂ ਕਿ ਹਕੀਕਤ ਵਿਚ ਉਸ ਕੋਲ ਅਜਿਹਾ ਕਰਨ ਦਾ ਕੋਈ ਅਧਿਕਾਰ ਹੀ ਨਹੀਂ ਸੀ। ਅਜਿਹਾ ਕਰਕੇ ਉਸ ਨੇ ਗੁਰੂ ਜੀ ਦੇ ਹੁਕਮ ਦੀ ਵੀ ਅਵੱਗਿਆ ਕੀਤੀ ਸੀ। ਇਸ ਤੋਂ ਸਾਫ ਹੈ ਕਿ ਭਾਈ ਮਨੀ ਸਿਘ ਨਿਰਪੱਖ ਵਿਅਕਤੀ ਨਹੀਂ ਸੀ ਸਗੋਂ ਉਸਦੀ ਵਫਾਦਾਰੀ ਮਾਤਾ ਸੁੰਦਰੀ ਅਤੇ ਬਾਬਿਆਂ ਨਾਲ ਸੀ।

ਤੱਤ ਖਾਲਸਾ ਵਾਲਿਆਂ ਨੇ ਭਾਈ ਸਾਹਿਬ ਦੀ ਤਜਵੀਜ ਨੂੰ ਤੁਰੰਤ ਪ੍ਰਵਾਨ ਕਰ ਲਈ। ਬੰਦਈ ਸਿੱਖ ਇਸ ਤਜਵੀਜ਼ ਨੂੰ ਸਵੀਕਾਰ ਕਰਨ ਤੋਂ ਝਿਜਕਦੇ ਸਨ ਪਰ ਬਹੁਤ ਘੱਟ ਗਿਣਤੀ ਵਿਚ ਹੋਣ ਕਾਰਨ ਉਹਨਾਂ ਨੂੰ ਇਹ ਤਜਵੀਜ਼ ਅਣਮੰਨੇ ਮਨ ਨਾਲ ਸਵੀਕਾਰ ਕਰਨੀ ਪਈ। ਭਾਈ ਸਾਹਿਬ ਨੇ ਦੋ ਕਾਗਜ ਦੇ ਟੁਕੜੇ ਲਏ ਤੇ ਇਕ ਉਪਰ ਵਾਹਿਗੁਰੂ ਜੀ ਕੀ ਫਤਿਹ ਅਤੇ ਦੂਸਰੇ ਉਪਰ ਫਤਿਹ ਦਰਸ਼ਨ ਲਿਖ ਕੇ ਹਰ ਕੀ ਪੌੜੀ ਦੇ ਨਜਦੀਕ ਸਰੋਵਰ ਦੇ ਪਾਣੀ ਵਿਚ ਛੱਡ ਦਿਤੇ। ਕੁਝ ਸਮੇਂ ਤੀਕਰ ਦੋਵੇਂ ਕਾਗਜ਼ ਦੇ ਟੁਕੜੇ ਪਾਣੀ ਉਤੇ ਤੈਰਦੇ ਲਹਿਰਾਂ ਨਾਲ ਝੂਮਦੇ ਰਹੇ ਪਰ ਅੰਤ ਵਿਚ ਇਕ ਟੁਕੜਾ ਪਾਣੀ ਵਿਚ ਡੁਬ ਗਿਆ। ਜੋ ਕਾਗਜ਼ ਤੈਰਦਾ ਰਿਹਾ ਉਸ ਨੂੰ ਚੁਕ ਕੇ ਵੇਖਿਆ ਗਿਆ ਤਾਂ ਉਸ ਉਪਰ ਵਾਹਿਗੁਰੂ ਜੀ ਕੀ ਫਤਿਹ ਲਿਖਿਆ ਹੋਇਆ ਸੀ। ਇਸ ਤੋਂ ਬੰਦਈ ਸਿੱਖਾਂ ਉਪਰ ਤੱਤ ਖਾਲਸਾ ਦੀ ਜਿਤ ਦਾ ਫੈਸਲਾ ਹੋ ਗਿਆ ਸੀ। ਕਿਸੇ ਨੇ ਵੀ ਇਹ ਸ਼ੰਕਾ ਦੂਰ ਨਾ ਕੀਤਾ ਕਿ ਕੀ ਡੁਬਣ ਵਾਲੇ ਕਾਗਜ ਉਤੇ ਵੀ ਵਾਹਿਗੁਰੂ ਜੀ ਕੀ ਫਤਿਹ ਹੀ ਤਾਂ ਨਹੀਂ ਸੀ ਲਿਖਿਆ ਹੋਇਆ।

ਇਕ ਹੋਰ ਮੌਕੇ ਤੇ ਚੜ੍ਹਾਵੇ ਦੀ ਵਰਤੋਂ ਦੇ ਝਗੜੇ ਦਾ ਫੈਸਲਾ ਕਰਨ ਲਈ, ਭਾਵ

ਕਿਹੜਾ ਧੜਾ ਦੂਸਰੇ ਤੇ ਭਾਰੂ ਰਹੇਗਾ, ਕੁਸ਼ਤੀ ਕਰਵਾਈ ਗਈ ਸੀ। ਇਹ ਕਿਹੋ ਜਿਹਾ ਜਾਂਗਲੀ ਜਾਂ ਕਬਾਇਲੀ ਤਰੀਕਾ ਸੀ। ਇਹੋ ਜਿਹੇ ਗਵਾਰ ਤਰੀਕਿਆਂ ਨਾਲ ਹੀ ਬੰਦਾ ਬਹਾਦਰ ਤੇ ਉਸਦੇ ਸਮੱਰਥਕਾਂ ਨੂੰ ਕਲੰਕਤ ਕੀਤਾ ਗਿਆ ਸੀ ਅਤੇ ਉਹਨਾਂ ਨੂੰ ਸਿੱਖ ਧਰਮ ਦੇ ਦਿਸਹੱਦਿਆਂ ਵੱਲ ਨੂੰ ਧੱਕ ਦਿਤਾ ਗਿਆ ਸੀ। ਪਰ ਮੁਖ ਧਾਰਾ ਤੋਂ ਦੂਰ ਕੇਵਲ ਇਕਲੇ ਬੰਦਈ ਸਿੱਖ ਹੀ ਨਹੀਂ ਧੱਕੇ ਗਏ ਸਗੋਂ ਉਦਾਸੀ ਅਤੇ ਨਿਰਮਲੇ ਵੀ ਧੱਕੇ ਗਏ। ਇਹਨਾਂ ਦੋਵਾਂ ਵਲੋਂ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਵਿਚ ਤੇ ਗੁਰਬਾਣੀ ਦੀ ਸੁਚੱਜੀ ਵਿਆਖਿਆ ਵਿਚ ਪਾਏ ਯੋਗਦਾਨ ਦਾ ਹੋਰ ਕੋਈ ਸਾਨੀ ਨਹੀਂ ਹੈ। ਰਿਟਾਰਿਡ ਜੱਜ ਹਰਨਾਮ ਸਿੰਘ ਆਪਣੀ ਪੁਸਤਕ "ਤੂੰ ਮੇਰਾ ਰਾਖਾ ਸਭਨੀ ਥਾਂਈ" ਵਿਚ ਲਿਖਦੇ ਹਨ "ਗੁਰੂ ਕਾਲ ਵਿਚ ਗੁਰਬਾਣੀ ਦੇ ਪ੍ਰਚਾਰ ਅਤੇ ਵਿਆਖਿਆ ਦਾ ਕੰਮ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀਚੰਦ ਜੀ ਨੇ ਅਰੰਭਿਆ। ਉਦਾਸੀ ਸੰਪ੍ਰਦਾਇ ਦੇ ਉਹੀ ਜਨਮਦਾਤਾ ਸਨ ਅਤੇ ਇਸੇ ਸੰਪ੍ਰਦਾਇ ਦੇ ਸੰਤਾਂ ਨੇ ਗੁਰਬਾਣੀ ਦੇ ਪ੍ਰਚਾਰ ਅਤੇ ਵਿਆਖਿਆ ਲਈ ਨਾ ਕੇਵਲ ਸਾਰੇ ਭਾਰਤ ਵਰਸ਼ ਵਿਚ ਹੀ ਸਗੋਂ ਇਸ ਤੋਂ ਬਾਹਰ ਵੀ ਗੁਰਬਾਣੀ ਦੇ ਕੇਂਦਰਾਂ ਦੀ ਸਥਾਪਨਾ ਕੀਤੀ। ਇਹ ਪਵਿਤਰ ਪੁਰਸ਼ ਗੁਰਬਾਣੀ ਪੜ੍ਹ ਕੇ ਸੰਗਤਾਂ ਨੂੰ ਸੁਣਾਉਂਦੇ ਅਤੇ ਪੁਰਾਣਿਕ ਤੇ ਦ੍ਰਿਸ਼ਟਾਂਤਮਈ ਕਹਾਣੀਆਂ ਰਾਹੀਂ ਗੁਰੂ ਜੀ ਦੀ ਸਿਖਿਆ ਸੰਗਤਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ। ਇਸੇ ਤਰਾਂ ਨਿਰਮਲੇ ਸੰਤਾਂ ਨੇ ਵੀ ਇਸ ਪਾਸੇ ਮਾਅਰਕੇ ਦਾ ਕੰਮ ਕੀਤਾ। ਇਹ ਉਹ ਪੰਜ ਸਿੱਖ ਤੇ ਉਹਨਾਂ ਦੀ ਸੰਤਾਨ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਕਾਸ਼ੀ (ਬਨਾਰਸ) ਸੰਸਕ੍ਰਿਤ ਸਿੱਖਣ ਲਈ ਭੇਜੇ ਸਨ।" ਡਾ. ਗੋਪਾਲ ਸਿੰਘ ਲਿਖਦੇ ਨੇ "ਇਤਿਹਾਸ ਦੇ ਸਭ ਤੋਂ ਬਿਖੜੇ ਸਮਿਆਂ ਵਿਚ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਉਦਾਸੀਆਂ ਨੇ ਧਿਆਨ ਦੇਣ ਯੋਗ ਕੰਮ ਕੀਤਾ। ਪਰ ਸਿੱਖਾਂ ਦੇ ਇਤਿਹਾਸਕ ਮਹੱਤਤਾ ਵਾਲੇ ਧਾਰਮਿਕ ਸਥਾਨਾਂ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਚ ਲੈਣ ਲਈ ਅਕਾਲੀਆਂ ਦੁਆਰਾ ਮੌਜੂਦਾ ਸਦੀ (ਵੀਹਵੀਂ ਸਦੀ) ਵਿਚ ਚਲੀ ਲਹਿਰ ਨੇ ਦੋਹਾਂ ਦਰਮਿਆਨ ਸਥਾਪਤ ਨਿੱਘੇ ਸਬੰਧਾਂ ਨੂੰ ਲਗਭਗ ਹਮੇਸ਼ਾਂ ਲਈ ਖਤਮ ਕਰ ਦਿਤਾ।" ਮੌਜੂਦਾ ਸਮੇਂ 'ਚ ਉਦਾਸੀਆਂ ਅਤੇ ਨਿਰਮਲਿਆਂ ਲਈ ਸਿੱਖ ਧਰਮ ਵਿਚ ਕੋਈ ਸਥਾਨ ਬਾਕੀ ਨਹੀਂ ਅਤੇ ਨਾ ਹੀ ਸਿੱਖ ਰਾਜਨੀਤੀ ਵਿਚ। ਜਦੋਂ ਮੁਸਲਮਾਨ ਹਾਕਮਾਂ ਦੇ ਅਤਿਆਚਾਰਾਂ ਕਾਰਨ ਸਿੱਖ ਅੰਮ੍ਰਿਤਸਰ ਦੇ ਨੇੜੇ ਫਟਕਣ ਤੋਂ ਵੀ ਡਰਦੇ ਸਨ ਉਸ ਸਮੇਂ ਉਦਾਸੀਆਂ ਅਤੇ ਨਿਰਮਲਿਆਂ ਨੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਸ੍ਰੀ ਹਰਮੰਦਿਰ ਸਾਹਿਬ ਦੀ ਸੇਵਾ ਸੰਭਾਲ ਕੀਤੀ। ਉਹਨਾਂ ਦੀ ਇਸ ਸ਼ਾਨਦਾਰ ਸੇਵਾ ਨੂੰ ਪੂਰੀ ਤਰਾਂ ਵਿਸਾਰ ਕੇ ਇਤਿਹਾਸ ਦੇ ਕੂੜਾ ਦਾਨ ਵਿਚ ਸੁੱਟ ਦਿਤਾ ਗਿਆ ਹੈ।

ਸਿੱਖ ਕ੍ਰਿਸਾਨੀ ਦੇ ਦਿਲ ਵਿਚ ਅਤੇ ਰੂਹ ਵਿਚ ਰਾਜ ਸੱਤਾ ਦੀ ਇਛਾ ਦਾ ਬੀਜ ਬੀਜਣ ਦਾ ਸਿਹਰਾ ਬੰਦਾ ਬਹਾਦਰ ਨੂੰ ਜਾਂਦਾ ਹੈ ਅਤੇ ਉਸ ਦਾ ਇਹ ਯੋਗਦਾਨ ਭੁੱਲਣ ਵਾਲਾ ਨਹੀਂ ਹੈ। ਬੰਦੇ ਨੇ ਸਿੱਖਾਂ ਨੂੰ ਵੰਗਾਂਰ ਕੇ ਆਖਿਆ :

ਐ ਗੁਰੂ ਦੇ ਸਿੱਖੋ ! ਅਗੇ ਵਧੋ
ਇਸ ਮਹਾਨ ਸੰਘਰਸ਼ ਚ ਅਸੀਂ ਇਕ ਦੂਜੇ ਦੇ ਸਾਥੀ ਹਾਂ।
ਤੀਰੋ-ਤੁਫੰਗ, ਬੰਦੂਕਾਂ ਅਤੇ ਭਾਲਿਆਂ ਨਾਲ ਲੈਸ
ਅਸੀਂ ਜਾਲਮ ਮੁਗਲ ਹਕੂਮਤ ਨੂੰ ਕੁਚਲ ਦੇਣਾ ਹੈ।

ਕੇਸਰ ਸਿੰਘ ਛਿੱਬਰ ਆਪਣੇ ਗ੍ਰੰਥ 'ਬੰਸਾਵਲੀ ਨਾਮਾ ਦਸਾਂ ਪਾਤਸਾਹੀਆਂ ਕਾ' ਵਿਚ ਲਿਖਦਾ ਹੈ

"ਸਿੰਘਾਂ ਨੂੰ ਬੰਦਾ ਏਹ ਕਹੇ। ਗਰੀਬ ਦੀ ਰਖਿਆ ਕਰੋ ਗਭਰੂ ਨ ਕੋਈ ਰਹੇ।

ਪਾਪ ਤਜੋ ਧਰਮ ਚਾਲ ਰਾਜ ਕਰੋ। ਵੈਰ ਗੁਰੂ ਕਾ ਲੀਜੋ ਮਾਲੇਛ ਕੋ ਮਾਰ ਮਕਬਰੇ ਢਾਹਿ ਧਰੋ।301 (ਚਰਣ11)।

ਬਿਨਾਂ ਸ਼ੱਕ ਬੰਦਾ ਬਹਾਦਰ ਅਜਿਹੇ ਗਰੀਬਾਂ ਅਤੇ ਦੱਬੇ ਕੁਚਲਿਆਂ ਦਾ ਮਸੀਹਾ ਸੀ ਜੋ ਕਿ ਅਣਗਿਣਤ ਸਦੀਆਂ ਤੋਂ ਇਕ ਸੰਗਠਿਤ ਸ਼ੋਸ਼ਣ ਦਾ ਸ਼ਿਕਾਰ ਰਹੇ ਸਨ। ਉਸਨੇ ਹਰ ਸੰਭਵ ਤਰੀਕੇ ਨਾਲ ਉਹਨਾਂ ਦੀ ਮੱਦਦ ਕੀਤੀ। ਉਸਨੇ ਜਿਮੀਂਦਾਰੀ ਪ੍ਰਬੰਧ ਨੂੰ ਖਤਮ ਕਰਕੇ ਜੱਟਾਂ, ਗੁਜਰਾਂ, ਸੈਣੀਆਂ ਅਤੇ ਕੰਬੋਆਂ ਨੂੰ ਨਿਰਦਈ ਜਿਮੀਂਦਾਰਾਂ ਦੀ ਗੁਲਾਮੀ ਤੋਂ ਮੁਕਤ ਕੀਤਾ ਅਤੇ ਹਲ-ਵਾਹਕ ਨੂੰ ਹੀ ਭੂਮੀ ਦਾ ਮਾਲਕ ਬਣਾ ਦਿਤਾ। ਉਸਨੇ ਪਿੰਡਾਂ ਦੀ ਚੌਧਰ ਚਮਾਰਾਂ ਤੇ ਉਹਨਾਂ ਵਰਗੇ ਹੀ ਸਭ ਨੀਵੀਆਂ ਜਾਤਾਂ ਵਾਲਿਆਂ ਨੂੰ ਵੀ ਬਖਸ਼ੀ। ਉਸਨੇ ਝਿਉਰਾ, ਘੁਮਾਰਾਂ, ਤੇਲੀਆਂ ਲੱਕੜ ਹਾਰਿਆਂ ਆਦਿ ਵਲੋਂ ਉਸਦੀ ਕੀਤੀ ਥੋੜੀ ਜਿਹੀ ਖਿਦਮਤ ਬਦਲੇ ਉਹਨਾਂ ਨੂੰ ਖੁਲ੍ਹੇ ਦਿਲ ਨਾਲ ਬਖਸ਼ੀਸ਼ ਦਿਤੀ ਅਤੇ ਜਿਤੇ ਹੋਏ ਸ਼ਹਿਰਾਂ ਅਤੇ ਕਸਬਿਆਂ ਨੂੰ ਲੁਟਣ ਦੀ ਵੀ ਇਹਨਾਂ ਨੂੰ ਛੂਟ ਦਿਤੀ ਤਾਂ ਜੋ ਉਹ ਖੁਸ਼ਹਾਲੀ ਦਾ ਅਨੁਭਵ ਕਰ ਸਕਣ। ਉਸਨੇ ਬਾਕੀਆਂ ਨੂੰ ਵੀ ਆਖਿਆ ਕਿ ਉਹ ਗਰੀਬ ਅਤੇ ਅਭਾਗਿਆਂ ਨੂੰ ਅਮੀਰਾਂ ਦੇ ਸ਼ੋਸ਼ਣ ਤੋਂ ਬਚਾਉਣ।

ਬੰਦੇ ਨੇ ਸਭ ਗੱਭਰੂਆਂ ਨੂੰ, ਬਿਨਾਂ ਉਹਨਾਂ ਦੀ ਜਾਤ, ਨਸਲ ਤੇ ਚਰਿਤ੍ਰ ਅਧਾਰਤ ਕਿਸੇ ਭੇਦ ਭਾਵ ਦੇ, ਆਪਣੀ ਫੌਜ ਵਿਚ ਸ਼ਾਮਲ ਹੋਣ ਲਈ ਆਖਿਆ। ਉਸਨੇ ਡਾਕੂਆਂ, ਲੁਟੇਰਿਆਂ, ਰਾਹਜਨਾਂ ਅਤੇ ਧਾੜਵੀਆਂ ਨੂੰ ਵੀ ਬਿਨਾਂ ਕੋਈ ਸਵਾਲ ਕੀਤਿਆਂ ਆਪਣੀ ਫੌਜ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਦੇ ਦਿਤੀ। ਉਸਨੂੰ ਪਤਾ ਸੀ ਕਿ ਉਸ ਕੋਲ ਆਪਣੇ ਸੈਨਿਕਾਂ ਨੂੰ ਨਿਯਮਿਤ ਤੌਰ ਤੇ ਤਨਖਾਹ ਦੇਣ ਲਈ ਸਾਧਨ ਨਹੀਂ ਸਨ। ਸੋ ਖੁਸ਼ਹਾਲ ਪਿੰਡਾਂ, ਸਹਿਰਾਂ ਤੇ ਕਸਬਿਆਂ ਨੂੰ ਲੁਟਣ ਦੀ ਉਮੀਦ ਨਾਲ ਇਹਨਾਂ ਲੋਕਾਂ ਨੂੰ ਫੌਜ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਦੇ ਦਿੱਤੀ ਗਈ। ਪਰ ਸਿੱਖਾਂ ਨੂੰ ਉਸ ਦਾ ਕਹਿਣਾ ਸੀ ਕਿ ਉਹ ਬੁਰਾਈ ਦਾ ਮਾਰਗ ਤਿਆਗ ਦੇਣ, ਕੋਈ ਪਾਪ ਨਾ ਕਰਨ ਅਤੇ ਸਭ ਨਾਲ ਨਿਆਂ ਕਰਨ। ਜਿੱਤੇ ਗਏ ਇਲਾਕਿਆਂ ਵਿਚ ਕਿਸੇ ਨਾਲ ਵੀ ਵਿਤਕਰਾ, ਬੇਇਨਸਾਫੀ ਤੇ ਬੇਈਮਾਨੀ ਨਹੀਂ ਹੋਣੀ ਚਾਹੀਦੀ। ਚੰਗੀ ਹਕੂਮਤ ਲਈ ਹਾਕਮਾਂ ਦੇ ਚਰਿਤਰ ਦਾ ਚੰਗਾ ਹੋਣਾ ਬੁਨਿਆਦੀ ਲੋੜ ਹੈ। ਉਸਨੇ ਗੁਰੂ ਜੀ ਤੇ ਉਹਨਾਂ ਦੇ ਪਰਿਵਾਰ ਨਾਲ ਜਾਲਮ ਮੁਗਲਾਂ ਵਲੋਂ ਕੀਤੀਆਂ ਜ਼ਿਆਦਤੀਆਂ ਦਾ ਬਦਲਾ ਲੈਣ ਅਤੇ ਮਲੇਛਾਂ ਦੇ ਖਾਤਮੇ ਲਈ ਵੀ ਆਖਿਆ। ਇਥੋਂ ਤਕ ਤਾਂ ਠੀਕ ਸੀ ਪਰ ਉਸਨੇ ਉਹਨਾਂ ਦੇ ਮਕਬਰੇ ਤੇ ਮਜਾਰ ਢਾਹੁਣ ਲਈ ਵੀ ਆਖਿਆ। ਇਥੇ ਬੰਦਾ ਬਹਾਦਰ ਨੇ ਗੁਸੇ ਜਾਂ ਜੋਸ਼ ਕਾਰਨ ਗੁਰੂ ਸਾਹਿਬ ਵਲੋਂ ਉਸ ਲਈ ਨੀਯਤ ਕੀਤੇ ਕਾਰਜ ਤੋਂ ਅੱਗੇ ਲੰਘ ਇਸ ਤਰਾਂ ਦੀ ਸਥਿਤੀ ਪੈਦਾ ਕਰ ਦਿਤੀ ਕਿ ਉਸਨੂੰ ਹੀ ਇਕ ਜਾਲਮ ਜਾਂ ਰਾਖਸ਼ਸ਼ ਦੇ ਰੂਪ ਵਿਚ ਵੇਖਿਆ ਜਾਣ ਲੱਗ ਪਿਆ ਸੀ। ਇਹ ਕੋਈ ਦੁਰਘਟਨਾ ਨਹੀਂ ਸੀ ਸਗੋਂ ਉਸਨੇ ਪੂਰੀ ਸੂਝ ਬੂਝ ਨਾਲ ਇਹ ਸਭ ਕੀਤਾ ਜਿਵੇਂ ਕਿ ਉਸ ਦੇ ਇਸ ਕਥਨ ਤੋਂ ਪੁਸ਼ਟੀ ਹੁੰਦੀ ਹੈ: ਦੁਸ਼ਟਾਂ ਦਾ ਸੰਘਾਰ ਕਰਨ ਲਈ ਉਹ ਰੱਬ ਸੱਚਾ ਮੇਰੇ ਜਿਹੇ ਬੰਦੇ ਪੈਦਾ ਕਰ ਦਿੰਦਾ ਹੈ। ਜੇ.ਡੀ.

ਕਨਿੰਘਮ ਲਿਖਦਾ ਹੈ "ਸਿੱਖ ਬੰਦੇ ਨੂੰ ਸਨਮਾਨ ਨਾਲ ਯਾਦ ਨਹੀਂ ਕਰਦੇ। ਉਹ ਨਿਰਾਸ਼ ਸੁਭਾਅ ਦਾ ਮਾਲਕ ਪ੍ਰਤੀਤ ਹੁੰਦਾ ਹੈ ਅਤੇ ਉਸਦੇ ਹੁਕਮਾਂ ਦੀ ਪਾਲਣਾ ਉਸਦੇ ਉਤਸ਼ਾਹੀ ਅਤੇ ਦਲੇਰ ਹੋਣ ਕਾਰਨ ਹੁੰਦੀ ਸੀ। ਪਰ ਉਹ ਆਪਣੇ ਪੈਰੋਕਾਰਾਂ ਦੀ ਵਿਅਕਤੀਗਤ ਹਮਦਰਦੀ ਨਹੀਂ ਸੀ ਜਿੱਤ ਸਕਿਆ।" ਕਨਿੰਘਮ ਗਲਤ ਬਿਆਨੀ ਤਾਂ ਨਹੀਂ ਕਰ ਰਿਹਾ ਪਰ ਉਸਨੇ ਡੂੰਘੀ ਪੜਚੋਲ ਨਹੀਂ ਕੀਤੀ। ਬੰਦਾ ਬਹਾਦਰ ਨੂੰ ਇਤਿਹਾਸ ਵਿਚ ਉਸਦਾ ਬਣਦਾ ਸਥਾਨ ਨਾ ਮਿਲਣ ਦੇ ਦੋ ਕਾਰਨ ਹਨ। ਪਹਿਲਾ ਉਹਨਾਂ ਬਾਬਿਆਂ ਦਾ ਵਿਰੋਧ ਉਸਦੇ ਗੱਲ ਪੈ ਗਿਆ ਸੀ ਜਿਹੜੇ ਪਵਿਤਰ ਖੱਤਰੀ ਪਰਿਵਾਰਾਂ ਵਿਚੋਂ ਸਨ ਤੇ ਗੁਰੂ ਸਾਹਿਬ ਦੀ ਕੁਲ ਵਿਚੋਂ ਵੀ ਸਨ। ਸੋ ਆਮ ਸਿੱਖ ਉਹਨਾਂ ਪ੍ਰਤੀ ਸ਼ਰਧਾ ਭਾਵ ਰੱਖਦਾ ਸੀ। ਬ੍ਰਾਹਮਣੀ ਨਿਯਮਾਂ ਅਨੁਸਾਰ ਪੁਜਾਰੀ ਅਤੇ ਉਸ ਦਾ ਪਰਿਵਾਰ ਘਿਨਾਉਣੇ ਅਤੇ ਬੁਰੇ ਕਰਮਾਂ ਦੇ ਬਾਵਜੂਦ ਵੀ ਪੂਜਣ ਯੋਗ ਰਹਿੰਦਾ ਹੈ । ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਵੀ ਇਸ ਬ੍ਰਾਹਮਣੀ ਨਿਯਮ ਦਾ ਜਿਕਰ ਕੀਤਾ ਹੈ। ਸੋ ਬਾਬਿਆਂ ਦੇ ਪ੍ਰਚਾਰੇ ਸਫੇਦ ਝੂਠ ਨੂੰ ਵੀ ਆਮ ਸਿੱਖ ਸੱਚ ਸਮਝਦਾ ਸੀ। ਆਮ ਸਿੱਖਾਂ ਨੇ, ਜਿਹਨਾਂ ਵਿਚ ਲਿਖਾਰੀ, ਕਵੀਸ਼ਰ ਤੇ ਢਾਡੀ ਵੀ ਸ਼ਾਮਲ ਨੇ, ਸਚਾਈ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਉਹਨਾਂ ਹਰ ਵਾਹੀਯਾਤ ਗਲ ਨੂੰ ਧਾਰਮਿਕ ਸੱਚ ਸਮਝ ਲਿਆ ਅਤੇ ਬੰਦਾ ਬਹਾਦਰ ਤੇ ਲੱਗੀਆਂ ਝੂਠੀਆਂ ਤੁਹਮਤਾਂ ਨੂੰ ਉਛਾਲਿਆ। ਕੁਦਰਤੀ ਤੌਰ ਤੇ ਆਮ ਜਨਤਾ ਵਿਚ ਇਹ ਗੱਲ ਘਰ ਕਰ ਗਈ ਕਿ ਬੰਦੇ ਨੇ ਨਾ ਕੇਵਲ ਖਾਲਸਾਈ ਨਿਯਮਾਂ ਦੀ ਉਲੰਘਣਾ ਹੀ ਕੀਤੀ ਹੈ ਸਗੋਂ ਗੁਰੂ ਸਾਹਿਬ ਦੀਆਂ ਸਪਸ਼ਟ ਹਿਦਾਇਤਾਂ ਪ੍ਰਤੀ ਵੀ ਤ੍ਰਿਸਕ੍ਰਾਰ ਪ੍ਰਗਟਾਇਆ ਹੈ। ਬੰਦੇ ਦੀ ਹਰ ਪ੍ਰਕਾਰ ਦੀ ਨਿੰਦਿਆ ਕਰਨ ਲਈ ਇਹੀ ਕਾਫੀ ਸੀ।

ਦੂਸਰਾ, ਆਪਣੀ ਮੁਹਿੰਮ ਦੇ ਸ਼ੁਰੂ ਵਿਚ ਬੰਦਾ ਬਹਾਦਰ ਨੇ ਯਕੀਨਨ ਅਜਿਹਾ ਪ੍ਰਭਾਵ ਦਿਤਾ ਸੀ ਕਿ ਇਹ ਬਦਲਾ ਲਊ ਮੁਹਿੰਮ ਕੇਵਲ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਹੀ ਵਿਰੁਧ ਨਹੀਂ ਬਲਕਿ ਸਾਰੇ ਮੁਸਲਮਾਨਾਂ ਦੇ ਵਿਰੁਧ ਹੈ। ਬੰਦਾ ਬਹਾਦਰ ਤੇ ਉਸ ਦੇ ਸਾਥੀਆਂ ਵਲੋਂ ਜੋ ਕਤਲੋਗਾਰਤ ਕੀਤੀ ਗਈ ਉਹ ਬੇਮਿਸਾਲ, ਬੇਲਗਾਮ, ਅਤੇ ਬੇਸਮਝ ਸੀ। ਸੱਯਦ ਮੁੰਹਮਦ ਲਤੀਫ ਉਪਰ ਪੱਖਪਾਤੀ ਹੋਣ ਦਾ ਦੋਸ਼ ਨਹੀਂ ਲਗਾਇਆ ਜਾ ਸਕਦਾ ਜਦੋਂ ਉਹ ਕਹਿੰਦਾ ਹੈ "ਗੁਰੂ (ਬੰਦੇ) ਨੂੰ ਇਹ ਰੱਬੀ ਡੰਨ 1716 ਈ: ਵਿਚ ਮਿਲਿਆ ।ਭਾਵੇਂ ਸੂਰਬੀਰਤਾ ਇਕ ਵਡਿਆਈ ਯੋਗ ਗੁਣ ਹੈ ਅਤੇ ਹਰ ਹਾਲਤ ਵਿਚ ਇਹ ਗੁਣ ਲੋਕ ਆਉਣ ਵਾਲੀਆਂ ਨਸਲਾਂ ਲਈ ਛੱਡ ਗਏ ਹਨ, ਫਿਰ ਵੀ ਇਸ ਰਾਖਸ਼ ਦੀਆਂ ਨਿਰਭਉ ਸਫਲਤਾਵਾਂ ਇਸ ਨਿਯਮ ਹੇਠ ਨਹੀਂ ਆਉਂਦੀਆਂ। ਉਸਦੇ ਕਾਰਨਾਮਿਆਂ ਨੂੰ ਵਰਿਆਮਗੀ ਭਰਪੂਰ ਕਾਰਨਾਮੇ ਨਹੀਂ ਸਮਝਿਆ ਜਾਂਦਾ ਸਗੋਂ ਉਹ ਨਿਰਦਇਤਾ ਭਰੇ ਅਤਿਆਚਾਰ ਸਮਝੇ ਜਾਂਦੇ ਹਨ। ਉਸਦੀ ਵੱਡੀ ਤੇ ਨਾ ਬੁਝਣ ਵਾਲੀ ਪਿਆਸ ਸੀ ਕਿ ਮੁਸਲਮਾਨੀ ਲਹੂ ਵੱਧ ਤੋਂ ਵੱਧ ਵਹਾਇਆ ਜਾਏ।"

ਡਾ. ਹਰੀ ਰਾਮ ਗੁਪਤਾ ਭਾਵੇਂ ਬੰਦਾ ਬਹਾਦਰ ਦਾ ਬਹੁਤ ਪ੍ਰਸ਼ੰਸ਼ਕ ਹੈ ਪਰ ਉਹ ਵੀ ਉਸ ਵੱਲੋਂ ਵੱਡੇ ਪੈਮਾਨੇ ਤੇ ਕੀਤੇ ਗਏ ਅਤਿਆਚਾਰਾਂ ਨੂੰ ਵਾਜਿਬ ਨਾ ਠਹਿਰਾ ਸਕਿਆ। ਡਾ. ਗੋਪਾਲ ਸਿੰਘ ਵੀ ਜ਼ਿਆਦਤੀਆਂ ਨੂੰ ਮੰਨਦਾ ਲਿਖਦਾ ਹੈ "ਇਹ ਸਚ ਹੈ ਕਿ ਇਸ ਕਾਰਵਾਈ ਦੌਰਾਨ ਪਿੰਡਾਂ ਅਤੇ ਕਸਬਿਆਂ ਦੀ ਬਹੁਤ ਬਰਬਾਦੀ ਹੋਈ ਅਤੇ ਡਰਦੇ ਮਾਰੇ ਲੋਕੀ ਘਰ ਘਾਟ

ਛੱਡ ਗਏ ਅਤੇ ਲਹੂ ਦੀਆਂ ਨਦੀਆਂ ਵੱਗੀਆਂ। ਸਿੱਖਾਂ ਅਤੇ ਜਿਆਦਾਤਰ ਹਿੰਦੂਆਂ ਨੇ ਵੀ ਜੋ ਜੁਲਮ ਅਤੇ ਜਲਾਲਤ ਇਕ ਪੂਰੀ ਸਦੀ ਦੌਰਾਨ ਭੁਗਤੀ ਸੀ ਉਸ ਦਾ ਹਿਸਾਬ ਕਿਤਾਬ ਬਰਾਬਰ ਕਰਦਿਆਂ ਬੰਦਾ ਅਤੇ ਉਸਦੇ ਆਦਮੀਆਂ ਕੋਲੋਂ ਜਰੂਰ ਹੀ ਜ਼ਿਆਦਤੀਆਂ ਹੋ ਗਈਆਂ ਹੋਣਗੀਆਂ।"

ਲੋਹਗੜ ਦੀ ਹਾਰ ਤੋਂ ਬਾਅਦ ਬੰਦਾ ਬਹਾਦਰ ਦਾ ਮੁਸਲਮਾਨਾਂ ਪ੍ਰਤੀ ਵਤੀਰਾ ਬਹੁਤ ਬਦਲ ਗਿਆ ਸੀ। ਉਸਦੀ ਮੁਸਲਮਾਨਾਂ ਪ੍ਰਤੀ ਪੁਰਾਣੀ ਦੁਸ਼ਮਣੀ ਤੇ ਨਫਰਤ, ਉਸਦਾ ਕੱਟੜ ਦੇਸ਼ ਭਗਤੀ ਵਾਲਾ ਜਜ਼ਬਾ, ਹਿੰਦੂਤਵ ਵਾਲੀ ਵਿਚਾਰਧਾਰਾ - ਇਹ ਸਭ ਨਰਮ ਪੈ ਗਏ ਸਨ ਅਤੇ ਉਸਨੇ ਮੁਸਲਮਾਨਾਂ ਤੇ ਵਿਸ਼ਵਾਸ ਕਰਨਾ ਸ਼ੁਰੂ ਕਰ ਦਿਤਾ ਸੀ। ਭਗਵਤੀ ਦਾਸ ਹਰਕਾਰੇ ਦੀ 28 ਅਪਰੈਲ 1711 ਦੀ ਰਿਪੋਰਟ ਵਿਚ ਦਰਜ ਹੈ "ਉਸਨੇ (ਬੰਦਾ) ਵਚਨ ਦਿਤਾ ਹੈ ਅਤੇ ਸੱਚੇ ਦਿਲੋਂ ਇਕਰਾਰ ਕੀਤਾ ਹੈ ਕਿ ਉਹ ਮੁਸਲਮਾਨਾਂ ਨੂੰ ਨਾ ਤਾਂ ਕੋਈ ਦੁਖ ਦੇਵੇਗਾ ਤੇ ਨਾ ਹੀ ਕੋਈ ਨੁਕਸਾਨ ਪਹੁੰਚਾਏਗਾ। ਇਸ ਲਈ ਜਿਹੜੇ ਵੀ ਮੁਸਲਮਾਨ ਉਸ ਲਈ ਕੰਮ ਕਰਦੇ ਹਨ ਉਹਨਾਂ ਦੀ ਚੰਗੀ ਦਿਹਾੜੀ ਤੇ ਤਨਖਾਹ ਨਿਸ਼ਚਿਤ ਕਰਕੇ ਨਿਯਮਿਤ ਰੂਪ ਵਿਚ ਇਸ ਦੀ ਅਦਾਇਗੀ ਕਰਦਾ ਹੈ ਅਤੇ ਉਹਨਾਂ ਦਾ ਅੱਛਾ ਧਿਆਨ ਰਖਦਾ ਹੈ। ਉਸਨੇ ਉਹਨਾਂ ਨੂੰ ਬਿਨਾਂ ਕਿਸੇ ਡਰ ਭੈਅ ਤੋਂ, ਜਿਵੇਂ ਵੀ ਉਹ ਚਾਹੁਣ, ਨਮਾਜ ਜਾਂ ਖੁਤਬਾ ਪੜ੍ਹਨ ਦੀ ਆਗਿਆ ਦੇ ਰੱਖੀ ਹੈ।" ਪਰ ਬੰਦੇ ਨੇ ਇਹ ਮਨ ਦਾ ਬਦਲਾਉ ਕਰਨ ਤੇ ਮੁਸਲਮਾਨਾਂ ਨੂੰ ਛੋਟਾਂ ਦੇਣ ਵਿਚ ਕਾਫੀ ਦੇਰ ਕਰ ਦਿਤੀ ਸੀ। ਮੁਸਲਮਾਨਾਂ ਦੇ ਮਨਾਂ ਅੰਦਰ ਬੰਦਾ ਬਹਾਦਰ ਦੀ ਇਕ ਹਿੰਦੂ ਰਾਖਸ਼ਸ਼ ਦੀ ਛਬੀ ਬਹੁਤ ਡੂੰਘੀ ਬੈਠ ਚੁਕੀ ਸੀ ਅਤੇ ਇਹ ਲੁਭਾਉ ਕਦਮ ਉਹਨਾਂ ਦੇ ਡਰ ਅਤੇ ਅਵਿਸ਼ਵਾਸ ਨੂੰ ਖਤਮ ਨਾ ਕਰ ਸਕੇ। ਹਿੰਦੂ ਜਨਤਾ ਵੀ ਜਿਹੜੀ ਕਿ ਮੁਸਲਮਾਨਾਂ ਦੀ ਮੌਜੂਦਗੀ ਨਾਲ ਸਮਝੌਤਾ ਕਰ ਚੁਕੀ ਸੀ, ਇਸ ਨਿਰਦਈ ਕਤਲੋਗਾਰਤ ਅਤੇ ਪਿੰਡਾਂ ਤੇ ਕਸਬਿਆਂ ਦੀ ਬਰਬਾਦੀ ਕਾਰਨ ਸਖਤ ਨਰਾਜ ਸੀ ਕਿਉਂਕਿ ਇਸ ਨਾਲ ਉਹਨਾਂ ਨੂੰ ਵੀ ਦੁਖ ਝੱਲਣੇ ਪੈਂਦੇ ਸਨ। ਨਿਰਦੋਸ਼ ਮਰਦਾਂ, ਔਰਤਾਂ ਤੇ ਬੱਚਿਆਂ ਦੇ ਲਹੂ ਨਾਲ ਲਿੱਬੜੇ ਬੰਦਾ ਬਹਾਦਰ ਦੇ ਹੱਥਾਂ ਦੇ ਦਾਗ ਉਸ ਵੱਲੋਂ ਉਠਾਏ ਗਏ ਇਹਨਾਂ ਖੁਲਦਿਲੇ ਤੇ ਸੁਹਿਰਦ ਕਦਮਾਂ ਨਾਲ ਵੀ ਧੋਤੇ ਨਾ ਜਾ ਸਕੇ।

ਪਰ ਬੰਦਾ ਬਹਾਦਰ ਜੋ ਆਪਣੇ ਜੀਵਨ ਵਿਚ ਪ੍ਰਾਪਤ ਨਾ ਕਰ ਸਕਿਆ ਉਹ ਉਸਨੇ ਆਪਣੀ ਮੌਤ ਨਾਲ ਪ੍ਰਾਪਤ ਕਰ ਲਿਆ। ਉਸਨੇ ਮੌਤ ਦਾ ਸਾਹਮਣਾ ਅਜਿਹੇ ਦੁਰਲਭ ਹੌਸਲੇ ਤੇ ਬਹਾਦਰੀ ਨਾਲ ਕੀਤਾ ਕਿ ਜਿਸ ਦੀ ਕੋਈ ਹੋਰ ਮਿਸਾਲ ਇਤਿਹਾਸ ਵਿਚ ਨਹੀਂ ਮਿਲਦੀ। ਜਦੋਂ ਮੌਤ ਦੇ ਪੰਜੇ ਹਿਟਲਰ ਵੱਲ ਵੱਧੇ ਤਾਂ ਉਹ ਆਪਣਾ ਹੋਸ਼-ਉ-ਹਵਾਸ ਕਾਇਮ ਨਾ ਰੱਖ ਸਕਿਆ। ਐਚ.ਆਰ. ਟਰੈਵਰੋਪਰ ਲਿਖਦਾ ਹੈ "ਹਿਟਲਰ ਆਪਣੀ ਬੰਕਰ ਦੇ ਨਿਜੀ ਹਿਸੇ ਵਿਚੋਂ ਬਾਹਰ ਆਇਆ। ਉਹ ਖਿੰਡਿਆ ਖਿੰਡਿਆ ਨਜ਼ਰ ਆ ਰਿਹਾ ਸੀ ਅਤੇ ਉਸ ਦੀਆਂ ਅੱਖਾਂ ਨਮ ਸਨ। ਉਹ ਰਸਤੇ ਉਪਰ ਚੁਪ ਚਾਪ ਚਲਦਾ ਗਿਆ ਅਤੇ ਉਥੇ ਮੌਜੂਦ ਔਰਤਾਂ ਨਾਲ ਹੱਥ ਮਿਲਾਇਆ। ਕੁਝ ਇਕ ਉਸ ਨੂੰ ਸੰਬੋਧਿਤ ਵੀ ਹੋਇਆ ਪਰ ਉਸਨੇ ਕੋਈ ਜਵਾਬ ਨਾ ਦਿਤਾ ਜਾਂ ਫਿਰ ਇਤਨਾ ਹੌਲੀ ਬੋਲਿਆ ਕਿ ਕੁਝ ਵੀ ਸੁਣਾਈ ਨਾ ਦਿਤਾ। ਜਦੋਂ ਉਹ ਚਲਾ ਗਿਆ ਤਾ ਇਸ ਹੈਰਾਨਕੁਨ ਨਜ਼ਾਰੇ ਵਿਚ ਸ਼ਾਮਲ ਵਿਅਕਤੀ ਇਸਦੇ ਮਹੱਤਵ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਉਥੇ ਹੀ ਰੁਕੇ ਰਹੇ। ਉਹ ਸਭ ਇਸ ਗਲ ਤੇ ਸਹਿਮਤ

ਹੋ ਗਏ ਕਿ ਇਸਦਾ ਇਕੋ ਹੀ ਮਤਲਬ ਹੋ ਸਕਦਾ ਹੈ ਕਿ ਹਿਟਲਰ ਜਲਦ ਹੀ ਖ਼ੁਦਕੁਸ਼ੀ ਕਰੇਗਾ।" ਹਿਟਲਰ ਦੀ ਸੜੀ ਹਈ ਲਾਸ਼ ਤੋਂ ਡਾਕਟਰੀ ਛਾਣ-ਬੀਣ ਉਪਰੰਤ ਇਹ ਸਾਬਤ ਹੋਇਆ ਕਿ ਉਸ ਦੀ ਮੌਤ ਜ਼ਹਿਰ ਖਾਣ ਨਾਲ ਹੋਈ ਹੈ - ਸਾਈਨਾਈਡ ਦੇ ਕੈਪਸੂਲ ਦੇ ਟੁਕੜੇ ਉਸਦੇ ਮੂਹ ਵਿਚੋਂ ਮਿਲੇ ਸਨ।

ਪਰ ਹੁਣ ਜਰਾ ਬੰਦਾ ਬਹਾਦਰ ਵੱਲ ਵੇਖੋ: ਇਕ ਇਕ ਕਰਕੇ ਉਸ ਦੀਆਂ ਅੱਖਾਂ ਕੱਢ ਦਿਤੀਆਂ ਗਈਆਂ। ਉਸਦੇ ਹੱਥ ਪੈਰ ਵੱਢ ਦਿਤੇ ਗਏ। ਲਾਲ ਸੂਹੇ ਗਰਮ ਜਮੂਰਾਂ ਨਾਲ ਉਸਦਾ ਸਰੀਰ ਨੋਚਿਆ ਗਿਆ ਤੇ ਆਖਰ ਉਸਦਾ ਸਿਰ ਕਲਮ ਕਰ ਦਿਤਾ ਗਿਆ। ਪਰ ਉਸਨੇ ਇਹਨਾਂ ਸਾਰੇ ਤਸੀਹਿਆਂ ਨੂੰ ਬੇਹੱਦ ਸਹਿਜ ਤੇ ਬਿਲਕੁਲ ਅਡੋਲ ਰਹਿ ਕੇ ਬ੍ਰਦਾਸ਼ਤ ਕੀਤਾ। ਉਸਨੇ ਕੋਈ ਚੀਖ ਪੁਕਾਰ ਨਹੀਂ ਕੀਤੀ। ਇੰਞ ਲਗਦਾ ਸੀ ਕਿ ਉਹ ਸਮਾਧੀ ਲੀਨ ਹੋ ਗਿਆ ਹੈ ਅਤੇ ਆਪਣੇ ਸਰੀਰ ਤੋਂ ਨਿਰਲੇਪ ਹੈ।

ਜੇਕਰ ਸਿੱਖ ਇਤਿਹਾਸਕਾਰਾਂ ਅਤੇ ਲਿਖਾਰੀਆਂ ਨੇ ਉਸ ਨਾਲ ਇਨਸਾਫ ਨਹੀਂ ਕੀਤਾ ਤਾਂ ਇਸ ਵਿਚ ਕੋਈ ਵੱਡੀ ਹੈਰਾਨੀ ਵਾਲੀ ਗਲ ਨਹੀਂ। ਜਦੋਂ ਬੰਦਾ ਬਹਾਦਰ ਤੇ ਉਸਦੇ ਉਹਨਾਂ ਸਾਥੀਆਂ ਵਿਰੁਧ, ਜਿਹਨਾਂ ਬੰਦੇ ਨੂੰ ਦਗਾ ਦੇਣ ਤੋਂ ਇਨਕਾਰ ਕਰ ਦਿਤਾ ਸੀ, ਤੱਤ ਖਾਲਸਾ ਵਾਲਿਆਂ ਨੇ ਭੰਡੀ ਪ੍ਰਚਾਰ ਬੇਦਰਦੀ ਨਾਲ ਅੱਧੀ ਸਦੀ ਤੋਂ ਵੀ ਵੱਧ ਸਮੇਂ ਤੀਕਰ ਜਾਰੀ ਰੱਖਿਆ ਤਾਂ ਅਜਿਹੇ ਹਾਲਾਤ ਵਿਚ ਤੱਤ ਖਾਲਸਾ ਦੇ ਉਹਨਾਂ ਉਪਾਸ਼ਕਾਂ ਤੋਂ, ਜਿਹਨਾਂ ਅਠਾਰਵੀਂ ਸਦੀ ਦੇ ਆਖਰੀ 25 ਸਾਲਾਂ ਦੌਰਾਨ ਉਸ ਸਮੇਂ ਦਾ ਇਤਿਹਾਸ ਲਿਖਿਆ, ਅਸੀ ਨਿਰਪੱਖ ਅਤੇ ਵਾਸਤਵਿਕ ਹੋਣ ਦੀ ਆਸ ਕਿਵੇਂ ਕਰ ਸਕਦੇ ਹਾਂ - ਉਸ (ਬੰਦਾ) ਦੇ ਹਮਦਰਦ ਤਾਂ ਇਹਨਾਂ ਕੀ ਹੋਣਾ ਸੀ। ਡਾ. ਗੰਡਾ ਸਿੰਘ ਦੀ ਇਹ ਟਿਪਣੀ ਠੀਕ ਹੀ ਹੈ "ਇਹ ਠੀਕ ਹੈ ਕਿ ਸਰੂਪ ਦਾਸ ਦੇ ਮਹਿਮਾ ਪ੍ਰਕਾਸ਼ , ਕੇਸਰ ਸਿੰਘ ਛਿੱਬਰ ਦੇ ਬੰਸਾਵਲੀ ਨਾਮਾ , ਭੰਗੂ ਰਤਨ ਸਿੰਘ ਦੇ ਪ੍ਰਾਚੀਨ ਪੰਥ ਪ੍ਰਕਾਸ਼, ਭਾਈ ਸੰਤੋਖ ਸਿੰਘ ਦੇ ਗੁਰ-ਪ੍ਰਤਾਪ ਸੂਰਜ ਗ੍ਰੰਥ (ਸੂਰਜ ਪ੍ਰਕਾਸ਼) ਅਤੇ ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਅਤੇ ਤਵਾਰੀਖ ਗੁਰੂ ਖਾਲਸਾ ਵਿਚ ਬੰਦਾ ਸਿੰਘ ਸਬੰਧੀ ਕਾਫੀ ਵੇਰਵੇ ਦਿਤੇ ਹੋਏ ਹਨ, ਪਰ ਇਨ੍ਹਾਂ ਲੇਖਕਾਂ ਵਿਚੋਂ ਨਾ ਤੇ ਕੋਈ ਉਸਦਾ ਸਮਕਾਲੀ ਹੈ ਤੇ ਨਾ ਹੀ ਨਿਰਪੱਖ ਅਤੇ ਨਾ ਹੀ ਇਨ੍ਹਾਂ ਵਿਚੋਂ ਕੋਈ ਉਸ ਦਾ ਸ਼ਰਧਾਲੂ ਜਾਂ ਹਮਦਰਦ ਹੈ। ਇਨ੍ਹਾਂ ਲੇਖਕਾਂ ਦੇ ਮਨ ਗਲਤ ਪੱਖਪਾਤੀ ਪ੍ਰਚਾਰ ਅਤੇ ਵਿਚਾਰਾਂ ਤੋਂ ਪ੍ਰਭਾਵਤ ਹੋਏ ਹੋਣ ਕਰਕੇ ਇਹ ਬੰਦਾ ਬਹਾਦਰ ਨਾਲ ਪੂਰੀ ਤਰਾਂ ਇਨਸਾਫ ਨਹੀਂ ਕਰ ਸਕੇ। ਦੂਸਰੇ, ਇਹ ਲਿਖਾਰੀ ਕਵੀ ਹਨ। ਕਵੀ ਜਜ਼ਬਾਤੀ ਹੁੰਦੇ ਹਨ ਅਤੇ ਜਜ਼ਬਿਆਂ ਦੀ ਰੌਂ ਅਤੇ ਮਨ ਦੀ ਉਡਾਰੀ ਉਸੇ ਖਿਆਲ ਦੀ ਪ੍ਰੋੜਤਾ ਕਰਦੀ ਹੈ ਜੋ ਬਣ ਚੁੱਕੇ ਹੁੰਦੇ ਹਨ।" ਇਸ ਲਈ ਲੇਖਕਾਂ ਦੀ ਲੇਖਣੀ 'ਚ ਪੱਖ ਪਾਤ ਤਾਂ ਹੋਣਾ ਹੀ ਸੀ।

ਡਬਲਯੂ.ਐਚ. ਮੈਕਲਿਉਡ ਦਾ ਮੁਲਾਂਕਣ ਠੀਕ ਹੀ ਹੈ "ਅਠਾਰਵੀਂ ਸਦੀ ਦੇ ਪਹਿਲੇ ਅੱਧ ਦੇ ਸਮੇਂ 'ਚ ਸਿੱਖ ਕੌਮ ਦੀ ਸਥਿਤੀ ਬਾਰੇ ਸਾਡੀ ਵੀਹਵੀਂ ਸਦੀ ਦੀ ਜਾਣਕਾਰੀ ਦਾ ਆਧਾਰ ਪੂਰਨ ਰੂਪ ਵਿਚ ਖਾਲਸਾ ਸਰੋਤ ਹੀ ਹਨ। ਉਹਨਾਂ ਵਿਚੋਂ ਜਿਆਦਾਤਰ ਉਸ ਸਮੇਂ ਤੋਂ ਬਾਅਦ ਦੇ ਹਨ ਜਿਸ ਸਮੇਂ ਬਾਰੇ ਉਹ ਗੱਲ ਕਰਦੇ ਹਨ। ਇਹ ਸਰੋਤ ਇਤਿਹਾਸ ਦੇ ਇਸ ਸਮੇਂ ਦਾ ਵਰਨਣ ਕੇਵਲ ਮੁਗਲਾਂ ਵਲੋਂ ਸਿੱਖਾਂ ਉਤੇ ਕੀਤੇ ਅਤਿਆਚਾਰਾਂ ਅਤੇ ਸਿੱਖਾਂ ਨੂੰ ਖਤਮ ਕਰਨ ਦੇ ਯਤਨਾਂ ਉਪਰ ਸਿੱਖਾਂ ਵਲੋਂ ਪ੍ਰਾਪਤ ਜਿੱਤ ਦੇ ਰੂਪ ਵਿਚ ਹੀ ਕਰਦੇ ਹਨ।"

ਵਾਪਰੀਆਂ ਘਟਨਾਵਾਂ ਦੀ ਅਤੇ ਉਹਨਾਂ ਘਟਨਾਵਾਂ ਦੇ ਪ੍ਰਮੁਖ ਪਾਤਰਾਂ ਵਲੋਂ ਨਿਭਾਏ ਕਿਰਦਾਰ ਦੀ ਜਾਣਕਾਰੀ ਵਿਗੜੇ ਤਿਗੜੇ ਰੂਪ ਵਿਚ ਸਾਡੇ ਕੋਲ ਪਹੁੰਚਣ ਦੇ ਪ੍ਰਮੁਖ ਕਾਰਨਾਂ ਵਿਚੋਂ ਇਹ ਵੀ ਇਕ ਹੈ। ਹੋ ਸਕਦਾ ਹੈ ਲੇਖਕ ਅਣਭੋਲ ਹੀ ਝੂਠ ਦੇ ਮਾਰਗ ਤੇ ਚਲ ਪਏ ਹੋਣ। ਪਰ ਉਹਨਾਂ ਵਲੋਂ ਛੱਡੀ ਵਿਰਾਸਤ ਨੇ ਆਉਣ ਵਾਲੀਆਂ ਪੀੜੀਆਂ ਦੇ ਮਨਾਂ ਤੇ ਦ੍ਰਿਸ਼ਟੀ ਨੂੰ ਵਿਗਾੜ ਜਰੂਰ ਦਿਤਾ। ਇਸੇ ਕਾਰਨ ਉਹਨਾਂ ਅੰਦਰ ਅਸੁਰੱਖਿਅਤ ਅਤੇ ਮਜਲੂਮ ਹੋਣ ਦੀ ਇਕ ਅਜਿਹੀ ਪੱਕੀ ਭਾਵਨਾ ਘਰ ਕਰ ਗਈ ਕਿ ਉਹ ਦੂਸਰੀਆਂ ਕੌਮਾਂ ਅਤੇ ਦੇਸ਼ਾਂ ਉਤੇ ਕਦੇ ਵੀ ਵਿਸ਼ਵਾਸ ਨਾ ਕਰ ਸਕੇ।

ਇਮਾਨਦਾਰੀ ਦੀ ਮੰਗ ਇਹੀ ਹੈ ਕਿ ਜਦੋਂ ਵੀ ਸਿੱਖਾਂ ਤੇ ਹੋਏ ਜਬਰ ਅਤੇ ਅਤਿਆਚਾਰਾਂ ਬਾਰੇ ਵਿਚਾਰ ਕਰੀਏ ਤਾਂ ਇਹ ਜਰੂਰ ਯਾਦ ਰੱਖੀਏ ਕਿ ਉਸ ਸਮੇਂ ਬਹੁਤੇ ਸਿੱਖਾਂ ਨੇ ਪ੍ਰਭੂ-ਭਗਤੀ ਦਾ ਮਾਰਗ ਛੱਡ ਆਪਣੀਆਂ ਸਾਰੀਆਂ ਸ਼ਕਤੀਆਂ ਪਿੰਡਾਂ ਤੇ ਕਸਬਿਆਂ ਚ ਲੁੱਟ-ਮਾਰ, ਰਾਹਜਨੀ ਅਤੇ ਇਲਾਕੇ ਜਿੱਤਣ ਵਿਚ ਝੋਕ ਦਿਤੀਆਂ ਸਨ। ਕੋਈ ਵੀ ਹਕੂਮਤ, ਬਾਗੀਆਂ ਨੂੰ, ਭਾਵੇਂ ਉਹ ਜਹਾਦੀ ਹੋਣ ਜਾਂ ਖਾੜਕੂ, ਇਹ ਇਜਾਜ਼ਤ ਨਹੀਂ ਦੇ ਸਕਦੀ ਕਿ ਉਹ ਕਤਲੋਗਾਰਤ ਤੇ ਲੁੱਟਮਾਰ ਕਰਨ ਅਤੇ ਡਾਕੇ ਮਾਰਨ ਅਤੇ ਹਕੂਮਤ ਦੇ ਅਧਿਕਾਰ ਨੂੰ ਚਣੌਤੀ ਦੇਣ। ਅੱਜ ਵੀ ਭਾਵੇਂ ਉਹ ਕਸ਼ਮੀਰ ਦੇ ਜਹਾਦੀ ਹੋਣ, ਪੰਜਾਬ ਦਾ ਸਿੱਖ ਖਾੜਕੂ ਹੋਣ, ਪੂਰਬ ਦੇ ਨਕਸਲੀ ਹੋਣ ਜਾਂ ਪੂਰਬ-ਉਤਰ ਦੇ ਨਾਗੇ ਹੋਣ, ਉਹਨਾਂ ਨਾਲ ਉਹੀ ਵਾਪਰਦਾ ਹੈ ਜੋ ਫਰੁਖਸੀਅਰ ਦੇ ਜ਼ਮਾਨੇ ਵਿਚ ਸਿੱਖਾਂ ਨਾਲ ਵਾਪਰਿਆ ਸੀ। ਕਿਸੇ ਵੀ ਜ਼ਿੰਦਾ ਦਿਲ ਕੌਮ ਨੂੰ ਇਹ ਸ਼ੋਭਾ ਨਹੀਂ ਦਿੰਦਾ ਕਿ ਉਹ ਰਾਜ ਸੱਤਾ ਪ੍ਰਾਪਤੀ ਦੇ ਸੰਘਰਸ਼ ਦੌਰਾਨ ਝੱਲੇ ਦੁੱਖ ਤਕਲੀਫਾਂ ਦਾ ਰੋਣਾ ਦਿਨ ਰਾਤ ਰੋਈ ਜਾਵੇ।

ਤੱਤ ਖਾਲਸਾ ਜੋ ਮਰਜੀ ਦੋਸ਼ ਲਾਉਂਦਾ ਰਹੇ ਪਰ ਬੰਦਾ ਅਮ੍ਰਿਤਧਾਰੀ ਸਿੱਖ ਸੀ। ਬੰਦੇ ਤੋਂ ਲੰਮੇ ਸਮੇਂ ਬਾਅਦ ਫੈਜਲਾਪੁਰ ਦੇ ਕਪੂਰ ਸਿੰਘ ਵਿਰਕ ਵੱਲੋਂ ਮੁਗਲ ਹੁਕਮਰਾਨਾ ਅਧੀਨ ਨਵਾਬੀ ਸਵੀਕਾਰਨ ਉਪਰੰਤ ਜਿਹੋ ਜਿਹੇ ਅੰਮਿਤਧਾਰੀ ਸਿੰਘ ਬਣੇ ਉਹ ਉਹਨਾਂ ਵਰਗਾ ਨਹੀਂ ਸੀ। ਬੰਦੇ ਨੂੰ ਨੀਲੇ ਬਾਣੇ ਵਿਚ ਲਿਪਟਿਆ ਜਾਂ ਸੁੱਖਾ ਪੀਂਦਾ ਤਸੱਵਰ ਕਰਨਾ ਗਲਤ ਹੈ। ਗੁਰੂ ਗੋਬਿੰਦ ਸਿਘ ਜੀ ਖੁਦ ਵੀ ਨੀਲੇ ਰੰਗ ਦੇ ਵਸਤਰ ਪਹਿਨਣ ਨੂੰ ਨਫਰਤ ਕਰਦੇ ਸਨ। ਡਾ. ਹਰੀ ਰਾਮ ਗੁਪਤਾ ਲਿਖਦਾ ਹੈ ਗੁਰੂ ਜੀ ਨੇ ਆਪਣੇ ਨੀਲੇ ਵਸਤਰ ਉਤਾਰ ਲੀਰੋ ਲੀਰ ਕਰ ਦਿਤੇ। ਉਹ ਇਹਨਾਂ ਲੀਰਾਂ ਨੂੰ ਅਗਨ ਭੇਟ ਕਰਦੇ ਸਮੇਂ ਉਚਾਰਦੇ ਹਨ: ਨੀਲ ਬਸਤ੍ਰ ਲਾਹ ਕਪੜੇ ਫਾੜੇ, ਤੁਰਕ ਪਠਾਣੀ ਅਮਲ ਗਿਆ।" ਸੋ ਗੁਰੂ ਜੀ ਖਾਲਸੇ ਨੂੰ ਨੀਲੇ ਵਸਤਰ ਪਹਿਨਣੇ ਨਿਸ਼ਚਿਤ ਕਿਵੇਂ ਕਰ ਸਕਦੇ ਸਨ। ਇੰਝ ਲਗਦਾ ਹੈ ਕਿ ਅਸਲ ਵਿਚ ਸਿੰਘਾਂ ਨੇ ਨੀਲਾ ਬਾਣਾ ਤਰੁਨਾ ਦਲ ਤੇ ਬੁੱਢਾ ਦਲ ਦੀ ਸਥਾਪਨਾ ਤੋਂ ਬਾਅਦ ਮੁਗਲ ਹੁਕਮਰਾਨਾਂ ਨਾਲ ਸ਼ੁੱਭ ਭਾਵਨਾਵਾਂ ਦੇ ਸੰਕੇਤ ਵੱਜੋਂ ਅਪਣਾਇਆ ਕਿਉਂਜੋ ਮੁਗਲ ਹੁਕਮਰਾਨ ਨੀਲੇ ਪਹਿਰਾਵੇ ਨੂੰ ਪਹਿਲ ਦਿੰਦੇ ਸਨ। ਗੁਰੂ ਨਾਨਕ ਦੇਵ ਜੀ ਨੇ ਵੀ ਆਪਣੀ ਬਾਣੀ ਵਿਚ ਲਿਖਿਆ ਹੈ ਕਿ ਹਿੰਦੂ ਆਪਣੇ ਮੁਸਲਮਾਨ ਮਾਲਕਾਂ ਨੂੰ ਖੁਸ਼ ਕਰਨ ਲਈ ਨੀਲੇ ਬਸਤ੍ਰ ਪਹਿਨਣ ਲਗ ਪਏ ਸਨ।

ਦੂਸਰੇ, ਬੰਦੇ ਨੇ ਵੈਸ਼ਨੂੰ ਭੋਜਨ ਅਤੇ ਤਾਂਤਰਿਕ ਅਭਿਆਸ ਨਾ ਤਿਆਗਿਆ ਅਤੇ ਗੁਰੂ ਜੀ ਨੂੰ ਇਸ ਤੇ ਕੋਈ ਇਤਰਾਜ ਵੀ ਨਹੀਂ ਸੀ। ਸਿੱਖਾਂ ਲਈ ਮਾਸ ਖਾਣ ਦੀ ਕਦੇ ਮਨਾਹੀ

ਨਹੀਂ ਸੀ ਪਰ ਇਸਨੂੰ ਖਾਣਾ ਉਹਨਾਂ ਲਈ ਧਾਰਮਿਕ ਤੌਰ ਤੇ ਜਰੂਰੀ ਵੀ ਨਹੀਂ ਸੀ। ਗਊ ਦੇ ਮਾਸ ਤੋਂ ਇਲਾਵਾ ਹੋਰ ਕਿਸੇ ਵੀ ਕਿਸਮ ਦਾ ਭੋਜਨ ਖਾਣ ਦੀ ਸਿੱਖਾਂ ਨੂੰ ਖੁਲ ਸੀ। ਜੱਟ ਕਿਉਂਜੋ ਉਸ ਸਮੇਂ ਰਵਾਇਤੀ ਤੌਰ ਤੇ ਦੇਵੀ ਮਾਤਾ ਦੇ ਉਪਾਸ਼ਕ ਸਨ ਸੋ ਉਹ ਮਾਸ ਖਾਣ ਨੂੰ ਪਹਿਲ ਦਿੰਦੇ ਸਨ ਜਦੋਂ ਕਿ ਬ੍ਰਾਹਮਣ ਅਤੇ ਦੂਸਰੇ ਉਚੀਆਂ ਜਾਤਾਂ ਵਾਲੇ ਵੈਸ਼ਨੂੰ ਭੋਜਨ ਨੂੰ ਤਰਜੀਹ ਦਿੰਦੇ ਸਨ। ਚੋਪਾ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਬਚਪਨ ਤੋਂ ਦੋਸਤ ਸੀ ਅਤੇ ਉਹਨਾਂ ਦੇ ਆਖਰੀ ਸਮੇਂ ਤੀਕਰ ਉਹਨਾਂ ਦਾ ਸਾਥੀ ਰਿਹਾ ਪਰ ਫਿਰ ਵੀ ਉਹ ਵੈਸ਼ਨੂੰ ਸੀ। ਜਦੋਂ ਗੁਰੂ ਜੀ ਦਾ ਅੰਤਿਮ ਸਮਾਂ ਨੇੜੇ ਆ ਗਿਆ ਤਾਂ ਉਸਦੀ ਨਿਗਰਾਨੀ ਹੇਠ ਇਕ ਯੱਗ ਕੀਤਾ ਗਿਆ ਜਿਸ ਵਿਚ ਹਜਾਰਾਂ ਬ੍ਰਾਹਮਣਾਂ ਨੂੰ ਭੋਜਨ ਛਕਾਇਆ ਗਿਆ ਅਤੇ ਦਿਲ ਖੋਲ ਕੇ ਦਕਸ਼ਣਾ ਦਿਤੀ ਗਈ। ਦਾਹ ਸੰਸਕਾਰ ਹਿੰਦੂ ਰੀਤੀ ਰਵਾਜਾਂ ਅਨੁਸਾਰ ਕੀਤਾ ਗਿਆ। ਸੋ ਬੰਦੇ ਨੂੰ ਖਾਲਸਾ ਪੰਥ ਦੀਆਂ ਰਹੁ ਰੀਤਾਂ ਜਿਵੇਂ ਸਮਝ ਆਈਆਂ ਅਤੇ ਉਸਦੇ ਆਪਣੇ ਅੰਤਰ ਆਤਮਾ ਗਿਆਨ ਅਨੁਸਾਰ ਹੀ ਉਸਨੇ ਜੌਨਪੁਰ ਦੀ ਸੰਗਤ ਨੂੰ ਆਖਿਆ "- - - ਪੰਜ ਹਥਿਆਰ ਬਨਿ ਕੈ ਹੁਕਮੁ ਦੇਖਦਿਆ ਦਰਸਨਿ ਆਵਣਾ ਖਾਲਸੇ ਦੀ ਰਹਤ ਰਹਣਾ ਭੰਗ ਤਮਾਕੂ ਅਫੀਮ ਪੋਸਤ ਦਾਰੂ ਅਮਲ ਕੋਈ ਨਹੀਂ ਖਾਣਾ, ਮਾਸ ਮਛਲੀ ਪਿਆਜ ਨਾਹੀ ਖਾਣਾ ਚੋਰੀ ਜਾਰੀ ਨਹੀਂ ਕਰਨੀ।" ਅਸਲ ਵਿਚ ਉਸ ਸਮੇਂ ਤੀਕਰ ਖਾਲਸਾ ਪੰਥ ਨੇ ਇਕ ਨਿਸ਼ਚਿਤ ਰੂਪ ਅਤੇ ਸ਼ੈਲੀ ਪ੍ਰਾਪਤ ਨਹੀਂ ਸੀ ਕੀਤੀ ਅਤੇ ਇਹ ਪੁਰਾਣੇ ਅਤੇ ਨਵੇਂ ਵਿਚਾਰਾਂ ਦਾ ਮਿਲਗੋਭਾ ਸੀ ਅਤੇ ਇਸੇ ਕਾਰਨ ਆਪਸੀ ਦੂਸ਼ਣਬਾਜੀ ਅਤੇ ਝਗੜੇ ਚਲਦੇ ਰਹਿੰਦੇ ਸਨ। ਡਬਲਯੂ. ਐਚ. ਮੈਕਲਿਉਡ ਲਿਖਦਾ ਹੈ "ਖਾਲਸੇ ਦੀ ਠੀਕ ਰਹਿਤ ਮਰਿਯਾਦਾ ਸਬੰਧੀ ਇਹਨਾਂ ਝਗੜਿਆਂ ਤੇ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। ਜਦੋਂ ਤੱਤ ਖਾਲਸਾ ਅਤੇ ਬੰਦਈ ਖਾਲਸਾ ਵਿਚ ਇਹ ਝਗੜਾ ਪਹਿਲੀ ਵਾਰ ਪੈਦਾ ਹੋਇਆ ਉਸ ਸਮੇਂ ਖਾਲਸਾ ਪੰਥ ਦੀ ਉਮਰ ਕਰੀਬ ਪੰਦਰਾਂ ਸਾਲ ਦੀ ਸੀ। ਸਾਰੇ ਮਹੱਤਵਪੂਰਨ ਮੁੱਦਿਆਂ ਦੀ ਨਿਸ਼ਚਿਤ ਪਰਿਭਾਸ਼ਾ ਤੇ ਮਰਯਾਦਾ ਸਥਾਪਤ ਕਰਨ ਲਈ ਇਹ ਬਹੁਤ ਥੋੜਾ ਸਮਾਂ ਸੀ।" ਜੋ ਵੀ ਹੋਵੇ ਬੰਦੇ ਦੇ ਸਾਕਾਹਾਰੀ ਹੋਣ, ਨਸ਼ਿਆਂ ਤੋਂ ਪ੍ਰਹੇਜੀ ਹੋਣ ਜਾਂ ਇਕ ਵਿਸ਼ੇਸ਼ ਰੰਗ ਦਾ ਪਹਿਰਾਵਾ ਨਾ ਪਹਿਨਣ ਤੋਂ ਇਹ ਸਿੱਟਾ ਨਹੀਂ ਕੱਢਿਆ ਜਾ ਸਕਦਾ ਕਿ ਉਹ ਪਤਿੱਤ ਸਿੱਖ ਸੀ ਜਾਂ ਉਸਨੇ ਅੰਮ੍ਰਿਤ ਨਹੀਂ ਛੱਕਿਆ ਸੀ। ਜੋ ਪੁਰਾਤਨ ਰਹਿਤ ਨਾਮੇ ਸਾਡੇ ਤੀਕਰ ਪਹੁੰਚੇ ਹਨ ਉਹ ਬੰਦੇ ਦੀ ਮੌਤ ਤੋਂ ਲੰਬੇ ਸਮੇਂ ਬਾਅਦ ਦੇ ਬਣੇ ਹੋਏ ਹਨ। ਸੋ ਵਿਚਾਰ ਅਧੀਨ ਮੁਦੇ ਉਪਰ ਉਹਨਾਂ ਦਾ ਕੋਈ ਅਸਰ ਨਹੀਂ ਹੈ।

ਇਹਨਾਂ ਸਾਰੀਆਂ ਗੱਲਾਂ ਦੇ ਬਾਵਜੂਦ ਵੀ ਜੇਕਰ ਕੋਈ ਅਜਿਹਾ ਸਿੱਖ ਹੋਇਆ ਹੈ ਜਿਸਨੇ ਸੱਚੇ ਦਿਲੋਂ ਗੁਰੂ ਗੋਬਿੰਦ ਸਿਘ ਜੀ ਦੇ ਇਹਨਾਂ ਜਾਦੂਮਈ ਸਬਦਾਂ ਨੂੰ - ਕ੍ਰਿਤ ਨਾਸ, ਕੁਲ ਨਾਸ, ਧਰਮ ਨਾਸ, ਕਰਮ ਨਾਸ - ਆਪਣੇ ਜੀਵਨ ਵਿਚ ਅਪਣਾ ਲਿਆ ਸੀ ਤਾਂ ਉਹ ਬੰਦਾ ਬਹਾਦਰ ਹੀ ਹੈ। ਕੇਵਲ ਉਹੀ ਇਕਲਾ ਅਜਿਹਾ ਇਨਸਾਨ ਸੀ ਜੋ ਕਿਸੇ ਵਿਅਕਤੀ ਦੀ ਕੁਲ, ਕ੍ਰਿਤ, ਕਰਮ ਅਤੇ ਧਰਮ ਬਾਰੇ ਜਾਨਣ ਤੋਂ ਬਿਨਾਂ ਹੀ ਉਸਨੂੰ ਜੱਫੀ ਵਿਚ ਲੈ ਕੇ ਸਿੰਘ ਆਖ ਬੁਲਾਉਂਦਾ ਸੀ ਅਤੇ ਫਿਰ ਉਸਨੂੰ ਕਸਬੇ ਜਾਂ ਪਿੰਡ ਦਾ ਮੋਹਰੀ ਨਿਯੁਕਤ ਕਰ ਦਿੰਦਾ ਸੀ। ਉਹ ਸੱਚੇ ਮਨੋਂ ਲੋਕਰਾਜੀ ਅਤੇ ਸਮਾਜਵਾਦੀ ਸੀ ਅਤੇ ਕਿਸੇ ਕਿਸਮ ਦੇ ਪੱਖਪਾਤ ਤੇ ਜਾਤੀ ਵੰਡ ਨੂੰ ਉਹ ਨਫਰਤ ਕਰਦਾ ਸੀ। ਉਸ ਲਈ ਹਰ ਕੰਮ ਸਨਮਾਨ ਯੋਗ ਸੀ ਅਤੇ

ਕਿਸੇ ਵਿਸ਼ੇਸ਼ ਅਖੌਤੀ ਉਚ ਜਾਤੀ ਵਿਚ ਕਿਸੇ ਦਾ ਜਨਮ ਹੋਣਾ ਸਿਰਫ ਇਕ ਘਟਨਾ ਸੀ। ਉਸਦਾ ਵਿਸ਼ਵਾਸ ਸੀ ਕਿ ਕੱਚੇ ਕੋਠਿਆਂ ਵਿਚ ਰਹਿਣ ਵਾਲੇ ਗਰੀਬ ਨਿਤਾਣਿਆਂ ਚਮਾਰਾਂ ਚੂੜਿਆਂ ਨੂੰ ਵੀ ਇੰਤਜਾਮੀਆਂ ਵਿਚ ਉਚ ਪਦਵੀਆਂ ਤੇ ਪਹੁੰਚਣ ਦਾ ਬਰਾਬਰ ਦਾ ਹੱਕ ਹੈ। ਇਸ ਲਈ ਇਕੋ ਇਕ ਸ਼ਰਤ ਸੀ ਉਹਨਾਂ ਵਿਚ ਲੋੜੀਂਦੀ ਯੋਗਤਾ, ਸਮਰੱਥਾ ਅਤੇ ਕੰਮ ਕਰਨ ਦੀ ਇੱਛਾ ਦਾ ਹੋਣਾ। ਜਨਮ ਕਾਰਨ ਕਿਸੇ ਦੀ ਤਰੱਕੀ ਜਾਂ ਉਨਤੀ ਵਿਚ ਕੋਈ ਅੜਿਕਾ ਨਹੀਂ ਪੈਣਾ ਚਾਹੀਦਾ। ਭੂਤਕਾਲ ਜਾਂ ਵਰਤਮਾਨ ਵਿਚ ਕੋਈ ਇਕ ਵੀ ਸਿੱਖ ਅਜਿਹਾ ਨਹੀਂ ਹੋਇਆ ਜਿਸ ਨੇ ਗੁਰੂ ਜੀ ਦੇ ਕਥਨਾਂ ਦੀ ਰੂਹ ਨੂੰ ਬੰਦਾ ਬਹਾਦਰ ਦੀ ਤਰਾਂ ਸਮਝਿਆ ਹੋਵੇ ਅਤੇ ਅਮਲੀ ਰੂਪ ਵਿਚ ਅਪਣਾਇਆ ਹੋਵੇ । ਨਾ ਹੀ ਉਸ ਜਿੰਨੀ ਸਹਿਣ ਸ਼ਕਤੀ ਕਿਸੇ ਹੋਰ ਨੇ ਦਰਸਾਈ ਹੈ।

ਪਰ ਬੰਦਾ ਬਹਾਦਰ ਦਾ ਸਭ ਤੋਂ ਵੱਡਾ ਯੋਗਦਾਨ ਇਹ ਹੈ ਕਿ ਮੁਗਲ ਹਕੂਮਤ ਵਿਰੁਧ ਉਸ ਵੱਲੋਂ ਵਿੱਢੇ ਜਹਾਦ ਵਿਚ ਜੋ ਵੀ ਸ਼ਾਮਲ ਹੋਇਆ ਉਹਨਾਂ ਸਭਨਾਂ ਨੂੰ ਉਸ ਨੇ ਗੁਰੀਲਾ ਲੜਾਈ ਦੇ ਤੌਰ ਤਰੀਕਿਆਂ ਦੀ ਸਿਖਲਾਈ ਦਿਤੀ। ਉਸਦੇ ਭੂ ਦ੍ਰਿਸ਼ ਤੇ ਪ੍ਰਗਟ ਹੋਣ ਤੋਂ ਪਹਿਲਾਂ ਡੰਗਰ ਚੋਰ ਤੇ ਰਾਹਮਾਰ, ਸਹਿੰਸੀ, ਕਲਾਲ ਅਤੇ ਤਰਖਾਣਾਂ ਜਿਹੇ ਧਾੜਵੀ ਸਿੱਖ ਆਪਣੇ ਨਿਜੀ ਮੁਫਾਦਾਂ ਤਕ ਹੀ ਸੀਮਿਤ ਸਨ। ਉਹਨਾਂ ਕਦੇ ਵੀ ਜਾਲਮ ਮੁਗਲ ਹਕੂਮਤ ਵਿਰੁਧ ਜਹਾਦ ਵਿੱਢਣ ਜਾਂ ਰਾਜਸੱਤਾ ਪ੍ਰਾਪਤ ਕਰਨ ਬਾਰੇ ਸੋਚਿਆ ਤਕ ਨਹੀਂ ਸੀ। ਇਹ ਬੰਦੇ ਦਾ ਹੀ ਕ੍ਰਿਸ਼ਮਾ ਸੀ ਕਿ ਉਸਨੇ ਇਹਨਾਂ ਨੂੰ ਜੱਥਿਆਂ ਵਿਚ ਸੰਗਠਿਤ ਕਰ ਰਾਜਸੱਤਾ ਦੀ ਪ੍ਰਾਪਤੀ ਦਾ ਨਿਸ਼ਾਨਾ ਇਹਨਾਂ ਸਾਹਮਣੇ ਰੱਖਿਆ। ਇਹਨਾਂ ਹੀ ਜੱਥਿਆਂ ਨੇ ਬਾਅਦ ਵਿਚ ਮਿਸਲਾਂ ਦਾ ਰੂਪ ਧਾਰਿਆ ਅਤੇ ਸਿੱਖ ਰਾਜ ਦੀ ਸਥਾਪਤੀ ਦੇ ਸੁਪਨੇ ਨੂੰ ਅਮਲੀ ਜਾਮਾ ਪਹਿਨਾਇਆ। ਪਰ ਬਦਕਿਸਮਤੀ ਇਸ ਗੱਲ ਦੀ ਹੈ ਕਿ ਉਹ ਮੀਰੀ ਦੀ ਪ੍ਰਾਪਤੀ ਵਿਚ ਇਤਨੇ ਮਸਰੂਫ ਹੋ ਗਏ ਕਿ ਪੀਰੀ ਉਹਨਾਂ ਦੇ ਹੱਥੋਂ ਖਿਸਕ ਗਈ। ਇਹ ਗੱਲ ਬਹੁਤ ਅਫਸੋਸ ਨਾਲ ਆਖਣੀਂ ਪੈਂਦੀ ਹੈ ਕਿ ਸਿੱਖ ਸੰਸਥਾਵਾਂ ਅੱਜ ਭੀ ਧਾਰਮਿਕ ਘੱਟ ਅਤੇ ਰਾਜਨੀਤਿਕ ਜਿਆਦਾ ਹਨ।

****

Banda Bahadur- Betrayed by his Lieutenants Bibliography

ENGLISH :

1. Bali, P.N., *History of the Mohyals*, Bombay, Mohyal Publications.
2. Barstow, A.E., *Hand Book on Sikhs,* New Delhi,Uppal Publishing House.
3. Castro, Fidel, *My Early Years*, New Delhi, Left Word
4. Chopra, P.N., *Religions & Communities of India,* Delhi,Vision Books.
5. Cunnigham, J.D., *History of the Sikhs*, Amritsar, Satvic Media (P) Ltd.
6. Danewalia B.S., *Turning Points of the Sikh History,* Chandigarh, Orion Publishers.
7. Gordon Stewart, *The Marathas 1600 to 1800,* Cambridge.
8. Grewal J.S. & Irfan Habib, *Sikh History from Persian Sources*, New Delhi, Tulika .
9. Gupta, Dr.Hari Ram, *History of the Sikhs Vol. II,* Delhi, Munshi Ram Manohar Lal.
10. Gupta, Dr.Hari Ram, *History of the Sikh Gurus,* Delhi, U.C. Kapur & Sons.
11. Gupta, Dr.Hari Ram, *Marathas and Panipat*......................
12. Keay, Johan, *India, a History,* India, Harpiar Collins Publications.
13. Khushwant Singh, *How the Sikhs Lost their Kingdom,* New Delhi, UBSPD.
14. Khushwant Singh, *A History of the Sikhs,* Delhi, OUP, 1999
15. Latif,S.Mohammed, *History of the Punjab,* Delhi, S.Chand.
16. Macauliffe, M.A., *The Sikh Religion Vol. 4 & 5,*New Delhi, LPP.

17. Mc Leod, W.H., *Early Sikh Tradition,* New Delhi, Oxford
18. Mc Leod, W.H., *Historical Dictionary of Sikh Religion.* New Delhi, Oxford.
19. Mc Leod, W.H.,*The Evolution of Sikh Community,* New Delhi, Oxford.
20. Patwant Singh, *From Divinity to Defiance,* Seminar, (April 1999)
21. Palsokar, Col. R.D., *Shivaji, the Great Guerilla,* Dehra Dun, Natraj Publications.
22. Ralhan, O.P., *The Great Gurus of the Sikhs*………………..
23. Rose, H.A., *A Glossary of the Tribes & Castes of the Punjab & NWFP,* Patiala, Bhasha Vibhag Punjab.
24. Sagoo, Harbans Kaur, *Banda Singh Bahadur,* New Delhi, Deep & Deep.
25. Sardesai, G.S., *The Mughal Empire,*…………………
26. Scott, G.E., *Religion and Short History of the Sikhs*.............
27. Singh, Dr. Ganda, *Banda Singh Bahadur,* Patiala, Punjabi University.
28. Singh, Dr. Gopal, *A History of the Sikh People,* New Delhi, W.S.U. Press
29. Singh, Harbans Singh, *Ed. Encyclopaedia of Sikhism,* Patiala, Punjabi University.
30. Singh, Raj Pal, *Banda Bahadur and his Times,* New Delhi, Harman.
31. Singh, Sohan, *Life and Exploits of Banda Singh Bahadaur,* Lahore.
32. Steinem, Gloria, *Revolution from Within*…………………..
33. Smyth, G.C., *Khalsa Durbar,* Delhi, National Book Shop

PUNJABI :

1. Abrol, Daya Ram, *Janam Sakhi,* Manuscript B-40
2. Bhalla, Bhai Gurdas, *Varana,* New Delhi, Bhai Vir Singh Sahitya Sadan

3. Bhalla, Sarup Dass, *Mahima Parkash* ....
4. Bhangoo, Ratan Singh, *Prachin Panth Parkash*.................
5. Giani, Gian Singh, *Shamsher Khalsa,* Patiala, Bhasha Vibhag, Punjab.
6. Giani, Gian Singh, *Twarikh Guru Khalsa Punjab*, Patiala, Bhasha Vibhag.
7. Kaur, Mata Joginder, *Sankhep Jeevan Baba Banda Bahadaur,* Dera Riasi (Jammu)
8. Rai, Hakim, Ahwal Lachhman Dass Cheela Guru Gobind Singh...............................
9. Singh, Dr.Ganda, *Banda Singh Bahadaur,* Patiala, Punjabi University.
10. Singh, Dr. Sukhdial, *Khalsa Raj Da Bani Banda Singh Bahadaur,* Patiala, Punjabi University.

PERSIAN:

1. Batala, Ahmad Shah, *Zikra- i- Guran-Wa-Ibtida-i-Singhan-Wa-Mazahib-i-Eshan* ....
2. Bhim Sain, *Nusakha-i- Dilkusha*
3. Guru, Gobind Singh, *Zaffarnamah,* Patiala, Punjabi University
4. Harisi, Mirza Mohammed, *Ibratnamah*..........................
5. Maulvi, Ghulam Ali, *Twarikh Muhayit Azam*......................
6. Muhsin Fani, *Dabistan-i-Mazahib,* ....
7. Naqvi, Saiyid Ghulam Ali Khan, *Imad-ul-Sa'dat,* ....
8. Wadehra, Ganesh Das..

URDU/ HINDI

1. Lal, Kanhya, *Twarikh-i-Punjab,* ....
2. Parmanand, *Bhai, Veer Banda Bairagi*...........................
3. Sabhasad Bhakhar, *Maratha Veer Gathayen*.......................
4. Singh, Munshi Budh, *Rasala Nanak Shah*.........................

ਗੁਰਦਾਸ ਨੰਗਲ ਦੀ ਲੜਾਈ ਬੰਦੇ ਦੀ ਆਖਰੀ ਲੜਾਈ ਹੋ ਨਿਬੜੀ। ਸਿੱਖਾਂ ਨੂੰ ਆਪਣੇ ਰਾਜ ਦੀ ਸਥਾਪਤੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਲਗਪਗ ਇਕ ਸਦੀ ਤੀਕਰ ਇੰਤਜਾਰ ਕਰਨਾ ਪਿਆ ਅਤੇ ਬਹੁਤ ਵੱਡੀ ਗਿਣਤੀ ਵਿਚ ਜਾਨਾਂ ਵਾਰ ਕੇ ਇਸ ਦੀ ਕੀਮਤ ਚੁਕਾਉਣੀ ਪਈ।

ਅਬਦੁਸ ਸਮੱਦ ਖਾਨ ਦਲੇਰ ਜੰਗ ਦੀ ਅਗਵਾਈ ਵਾਲੀ ਮੁਗਲ ਸੈਨਾ ਦੇ ਨਾਲ ਇਕ ਪਾਸੇ ਕੁਮਾਰਉਦਦੀਨ, ਜਕਰੀਆ ਖਾਨ, ਇਰਾਤਦਮੰਦ ਖਾਨ, ਨੂਰ ਮੁਹੰਮਦ ਖਾਨ ਆਦਿ ਤਜਰਬੇਕਾਰ ਮੁਸਲਮਾਨ ਜਰਨੈਲ ਸਨ ਤੇ ਦੂਜੇ ਪਾਸੇ ਉਦਿੱਤ ਸਿੰਘ ਬੁੰਦੇਲਾ ਅਤੇ ਗੋਪਾਲ ਸਿੰਘ ਭਦੌੜੀਆਂ ਵਰਗੇ ਹਿੰਦੂ ਰਾਜੇ ਸਨ ਤੇ ਨਾਲ ਹੀ ਤੱਤ ਖਾਲਸਾ ਵਾਲੇ ਸਨ ਜਿਨ੍ਹਾਂ ਦੀ ਅਗਵਾਈ ਬਾਬਾ ਕਾਹਨ ਸਿੰਘ ਅਤੇ ਉਸਦਾ ਪੁੱਤਰ ਮੀਰੀ ਸਿੰਘ ਕਰ ਰਹੇ ਸਨ। ਇਸ ਫੌਜੀ ਮੁਹਾਜ ਤੋਂ ਬੰਦੇ ਦੇ ਹਾਰ ਜਾਣ ਨੂੰ ਹਾਰ ਕਹਿਣਾ ਉਸ ਨਾਲ ਬੇਇਨਸਾਫੀ ਹੋਵੇਗੀ ਅਤੇ ਨਾ ਇਹ ਅਜਿਹਾ ਕਹਿਣਾ ਸੱਚ ਹੋਇਆ। ਹਕੀਕਤ ਇਹ ਹੈ ਕਿ ਮੁਗਲਾਂ ਨੂੰ ਲੱਕ ਤੋੜਵੀਂ ਹਾਰ ਦੇਣ ਲਈ ਸਾਧਨ ਜੁਟਾਉਣ ਦੇ ਕੰਮ ਵਿਚ ਬੰਦਾ ਏਨਾ ਰੁੱਝ ਗਿਆ ਸੀ ਕਿ ਉਹ ਆਪਣੇ ਸਾਥੀਆਂ ਦੀਆਂ ਸਰਗਰਮੀਆਂ ਤੇ ਬਾਜ ਅੱਖ ਨਾ ਰੱਖ ਸਕਿਆ। ਇਸੇ ਕਾਰਨ ਹੀ ਉਹ ਇਹ ਭਾਂਪਣ ਵਿਚ ਨਾ-ਕਾਮਯਾਬ ਰਿਹਾ ਕਿ ਉਸ ਦੇ ਆਪਣੇ ਲਫਟੈਣ ਹੀ ਉਸ ਦੀ ਬਰਬਾਦੀ ਦੀਆਂ ਗੋਂਦਾਂ ਗੁੰਦ ਰਹੇ ਨੇ।

ਬੰਦਾ ਬਹਾਦਰ ਨਾ ਤਾਂ ਸੰਤ ਸੀ ਤੇ ਨਾ ਹੀ ਸ਼ੈਤਾਨ। ਉਹ ਸਿਰਫ ਸਿਰਲੱਥ ਯੋਧਾ ਸੀ ਜਿਸ ਵਿਚ ਮਨੁੱਖੀ ਕਮਜੋਰੀਆਂ ਵੀ ਸਨ। ਪਰ ਬਦਕਿਸਮਤੀ ਨਾਲ ਸੰਸਾਰ ਦੇ ਮਹਾਨਤਮ ਯੋਧਿਆਂ ਦੀ ਬਰਾਬਰੀ ਕਰਨ ਵਾਲੇ ਇਸ ਮਨੁੱਖ ਨੂੰ ਇਨੀ ਬੁਰੀ ਤਰਾਂ ਭੰਡਿਆ ਗਿਆ ਹੈ ਜਿੰਨਾ ਕਿ ਸਿੱਖ ਇਤਿਹਾਸ ਵਿਚ ਕਿਸੇ ਵੀ ਹੋਰ ਯੋਧੇ ਨੂੰ ਨਹੀਂ ਭੰਡਿਆ ਗਿਆ। ਉਸ ਉਪਰ ਅਜਿਹੇ ਗੁਨਾਹਾਂ ਦੀਆਂ ਊਜਾਂ ਲਾਈਆਂ ਗਈਆਂ ਜਿਹੜੇ ਉਸ ਨੇ ਕਦੇ ਕੀਤੇ ਹੀ ਨਹੀਂ। ਉਸ ਦੀਆਂ ਮਹਾਨ ਕੁਰਬਾਨੀਆਂ ਨੂੰ, ਜਿਹੜੀਆਂ ਕਿਸੇ ਵੀ ਹੋਰ ਇਕ ਸਿੱਖ ਨਾਲੋਂ ਵੱਧ ਸਨ, ਵਿਸਾਰ ਹੀ ਦਿਤਾ ਗਿਆ ਸੀ। ਉਸਨੂੰ ਸਜਾ ਵੀ ਉਹਨਾਂ ਲੋਕਾਂ ਦਿਤੀ ਜਿਨ੍ਹਾਂ ਹਰਾਮ ਦੀ ਧਨ ਦੌਲਤ ਬਦਲੇ ਨਾ ਕੇਵਲ ਆਪਣੀ ਜਮੀਰ ਵੇਚੀ ਸਗੋਂ ਆਪਣੇ ਇਮਾਨ ਨੂੰ ਮਾਰ ਕੇ ਗੁਰੂ ਵਲੋਂ ਉਹਨਾਂ ਵਿਚ ਪ੍ਰਗਟਾਏ ਭਰੋਸੇ ਨੂੰ ਵੀ ਤੋੜਿਆ। ਉਸਨੂੰ ਪੰਥ ਵਿਚੋਂ ਛੇਕਣ ਦੀ ਕਾਰਵਾਈ ਉਸ ਨੇ ਕੀਤੀ ਜਿਸ ਕੋਲ ਅਜਿਹਾ ਕਰਨ ਦਾ ਕੋਈ ਅਧਿਕਾਰ ਨਹੀਂ ਸੀ ਅਤੇ ਇਸ ਤੋਂ ਵੱਧਕੇ ਬੇਸ਼ਰਮੀ ਦੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਅਜਿਹਾ ਮੁਗਲ ਬਾਦਸ਼ਾਹ ਦੇ ਦਬਾਅ ਹੇਠ ਆ ਕੇ ਕੀਤਾ ਗਿਆ ਸੀ। ਉਸ ਤੇ ਡਰਪੋਕ ਹੋਣ ਦੀਆਂ ਊਜਾਂ ਉਹਨਾਂ ਲਾਈਆਂ ਜਿਹਨਾਂ ਦੀਆਂ ਆਪਣੀਆਂ ਲੱਤਾਂ ਡਰ ਕਾਰਨ ਕੰਬਦੀਆਂ ਸਨ ਤੇ ਜਿਨ੍ਹਾਂ ਸ਼ਹੀਦੀ ਪ੍ਰਾਪਤੀ ਦੇ ਮਿਲੇ ਅਵਸਰ ਤੋਂ ਮੂੰਹ ਮੋੜ, ਜੇਲ ਦੇ ਦਰੋਗੇ ਨੂੰ ਵੱਢੀ ਦੇ ਕੇ ਕਿਸੇ ਹੋਰ ਗਰੀਬ ਸਿੱਖ ਨੂੰ ਆਪਣੀ ਥਾਂ ਬਲੀ ਦਾ ਬੱਕਰਾ ਬਣਾਇਆ। ਉਸ ਉਪਰ ਅੰਮ੍ਰਿਤਧਾਰੀ ਸਿੰਘ ਨਾ ਹੋਣ ਦੇ ਦੋਸ਼ ਮੜ੍ਹਨ ਵਾਲੇ ਖੁਦ ਮੁਗਲ ਹਕੂਮਤ ਤੋਂ ਤਨਖਾਹਾਂ ਲੈਂਦੇ ਸਨ ਅਤੇ ਸੱਚੇ ਸੁੱਚੇ ਸਿਖਾਂ ਨੂੰ ਮਰਵਾਉਣ ਵਿਚ ਮੁਗਲਾਂ ਦੀ ਮਦਦ ਕਰਦੇ ਸਨ। ਇਹ ਕੈਸੀ ਤਕਦੀਰ ਦੀ ਸਿਤਮ-ਜਰੀਫੀ ਹੈ ?

ਬੁੱਤ ਮੋਮਨ ਕੋ ਕਹੇ ਕਾਫਿਰ ....।

ਭਾਵੇਂ ਤੱਤ-ਖਾਲਸਾ ਵਾਲਿਆਂ ਦੀਆਂ ਚਾਲਾਂ ਨਾਲ ਬੰਦੇ ਦੀ ਵਸੀਅਤ ਗ੍ਰਹਿਣੀ ਗਈ ਸੀ ਪਰ ਗ੍ਰਹਿਣ ਸਦੀਵੀ ਨਹੀਂ ਹੁੰਦਾ । ਯਕੀਨਨ ਉਹ ਜਲਦੀ ਹੀ ਪੂਰੀ ਚਮਕ ਦਮਕ ਵਿਚ ਪ੍ਰਗਟ ਹੋ ਕੇ ਨਾ ਕੇਵਲ ਦੁਨੀਆਂ ਦੇ ਇਕ ਮਹਾਨ ਯੋਧੇ ਦੇ ਰੂਪ ਵਿਚ ਹੀ ਸਗੋਂ ਦੱਬੇ ਕੁਚਲੇ ਗਰੀਬਾਂ ਦੇ ਮਸੀਹੇ ਦੇ ਰੂਪ ਵਿਚ ਆਪਣਾ ਬਣਦਾ ਸਥਾਨ ਪ੍ਰਾਪਤ ਕਰ ਲਵੇਗਾ।

unistarbooks.com

UNISTAR BOOKS PVT. LTD.
INDIA
Chandigarh : 26-27 Top Floor, Sector 34A
Ph.: +91-172-5077427, 5077428, 5089761
Ludhiana : Punjabi Bhawan • +9198154 71219

ISBN 81-7142-747-2
9788171427475
Rs.200/-